

ਮੇਰਾ ਪਿੰਡ ਮੇਰੇ ਲੋਕ

ਪ੍ਰਿੰ. ਗੁਰਦਿਆਲ ਸਿੰਘ ਫੁੱਲ



ਮੇਰਾ ਪਿੰਡ ਮੇਰੇ ਲੋਕ

੨

ਇਸੇ ਕਲਮ ਤੋਂ :

- ਹੁਣ ਜਾਗ ਉੱਠੀ ਹੈ ਨਾਰੀ (ਅਣਛਪਿਆ ਨਾਟਕ)
- ਦਰਦ ਦੀ ਮਹਿਕ (ਕਾਵਿ ਸੰਗ੍ਰਹਿ)

3

ਮੇਰਾ ਪਿੰਡ ਮੇਰੇ ਲੋਕ

ਪ੍ਰਿੰ. ਗੁਰਦਿਆਲ ਸਿੰਘ ਫੁੱਲ

5 ਆਬ
ਪ੍ਰਕਾਸ਼ਨ, ਜਲੰਧਰ

੧

MERA PIND MERE LOK

by

PRINCIPAL GURDIAL SINGH PHULL
M.A. Political Science, M.A. History,
M.A. Punjabi, BEd. Add. Hindi & Urdu
P.E.S
Vill: Gagnauli, P.O: Sahri
Teh. & Distt: Hoshiarpur

Moh. Guru Gobind Singh Nagar
Back Side Mark-Fed-Godown
Phagwara Road, Hoshiarpur
Mob: 94177-80858

ISBN : 978-81-933667-5-2

ਪਹਿਲੀ ਵਾਰ: 2017

ਕੀਮਤ : 500/-

ਪ੍ਰਕਾਸ਼ਕ: 5 ਆਬ ਪ੍ਰਕਾਸ਼ਨ
1-2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

5

ਸਮਰਪਿਤ

ਆਪਣੀ ਦਾਦੀ ਮਾਂ ਸ੍ਰੀਮਤੀ ਖੇਮੀ ਦੇਵੀ ਤੇ
ਦਾਦਾ ਸ੍ਰੀ ਸੁਰਜਨ ਸਿੰਘ ਜੀ ਅਤੇ
ਆਪਣੇ ਪਿੰਡ ਦੇ ਉਨ੍ਹਾਂ ਨਾਇਕਾਂ ਦੇ
ਨਾਂ ਜਿਨ੍ਹਾਂ ਦੀ ਵਡਿਆਈ 'ਤੇ ਜੱਸ
ਮੈਂ ਆਪਣੇ ਪੁਰਖਿਆਂ ਤੋਂ ਸੁਣਿਆ।

ਧੰਨਵਾਦ

ਡਾ. ਕਰਮਜੀਤ ਸਿੰਘ, ਸ੍ਰੀ ਮਦਨ ਵੀਰਾ ਅਤੇ ਡਾ. ਜਸਵੰਤ ਰਾਏ ਸਾਹਰੀ, ਸ੍ਰੀ ਨਿਰੰਜਨ ਸਿੰਘ, ਸ੍ਰੀ ਧੰਨਾ ਸਿੰਘ, ਸ੍ਰੀ ਜੋਗਿੰਦਰ ਸਿੰਘ ਜਿੰਦੋ, ਡਾ. ਜਗਤਾਰ ਸਿੰਘ, ਬਲਵਿੰਦਰ ਸਿੰਘ ਟੂਰਾ (ਸਰਪੰਚ) ਤੇ ਜੋਗਿੰਦਰ ਸਿੰਘ ਜਿੰਦਰ।

ਤਰਤੀਬ

ਮੇਰਾ ਪਿੰਡ ਮੇਰੇ ਲੋਕ ਨੂੰ ਜੀ ਆਇਆਂ

ਲੋਕਧਾਰਾ ਲੋਕਮਨ ਦਾ ਅਚੇਤ ਵਰਤਾਰਾ ਹੈ ਜਿਸ ਨੂੰ ਲੋਕਧਾਰਾ ਸ਼ਾਸਤਰੀ ਸੁਚੇਤ ਪੱਧਰ ਤੇ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਇਸ ਵਾਸਤੇ ਉਹ ਮਾਨਵ ਵਿਗਿਆਨ, ਮਨੋਵਿਗਿਆਨ, ਇਤਿਹਾਸ, ਨਾਰੀਵਾਦ ਅਤੇ ਦਲਿਤ ਵਰਗੀਆਂ ਦ੍ਰਿਸ਼ਟੀਆਂ ਨੂੰ ਮਿਸ਼ਰਤ ਰੂਪ ਵਿੱਚ ਜਾਂ ਇਕਵੱਲੇ ਤੌਰ ਤੇ ਵਰਤੋਂ ਵਿੱਚ ਲਿਆਉਂਦਾ ਹੈ। ਸਾਹਿਤਕਾਰ ਵੀ ਸੁਚੇਤ ਹੋ ਕੇ, ਸਿਰਜਾਣਤਮਿਕ ਪੱਧਰ ਤੇ ਲੋਕਧਾਰਾ ਦੀਆਂ ਪ੍ਰਤੀਕਾਤਮਿਕ ਧੁਨੀਆਂ ਨੂੰ ਉਜਾਗਰ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਜਦੋਂ ਲੋਕਧਾਰਾ ਸ਼ਾਸਤਰੀ ਸਵੈਜੀਵਨੀ, ਸਫ਼ਰਨਾਮੇ ਜਾਂ ਫਿਰ ਕਿਸੇ ਪਿੰਡ ਦਾ ਚਰਿਤ ਨਿਰਮਾਣ ਕਰਦਾ ਹੈ ਤਾਂ ਉਹ ਸੁਚੇਤ ਪੱਧਰ ਤੇ ਲੋਕਧਾਰਾ ਨੂੰ ਕੇਂਦਰ ਵਿੱਚ ਰੱਖਦਾ ਹੈ। ਇਸ ਦੀ ਉਘੜਵੀਂ ਮਿਸਾਲ ਵਣਜਾਰਾ ਬੇਦੀ ਦਾ ਸਿਰਜਣਾਤਮਿਕ ਸਾਹਿਤ ਹੈ।

ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਵਲੋਂ ਰਚਿਤ ਪੁਸਤਕ 'ਮੇਰਾ ਪਿੰਡ ਮੇਰੇ ਲੋਕ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ ਵਣਜਾਰਾ ਬੇਦੀ ਦੀ 'ਮੇਰਾ ਨਾਨਕਾ ਪਿੰਡ ਤੇ 'ਮੇਰਾ ਦਾਦਕਾ ਪਿੰਡ ਸਾਧੂ ਸਿੰਘ ਧਾਮੀ ਦੀ ਪਿਪਲਾਂਵਾਲਾ ਅਤੇ ਹਰਭਜਨ ਸਿੰਘ ਹੁੰਦਲ ਦੀ ਪੁਸਤਕ 'ਪਿੰਡਾਂ ਵਿਚੋਂ ਪਿੰਡ ਸੁਣੀਂਦਾ ਦੀ ਅਗਲੀ ਕੜੀ ਵਜੋਂ ਦੇਖੀ ਜਾਵੇਗੀ। ਗੁਰਦਿੱਤ ਸਿੰਘ ਨੇ ਮਾਲਵੇ ਦੇ ਪਿੰਡ ਦੇ ਬਹਾਨੇ ਇੱਥੋਂ ਦੇ ਸਮੁੱਚੇ ਸਭਿਆਚਾਰ ਨੂੰ ਇਉਂ ਵਾਰਤਕ ਵਿੱਚ ਪੇਸ਼ ਕੀਤਾ ਹੈ ਕਿ ਇਹ ਪੰਜਾਬ ਦਾ ਪ੍ਰਤੀਨਿੱਧ ਪਿੰਡ ਬਣ ਕੇ ਉੱਭਰਦਾ ਹੈ। ਇਸੇ ਲਈ ਇਸ ਪੁਸਤਕ ਨੂੰ ਪੰਜਾਬੀਆਂ ਨੇ ਏਨਾ ਮਾਣ ਤਾਣ ਦਿੱਤਾ ਹੈ ਕਿ ਗੁਰਦਿੱਤ ਸਿੰਘ ਦਾ ਧਾਰਮਿਕ ਸਾਹਿਤ ਇੱਕ ਪਾਸੇ ਰਹਿ ਗਿਆ ਹੈ। ਵਣਜਾਰਾ ਬੇਦੀ ਵਲੋਂ ਲਿਖੀਆਂ ਪੁਸਤਕਾਂ 'ਮੇਰਾ ਨਾਨਕਾ ਪਿੰਡ ਅਤੇ 'ਮੇਰਾ ਦਾਦਕਾ ਪਿੰਡ ਅਸਲ ਵਿੱਚ ਪੰਜਾਬੀ ਲੋਕਧਾਰਾ ਨੂੰ ਪ੍ਰਗਟਾਉਣ ਦਾ ਮਾਧਿਅਮ ਹੈ। ਮਿੱਥਾਂ, ਦੰਤ ਕਥਾਵਾਂ, ਲੋਕ ਗੀਤਾਂ, ਵਿਸ਼ਵਾਸ਼ਾ, ਰਸਮਾ ਰਿਵਾਜਾਂ ਦਾ ਏਨਾ ਸੰਘਣਾ ਵਰਣਨ ਕਿਸੇ ਹੋਰ ਪੁਸਤਕ ਵਿੱਚ ਨਹੀਂ ਮਿਲਦਾ। ਸਾਧੂ ਸਿੰਘ ਧਾਮੀ ਦੀ ਮੂਲ ਰੂਪ ਅੰਗਰੇਜ਼ੀ ਵਿੱਚ ਲਿਖੀ ਪੁਸਤਕ 'ਪਿਪਲਾਂਵਾਲਾ ਦਾ ਹੀ ਅਨੁਵਾਦ ਹੈ ਜਿਸ ਵਿੱਚ ਲੇਖਾਂ ਰਾਹੀਂ ਇਸ ਪਿੰਡ ਦੇ ਅਨੇਕਾਂ ਪੱਖਾਂ ਨੂੰ ਉਭਾਰਿਆ ਗਿਆ ਹੈ। ਹਰਭਜਨ ਸਿੰਘ ਹੁੰਦਲ ਦੀ ਪੁਸਤਕ ਪਿੰਡ ਫੱਤੂਚੱਕ ਦੇ ਇਤਿਹਾਸ ਅਤੇ ਸਮਾਜਿਕ ਤਾਣੇ ਬਾਣੇ ਦੀ ਬਾਤ ਪਾਉਂਦੀ ਹੈ।

ਗੁਰਦਿਆਲ ਸਿੰਘ ਫੁੱਲ ਦੀ ਪੁਸਤਕ ਇਸ ਗੱਲੋਂ ਵੱਖਰੀ ਹੈ ਕਿ ਉਸਨੇ ਲਿਖੀਆਂ

ਡਾਇਰੀਆਂ ਅਤੇ ਰਜਿਸਟਰਾਂ ਦੇ ਅਧਾਰ ਤੇ ਜਿੱਥੇ ਪਿੰਡ ਦੇ ਹਰ ਘਰ ਦਾ ਇਤਿਹਾਸ ਦਿੱਤਾ ਹੈ ਕਿ ਉੱਥੇ ਸੰਖੇਪ ਵਿੱਚ ਪਿੰਡ ਦੀ ਲੋਕਧਾਰਾ ਅਤੇ ਸਭਿਆਚਾਰ ਨੂੰ ਵੀ ਸਾਹਮਣੇ ਲਿਆਂਦਾ ਹੈ। ਹਰ ਘਰ ਦੇ ਜੀਆਂ ਦੀ ਗਿਣਤੀ ਉਨ੍ਹਾਂ ਦੀ ਬੰਸਾਵਲੀ ਅਤੇ ਅਜੋਕੀ ਸਥਿਤੀ ਬਾਰੇ ਵਿਸਤ੍ਰਿਤ ਜਾਣਕਾਰੀ ਮਿਲ ਜਾਂਦੀ ਹੈ ਜਿਸ ਤੋਂ ਸ਼ਾਇਦ ਪਰਿਵਾਰ ਵਾਲੇ ਵੀ ਵਾਕਿਫ਼ ਨਾ ਹੋਣ। ਇਸ ਦ੍ਰਿਸ਼ਟੀ ਤੋਂ ਹਰ ਪਰਿਵਾਰ ਨੂੰ ਗੁਰਦਿਆਲ ਸਿੰਘ ਫੁੱਲ ਦਾ ਧੰਨਵਾਦੀ ਹੋਣਾ ਚਾਹੀਦਾ ਹੈ।

ਲੋਕਧਾਰਾ ਦਾ ਵਿਦਿਆਰਥੀ ਹੋਣ ਨਾਤੇ ਮੇਰੀ ਦਿਲਚਸਪੀ ਪਿੰਡ ਦੀ ਲੋਕਧਾਰਾ ਵਿੱਚ ਵਧੇਰੇ ਹੈ ਜਿਸ ਦਾ ਪੁਸਤਕ ਦੇ ਅਖੀਰ ਤੇ ਜਾ ਕੇ ਸੰਖੇਪ ਵੇਰਵਾ ਹੈ। ਪਿੰਡ ਦੇ ਆਲ਼ੇ ਦੁਆਲੇਦੇ ਪਿੰਡਾਂ ਤੋਂ ਬਾਅਦ ਇਹ ਦੱਸਿਆ ਗਿਆ ਹੈ ਕਿ ਗਗਨੌਲੀ ਪਿੰਡ ਗੁਗੂ ਥਿਆੜੇ ਦਾ ਵਸਾਇਆ ਹੋਇਆ ਹੈ।

ਪੂਜਾ ਸਥਾਨਾਂ ਵਿੱਚ ਖਵਾਜੇ ਦੇ ਦਲੀਆ ਦੇਣ ਦਾ ਜ਼ਿਕਰ ਇਹ ਸਪੱਸ਼ਟ ਕਰਦਾ ਹੈ ਕਿ ਮੁਸਲਮਾਨੀ ਪ੍ਰਭਾਵ ਕਾਰਣ ਪੂਰੇ ਪੰਜਾਬ ਵਿੱਚ ਖਵਾਜਾ ਪੀਰ ਦੀ ਮਾਨਤਾ ਰਹੀ ਹੈ। ਦੂਸਰੀ ਮਹੱਤਵਪੂਰਨ ਪੂਜਾ ਜਠੇਰਿਆਂ ਦੀ ਹੈ ਜਿੱਥੇ ਸਤੀ ਦੀ ਮਟੀ ਵੀ ਹੈ। ਪਿੰਡ ਦੇ ਸਿਆਣਿਆਂ ਦੇ ਦੱਸਣ ਅਨੁਸਾਰ ਗੱਗੂ ਜੱਟ ਦੀ ਧਰਮ ਪਤਨੀ ਮਹਾਂ ਕੌਰ ਚਾਰ ਪੁੱਤਰਾਂ ਦੇ ਮਗਰੋਂ ਇੱਥੇ ਸਤੀ ਹੋ ਗਈ ਸੀ। ਇੱਥੇ ਹੀ ਉਸਦੀ ਮਟੀ ਬਣ ਗਈ। ਇਹ ਵੇਰਵਾ ਦੁਆਬੇ ਵਿੱਚ ਸਤੀ ਪ੍ਰਥਾ ਦੀ ਹੋਂਦ ਨੂੰ ਸਪੱਸ਼ਟ ਕਰਦਾ ਹੈ ਜੋ ਅੰਗਰੇਜ਼ਾਂ ਵਲੋਂ ਬਣਾਏ ਕਾਨੂੰਨਾਂ ਨਾਲ ਖ਼ਤਮ ਹੁੰਦੀ ਹੈ ਪਰ ਸਤੀ ਦੀ ਪੂਜਾ ਤੇ ਪ੍ਰਥਾ ਅੱਜ ਵੀ ਕਿਸੇ ਨਾ ਕਿਸੇ ਤਰ੍ਹਾਂ ਪ੍ਰਚੱਲਿਤ ਹੈ। ਕੱਟੜਪੰਥੀ ਸਤੀ-ਪ੍ਰਥਾ ਦੀ ਮਹਿਮਾ ਕਰਦੇ ਨਹੀਂ ਥੱਕਦੇ ਜਦ ਕਿ ਇਹ ਅਣਮਨੁੱਖੀ ਗੀਤ ਸੀ। ਖੇਤਾਂ ਵਿੱਚ ਮਟੀਆਂ ਦੀ ਪੂਜਾ ਦਾ ਵੇਰਵਾ ਪੜ੍ਹ ਕੇ ਲੋਕ ਧਰਮ ਦੇ ਕਈ ਪੱਖਾਂ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਮਟੀਆਂ ਨੂੰ ਲਾਲਾਂ ਵਾਲੇ ਪੀਰ ਦੀਆਂ ਮਟੀਆਂ ਕਹਿਣਾ ਵੀ ਮੁਸਲਮਾਨੀ ਪਿਛੋਕੜ ਦੇ ਪ੍ਰਭਾਵ ਦੇ ਦਰਸ਼ਨ ਕਰਵਾਉਂਦਾ ਹੈ। ਇਸੇ ਤਰ੍ਹਾਂ ਸ਼ਰਾਧ, ਕਰਵਾ-ਚੌਥ, ਲੋਹੜੀ, ਦੀਵਾਲੀ ਮਨਾਉਣ ਦੇ ਜ਼ਿਕਰ ਤੋਂ ਇਲਾਵਾ ਮਨੋਰੰਜਨ ਦੇ ਸਾਧਨ ਵਜੋਂ ਰਾਸਾਂ, ਨਕਲਾਂ ਭੰਡਾਂ ਦਾ ਜ਼ਿਕਰ ਵੀ ਇੱਥੇ ਹੋਇਆ ਹੈ।

ਸਾਧਾ ਸੰਤਾਂ ਦੀ ਮਾਨਤਾ ਦਾ ਜ਼ਿਕਰ ਇਹ ਸਿੱਧ ਕਰਦਾ ਹੈ ਕਿ ਪਿੰਡਾਂ ਦੇ ਲੋਕ ਆਪਣੀਆਂ ਆਤਮਿਕ ਲੋੜਾਂ ਦੀ ਪੂਰਤੀ ਇਨ੍ਹਾਂ ਸਾਧਾਂ ਦੇ ਡੇਰਿਆਂ ਤੋਂ ਕਰਦੇ ਸਨ। ਇਹ ਛੋਟੇ ਛੋਟੇ ਸਾਧੂਆਂ ਦੇ ਸਥਾਨ ਕਿਵੇਂ ਅਜੋਕੇ ਵੱਡੇ ਵੱਡੇ ਵਪਾਰਕ ਡੇਰਿਆਂ ਵਿੱਚ ਤਬਦੀਲ ਹੋਏ ਇਹ ਖੋਜ ਦਾ ਵਿਸ਼ਾ ਹੈ। ਗਗਨੌਲੀ ਪਿੰਡ ਵਿੱਚ ਪੂਰਨ ਦਾਸ, ਬਾਬਾ ਸਰਨ ਦਾਸ, ਸੰਤ ਹਰੀ ਰਾਮ ਵਰਗੇ ਸਾਧਾਂ ਬਾਰੇ ਜਾਣਕਾਰੀ ਹੈ ਜੋ ਸੱਟੇ ਦਾ ਨੰਬਰ ਵੀ ਦਿਆ ਕਰਦੇ ਸਨ। ਇਨ੍ਹਾਂ ਨਾਲ ਜੁੜੇ ਜੇਠ ਤੇ ਮਾਘ ਦੇ ਮੇਲਿਆਂ ਦਾ ਨਾਮ ਵੀ ਆਇਆ ਹੈ ਭਾਵੇਂ ਇਨ੍ਹਾਂ ਦਾ ਵਿਸਤਾਰ ਨਹੀਂ ਹੈ।

ਇੱਕੋ ਵੇਲੇ ਸ਼ਿਵ ਸਥਾਨ, ਗੁਰਦੁਆਰੇ ਅਤੇ ਸ਼ਹੀਦਾਂ ਦੇ ਸਥਾਨਾਂ ਦਾ ਹੋਣਾ

ਸਾਡੇ ਸਾਂਝੇ ਸਭਿਆਚਾਰ ਦੀ ਨਿਸ਼ਾਨੀ ਹੈ। ਹਿੰਦੂ, ਸਿੱਖ ਭਾਈਚਾਰੇ ਅਤੇ ਮੁਸਲਮਾਨ ਭਾਈਚਾਰੇ ਦੀਆਂ ਯਾਦਾਂ ਅੱਜ ਵੀ ਸਾਂਝੇ ਸਭਿਆਚਾਰ ਦੀ ਗਵਾਹੀ ਭਰਦੀਆਂ ਹਨ।

ਮੇਰੀ ਇੱਛਾ ਹੈ ਕਿ ਜਦੋਂ ਦੁਬਾਰਾ ਗੁਰਦਿਆਲ ਸਿੰਘ ਫੁੱਲ ਇਸ ਪੁਸਤਕ ਨੂੰ ਲਿਖੇ ਤਾਂ ਉਪਰੋਕਤ ਵਿਸ਼ਿਆਂ ਨੂੰ ਇਤਿਹਾਸ ਦੇ ਨਾਲ ਨਾਲ ਭਾਰਤੀ ਸੰਦਰਭ ਵਿੱਚ ਆਲੋਚਨਾਤਮਕ ਢੰਗ ਨਾਲ ਵਿਚਾਰਿਆ ਜਾਵੇ ਤਾਂ ਕਿ ਖਵਾਜ਼ੇ, ਸਿੱਧ ਚਾਨੋ, ਸਾਲ, ਰਾਸ, ਜਠੇਰਿਆਂ, ਗੁਗੇ, ਸ਼ਰਾਧ, ਕਰਵਾ-ਚੋਥ, ਨਕਲੀਆਂ, ਭੰਡਾਂ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਮਿਲ ਸਕੇ। ਅਜਿਹੇ ਵੇਰਵਿਆ ਤੋਂ ਇਸ ਪੁਸਤਕ ਦਾ ਮੁੱਲ ਹੋਰ ਵੀ ਵਧੇਰੇ ਹੋਵੇਗਾ ਅਤੇ ਇਵੇਂ ਹੀ ਜਾਤਾਂ ਅਧਾਰਿਤ ਖੂਹਾਂ ਦੀ ਪੁਣਛਾਣ ਲਈ ਵੀ ਰਾਹ ਬਣ ਸਕੇਗਾ। ਪ੍ਰਿੰ: ਗੁਰਦਿਆਲ ਸਿੰਘ ਫੁੱਲ ਦੀ ਹੁਣ ਦੇ ਰੂਪ ਵਾਲੀ ਪੁਸਤਕ ਮੇਰਾ ਪਿੰਡ ਮੇਰੇ ਲੋਕ ਨੂੰ ਮੈ ਜੀ ਆਇਆ ਆਖਦਾ ਹਾਂ ਤੇ ਲੇਖਕ ਨੂੰ ਇਸ ਲਈ ਵਧਾਈ ਦਿੰਦਾ ਹਾ।

-ਡਾ. ਕਰਮਜੀਤ ਸਿੰਘ
ਸਾਬਕਾ ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।

ਭੂਮਿਕਾ

ਪਿੰਡ ਗਗਨੌਲੀ ਮੇਰੇ ਪਿੰਡ ਸਾਹਰੀ ਦੀ ਜੂਹ ਨਾਲ ਲੱਗਦਾ ਹੈ। ਛੋਟਾ ਜਿਹਾ ਪਿੰਡ ਬਚਪਨ ਵਿੱਚ ਮੈਨੂੰ ਇਉਂ ਲੱਗਣਾ ਜਿਵੇਂ ਕਿ ਇਹ ਮੇਰੇ ਪਿੰਡ ਦਾ ਬੱਚਾ ਹੋਵੇ। ਇਸ ਪਿੰਡ ਦੇ ਕੁਲਵੀਰ ਸਿੰਘ, ਹਰਚਰਨ ਸਿੰਘ ਮੇਰੇ ਜਮਾਤੀ ਰਹੇ। ਸਕੂਲੀ ਜੀਵਨ ਵਿੱਚ ਅਸੀਂ ਕਈ ਵਾਰ ਮਜ਼ਾਕ ਮਜ਼ਾਕ ਵਿੱਚ ਉਨ੍ਹਾ ਨੂੰ ਬਹੁਤ ਚਿੜਾਉਣਾ.......। "ਉਏ ਥਾਡਾ ਵੀ ਕੋਈ ਪਿੰਡ ਹੈ ਚਿੱਠੀ ਤੇ ਨਾਮ-ਪਤਾ ਲਿਖਣ ਲੱਗਿਆ ਥੋਨੂੰ ਸਾਡੇ ਪਿੰਡ ਦਾ ਸਹਾਰਾ ਲੈਣਾ ਪੈਂਦਾ। ਥਾਡੇ ਪਿੰਡ ਦੇ ਨਾਂ ਤੇ ਤਾਂ ਕਦੇ ਚਿੱਠੀ ਵੀ ਘਰੇ ਨਾ ਪਹੁੰਚੇ" ਉਨ੍ਹਾਂ ਨੇ ਬੜਾ ਗੁੱਸਾ ਕਰਨਾ। ਸਾਨੂੰ ਡਾਹਢਾ ਆਨੰਦ ਆਉਣਾ। ਉਨ੍ਹਾਂ ਨੂੰ ਵਿਅੰਗ ਕੱਸ ਕੇ। ਜਦੋਂ ਕਦੇ ਪਿੰਡ ਦੇ ਬਜੁਰਗਾ ਦੀ ਗੱਲ ਸੁਣਨੀ ਤਾਂ ਉਨ੍ਹਾਂ ਦੇ ਬਿਆਨ ਸਾਡੇ ਤੋਂ ਉਲਟ ਹੁਣੇ।"ਉਏ ਸਾਡੇ ਪਿੰਡ ਨਾਲੋਂ ਤਾਂ ਗੜੂਲੀ ਚੰਗਾ। ਜਾਹ ਇੱਕ ਵੀ ਬੰਦਾ ਨਸ਼ੇ ਪੱਤੇ ਵੱਲ ਝਾਕ ਜਾਏ। ਡੇਰੇ ਜਾਂਦੇ ਐ ਸਾਰੇ। ਨਾਲੇ ਹਰ ਆਦਿ-ਧਰਮੀ ਕੋਲੇ ਚਾਰ ਸਿਆੜ ਵੀ ਹੈਗੇ ਐ। ਟੈ ਨੀ ਮੰਨਦੇ ਕਿਸੇ ਦੀ ਵੀ।"

ਅਸਲ ਵਿੱਚ ਗਗਨੌਲੀ ਦੇ ਬਹੁਤੇ ਘਰਾਂ ਚੋਂ ਘੱਟੋ ਘੱਟ ਇੱਕ ਮੈਂਬਰ ਨੇ ਫੌਜ ਦੀ ਨੌਕਰੀ ਜਰੂਰ ਕੀਤੀ ਹੋਈ ਹੈ। ਸੇਵਾ ਮੁਕਤੀ ਤੋਂ ਬਾਅਦ ਮਿਲੇ ਪੈਸਿਆਂ ਨਾਲ ਜ਼ਮੀਨ ਜਾਇਦਾਦ ਬਣਾਉਣੀ ਇਨ੍ਹਾਂ ਨੇ ਬੇਹਤਰ ਸਮਝੀ। ਇਸੇ ਪਿੰਡ ਦੇ ਜੰਮਪਲ ਪ੍ਰਿੰਸੀਪਲ ਗੁਰਦਿਆਲ ਸਿੰਘ ਨੇ ਆਪਣੇ ਪਿੰਡ ਦਾ ਇਤਿਹਾਸ ਲਿਖ ਕੇ ਅਸਲੋਂ ਨਿਵੇਕਲਾ ਕੰਮ ਕੀਤਾ। ਇਸ ਇਤਿਹਾਸ ਪੁਸਤਕ ਦੇ ਨੈਣ ਨਕਸ਼ ਬਣਾਉਂਦਿਆਂ ਅੱਧੀ ਸਦੀ ਦੇ ਲਗਭਗ ਦਾ ਸਮਾਂ ਹੋ ਚੁੱਕਾ ਹੈ। ਪੂਰੇ ਪਿੰਡ ਨੂੰ ਸਮੇਟਣ ਵਾਲਾ ਕੰਮ ਲੇਖਕ ਤੋਂ ਇਸ ਕਰਕੇ ਕੀਤਾ ਗਿਆ ਕਿਉਂਕਿ ਉਸਦੇ ਮਨ ਮਸਤਕ ਵਿੱਚ ਕਿਤੇ ਨਾ ਕਿਤੇ ਲੋਕਧਾਰਾ ਨੂੰ ਮੋਹ ਕਰਨ ਵਾਲੇ ਅੰਸ਼ ਜਰੂਰ ਪਏ ਸਨ। ਬਚਪਨ ਤੋਂ ਹੀ ਉਸਦਾ ਆਪਣੇ ਹਾਣੀਆਂ ਨਾਲੋਂ ਬਜ਼ੁਰਗਾਂ ਨਾਲ ਵੱਧ ਪਿਆਰ ਰਿਹਾ ਹੈ। ਇਹ ਬਜ਼ੁਰਗ ਭਾਵੇਂ ਜਿਆਦਾ ਪੜ੍ਹੇ ਲਿਖੇ ਨਹੀਂ ਸਨ ਪਰ ਉਨ੍ਹਾਂ ਕੋਲ ਜਿੰਦਗੀ ਦਾ ਵਸੀਹ ਤਜ਼ਰਬਾ ਸੀ। ਉਨ੍ਹਾਂ ਦੁਆਰਾ ਸੁਣਾਈਆਂ ਬਾਤਾਂ ਵਿਚਲੀ ਧਾਰਮਿਕ, ਰਾਜਨੀਤਿਕ, ਨੈਤਿਕ, ਸਮਾਜਿਕ ਅਤੇ ਸਭਿਆਚਾਰਕ ਦਾਰਸ਼ਨਿਕਤਾ ਉਸਨੂੰ ਅਚੰਭਿਤ ਕਰਦੀ। ਸਕੂਲੋਂ ਮਿਲਿਆ ਕੰਮ ਕਰਨ ਤੋਂ ਬਾਅਦ ਉਸਦੀ ਜਿਆਦਾ ਤਾਂਘ ਇਨ੍ਹਾਂ ਸਿਆਣੇ ਲੋਕਧਾਰਕਾਂ ਨਾਲ ਸਮਾਂ ਬਤੀਤ ਕਰਨ ਦੀ ਰਹਿੰਦੀ।

ਪੜ੍ਹਨ ਵਿੱਚ ਹੁਸ਼ਿਆਰ, ਸਹਿ-ਕਿਰਿਆਵਾ ਵਿੱਚ ਭਾਗੀਦਾਰ ਅਤੇ ਸਾਹਿਤ ਵਿੱਚ ਰੁਚੀ ਵੀ ਉਸਦੇ ਪਿੰਡ ਦਾ ਇਤਿਹਾਸ ਲਿਖਣ ਵਾਲੇ ਕੰਮ ਵਿੱਚ ਸਹਾਇਕ ਬਣੀ। ਇਸ ਤਰ੍ਹਾਂ ਦੀ ਖੋਜ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਆਪਣੇ ਸਮੇਂ ਵਿਚੋਂ ਸਮਾਂ ਕੱਢ ਕੇ ਅਨੇਕ ਵਾਰ ਦੂਜਿਆਂ ਨਾਲ ਮੇਲ ਮੁਲਾਕਾਤਾਂ ਕਰਨੀਆ ਪੈਂਦੀਆ ਹਨ। ਕਈ ਵਾਰ ਅਗਲੇ ਵਿਅਕਤੀ ਕੋਲ ਵੀ ਸਮਾਂ ਨਹੀਂ ਹੁੰਦਾ। ਕਈ ਵਾਰ ਹਾਲਾਤ ਵੀ ਸ਼ਾਜਗਾਰ ਨਹੀਂ ਹੁੰਦੇ। ਜਿਸ ਕੋਲੋਂ ਜਾਣਕਾਰੀ ਲੈਣੀ ਹੁੰਦੀ ਹੈ। ਬਹੁਤੀ ਵਾਰ ਉਹ ਪਰਿਵਾਰਿਕ ਰੁਝੇਵਿਆਂ ਵਿੱਚ ਫਸਿਆ ਹੁੰਦਾ ਹੈ ਜਾਂ ਉਹ ਮਾਨਸਿਕ ਤੌਰ ਤੇ ਗੱਲ ਬਾਤ ਕਰਨ ਨੂੰ ਤਿਆਰ ਵੀ ਨਹੀਂ ਹੁੰਦਾ। ਅਨੇਕਾਂ ਸਮੱਸਿਆਵਾਂ ਹਨ। ਪਰ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਨੇ ਇਨ੍ਹਾਂ ਸਾਰੀਆ ਦਿੱਕਤਾ ਨੂੰ ਸਰ ਕਰਕੇ ਆਪਣੇ ਕਾਰਜ ਨੂੰ ਨੇਪਰੇ ਚਾੜ੍ਹਿਆ ਹੈ।

ਗਿਆਨੀ ਗੁਰਦਿੱਤ ਸਿੰਘ ਦੀ ਕਲਾਸਿਕ ਚਰਨਾ 'ਮੇਰਾ ਪਿੰਡ' ਵਿੱਚ ਉਸਨੇ ਆਪਣੇ ਪਿੰਡ ਨੂੰ ਅਧਾਰ ਬਣਾ ਕੇ ਪੂਰੇ ਪੰਜਾਬੀ ਸਭਿਆਚਾਰ ਦੀ ਬਾਤ ਬਹੁਤ ਸ਼ਾਨਦਾਰ ਤਰੀਕੇ ਨਾਲ ਪਾਈ ਹੈ। ਪੁਸਤਕ ਪੜ੍ਹ ਕੇ ਪੂਰੇ ਪੰਜਾਬ ਦੀਆ ਮੰਨ ਮਨੌਤਾਂ, ਰੀਤੀ ਰਿਵਾਜ, ਵਹਿਮ-ਭਰਮ, ਜਨਮ-ਮਰਨ-ਜੰਮਣ ਸਮੇਂ ਦੇ ਸਾਰੇ ਰਸਮੋਂ ਰਿਵਾਜ ਉਜਾਗਰ ਹੋ ਜਾਂਦੇ ਹਨ। ਇਹ ਪੁਸਤਕ ਪਿੰਡ ਤੋਂ ਪੰਜਾਬ ਵੱਲ ਦਾ ਸਫ਼ਰ ਕਰਾਉਂਦੀ ਸੀ ਜਦਕਿ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਦੀ ਪੁਸਤਕ ਪੰਜਾਬ ਤੋਂ ਪਿੰਡ ਗਗਨੌਲੀ ਤੇ ਧਿਆਨ ਕੇਂਦਰਤ ਕਰਕੇ ਸਿਮਟ ਜਾਂਦੀ ਹੈ। ਲੋਕਾਂ ਦੇ ਕੰਮ ਧੰਦੇ, ਬੋਲੀ, ਰਸਮਾ ਗੀਤਾ, ਪਹਿਰਾਵਾ, ਪਿੰਡ ਦੇ ਖੂਹ ਦਾ ਦ੍ਰਿਸ਼, ਡੋਲ ਖੜਕਣੇ, ਤ੍ਰਿੰਞਣ, ਬੋਹੜਾ ਪਿਪਲਾਂ ਥੱਲੇ ਬੇੜਾ ਵੱਟਣੀਆਂ, ਬਗੜ ਦੀਆਂ, ਡਿੱਬ ਦੀਆਂ, ਕੜਬ ਦੇ ਦੰਦੇ ਲਾਉਣੇ, ਕੁੱਪ ਬੰਨਣੇ, ਖਜੂਰਾ ਤੋੜਨਾ, ਗੂਗਾ ਪੂਜਣਾ, ਸਰਾਧ ਕਰਨੇ, ਜਠੇਰੇ ਮਨਾਉਣੇ, ਸੰਘਰ ਦੇਵਤੇ ਦੇ ਵਰਤ ਰੱਖਣੇ, ਫੌਜੀਆਂ ਦੇ ਘਰਾਂ ਵਿੱਚ ਚਿੱਠੀ ਲਈ ਡਾਕੀਏ ਦੀ ਹੁੰਦੀ ਉਡੀਕ ਪੁਰਾਣੇ ਪੰਜਾਬ ਦੇ ਦਿਦਾਰੇ ਕਰਾਉਂਦੀ।

1947 ਦੀ ਵੰਡ ਦੇ ਕਾਲੇ ਦੌਰ ਤੋਂ ਪਿੰਡ ਗਗਨੌਲੀ ਦੀ ਅਛੂਤਾ ਨਹੀਂ ਰਿਹਾ। ਉਹ ਸਚਮੁੱਚ ਬਹੁਤ ਮਾੜਾ ਸਮਾਂ ਸੀ। ਸਦੀਆਂ ਦੀ ਸਾਂਝ ਦਿਨਾਂ ਵਿੱਚ ਹੀ ਟੁੱਟ ਕੇ ਰਹਿ ਗਈ ਸੀ। ਰਗਾਂ ਚ ਵਗਦਾ ਲਾਲ ਸੂਹਾ ਖੂਨ, ਜਿਸਨੇ ਕਹਿੰਦੇ ਕਹਾਉਂਦੇ ਵਿਦੇਸ਼ੀ ਹਮਲਾਵਰਾਂ ਦੀਆਂ ਗੋਡਣੀਆਂ ਲੁਆ ਦਿੱਤੀਆ ਸਨ। ਇਨ੍ਹਾਂ ਦਿਨਾਂ 'ਚ ਪਾਣੀ ਹੋ ਗਿਆ ਸੀ। ਧਰਮ ਵਿੱਚ ਅੰਨੀ ਸ਼ਰਧਾ ਨੇ ਇਨਸਾਨੀਅਤਤਾ ਲੀਰੋ ਲੀਰ ਕਰ ਦਿੱਤੀ ਸੀ। ਇਨ੍ਹਾਂ ਸੱਪ ਦੇ ਡੰਗਾਂ ਵਰਗੇ ਦਿਨਾ ਵਿੱਚ ਪਿੰਡ ਗਗਨੌਲੀ ਦੇ ਲੋਕਾਂ ਨੇ ਆਪਣਾ ਸਿਦਕ ਬਣਾਈ ਰੱਖਿਆ। ਮੋਢੇ ਉਤੇ ਡਾਂਗਾਂ ਰੱਖ ਕੇ ਆਪ ਮੁਸਲਮਾਨਾ ਪਰਿਵਾਰਾਂ ਲਈ ਘਰੋਂ ਨਿਕਲ ਤੁਰੇ। ਪਿੰਡ ਦੇ ਕਿਸੇ ਵੀ ਮੁਸਲਮਾਨ ਪਰਿਵਾਰ ਨੂੰ ਆਂਚ ਨਹੀਂ ਆਉਣ ਦਿੱਤੀ। ਪੂਰੀ ਹਿਫਾਜ਼ਤ ਨਾਲ ਇਨ੍ਹਾਂ ਪਰਿਵਾਰਾਂ ਨੂੰ ਕੈਂਪਾਂ ਵਿੱਚ ਪਹੁੰਚਾਇਆ।

ਪੁਰਾਣੇ ਲੋਕਾਂ ਦੀ ਸਰੀਰਿਕ ਤੰਦਰੁਸਤੀ ਦਾ ਰਾਜ ਸਿਰਫ ਡੱਟ ਕੇ ਮਿਹਨਤ

ਮੁਸ਼ੱਕਤ ਕਰਨਾ ਹੀ ਨਹੀਂ ਸੀ ਸਗੋਂ ਖੁਰਾਕ ਦਾ ਸ਼ੁੱਧ ਹੋਣਾ ਵੀ ਮੰਨਿਆ ਜਾਂਦਾ ਹੈ। ਅੱਜ ਵਾਂਗ ਖੇਤਾਂ ਵਿੱਚ ਯੂਰੀਆ ਅਤੇ ਫਸਲਾਂ ਉਤੇ ਅੰਨ੍ਹੇਵਾਹ ਕੀਟਨਾਸ਼ਕਾਂ ਦਾ ਛਿੜਕਾਅ ਬਿਲਕੁਲ ਨਹੀਂ ਕੀਤਾ ਜਾਂਦਾ ਸੀ। ਕਿਸਾਨ ਰੂੜੀ ਖਾਦ ਦੀ ਹੀ ਵਰਤੋਂ ਕਰਦਾ ਸੀ। ਖਾਧ ਪਦਾਰਥਾਂ ਵਿੱਚ ਕਿਸੇ ਵੀ ਪ੍ਰਕਾਰ ਦੀ ਮਿਲਾਵਟ ਕਰਨ ਨੂੰ ਸੱਭ ਤੋਂ ਵੱਡਾ ਅਪਰਾਧ ਮੰਨਿਆ ਜਾਂਦਾ ਸੀ। ਆਧੁਨਿਕ ਮਨੁੱਖ ਇੰਨਾ ਲਾਲਚੀ ਹੋ ਗਿਆ ਹੈ ਕਿ ਉਸਦੇ ਆਪਣੇ ਨਿੱਜ ਖਾਤਰ ਦੂਜੇ ਦੇ ਪ੍ਰਾਣ ਕੋਈ ਮਾਇਨਾ ਨਹੀਂ ਰੱਖਦੇ। ਇਸ ਨਿਜਵਾਦ ਨੇ ਉਸਦੇ ਸਰੀਰ ਨੂੰ ਬਿਮਾਰੀਆਂ ਦਾ ਜ਼ਖੀਰਾ ਬਣਾ ਦਿੱਤਾ ਹੈ ਅਤੇ ਚਿਹਰੇ ਤੋਂ ਹਾਸਾ ਲੰਮੀ ਉਡਾਰੀ ਭਰ ਗਿਆ ਹੈ। ਪੁਰਾਣੇ ਲੋਕਾਂ ਜਿਵੇਂ ਪਿੰਡ ਗਗਨੌਲੀ ਦਾ ਬਸੰਤ ਸਿੰਘ ਇਨ੍ਹਾਂ ਸਾਰੀਆ ਗੱਲਾ ਤੋਂ ਮੁਕਤ ਸਨ। ਉਹ ਆਪਣੇ ਹਿੱਤਾ ਨਾਲੋਂ ਦੂਜਿਆਂ ਦੇ ਹਿੱਤਾਂ ਨੂੰ ਵੱਧ ਤਰਜੀਹ ਦਿੰਦੇ ਸਨ। ਦੂਜਿਆਂ ਨੂੰ ਕੋਈ ਗਮ ਨਾ ਦੇਣ ਦੀ ਇੱਛਾ ਹੀ ਉਨ੍ਹਾਂ ਦੇ ਆਪਣੇ ਚਿਹਰਿਆਂ ਤੋਂ ਖੁਸ਼ੀ ਨਹੀਂ ਸੀ ਅਲੋਪ ਹੋਣ ਦਿੰਦੀ। ਉਹ ਪਿੰਡ ਦੀ ਪੱਤ ਨੂੰ ਹੀ ਆਪਣੀ ਪੱਤ ਸਮਝਦੇ ਸਨ। ਇਸੇ ਕਰਕੇ ਜਦੋਂ ਕਿ ਭੂਤਰ ਗਿਆ ਭਲਵਾਨ ਇਨ੍ਹਾਂ ਸੋਚ ਕੇ (ਪਾਕਿ) ਬਾਰ ਧਰਤੀ 85 ਚੱਕ ਵਿੱਚ ਆ ਗਿਆ ਕਿ ਇਸ ਚਿੜੀ ਦੇ ਪੌਂਚੇ ਜਿੱਡੇ ਪਿੰਡ ਦਾ ਜੰਮਪਲ ਕਿਹੜਾ ਹੋਣੈ ਮੇਰੇ ਨਾਲ ਦੋ ਹੱਥ ਕਰਨ ਵਾਲਾ। ਭਮੱਤਰਿਆ ਭਲਵਾਨ ਜਦੋਂ ਨਾ ਹੀ ਹਟਿਆਂ ਤਾਂ ਬਾਬੇ ਬਸੰਤ ਸਿੰਘ ਨੇ ਐਸੀਆਂ ਗੋਡਣੀਆਂ ਲੁਆਈਆਂ ਕਿ ਮੂੰਹ ਲੁਕਾਉਂਦਾ ਫਿਰੇ। ਕਹਿੰਦੇ ਹਨ ਕਿ ਇਹੀ ਬਾਬਾ ਪਿੰਡ ਅਜੜਾਮ ਜਿਹੜਾ ਗਗਨੌਲੀ ਤੋਂ ਚਾਰ-ਪੰਜ ਕਿਲੋਮੀਟ ਦੂਰ ਹੈ, ਤੋਂ ਖੰਡ ਦੀ ਬੋਰੀ ਸਿਰ ਉਪਰ ਚੁੱਕ ਲਿਆਉਂਦਾ ਸੀ।

ਪਿੰਡ ਗਗਨੌਲੀ ਦਾ ਬਜ਼ੁਰਗ ਬੰਤਾ ਸਿੰਘ ਜਿਸ ਬਾਰੇ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਬਹੁਤ ਮਾਣ ਨਾਲ ਲਿਖਦਾ ਹੈ, ਮੈਂ ਵੀ ਅੱਖੀਂ ਦੇਖਿਆ ਹੈ ਨਿੱਕੇ ਹੁੰਦੇ ਨੇ। ਸਚਮੁੱਚ ਬਹੁਤ ਤਜ਼ਰਬੇਕਾਰ ਅਤੇ ਹੱਥਾਂ ਦਾ ਛੋਹਲਾ ਸੀ। ਦੇਸੀ ਦਵਾਈਆਂ ਦੀ ਵੀ ਸਮਝ ਰੱਖਦਾ ਸੀ। ਦੂਰੋਂ ਦੂਰੋਂ ਲੋਕ ਉਸ ਕੋਲੋਂ ਡੰਗਰਾਂ ਦਾ ਇਲਾਜ ਕਰਾਉਣ ਆਉਂਦੇ। ਬਰਸਾਤ ਦੇ ਦਿਨਾਂ ਵਿੱਚ ਜਦੋਂ ਹਫਤਾਂ ਭਰ ਮੀਂਹ ਦੀ ਝੜੀ ਲੱਗੀ ਰਹਿੰਦੀ, ਲੋਕਾਂ ਦੇ ਪੱਕੇ ਘਰ ਵੀ ਚੋਣ ਲੱਗ ਪੈਂਦੇ ਤਾਂ ਉਸ ਦੁਆਰਾ ਸਲਵਾੜ ਵੀ ਬੰਨ੍ਹੀ ਹੋਈ ਛੰਨ ਵਿਚ ਤੁਪਕਾਂ ਪਾਣੀ ਵੀ ਲੰਘਣ ਦੀ ਜੁਰਅਤ ਨਾ ਕਰਦਾ। ਇਹੋ ਜਿਹੇ ਬਜੁਰਗ ਸਚਮੁੱਚ ਸਾਡੇ ਸਭਿਆਚਾਰ ਦਾ ਗੋਰਵ ਸਨ। ਪਿੰਡ ਗਗਨੌਲੀ ਦੀ ਜਰਖੇਜ਼ ਭੋਇੰ ਨੇ ਇਹੋ ਜਿਹੇ ਅਨੇਕਾਂ ਸਪੂਤ ਪੈਦਾ ਕੀਤੇ ਹਨ ਜਿਵੇਂ ਹਜ਼ਾਰਾ ਸਿੰਘ, ਧੰਨਾ ਸਿੰਘ ਤੇ ਮੁਨਸ਼ਾ ਸਿੰਘ ਆਦਿ।

ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਨੇ ਪਿੰਡ ਗਗਨੌਲੀ ਬਾਰੇ ਗੱਲ ਕਰਨ ਤੋਂ ਪਹਿਲਾਂ ਇਸਦੀ ਜੂਹ ਨਾਲ ਲੱਗਦੇ ਪਿੰਡ ਕਾਹਰੀ, ਸਾਹਰੀ, ਰਾਮੂ ਥਿਆੜਾ, ਹੁਸੈਨਪੁਰ ਅਤੇ ਨਸਰਾਲਾ ਬਾਰੇ ਸੰਖੇਪ ਅਤੇ ਭਾਵਪੂਰਤ ਜਾਣਕਾਰੀ ਦਿੱਤੀ ਹੈ। ਗਗਨੌਲੀ ਦਾ ਨਾਮ ਕਰਨ ਤੇ ਇਤਿਹਾਸ ਲਿਖਣ ਤੋਂ ਬਾਅਦ ਪਿੰਡ ਦੇ ਹਰੇਕ ਪਰਿਵਾਰ ਦੇ ਲੜੀਵਾਰ

ਮੈਂਬਰਾਂ ਦਾ ਨਾਂ, ਪੜ੍ਹਾਈ, ਕਿੱਤਾ ਅਤੇ ਸ਼ੌਕ ਸਬੰਧੀ ਬਹੁਤ ਬਾਰੀਕਬੀਨੀ ਨਾਲ ਜਾਣਕਾਰੀ ਮੁਹੱਈਆਂ ਕਰਵਾਈ ਹੈ। ਪਿੰਡ ਅਤੇ ਗੁਆਂਢੀ ਪਿੰਡਾਂ ਦੇ ਡੇਰਿਆਂ, ਵਿਦਿਅਕ ਸੰਸਥਾਵਾਂ ਨਾਲ ਤੁਆਰਫ਼ ਕਰਵਾਇਆ ਹੈ। ਇਨ੍ਹਾਂ ਪਿੰਡਾਂ ਦੇ ਸਿੱਖਿਆ ਸ਼ਾਸ਼ਤਰੀਆਂ ਨਾਲ ਸਾਂਝ ਪੁਆਈ ਹੈ। ਲੇਖਕ ਨੇ ਆਪਣੇ ਸਕੂਲੀ ਦਿਨਾਂ ਤੋਂ ਲੈ ਕੇ ਕਾਲਜ ਦੀ ਪੜ੍ਹਾਈ ਅਤੇ ਨੌਕਰੀ ਵਿੱਚ ਆਉਣ ਤੋਂ ਲੈ ਕੇ ਸੇਵਾ ਮੁਕਤੀ ਤੱਕ ਦੀਆਂ ਸਾਰੀਆ ਗਤੀਵਿਧੀਆਂ ਅਤੇ ਪੜ੍ਹਨ ਪੜ੍ਹਾਉਣ ਦੀਆਂ ਕਿਰਿਆਵਾਂ ਨਾਲ ਕਾਫੀ ਵਿਸਥਾਰਤ ਗੱਲਾ ਕੀਤੀਆ ਹਨ। ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਇਕ ਵਿਦਿਆਰਥੀ, ਅਧਿਆਪਕ, ਪਰਿਵਾਰਿਕ ਮੁਖੀ ਅਤੇ ਸਮਾਜਿਕ ਕਾਰਕੁੰਨ ਵਜੋਂ ਵਿਚਰਦਾ ਹੋਇਆ ਕਦੇ ਵੀ ਡੋਲਿਆਂ ਨਹੀਂ। ਉਸਨੇ ਹਰ ਜਿੰਮੇਵਾਰੀ ਨੂੰ ਬਾਖੂਬੀ ਨਿਭਾਇਆ ਹੈ। ਇਨ੍ਹਾਂ ਜਿੰਮੇਵਾਰੀਆਂ ਤੇ ਸੰਘਰਸ਼ਾਂ 'ਚੋਂ ਨਿਕਲਦਿਆਂ ਉਸਦੀ ਕਲਮ 'ਚੋਂ ਕਵਿਤਾ ਫੁਰਦੀ ਹੈ। ਇਸ ਪੁਸਤਕ ਤੋਂ ਪਹਿਲਾਂ ਉਹ 'ਦਰਦ ਦੀ ਮਹਿਕ' ਕਾਵਿ-ਸੰਗਹਿ ਨਾਲ ਹਾਜ਼ਰੀ ਲੁਆ ਚੁੱਕਾ ਹੈ।

ਮੈਂ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਨੂੰ ਉਸਦੀ ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਛਪਣ ਤੇ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਇਸ ਪੁਸਤਕ 'ਚੋਂ ਪੇਸ਼ ਕੀਤੇ ਸਮਾਜਿਕ ਅਤੇ ਸਭਿਆਚਾਰਕ ਪੱਖਾਂ ਦੇ ਅਧਿਐਨ ਦੀ ਕ੍ਰਿਤ ਜ਼ਰੂਰ ਲੈ ਕੇ ਹਾਜ਼ਰ ਹੋਵੇਗਾ।

-ਡਾ. ਜਸਵੰਤ ਰਾਏ ਸਾਗਰੀ

ਹੁਸ਼ਿਆਰਪੁਰ।

ਵਿਸ਼ੇ ਦੀ ਚੋਣ

ਮੈਂ ਇਸ ਵਿਸ਼ੇ ਦੀ ਚੋਣ ਇਸ ਕਰਕੇ ਕੀਤੀ ਹੈ ਕਿ ਮੈਂ ਜਦੋਂ ਆਪਣੇ ਸਤਿਕਾਰਯੋਗ ਬਜ਼ੁਰਗਾਂ ਪਾਸੋਂ ਜੋ ਪਿੰਡ ਬਾਰੇ ਗੱਲਾਂ-ਬਾਤਾਂ ਸੁਣਦਾ ਹੁੰਦਾ ਸੀ ਕਿ ਇਹ ਪਿੰਡ ਕਿਵੇਂ ਵਸਿਆ? ਇਨ੍ਹਾਂ ਸਾਰੀਆਂ ਗੱਲਾਂ ਨੂੰ ਕਲਮਬੰਦ ਕਰਕੇ ਇਕ ਕਿਤਾਬ ਦਾ ਰੂਪ ਦੇ ਦੇਵਾਂ ਤਾਂ ਜੋ ਆਉਣ ਵਾਲੇ ਸਮੇਂ ਵਿਚ ਰਿਕਾਰਡ ਰਹਿ ਜਾਵੇ ਕਿ ਇਹ ਪਿੰਡ ਕਿਵੇਂ ਵਸਿਆ ਹੈ? ਪਿੰਡ ਦਾ ਨਾਮਕਰਨ ਕਿਸ ਦੇ ਨਾਮ 'ਤੇ ਹੋਇਆ ਹੈ? ਇਹ ਪਿੰਡ ਗੁਗੂ ਜੱਟ ਨੇ ਵਸਾਇਆ ਹੈ ਜਿਸ ਦੀ ਧਰਮ ਪਤਨੀ ਦਾ ਨਾਮ ਮਹਾ ਕੌਰ ਸੀ ਜੋ ਆਪਣੇ ਚਾਰ ਪੁੱਤਰਾਂ ਨੂੰ ਜਨਮ ਦੇਣ ਤੋਂ ਮਗਰੋਂ ਸਤੀ ਹੋ ਗਈ ਸੀ ਇਸ ਤੋਂ ਮਗਰੋਂ ਪੀੜੀ-ਦਰ-ਪੀੜੀ ਵਾਧਾ ਹੁੰਦਾ ਗਿਆ।

ਅਰੰਭਤਾ:- ਮੇਰੇ ਸਤਿਕਾਰਯੋਗ ਤਾਇਆ ਧੰਨਾ ਸਿੰਘ ਜੀ ਮੇਰੇ ਕੋਲੋਂ ਆਪਣੇ ਯੂ.ਪੀ. ਵਿਚ ਰਹਿੰਦੇ ਪੁੱਤਰ ਹਜ਼ਾਰਾ ਸਿੰਘ ਨੂੰ ਚਿੱਠੀ ਲਿਖਵਾ ਰਿਹਾ ਸੀ, ਉਸ ਦੇ ਤਿੰਨ ਪੁੱਤਰ-ਹਜ਼ਾਰਾ ਸਿੰਘ, ਸਵਰਨ ਸਿੰਘ ਤੇ ਸਰਵਣ ਸਿੰਘ 1951 ਈ: ਵਿਚ ਯੂ.ਪੀ. ਜਾ ਵਸੇ ਸਨ। ਉਹ ਅੰਗਰੇਜ਼ਾਂ ਦੇ ਸਮੇਂ ਫੌਜ ਵਿਚ ਨੌਕਰੀ ਕਰਦੇ ਸਨ। ਪੈਨਸ਼ਨ ਆ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਯੂ.ਪੀ. ਵਿਚ ਜ਼ਮੀਨ ਸਸਤੀ ਮਿਲ ਜਾਂਦੀ ਹੈ ਤਾਂ ਉਹ ਤੇ ਉਨ੍ਹਾਂ ਦੀ ਮਾਸੀ ਦੇ ਲੜਕੇ ਕਰਤਾਰ ਸਿੰਘ ਤੇ ਮੇਲਾ ਸਿੰਘ ਉਹ ਵੀ ਨਾਲ ਚਲੇ ਗਏ। ਯੂ.ਪੀ. ਵਿਚ ਮੁਸਲਮਾਨ ਬਹੁਤ ਰਹਿੰਦੇ ਹਨ। ਜਦੋਂ ਉਨ੍ਹਾਂ ਮੁਸਲਮਾਨਾਂ ਦੀ ਗੱਲ ਕੀਤੀ ਤਾਂ ਪਿੰਡ ਵਿਚ ਰਹਿੰਦੇ ਆਪਣੇ ਮੁਸਲਮਾਨਾਂ ਦੀ ਗੱਲ ਸੁਣਾਈ ਕਿ ਇਨ੍ਹਾਂ ਮੁਸਲਮਾਨਾਂ ਵਿਚੋਂ ਇਕ ਨਾਂ ਨਬੀਆ ਗੁੱਜਰ ਹੁੰਦਾ ਸੀ ਜੋ ਸਾਡੀਆਂ ਪੱਕੀਆਂ ਫ਼ਸਲਾਂ ਦਾ ਬਹੁਤ ਨੁਕਸਾਨ ਕਰਦਾ ਸੀ। ਹੌਲੀ-ਹੌਲੀ ਮੈਂ ਉਨ੍ਹਾਂ ਪਾਸੋਂ ਪਿੰਡ ਦੇ ਹੋਰ ਵੇਰਵੇ ਪੁੱਛਣੇ ਸ਼ੁਰੂ ਕਰ ਦਿੱਤੇ। ਮੈਂ ਪ੍ਰਸ਼ਨ ਕਰੀ ਜਾਵਾਂ ਉਹ ਉੱਤਰ ਦਿੰਦੇ ਗਏ। ਫਿਰ ਮੈਂ ਇਕ ਦਿਨ ਉਨ੍ਹਾਂ ਕੋਲ ਕਾਪੀ ਲੈ ਕਰ ਗਿਆ ਤਾਂ ਪਿੰਡ ਦੇ ਸਾਰੇ ਘਰਾਂ ਦੇ ਨਾਮ ਲਿਖ ਲਏ। ਜਿਥੋਂ ਤੱਕ ਉਨ੍ਹਾਂ ਨੂੰ ਪਤਾ ਸੀ ਉਨ੍ਹਾਂ ਮੈਨੂੰ ਲਿਖਵਾ ਦਿੱਤਾ। ਇਹ ਗੱਲ 1975 ਈ: ਦੀ ਹੈ। ਫਿਰ ਮੈਂ ਹੋਰ ਬਜ਼ੁਰਗਾਂ ਪਾਸੋਂ ਜਾਣਕਾਰੀ ਹਾਸਲ ਕਰਦਾ ਰਹਿੰਦਾ। ਕਾਪੀ ਨੂੰ ਆਪਣੇ ਪਾਸ ਸੰਭਾਲ ਕੇ ਰੱਖਦਾ।

ਬਚਪਨ ਦੀ ਡਾਇਰੀ:- ਮੈਂ ਅੱਠਵੀਂ ਜਮਾਤ ਵਿਚ ਪੜ੍ਹਦੇ ਨੇ ਇਕ ਛੋਟੀ ਜਿਹੀ ਡਾਇਰੀ ਬਣਾਈ ਜਿਸ ਉੱਪਰ ਮੈਂ ਮੁਗਲ ਬਾਦਸ਼ਾਹ ਅਕਬਰ ਦੀ ਫੋਟੋ ਲਗਾ ਦਿੱਤੀ।

ਉਸ ਸਮੇਂ 'ਚ ਪਿੰਡ ਵਿਚ ਜੋ ਕੁਝ ਵੀ ਹੁੰਦਾ ਮੈਂ ਤਾਰੀਕ ਪਾ ਕੇ ਲਿਖ ਲੈਂਦਾ। ਇਸ ਡਾਇਰੀ ਵਿਚ ਮੈਂ ਸਭ ਤੋਂ ਪਹਿਲਾਂ ਆਪਣੀ ਸਤਿਕਾਰਯੋਗ ਦਾਦੀ ਮਾਂ ਖੇਮੀ ਦੇਵੀ ਦੀ ਮਰਨ ਦੀ ਤਾਰੀਕ ਲਿਖੀ ਜੋ 21-10-1968 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੀ ਹੋਈ ਗੁਰੂ ਚਰਨਾਂ ਵਿਚ ਜਾ ਬਿਰਾਜੀ। ਉਸ ਦਿਨ ਦੀਵਾਲੀ ਦਾ ਪਵਿੱਤਰ ਤਿਉਹਾਰ ਸੀ। ਇਸ ਹੀ ਤਰ੍ਹਾਂ ਉਨ੍ਹਾਂ ਦੇ ਭੋਗ-ਸ਼ਰਧਾਂਜਲੀ ਸਮਾਗਮ ਦੀ ਤਾਰੀਖ ਵੀ ਲਿਖ ਦਿੱਤੀ। ਪਿੰਡ ਵਿਚ ਜਨਮ ਤੇ ਮੌਤ ਦੇ ਵੇਰਵੇ ਲਿਖਣ ਲੱਗਾ। ਤਾਰਾ ਸਿੰਘ ਦੇ ਪਹਿਲੇ ਲੜਕੇ ਜਸਵਿੰਦਰ ਸਿੰਘ ਦਾ ਜਨਮ (5-6-1969) ਲਿਖਿਆ ਗਿਆ। ਦਾਦੀ ਮਾਂ ਦੇ ਭੋਗ ਤੋਂ ਥੋੜ੍ਹੇ ਦਿਨ ਮਗਰੋਂ ਰਤਨ ਸਿੰਘ ਸਪੁੱਤਰ ਸ਼ੰਕਰ ਸਿੰਘ ਦੇ ਲੜਕੇ ਦਾ ਵਿਆਹ (27-10-68) ਉਹ ਵੀ ਲਿਖ ਲਿਆ। ਸਮਾਂ ਬੀਤਣ ਦੇ ਨਾਲ ਮੈਂ ਪਿੰਡ ਦੀ ਹਰ ਘਟਨਾ ਗ਼ਮੀ, ਖ਼ੁਸ਼ੀ, ਜਨਮ, ਮੌਤ ਤੇ ਵਿਆਹ ਸ਼ਾਦੀ ਲਿਖਦਾ ਗਿਆ। 1976ਈ: ਵਿਚ ਮੈਨੂੰ ਜੰਮੂ ਜਾਣ ਦਾ ਮੌਕਾ ਮਿਲਿਆ। ਮੇਰੇ ਜੀਜਾ ਜੀ C.R.P.F. ਜੰਮੂ ਤੋਂ 15 ਕਿਲੋਮੀਟਰ ਦੀ ਦੂਰੀ ਤੇ ਵੰਨ ਤਲਾਬ ਹੈੱਡਕੁਆਟਰ ਤੇ ਨੌਕਰੀ ਕਰਦੇ ਸਨ। ਮੇਰੀ ਭੈਣ ਸਵਰਨ ਕੌਰ ਵੀ ਉਨ੍ਹਾਂ ਦੇ ਨਾਲ ਸੀ। ਮੇਰੇ ਜੀਜੇ ਬਿਧੀ ਸਿੰਘ ਨੇ ਮੈਨੂੰ ਇਕ ਵੱਡੇ ਆਕਾਰ ਦੀ ਡਾਇਰੀ ਦਿੱਤੀ ਜਿਸ ਉੱਪਰ ਮੈਂ ਜੰਮੂ ਦੇ ਠਹਿਰਾਓ ਦਾ ਸੰਖੇਪ ਵੇਰਵਾ ਲਿਖਿਆ ਉਸ ਡਾਇਰੀ ਤੇ ਮੈਂ ਤਾਰੀਖਵਾਰ ਆਪਣੀ ਛੋਟੀ ਡਾਇਰੀ ਤੋਂ ਸਾਰੇ ਵੇਰਵੇ ਲਿਖ ਲਏ। ਫਿਰ ਮੈਂ ਇਸ ਡਾਇਰੀ ਦੇ ਮਗਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਘਟਨਾਵਾਂ ਲਿਖਦਾ ਰਹਿੰਦਾ। ਇਹ ਡਾਇਰੀ ਮੇਰੇ ਲਈ ਪਿੰਡ ਦਾ ਇਤਿਹਾਸ ਲਿਖਣ ਵਿਚ ਬਹੁਤ ਸਹਾਇਕ ਸਿੱਧ ਹੋਈ।

ਜਦੋਂ ਮੈਨੂੰ 13-12-1979 ਦਿਨ ਵੀਰਵਾਰ ਨੂੰ ਸਰਕਾਰੀ ਨੌਕਰੀ ਮਿਲੀ ਤਾਂ ਮੈਂ ਫਿਰ ਇਕ ਵੱਡਾ ਰਜਿਸਟਰ ਲਗਾ ਲਿਆ, ਜਿਸ ਉੱਪਰ ਮੈਂ ਆਪਣੇ ਸਰਕਾਰੀ ਵੇਰਵੇ ਲਿਖਦਾ ਰਹਿੰਦਾ। ਪਿੰਡ ਦੀਆਂ ਸਾਰੀਆਂ ਲਿਖਣਯੋਗ ਘਟਨਾਵਾਂ ਵੀ ਲਿਖਦਾ ਰਹਿੰਦਾ। ਅਖ਼ਬਾਰ ਪੜ੍ਹਨੀ, ਟੀ.ਵੀ. ਤੋਂ ਕੋਈ ਖ਼ਬਰ ਸੁਣੀ ਉਹ ਲਿਖ ਲੈਣੀ। ਪਿੰਡ ਵਿਚ ਹੋਈਆਂ ਪੰਚਾਇਤ ਚੋਣਾਂ ਤੇ ਮਨ-ਮਟਾਵ ਦੀਆਂ ਗੱਲਾਂ ਲਿਖਦਾ ਰਹਿੰਦਾ। ਜਿਨ੍ਹਾਂ ਬਜ਼ੁਰਗਾਂ ਪਾਸੋਂ ਮੈਂ ਪਿੰਡ ਦੀਆਂ ਇਤਿਹਾਸਕ ਯਾਦਾਂ ਲਿਖੀਆਂ ਹਨ ਉਹ ਹਨ- ਸ. ਧੰਨਾ ਸਿੰਘ, ਬਸੰਤ ਸਿੰਘ, ਬੰਤਾ ਸਿੰਘ, ਮੇਹਰ ਸਿੰਘ, ਮਹਿੰਗਾ ਸਿੰਘ, ਜੋਗਿੰਦਰ ਸਿੰਘ ਜਿੰਦੋ, ਜੋਗਿੰਦਰ ਸਿੰਘ ਜਿੰਦਰ ਅਤੇ ਨਿਰੰਜਨ ਸਿੰਘ ਆਦਿ।

24-2-1990 ਨੂੰ ਮੈਂ ਲੈਕਚਰਾਰ ਨਿਯੁਕਤ ਹੋਇਆ। ਇਸ ਨਾਲ ਮੇਰਾ ਅਕਾਦਮਿਕ ਘੇਰਾ ਹੋਰ ਵਿਸ਼ਾਲ ਹੋ ਗਿਆ। ਮੈਂ ਗਿਆਰਵੀਂ ਤੇ ਬਾਰ੍ਹਵੀਂ ਜਮਾਤ ਨੂੰ ਪੋਲੀਟੀਕਲ ਸਾਇੰਸ ਪੜ੍ਹਾਉਂਦਾ ਸੀ। ਮੈਂ ਆਪਣੀਆਂ ਜਮਾਤਾਂ ਨੂੰ ਦੇਸ਼-ਵਿਦੇਸ਼ ਦੀਆਂ ਘਟਨਾਵਾਂ ਤੋਂ ਜਾਣੂ ਕਰਵਾਉਂਦਾ ਰਹਿੰਦਾ ਸੀ। ਜੇ ਭਾਰਤੀ ਸੰਵਿਧਾਨ ਵਿਚ ਕੋਈ ਸੋਧ ਹੁੰਦੀ ਤਾਂ ਮੈਂ ਸਕੂਲ ਵਿਦਿਆਰਥੀਆਂ ਨੂੰ ਲਿਖਵਾ ਦਿੰਦਾ। ਇਸ ਹੀ ਤਰ੍ਹਾਂ ਸੁਪਰੀਮ ਕੋਰਟ-ਹਾਈਕੋਰਟ ਦੇ ਮੁੱਖ ਜੱਜਾਂ ਦੇ ਨਾਮ ਲਿਖਵਾ ਦਿੰਦਾ। ਕਿਸੇ ਵੀ ਖੇਤਰ ਵਿਚ ਦਿੱਤੇ

ਜਾਣ ਵਾਲੇ ਮਾਣ ਸਨਮਾਨ ਜਿਵੇਂ ਭਾਰਤ ਰਤਨ ਐਵਾਰਡ, ਨੋਬਲ ਪੁਰਸਕਾਰ ਆਦਿ। ਇਸ ਤਰ੍ਹਾਂ ਰਾਸ਼ਟਰੀ ਖੇਡਾਂ, ਏਸ਼ੀਅਨ ਖੇਡਾਂ, ਉਲੰਪਿਕ ਖੇਡਾਂ, ਰਾਸ਼ਟਰ ਮੰਡਲ ਖੇਡਾਂ ਤੋਂ ਜਾਣੂ ਕਰਵਾ ਦਿੰਦਾ। ਪਹਿਲੀ ਸੰਸਾਰ ਜੰਗ ਤੋਂ ਮਗਰੋਂ ਸ਼ਾਂਤੀ ਲਈ ਬਣੀ ਸੰਸਥਾ "ਲੀਗ ਆਫ ਨੇਸ਼ਨ" (1920)। ਦੂਜੀ ਸੰਸਾਰ ਜੰਗ ਤੋਂ ਮਗਰੋਂ ਸ਼ਾਂਤੀ ਸਥਾਪਤ ਕਰਨ ਲਈ ਬਣੀ 24-10-1945 ਨੂੰ ਸੰਯੁਕਤ ਰਾਸ਼ਟਰ ਸੰਘ ਤੇ ਇਸ ਦੇ ਪਹਿਲੇ ਸਕੱਤਰ ਜਨਰਲ ਨਾਰਵੇ ਦੇ ਟਰਗਣੇ ਠੇਲੀ ਬਾਰੇ ਜਾਣਕਾਰੀ ਦਿੱਤੀ। ਮੇਰੀਆਂ ਇਹ ਸਾਰੀਆਂ ਗੱਲਾਂ ਵਿਦਿਆਰਥੀਆਂ ਦੇ ਚੰਗੇ ਨੰਬਰ ਲੈਣ ਲਈ ਸਹਾਇਕ ਸਿੱਧ ਹੁੰਦੀਆਂ। ਜਦੋਂ ਭਾਰਤ ਵਿਚ ਪੰਜ ਸਾਲ ਮਗਰੋਂ ਚੋਣਾਂ ਤੋਂ ਬਾਅਦ ਕਿਸੇ ਵੀ ਪਾਰਟੀ ਨੂੰ ਜਿੱਤ ਪ੍ਰਾਪਤ ਕਰਨ ਤੋਂ ਮਗਰੋਂ ਸਫ਼ਲਤਾ ਹਾਸਲ ਹੁੰਦੀ ਉਸ ਮੰਤਰੀ ਮੰਡਲ ਦੇ ਖਾਸ ਅਹੁਦੇਦਾਰਾਂ ਦੇ ਨਾਮ ਲਿਖਵਾ ਦਿੰਦਾ ਜਿਵੇਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਵਿਦੇਸ਼ ਮੰਤਰੀ, ਖਜ਼ਾਨਾ ਮੰਤਰੀ, ਲੋਕ ਸਭਾ ਦਾ ਸਪੀਕਰ ਤੇ ਮੁੱਖ ਚੋਣ ਕਮਿਸ਼ਨਰ ਆਦਿ। ਇਸ ਨਾਲ ਵਿਦਿਆਰਥੀਆਂ ਦਾ ਘੇਰਾ ਵਿਸ਼ਾਲ ਹੋ ਜਾਂਦਾ। ਮੇਰੇ ਇਸ ਨਿਗੂਣੇ ਯਤਨ ਸਦਕਾ ਮੇਰੇ ਵਿਦਿਆਰਥੀਆਂ ਨੇ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰੀਆਂ ਹਨ।

ਇਨ੍ਹਾਂ ਹੱਥ ਲਿਖਤ ਰਜਿਸਟਰਾਂ ਦੀ ਇਕ ਛੋਟੀ ਪੇਟੀ ਮੇਰੇ ਕੋਲ ਹੈ। ਹਰ ਸਾਲ ਇੱਕ ਵੱਡਾ ਰਜਿਸਟਰ ਭਰ ਜਾਂਦਾ ਹੈ। ਮੇਰੀਆਂ ਇਹ ਘਟਨਾਵਾਂ ਜਾਂ ਖ਼ਬਰਾਂ ਹੁਣ 10+1, +2 ਦੀਆਂ ਪੋਲ ਸਾਇੰਸ ਦੀਆਂ ਕਿਤਾਬਾਂ ਦੇ ਮੋਹਰੇ (J.B.D) ਕਿਤਾਬ ਵਿਚ ਛਪਦੀਆਂ ਹਨ ਅਤੇ ਜੇ.ਬੀ.ਡੀ. ਫਰਮ ਮੇਰਾ ਅੱਜ ਵੀ ਬਹੁਤ ਸਤਿਕਾਰ ਕਰਦੀ ਹੈ।

ਇਸ ਲੇਖ ਵਿਚ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਇਸ ਵਿਸ਼ੇ ਦੀ ਚੋਣ ਇਸ ਕਰਕੇ ਕੀਤੀ ਕਿ ਮੈਂ ਇਸ ਨੂੰ ਕਿਤਾਬ ਦਾ ਰੂਪ ਦੇ ਸਕਾਂ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੋਵੇ। ਇਸ ਸਬੰਧੀ ਮੈਂ ਦਿਲ ਲਾ ਕੇ ਪਿੰਡ ਦਾ ਸਰਵੇ ਕੀਤਾ ਹੈ। ਮੈਂ ਹਰ ਘਰ ਵਿਚ ਗਿਆਂ ਹਾਂ ਤਾਂ ਜੋ ਉਹ ਮੈਨੂੰ ਆਪਣੇ ਬਜ਼ੁਰਗਾਂ ਬਾਰੇ ਪੂਰੇ ਵੇਰਵੇ ਲਿਖਵਾ ਸਕਣ।

ਪੰਜਾਬੀਆਂ ਬਾਰੇ ਇਕ ਕਹਾਵਤ ਪ੍ਰਸਿੱਧ ਹੈ ਕਿ ਇਹ ਲੋਕ ਇਤਿਹਾਸ ਸਿਰਜ ਸਕਦੇ ਹਨ ਪਰ ਸੰਭਾਲ ਨਹੀਂ ਸਕਦੇ ਹਨ ਪਰ ਮੈਂ ਆਪਣੀ ਅਲਪ ਸੋਝੀ ਅਨੁਸਾਰ ਆਪਣੇ ਪਿੰਡ ਦੇ ਇਤਿਹਾਸ ਅਤੇ ਵਿਰਸੇ ਨੂੰ ਸੰਭਾਲਣ ਦੀ ਨਿਗੁਣੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ 1947 ਤੋਂ ਪਹਿਲਾਂ ਤੇ ਮਗਰਲੇ ਸਮੇਂ ਨੂੰ ਕਲਮਬੰਦ ਕੀਤਾ ਹੈ। ਮੈਂ ਆਪਣੇ ਪਿੰਡ ਤੇ ਇਕ ਲੇਖ ਲਿਖਿਆ ਸੀ ਜੋ ਮਿਤੀ 4-8-2013 'ਨਵਾਂ ਜ਼ਮਾਨਾ' ਪੇਪਰ ਵਿਚ ਪਹਿਲੇ ਸਫ਼ੇ 'ਤੇ ਛਪ ਗਿਆ ਸੀ ਫਿਰ ਮੈਂ ਯਤਨ ਕੀਤਾ ਕਿ ਮੈਂ ਪੂਰੀ ਕਿਤਾਬ ਲਿਖ ਦੇਵਾਂ।

-ਪ੍ਰਿੰ. ਗੁਰਦਿਆਲ ਸਿੰਘ ਫੁੱਲ

ਮੇਰੇ ਪਿੰਡ ਦਾ ਆਲਾ ਦੁਆਲਾ

ਕਾਹਰੀ

ਮੇਰੇ ਪਿੰਡ ਗਗਨੌਲੀ ਦੇ ਪੂਰਬ-ਪੱਛਮ, ਦੱਖਣ ਤੇ ਉੱਤਰ ਦੇ ਚਾਰੇ ਪਾਸੇ ਚਾਰ ਪਿੰਡ ਵਸੇ ਹੋਏ ਹਨ। ਕਾਹਰੀ ਪਿੰਡ ਮੇਰੇ ਪਿੰਡ ਦੇ ਚੜ੍ਹਦੇ ਪਾਸੇ ਪੈਂਦਾ ਹੈ। ਇਸ ਪਾਸੇ ਤੋਂ ਹੀ ਦਿਨ ਦੀ ਸ਼ੁਰੂਆਤ ਹੁੰਦੀ ਹੈ। ਚੜ੍ਹਦੇ ਸੂਰਜ ਦਾ ਪ੍ਰਕਾਸ਼ ਫਿਰ ਮੇਰੇ ਪਿੰਡ ਨੂੰ ਰੌਸ਼ਨੀ ਦਿੰਦਾ ਹੋਇਆ ਅੱਗੇ ਵਧਦਾ ਹੈ। ਕਾਹਰੀ ਪਿੰਡ ਦੀ ਪਛਾਣ ਸੰਤ ਬਾਬਾ ਈਸ਼ਰ ਦਾਸ ਕਰਕੇ ਹੈ ਜੋ ਕਿਸਾਨ ਪਰਿਵਾਰ ਵਿਚ ਪੈਦਾ ਹੋਏ ਜਿਨ੍ਹਾਂ ਦਾ ਬੈਂਸ ਗੋਤ ਹੈ। ਬੈਂਸ ਪਰਿਵਾਰ ਵਿਚੋਂ ਹੀ ਭਾਈ ਬਚਨ ਸਿੰਘ ਕਾਹਰੀ ਹਨ ਜਿਨ੍ਹਾਂ ਗ਼ਦਰ ਲਹਿਰ ਵਾਸਤੇ ਅਮਰੀਕਾ ਤੇ ਕੈਨੇਡਾ ਵਿਚ ਕੰਮ ਕੀਤਾ। ਉਨ੍ਹਾਂ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਗ਼ਦਰ ਲਹਿਰ ਨੂੰ ਅੱਗੇ ਤੋਰਿਆ ਤੇ ਉਨ੍ਹਾਂ ਨੂੰ 1922 ਈ: ਵਿਚ ਸ਼ਹੀਦ ਕੀਤਾ ਗਿਆ।

ਬਾਬਾ ਈਸ਼ਰ ਦਾਸ ਜੀ ਨੇ ਆਪਣੇ ਜਿਊਂਦੇ ਜੀਅ ਹੀ ਆਪਣੀ ਜ਼ਮੀਨ ਵਿਚ ਆਪਣੀ ਕੁਟੀਆ ਬਣਾਈ। ਉਸ ਸਮੇਂ ਆਪ ਦੀ ਕੁਟੀਆ ਦੇ ਆਸ-ਪਾਸ ਜੰਗਲ ਹੀ ਜੰਗਲ ਹੁੰਦਾ ਸੀ। ਜ਼ਮੀਨਾਂ ਆਬਾਦ ਨਹੀਂ ਸਨ। ਫਿਰ ਬਾਬਾ ਜੀ ਨੇ ਪਾਣੀ ਪੀਣ ਵਾਸਤੇ ਖੂਹ ਲਗਵਾਇਆ। ਇਸ ਉਪਰ ਹਲਟ ਲੱਗਾ ਹੋਇਆ ਜੋ ਮੈਂ ਵੀ ਦੇਖਿਆ ਹੈ।

ਗੁਰੂ ਧਾਰਨਾ:- ਬਾਬਾ ਈਸ਼ਰ ਦਾਸ ਜੀ ਨੇ ਉਸ ਸਮੇਂ ਦੇ ਮਹਾਨ ਤਪੱਸਵੀ ਭਗਤੀ ਤੇ ਸ਼ਕਤੀ ਦੇ ਮਾਲਕ ਬਾਬਾ ਜਵਾਹਰ ਦਾਸ ਸੂਸਾਂ ਵਾਲਿਆਂ ਨੂੰ ਆਪਣਾ ਗੁਰੂ ਧਾਰਨ ਕੀਤਾ। ਜਿਸ ਤਰ੍ਹਾਂ ਉਹ ਸਾਦਾ ਲਿਬਾਸ ਵਿਚ ਰਹਿੰਦੇ ਸਨ ਇਸ ਹੀ ਤਰ੍ਹਾਂ ਆਪ ਨੇ ਆਪਣਾ ਜੀਵਨ ਢਾਲਿਆ ਹੈ। ਉਨ੍ਹਾਂ ਦੇ ਉਪਦੇਸ਼ ਨੂੰ ਮੁੱਖ ਰੱਖ ਕੇ ਆਪਣੇ ਜੀਵਨ ਨੂੰ ਸੰਪੂਰਨ ਕੀਤਾ। ਦੱਸਿਆ ਜਾਂਦਾ ਹੈ ਕਿ ਆਪ ਨੇ ਆਪਣੇ ਗੁਰੂ ਬਾਬਾ ਜਵਾਹਰ ਦਾਸ ਨੂੰ ਆਪਣੀ ਕੁਟੀਆ ਆਉਣ ਲਈ ਬੇਨਤੀ ਕੀਤੀ। ਇਕ ਦਿਨ ਸ਼ਾਮ ਨੂੰ ਉਹ ਸੱਪ ਦਾ ਰੂਪ ਧਾਰ ਕੇ ਕੁਟੀਆ ਵਿਚ ਪ੍ਰਗਟ ਹੋਏ। ਬਾਬਾ ਈਸ਼ਰ ਦਾਸ ਜੀ ਨੇ ਇਕ ਡੰਡਾ ਮਾਰ ਦਿੱਤਾ। ਇਸ ਦੇ ਨਾਲ ਝੱਟ ਹੀ ਉਹ ਅਲੋਪ ਹੋ ਗਏ। ਬਾਬਾ ਈਸ਼ਰ ਦਾਸ ਜੀ ਮੁੜ ਉਨ੍ਹਾਂ ਦੇ ਪਾਸ ਜਾ ਕੇ ਬੇਨਤੀ ਕਰਨ ਲੱਗੇ। ਮੇਰੇ ਗੁਰਦੇਵ ਜੀ ਤੁਸੀਂ ਆਏ ਨਹੀਂ ਮੈਂ ਤੁਹਾਡਾ ਇੰਤਜ਼ਾਰ ਕਰਦਾ ਰਿਹਾ। ਬਾਬਾ ਜਵਾਹਰ ਦਾਸ ਜੀ ਨੇ ਹੱਸ ਕੇ ਕਿਹਾ- ਈਸ਼ਰ ਦਾਸ ਆਪ ਦੇ ਡੰਡੇ ਤੋਂ ਡਰ ਲੱਗਦਾ ਹੈ। ਕੱਲ੍ਹ ਤੁਸੀਂ ਮੇਰੇ ਇਕ ਡੰਡਾ ਮੋਢੇ 'ਤੇ ਮਾਰਿਆ ਸੀ। ਇਹ ਸੁਣ ਕੇ ਈਸ਼ਰ ਦਾਸ ਜੀ ਖਾਮੋਸ਼ ਹੋ ਗਏ ਤੇ ਫਿਰ ਆਉਣ ਦੀ ਬੇਨਤੀ ਕੀਤੀ। ਇਹ ਸਾਖੀ ਮੈਂ ਮਹਿੰਗਾ ਸਿੰਘ ਸਪੁੱਤਰ ਝੰਡੂ ਵਾਸੀ ਗਗਨੌਲੀ ਤੋਂ ਕਈ ਵਾਰ ਸੁਣੀ ਹੈ।

ਬਾਬਾ ਈਸ਼ਰ ਦਾਸ ਰਾਤ ਨੂੰ ਘੱਟ ਸੌਂਦੇ ਸਨ। ਜਾਗਣ ਵਾਸਤੇ ਆਪ ਜਿਥੇ ਸਿਮਰਨ ਕਰਦੇ ਸਨ ਉਥੇ ਬਾਣ ਵੀ ਵੱਟਦੇ ਸਨ।

ਮੇਲੇ ਦਾ ਆਰੰਭ:- ਦੱਸਿਆ ਜਾਂਦਾ ਹੈ ਕਿ ਆਪ ਨੇ ਸਭ ਤੋਂ ਪਹਿਲਾਂ ਯੱਗ ਕੀਤਾ ਜਿਸ ਵਿਚ ਧੀਆਂ ਧਿਆਣੀਆਂ ਨੂੰ ਰੋਟੀ ਖੁਆਈ। ਉਸ ਸਮੇਂ ਤੋਂ ਦੇਸੀ ਮਹੀਨਾ ਭਾਦੋਂ 17 ਦਿਨ ਗਏ ਤੇ ਮੇਲਾ ਲਗਦਾ ਆਇਆ ਹੈ। ਪਿੰਡ ਸਾਹਰੀ ਵਿਚ ਬਾਬਾ ਮਾਹਨ ਦਾਸ ਦਾ ਮੇਲਾ 16 ਭਾਦੋਂ ਤੇ ਪਿੰਡ ਕਾਹਰੀ ਵਿਚ ਬਾਬਾ ਈਸ਼ਰ ਦਾਸ ਦਾ ਮੇਲਾ 17 ਭਾਦੋਂ ਨੂੰ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਲਗਦਾ ਆ ਰਿਹਾ ਹੈ। ਮੇਲੇ ਵਾਲੇ ਦਿਨ ਦੁੱਧ ਵਿਚ ਰਿੱਝੀ ਖੀਰ ਖਾਣ ਨੂੰ ਖ਼ਾਸ ਕਰਕੇ ਮਿਲਦੀ ਹੈ। ਨਿਸ਼ਾਨ ਸਾਹਿਬ ਚੜ੍ਹਨ ਤੋਂ ਪਹਿਲਾਂ ਕੀਰਤਨ ਹੁੰਦਾ। ਫਿਰ ਨਿਸ਼ਾਨ ਸਾਹਿਬ ਚੜ੍ਹਦਾ ਤੇ ਜਲਦੀ ਨਾਲ ਲੰਗਰ ਸ਼ੁਰੂ ਹੋ ਜਾਂਦਾ ਸੀ। ਨਿਸ਼ਾਨ ਸਾਹਿਬ ਚੜ੍ਹਾਉਣ ਸਮੇਂ ਮੀਂਹ ਜ਼ਰੂਰ ਪੈਂਦਾ ਸੀ। ਉਸ ਸਮੇਂ ਅਸੀਂ ਪਿੰਡ ਤੋਂ ਨੰਗੇ ਪੈਰੀਂ ਮੇਲਾ ਵੇਖਣ ਜਾਂਦੇ ਸੀ ਕਿ ਬਾਰਿਸ਼ ਪੈਣ ਨਾਲ ਕੱਚੀਆਂ ਸੜਕਾਂ ਪਾਣੀ ਨਾਲ ਭਰੀਆਂ ਹੁੰਦੀਆਂ ਸਨ। ਕਈ ਵਾਰ ਮੀਂਹ ਪੈਂਦੇ 'ਚ ਹੀ ਮੇਲਾ ਵੇਖਣ ਜਾਂਦੇ ਸੀ। ਉਸ ਸਮੇਂ ਮੇਲੇ ਦਾ ਰੂਪ ਛੋਟਾ ਸੀ।

ਤਲਾਬ:- ਬਾਬਾ ਈਸ਼ਰ ਦਾਸ ਜੀ ਨੇ ਜਿਥੇ ਆਪਣੇ ਵਾਸਤੇ ਖੂਹ ਲਗਵਾਇਆ ਉਥੇ ਉਨ੍ਹਾਂ ਮੰਦਰ ਦੇ ਕੋਲ ਤਲਾਬ ਵੀ ਬਣਾਇਆ। ਮੇਰੇ ਪਿੰਡ ਦੇ ਬਜ਼ੁਰਗਾਂ ਧੰਨਾ ਸਿੰਘ ਤੇ ਮਹਿੰਗਾ ਸਿੰਘ ਨੇ ਦੱਸਿਆ ਕਿ ਬਾਬਾ ਜੀ ਚਾਨਣੀ ਰਾਤ ਵਿਚ ਤਲਾਬ ਦੀ ਖੁਦਵਾਈ ਕਰਦੇ ਸਨ। ਪਿੰਡ ਗਗਨੌਲੀ ਤੋਂ ਧੰਨਾ ਸਿੰਘ, ਬਸੰਤ ਸਿੰਘ, ਮਹਿੰਗਾ ਸਿੰਘ ਤੇ ਬੇਲੀ ਸਿੰਘ ਉਨ੍ਹਾਂ ਨਾਲ ਤਲਾਬ ਪੁੱਟਦੇ ਸਨ। ਪਿਛਲੇ ਸਮੇਂ ਵਿਚ ਬਾਰਸ਼ਾਂ ਬਹੁਤ ਹੁੰਦੀਆਂ ਸਨ ਤਾਂ ਤਲਾਬ ਹਮੇਸ਼ਾ ਪਾਣੀ ਨਾਲ ਭਰਿਆ ਰਹਿੰਦਾ ਸੀ, ਜਿੱਥੇ ਸੰਗਤਾਂ ਮੇਲੇ ਤੇ ਇਸ਼ਨਾਨ ਕਰਦੀਆਂ ਸਨ, ਉੱਥੇ ਸੰਗਰਾਂਦ, ਮੱਸਿਆ ਤੇ ਵਿਸਾਖੀ ਤੇ ਇਸ਼ਨਾਨ ਕਰਦੀਆਂ ਹਨ। ਇਹ ਦੱਸਿਆ ਜਾਂਦਾ ਹੈ ਕਿ ਸਾਡੇ ਪਿੰਡ ਦੀ ਮਾਤਾ ਜਵਾਲੀ ਧਰਮ ਪਤਨੀ ਸੰਤਾ ਸਿੰਘ ਇਸ ਤਲਾਬ ਨੂੰ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਤਰਕੇ ਪਾਰ ਕਰ ਜਾਂਦੀ ਸੀ। ਮਹਿੰਗਾ ਸਿੰਘ ਨੇ ਬਾਬਾ ਈਸ਼ਰ ਦਾਸ ਨੂੰ ਆਪਣਾ ਗੁਰੂ ਧਾਰਿਆ ਹੋਇਆ ਸੀ। ਮੇਲੇ ਵਾਲੇ ਦਿਨ ਇਸ਼ਨਾਨ ਕਰਦੀਆਂ ਸੰਗਤਾਂ ਦਾ ਦ੍ਰਿਸ਼ ਦੇਖਣਯੋਗ ਹੁੰਦਾ ਸੀ। ਤਲਾਬ ਦੇ ਚਾਰੇ ਪਾਸੇ ਸੰਘਣੇ ਦਰਖਤ ਹੁੰਦੇ ਸਨ ਜਿਨ੍ਹਾਂ ਨਾਲ ਡੇਰਾ ਹਰਾ ਭਰਾ ਲੱਗਦਾ ਸੀ। ਬਰਸਾਤੀ ਦਿਨਾਂ ਵਿਚ ਦਰਖਤਾਂ ਤੇ ਚੜ੍ਹੀਆਂ ਵੇਲਾਂ ਬਹੁਤ ਸੁੰਦਰ ਦ੍ਰਿਸ਼ ਪੇਸ਼ ਕਰਦੀਆਂ ਸਨ। ਕਈ ਸਾਥੀਆਂ ਨੇ ਕਹਿਣਾ ਕਿ ਇਥੇ ਕਿਸੇ ਫ਼ਿਲਮ ਦੀ ਸ਼ੂਟਿੰਗ ਹੋਣੀ ਚਾਹੀਦੀ ਹੈ।

ਮੰਦਰ ਦੀ ਉਸਾਰੀ:- ਬਾਬਾ ਈਸ਼ਰ ਦਾਸ ਜੀ ਨੇ ਇਕ ਛੋਟੇ ਜਿਹੇ ਮੰਦਰ ਦੀ ਉਸਾਰੀ ਵੀ ਕੀਤੀ ਜਿਸ ਵਿਚ ਉਨ੍ਹਾਂ ਨੇ ਆਪਣੇ ਗੁਰੂ ਬਾਬਾ ਜਵਾਹਰ ਦਾਸ ਸੂਸਾਂ ਤੇ ਆਪਣੀ ਤਸਵੀਰ ਬਣਵਾਈ ਹੈ। ਇਸ ਦੇ ਨਾਲ ਹੀ ਹੋਰ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਹਨ ਜਿਸ ਨੂੰ ਅਸੀਂ ਕੰਧ ਚਿੱਤਰ ਆਖ ਸਕਦੇ ਹਾਂ। ਜਿਸ ਤਰ੍ਹਾਂ ਦੀ ਤਸਵੀਰ ਬਾਬਾ

ਜਵਾਹਰ ਦਾਸ ਦੀ ਸਾਦੇ ਲਿਬਾਸ ਵਿਚ ਹੈ ਉਸ ਹੀ ਤਰ੍ਹਾਂ ਦੀ ਤਸਵੀਰ ਬਾਬਾ ਈਸ਼ਰ ਦਾਸ ਦੀ ਹੈ। ਜਿਸ ਦਿਨ ਮੰਦਰ ਵਿਚ ਰੰਗ ਕੀਤਾ ਜਾਣਾ ਸੀ ਉਸ ਦਿਨ ਮੇਰੇ ਪਿਤਾ ਸ. ਬਸੰਤ ਸਿੰਘ ਨੇ ਦੱਸਿਆ ਕੇ ਬਾਬਾ ਈਸ਼ਰ ਦਾਸ ਜੀ ਨੇ ਰੰਗ ਵਾਲੀ ਚੱਕੀ ਦੇ ਪੰਜ ਗੇੜੇ ਦਿੱਤੇ ਤੇ ਕਿਹਾ, ਲੈ ਹੁਣ ਰੰਗ ਪੀਹੀ ਜਾਹ। ਉਨ੍ਹਾਂ ਇਹ ਵੀ ਦੱਸਿਆ ਕਿ ਰੰਗ ਸਾਰਾ ਦਿਨ ਨਹੀਂ ਮੁੱਕਿਆ। ਦੂਜੀ ਗੱਲ ਕਿ ਜਿਹੜਾ ਅੰਬ ਟੱਬਕ ਕੇ ਡਿਗਦਾ ਬਾਬਾ ਜੀ ਮੈਨੂੰ ਚੂਪਣ ਨੂੰ ਦਿੰਦੇ। ਰੋਟੀ ਖਾਣ ਵੇਲੇ ਮੈਂ ਸਾਰਿਆਂ ਨਾਲ ਅੰਬ ਚੂਪੇ ਸਨ।

ਜੋਤੀ ਜੋਤ ਸਮਾਉਣਾ:- ਕਾਹਰੀ ਪਿੰਡ ਦੇ ਪਤਵੰਤੇ ਸੱਜਣਾਂ ਦਾ ਇਕ ਇਕੱਠ ਹੋਇਆਂ, ਜਿਸ ਵਿਚ ਉਨ੍ਹਾਂ ਆਪੋ ਆਪਣੇ ਵਿਚਾਰ ਪੇਸ਼ ਕੀਤੇ ਕਿ ਬਾਬਾ ਜੀ 1947 ਵਿਚ ਜਾਂ ਪਹਿਲਾਂ ਸੁਰਗਵਾਸ ਹੋਏ ਹਨ ਪਰ ਉਹ ਕੋਈ ਪਰਪੱਕ ਸਬੂਤ ਪੇਸ਼ ਨਹੀਂ ਕਰ ਸਕੇ। ਬਾਬਾ ਜੀ ਦੇ ਜੋਤੀ ਜੋਤ ਸਮਾਉਣ ਸਬੰਧੀ ਪੱਕਾ ਸਬੂਤ ਉਨ੍ਹਾਂ ਦੇ ਚਰਨ ਸੇਵਕ ਮਹਿੰਗਾ ਸਿੰਘ ਗਗਨੌਲੀ ਨੇ ਪੇਸ਼ ਕੀਤਾ ਜਿਸ ਵਿਚ ਉਨ੍ਹਾਂ ਦੱਸਿਆ ਕਿ ਬਾਬਾ ਜੀ 1947 ਤੋਂ ਪਹਿਲਾਂ ਬ੍ਰਹਮਲੀਨ ਹੋਏ ਸਨ। ਉਨ੍ਹਾਂ ਕਿਹਾ ਕਿ ਜਿਸ ਦਿਨ ਉਨ੍ਹਾਂ ਨੇ ਪੰਜ ਭੂਤਕ ਸਰੀਰ ਤਿਆਗਿਆ ਹੈ ਉਸ ਸਮੇਂ ਮੁਸਲਮਾਨ ਇੱਥੇ ਸਨ ਜਦੋਂ ਮੈਂ ਉਨ੍ਹਾਂ ਦੇ ਸਸਕਾਰ ਤੋਂ ਵਾਪਸ ਪਿੰਡ ਆਇਆ ਤਾਂ ਮੇਰੀ ਮਾਤਾ ਨੰਦ ਕੌਰ ਨੇ ਮੈਨੂੰ ਕਿਹਾ:- ਕਾਕਾ! "ਆਪਣੀ ਵੱਛੀ ਗੁੱਜਰਾਂ ਦੇ ਬਾਜਰੇ ਵਿਚ ਵੜੀ ਹੋਈ ਹੈ। ਉਸ ਨੂੰ ਬਾਹਰ ਕੱਢ ਉਹ ਬੋਲਣਗੇ।" ਇਸ ਤੋਂ ਸਾਬਤ ਹੁੰਦਾ ਹੈ ਕਿ ਬਾਬਾ ਈਸ਼ਰ ਦਾਸ ਜੀ ਨੇ 1947 ਤੋਂ ਪਹਿਲਾਂ ਆਪਣਾ ਸਰੀਰ ਤਿਆਗਿਆ ਹੈ।

ਪਹਿਰਾਵਾ:- ਸੰਤ ਬਾਬਾ ਈਸ਼ਰ ਦਾਸ ਦਾ ਪਹਿਰਾਵਾ ਆਪਣੇ ਗੁਰੂ ਬਾਬਾ ਜਵਾਹਰ ਦਾਸ ਵਰਗਾ ਸੀ। ਸਿਰ 'ਤੇ ਸਾਫ਼ਾ ਬੰਨਿਆਂ ਹੋਇਆ। ਬਾਬਾ ਜਵਾਹਰ ਦਾਸ ਜੀ ਨੇ ਵੀ ਸਿਰ 'ਤੇ ਸਾਫ਼ਾ ਸਜਾਇਆ ਹੈ। ਹੱਥ ਵਿਚ ਖੂੰਡਾ ਫੜਿਆ ਹੋਇਆ ਹੈ। ਬਾਬਾ ਜਵਾਹਰ ਦਾਸ ਦੀ ਕੁਟੀਆ ਵੀ ਇਕਾਂਤ ਵਿਚ ਸੀ। ਕਹੀ ਫੜ੍ਹ ਕੇ ਕੱਚੇ ਰਸਤੇ ਨੂੰ ਸੰਵਾਰਦੇ ਤੇ ਗਰਮੀ ਰੁੱਤੇ ਹਲ ਵਾਹੁੰਦੇ, ਪਸ਼ੂਆਂ ਨੂੰ ਘੜੇ ਨਾਲ ਪਾਣੀ ਪਿਲਾਉਂਦੇ ਸਨ।

ਗੱਦੀ ਨਸ਼ੀਨੀ:- ਬਾਬਾ ਈਸ਼ਰ ਦਾਸ ਜੀ ਨੇ ਇਸ ਡੇਰੇ ਦੀ ਵਸੀਅਤ ਆਪਣੇ ਚਰਨ ਸੇਵਕ ਬਾਬਾ ਬੀਰਮ ਦਾਸ ਦੇ ਨਾਮ ਕੀਤੀ। ਹੋਰ ਵੀ ਹਜ਼ਾਰਾਂ ਸ਼ਰਧਾਲੂ ਸਨ ਪਰ ਉਨ੍ਹਾਂ ਤੋਂ ਮਗਰੋਂ ਉਨ੍ਹਾਂ ਆਪਣਾ ਜਾਨਸ਼ੀਨ ਬਾਬਾ ਬੀਰਮ ਦਾਸ ਜੀ ਨੂੰ ਚੁਣਿਆ। ਬਾਬਾ ਬਰੀਮ ਦਾਸ ਜੀ ਆਪਣੇ ਹੱਥ ਵਿਚ ਤੂੰਬਾ ਰੱਖਦੇ ਸਨ। ਉਹ ਰਾਤ ਸਮੇਂ ਕਈ ਵਾਰ ਸਾਡੇ ਪਿੰਡ ਗਗਨੌਲੀ ਸੰਤਾ ਸਿੰਘ ਦੇ ਘਰ ਰਹਿੰਦੇ ਸਨ। ਉਹ ਤੂੰਬੇ ਨਾਲ ਸ਼ਬਦ ਗਾਇਨ ਕਰਿਆ ਕਰਦੇ ਸਨ। ਸੰਤ ਬਾਬਾ ਬੀਰਮ ਦਾਸ ਜੀ ਮੇਲੇ ਤੋਂ ਪਹਿਲਾਂ ਸਾਡੇ ਪਿੰਡ ਆਉਂਦੇ ਸਨ ਤੇ ਸਾਡੇ ਤਾਇਆ ਧੰਨਾ ਸਿੰਘ ਨੂੰ ਸਫ਼ਾਈ ਲਈ ਆਖਦੇ ਸਨ। ਅਸੀਂ ਉਨ੍ਹਾਂ ਦੇ ਨਾਲ ਡੇਰੇ ਜਾ ਕੇ ਸਾਫ-ਸਫਾਈ ਕਰਦੇ ਹੁੰਦੇ ਸੀ। ਉਨ੍ਹਾਂ ਦਾ ਸੁਭਾਅ ਚੰਗਾ ਸੀ। ਬਾਬਾ ਬੀਰਮ ਦਾਸ ਜੀ ਮਿਤੀ 25-11-1983 ਈ: ਨੂੰ ਬ੍ਰਹਮਲੀਨ ਹੋਏ ਸਨ। ਉਨ੍ਹਾਂ ਤੋਂ ਮਗਰੋਂ ਡੇਰੇ ਦੀ ਪੱਗੜੀ ਕਿਸੇ ਵੀ ਸ਼ਰਧਾਲੂ ਦੇ ਸਿਰ ਨਹੀਂ ਬੰਨ੍ਹੀ ਗਈ।

ਸਮੇਂ-ਸਮੇਂ ਤੇ ਨਵੇਂ ਸੇਵਾਦਾਰ ਆਉਂਦੇ ਰਹੇ। ਹੁਣ ਡੇਰੇ ਦੇ ਲਾਗੇ ਆਮ ਲੋਕਾਂ ਦੇ ਘਰ ਵਸ ਗਏ ਹਨ। ਉਸ ਸਮੇਂ ਅਬਾਦੀ ਨਹੀਂ ਸੀ। ਇਸ ਕਰਕੇ ਡੇਰੇ ਵਿਚ ਕਈ ਵਾਰ ਚੋਰੀ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ ਸਨ।

ਅੱਜ ਦਾ ਮੇਲਾ:- ਅੱਜ ਇਸ ਮੇਲੇ ਦਾ ਰੂਪ ਵੱਡਾ ਹੋ ਗਿਆ ਹੈ। ਇਸ ਮੇਲੇ ਨੂੰ ਚਾਰ-ਚੰਨ ਲਾਉਣ ਲਈ ਪਿੰਡ ਦੀ ਨੌਜਵਾਨ ਸਭਾ ਨੇ ਕਬੱਡੀ ਤੇ ਵਾਲੀਵਾਲ ਦੇ ਮੈਚ ਸ਼ੁਰੂ ਕੀਤੇ ਹਨ। ਪੂਰੇ ਪੰਜਾਬ ਵਿਚੋਂ ਖਿਡਾਰੀ ਖੇਡਾਂ ਵਿਚ ਹਿੱਸਾ ਲੈ ਕੇ ਮੇਲੇ ਦੀ ਰੌਣਕ ਨੂੰ ਵਧਾਉਂਦੇ ਹਨ। ਮੇਲੇ ਤੋਂ ਤਿੰਨ ਦਿਨ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਅਖੰਡ ਜਾਪ ਅਰੰਭ ਹੁੰਦੇ ਹਨ। ਭੋਗ ਪੈਣ ਉਪਰੰਤ ਕੀਰਤਨ ਦੀ ਅਰੰਭਤਾ ਹੁੰਦੀ ਹੈ ਤੇ ਬਾਰਾਂ ਵਜੇ ਨਿਸ਼ਾਨ ਸਾਹਿਬ ਚੜ੍ਹਾਏ ਜਾਂਦੇ ਹਨ। ਇਸ ਦੇ ਨਾਲ ਹੀ ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਂਦੇ ਹਨ। ਹਰ ਸਾਲ ਬਹੁਤ ਸਾਰੇ ਲੀਡਰ ਆ ਕੇ ਮੇਲੇ ਵਿਚ ਗੁਰੂ ਘਰ ਨਤਮਸਤਕ ਹੁੰਦੇ ਹਨ। ਖੇਡ ਮੇਲਾ ਤਿੰਨ ਦਿਨ ਪਹਿਲਾਂ ਸ਼ੁਰੂ ਹੋ ਜਾਂਦਾ ਹੈ। ਆਖਰੀ ਦਿਨ ਫਾਈਨਲ ਮੁਕਾਬਲੇ ਤੇ ਕਬੱਡੀ ਦੇ ਸ਼ੋਅ ਮੈਚ ਹੁੰਦੇ ਹਨ। ਇਹ ਖੇਡ ਮੇਲਾ 1992 ਤੋਂ ਚੱਲਦਾ ਆ ਰਿਹਾ ਹੈ। 1996 ਈ: ਵਿਚ ਪਿੰਡ ਪੰਚਾਇਤ ਦੁਆਰਾ ਮੈਨੂੰ ਮੇਲੇ ਵਿਚ ਆਉਣ ਦਾ ਸੱਦਾ ਪੱਤਰ ਦਿੱਤਾ ਗਿਆ। ਮੈਂ ਭੋਗ ਪੈਣ ਤੋਂ ਮਗਰੋਂ ਤੇ ਇਨਾਮ ਵੰਡ ਸਮਾਰੋਹ ਵੇਲੇ ਸੰਗਤਾਂ ਦੇ ਰੂਬਰੂ ਹੋਇਆ। ਜਿਥੇ ਮੈਂ ਬਾਬਾ ਈਸ਼ਰ ਦਾਸ ਦੇ ਬਾਰੇ ਦੱਸਿਆ ਉਥੇ ਮੈਂ ਸਮੁੱਚੇ ਮੇਲੇ ਨੂੰ ਮੁੱਖ ਰੱਖ ਕੇ ਇਕ ਲੰਬੀ ਕਵਿਤਾ ਪੇਸ਼ ਕੀਤੀ ਜੋ ਸਾਰੀਆਂ ਸੰਗਤਾਂ ਨੇ ਬਹੁਤ ਪਸੰਦ ਕੀਤੀ।

ਕਵਿਤਾ

ਅੱਜ ਵਧਾਈ ਹੈ ਸੰਤ ਬਾਬਾ ਈਸ਼ਰ ਦਾਸ
ਤੇ ਉਸ ਦੀਆਂ ਲਾਡਲੀਆਂ ਸੰਗਤਾਂ ਨੂੰ
ਅੱਜ ਵਧਾਈ ਹੈ ਖਿਡਾਰੀਆਂ, ਕੋਚਾਂ, ਪੰਚਾਂ ਤੇ ਸਰਪੰਚਾਂ ਨੂੰ
ਅੱਜ ਵਧਾਈ ਹੈ ਦੂਰ-ਦੁਰਾਡੇ ਤੋਂ ਆਏ ਛੋਟੇ ਵੱਡੇ
ਕਿਰਤੀ ਕਿਸਾਨ ਤੇ ਪਤਵੰਤਾਂ ਨੂੰ
ਅੱਜ ਵਧਾਈ ਹੈ ਡੀ.ਸੀ. ਸਾਹਿਬ ਹੁਸ਼ਿਆਰਪੁਰ ਤੇ
ਪੰਜਾਬ ਦੇ ਮੰਤਰੀ ਮੰਡਲ 'ਚੋਂ ਆਏ ਸਾਡੇ ਹਰਮਨ ਪਿਆਰੇ ਨੇਤਾ
ਸ੍ਰੀ ਜੋਗਿੰਦਰ ਸਿੰਘ ਮਾਨ ਤੇ ਸਮੂਹ ਸੰਗਤਾਂ ਨੂੰ।

ਸਾਡੇ ਵਿਹੜੇ ਮਹਿਕਣ ਖੁਸ਼ੀਆਂ ਤੇ ਖੇੜੇ
ਬਾਬਾ ਈਸ਼ਰ ਦਾਸ ਜੀ ਕਦੀਂ ਪਾਵੀਂ ਫੇਰੇ
ਝੰਡੇ ਤੇਰੇ ਝੁੱਲਦੇ ਨੇ ਅੱਜ ਦੂਣ ਸਵਾਏ
ਸੰਗਤਾਂ ਹੁੰਮ ਹੁਮਾ ਕੇ ਆਉਂਦੀਆਂ ਲਗਦੇ ਜੈਕਾਰੇ

ਅਟੁੱਟ ਭੰਡਾਰੇ ਵਰਤਦੇ ਅੱਜ ਲੰਗਰ ਤੇਰੇ
ਕੱਟਦਾ ਸਤਿਗੁਰ ਆਪ ਤੂੰ ਚੌਰਾਸੀ ਦੇ ਗੇੜੇ।

ਸੰਤ ਬਾਬਾ ਜਵਾਹਰ ਦਾਸ ਜੀ ਤੁਸੀਂ ਕੀਤਾ ਉਪਰਾਲਾ
ਉਂਗਲੀ ਫੜ ਕੇ ਤੋਰਿਆ ਸਾਡਾ ਈਸ਼ਰ ਬਾਬਾ
ਤੁਹਾਡੇ ਨਕਸ਼ੇ ਕਦਮ ਤੇ ਚਲ ਕੇ ਕੀਤੀ ਬੰਦਗੀ ਪੂਰੀ
ਸਾਦਗੀ ਵਿਚ ਰਹਿ ਕੇ ਬਿਤਾਈ ਬੇਦਾਗ ਫਕੀਰੀ
ਸਾਧੂ ਦੀ ਕੀਤੀ ਬੰਦਗੀ ਨਹੀਂ ਹੈ ਜਾਂਦੀ ਖਾਲੀ
ਕਰ ਰੁਸ਼ਨਾਈ ਚਾਰ ਯੁੱਗਾਂ ਧਰਤੀ ਸੁਖਲਾਂਦੀ।

ਖਿਡਾਰੀਆਂ ਤਾਂਈ ਬੇਨਤੀ ਸਾਡੀ, ਖੇਡੋਂ ਖੇਡ ਨਿਆਰੀ
ਨਸ਼ਿਆਂ ਨੂੰ ਤੁਸੀਂ ਹੱਥ ਨਹੀਂ ਲਾਉਣਾ ਜਗ ਤੇ ਪਾਉ ਸਰਦਾਰੀ
ਦੇਸ਼ ਦਾ ਗੱਭਰੂ ਖੁਰ-ਖੁਰ ਜਾਂਦਾ ਜਿਵੇਂ ਘੁਣ ਲੱਕੜੀ ਨੂੰ ਖਾਵੇ
ਉਲੰਪਿਕ ਖੇਡਾਂ ਜਦ ਵੀ ਹੁੰਦੀਆਂ ਖਾਲੀ ਹੱਥ ਮੁੜ ਆਵੇ
ਇਹ ਤਾਂ ਦੇਸ਼ ਤੇ ਲਾਹਣਤ ਲੋਕੋ ਇਸ ਨੂੰ ਮਿਟਾਈਏ
ਖੇਡ ਮੇਲਿਆਂ ਵਿਚ ਸ਼ਾਮਲ ਹੋ ਕੇ, ਆਪਾਂ ਦੇਸ਼ ਦੀ ਸ਼ਾਨ ਵਧਾਈਏ।

ਮੰਤਰੀ ਜੀ ਨੂੰ ਬੇਨਤੀ ਸਾਡੀ ਕਰਿਓ ਪੁਲ ਉਸਾਰੀ
ਬਹੁਤ ਹੀ ਆਫ਼ਤ ਆ ਜਾਂਦੀ, ਜਦੋਂ ਪੈਂਦੀ ਹੋਵੇ ਵਰਖਾ ਭਾਰੀ
ਬੱਚੇ, ਬੁੱਢੇ, ਮਾਤਾਵਾਂ, ਭੈਣਾਂ ਕਹਿੰਦੇ ਮੁਲਾਜ਼ਮ ਸਾਰੇ
ਕੀ ਕਰੀਏ ਹੁਣ ਰੱਬਾ ਅਸੀਂ ਲੱਗੀਏ ਕਿੰਞ ਕਿਨਾਰੇ
ਪੜ੍ਹਨ ਕਾਲਜ ਜਿਨ੍ਹਾਂ ਨੇ ਜਾਣਾ ਪੈ ਜਾਂਦੇ ਨੇ ਸੋਚਾਂ
ਪੜ੍ਹਾਈ ਸਾਡੀ ਖਰਾਬ ਹੋਣੀ ਜਦੋਂ ਸ਼ੁਰੂ ਹੋਣ ਬਰਸਾਤਾਂ
ਛੋਟੇ ਵੱਡੇ ਕਿਰਤੀ ਕਿਸਾਨਾਂ ਕਰਨੇ ਨੇ ਕੰਮ ਸਾਰੇ
ਹੜ੍ਹ ਕਰਕੇ ਉਹ ਲੰਘ ਨਹੀਂ ਸਕਦੇ, ਭੁੱਖੇ ਰਹਿੰਦੇ ਪਸ਼ੂ ਵਿਚਾਰੇ
ਮੰਤਰੀ ਜੀ ਨੂੰ ਬੇਨਤੀ ਸਾਡੀ ਵਿਚ ਪਬਲਿਕ ਦੇ ਜਸ ਵਧਾਈਏ।
ਮਾਨਵਤਾ ਦੇ ਭਲੇ ਦੀ ਖਾਤਰ ਸੋਹਣਾ ਸੁੰਦਰ ਪੁਲ ਬਣਾਈਏ।

ਆਓ ਸਾਰੇ ਰਲ ਮਿਲ ਬਹੀਏ ਗੀਤ ਖੁਸ਼ੀ ਦੇ ਗਾਈਏ
ਇਹ ਧਰਤੀ ਹੈ ਭਾਗਾਂ ਵਾਲੀ ਇਸ ਨੂੰ ਸੀਸ ਝੁਕਾਈਏ
ਆਸੇ ਪਾਸੇ ਦੀਆਂ ਸੰਗਤਾਂ ਤਾਈਂ ਸਿਫਤ ਇਸ ਦੀ ਸੁਣਾਈਏ
ਸੰਤ ਬਾਬਾ ਈਸ਼ਰਦਾਸ ਤੇ ਖੇਡ ਮੇਲੇ ਦੀ ਆਪਾਂ ਰਲ ਕੇ ਸ਼ਾਨ ਵਧਾਈਏ।

ਬਾਬਾ ਈਸ਼ਰ ਦਾਸ ਦੇ ਡੇਰੇ ਤੋਂ ਇਲਾਵਾ ਇਸ ਪਿੰਡ ਵਿਚ ਬਾਬਾ ਜੀਅਣ ਦਾਸ ਜੀ ਦਾ ਵੀ ਮੰਦਰ ਹੈ। ਉਹ ਪਹਿਲਾਂ ਪਿੰਡ ਸਾਹਰੀ ਦੇ ਠਾਨਕ ਦੁਆਰੇ ਰਹਿੰਦੇ ਸਨ। ਜਦੋਂ ਉਨ੍ਹਾਂ ਨੂੰ ਗੱਦੀ ਨਹੀਂ ਦਿੱਤੀ ਗਈ ਤਾਂ ਬਾਬਾ ਜੀਅਣ ਦਾਸ ਜੀ ਨੇ ਸਾਹਰੀ ਤੇ ਕਾਹਰੀ ਪਿੰਡ ਦੇ ਵਿਚਕਾਰ ਆਪਣੀ ਕੁਟੀਆ ਬਣਾ ਲਈ। ਇਥੇ ਆਲੀਸ਼ਾਨ ਮੰਦਰ ਬਣਿਆ ਹੋਇਆ ਹੈ ਜਿਥੇ ਸ਼ਿਵਰਾਤਰੀ ਤੇ ਜਨਮ ਅਸ਼ਟਮੀ ਵਾਲੇ ਦਿਨ ਭਾਰੀ ਮੇਲਾ ਲੱਗਦਾ ਹੈ।

ਰੂਘਾ:- ਕਾਹਰੀ ਪਿੰਡ ਦੇ ਬੇਲੇ ਵਿਚ ਇਕ ਮਸਤ ਫ਼ਕੀਰ ਰਹਿੰਦਾ ਸੀ, ਜਿਸ ਨੇ ਆਪਣੀ ਕੋਈ ਕੁਟੀਆ ਨਹੀਂ ਬਣਾਈ ਸੀ। ਇਕ ਝੜੀ ਵਿਚ ਨਲਕਾ ਲੱਗਾ ਹੋਇਆ ਸੀ ਜਿਥੋਂ ਉਹ ਪਾਣੀ ਪੀ ਲੈਂਦਾ ਸੀ। ਉਹ ਕਦੇ-ਕਦੇ ਪਿੰਡ ਗਗਨੌਲੀ ਵੀ ਆ ਜਾਂਦਾ ਸੀ। ਜੇ ਮਨ ਖੁਸ਼ ਹੋਵੇ ਤਾਂ ਖੁੱਲ੍ਹ ਕੇ ਹੱਸਦਾ ਸੀ। ਕਈ ਲੋਕਾਂ ਨੇ ਦੱਸਿਆ ਹੈ ਕਿ ਉਹ ਕਦੇ-ਕਦੇ ਅੰਗਰੇਜ਼ੀ ਦੀ ਅਖ਼ਬਾਰ ਵੀ ਪੜ੍ਹਦਾ ਹੁੰਦਾ ਸੀ। ਸਾਨੂੰ ਉਸ ਦੇ ਮੂਲ ਨਿਵਾਸ ਸਥਾਨ ਦਾ ਕੋਈ ਪਤਾ ਨਹੀਂ ਸੀ। ਸਹੀ ਮਹਿਨਿਆਂ ਵਿਚ ਉਹ ਫੱਕਰ ਸੀ। ਉਸ ਬਾਰੇ ਕਿਸੇ ਨੇ ਲਿਖਿਆ ਹੈ:

ਫੱਕਰ ਸੋ ਜਾਣੋ ਜਿਸਨੂੰ ਫਿਕਰ ਹੈ ਨਾ
ਫੱਕਰ ਨਾਮ ਹੈ ਫਿਕਰ ਮਿਟਾਵਣੇ ਦਾ
ਫੱਕਰ ਹੋ ਕੇ ਫਿਕਰ ਨਾ ਦੂਰ ਕੀਤਾ
ਕੀ ਫਾਇਦਾ ਭੇਸ ਵਟਾਵਣੇ ਦਾ
ਫਿਕਰ ਸਾਰੇ ਜਹਾਨ ਨੂੰ ਖਾਈ ਜਾਂਦਾ
ਵੱਲ ਫੱਕਰ ਦਾ ਫਿਕਰ ਨੂੰ ਖਾਵਣੇ ਦਾ
ਜਿਥੇ ਫੱਕਰ ਦਾ ਜ਼ਿਕਰ ਨਾ ਹੋਵੇ ਸਾਈਂ ਲੋਕਾ
ਮੁਰਸ਼ਦ ਮਨ੍ਹਾ ਕੀਤਾ ਉਥੇ ਜਾਵਣੇ ਦਾ।

ਇਹ ਫ਼ਕੀਰ ਸਾਈਂ 3 ਫਰਵਰੀ 1982 ਈ: ਨੂੰ ਬ੍ਰਹਮਲੀਨ ਹੋਇਆ ਹੈ। ਪਿੰਡ ਵਾਲਿਆਂ ਨੇ ਇਸ ਦੀ ਸਮਾਧ ਵੀ ਬਣਾਈ ਹੋਈ ਹੈ। ਇਸ ਹੀ ਤਰ੍ਹਾਂ ਕਾਹਰੀ ਪਿੰਡ ਦੇ ਚੜ੍ਹਦੇ ਪਾਸੇ ਚੋਅ ਦੇ ਕਿਨਾਰੇ ਇਕ ਖ਼ਾਨਗਾਹ ਬਣੀ ਹੋਈ ਹੈ ਜਿਸ ਨੂੰ ਖਿਰਨੀਵਾਲਾ ਆਖਦੇ ਹਨ। ਦਿਨ ਵਾਰ ਤੇ ਇਥੇ ਵੀ ਰੌਣਕ ਹੁੰਦੀ ਹੈ।

ਜਾਤਾਂ ਤੇ ਗੋਤ:- ਕਾਹਰੀ ਪਿੰਡ ਵਿਚ ਜੱਟ ਜਾਤੀ ਦੇ ਘਰ ਹਨ ਜਿਨ੍ਹਾਂ ਦਾ ਬੈਂਸ ਗੋਤ ਹੈ। ਇਸ ਦੇ ਨਾਲ ਬਾਹਰੋਂ ਆ ਕੇ ਵੀ ਕੁਝ ਘਰ ਵਸੇ ਹੋਏ ਹਨ। ਇਸ ਤੋਂ ਇਲਾਵਾ ਪਿੰਡ ਵਿਚ ਰਾਮਦਾਸੀਆ ਸਿੱਖ ਪਰਿਵਾਰ ਹਨ ਜਿਨ੍ਹਾਂ ਦਾ ਮਹਿਮੀ ਤੇ ਬਾਲੂ ਗੋਤ ਹੈ। ਇਸ ਹੀ ਤਰ੍ਹਾਂ ਪਿੰਡ ਵਿਚ ਪੰਡਤ, ਨਾਈ, ਝਿਊਰ ਤੇ ਵਾਲਮੀਕਾਂ ਦੇ ਘਰ ਹਨ। ਇਸ ਹੀ ਪਿੰਡ ਦੇ ਪੰਡਤ ਡਾ: ਸਾਗਰ ਸਨ ਜੋ ਡਾਕਖਾਨੇ ਦਾ ਕੰਮ ਵੀ ਕਰਦੇ ਸਨ। ਬਹੁਤ ਨਿੱਘੇ ਸੁਭਾਅ ਦੇ ਸਨ। ਸਾਡੇ ਪਿੰਡ ਵਿਚ ਵੀ ਆ ਕੇ ਉਹ ਲੋੜਵੰਦਾਂ ਨੂੰ ਦੁਆਈ ਦਿੰਦੇ ਸਨ। ਉਹ ਮਿਤੀ 13-7-1977 ਨੂੰ ਆਪਣੀ ਸੰਸਾਰਿਕ ਯਾਤਰਾ ਕਰਦੇ ਹੋਏ ਗੁਰੂ

ਚਰਨਾਂ ਵਿਚ ਜਾ ਬਿਰਾਜੇ ਸਨ।

ਇਸ ਪਿੰਡ ਵਿਚ ਇਕ ਆਂਗਣਵਾੜੀ ਸਕੂਲ ਦੇ ਨਾਲ ਸਰਕਾਰੀ ਐਲੀਮੈਂਟਰੀ ਤੇ ਮਿਡਲ ਸਕੂਲ ਹੈ। ਇਸ ਹੀ ਪਿੰਡ ਦੇ ਅਵਤਾਰ ਸਿੰਘ ਸਪੁੱਤਰ ਗੁਰਬਚਨ ਸਿੰਘ ਹਨ ਜਿਨ੍ਹਾਂ ਵਿਦਿਅਕ ਖੇਤਰ ਵਿਚ ਇਸ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ। ਉਹ ਉੱਨਤੀ ਕਰਦੇ ਹੋਏ ਬਤੌਰ ਡੀ.ਪੀ.ਈ. ਪ੍ਰਾਇਮਰੀ ਪੰਜਾਬ ਸੇਵਾਮੁਕਤ ਹੋਏ ਹਨ। ਮੇਰੇ ਸਹਿਪਾਠੀ ਹਨ। ਇਸ ਹੀ ਤਰ੍ਹਾਂ ਮਹਿਮੀ ਪਰਿਵਾਰ ਵਿਚੋਂ ਹੰਸ ਰਾਜ ਸਪੁੱਤਰ ਮੋਤੀ ਰਾਮ ਹੈ ਜੋ ਅਪ੍ਰੈਲ 2008 ਵਿਚ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਬਤੌਰ ਮੁੱਖ ਅਧਿਆਪਕ ਸੇਵਾਮੁਕਤ ਹੋਏ। ਸਮੂਹ ਸਟਾਫ ਨੇ ਵਧੀਆ ਵਿਦਾਇਗੀ ਪਾਰਟੀ ਦਿੱਤੀ। ਮਹਿਮੀ ਪਰਿਵਾਰ ਵਿਚੋਂ ਬਹੁਤ ਸਾਰੇ ਸਾਬਕਾ ਫੌਜੀ ਹਨ। ਮਾਂ-ਖੇਡ ਕਬੱਡੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕਰਨ ਵਾਲੇ ਇਸ ਹੀ ਪਿੰਡ ਦੇ ਜੰਮਪਲ ਬਲਵਿੰਦਰ ਸਿੰਘ ਕਾਕਾ ਕਾਹਰੀ ਸਾਹਰੀ ਹੈ ਜਿਸ ਨੇ ਪਿੰਡ ਦੀ ਪਛਾਣ ਅੰਤਰਰਾਸ਼ਟਰੀ ਪੱਧਰ ਤੇ ਕੀਤੀ ਹੈ। ਅੰਗਰੇਜ਼ਾਂ ਦੇ ਸਮੇਂ ਵੀ ਬਹੁਤ ਸਾਰੇ ਪਰਿਵਾਰ ਹਨ ਜਿਨ੍ਹਾਂ ਦੂਜੀ ਸੰਸਾਰ ਜੰਗ ਵਿਚ ਮੱਲਾਂ ਮਾਰੀਆਂ ਹਨ। ਇਸ ਪਿੰਡ ਬਾਰੇ ਮੈਂ ਐਨਾ ਹੀ ਬਿਆਨ ਕਰ ਸਕਦਾ ਹਾਂ।

ਸਾਹਰੀ

ਪਿੰਡ ਗਗਨੌਲੀ ਦੇ ਦੱਖਣ ਦੇ ਪਾਸੇ ਬਹੁਤ ਵੱਡਾ ਪਿੰਡ ਸਾਹਰੀ ਹੈ ਜਿਸ ਨੂੰ ਮੈਂ ਆਸੇ ਪਾਸੇ ਦੇ ਪਿੰਡਾਂ ਦੀ ਰਾਜਧਾਨੀ ਆਖਦਾ ਹਾਂ ਕਿਉਂਕਿ ਇਸ ਪਿੰਡ ਵਿੱਚੋਂ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ, ਜਿੱਥੇ ਇਸ ਪਿੰਡ ਵਿਚ ਸੰਤ ਮਹਾਂਪੁਰਸ਼ਾਂ ਦੇ ਡੇਰੇ ਹਨ ਉੱਥੇ ਇਸ ਹੀ ਪਿੰਡ ਦੀ ਲਕੀਰ ਨੂੰ ਗੂੜਾ ਕਰਨ ਵਾਲੇ ਬਾਬੂ ਹਰਨਾਮ ਸਿੰਘ ਹੋਏ ਹਨ ਜਿਨ੍ਹਾਂ ਨੇ ਗ਼ਦਰ ਲਹਿਰ ਵਾਸਤੇ ਬਹੁਤ ਕੰਮ ਕੀਤਾ। ਇਨ੍ਹਾਂ ਨੂੰ 27-7-1916 ਈ: ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ 14-11-1916 ਈ: ਨੂੰ ਮਾਂਡਲੇ ਜੇਲ੍ਹ ਵਿਚ ਆਪ ਨੇ ਸ਼ਹੀਦੀ ਪਾਈ। ਵੈਸੇ ਇਨ੍ਹਾਂ ਪਿੰਡਾਂ ਦਾ ਨਾਮ ਇਕੱਠਾ ਲਿਆ ਜਾਂਦਾ ਹੈ। ਕਾਹਰੀ-ਸਾਹਰੀ। ਚੜ੍ਹਦੇ ਪਾਸੇ ਕਾਹਰੀ ਲਹਿੰਦੇ ਪਾਸੇ ਸਾਹਰੀ ਹੈ। ਇਨ੍ਹਾਂ ਪਿੰਡਾਂ ਦੇ ਵਸਣ ਬਾਰੇ ਕਿਸੇ ਸਿਆਣੇ ਨੇ ਦੱਸਿਆ ਕਿ ਕਾਹਰੀ ਤੇ ਸਾਹਰੀ ਦੋ ਸਕੀਆਂ ਭੈਣਾਂ ਸਨ ਜਿਨ੍ਹਾਂ ਤੋਂ ਇਹ ਦੋ ਪਿੰਡ ਵਸੇ ਹੋਏ ਹਨ। ਜਿਥੇ ਇਹ ਪਿੰਡ ਮਹਾਂਪੁਰਸ਼ਾਂ ਦੇ ਡੇਰਿਆਂ ਕਰਕੇ ਪ੍ਰਸਿੱਧ ਹਨ, ਉੱਥੇ ਗ਼ਦਰੀ ਬਾਬੇ ਭਾਈ ਬਚਨ ਸਿੰਘ ਬੈਂਸ ਤੇ ਬਾਬੂ ਹਰਨਾਮ ਸਿੰਘ ਕਰਕੇ ਵੀ ਹਨ। ਇਸ ਹੀ ਤਰ੍ਹਾਂ ਮਾਂ ਖੇਡ ਕਬੱਡੀ ਨੂੰ ਦੁਨੀਆਂ ਦੇ ਨਕਸ਼ੇ 'ਤੇ ਚਮਕਾਉਣ ਵਾਲੇ ਬਲਵਿੰਦਰ ਸਿੰਘ ਕਾਕਾ ਤੇ ਉਨ੍ਹਾਂ ਦੇ ਉਸਤਾਦ ਬਲਵੀਰ ਸਿੰਘ ਵਿਹਰਾ ਹੈ। ਸਮੇਂ-ਸਮੇਂ ਤੇ ਮਹਾਨ ਵਿਅਕਤੀ ਬੁਲੰਦੀਆਂ ਛੂੰਹਦੇ ਜਾਂਦੇ ਹਨ। ਮੈਂ ਇਸ ਪਿੰਡ ਦੀਆਂ ਉਨ੍ਹਾਂ ਮਹਾਨ ਸ਼ਖਸੀਅਤਾਂ ਅੱਗੇ ਆਪਣਾ ਸਿਰ ਝੁਕਾਉਂਦੇ ਹਾਂ ਜਿਨ੍ਹਾਂ ਘੋਰ ਤਪੱਸਿਆ ਕਰਕੇ ਲੱਖਾਂ ਪ੍ਰਾਣੀਆਂ ਨੂੰ ਨਾਮ ਬਾਣੀ ਨਾਲ ਜੋੜਿਆ ਹੈ। ਇਨ੍ਹਾਂ ਮਹਾਂਪੁਰਸ਼ਾਂ ਦਾ ਮੈਂ ਵਾਰੀ-ਵਾਰੀ ਵਿਖਿਆਨ ਕਰਦਾ ਹਾਂ।

ਕਾਹਰੀ-ਸਾਹਰੀ ਦੁਆਰਕਾ ਜਗਨ ਨਾਥ ਜਮਸ਼ੇਰ
ਜਹਾਂ ਬਿਰਾਜੇ ਗੁਰੂ ਲਾਲ ਦਾਸ ਤਹਾਂ ਸੰਤਨ ਕਾ ਮੇਲ।

ਗੁਰੂ ਲਾਲ ਦਾਸ:- ਸਾਹਰੀ ਪਿੰਡ ਵਿਚ ਸਭ ਤੋਂ ਪ੍ਰਾਚੀਨ ਪੂਜਣਯੋਗ ਸਥਾਨ ਗੁਰੂ ਲਾਲ ਦਾਸ ਦਾ ਹੈ ਜਿਥੇ ਬਹੁਤ ਵੱਡਾ ਸ਼ਿਵ ਦੁਆਲਾ ਬਣਿਆ ਹੋਇਆ ਹੈ। ਇਹ ਸਥਾਨ ਕੋਈ 400 ਸਾਲ ਪੁਰਾਣਾ ਹੈ। ਇਸ ਸ਼ਿਵ ਦੁਆਲੇ ਦੀ ਉਸਾਰੀ ਹਿਮਾਚਲ ਪ੍ਰਦੇਸ਼ ਦੇ ਇਕ ਸ਼ਰਧਾਲੂ ਵਿਅਕਤੀ ਨੇ ਕਰਵਾਈ ਸੀ। ਪੁਰਾਣੇ ਸਮੇਂ ਤੋਂ ਇਥੇ ਹੋਲੇ ਮੁਹੱਲੇ ਦਾ ਤਿਉਹਾਰ ਲੱਗਦਾ ਆ ਰਿਹਾ ਹੈ। ਇਸ ਡੇਰੇ ਦੇ ਨਾਮ ਬਹੁਤ ਸਾਰੀ ਜ਼ਮੀਨ ਹੈ ਜੋ ਸ਼ਰਧਾਵਾਨ ਲੋਕਾਂ ਨੇ ਦਾਨ ਕੀਤੀ ਹੈ।

ਮੇਲੇ ਦੀ ਆਰੰਭਤਾ:- ਇਹ ਗੱਦੀ ਜਮਸ਼ੇਰ ਜਲੰਧਰ ਤੋਂ ਆਈ ਹੈ। ਇਹ ਦੱਸਿਆ ਜਾਂਦਾ ਹੈ ਕਿ ਜਦੋਂ ਗੁਰੂ ਲਾਲ ਦਾਸ ਚੋਅ ਦੇ ਕਿਨਾਰੇ ਇਕਾਂਤ ਵਿਚ ਭਗਤੀ ਕਰਦੇ ਸਨ ਤਾਂ ਪਰੀਆਂ ਆ ਕੇ ਨਾਚ ਕਰਦੀਆਂ ਸਨ। ਮੇਲੇ ਤੋਂ ਪਹਿਲਾਂ ਚਾਰ ਰਾਸਾਂ ਤੇ ਚਾਰ ਚੌਂਕੀਆਂ ਲਗਦੀਆਂ ਹਨ। ਇਨ੍ਹਾਂ ਦਿਨਾਂ ਵਿਚ ਬੱਚਿਆਂ ਦੇ ਮਨਾਂ ਵਿਚ ਬਹੁਤ ਖ਼ੁਸ਼ੀ ਹੁੰਦੀ ਹੈ। ਪਹਿਲਾਂ ਹੀ ਇਕ ਦੂਜੇ ਨੂੰ ਦੱਸ ਦੇਣਾ ਕਿਹੜੀ ਪਾਰਟੀ ਆਈ ਹੈ। ਪਿੰਡ ਦੁਆਰਾ ਹਰ ਸਾਲ ਪਾਰਟੀਆਂ ਬਦਲ ਕੇ ਸੱਦੀਆਂ ਜਾਂਦੀਆਂ ਹਨ ਪਰ ਰਾਸ ਡਰਾਮੇ ਵਾਸਤੇ ਮਸ਼ਹੂਰ ਪਾਰਟੀ ਪੰਡਤ ਮੋਹਨ ਲਾਲ ਤਲਵੰਡੀ ਸੱਲਾਂ, ਜ਼ਿਲ੍ਹਾ ਹੁਸ਼ਿਆਰਪੁਰ ਦੀ ਹੈ। ਜਿਸ ਦੀ ਐਨੀ ਉੱਚੀ ਆਵਾਜ਼ ਹੁੰਦੀ ਸੀ ਕਿ ਕਿਸੇ ਸਪੀਕਰ ਦੀ ਲੋੜ ਨਹੀਂ ਪੈਂਦੀ ਸੀ। ਜਦੋਂ ਉਹ ਡਰਾਮਾ ਕਰਦਾ ਸੀ ਸਾਰੀ ਸੰਗਤ ਨੂੰ ਸ਼ਾਂਤ-ਚਿੱਤ ਕਰ ਦਿੰਦਾ ਸੀ। ਉਹ ਲੰਬੀ ਉਮਰ ਭੋਗ ਕੇ ਪੂਰਾ ਹੋਇਆਂ ਹੈ। ਉਸਦੇ ਡਰਾਮਿਆਂ ਵਿਚ ਰਾਜਾ ਮਾਨ ਧਾਤਾ, ਰਾਜਾ ਹਰੀ ਚੰਦਰ, ਪੂਰਨ ਭਗਤ ਤੇ ਵੀਰ ਹਕੀਕਤ ਰਾਏ ਆਦਿ ਸਨ।

ਮੇਲੇ ਦਾ ਦ੍ਰਿਸ਼:- ਹੋਲੀ ਵਾਲੇ ਦਿਨ ਪਿੰਡ ਪੰਚਾਇਤ ਤੇ ਹੋਰ ਸੰਗਤਾਂ ਜੋ ਵੀ ਮਹੰਤ-ਮਹਾਤਮਾ ਗੱਦੀ ਨਸ਼ੀਨ ਹੋਵੇ ਉਸ ਨੂੰ ਪਾਲਕੀ ਵਿਚ ਬਿਠਾ ਕੇ ਬੈਂਡ ਬਾਜ਼ਿਆਂ ਨਾਲ ਪਿੰਡ ਦੀ ਪਰਕਰਮਾ ਕਰਦੇ ਹਨ। ਰੰਗ-ਬਰੰਗੇ ਰੰਗ ਸੁੱਟਦੇ ਹਨ। ਇਹ ਦ੍ਰਿਸ਼ ਬਹੁਤ ਦੇਖਣਯੋਗ ਹੁੰਦਾ ਹੈ। ਗੁਰੂ ਲਾਲ ਦਾਸ ਤੋਂ ਮਗਰੋਂ ਕਈ ਮਹੰਤ ਇਸ ਗੱਦੀ 'ਤੇ ਬਿਰਾਜਮਾਨ ਹੋਏ ਜਿਵੇਂ ਬੰਸੀ ਦਾਸ, ਹੀਰਾ ਦਾਸ, ਮਹੰਤ ਮਹਾਵੀਰ ਪ੍ਰਸਾਦ ਪਰ ਹੁਣ ਮੌਜੂਦਾ ਗੱਦੀ ਤੇ ਮਹੰਤ ਜੈ ਰਾਮ ਜੀ ਦਾਸ ਹਨ।

ਖੇਡ ਮੇਲਾ:- ਪਿੰਡ ਪੰਚਾਇਤ ਨੇ ਤਕਰੀਬਨ ਪਿਛਲੇ 30 ਸਾਲਾਂ ਤੋਂ ਹੋਲੇ ਤੋਂ ਥੋੜ੍ਹੇ ਦਿਨ ਪਹਿਲਾਂ ਖੇਡ ਮੇਲਾ ਕਰਵਾਉਣਾ ਸ਼ੁਰੂ ਕੀਤਾ। ਜਿਸ ਵਿਚ ਕਬੱਡੀ ਦੇ ਮੈਚ ਤੇ ਮੇਲੇ ਨੂੰ ਚਾਰ ਚੰਨ ਲਾਉਣ ਲਈ ਬੈਲ ਗੱਡੀਆਂ ਦੀਆਂ ਦੌੜਾਂ ਕਰਾਉਣੀਆਂ ਸ਼ੁਰੂ ਕੀਤੀਆਂ। ਇਨ੍ਹਾਂ ਖੇਡਾਂ ਨਾਲ ਮੇਲਾ ਬਹੁਤ ਭਰਨ ਲੱਗਾ। ਦੂਰੋਂ-ਦੂਰੋਂ ਲੋਕ ਮੇਲੇ ਵਿਚ ਆਉਂਦੇ ਸਨ। ਸਾਹਰੀ ਪਿੰਡ ਦੇ ਚਾਰੇ ਪਾਸਿਉਂ ਤੋਂ ਸੜਕਾਂ ਲੋਕਾਂ ਨਾਲ ਭਰੀਆਂ ਹੁੰਦੀਆਂ ਹਨ। ਖ਼ਾਸ ਦ੍ਰਿਸ਼ ਬੈਲ ਗੱਡੀਆਂ ਦੀਆਂ ਦੌੜਾਂ ਦਾ ਹੁੰਦਾ ਸੀ। ਹੋਲੇ ਦੇ ਅੰਤਮ ਦਿਨ ਕਿਸੇ ਰਾਜਨੀਤਕ ਲੀਡਰ ਨੂੰ ਬੁਲਾਇਆ ਜਾਂਦਾ ਹੈ। ਇਸ ਦੇ ਨਾਲ ਲੋਕਾਂ ਦੇ ਮਨੋਰੰਜਨ ਲਈ ਪ੍ਰਸਿੱਧ ਲੋਕ ਗਾਇਕ ਨੂੰ ਵੀ ਸੱਦਿਆ ਜਾਂਦਾ ਹੈ। ਮੇਲੇ ਵਿਚ ਖਾਣ ਪੀਣ ਦੀਆਂ ਦੁਕਾਨਾਂ, ਬੱਚਿਆਂ ਲਈ ਝੂਲੇ ਤੇ ਹੋਰ ਖਰੀਦੋ ਫਰੋਖਤ ਦੀਆਂ ਦੁਕਾਨਾਂ ਵੀ ਲੱਗਦੀਆਂ ਹਨ।

ਕਾਲੇ ਦਿਨ:- ਪੰਜਾਬ ਵਿਚ ਜਦੋਂ ਅੱਤਵਾਦ ਦੀ ਲਹਿਰ ਚੱਲ ਰਹੀ ਸੀ ਤਾਂ 4-3-1988 ਦੀ ਰਾਤ ਨੂੰ ਭਿਅੰਕਰ ਗੋਲੀਬਾਰੀ ਹੋਈ, ਜਿਸ ਵਿਚ ਕਰੀਬ 45 ਵਿਅਕਤੀ ਮਾਰੇ ਗਏ। ਡਰਦੇ ਮਾਰੇ ਬਹੁਤੇ ਲੋਕ ਖੂਹ ਵਿਚ ਡਿੱਗ ਗਏ। ਕਈਆਂ ਨੇ ਕੋਠਿਆਂ ਤੋਂ ਛਾਲਾਂ ਮਾਰ ਦਿੱਤੀਆਂ। ਸਾਰਾ ਡੇਰਾ ਲਾਸ਼ਾਂ ਨਾਲ ਭਰ ਗਿਆ, ਜਿਸ ਨੂੰ ਅਸੀਂ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਆਖ ਸਕਦੇ ਹਾਂ। ਕਈ ਜ਼ਖ਼ਮੀ ਹੋਏ ਲੋਕ ਰਸਤੇ ਵਿਚ ਡਿੱਗ ਗਏ। ਰਾਤੋਂ ਰਾਤ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਦਿਨ ਚੜ੍ਹਦੇ ਹੀ

ਲੋਕ ਆਪੋ ਆਪਣਿਆਂ ਰਿਸ਼ਤੇਦਾਰਾਂ ਦੀ ਖ਼ਬਰ ਸਾਰ ਲੈਣ ਲਈ ਸਾਹਰੀ ਪਿੰਡ ਪਹੁੰਚੇ। ਸੜਕਾਂ ਵਿਚ ਐਨੀ ਭੀੜ ਸੀ ਕਿ ਸੜਕ ਪਾਰ ਕਰਨੀ ਮੁਸ਼ਕਿਲ ਸੀ। ਇਸ ਤੋਂ ਮਗਰੋਂ ਸਰਕਾਰ ਨੇ ਸੀ.ਆਰ.ਪੀ.ਐਫ. ਦੀ ਚੌਂਕੀ ਡੇਰੇ ਵਿਚ ਸਥਾਪਤ ਕਰ ਦਿੱਤੀ। ਜਦੋਂ ਪੰਜਾਬ ਵਿਚ ਸ਼ਾਂਤੀ ਹੋਈ ਤਾਂ ਚੌਂਕੀ ਚੱਕ ਹੋ ਗਈ।

ਡੇਰਾ ਬਾਬਾ ਮਾਹਨ ਦਾਸ

"ਸਭ ਤੋਂ ਉੱਚਾ ਦਿਸਦਾ ਹੈ ਦਰਬਾਰ ਸਾਧੂਆਂ ਦਾ
ਹੁੰਦਾ ਅਤੇ ਹੁੰਦਾ ਰਹੇਗਾ ਸਤਿਕਾਰ ਸਾਧੂਆਂ ਦਾ।"

ਪੰਜਾਬ ਦੀ ਧਰਤੀ 'ਤੇ ਅਨੇਕਾਂ ਗੁਰੂਆਂ, ਪੀਰਾਂ-ਫਕੀਰਾਂ ਤੇ ਸੰਤ ਮਹਾਂਪੁਰਸ਼ਾਂ ਨੇ ਜਨਮ ਲਿਆ ਹੈ ਜਿਨ੍ਹਾਂ ਨੇ ਨਾ ਸਿਰਫ ਆਪ ਨਾਂਮ ਜੱਪਿਆ ਹੈ ਸਗੋਂ ਹੋਰ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਹੈ। ਇਸ ਹੀ ਤਰ੍ਹਾਂ ਦੀ ਇਕ ਮਹਾਨ ਸਖਸ਼ੀਅਤ 108 ਸੰਤ ਬਾਬਾ ਮਾਹਨ ਦਾਸ ਜੀ ਹਨ ਜਿਨ੍ਹਾਂ ਦਾ ਜਨਮ ਸੇਠ ਲੇਖ ਰਾਜ ਦੇ ਘਰ ਪਿੰਡ ਧਾਰਨੀਆਂ, ਡਾਕਖਾਨਾ ਬੜੋਪਾਲ, ਤਹਿਸੀਲ ਤੇ ਜ਼ਿਲ੍ਹਾ ਫਤਿਆਬਾਦ ਹਰਿਆਣਾ ਪ੍ਰਾਂਤ ਵਿਖੇ ਹੋਇਆ। ਆਪ ਦਾ ਬਚਪਨ ਦਾ ਨਾਮ ਹੇਮ ਰਾਜ ਸੀ। ਅਸੀਂ ਸੁਣਿਆ ਸੀ ਕਿ ਬਾਬਾ ਮਾਹਨ ਦਾਸ ਰਾਜਸਥਾਨ ਦੇ ਸ਼ਹਿਰ ਰਿਣੀ ਤੋਂ ਆਏ ਹਨ। ਆਪ ਪੰਜਾਬ ਦੇ ਅਨੇਕਾਂ ਪਿੰਡਾਂ ਵਿਚੋਂ ਹੁੰਦੇ ਹੋਏ ਪਿੰਡ ਸਾਹਰੀ ਵਿਖੇ ਪਹੁੰਚੇ ਜਿਥੇ ਆਪ ਨੇ ਆਪਣਾ ਰਹਿੰਦਾ ਸਮਾਂ ਨਾਮ ਭਗਤੀ ਵਿਚ ਰਹਿ ਕੇ ਗੁਜ਼ਾਰਿਆ। ਬਾਬਾ ਮਾਹਨ ਦਾਸ ਜੀ ਨੇ ਆਪਣੀ ਭਗਤੀ ਸਦਕਾ ਪਹਿਲਾ ਹੀ ਦੱਸ ਦਿੱਤਾ ਸੀ ਕਿ ਅੱਗ ਦੇ ਗੋਲੇ ਵਰਸਣਗੇ ਪਰ ਪਿੰਡ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਠੀਕ ਇਸ ਹੀ ਤਰ੍ਹਾਂ ਹੋਇਆ ਜਦੋਂ ਸਤੰਬਰ 1965 ਈ: ਵਿਚ ਪਾਕਿਸਤਾਨ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਉਸ ਨੇ ਪੰਜਾਬ ਦੇ ਕਈ ਥਾਵਾਂ 'ਤੇ ਬੰਬ ਵਰਸਾਏ। ਇਹ ਬੰਬ ਪਿੰਡ ਸਾਹਰੀ ਦੇ ਟਿੱਬਿਆਂ ਤੇ ਕਿਸਾਨ ਦੀ ਹਵੇਲੀ ਤੇ ਪਿੰਡ ਹੁਸੈਨਪੁਰ ਦੇ ਸ਼ਾਮ ਸਿੰਘ ਦੇ ਖੂਹ 'ਤੇ ਸੁੱਟੇ ਗਏ। ਸਾਹਰੀ ਡਿੱਗੇ ਬੰਬ ਚੱਲੇ ਨਹੀਂ ਉਸ ਦੇ ਦੁਆਲੇ ਰੇਤਾਂ ਦੀਆਂ ਬੋਰੀਆਂ ਲਗਾ ਦਿੱਤੀਆਂ ਗਈਆਂ। ਭਾਰਤੀ ਫੌਜ ਨੇ ਮਗਰੋਂ ਰਿਮੋਟ ਕੰਟਰੋਲ ਨਾਲ ਇਨ੍ਹਾਂ ਨੂੰ ਚਲਾਇਆ। ਇਨ੍ਹਾਂ ਦੇ ਮੂੰਹ ਹੇਠਾਂ ਨੂੰ ਕਰ ਦਿੱਤੇ ਗਏ। ਜਦੋਂ ਇਹ ਬੰਬ ਚਲਾਏ ਸਨ ਤਾਂ ਸਾਰੇ ਰਾਹਗੀਰਾਂ ਨੂੰ ਦੱਸ ਦਿੱਤਾ ਗਿਆ ਸੀ। ਬੰਬ ਚੱਲਣ ਵਾਲੀ ਥਾਂ ਤੇ ਖੂਹ ਸਮਾਨ ਟੋਏ ਪੁੱਟੇ ਗਏ। ਅਸੀਂ ਛੋਟੇ ਹੁੰਦਿਆਂ ਇਹ ਥਾਂ ਦੇਖੇ ਹਨ। ਜੋ ਬੰਬ ਹੁਸੈਨਪੁਰ ਡਿਗਿਆ ਉਸ ਨਾਲ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਫ਼ਸਲਾਂ ਹੋਣ ਕਰਕੇ ਆਸੇ ਪਾਸੇ ਦਾ ਬਚਾਅ ਹੋ ਗਿਆ। ਸ਼ਾਮ ਸਿੰਘ ਦਾ ਖੂਹ, ਦਰੱਖਤ ਤੇ ਫ਼ਸਲ ਸਾਰੀ ਤਬਾਹ ਹੋ ਗਈ। ਇਸ ਘਟਨਾ ਨੂੰ ਵੇਖਣ ਲਈ ਵੀ ਹੁਸ਼ਿਆਰਪੁਰ ਤੋਂ ਬਹੁਤ ਸਾਰੇ ਲੋਕ ਆਏ ਸਨ।

ਮੇਲੇ ਦਾ ਆਰੰਭ:- ਬਾਬਾ ਮਾਹਨ ਦਾਸ ਦੇ ਸਮੇਂ ਤੋਂ 16 ਭਾਦੋਂ ਨੂੰ ਮੇਲਾ ਲੱਗਦਾ ਆ ਰਿਹਾ ਹੈ। 16 ਭਾਦੋਂ ਵਾਲੇ ਦਿਨ ਆਪ ਦਾ ਜਨਮ ਹੋਇਆ ਸੀ। ਜਦੋਂ ਆਪ ਨੇ

ਸਾਹਰੀ ਪਿੰਡ ਆ ਕੇ ਡੇਰਾ ਲਾਇਆ ਤਾਂ ਇਹ ਥਾਂ ਵੀ ਇਕਾਂਤ ਵਿਚ ਸੀ। ਭਰ ਬਰਸਾਤਾਂ ਵਿਚ ਆਪ ਦਾ ਮੇਲਾ ਲੱਗਦਾ ਹੈ। ਬਾਬਾ ਜੀ ਦੇ ਮੇਲੇ ਵਾਲੇ ਦਿਨ ਤੇ ਨਿਸ਼ਾਨ ਸਾਹਿਬ ਨੂੰ ਚੜ੍ਹਾਉਣ ਸਮੇਂ ਹਮੇਸ਼ਾ ਮੀਂਹ ਪੈਂਦਾ ਸੀ। ਪਰ ਹੁਣ ਬਾਰਸ਼ਾਂ ਬਹੁਤ ਘੱਟ ਹੁੰਦੀਆਂ ਹਨ। ਬਾਬਾ ਮਾਹਨ ਦਾਸ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਇਹ ਗੱਦੀ ਆਪਣੇ ਚਰਨ ਸੇਵਕ ਬਾਬਾ ਗੁਰਦਾਸ ਦਾਸ ਨੂੰ ਦਿੱਤੀ ਹੈ।

ਬਾਬਾ ਗੁਰਦਾਸ ਜੀ ਨੇ ਹੱਥੀਂ ਕਿਰਤ ਕਰ੍ਹਕੇ ਡੇਰੇ ਵਿਚ ਭਵਨ ਉਸਾਰੀ ਕੀਤੀ। ਇਸ ਵਿਚ ਆਪਣੇ ਗੁਰੂ ਬਾਬਾ ਮਾਹਨ ਦਾਸ ਜੀ ਦੀ ਮੂਰਤੀ ਸਥਾਪਤ ਕੀਤੀ। ਇਨ੍ਹਾਂ ਤੋਂ ਅਗਲੇ ਇਨ੍ਹਾਂ ਦੇ ਚਰਨ ਸੇਵਕ 108 ਸੰਤ ਬਾਬਾ ਸੰਤੋਖ ਦਾਸ ਜੀ ਹੋਏ ਹਨ ਜਿਨ੍ਹਾਂ ਮੈਨੂੰ ਦੱਸਿਆ ਕਿ ਕਾਕਾ ਮੈਂ ਆਪ ਘਾਹ ਖੋਤ ਕੇ ਪਸ਼ੂਆਂ ਨੂੰ ਪਾਉਂਦਾ ਰਿਹਾ ਹਾਂ, ਜਿਸ ਦਿਨ ਮੰਦਰ ਦੀ ਉਸਾਰੀ ਚੱਲਦੀ ਸੀ ਤਾਂ ਅੰਬਾਂ ਦੀ ਮਲਾਂਜੀ ਨਾਲ ਜਾਂ ਅੰਬਾਂ ਦੀ ਚਟਨੀ ਨਾਲ ਰੋਟੀ ਖਾਂਦਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਮੈਂ ਤੰਦੂਰ ਤੇ ਆਪ ਰੋਟੀਆਂ ਲਗਾਉਂਦਾ ਸੀ। ਉਨ੍ਹਾਂ ਆਪਣੇ ਬਚਪਨ ਦੀਆਂ ਬਹੁਤ ਸਾਰੀਆਂ ਗੱਲਾਂ ਦੱਸੀਆਂ। ਉਨ੍ਹਾਂ ਕਿਹਾ ਕਿ ਜਿਸ ਦਿਨ ਮੈਂ ਬਾਬਾ ਗੁਰਦਾਸ ਜੀ ਦਾ ਚਰਨ ਸੇਵਕ ਬਣਿਆ ਤਾਂ ਮੇਰਾ ਸਿਰ ਮੁੰਨ ਦਿੱਤਾ ਤੇ ਕਿਹਾ ਲੈ ਤੈਨੂੰ ਦਰ-ਦਰ ਭੀਖ ਮੰਗਣ ਵਾਲਾ ਬਣਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮੈਂ ਉਨ੍ਹਾਂ ਦੇ ਸਮੇਂ ਅੰਮ੍ਰਿਤ ਵੇਲੇ ਗਜ਼ਾ ਕਰਕੇ ਆਉਂਦਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਮੈਂ ਇਕ ਦਿਨ ਪੰਜਾਬੀ ਕੈਦਾ ਲੈ ਕੇ ਕਿਸੇ ਪਾਸੋਂ ਪੈਂਤੀ ਪੜ੍ਹ ਰਿਹਾ ਸੀ। ਜਦੋਂ ਉਹ ਆਏ ਤਾਂ ਮੈਂ ਕੈਦਾ ਬੰਦ ਕਰ ਲਿਆ। ਮੇਰੇ ਗੁਰੂ ਨੇ ਕਿਹਾ ਤੈਨੂੰ ਪੜ੍ਹਨ ਦੀ ਕੋਈ ਲੋੜ ਨਹੀਂ ਹੈ ਤੇਰੇ ਦਰਬਾਰ ਵਿਚ ਬਹੁਤ ਸਾਰੇ ਪੜ੍ਹੇ ਲਿਖੇ ਹੋਣਗੇ। ਉਸ ਦਿਨ ਤੋਂ ਮੈਂ ਕੈਦੇ ਨੂੰ ਹੱਥ ਨਹੀਂ ਲਾਇਆ। ਡੇਰੇ ਦੇ ਬਾਹਰਲੇ ਪਾਸੇ ਥੋਰਾਂ ਦੀ ਬਾੜ ਸੀ ਚਾਰ ਦੀਵਾਰੀ ਨਹੀਂ ਸੀ। ਬਾਬਾ ਸੰਤੋਖ ਦਾਸ ਨੂੰ ਮੈਂ ਆਪ ਡੇਰੇ ਦੇ ਵਿਚ ਪਾਣੀ ਲਗਾਉਂਦੇ ਤੇ ਮਸ਼ੀਨ ਨਾਲ ਪੱਠੇ ਕੁਤਰਦੇ ਦੇਖਿਆ ਹੈ। ਅੱਜ ਮਹਾਤਮਾ ਕਾਰਾਂ, ਜੀਪਾਂ 'ਤੇ ਜਾਂਦੇ ਹਨ। ਆਪ ਤੁਰ ਕੇ ਹੀ ਨਸਰਾਲੇ ਰੇਲਵੇ ਸਟੇਸ਼ਨ ਨੂੰ ਜਾਂਦੇ ਸਨ।

ਆਲੀਸ਼ਾਨ ਹਾਲ:- ਬਾਬਾ ਸੰਤੋਖ ਦਾਸ ਨੇ ਆਪ ਕਿਰਸ ਕਰਕੇ ਦੋ ਮੰਜ਼ਲਾਂ ਆਲੀਸ਼ਾਨ ਦਰਬਾਰ ਹਾਲ ਬਣਾਇਆ ਹੈ। ਜਿਸ ਦੀ ਚੌਥੀ ਮੰਜ਼ਲ 'ਤੇ ਸ਼ਾਨਦਾਰ ਗੁਮਟ ਬਣਾਇਆ ਹੈ। ਹੇਠਲੇ ਹਾਲ ਵਿਚ ਗੁਰੂ ਦੇ ਅਟੁੱਟ ਲੰਗਰ ਚੱਲਦੇ ਹਨ। ਦੂਜੀ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਮੇਲੇ ਵਾਲ਼ੇ ਦਿਨ ਹਜ਼ਾਰਾਂ ਸੰਗਤਾਂ ਦੇ ਬੈਠਣ ਦਾ ਪ੍ਰਬੰਧ ਹੈ।

ਚੈਰੀਟੇਬਲ ਹਸਪਤਾਲ:- ਬਾਬਾ ਸੰਤੋਖ ਦਾਸ ਜੀ ਨੇ ਪਿੰਡ ਦੇ ਉੱਤਰ ਦੇ ਪਾਸੇ ਜ਼ਮੀਨ ਮੁੱਲ ਲੈ ਕੇ ਬਾਬਾ ਮਾਹਨ ਦਾਸ ਚੈਰੀਟੇਬਲ ਹਸਪਤਾਲ ਬਣਾਇਆ ਹੈ ਜੋ ਤਿੰਨ ਮੰਜ਼ਿਲਾਂ ਹੈ। ਇਸ ਵਿਚ ਹੁਣ ਲੜਕੀਆਂ ਦਾ ਨਰਸਿੰਗ ਦਾ ਕੋਰਸ ਚੱਲ ਰਿਹਾ ਹੈ।

ਸੂਰਜਿ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਜੋਤੀ ਜੋਤ ਸਮਾਉਣਾ:- ਬਾਬਾ ਸੰਤੋਖ ਦਾਸ ਜੀ ਲੰਬੀ ਉਮਰ ਭੋਗ ਕੇ 15-2-1993 ਜੋਤੀ ਜੋਤ ਸਮਾਏ ਸਨ। ਜਿਸ ਦਿਨ ਆਪ ਦੀਆਂ ਅਸਤੀਆਂ ਚੁਗੀਆਂ ਜਾਣੀਆਂ ਸਨ ਮੈਂ ਵੀ ਜਲਦੀ ਪਹੁੰਚ ਗਿਆ ਸੀ। ਬਾਬਾ ਸੇਵਾ ਦਾਸ ਤੇ ਹੋਰ ਸੇਵਕਾਂ ਨੇ ਅਸਤੀਆਂ ਨੂੰ ਚੁੱਗ ਕੇ ਕੱਚੀ ਲੱਸੀ ਨਾਲ ਧੋ ਕੇ ਇਕ ਕਲਸ ਵਿਚ ਪਾ ਲਈਆਂ ਜਿਨ੍ਹਾਂ ਨੂੰ ਮਗਰੋਂ ਹਰਿਦੁਆਰ ਜਾ ਕੇ ਗੰਗਾ ਵ੍ਰਿਚ ਜਲ ਪ੍ਰਵਾਹ ਕੀਤਾ।

ਸ਼ਰਧਾਂਜਲੀ ਸਮਾਗਮ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਾਣੀ ਦੇ ਭੋਗ ਪੈਣ ਉਪਰੰਤ ਪਗੜੀ ਦੀ ਰਸਮ ਸ਼ੁਰੂ ਹੋਈ। ਉਸ ਸਮੇਂ ਪਿੰਡ ਸਾਹਰੀ ਦੇ ਸਰਪੰਚ ਨਰਿੰਦਰ ਕੁਮਾਰ ਉਰਫ਼ ਗੁਣੀ ਸਪੁੱਤਰ ਪ੍ਰਕਾਸ਼ ਚੰਦ ਸਨ, ਜਿਨ੍ਹਾਂ ਬਾਬਾ ਜੀ ਵਾਸਤੇ ਪੱਗੜੀ ਲਿਆਂਦੀ ਹੋਈ ਸੀ। ਬਾਬਾ ਸੇਵਾ ਦਾਸ ਜੀ ਉੱਠੇ ਤੇ ਕਿਹਾ, "ਇਹ ਦਿਨ ਮੇਰੇ ਵਾਸਤੇ ਖੁਸ਼ੀ ਵਾਲਾ ਨਹੀਂ ਹੈ। ਮੇਰੇ ਗੁਰਦੇਵ ਸੁਆਮੀ ਪਹਿਲਾਂ ਹੀ ਮੇਰੇ ਲਈ ਸਾਰੇ ਪ੍ਰਬੰਧ ਕਰ ਗਏ ਹਨ।" ਉਹ ਨਾਲੇ ਪਗੜੀ ਬੰਨ੍ਹ ਰਹੇ ਸਨ ਨਾਲੇ ਰੋ ਰਹੇ ਸਨ। ਫਿਰ ਉਨ੍ਹਾਂ ਆਪ ਸੰਤ ਹਰੀਦਾਸ ਜੀ ਦੇ ਸਿਰ 'ਤੇ ਪੱਗੜੀ ਬੰਨ੍ਹੀ ਜਿਨ੍ਹਾਂ 15 ਸਾਲ ਡੇਰੇ ਦੀਆਂ ਗਾਵਾਂ ਦੀ ਸੇਵਾ ਕੀਤੀ ਤੇ ਅੰਮ੍ਰਿਤ ਵੇਲੇ ਗਜਾ- ਮੰਗ ਕੇ ਲੈ ਕਰ ਆਉਣਾ। ਇਸ ਤੋਂ ਮਗਰੋਂ ਲੰਗਰ ਸ਼ੁਰੂ ਹੋ ਗਿਆ। ਬਾਬਾ ਸੇਵਾ ਦਾਸ ਜੀ ਆਪ ਸੰਗਤਾਂ ਨੂੰ ਲੰਗਰ ਵਰਤਾਉਂਦੇ ਸਨ। ਇਹ ਸੀ ਸ਼ਰਧਾਂਜਲੀ ਸਮਾਰੋਹ ਦਾ ਅੱਖੀ ਡਿੱਠਾ ਹਾਲ।

ਨਰਸਿੰਗ ਇੰਸਟੀਚਿਊਟ:- ਬਾਬਾ ਸੇਵਾ ਦਾਸ ਜੀ ਮਹਾਰਾਜ ਨੇ ਬਣੇ ਬਾਬਾ ਮਾਹਨ ਦਾਸ ਚੈਰੀਟੇਬਲ ਹਸਪਤਾਲ ਵਿਚ ਇਲਾਕੇ ਦੀਆਂ ਲੜਕੀਆਂ ਵਾਸਤੇ ਨਰਸਿੰਗ ਇੰਸਟੀਚਿਊਟ ਦੀ ਸਥਾਪਨਾ ਕੀਤੀ। 40 ਸੀਟਾਂ ਵਾਲਾ ਇਹ ਇੰਸਟੀਚਿਊਟ ਇੰਡੀਅਨ ਕੌਂਸਲ ਤੇ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ। ਇਸ ਦਾ ਉਦਘਾਟਨ ਬਾਬਾ ਸੇਵਾ ਦਾਸ ਜੀ ਨੇ 30-8-2005 ਨੂੰ ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਸ. ਸ਼ਮਸ਼ੇਰ ਸਿੰਘ ਦੂਲੋਂ ਤੋਂ ਕਰਵਾਇਆ। ਇਸ ਸਮਾਗਮ ਵਿਚ ਵਿਧਾਇਕ ਲਵ ਕੁਮਾਰ ਗੋਲਡੀ, ਆਲ ਇੰਡੀਆ ਸਫਾਈ ਸੇਵਕ ਦੀ ਚੇਅਰਮੈਨ ਸੰਤੋਸ਼ ਚੌਧਰੀ, ਗਜ਼ਟਿਡ ਤੇ ਨਾਨ ਗਜ਼ਟਿਡ ਐਸ.ਸੀ. ਬੀ.ਸੀ. ਜਥੇਬੰਦੀ ਪੰਜਾਬ ਦੇ ਪ੍ਰਧਾਨ ਸ. ਜਸਵੀਰ ਸਿੰਘ ਜੀ ਪਾਲ, ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਗੁਰਦਿਆਲ ਸਿੰਘ ਫੁੱਲ, ਪ੍ਰਿੰ. ਚਮਨ ਲਾਲ, ਪ੍ਰਿੰ. ਸ਼ਿਵ ਸਿੰਘ ਤੇ ਜ਼ਿਲ੍ਹਾ ਖਜ਼ਾਨਚੀ ਸ੍ਰੀ ਬਲਰਾਜ ਕੁਮਾਰ ਜੀ ਆਦਿ ਹਾਜ਼ਰ ਸਨ। ਹਸਪਤਾਲ ਦੇ ਵਿਹੜੇ ਵਿਚ ਜੁੜੇ ਇਕੱਠ ਵਿਚ ਬਾਬਾ ਜੀ ਨੇ ਅੱਧਾ ਘੰਟਾ ਆਪਣੇ ਖੁੱਲ੍ਹ ਕੇ ਵਿਚਾਰ ਪ੍ਰਗਟ ਕੀਤੇ। 31-8-2005 ਨੂੰ ਸਾਲਾਨਾ ਜੋੜ ਮੇਲਾ ਸੀ। ਇਸ ਸਬੰਧੀ ਡੇਰੇ ਦੀ ਸਟੇਜ ਇਨ੍ਹਾਂ ਸਤਰਾਂ ਦੇ ਲੇਖਕ ਕੋਲ ਸੀ। ਬਾਬਾ ਸੇਵਾ ਦਾਸ ਜੀ ਨੇ ਆਪਣੇ ਜਿਊਂਦੇ ਜੀਅ ਦੇਸ਼ਾਂ-ਵਿਦੇਸਾਂ ਵਿਚ ਗੁਰਸਿੱਖੀ ਦਾ ਪ੍ਰਚਾਰ ਕੀਤਾ। ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਜਦੋਂ ਬਾਬਾ ਸੇਵਾ ਦਾਸ ਜੀ ਗੁਰਬਾਣੀ ਦਾ ਮਨੋਹਰ ਕੀਰਤਨ ਕਰਦੇ ਸਨ ਤਾਂ ਸੰਗਤਾਂ ਸ਼ਾਂਤ ਚਿੱਤ ਹੋ ਕੇ ਉਨ੍ਹਾਂ ਦੇ ਪ੍ਰਵਚਨਾਂ ਨੂੰ ਸੁਣਦੀਆਂ ਸਨ। ਬਾਬਾ ਸੇਵਾ ਦਾਸ ਜੀ ਨੇ ਵੀ ਆਪਣੇ ਬਚਪਨ ਤੋਂ ਲੈ ਕੇ ਅੰਤ ਤੱਕ ਡੇਰੇ ਦੇ

ਵਿਕਾਸ ਵਿਚ ਬਹੁਤ ਯੋਗਦਾਨ ਪਾਇਆ ਹੈ।

ਗੁਰਮੁਖਿ ਜਨਮੁ ਸਵਾਰਿ ਦਰਗਾਹ ਚਲਿਆ॥
ਸਚੀ ਦਰਗਾਹ ਜਾਇ ਸਚਾ ਪਿੜ ਮਲਿਆ॥

ਜੋਤੀ ਜੋਤ ਸਮਾਉਣਾ:- ਪਹਿਲੀ ਦਸੰਬਰ 2010 ਨੂੰ ਬਾਬਾ ਸੇਵਾ ਦਾਸ ਜੀ ਨੂੰ ਅਕਾਲ ਪੁਰਖ ਦਾ ਸੰਦੇਸ਼ ਆ ਗਿਆ ਕਿ ਤੁਹਾਡੀ ਸੁਆਸਾਂ ਦੀ ਪੂੰਜੀ ਪੂਰੀ ਹੋ ਗਈ ਹੈ। ਅੰਮ੍ਰਿਤ ਵੇਲੇ ਦਿਲ ਦਾ ਦੌਰਾ ਪੈਣ ਨਾਲ ਆਪ ਅੰਮ੍ਰਿਤ ਵੇਲੇ 5.30 ਮਿੰਟ ਤੇ ਬ੍ਰਹਮਲੀਨ ਹੋ ਗਏ। ਬਾਬਾ ਜੀ ਦਾ ਸਸਕਾਰ 3-12-2010 ਨੂੰ ਡੇਰੇ ਦੇ ਵਿਚ ਉਨ੍ਹਾਂ ਦੇ ਗੁਰੂ 108 ਸੰਤੋਖ ਦਾਸ ਦੇ ਕੋਲ ਕੀਤਾ ਗਿਆ। ਸਸਕਾਰ ਤੋਂ ਪਹਿਲਾਂ ਆਪ ਦੇ ਪੰਜ ਭੂਤਕ ਸਰੀਰ ਨੂੰ ਫੁੱਲਾਂ ਲੱਦੀ ਬੱਸ ਵਿਚ ਸਜਾਇਆ ਗਿਆ। ਸਾਰੀਆਂ ਸੰਗਤਾਂ ਆਪ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੀਆਂ ਸਨ। ਇਸ ਬੱਸ ਨੇ ਸਾਰੇ ਪਿੰਡ ਦੀ ਪਰਕਰਮਾ ਵੀ ਕੀਤੀ। ਪੁਲਿਸ ਦਾ ਖ਼ਾਸ ਪ੍ਰਬੰਧ ਸੀ। ਦੇਸ਼ਾਂ ਵਿਦੇਸ਼ਾਂ 'ਚੋਂ ਸੰਗਤਾਂ ਆਪ ਜੀ ਦੇ ਸਸਕਾਰ 'ਤੇ ਪੁੱਜੀਆਂ ਹੋਈਆਂ ਸਨ। ਡੇਰੇ ਦੇ ਅੰਦਰ ਸੰਗਤ ਦੀ ਬਹੁਤ ਭੀੜ ਸੀ। ਮੋਢੇ ਨਾਲ ਮੋਢਾ ਖਹਿੰਦਾ ਸੀ। ਉਸ ਸਥਾਨ 'ਤੇ ਹੀ ਆਪ ਦੀ ਸਮਾਧ ਬਣਾ ਦਿੱਤੀ ਗਈ ਹੈ।

ਸ਼ਰਧਾਂਜਲੀ ਸਮਾਗਮ:- ਬਾਬਾ ਸੇਵਾ ਦਾਸ ਜੀ ਦਾ ਸ਼ਰਧਾਂਜਲੀ ਸਮਾਗਮ 12-12-2010 ਨੂੰ ਹੋਇਆ ਬਹੁਤ ਸਾਰੇ ਸਾਧੂ ਉਸ ਦਿਨ ਆਏ ਹੋਏ ਸਨ। ਇਸ ਦਿਨ ਮੈਡਮ ਦਿੱਲੀ ਨੇ ਮੈਨੂੰ ਡੇਰੇ ਦੇ ਹਸਪਤਾਲ ਸਾਹਰੀ ਵਿਚ ਸਵੇਰੇ 9:00 ਵਜੇ ਆਉਣ ਲਈ ਕਿਹਾ। ਧੁੰਦ ਬਹੁਤ ਪਈ ਹੋਈ ਸੀ। ਜਦੋਂ ਹਸਪਤਾਲ ਪਹੁੰਚਿਆ ਤਾਂ ਉਨ੍ਹਾਂ ਨੇ ਕਿਹਾ ਤੁਸੀਂ ਸਟੇਜ ਦਾ ਸੰਚਾਲਨ ਕਰਨਾ ਹੈ। ਭੋਗ ਪੈਣ ਉਪਰੰਤ ਉਂਕਾਰ ਸਿੰਘ ਝਮਟ ਸਟੇਜ ਤੇ ਗਿਆ ਤਾਂ ਕੇਹਰ ਸਿੰਘ ਕਾਹਰੀ ਨੂੰ ਸਟੇਜ ਦਾ ਸੰਚਾਲਨ ਕਰਨ ਨੂੰ ਕਿਹਾ। ਮੇਰੇ ਤੋਂ ਪਹਿਲਾਂ ਤਿੰਨ ਵਿਅਕਤੀਆਂ ਨੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮੇਰਾ ਚੌਥਾ ਨੰਬਰ ਸੀ। ਜਦੋਂ ਮੈਂ ਆਪਣੇ ਵਿਚਾਰ ਵਿਅਕਤ ਕਰਕੇ ਮਾਈਕ ਤੋਂ ਪਿੱਛੇ ਹਟਿਆ ਤਾਂ ਸਾਰੇ ਸਾਧੂਆਂ ਨੇ ਸ਼ਾਬਾਸ਼ ਦਿੱਤੀ ਤੇ ਕਿਹਾ ਬਹੁਤ ਵਧੀਆ ਬੋਲੇ ਹੋ। ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਬਹੁਤ ਸਾਰੇ ਰਾਜਨੀਤਕ ਲੀਡਰ ਵੀ ਡੇਰੇ ਵਿਚ ਪਹੁੰਚੇ ਸਨ ਜਿਨ੍ਹਾਂ ਵਿਚ ਮਹਿੰਦਰ ਸਿੰਘ ਕੇ.ਪੀ., ਚੌਧਰੀ ਸੰਤੋਖ ਸਿੰਘ, ਚੌਧਰੀ ਜਗਜੀਤ ਸਿੰਘ, ਪਵਨ ਕੁਮਾਰ ਟੀਨੂੰ ਆਦਿ ਜਿਨ੍ਹਾਂ ਨੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਗੱਦੀ ਦਾ ਫੈਸਲਾ:- ਸੰਗਤਾਂ ਨੇ ਸੰਤ ਮੋਹਨ ਦਾਸ ਦਾ ਨਾਮ ਲਿਆ ਜੋ ਸੰਤ ਸਮਾਜ ਨੇ ਨਾ ਮਨਜ਼ੂਰ ਕੀਤਾ। 108 ਸੰਤ ਸਰਵਣ ਦਾਸ ਡੇਰਾ ਬੋਹਣ ਨੇ ਕਿਹਾ ਕਿ ਇਹ ਨੇਤਰਹੀਣ ਹਨ। ਦੋ ਆਦਮੀ ਇਨ੍ਹਾਂ ਦੀ ਸੇਵਾ ਲਈ ਚਾਹੀਦੇ ਹਨ। ਇਹ ਡੇਰੇ ਦੀ ਗੱਦੀ ਕਿਸੇ ਹੋਰ ਨੂੰ ਦਿੱਤੀ ਜਾਵੇ। ਫਿਰ ਸੰਤ ਸਮਾਜ ਨੇ ਡੇਰੇ ਦੀ ਗੱਦੀ ਸੰਤ ਇੰਦਰਦਾਸ ਸ਼ੇਖੇ ਜਲੰਧਰ ਨੂੰ ਦੇ ਦਿੱਤੀ, ਜਿਸ ਨੂੰ ਸਾਰੀਆਂ ਸੰਗਤਾਂ ਨੇ ਸਹਿਮਤੀ ਦਿੱਤੀ। ਪਰ ਸੰਤ ਇੰਦਰ ਦਾਸ ਮਹੀਨਾ ਦੋ ਮਹੀਨੇ ਡੇਰੇ ਵਿਚ ਰਹੇ ਮੁੜ ਗੱਦੀ 'ਤੇ ਸੰਤ ਮੋਹਨ ਦਾਸ ਜੀ ਬਿਰਾਜਮਾਨ ਹੋਏ। ਮਹਾਤਮਾ ਧੁਰਧਾਮ ਤੋਂ ਬਣਕੇ ਆਉਂਦੇ ਹਨ। ਬਾਬਾ ਮੋਹਨ ਦਾਸ ਨੂੰ

ਸਿਰਫ ਸੰਗਤਾਂ ਦੀ ਸੇਵਾ ਕਰਨ ਦਾ ਥੋੜਾ ਸਮਾਂ ਨਸੀਬ ਹੋਇਆ। ਡੇਰੇ ਵਿਚ ਮੁੜ ਸੰਗਰਾਂਦ ਤੇ ਪੂਰਨਮਾਸ਼ੀ ਦੇ ਦਿਹਾੜੇ ਮਨਾਉਣੇ ਸ਼ੁਰੂ ਹੋ ਗਏ। ਸਾਲਾਨਾ ਜੋੜ ਮੇਲੇ ਭਰਵੇਂ ਲੱਗਦੇ ਸਨ। ਬਾਬਾ ਜੀ ਦੀ ਸਿਹਤ ਕੁਝ ਖਰਾਬ ਰਹਿਣ ਲੱਗੀ। ਉਨ੍ਹਾਂ ਦਾ ਅੰਤਮ ਸਮਾਂ ਆ ਗਿਆ। ਉਹ 4-4-2015 ਨੂੰ ਆਪਣਾ ਪੰਜ ਭੂਤਕ ਸਰੀਰ ਤਿਆਗ ਕੇ ਸੱਚਖੰਡ ਵਾਸੀ ਬਣ ਗਏ। ਆਪ ਦਾ ਦਿਹਾਂਤ ਜਲੰਧਰ ਦੇ ਇਕ ਨਿੱਜੀ ਹਸਪਤਾਲ ਵਿਚ ਹੋਇਆ। ਆਪ ਦਾ ਸਸਕਾਰ 6-4-2015 ਨੂੰ ਪਿੰਡ ਬੈਂਸਤਾਨੀ ਵਿਚ ਕੀਤਾ ਗਿਆ। ਇਥੇ ਹੀ ਆਪ ਦੇ ਭੋਗ ਦੀਆਂ ਅੰਤਮ ਰਸਮਾਂ ਹੋਈਆਂ। ਗੱਦੀ ਦੇ ਝਗੜੇ ਕਰਕੇ ਕੇਸ ਅਦਾਲਤ ਵਿਚ ਚੱਲਦਾ ਹੈ। ਹੁਣ ਸਰਕਾਰੀ ਤੌਰ ਤੇ ਤਹਿਸੀਲਦਾਰ ਹੁਸ਼ਿਆਰਪੁਰ ਇਸ ਡੇਰੇ ਨੂੰ ਚਲਾ ਰਹੇ ਹਨ ਅਤੇ ਪੁਲਿਸ ਦਾ ਪ੍ਰਬੰਧ ਹੈ। ਸ਼ਰਧਾਲੂ ਮੱਥਾ ਟੇਕ ਸਕਦੇ ਹਨ। ਕਿਸੇ ਵੀ ਪਾਰਟੀ ਨੂੰ ਫੈਸਲਾ ਹੋਣ ਤੱਕ ਡੇਰੇ ਅੰਦਰ ਆਉਣ ਦੀ ਆਗਿਆ ਨਹੀਂ ਹੈ। ਹੁਣ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਨੇ ਸੰਤ ਬਲਵੀਰ ਦਾਸ ਨੂੰ 21-12-2015 ਨੂੰ ਇਸ ਡੇਰੇ ਦੀ ਗੱਦੀ 'ਤੇ ਬਿਠਾ ਦਿੱਤਾ ਹੈ।

ਡੇਰਾ ਬਾਬਾ ਸਤਪਾਲ ਸਿੰਘ ਜੀ:- ਪਿੰਡ ਦੇ ਲਹਿੰਦੇ ਪਾਸੇ ਡੇਰਾ ਬਾਬਾ ਸਤਪਾਲ ਸਿੰਘ ਜੀ ਦਾ ਹੈ। ਪਹਿਲਾਂ ਪਹਿਲ ਇਸ ਗੁਰੂ ਘਰ ਨੂੰ ਬਾਬਾ ਚਿੰਤਾ ਸਿੰਘ ਦਾ ਗੁਰਦੁਆਰਾ ਕਿਹਾ ਜਾਂਦਾ ਸੀ। ਸਰਕਾਰੀ ਹਾਈ ਸਕੂਲ ਸਾਹਰੀ ਦੇ ਮਗਰਲੇ ਪਾਸੇ ਇਹ ਗੁਰਦੁਆਰਾ ਸਥਿਤ ਹੈ। ਜਦੋਂ ਸਕੂਲ ਮਿਡਲ ਹੁੰਦਾ ਸੀ ਤਾਂ ਇਥੇ ਲੱਗੀ ਹਲਟੀ ਨੂੰ ਗੇੜ ਕੇ ਖਿਡਾਰੀ ਖੇਡਾਂ ਤੋਂ ਮਗਰੋਂ ਨਹਾਉਂਦੇ ਹੁੰਦੇ ਸਨ। ਉਸ ਸਮੇਂ ਇਸ ਦੇ ਨਾਲ ਅਬਾਦੀ ਨਹੀਂ ਸੀ। ਬਾਬਾ ਸਤਪਾਲ ਸਿੰਘ ਜੀ ਬਾਲ ਬ੍ਰਹਮਚਾਰੀ ਹਨ। ਮੇਰਾ ਵੱਡਾ ਵੀਰ ਅਜੀਤ ਸਿੰਘ ਆਪ ਦੇ ਨਾਲ ਪ੍ਰਾਇਮਰੀ ਸਕੂਲ ਸਾਹਰੀ ਵਿਖੇ ਪੜ੍ਹਦਾ ਸੀ। ਬਾਬਾ ਜੀ ਨੇ ਥੋੜ੍ਹਾ ਸਮਾਂ ਫੌਜ ਦੀ ਨੌਕਰੀ ਵੀ ਕੀਤੀ ਹੈ। ਆਪ ਜੀ ਨੇ ਬਾਬਾ ਜਵਾਲਾ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ। ਗੁਰੂ ਘਰ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਵਾਹ ਚੱਲਦੇ ਰਹਿੰਦੇ ਹਨ। ਆਪ ਗੁਰੂ ਘਰ ਆਈਆਂ ਸੰਗਤਾਂ ਨੂੰ ਕਿਸੇ ਬਾਹਰੀ ਅਡੰਬਰ ਵਿਚ ਪਾਉਣ ਦੀ ਬਜਾਏ ਗੁਰਬਾਣੀ ਦਾ ਜਾਪ ਕਰਨ ਦੀ ਪ੍ਰੇਰਣਾ ਦਿੰਦੇ ਹਨ, ਜਿਥੇ ਕੋਈ ਸ਼ਰਧਾਲੂ ਆਪ ਜੀ ਦੇ ਚਰਨ ਪਰਸਨ ਲਈ ਆਪਣੇ ਗ੍ਰਹਿ ਵਿਖੇ ਸੱਦਦਾ ਹੈ ਆਪ ਜ਼ਰੂਰ ਉਥੇ ਜਾਂਦੇ ਹਨ। ਮਾਰਚ 1998 ਈ: ਵਿਚ ਅਸੀਂ ਪਿੰਡ ਗਗਨੋਲੀ ਵਿਖੇ ਸੰਤ ਸਮਾਗਮ ਕਰਵਾਇਆ। ਆਪ ਹੱਥ ਵਿਚ ਸੋਟਾ ਫੜ ਕੇ ਤੁਰ ਕੇ ਗੁਰੂ ਘਰ ਆ ਗਏ। ਆਪ ਦੇ ਨਾਲ ਡੇਰੇ ਦੇ ਪੰਜ-ਛੇ ਦਰਵੇਸ਼ ਵੀ ਸਨ ਜੋ ਗੁਰੂ ਗ੍ਰੰਥ ਸਾਹਿਬ ਦੇ ਇਕ ਪਾਸੇ ਲੰਮੇ ਪੈ ਗਏ। ਸਵੇਰੇ ਤੇ ਸ਼ਾਮ ਬਾਬਾ ਜੀ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ। ਦਿਨ ਦਾ ਬਹੁਤਾ ਹਿੱਸਾ ਜੰਗਲ ਵਿਚ ਇਕਾਂਤ ਵਿਚ ਸਿਮਰਨ ਕਰਦੇ ਹਨ। ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰਿਆ ਹਰ ਵਾਕ ਪੂਰਾ ਹੋ ਜਾਂਦਾ ਹੈ। ਆਪ ਹਮੇਸ਼ਾ ਸਾਦਾ ਪਹਿਰਾਵਾ ਪਹਿਨਦੇ ਹਨ। ਇਹ ਡੇਰਾ ਪੰਜਾਬ ਵਿਚ ਹੀ ਨਹੀਂ ਸਗੋਂ ਨਾਮ ਬਾਣੀ ਦੇ

ਪ੍ਰਵਾਹ ਕਰਕੇ ਦੇਸ਼ਾਂ ਵਿਦੇਸ਼ਾਂ ਵਿਚ ਮਸ਼ਹੂਰ ਹੈ। ਦਿਨ-ਰਾਤ ਗੁਰੂ ਦੇ ਅਟੁੱਟ ਭੰਡਾਰੇ ਚੱਲਦੇ ਰਹਿੰਦੇ ਹਨ।

ਖੇਡ ਮੇਲਾ:- ਬਾਬਾ ਸਤਪਾਲ ਸਿੰਘ ਜੀ ਆਪਣੇ ਸੇਵਕਾਂ ਦੀ ਚੰਗੀ ਸਿਹਤ ਵਾਸਤੇ ਹਰ ਸਾਲ ਦਸੰਬਰ ਮਹੀਨੇ ਖੇਡ ਮੇਲਾ ਕਰਾਉਂਦੇ ਹਨ। ਇਹ ਖੇਡਾਂ ਪਹਿਲਾਂ ਹੌਲੇ-ਮਹੱਲੇ ਤੇ ਹੁੰਦੀਆਂ ਸਨ। ਆਪ ਜੀ ਨੇ ਆਪਣੇ ਇਕ ਖਿਡਾਰੀ ਬਲਵੀਰ ਸਿੰਘ ਬੀਹਰਾ ਦੇ ਕਹਿਣ ਤੇ ਪੰਜਾਬ ਦੇ ਮਸ਼ਹੂਰ ਗਾਇਕ ਤੇ ਸੰਗੀਤ ਦੇ ਬਾਬਾ ਬੋਹੜ ਗੁਰਦਾਸ ਮਾਨ ਨੂੰ ਇਨਾਮ ਵੰਡ ਸਮਾਰੋਹ ਤੇ 2 ਜਨਵਰੀ 2012 ਨੂੰ ਸੱਦ ਕੇ ਮੇਲੇ ਨੂੰ ਚਾਰ ਚੰਨ ਲਾਏ ਹਨ। ਦਸੰਬਰ 2014 ਵਿਚ ਜੋ ਖੇਡ ਮੇਲਾ ਹੋਇਆ ਉਸ ਵਿਚ ਨੰਬਰ ਲੈਣ ਵਾਲੇ ਹਰ ਖਿਡਾਰੀ ਨੂੰ ਇਕ ਹਜ਼ਾਰ ਰੁਪਏ ਦਾ ਨਗਦ ਇਨਾਮ ਦਿੱਤਾ ਗਿਆ।

ਕਾਹਰੀ-ਸਾਹਰੀ ਦੋਹਾਂ ਪਿੰਡਾਂ ਦੇ ਆਸੇ-ਪਾਸੇ ਮਹਾਂਪੁਰਸ਼ਾਂ ਦੇ ਡੇਰੇ ਹਨ। ਇਸ ਲਈ ਮੈਂ ਆਪਣੀਆਂ ਚੰਦ ਕਾਵਿਕ ਲਾਈਨਾਂ ਨਾਲ ਇਨ੍ਹਾਂ ਨੂੰ ਪ੍ਰਣਾਮ ਕਰਦਾ ਹਾਂ।

"ਕਾਹਰੀ ਸਾਹਰੀ ਨਗਰੀ ਅੰਦਰ
ਰੁਸ਼ਨਾਈ ਫ਼ਕੀਰਾਂ ਦੀ ਆਵੇ
ਚੜ੍ਹਦੇ ਪਾਸੇ ਈਸ਼ਰ ਬਾਬਾ
ਲਹਿੰਦੇ ਪਾਸੇ ਸਤਪਾਲ ਪਿਆਰੇ
ਗੁਰੂ ਲਾਲ ਦਾਸ, ਗੁਰੂ ਮਾਹਨ ਦਾਸ ਤੇ
ਗੁਰੂ ਜੀਅਣ ਦਾਸ ਹਨ ਅੱਖੀਆਂ ਦੇ ਤਾਰੇ
ਇਹ ਹਨ ਪੂਰਨ ਬ੍ਰਹਮ ਗਿਆਨੀ
ਤਕਦੀਰਾਂ ਬਦਲਣ ਵਾਲੇ
ਆਓ ਇਨ੍ਹਾਂ ਦੇ ਦਰਸ਼ਨ ਕਰੀਏ
ਬਣੀਏ ਭਾਗਾਂ ਵਾਲੇ।

ਬਾਬਾ ਸਤਪਾਲ ਸਿੰਘ ਜੀ ਮਹਾਰਾਜ ਜੋ ਸਾਡੇ ਇਲਾਕੇ ਦੇ ਮਹਾਨ ਤਪੱਸਵੀ ਹਨ ਜਿਨ੍ਹਾਂ ਆਪਣੀ ਜ਼ਿੰਦਗੀ ਦਾ ਹਰ ਪਲ ਸੇਵਾ ਤੇ ਸਿਮਰਨ ਵਿਚ ਲਾਇਆ ਹੈ ਮੈਂ ਉਨ੍ਹਾਂ ਨੂੰ ਵੀ ਆਪਣੀ ਅਲਪ ਬੁੱਧੀ ਨਾਲ ਹੇਠ ਲਿਖੀਆਂ ਕਾਵਿਕ ਲਾਈਨਾਂ ਨਾਲ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਬਾਬਾ ਸਤਪਾਲ ਸਿੰਘ ਜੀ

ਧੰਨ ਧੰਨ ਬਾਬਾ ਸਤਪਾਲ ਸਿੰਘ ਜੀ
ਤੇਰੇ ਖੇਲ ਨਿਆਰੇ ਨੇ
ਚਾਰੇ ਪਾਸੇ ਖੁਸ਼ੀਆਂ ਖੇੜੇ
ਅੰਬਰੀ ਚਮਕਣ ਤਾਰੇ ਨੇ

ਧੰਨ ਧੰਨ ਬਾਬਾ ਸਤਪਾਲ ਸਿੰਘ ਜੀ
ਤੇਰੇ ਖੇਲ ਨਿਆਰੇ ਨੇ।
ਧੰਨ ਧੰਨ ਧਰਤੀ ਸਾਹਰੀ ਵਾਲੀ
ਜਿਥੇ ਅਵਤਾਰ ਗੁਰਾਂ ਦਾ ਹੋਇਆ ਏ
ਹਰ ਪਲ ਇਥੇ ਬਾਣੀ ਚੱਲਦੀ
ਬੀਜ ਨਾਮ ਦਾ ਬੋਇਆ ਏ
ਛੋਟੇ ਵੱਡੇ ਹਰਦਮ ਜੱਪਦੇ
ਜਸ ਗੁਰਾਂ ਦੇ ਭਾਰੇ ਨੇ
ਧੰਨ ਧੰਨ ਬਾਬਾ ਸਤਪਾਲ ਸਿੰਘ ਜੀ
ਤੇਰੇ ਖੇਲ ਨਿਆਰੇ ਨੇ।

ਮਸਤਕ ਦੀਆਂ ਲਕੀਰਾਂ ਬਦਲ ਦੇਵੇਂ
ਤੂੰ ਕੱਟੇ ਗੇੜ ਚੁਰਾਸੀ ਦੇ
ਧੀਆਂ-ਪੁੱਤਰਾਂ ਦੀਆਂ ਦਾਤਾਂ ਦੇਵੇਂ
ਰਹਿਣ ਨਾ ਵਿਚ ਉਦਾਸੀ ਦੇ
ਦਰ ਤੇਰੇ ਦੀ ਧੂੜੀ ਦਾਤਿਆ
ਲਾਉਂਦੀ ਪਾਰ ਕਿਨਾਰੇ ਨੇ
ਧੰਨ ਧੰਨ ਬਾਬਾ ਸਤਪਾਲ ਸਿੰਘ ਜੀ
ਤੇਰੇ ਖੇਲ ਨਿਆਰੇ ਨੇ।

ਦਿਨ ਰਾਤ ਇਥੇ ਲੰਗਰ ਚੱਲਦੇ
ਤੋਟ ਕਦੇ ਨਾ ਆਉਂਦੀ ਏ
ਮਹਾਂਪੁਰਸ਼ਾਂ ਦੇ ਚਰਨ ਪਸਰਕੇ
ਇਹ ਧਰਤੀ ਰੁਸ਼ਨਾਉਂਦੀ ਏ
ਜਿਹੜੀਆਂ ਸੰਗਤਾਂ ਨਾਮ ਜਪਦੀਆਂ
ਜਸ ਗੁਰਾਂ ਦੇ ਗਾਉਂਦੀ ਏ
ਐਸੀਆਂ ਕਮਾਈਆਂ ਕੀਤੀਆਂ ਦਾਤਿਆ
ਤੱਕੇ ਬਹੁਤ ਨਜ਼ਾਰੇ ਨੇ
ਧੰਨ ਧੰਨ ਬਾਬਾ ਸਤਪਾਲ ਸਿੰਘ ਜੀ
ਤੇਰੇ ਖੇਲ ਨਿਆਰੇ ਨੇ।

ਸਾਹਰੀ ਪਿੰਡ ਇਕ ਉੱਪ ਮਹਾਂਦੀਪ ਦੇ ਸਮਾਨ ਹੈ ਜਿਸ ਵਿਚ ਸਾਰੀਆਂ ਜਾਤਾਂ ਦੇ ਲੋਕ ਵਸੇ ਹੋਏ ਹਨ। ਜ਼ਿਆਦਾ ਗਿਣਤੀ ਜੱਟ ਲੋਕਾਂ ਦੀ ਹੈ ਜਿਨ੍ਹਾਂ ਦਾ ਗੋਤ ਜੱਜ ਹੈ।

ਇਸ ਤੋਂ ਇਲਾਵਾ ਰਾਮਦਾਸੀਆ ਸਿੱਖ ਹਨ ਜਿਨ੍ਹਾਂ ਦਾ ਝੰਮਟ, ਬੰਗੜ ਤੇ ਖੁਤਣ ਗੋਤ ਹੈ। ਹੋਰ ਜਾਤਾਂ ਜਿਵੇਂ ਛੀਂਬੇ, ਘੁਮਿਆਰ, ਨਾਈ, ਝੀਊਰ, ਤਰਖਾਣ, ਲੁਹਾਰ, ਵਾਲਮੀਕ, ਖੱਤਰੀ, ਪੰਡਤ ਤੇ ਸੁਨਿਆਰੇ ਵਸੇ ਹੋਏ ਹਨ। ਕਿਰਸਾਨੀ ਦੇ ਨਾਲ ਬਹੁਤ ਸਾਰੇ ਸਰਕਾਰੀ ਨੌਕਰੀ ਕਰਦੇ ਹਨ। ਸਾਬਕਾ ਫੌਜੀ ਹਨ ਤੇ ਬਹੁਤੇ ਪਰਿਵਾਰ ਵਿਦੇਸ਼ਾਂ ਵਿਚ ਵਸੇ ਹੋਏ ਹਨ। ਇਸ ਤੋਂ ਇਲਾਵਾ ਸਿੱਖਿਆ ਸ਼ਾਸਤਰੀ ਡਾ. ਰੌਣਕੀ ਰਾਮ, ਡਾ. ਜਸਵੰਤ ਰਾਏ, ਪ੍ਰਿੰ. ਦਾਸ ਰਾਮ ਭਾਰਤੀ, ਸਤਵਿੰਦਰ ਸਿੰਘ ਤੇ ਮਾਨਵਤਾ ਦੀ ਸਿਹਤ ਦਾ ਖਿਆਲ ਰੱਖਣ ਵਾਲੇ ਡਾ. ਪ੍ਰੇਮ ਭਾਰਤੀ ਹਨ।

ਦੁਕਾਨਾਂ:- ਆਦਿ ਪੁਸ਼ਤ ਤੋਂ ਪਿੰਡ ਵਿਚ ਤਿੰਨ ਦੁਕਾਨਾਂ ਮਸ਼ਹੂਰ ਸਨ। ਬਾਲੀ ਦੀ ਹੱਟੀ, ਪ੍ਰਕਾਸ਼ ਚੰਦ ਤੇ ਬਿਸ਼ਨ ਦਾਸ ਦੀ ਹੱਟੀ। ਹੁਣ ਇਸ ਦੇ ਨਾਲ ਹੋਰ ਦੁਕਾਨਾਂ ਵੀ ਹਨ।

ਆਟਾ ਚੱਕੀਆਂ:- ਬਿਸ਼ਨ ਦਾਸ, ਸੂਬੇਦਾਰ, ਲਾਭ ਸਿੰਘ ਤੇ ਦੇਵ ਸਿੰਘ ਦੀ ਚੱਕੀ ਆਦਿ ਸਨ। ਇਥੋਂ ਹੀ ਸਾਡਾ ਪਿੰਡ ਆਟਾ ਪਿਸਾਉਂਦਾ ਸੀ।

ਸਕੂਲ:- ਦੋ ਆਂਗਣਵਾੜੀ ਸਕੂਲ, ਪ੍ਰਾਇਮਰੀ ਸਕੂਲ, ਹਾਈ ਸਕੂਲ ਤੇ ਬਾਬਾ ਮਾਹਨ ਦਾਸ ਦਾ ਇੰਸਟੀਚਿਊਟ ਆਫ ਨਰਸਿੰਗ ਕਾਲਜ ਹੈ। ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲ ਵੀ ਹੈ।

ਡਿਸਪੈਂਸਰੀ:- ਇਸ ਪਿੰਡ ਵਿਚ ਬਹੁਤ ਪੁਰਾਣੀ ਡਿਸਪੈਂਸਰੀ ਹੈ। ਜਦੋਂ ਅਸੀਂ ਮਿਡਲ ਸਕੂਲ ਸਾਹਰੀ ਵਿਖੇ ਪੜ੍ਹਦੇ ਸੀ ਤਾਂ ਡਾ. ਦੀਨਾ ਨਾਥ ਹਫਤੇ ਵਿਚ ਦੋ ਵਾਰ ਸਕੂਲ ਵਿਚ ਆ ਕੇ ਵਿਦਿਆਰਥੀਆਂ ਨੂੰ ਦਵਾਈ ਦਿੰਦਾ ਸੀ। ਉਹ ਪੁਰ ਹੀਰਾਂ ਤੋਂ ਆਮ ਕਰਕੇ ਸਾਹਰੀ ਪਿੰਡ ਨੂੰ ਆਉਂਦਾ ਸੀ। ਉਸ ਨੇ ਪਹਿਲਾਂ ਸਰਕਾਰੀ ਹਸਪਤਾਲ ਲਾਹੌਰ ਵਿਚ ਨੌਕਰੀ ਕੀਤੀ ਸੀ। ਲੋੜ ਪੈਣ ਤੇ ਸਾਡੇ ਪਿੰਡ ਵੀ ਆ ਜਾਂਦਾ ਸੀ। ਉਸ ਦਾ ਕੱਦ ਬਹੁਤ ਲੰਬਾ ਸੀ। ਉਸ ਦਾ ਮਜਾਕੀਆ ਸੁਭਾਅ ਸੀ। ਕੋਈ ਵੀ ਵਿਅਕਤੀ ਜਾਂ ਔਰਤ ਉਸ ਦਾ ਗੁੱਸਾ ਨਹੀਂ ਕਰਦੇ ਸਨ। ਉਹ ਲੰਬੀ ਉਮਰ ਭੋਗ ਕੇ 1984 ਸੁਰਗਵਾਸ ਹੋਏ।

ਪਿੰਡ ਦਾ ਲਹਿੰਦਾ ਪਾਸਾ:- ਪਿੰਡ ਗਗਨੌਲੀ ਦੇ ਲਹਿੰਦੇ ਪਾਸੇ ਥਿਆੜਾ ਗੋਤ ਦੇ ਤਿੰਨ ਪਿੰਡ ਹੁਸੈਨਪੁਰ, ਰਾਮੂ ਥਿਆੜਾ ਤੇ ਖਾਨਪੁਰ ਹਨ।

ਹੁਸੈਨਪੁਰ:- ਪਿੰਡ ਦੇ ਸਿਆਣੇ ਬਜ਼ੁਰਗਾਂ ਨੇ ਦੱਸਿਆ ਹੈ ਕਿ ਹੁਸੈਨਪੁਰ ਪਿੰਡ ਨੂੰ ਵਸਣ ਵਾਸਤੇ ਜ਼ਮੀਨ ਪਿੰਡ ਗਗਨੌਲੀ ਨੇ ਹੀ ਦਿੱਤੀ ਹੋਈ ਹੈ। ਇਸ ਪਿੰਡ ਵਿਚ ਜ਼ਮੀਨ ਦੀ ਕੱਚੀ ਮਿਣਤੀ ਹੈ। ਇਸ ਪਿੰਡ ਦਾ ਵੀ ਥਿਆੜਾ ਗੋਤ ਹੈ। ਆਦਿ ਪੁਸ਼ਤ ਦੋ ਤਿੰਨ ਘਰ ਸਨ। ਮਸ਼ਹੂਰ ਘਰ ਸ਼ਾਮ ਸਿੰਘ, ਹਜ਼ਾਰਾ ਸਿੰਘ, ਆਸਾ ਸਿੰਘ, ਅਮਰ ਸਿੰਘ, ਰਾਮ ਚੰਦ, ਢੇਰੂ ਜਿਸ ਦਾ ਵੰਸ਼ ਭਗਤੂ, ਜੱਗੂ, ਅਰਜੂ, ਗੁਲਜ਼ਾਰੀ ਲੰਬੜ, ਪ੍ਰੀਤਮ ਸਿੰਘ ਤੇ ਅਜੀਤ ਸਿੰਘ ਹਨ। ਦੋ ਘਰ ਬਾਹਰੋਂ ਆ ਕੇ ਵਸੇ ਹਨ। ਰੱਖਾ ਸਿੰਘ ਜਿਸ ਦਾ ਮੱਲ੍ਹੀ ਗੋਤ ਹੈ। ਉਸ ਨੇ ਦੱਸਿਆ ਕਿ ਸਾਡੀ ਭੂਆ ਸਾਨੂੰ ਇਥੇ ਲਿਆਈ ਸੀ। ਸ਼ੇਰੂ ਪਹਿਲਾਂ

ਸ਼ੰਕਰ ਸਿੰਘ, ਸੋਹਨ ਸਿੰਘ ਜਿਨ੍ਹਾਂ ਦਾ ਗੋਤ ਜੰਡਾ ਹੈ। ਸ਼ਾਮ ਸਿੰਘ ਦੇ ਲੜਕੇ ਸੁਰਿੰਦਰ ਸਿੰਘ ਦਾ ਲੜਕਾ ਹਰਪ੍ਰੀਤ ਸਿੰਘ ਹੈ, ਜਿਸ ਨੂੰ ਬਿਜਲੀ ਕਿਹਾ ਜਾਂਦਾ ਹੈ, ਨੇ ਮਾਂ ਖੇਡ ਕਬੱਡੀ ਵਿਚ ਬਹੁਤ ਮੱਲਾਂ ਮਾਰੀਆਂ ਹਨ। ਮੈਂ ਦੋ ਚਾਰ ਸਾਥੀਆਂ ਨਾਲ ਉਨ੍ਹਾਂ ਦੇ ਘਰ ਗਿਆ ਤਾਂ ਡਰਾਇੰਗ ਰੂਮ ਦੇ ਚਾਰੇ ਪਾਸੇ ਬਣੇ ਸ਼ੋਕੇਸ ਵਿਚ ਸੈਂਕੜੇ ਹੀ ਮਾਨ-ਸਨਮਾਨ ਪਏ ਹੋਏ ਹਨ ਜਿਨ੍ਹਾਂ ਨੂੰ ਵੇਖ ਕੇ ਮਨ ਬਹੁਤ ਖੁਸ਼ ਹੋਇਆ। ਹੁਸੈਨਪੁਰ ਵਿਚੋਂ ਏਕਤਾ ਲਈ ਢੇਰੂ ਦਾ ਪਰਿਵਾਰ ਤੇ ਸ਼ਾਮ ਸਿੰਘ ਦਾ ਪਰਿਵਾਰ ਮਸ਼ਹੂਰ ਹਨ, ਜਿਨ੍ਹਾਂ ਨੇ ਆਪਸੀ ਏਕਤਾ ਨਾਲ 100 ਖੇਤ ਜ਼ਮੀਨ ਬਣਾਈ ਹੈ। ਅਜੀਤ ਸਿੰਘ ਤੇ ਰੱਖਾ ਸਿੰਘ ਦੇ ਨਾਲ ਸਾਡੀ ਸਾਂਝ ਹੈ। ਰੱਖਾ ਸਿੰਘ 2014 ਵਿਚ 115 ਸਾਲ ਲੰਬੀ ਉਮਰ ਭੋਗ ਕੇ ਸੁਰਗਵਾਸ ਹੋਇਆ ਹੈ। ਇਸ ਪਿੰਡ ਵਿਚੋਂ ਵੀ ਬਹੁਤ ਸਾਰੇ ਘਰ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਿਚ ਵਸੇ ਹੋਏ ਹਨ, ਜਿਨ੍ਹਾਂ ਆ ਕੇ ਪਿੰਡ ਵਿਚ ਵਧੀਆ ਕੋਠੀਆਂ ਪਾਈਆਂ ਹਨ। ਇਸ ਪਿੰਡ ਦੇ ਲਸ਼ਕਰ ਸਿੰਘ ਨੇ ਪਿੰਡ ਦੇ ਚੜ੍ਹਦੇ ਪਾਸੇ ਪੱਕੀ ਸੜਕ ਤੇ ਆਪਣੇ ਪਿਤਾ ਰਾਮ ਚੰਦ ਦੀ ਯਾਦ ਵਿਚ 1996 ਈ: ਵਿਚ ਗੇਟ ਬਣਾਇਆ ਹੈ। ਸਤੰਬਰ 1965 ਈ: ਵਿੱਚ ਲੱਗੀ ਜੰਗ ਦੇ ਨਾਲ ਸ਼ਾਮ ਸਿੰਘ ਦੇ ਖੂਹ ਤੇ ਬੰਬ ਡਿਗਿਆ ਸੀ, ਜਿਸ ਨਾਲ ਫ਼ਸਲ ਦਾ ਨੁਕਸਾਨ ਤਾਂ ਹੋਇਆ ਪਰ ਜਾਨੀ ਨੁਕਸਾਨ ਨਹੀਂ ਹੋਇਆ।

ਰਾਮਦਾਸੀਆ ਸਿੱਖ:- ਪਿੰਡ ਵਿਚ ਆਦਿ ਪੁਸ਼ਤ ਰਾਮਦਾਸੀਆ ਪਰਿਵਾਰ ਦਾ ਇਕ ਘਰ ਸੀ। ਫਿਰ ਤਿੰਨ ਹੋ ਗਏ। ਇਨ੍ਹਾਂ ਦਾ ਭਟੋਆ ਗੋਤ ਹੈ। ਇਨ੍ਹਾਂ ਦਾ ਵੰਸ਼ ਮੇਲਾ ਸਿੰਘ ਤੋਂ ਚੱਲਦਾ ਹੈ ਜਿਸ ਦਾ ਲੜਕਾ ਹਜ਼ਾਰਾ ਸਿੰਘ ਹੈ ਜਿਸ ਦੇ ਚਾਰ ਲੜਕੇ ਹਨ- ਅਜੀਤ ਸਿੰਘ, ਸੋਹਣ ਸਿੰਘ, ਬਖਸ਼ੀਸ਼ ਸਿੰਘ ਤੇ ਕੁੰਦਨ ਸਿੰਘ। ਅਜੀਤ ਸਿੰਘ ਤੇ ਕੁੰਦਨ ਸਿੰਘ ਸਾਬਕਾ ਫੌਜੀ ਹਨ। ਬਖਸ਼ੀਸ਼ ਸਿੰਘ ਬਹੁਤ ਸਾਲ ਅਰਬ ਦੇਸ਼ਾਂ ਵਿਚ ਗਿਆ ਤੇ ਸਾਰੇ ਭਰਾਵਾਂ ਪਾਸ ਜ਼ਮੀਨ ਹੈ। ਸੋਹਣ ਸਿੰਘ ਜੋ ਪਹਿਲਾਂ ਪੰਜਾਬ ਪੁਲਿਸ ਵਿਚ ਸੀ ਫਿਰ ਡਰਾਇਵਰੀ ਕਰਨ ਲੱਗਾ। ਉਸ ਦੀ ਮੌਤ 22-12-1988 ਨੂੰ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਹੋਈ ਹੈ। ਇਸ ਪਿੰਡ ਦੀ ਪਹਿਲੀ ਪੰਚਾਇਤ ਵਿਚ ਅਜੀਤ ਸਿੰਘ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣਿਆ ਗਿਆ। ਇਨ੍ਹਾਂ ਦਾ ਇੱਕ ਨਾਨਾ ਬੀਰ ਸਿੰਘ ਬੀਰੂ ਸੀ ਜਿਸ ਦਾ ਪਿੰਡ ਮਾਣੋਕੇ ਸੀ ਉਹ ਇਨ੍ਹਾਂ ਦੇ ਕੋਲ ਹੀ ਰਿਹਾ। ਉਸ ਦੇ ਸ਼ਰਧਾਂਜਲੀ ਸਮਾਗਮ ਮੌਕੇ ਇਨ੍ਹਾਂ ਹੁਸ਼ਿਆਰਪੁਰ ਤੋਂ ਪਾਲੀ ਤੇ ਸਿੱਧੂ ਨੂੰ ਸੱਦਿਆ ਸੀ। ਨਾਨਾ ਬੀਰ ਸਿੰਘ ਦਾ ਮਜ਼ਾਕੀਆ ਸੁਭਾਅ ਸੀ। ਉਸ ਦੀ ਲੜਕੀ ਕਰਮ ਕੌਰ ਸਾਡੀਆਂ ਤਾਈਆਂ-ਚਾਚੀਆਂ ਨੂੰ ਬੜੇ ਪਿਆਰ ਸਤਿਕਾਰ ਨਾਲ ਬੁਲਾਉਂਦੀ ਸੀ। ਇਨ੍ਹਾਂ ਵਿਚੋਂ ਇਕ ਪਰਿਵਾਰ ਜਲੰਧਰ ਰਹਿੰਦਾ ਹੈ। ਇਕ ਇਨ੍ਹਾਂ ਦੀ ਤਾਈ ਸੀ ਜਿਸ ਦਾ ਨਾਮ ਪ੍ਰੇਮੀ ਸੀ। ਉਹ ਦਾਈ ਦਾ ਕੰਮ ਕਰਦੀ ਸੀ। ਮੇਰੀ ਸੁਰਤ ਵਿਚ ਉਹ ਜਣੇਪੇ ਤੇ ਸਾਡੇ ਪਿੰਡ ਆਉਂਦੀ ਰਹੀ ਹੈ। ਪਿੰਡ ਵਿਚ ਇਕ ਘਰ ਜੋਤੀ ਰਾਮ ਦਾ ਹੈ ਜੋ ਰੈਸੀਬਲ ਤੋਂ ਆ ਕੇ ਵਸਿਆ ਹੈ। ਪਿੰਡ ਵਿਚ ਦੋ ਘਰ ਝੀਊਰਾਂ ਦੇ ਹਨ- ਬੰਤਾ ਸਿੰਘ, ਨਸੀਬ ਸਿੰਘ। ਇਕ ਇਨ੍ਹਾਂ ਦਾ ਭਾਈ ਬਾਬੂ ਰਾਮ ਜੋ ਦਰਜ਼ੀ ਦਾ ਕੰਮ ਕਰਦਾ ਸੀ। ਇਕ ਹੋਰ ਬਾਬੂ ਰਾਮ ਜੋ

ਬਹੁਤ ਉੱਚਾ ਲੰਬਾ ਸੀ। ਖੇਤੀਵਾੜੀ ਦਾ ਕੰਮ ਕਰਦਾ ਸੀ। ਉਸਦੀ ਧਰਮ ਪਤਨੀ ਦਾ ਨਾਮ ਚਿੰਤੀ ਸੀ ਜੋ ਬਹੁਤ ਹਿੰਮਤ ਵਾਲੀ ਸੀ। ਪਿੰਡ ਭੱਠੀ ਵੀ ਲਾਉਂਦੀ ਸੀ ਤੇ ਘਰ ਦਾ ਕੰਮ ਵੀ ਕਰਦੀ ਸੀ। ਉਸਦੀ ਮੌਤ 18-5-1984 ਨੂੰ ਹੋਈ ਸੀ। ਵੱਡੇ ਪਰਿਵਾਰ ਵਾਲਾ ਬੰਤਾ ਸਿੰਘ ਹੈ ਜਿਸ ਦੇ ਪਿਤਾ ਦਾ ਨਾਮ ਨਰੈਣ ਸਿੰਘ ਤੇ ਗੋਤ ਪਾਤਵਾਨ ਹੈ। ਇਹ ਆਪਣੇ ਆਪ ਨੂੰ ਕਸ਼ਅਪ ਰਾਜਪੂਤ ਅਖਵਾਉਂਦੇ ਹਨ। ਬੰਤਾ ਸਿੰਘ ਦਾ ਸੁਭਾਅ ਬਹੁਤ ਗਰਮ ਸੀ। ਬੰਤਾ ਸਿੰਘ ਦੇ ਪਰਿਵਾਰ ਵਿਚ ਲੜਕੇ ਰਾਮ ਕਿਸ਼ਨ, ਲਛਮਣ ਸਿੰਘ, ਬਤਨ ਸਿੰਘ, ਰਤਨ ਸਿੰਘ ਤੇ ਰਾਮ ਸਰੂਪ ਹਨ ਇਸ ਦੇ ਨਾਲ ਚਾਰ ਲੜਕੀਆਂ ਵੀ ਹਨ।

ਵਤਨ ਸਿੰਘ ਦੇ ਲੜਕੇ ਸੁਖਜੀਵਨ ਸਿੰਘ, ਜਗਦੀਸ਼ ਸਿੰਘ ਤੇ ਸੰਦੀਪ ਸਿੰਘ ਹਨ। ਇਹ ਰਾਜ ਮਿਸਤਰੀ ਦਾ ਕੰਮ ਕਰਦੇ ਹਨ। ਆਸੇ ਪਾਸੇ ਦੇ ਪਿੰਡਾਂ ਵਿਚ ਇਨ੍ਹਾਂ ਨੇ ਬਹੁਤ ਹੀ ਵਧੀਆ ਕੋਠੀਆਂ ਬਣਾਈਆਂ ਹਨ।

ਹੁਸੈਨਪੁਰ ਦਾ ਮਸ਼ਹੂਰ ਲੰਬੜ ਜੈਮਲ ਸਿੰਘ ਹੋਇਆਂ ਹੈ ਜਿਸ ਦੀ ਇਕੋ ਇੱਕ ਧੀ ਰੱਖੋ ਸੀ ਜੋ ਸਾਹਰੀ ਪਿੰਡ ਵਿਆਹੀ ਹੋਈ ਸੀ, ਉਹ ਬਹੁਤ ਜ਼ਮੀਨ ਦਾ ਮਾਲਕ ਸੀ। ਉਸਦੇ ਦੋਹਤੇ ਮਲਕੀਤ ਸਿੰਘ ਤੇ ਲਾਲਾ ਸਿੰਘ ਤੇ ਇਕ ਦੋਹਤੀ ਚੱਬੇਵਾਲ ਵਿਆਹੀ ਹੋਈ ਸੀ। ਜੈਮਲ ਸਿੰਘ ਨੇ 1965 ਈ: ਦੇ ਕਰੀਬ ਆਪਣਾ ਸਰੀਰ ਤਿਆਗਿਆ। ਉਸ ਸਮੇਂ ਉਸ ਦੀ ਧੀ ਰੱਖੋ ਤੇ ਦੋਹਤੇ ਮਲਕੀਤ ਸਿੰਘ ਨੇ ਵਧੀਆ 'ਕੱਠ ਕੀਤਾ ਸੀ। ਇਸ ਪਿੰਡ ਦਾ ਮੌਜੂਦਾ ਸਰਪੰਚ ਰਤਨ ਸਿੰਘ ਥਿਆੜਾ ਹੈ। ਪਿੰਡ ਹੁਸੈਨਪੁਰ ਦਾ ਇਕ ਸਰਕਾਰੀ ਪ੍ਰਾਇਮਰੀ ਸਕੂਲ ਹੈ ਜੋ ਇਕ ਹੀ ਥਾਂ ਤੇ ਗਗਨੌਲੀ ਤੇ ਹੁਸੈਨਪੁਰ ਦਾ ਇਕੱਠਾ ਚੱਲਦਾ ਹੈ।

ਰਾਮੂ ਥਿਆੜਾ:- ਇਸ ਤੋਂ ਅਗਲਾ ਪਿੰਡ ਰਾਮੂ ਥਿਆੜਾ ਹੈ। ਇਹ ਵੀ ਛੋਟਾ ਜਿਹਾ ਪਿੰਡ ਹੈ। ਇਥੇ ਆਦਿ ਪੁਸ਼ਤ ਜੱਟਾਂ ਦਾ ਇੱਕ ਹੀ ਘਰ ਸੀ। ਹੁਣ 5-6 ਘਰ ਹਨ। ਕੁਝ ਘਰ ਸੈਣੀ ਪਰਿਵਾਰਾਂ ਦੇ ਹਨ। ਇਸ ਤੋਂ ਇਲਾਵਾ ਆਦਿ ਧਰਮੀ ਲੋਕਾਂ ਦੇ ਕੁਝ ਘਰ ਹਨ। ਪਿੰਡ ਦੇ ਚੜ੍ਹਦੇ ਪਾਸੇ ਵੱਡਾ ਗੁਰੂ ਘਰ ਬਣਿਆ ਹੋਇਆ ਹੈ। ਇਸ ਪਿੰਡ ਦੀ ਮੌਜੂਦਾ ਸਰਪੰਚ ਬੀਬੀ ਬਲਦੀਸ਼ ਕੌਰ ਹੈ।

ਖਾਨਪੁਰ:- ਇਸ ਪਿੰਡ ਤੋਂ ਅਗਲਾ ਪਿੰਡ ਖਾਨਪੁਰ ਹੈ, ਜਿਸ ਨੂੰ ਖਾਨਪੁਰ ਥਿਆੜਾ ਕਿਹਾ ਜਾਂਦਾ ਹੈ। ਇਹ ਪਿੰਡ ਗਗਨੌਲੀ ਤੇ ਰਾਮੂ ਥਿਆੜੇ ਤੋਂ ਵੱਡਾ ਹੈ। ਇਸ ਪਿੰਡ ਵਿਚ ਜੱਟ ਸਿੱਖ ਪਰਿਵਾਰਾਂ ਤੋਂ ਇਲਾਵਾ ਆਦਿ ਧਰਮੀ ਲੋਕਾਂ ਦੀ ਕਾਫੀ ਵਸੋਂ ਹੈ ਜਿਨ੍ਹਾਂ ਦਾ ਗੋਤ ਕਜਲਾ ਤੇ ਬੰਗੜ ਹੈ। ਕਿਸੇ ਸਮੇਂ ਚਾਰ ਪਿੰਡਾਂ ਦਾ ਸਾਂਝਾ ਸਰਪੰਚ ਹਰਭਗਤ ਸਿੰਘ ਥਿਆੜਾ ਹੁੰਦਾ ਸੀ ਜਿਸ ਦਾ ਇਕ ਲੜਕਾ ਹਰਸਨਜੀਤ ਸਿੰਘ ਹੈ ਜੋ ਰਾਜਨੀਤੀ ਵਿਚ ਹੈ। ਪਿੰਡ ਦੀ ਮੌਜੂਦਾ ਸਰਪੰਚ ਦਲਜੀਤ ਕੌਰ ਹੈ, ਜੋ ਸਰਬ-ਸੰਮਤੀ ਨਾਲ ਚੁਣੀ ਗਈ ਹੈ।

ਨਸਰਾਲਾ:- ਪਿੰਡ ਦੇ ਉੱਤਰ ਦੇ ਪਾਸੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਇਕ ਵੱਡਾ ਤੇ ਮਸ਼ਹੂਰ ਪਿੰਡ ਨਸਰਾਲਾ ਹੈ, ਜੋ ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਵਸਿਆ

ਹੋਇਆ ਹੈ। ਇਥੇ ਵੀ ਬਹੁਤ ਵੱਡਾ ਬਜ਼ਾਰ ਹੈ। ਜੋ ਲਾਗਲੇ ਪਿੰਡਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਦਾ ਹੈ। ਇਸ ਪਿੰਡ ਵਿਚ ਰੇਲਵੇ ਸਟੇਸ਼ਨ (1905) ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਬਲਿਕ ਟਰੂਲਾਈਟ ਹਾਈ ਸਕੂਲ, ਦਾਣਾ ਮੰਡੀ, ਪਟਵਾਰਖਾਨਾ, ਪਸ਼ੂਆਂ ਦਾ ਹਸਪਤਾਲ, ਸਰਕਾਰੀ ਡਿਸਪੈਂਸਰੀ, ਸਹਿਕਾਰੀ ਬੈਂਕ, ਬੈਂਕ ਆਫ ਪਟਿਆਲਾ ਤੇ ਕੇਨਰਾ ਬੈਂਕ ਆਦਿ ਹਨ। ਸੀਮੇਂਟ ਤੇ ਬੱਜਰੀ ਦੀਆਂ ਦੁਕਾਨਾਂ, ਆਟਾ ਚੱਕੀਆਂ ਤੇ ਕੱਪੜੇ ਦੀਆਂ ਦੁਕਾਨਾਂ ਹਨ। ਜੀ.ਟੀ. ਰੋਡ 'ਤੇ ਵੱਡਾ ਬਜ਼ਾਰ ਪੈਂਦਾ ਹੈ। ਇਸ ਪਿੰਡ ਦਾ ਰੇਲਵੇ ਸਟੇਸ਼ਨ ਅੰਗਰੇਜ਼ਾਂ ਦੇ ਸਮੇਂ (1905) ਦਾ ਹੈ। ਜੀ.ਟੀ. ਰੋਡ ਤੇ ਹੋਣ ਕਰਕੇ ਇਥੇ ਰੇਲ ਤੇ ਬਸ ਸਰਵਿਸ ਦੀ ਸਹੂਲਤ ਹੈ।

ਇਹ ਸੀ ਮੇਰੇ ਪਿੰਡ ਦਾ ਆਲਾ-ਦੁਆਲਾ ਜਿਸ ਨੂੰ ਮੈਂ ਸੰਖੇਪ ਰੂਪ ਵਿਚ ਬਿਆਨ ਕੀਤਾ ਹੈ।

ਪਿੰਡ ਦਾ ਨਾਮਕਰਨ

ਦੱਸਿਆ ਜਾਂਦਾ ਹੈ ਕਿ ਗਗਨੌਲੀ ਪਿੰਡ ਗੁਗੂ ਥਿਆੜਾ ਦਾ ਵਸਾਇਆ ਹੋਇਆ ਪਿੰਡ ਹੈ। ਇਹ ਹੁਸ਼ਿਆਰਪੁਰ ਤਹਿਸੀਲ ਤੇ ਜ਼ਿਲ੍ਹੇ ਦੀ ਹਦਬਸਤ ਨੰਬਰ 236 ਤੇ ਰਕਬਾ 500 ਏਕੜ ਹੈ। ਇਹ ਪਿੰਡ ਹੁਸ਼ਿਆਰਪੁਰ ਤੋਂ 10 ਕੁ ਕਿਲੋਮੀਟਰ ਦੀ ਦੂਰੀ ਤੇ ਪੱਛਮ ਵੱਲ ਸਥਿਤ ਹੈ। ਇਸ ਪਿੰਡ ਵਿਚ ਜੱਟ ਸਿੱਖਾਂ ਦਾ ਥਿਆੜਾ ਗੋਤ ਹੈ ਅਤੇ ਥਿਆੜਾ ਗੋਤ ਦੇ ਜਠੇਰੇ ਵੀ ਇਸ ਪਿੰਡ ਵਿਚ ਹਨ। ਵੈਸੇ 12 ਪਿੰਡ ਥਿਆੜਿਆਂ ਦੇ ਦੱਸੇ ਜਾਂਦੇ ਹਨ।

ਇਤਿਹਾਸ

ਇਕ ਵਿਅਕਤੀ ਥਿਆੜਾ ਸੀ, ਜਿਸ ਦੀ ਸ਼ਾਦੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਜਵਾੜੇ ਦੀ ਲੜਕੀ ਮਹਾਂ ਕੌਰ ਨਾਲ ਹੋਈ ਸੀ। ਉਸ ਦੇ ਚਾਰ ਪੁੱਤਰ- ਗੁਗੂ, ਹੁਸੈਨਾ, ਰਾਮੂ ਤੇ ਖਾਨਾ ਸਨ। ਇਨ੍ਹਾਂ ਚਾਰਾਂ ਪੁੱਤਰਾਂ ਤੋਂ ਚਾਰ ਪਿੰਡ ਨੇੜੇ-ਨੇੜੇ ਵਸੇ ਹੋਏ ਹਨ। ਗੁਗੂ ਤੋਂ ਗਗਨੌਲੀ, ਹੁਸੈਨੇ ਤੋਂ ਹੁਸੈਨਪੁਰ, ਰਾਮੂ ਤੋਂ ਰਾਮੂ ਥਿਆੜਾ ਅਤੇ ਖਾਨੇ ਤੋਂ ਖਾਨਪੁਰ ਪਿੰਡ ਵਸਿਆ ਹੋਇਆ ਹੈ। ਕਹਿੰਦੇ ਹਨ ਚਾਰ ਪੁੱਤਰਾਂ ਤੋਂ ਮਗਰੋਂ ਮਹਾਂ ਕੌਰ ਸਤੀ ਹੋ ਗਈ ਸੀ ਤੇ ਪਿੰਡ ਦੇ ਚੜ੍ਹਦੇ ਪਾਸੇ ਉਸ ਦੀ ਮੜ੍ਹੀ ਹੈ, ਜਿਨ੍ਹਾਂ ਲੋਕਾਂ ਦੀ ਜ਼ਮੀਨ ਉਸ ਦੇ ਲਾਗੇ ਪੈਂਦੀ ਹੈ ਉਸ ਨੂੰ ਮਹਾਸਤੀ ਦੇ ਖੇਤ ਕਿਹਾ ਜਾਂਦਾ ਹੈ। ਇਥੇ ਹੀ ਥਿਆੜਾ ਗੋਤ ਨਾਲ ਸਬੰਧਤ 12 ਪਿੰਡਾਂ ਦੇ ਜਠੇਰੇ ਹਨ।

ਇਸ ਪਿੰਡ ਦੀ ਜ਼ਮੀਨ ਦੀਆਂ ਪੰਜ ਢੇਰੀਆਂ ਦੱਸੀਆਂ ਜਾਂਦੀਆਂ ਹਨ ਅਤੇ ਇਕ ਢੇਰੀ ਵਿਚ 100 ਖੇਤ ਹਨ। ਪਹਿਲੀ ਢੇਰੀ ਮਹਿੰਗਾ ਸਿੰਘ ਸਪੁੱਤਰ ਝੰਡੂ ਦੀ ਹੈ। ਦੂਜੀ ਢੇਰੀ ਅਰਜਨ ਸਿੰਘ ਤੇ ਮੀਹਾਂ ਸਿੰਘ ਦੀ ਹੈ। ਤੀਜੀ ਢੇਰੀ ਸਾਂਈ ਤੇ ਭਾਗੇ ਦੀ ਹੈ। ਚੌਥੀ ਢੇਰੀ ਮੇਹਰ ਸਿੰਘ, ਈਸ਼ਰ ਸਿੰਘ ਅਤੇ ਜਗਤ ਸਿੰਘ ਦੀ ਹੈ। ਪੰਜਵੀਂ ਢੇਰੀ ਵਿਚ ਬਾਕੀ ਸਾਰੇ ਪਿੰਡ ਦੇ ਪਰਿਵਾਰਾਂ ਦੀ ਜ਼ਮੀਨ ਹੈ।

ਟੂਰਾ ਪਰਿਵਾਰ

ਟੂਰਾ ਪਰਿਵਾਰ ਸ. ਜਗੀਰ ਸਿੰਘ ਦਾ ਵਸਾਇਆ ਹੋਇਆ ਪਰਿਵਾਰ ਹੈ। ਆਪ ਦੇ ਪਿਤਾ ਦਾ ਨਾਮ ਬਸੀਆ ਤੇ ਮਾਤਾ ਦਾ ਨਾਮ ਕਿੱਸੀ ਸੀ। ਜਗੀਰ ਸਿੰਘ ਦੀ ਧਰਮ ਪਤਨੀ ਦਾ ਨਾਮ ਰਾਮ ਦੇਈ ਸੀ, ਜਿਸ ਦੇ ਪੇਕੇ ਸਾਹਰੀ ਸਨ।

ਇਤਿਹਾਸਕ ਪਿਛੋਕੜ:- ਟੂਰਾ ਪਰਿਵਾਰ ਜਮਾਂਦਰੂ ਤੌਰ ਤੇ ਫਗਵਾੜੇ ਦੇ ਰਹਿਣ ਵਾਲਾ ਹੈ। ਇਸ ਪਰਿਵਾਰ ਦਾ ਇਕ ਵਡੇਰਾ ਫਗਵਾੜੇ ਤੋਂ ਆ ਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਦੇਅੰਤਪੁਰ ਵਿਚ ਰਹਿਣ ਲੱਗਾ। ਹੌਲੀ-ਹੌਲੀ ਪਰਿਵਾਰ ਵੱਡਾ ਹੁੰਦਾ ਗਿਆ। ਰੋਜ਼ੀ ਰੋਟੀ ਦੀ ਤਲਾਸ਼ ਵਿਚ ਉਸ ਦਾ ਲੜਕਾ ਜਗੀਰ ਸਿੰਘ ਪਿੰਡ ਗਗਨੌਲੀ ਵਿਖੇ ਆ ਕੇ ਕੰਮ ਕਰਦਾ ਸੀ। ਉਸ ਸਮੇਂ ਆਵਾਜਾਈ ਦੇ ਸਾਧਨ ਤਾਂ ਨਹੀਂ ਸਨ। ਸਾਰੇ ਲੋਕ ਤੁਰ ਕੇ ਕੰਮਾਂ-ਕਾਰਾਂ 'ਤੇ ਜਾਂਦੇ ਸਨ। ਜਗੀਰ ਸਿੰਘ ਜਦੋਂ ਸ਼ਾਮ ਨੂੰ ਪਿੰਡ ਗਗਨੌਲੀ ਤੋਂ ਆਪਣੇ ਪਿੰਡ ਦੇਅੰਤਪੁਰ ਜਾਂਦਾ ਸੀ ਤਾਂ ਬਹੁਤ ਹਨੇਰਾ ਹੋ ਜਾਂਦਾ ਸੀ। ਜਗੀਰ ਸਿੰਘ ਦੀ ਇਸ ਤਕਲੀਫ ਨੂੰ ਦੇਖਦੇ ਹੋਏ ਪਿੰਡ ਗਗਨੌਲੀ ਦੇ ਥਿਆੜਾ ਪਰਿਵਾਰ ਨੇ ਜਗੀਰ ਸਿੰਘ ਨੂੰ ਪਿੰਡ ਵਿਚ ਵਸਣ ਲਈ ਥਾਂ ਦੇ ਦਿੱਤੀ। ਫਿਰ ਜਗੀਰ ਸਿੰਘ ਨੇ ਆਪਣਾ ਮਕਾਨ ਪਿੰਡ ਗਗਨੌਲੀ ਵਿਖੇ ਬਣਾ ਲਿਆ ਤੇ ਪਰਿਵਾਰ ਸਮੇਤ ਇਥੇ ਰਹਿਣ ਲੱਗਾ। ਉਸ ਸਮੇਂ ਪਿੰਡ ਗਗਨੌਲੀ ਵਿਚ ਕੋਈ ਘਰ ਵੀ ਆਦਿ ਧਰਮੀ ਲੋਕਾਂ ਦਾ ਨਹੀਂ ਸੀ। ਉਸ ਸਮੇਂ ਸਾਡੇ ਵਡਾਰੂ ਆਪਣੇ ਆਪ ਨੂੰ ਰਾਮਦਾਸੀਆ ਸਿੱਖ ਅਖਵਾਉਂਦੇ ਸਨ, ਜਿਨ੍ਹਾਂ ਨੂੰ ਅੱਜ ਰਾਮਦਾਸੀਏ ਸਿੱਖ ਕਿਹਾ ਜਾਂਦਾ ਹੈ। ਪਿੰਡ ਦੇਅੰਤਪੁਰ ਵਿਚ ਵੀ ਟੂਰਾ ਪਰਿਵਾਰ ਰਹਿ ਰਿਹਾ ਹੈ। ਵਿਆਹਾਂ ਸ਼ਾਦੀਆਂ ਤੇ ਦੋਹਾਂ ਪਰਿਵਾਰਾਂ ਦੀ ਆਉਣੀ ਜਾਣੀ ਹੈ। ਜਗੀਰ ਸਿੰਘ ਜਦੋਂ ਸ਼ਾਮ ਨੂੰ ਕੰਮ ਕਰਕੇ ਪਿੰਡ ਗਗਨੌਲੀ ਤੋਂ ਜਾਂਦਾ ਸੀ ਤਾਂ ਸਭ ਤੋਂ ਪਹਿਲਾਂ ਆਪਣੀ ਮਾਤਾ ਦੇ ਪੈਰੀਂ ਹੱਥ ਲਗਾਉਂਦਾ ਸੀ। ਉਸ ਦੀ ਮਾਂ ਖੁਸ਼ ਹੋ ਕੇ ਅਸੀਸਾਂ ਦਿੰਦੀ ਤੇ ਕਹਿੰਦੀ ਹੁੰਦੀ ਸੀ, "ਜਗੀਰ ਸਿਆਂ ਤੇਰੀ ਔਲਾਦ ਦੇ ਖੇੜ੍ਹੇ ਵਸਣ।" ਅੱਜ ਅੱਧ ਤੋਂ ਜ਼ਿਆਦਾ ਪਿੰਡ ਜਗੀਰ ਸਿੰਘ ਦਾ ਵਸਿਆ ਹੋਇਆ ਹੈ। ਮਾਂ ਦੀਆਂ ਅਸੀਸਾਂ ਰੱਬ ਦੀਆਂ ਅਸੀਸਾਂ ਹਨ। ਧੁਰ ਅੰਦਰ ਤੋਂ ਨਿਕਲੀ ਆਵਾਜ਼ ਇਨਸਾਨ ਦੀ ਜ਼ਿੰਦਗੀ ਬਦਲ ਕੇ ਰੱਖ ਦਿੰਦੀ ਹੈ। ਮਾਂ ਦਾ ਲਾਡ-ਪਿਆਰ ਬੱਚੇ ਦਾ ਭਵਿੱਖ ਉਸਾਰ ਦਿੰਦਾ ਹੈ। ਮਾਂ ਇੱਕ ਸੰਘਣੀ ਛਾਂ ਵਾਲਾ ਦਰਖ਼ਤ ਹੈ। ਪ੍ਰੋ. ਮੋਹਨ ਸਿੰਘ ਨੇ ਆਪਣੀ ਰੁਬਾਈ ਵਿਚ ਇਸ ਦਾ ਵਖਿਆਨ ਕੀਤਾ ਹੈ।

"ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਵੇ,
ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆ ਸੁੱਕ ਜਾਂਦੇ,
ਐਪਰ ਫੁੱਲਾਂ ਦੇ ਕੁਮਲਾਇਆ, ਇਹ ਬੂਟਾ ਮੁਰਝਾਵੇ।"

-ਪ੍ਰੋ. ਮੋਹਨ ਸਿੰਘ

ਸੰਸਾਰ ਦੇ ਜਿੰਨੇ ਮਹਾਨ ਵਿਅਕਤੀ ਹੋਏ ਹਨ ਉਨ੍ਹਾਂ ਨੂੰ ਮਹਾਨ ਬਣਾਉਣ ਵਿਚ ਉਨ੍ਹਾਂ ਦੀਆਂ ਮਾਤਾਵਾਂ ਦਾ ਹੱਥ ਸੀ।

"Give me good mother and I shall give you good nation."

-ਰੂਸੋ

ਜਿਨ੍ਹਾਂ ਇਨਸਾਨਾਂ ਨੇ ਜਿਊਂਦੇ ਜੀਅ ਮਾਂ-ਬਾਪ ਦੀ ਸੇਵਾ ਕੀਤੀ ਹੈ ਉਨ੍ਹਾਂ ਦਾ ਪਿਆਰ ਹਮੇਸ਼ਾ ਆਪਣੇ ਬੱਚਿਆਂ 'ਤੇ ਰਹੇਗਾ।

ਇਸ ਫੋਟੋ ਵਿਚ ਮਾਂ ਦਿਸਦੀ ਹੈ ਤਿੱਖੀ ਧੁੱਪ ਵਿਚ ਛਾਂ ਦਿੱਸਦੀ ਹੈ
ਜਿਥੇ ਬੈਠ ਬਣਾਇਆ ਰੱਬ ਨੇ, ਰੱਬ ਤੋਂ ਉੱਚੀ ਥਾਂ ਦਿਸਦੀ ਹੈ।

ਹੋਰ ਬਹੁਤ ਸਾਰੇ ਲੇਖਕਾਂ ਨੇ ਇਸ ਸਬੰਧੀ ਬਹੁਤ ਕੁਝ ਕਿਹਾ ਹੈ ਸੋ ਜਿੰਨਾ ਹੋ ਸਕੇ ਮਾਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਜਗੀਰ ਸਿੰਘ ਦਾ ਵੰਸ਼-ਪੀੜੀ ਦਰ ਪੀੜੀ

ਜਗੀਰ ਸਿੰਘ ਦੇ ਛੇ ਲੜਕੇ ਸਨ- ਮਾਨਾ, ਲੱਭੂ, ਬੁੱਲੂ, ਸੁਰਜਨ ਸਿੰਘ, ਹਰੀਆ ਤੇ ਅਰਜਨ ਸਿੰਘ। ਹਰੀਆ ਨੇ ਸ਼ਾਦੀ ਨਹੀਂ ਕਰਾਈ ਸੀ। ਬਾਕੀ ਲੜਕਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਮਾਨਾ:- ਆਪ ਦੀ ਧਰਮ ਪਤਨੀ ਦਾ ਨਾਮ ਰੱਤੋ ਸੀ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਗੰਗੀ ਤੇ ਰਾਉ ਸਨ। ਇਸ ਤੋਂ ਇਲਾਵਾ ਚਾਰ ਲੜਕੇ- ਬੇਲਾ ਸਿੰਘ ਬੇਲੀ, ਬਤਨ ਸਿੰਘ, ਰੱਖਾ ਸਿੰਘ ਤੇ ਲਛਮਣ ਸਿੰਘ।

ਲੜਕੀਆਂ:- ਗੰਗੀ: ਇਸ ਦੇ ਪਤੀ ਦਾ ਨਾਮ ਮੁਣਸ਼ੀ ਤੇ ਸਹੁਰੇ ਪਿੰਡ ਬੈਂਸਾਂ ਸਨ। ਮੁਣਸ਼ੀ ਨੂੰ ਆਮ ਕਰਕੇ ਮੁਣਸ਼ੀ ਬੈਂਸ ਕਹਿ ਕੇ ਦੱਸਿਆ ਜਾਂਦਾ ਸੀ। ਸਾਰੇ ਉਸ ਨੂੰ ਫੁੱਫੜ ਬੈਂਸ ਕਹਿ ਕੇ ਬੁਲਾਉਂਦੇ ਸਨ। ਆਪ ਦਾ ਕੱਦ ਲੰਬਾ ਤੇ ਸਫੈਦ ਦਾਹੜਾ ਸੀ। ਆਪ ਗੁਰਬਾਣੀ ਤੇ ਹੋਰ ਕਿਸੇ ਰਚਨਾ ਨੂੰ ਬਹੁਤ ਰਹਾ ਵਿਚ ਪੜ੍ਹਦੇ ਸਨ। ਆਪ ਦਰਜ਼ੀ ਦੇ ਕੰਮ ਦੇ ਮਾਹਰ ਸਨ। ਇਸ ਦੇ ਨਾਲ ਦੇਸੀ ਜੁੱਤੀ ਵੀ ਬਣਾਉਂਦੇ ਸਨ। ਭੂਆ ਗੰਗੀ ਸਾਡੀ ਸੁਰਤ ਵਿਚ ਪਿੰਡ ਗਗਨੌਲੀ ਹੀ ਰਹੀ ਹੈ। ਮੁਣਸ਼ੀ ਬੈਂਸ ਨੇ ਆਪਣੇ ਭਰਾ ਦੀ ਲੜਕੀ ਸਵਰਨ ਕੌਰ ਨੂੰ ਗੋਦ ਲਿਆ ਸੀ। ਉਸ ਦੀ ਸ਼ਾਦੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾਦੋਵਾਲ ਕੀਤੀ ਸੀ, ਜਿਸ ਦੇ ਪਤੀ ਦਾ ਨਾਮ ਜਗਤ ਸਿੰਘ ਹੈ। ਇਨ੍ਹਾਂ ਦਾ ਇਕ ਲੜਕਾ ਅਮਰੀਕ ਸਿੰਘ ਜੋ ਪਰਿਵਾਰ ਵਾਲਾ ਹੈ। ਮੁਣਸ਼ੀ ਬੈਂਸ ਆਪਣੀ ਧੀ ਦੇ ਨਾਲ ਕਈ ਸਾਲ ਬੀਕਾਨੇਰ ਰਿਹਾ ਫਿਰ ਉਹ ਪੱਕੇ ਤੌਰ ਤੇ ਪਿੰਡ ਬਾਦੋਵਾਲ ਆ ਗਏ। ਮੁਣਸ਼ੀ ਬੈਂਸ ਡੇਰਾ ਬਿਆਸ ਦਾ ਸ਼ਰਧਾਲੂ ਸੀ। ਅਚਾਨਕ ਉਨ੍ਹਾਂ ਦਾ ਪੈਰ ਤਿਲਕ ਗਿਆ ਤੇ ਗੋਡੇ 'ਤੇ ਸੱਟ ਲੱਗ ਗਈ। ਪਿੰਡ ਗਗਨੌਲੀ ਵਾਲਿਆਂ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਦੀ ਮੌਤ ਉਨ੍ਹਾਂ ਦੀ ਲੜਕੀ ਸਵਰਨ ਕੌਰ ਦੇ ਕੋਲ 12-05-73 ਨੂੰ ਪਿੰਡ

ਬਾਦੋਵਾਲ ਵਿਖੇ ਹੀ ਹੋਈ ਹੈ। ਉਨ੍ਹਾਂ ਦਾ ਦਾਮਾਦ ਜਗਤ ਸਿੰਘ ਪਿੰਡ ਗਗਨੌਲੀ ਆਉਂਦਾ ਜਾਂਦਾ ਹੈ।

ਦੂਜੀ ਲੜਕੀ ਰਾਓ:- ਰਾਓ ਦੇ ਪਤੀ ਦਾ ਨਾਮ ਨਾਮਾ ਸੀ ਤੇ ਸਹੁਰੇ ਜ਼ਿਲ੍ਹਾ ਜਲੰਧਰ ਦੇ ਮੁਹੱਲਾ ਆਬਾਦਪੁਰਾ ਵਿਚ ਸਨ। ਨਾਮੇ ਦਾ ਲੜਕਾ ਜਾਗਰ ਸਿੰਘ ਸੀ ਜਿਸ ਦਾ ਲੜਕਾ ਨਿਰਮਲ ਸਿੰਘ ਜੱਜ ਬਣਿਆ ਹੈ।

ਮਾਨਾ ਦੇ ਲੜਕੇ:- ਬੇਲਾ ਸਿੰਘ, ਰੱਖਾ ਸਿੰਘ ਤੇ ਲਛਮਣ ਸਿੰਘ।

ਬੇਲਾ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਪਰਤਾਪੀ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਹਿੰਗਰੋਵਾਲ ਸਨ।

ਵੰਸ਼:- ਬੇਲਾ ਸਿੰਘ ਦੀਆਂ ਦੋ ਲੜਕੀਆਂ- ਕਰਮ ਕੌਰ ਤੇ ਧਰਮ ਕੌਰ ਹਨ।

ਆਪ ਦੇ ਛੇ ਲੜਕੇ ਸਨ ਜਿਨ੍ਹਾਂ ਦੇ ਨਾਮ ਕ੍ਰਮਵਾਰ- ਅਮਰ ਸਿੰਘ, ਮੰਗਲ ਸਿੰਘ, ਕਰਮ ਸਿੰਘ, ਧਰਮ ਸਿੰਘ, ਸਵਰਨ ਸਿੰਘ ਤੇ ਪ੍ਰਕਾਸ਼ ਸਿੰਘ ਹਨ।

ਲੜਕੀਆਂ:- ਕਰਮ ਕੌਰ ਦੇ ਪਤੀ ਦਾ ਨਾਮ ਅਰਜਨ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚਲੁੱਪਰ ਹਨ। ਅਰਜਨ ਸਿੰਘ ਸਾਬਕਾ ਫੌਜੀ ਹੈ। ਕਰਮ ਕੌਰ ਦੀਆਂ ਚਾਰ ਲੜਕੀਆਂ ਤੇ ਦੋ ਲੜਕੇ- ਨਰਿੰਦਰ ਸਿੰਘ ਤੇ ਇੰਦਰਜੀਤ ਸਿੰਘ ਹਨ।

ਧਰਮ ਕੌਰ:- ਆਪ ਦੇ ਪਤੀ ਦਾ ਨਾਮ ਮਲੂਕ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੰਬੇਲੀ ਹਨ। ਆਪ ਦੇ ਵੰਸ਼ ਵਿਚ ਦੋ ਲੜਕੇ ਕਿਸ਼ਨ ਸਿੰਘ ਤੇ ਚਰਨਜੀਤ ਸਿੰਘ ਹਨ। ਦੋ ਲੜਕੀਆਂ ਗੁਰਦੀਪ ਕੌਰ ਤੇ ਅਮਰਜੀਤ ਕੌਰ ਹਨ। ਧਰਮ ਕੌਰ ਬਾਬਾ ਈਸ਼ਰ ਦਾਸ ਕਾਹਰੀ ਵਾਲਿਆਂ ਦੇ ਸਾਲਾਨਾ ਮੇਲੇ 'ਤੇ ਜ਼ਰੂਰ ਆਉਂਦੀ ਹੈ ਕਿਉਂਕਿ ਆਪ ਦੇ ਮਾਤਾ ਪਿਤਾ ਬਾਬਾ ਈਸ਼ਰਦਾਸ ਦੇ ਸ਼ਰਧਾਲੂ ਸਨ। ਇਸ ਸਮੇਂ ਬੇਲਾ ਸਿੰਘ ਦੇ ਪਰਿਵਾਰ ਵਿਚ ਧਰਮ ਸਿੰਘ ਤੇ ਲੜਕੀ ਧਰਮ ਕੌਰ ਜੀਵਤ ਹਨ ਬਾਕੀ ਭਰਾ ਪ੍ਰਮਾਤਮਾ ਨੂੰ ਪਿਆਰੇ ਹੋ ਗਏ ਹਨ।

ਲੜਕਿਆਂ ਦਾ ਵੇਰਵਾ

1. **ਅਮਰ ਸਿੰਘ**:- ਆਪ ਨੂੰ ਆਮ ਕਰਕੇ ਅਮਰੂ ਬਾਵਾ ਕਹਿ ਕੇ ਬੁਲਾਇਆ ਜਾਂਦਾ ਸੀ ਆਪ ਦੀ ਸ਼ਾਦੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੱਕ ਰਾਜੂ ਸਿੰਘ ਵਿਖੇ ਹੋਈ ਸੀ। ਆਪ ਦੀ ਘਰਵਾਲੀ ਥੋੜ੍ਹਾ ਸਮਾਂ ਵਸ ਕੇ ਚਲੀ ਗਈ ਸੀ। ਆਪ ਦੀ ਕੋਈ ਸੰਤਾਨ ਨਹੀਂ ਸੀ। ਅਮਰ ਸਿੰਘ ਦੇ ਭਰਾ ਜਦੋਂ ਫੌਜ ਵਿਚ ਸਨ ਤਾਂ ਆਪ ਆਪਣੇ ਪਿਤਾ ਪੁਰਖੀ ਮਕਾਨ ਵਿਚ ਰਹਿੰਦਾ ਰਿਹਾ। ਕਈ ਸਾਲ ਆਪ ਲਾਗਲੇ ਪਿੰਡ ਪੰਡੋਰੀ ਰੁਕਮਾਨ ਵਿਖੇ ਪੀਰਾਂ ਦੀ ਖਾਨਗਾਹ ਸ਼ਾਹ ਚੌਖੇ ਰਹੇ। ਫਿਰ ਆਪਣੇ ਪਿੰਡ ਆ ਗਏ। ਆਪ ਨੇ ਆਪਣੀ ਛੰਨ ਖੂਹ ਦੇ ਕੋਲ ਬਣਾ ਲਈ, ਜਿਸ ਵਿਚ ਬਾਕੀ ਦਾ ਸਮਾਂ ਪਾਸ ਕੀਤਾ। ਆਪ ਮਜ਼ਦੂਰੀ ਨਹੀਂ ਕਰਦੇ ਸਨ। ਆਪ ਨੂੰ ਅਸੀਂ ਦਾਤਣਾਂ ਵੇਚਦੇ ਦੇਖਿਆ ਹੈ। ਆਪ ਰੋਜ਼ ਫਲਾਹ-ਕਿੱਕਰ ਦੀਆਂ ਦਾਤਣਾਂ ਵੱਢ ਕੇ ਨਸਰਾਲਾ ਸਟੇਸ਼ਨ ਤੋਂ ਰੇਲ ਗੱਡੀ ਰਾਹੀਂ

ਹੁਸ਼ਿਆਰਪੁਰ ਜਾਂਦੇ ਸਨ। ਆਪ ਦਾ ਸੁਭਾਅ ਕੁਝ ਸਖ਼ਤ ਸੀ। ਸਿਆਲ ਰੁੱਤੇ ਆਪ ਨੇ ਛੰਨ ਵਿਚ ਅੱਗ ਬਾਲ਼ੀ ਹੁੰਦੀ ਸੀ, ਜਿਸ ਦੀਆਂ ਲਾਟਾਂ ਉੱਚੀਆਂ ਹੁੰਦੀਆਂ ਸਨ ਪਰ ਅੱਗ ਦੀਆਂ ਲਾਟਾਂ ਨੇ ਕਦੇ ਛੰਨ ਦਾ ਨੁਕਸਾਨ ਨਹੀਂ ਕੀਤਾ। ਬੁਢਾਪੇ ਵਿਚ ਆਪ ਦੀ ਸੇਵਾ ਸੰਭਾਲ ਸੰਸਾਰ ਸਿੰਘ ਸਪੁੱਤਰ ਸੁਖਦੇਵ ਸਿੰਘ ਤੇ ਉਨ੍ਹਾਂ ਦੀ ਨੂੰਹ ਸਤਨਾਮ ਕੌਰ ਨੇ ਕੀਤੀ। ਆਪ ਦੇ ਚੂਲ਼ੇ 'ਤੇ ਸੱਟ ਲੱਗ ਗਈ ਸੀ। ਆਪ ਬੈਠ ਕੇ ਤੁਰਦੇ ਸਨ। ਆਪ ਦੇ ਮਾਤਾ ਪਿਤਾ ਬਾਬਾ ਈਸ਼ਰ ਦਾਸ ਕਾਹਰੀ ਦੇ ਸ਼ਰਧਾਲੂ ਸਨ। ਉਹ ਦਿਨ ਰਾਤ ਬਾਬਾ ਈਸ਼ਰ ਦਾਸ ਦੇ ਡੇਰੇ ਵਿਚ ਸੇਵਾ ਕਰਦੇ ਸਨ। ਆਪ ਦੀ ਮਾਤਾ ਪਰਤਾਪੀ ਹੱਥ ਦੀ ਸਖੀ ਸੀ ਦੱਸਿਆ ਜਾਂਦਾ ਹੈ ਕਿ ਕੋਈ ਵੀ ਚੀਜ਼ ਹੋਵੇ ਉਹ ਵੰਡ ਕੇ ਖਾਂਦੀ ਸੀ। ਆਪ ਨੇ ਅੰਤਮ ਸਮੇਂ ਬਾਬਾ ਈਸ਼ਰ ਦਾਸ ਦੇ ਡੇਰੇ ਜਾ ਕੇ ਤਲਾਬ ਵਿਚ ਇਸ਼ਨਾਨ ਕੀਤਾ। ਆਪ ਨੂੰ ਗੱਡੇ 'ਤੇ ਬੈਠਾ ਕਰ ਲੈ ਗਏ ਸਨ। ਆਪ ਦੀ ਮੌਤ 8-4-1989 ਦਿਨ ਸ਼ਨਿੱਚਰਵਾਰ ਸ਼ਾਮ ਨੂੰ 5.00 ਵਜੇ ਹੋਈ। ਦਿਨ ਐਤਵਾਰ ਨੂੰ ਆਪ ਦਾ ਸਸਕਾਰ ਕੀਤਾ ਗਿਆ। ਆਪ ਨੂੰ ਬੁਢਾਪਾ ਪੈਨਸ਼ਨ ਵੀ ਮਿਲਦੀ ਸੀ। ਆਪ ਨੂੰ ਥੋੜ੍ਹੀ ਅਮਲ ਦੀ ਲਤ ਲੱਗੀ ਹੋਈ ਸੀ। ਰਾਤ ਨੂੰ ਉਹ ਆਪਣੇ ਘਰਾਂ ਦੀ ਪੂਰੀ ਚੌਕਸੀ ਰੱਖਦਾ ਸੀ ਜੇ ਕੋਈ ਪਸ਼ੂ ਰਾਤ ਨੂੰ ਖੁੱਲ੍ਹ ਜਾਵੇ ਤਾਂ ਇਕਦਮ ਜਾਗ ਪੈਂਦਾ ਸੀ। ਬਾਵਾ ਅਮਰ ਸਿੰਘ ਦਾ ਸੁਭਾਅ ਕੁਝ ਗਰਮ ਸੀ।

2. ਮੰਗਲ ਸਿੰਘ:- ਮੰਗਲ ਸਿੰਘ ਸਰੀਰਕ ਤੌਰ ਤੇ ਬਹੁਤ ਤਕੜਾ ਸੀ। ਆਪਣੀ ਜਵਾਨੀ ਦਾ ਜ਼ਿਆਦਾ ਸਮਾਂ ਆਪ ਨੇ ਆਪਣੀ ਭੈਣ ਦੇ ਪਿੰਡ ਚਲੁੱਪਰ ਤੇ ਨੇੜੇ ਦੇ ਪਿੰਡ ਜੰਡੀ ਵਿਖੇ ਬਿਤਾਇਆ ਹੈ। ਆਪ ਪਿੰਡ ਚਲੁੱਪਰ ਵਿਚ ਕਿਸੇ ਪਰਿਵਾਰ ਨਾਲ ਖੇਤੀ ਕਰਵਾਉਂਦੇ ਸਨ। ਇਸ ਤੋਂ ਇਲਾਵਾ ਆਪ ਮੇਰੇ ਭਾਈ ਨਿਰਮਲ ਸਿੰਘ ਦੇ ਸਹੁਰਾ ਸਾਹਿਬ ਰਾਮ ਲੋਕ ਦੇ ਨਾਲ ਮਹਾਂਰਾਸ਼ਟਰ ਦੇ ਸ਼ਹਿਰ ਨਾਗਪੁਰ ਵਿਖੇ ਭੱਠੇ 'ਤੇ ਜਾਂਦੇ ਸਨ। ਰਾਮ ਲੋਕ ਭੱਠੇ 'ਤੇ ਮੁਨਸ਼ੀ ਦਾ ਕੰਮ ਕਰਦਾ ਸੀ। ਉਸ ਨਾਲ ਹੋਰ ਕਈ ਪਿੰਡਾਂ ਦੇ ਲੋਕ ਵੀ ਭੱਠੇ 'ਤੇ ਜਾਂਦੇ ਸਨ। ਕਈ ਵਾਰ ਆਪ ਖਾਨਪੁਰ ਦੇ ਸ਼ਾਹਾਂ ਦੇ ਕੋਲ ਵੀ ਕੰਮ ਕਰਦੇ ਰਹੇ। ਜਦੋਂ ਸਰੀਰ ਸਿਆਣਾ ਹੋ ਗਿਆ ਤਾਂ ਆਪ ਪਿੰਡ ਗਗਨੌਲੀ ਵਿਖੇ ਸ. ਮੇਹਰ ਸਿੰਘ ਦੇ ਪਰਿਵਾਰ ਨਾਲ ਖੇਤੀ ਦਾ ਕੰਮ ਕਰਾਉਂਦੇ ਰਹੇ। ਜਦੋਂ ਆਪ ਦੀ ਸਿਹਤ ਕੁਝ ਖਰਾਬ ਹੋ ਗਈ ਤਾਂ ਆਪ ਆਪਣੀ ਭਤੀਜੀ ਰਣਜੀਤ ਕੌਰ ਉਰਫ ਰਾਣੀ ਦੇ ਕੋਲ ਆ ਗਏ। ਉਨ੍ਹਾਂ ਦੇ ਦਾਮਾਦ ਹਰਜਾਪ ਸਿੰਘ ਨੇ ਕੁਝ ਦਿਨ ਆਪ ਦੀ ਸੇਵਾ ਕੀਤੀ। ਆਪ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 25-8-1996 ਦਿਨ ਐਤਵਾਰ ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ।

3. ਕਰਮ ਸਿੰਘ:- ਕਰਮ ਸਿੰਘ ਦੀ ਸ਼ਾਦੀ ਰਾਪੁਰ ਹੋਈ ਸੀ। ਪਰ ਅਜੇ ਆਪ ਦਾ ਮੁਕਲਾਵਾ ਨਹੀਂ ਆਇਆ ਸੀ। ਪਰ ਆਪ ਭਰ ਜਵਾਨੀ ਵਿਚ ਸੁਰਗਵਾਸ ਹੋ ਗਏ।

4. ਧਰਮ ਸਿੰਘ:- ਧਰਮ ਸਿੰਘ ਦੀ ਧਰਮ ਪਤਨੀ ਦਾ ਨਾਮ ਮਹਿੰਦਰ ਕੌਰ ਹੈ ਜਿਸ ਦੇ ਪੇਕੇ ਫਗਵਾੜੇ ਹਨ। ਧਰਮ ਸਿੰਘ ਨੇ ਦੱਸਿਆ ਕਿ ਮੇਰਾ ਵਿਆਹ 1952 ਈ:

ਵਿਚ ਹੋਇਆ ਸੀ ਤੇ ਮੈਂ ਉਜਾਗਰ ਸਿੰਘ ਦਾ ਹਾਣੀ ਹਾਂ। ਧਰਮ ਸਿੰਘ ਪਰਿਵਾਰ ਸਮੇਤ ਇਸ ਸਮੇਂ ਭੁੱਲਾਰਾਈ ਨੇੜੇ ਫਗਵਾੜਾ ਬਾਈਪਾਸ ਦੇ ਪਾਸ ਪਰਿਵਾਰ ਸਮੇਤ ਰਹਿ ਰਿਹਾ ਹੈ। ਮੈਂ ਆਪ ਦੇ ਨਾਲ ਮਿਤੀ 24-10-2014 ਦਿਨ ਸ਼ੁੱਕਰਵਾਰ ਮੁਲਾਕਾਤ ਕੀਤੀ, ਜਿਥੇ ਆਪ ਨੇ ਆਪਣੇ ਪਰਿਵਾਰਕ ਵੇਰਵੇ ਦੱਸੇ, ਉੱਥੇ ਆਪ ਨੇ ਹੋਰ ਸਾਥੀਆਂ ਦੇ ਬਾਰੇ ਵੀ ਦੱਸਿਆ ਹੈ।

ਜਨਮ:- ਆਪ ਦੇ ਦੱਸਣ ਮੁਤਾਬਕ ਆਪ ਦਾ ਜਨਮ 1926 ਈ: ਦਾ ਹੈ। ਆਪ ਦੂਜੀ ਸੰਸਾਰ ਜੰਗ (1939-1945) ਵਿਚ ਮਿਤੀ 16-12-1941 ਨੂੰ ਭਰਤੀ ਹੋਏ ਅਤੇ ਮਿਤੀ 20-2-1947 ਨੂੰ ਸੇਵਾਮੁਕਤ ਹੋਏ ਆਪ ਦਾ ਫੌਜ ਦਾ ਨੰਬਰ 52030 ਹੈ। ਧਰਮ ਸਿੰਘ ਨੇ ਇਹ ਵੀ ਦੱਸਿਆ ਉਸ ਸਮੇਂ ਮੇਰੀ ਤਨਖਾਹ 15 ਰੁ: ਪ੍ਰਤੀ ਮਹੀਨਾ ਸੀ। ਦਸ ਰੁਪਏ ਮੈਂ ਘਰ ਨੂੰ ਭੇਜਦਾ ਸੀ ਤੇ ਪੰਜ ਰੁ: ਆਪਣੇ ਖਰਚ ਵਾਸਤੇ ਕੋਲ ਰੱਖਦਾ ਸੀ। ਆਪ ਡੇਰਾ ਬਿਆਸ ਦੇ ਸ਼ਰਧਾਲੂ ਹਨ। ਆਪ ਨੂੰ 1942 ਈ: ਵਿਚ ਬਾਬਾ ਸਾਵਣ ਸਿੰਘ ਤੋਂ ਨਾਮ ਦਾਨ ਦੀ ਬਖਸ਼ਿਸ਼ ਹੋਈ ਹੈ। ਆਪ ਚਾਰ ਨੰਬਰ ਬਟਾਲੀਅਨ ਵਿੱਚ ਸਨ। ਪਿੰਡ ਦੇ ਹੋਰ ਸਾਥੀ ਭਗਤ ਸਿੰਘ, ਕਰਤਾਰ ਸਿੰਘ, ਸ਼ੰਕਰ ਸਿੰਘ, ਹਜ਼ਾਰਾ ਸਿੰਘ ਤੇ ਮੇਲਾ ਸਿੰਘ ਇਕ ਨੰਬਰ ਬਟਾਲੀਅਨ ਵਿਚ ਸਨ। ਇਸ ਦਾ ਪਹਿਲਾ ਡੀਪੂ ਲਾਹੌਰ ਸੀ ਫਿਰ ਬਦਲ ਕੇ ਸਿਆਲਕੋਟ ਆ ਗਿਆ। ਇਸ ਨੂੰ ਸਿਆਲਕੋਟ ਪਲਟਨ ਵੀ ਕਹਿੰਦੇ ਸਨ। ਧਰਮ ਸਿੰਘ ਨੇ ਦੱਸਿਆ ਕਿ ਮੈਂ ਇਰਾਨ, ਈਰਾਕ, ਬਸਰਾ, ਬਗਦਾਦ ਤੇ ਰੂਸ ਦੇ ਬਾਰਡਰ ਤੱਕ ਫੌਜ ਵਿਚ ਨੌਕਰੀ ਕੀਤੀ ਹੈ।

ਕੁਰੂਕਸ਼ੇਤਰ:- ਧਰਮ ਸਿੰਘ ਨੇ ਦੱਸਿਆ ਕਿ ਘਰ ਵਿਚ ਬਹੁਤ ਗਰੀਬੀ ਸੀ। ਬੜਾ ਭਰਾ ਅਮਰ ਸਿੰਘ ਖੂਹ ਵਿਚ ਡਿੱਗ ਪਿਆ ਸੀ, ਜਿਸ ਕਰਕੇ ਉਸ ਦੇ ਸਿਰ ਵਿਚ ਬਹੁਤ ਸੱਟਾਂ ਲੱਗ ਗਈਆਂ। ਇਸ ਨੂੰ ਛੇ ਮਹੀਨੇ ਹਸਪਤਾਲ ਵਿਚ ਰੱਖਿਆ ਗਿਆ। ਮੈਂ ਫੌਜ ਵਿਚੋਂ ਪੈਨਸ਼ਨ ਆ ਕੇ ਰੋਜ਼ਗਾਰ ਦੀ ਭਾਲ ਵਿਚ ਕੁਰੂਕਸ਼ੇਤਰ ਦੇ ਵਿਚ ਭੇਵਾ ਵਿਖੇ ਆ ਕੇ ਪਰਿਵਾਰ ਸਮੇਤ ਰਹਿਣ ਲੱਗਾ।

ਭੁਲਾਰਾਈ:- ਧਰਮ ਸਿੰਘ 1981 ਈ: ਵਿਚ ਭੇਵਾ ਤੋਂ ਭੁਲਾਰਾਈ ਫਗਵਾੜੇ ਦੇ ਲਾਗੇ ਆ ਕੇ ਰਹਿਣ ਲੱਗ ਪਿਆ। ਇਸ ਪਿੰਡ ਵਿਚ ਆਪ ਨੇ ਬਣੇ ਬਣਾਏ ਮਕਾਨ ਮੁੱਲ ਲੈ ਲਏ ਜੋ ਚੰਗੀ ਹਾਲਤ ਦੇ ਹਨ। ਆਪ ਨੂੰ ਪੈਨਸ਼ਨ ਸਟੇਟ ਬੈਂਕ ਆਫ਼ ਇੰਡੀਆ ਮੇਨ ਬਰਾਂਚ ਹੁਸ਼ਿਆਰਪੁਰ ਤੋਂ ਮਿਲਦੀ ਹੈ।

ਵੰਸ਼:- ਧਰਮ ਸਿੰਘ ਬਹੁਤ ਵੱਡੇ ਪਰਿਵਾਰ ਵਾਲਾ ਹੈ। ਆਪ ਦੇ ਵੰਸ਼ ਵਿਚ ਚਾਰ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ:- ਜਰਨੈਲ ਸਿੰਘ, ਸਤਨਾਮ ਸਿੰਘ, ਸਰਬਜੀਤ ਸਿੰਘ ਤੇ ਰਵਿੰਦਰ ਸਿੰਘ ਹੈ।

ਲੜਕੀਆਂ:- ਨਿਰਮਲ ਕੌਰ ਤੇ ਰਜਿੰਦਰ ਕੌਰ ਹਨ।

1. **ਜਰਨੈਲ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਕੁਲਵਿੰਦਰ ਕੌਰ ਹੈ

ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਅਜਨੋਹੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਹਰਕੰਵਲ ਸਿੰਘ, ਸਿਮਰਤ ਪਾਲ ਸਿੰਘ ਤੇ ਲੜਕੀ ਜਸਮੀਨ ਕੌਰ ਹਨ। ਜਰਨੈਲ ਸਿੰਘ ਦਾ ਵੱਡਾ ਲੜਕਾ ਹਰਕੰਵਲ ਸਿੰਘ ਸ਼ਾਦੀਸ਼ੁਦਾ ਹੈ ਜਿਸ ਦੀ ਧਰਮ ਪਤਨੀ ਦਾ ਨਾਮ ਮੀਨਾ ਕੁਮਾਰੀ ਹੈ।

2. **ਸਤਨਾਮ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਬਲਵਿੰਦਰ ਕੌਰ ਹੈ ਜਿਸ ਦੇ ਪੇਕੇ ਭੇਵਾ ਕੁਰੂਕਸ਼ੇਤਰ ਵਿਖੇ ਹਨ।

ਵੰਸ਼:- ਸਤਨਾਮ ਸਿੰਘ ਦੇ ਵੰਸ਼ ਵਿਚ ਇਕ ਲੜਕਾ ਤੇ ਦੋ ਲੜਕੀਆਂ ਹਨ।

ਲੜਕਾ: ਗੁਰਵਿੰਦਰ ਸਿੰਘ

ਲੜਕੀਆਂ: 1. **ਰਾਜਵਿੰਦਰ ਕੌਰ**:- ਆਪ ਦੇ ਪਤੀ ਦਾ ਨਾਮ ਸੁਖਵਿੰਦਰ ਸਿੰਘ ਹੈ ਜਿਸ ਦੇ ਪੇਕੇ ਐਸ.ਡੀ. ਕਾਲਜ ਹੁਸ਼ਿਆਰਪੁਰ ਦੇ ਨਜ਼ਦੀਕ ਹਨ।

2. **ਪਰਵਿੰਦਰ ਕੌਰ**:- ਆਪ ਦੇ ਪਤੀ ਦਾ ਨਾਮ ਗੁਲਜੀਤ ਸਿੰਘ ਹੈ ਤੇ ਸਹੁਰੇ ਪਿੰਡ ਤੱਲਣ ਜ਼ਿਲ੍ਹਾ ਜਲੰਧਰ ਹਨ।

3. **ਸਰਬਜੀਤ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਦਲਜੀਤ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਬੁਲੰਦਪੁਰ ਹਨ।

ਵੰਸ਼:- ਇਕ ਲੜਕਾ ਤੇ ਦੋ ਲੜਕੀਆਂ ਹਨ।

ਲੜਕਾ: ਨਰਿੰਦਰ ਸਿੰਘ

ਲੜਕੀਆਂ: ਨਵਜੋਤ ਕੌਰ ਤੇ ਨਵਦੀਪ ਕੌਰ ਹਨ।

4. **ਰਵਿੰਦਰ ਸਿੰਘ**:- ਰਵਿੰਦਰ ਸਿੰਘ ਦੀ ਧਰਮ ਪਤਨੀ ਦਾ ਨਾਮ ਨੀਲਮ ਕੁਮਾਰੀ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਬੁਲੰਦਪੁਰ ਹਨ। ਧਰਮ ਸਿੰਘ ਦੇ ਦੋਵੇਂ ਬੇਟੇ ਇਕ ਹੀ ਪਰਿਵਾਰ ਵਿਚ ਵਿਆਹੇ ਹੋਏ ਹਨ। ਰਵਿੰਦਰ ਸਿੰਘ ਦਸ ਸਾਲ ਤੋਂ ਸਪੇਨ ਵਿਚ ਪੱਕੇ ਤੌਰ ਤੇ ਰਹਿ ਰਿਹਾ ਹੈ।

ਵੰਸ਼:-ਇਕ ਲੜਕਾ ਤੇ ਦੋ ਲੜਕੀਆਂ ਹਨ।

ਲੜਕਾ: ਦਵਿੰਦਰ ਸਿੰਘ

ਲੜਕੀਆਂ: ਸੁਖਮਨਪ੍ਰੀਤ ਕੌਰ ਤੇ ਗੁਰਪ੍ਰੀਤ ਕੌਰ ਹਨ।

ਧਰਮ ਸਿੰਘ ਦੀਆਂ ਲੜਕੀਆਂ

1. **ਨਿਰਮਲ ਕੌਰ**:- ਆਪ ਦੇ ਪਤੀ ਦਾ ਨਾਮ ਓਮ ਪ੍ਰਕਾਸ਼ ਭੱਟ ਹੈ ਤੇ ਸਹੁਰੇ ਨਵਾਂ ਸ਼ਹਿਰ ਹਨ।

ਵੰਸ਼:- ਦੋ ਲੜਕੇ ਪਰਮਿੰਦਰ ਸਿੰਘ ਤੇ ਕੁਲਦੀਪ ਸਿੰਘ ਹਨ।

2. **ਰਜਿੰਦਰ ਕੌਰ**:- ਆਪ ਦੇ ਪਤੀ ਦਾ ਨਾਮ ਜਸਵਿੰਦਰ ਸਿੰਘ ਤੇ ਸਹੁਰੇ ਭੋਗਪੁਰ ਦੇ ਮੁਹੱਲਾ ਜੱਲੋਵਾਲ ਹਨ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੇ ਹੇਠ ਲਿਖੇ ਹਨ:

ਸਿਮਰਤਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਕਰਮਪਾਲ ਸਿੰਘ ਹਨ।

ਨੋਟ:- ਉਪਰੋਕਤ ਸਾਰੇ ਵੇਰਵੇ ਧਰਮ ਸਿੰਘ ਦੇ ਪਰਿਵਾਰ ਦੇ ਹਨ। ਧਰਮ ਸਿੰਘ ਦੀ ਹੁਣ ਉਮਰ 92 ਸਾਲ ਹੈ। ਆਪ ਦੀ ਨਜ਼ਰ ਵੀ ਕੁਝ ਕਮਜ਼ੋਰ ਹੈ ਤੇ ਉੱਚਾ ਸੁਣਾਈ ਦਿੰਦਾ ਹੈ। ਇਹ ਵੇਰਵੇ ਲਿਖਵਾਉਣ ਵਿਚ ਆਪ ਦੀ ਧਰਮ ਪਤਨੀ ਮਹਿੰਦਰ ਕੌਰ ਨੇ ਮੱਦਦ ਕੀਤੀ ਹੈ। ਆਪ ਦੇ ਸਾਰੇ ਭੈਣ-ਭਰਾਵਾਂ ਦਾ ਕੱਦ ਬਹੁਤ ਲੰਬਾ ਹੈ।

5. **ਸਵਰਨ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਜਸਵਿੰਦਰ ਕੌਰ ਹੈ ਜਿਸ ਦੇ ਪੇਕੇ ਨਵਾਂ ਸ਼ਹਿਰ ਦੇ ਕੋਲ ਪਿੰਡ ਕਰਿਆਮ ਹਨ। ਧਰਮ ਸਿੰਘ ਦੀ ਧਰਮ ਪਤਨੀ ਮਹਿੰਦਰ ਕੌਰ ਨੇ ਦੱਸਿਆ ਕਿ ਇਹ ਰਿਸ਼ਤਾ ਮੈਂ ਆਪ ਕਰਵਾਇਆ ਹੈ। ਜਿਸ ਦਿਨ ਸਵਰਨ ਸਿੰਘ ਨੂੰ ਵਿਆਹ ਕੇ ਮਹਿਮਾਨ ਘਰ ਆਏ ਸਨ ਤਾਂ ਹਲਕਾ-ਹਲਕਾ ਮੀਂਹ ਪੈ ਰਿਹਾ ਸੀ। ਉਸ ਸਮੇਂ ਮਕਾਨ ਤਾਂ ਸਾਰਿਆਂ ਦੇ ਕੱਚੇ ਸਨ ਪਰ ਜਸਵਿੰਦਰ ਕੌਰ ਨੇ ਉਨ੍ਹਾਂ ਮਕਾਨਾਂ ਨੂੰ ਲਿਪ ਪਰੋਲ ਕੇ ਵਧੀਆ ਕਰ ਦਿੱਤਾ ਸੀ। ਆਪ ਸਵਰਨ ਸਿੰਘ ਦੇ ਨਾਲ ਫੌਜ ਵਿਚ ਵੀ ਰਹੀ ਹੈ। ਸਵਰਨ ਸਿੰਘ ਮੈਡੀਕਲ ਅਧਾਰ ਤੇ ਪੈਨਸ਼ਨ ਆਏ ਸਨ। ਆਪ ਪੈਨਸ਼ਨ ਆ ਕੇ ਘਰ ਵਿਚ ਲਵੇਰਾ ਜ਼ਰੂਰ ਰੱਖਦੇ ਸਨ। ਥੋੜ੍ਹਾ ਸਮਾਂ ਆਪ ਨੇ ਕਰਿਆਨੇ ਦੀ ਦੁਕਾਨ ਵੀ ਕੀਤੀ ਹੈ। ਵੈਸੇ ਆਪ ਨੇ ਡੁਬਈ ਜਾਣ ਵਾਸਤੇ ਪਾਸਪੋਰਟ ਵੀ ਬਣਾਇਆ ਸੀ। ਕਿਤੇ-ਕਿਤੇ ਉਹ ਫੌਜ ਦੀ ਗੱਲ ਕਰਿਆ ਕਰਦੇ ਸਨ। ਭਾਵੇਂ ਆਪ ਬਿਮਾਰ ਰਹਿੰਦੇ ਸਨ ਪਰ ਜਸਵਿੰਦਰ ਕੌਰ ਆਪ ਦਾ ਬਿਸਤਰਾ ਹਮੇਸ਼ਾ ਸਾਫ਼ ਸੁਥਰਾ ਰੱਖਦੀ ਸੀ। ਉਹ ਅੰਮ੍ਰਿਤ ਵੇਲੇ ਉੱਠ ਕੇ ਆਪ ਪਸ਼ੂਆਂ ਦਾ ਸਾਰਾ ਪੱਠਾ ਦੱਥਾ ਕਰਦੀ ਸੀ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਸੁਰਿੰਦਰ ਕੌਰ ਤੇ ਅਮਰਜੀਤ ਕੌਰ ਹਨ।

ਅਮਰਜੀਤ ਕੌਰ:- ਸਵਰਨ ਸਿੰਘ ਨੇ ਆਪਣੀ ਛੋਟੀ ਲੜਕੀ ਦੀ ਸ਼ਾਦੀ ਮਿਤੀ 14-3-1981 ਦਿਨ ਸ਼ਨਿੱਚਰਵਾਰ ਹਰਜਾਪ ਸਿੰਘ ਪਿੰਡ ਘੜਿਆਲਾ (ਜਲੰਧਰ) ਨਾਲ ਕੀਤੀ। ਹਰਜਾਪ ਸਿੰਘ ਆਦਮਪੁਰ ਹਵਾਈ ਅੱਡੇ ਨੌਕਰੀ ਕਰਦਾ ਸੀ ਤੇ ਹੁਣ (1998) ਇਟਲੀ ਵਿਚ ਪੱਕੇ ਤੌਰ ਤੇ ਰਹਿ ਰਿਹਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਤੇ ਲੜਕੀਆਂ ਹਨ।

ਲੜਕੇ: ਲਖਵਿੰਦਰ ਸਿੰਘ, ਨਰਿੰਦਰ ਸਿੰਘ।

ਲੜਕੀਆਂ: ਮਨਦੀਪ ਕੌਰ ਤੇ ਕੁਲਦੀਪ ਕੌਰ ਹਨ।

ਲਖਵਿੰਦਰ ਸਿੰਘ:- ਲਖਵਿੰਦਰ ਸਿੰਘ ਸੋਹਣਾ ਸੁਨੱਖਾ ਜਵਾਨ ਹੈ। ਦੋ ਵਾਰ ਸੈਲਾਨੀ ਵੀਜ਼ੇ 'ਤੇ ਇੰਗਲੈਂਡ ਜਾ ਆਇਆ ਹੈ। ਘਰ ਦੀ ਖੇਤੀਬਾੜੀ ਦਾ ਕੰਮ ਚੰਗਾ ਹੈ। ਆਪ ਦੀ ਧਰਮ ਪਤਨੀ ਦਾ ਨਾਮ ਮਧੂਬਾਲਾ ਹੈ।

ਵੰਸ਼:- ਆਪ ਦੀ ਇਕ ਬੇਟੀ ਪੁਨੀਤ ਭੁਟਾ ਤੇ ਲੜਕਾ ਸਾਹਿਬ ਭੁਟਾ ਹੈ, ਜਿਸ ਦਾ ਜਨਮ 21-10-2013 ਦਾ ਹੈ।

ਨਰਿੰਦਰ ਸਿੰਘ:- ਨਰਿੰਦਰ ਸਿੰਘ +2 ਪਾਸ ਹੈ। ਇਹ ਵੀ ਦੋ ਵਾਰ ਆਪਣੀ ਮਾਸੀ ਸੁਰਿੰਦਰ ਕੌਰ ਦੇ ਕੋਲ ਇੰਗਲੈਂਡ ਜਾ ਚੁੱਕਾ ਹੈ। ਨਰਿੰਦਰ ਸਿੰਘ ਧਾਰਮਿਕ ਖਿਆਲਾਂ ਦਾ ਹੈ। ਪਿੰਡ ਦੇ ਵਿਚ ਬਾਬਾ ਸਿੱਧ ਚਾਨੋ ਦੀ ਖਾਨਗਾਹ ਦੀ ਸ਼ਰਧਾ ਨਾਲ ਸੇਵਾ ਕਰਦਾ ਹੈ। ਇਸ ਸਥਾਨ ਤੇ ਕਦੇ-ਕਦੇ ਪਿੰਡ ਦੀ ਚੜ੍ਹਦੀ ਕਲਾ ਲਈ ਸਾਲ ਵੀ ਕਰਾਉਂਦੇ ਹਨ। ਪਹਿਲਾ ਸਾਲ 25-01-1998 ਦਿਨ ਐਤਵਾਰ ਨੂੰ ਕਰਵਾਇਆ ਸੀ।

ਲੜਕੀਆਂ:- ਵੱਡੀ ਲੜਕੀ ਦਾ ਨਾਮ ਕੁਲਦੀਪ ਕੌਰ ਹੈ, ਜਿਸ ਦੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਕੱਦ ਹਨ। ਹੁਣ ਪੱਕੇ ਤੌਰ ਤੇ ਇਟਲੀ ਵਿਖੇ ਰਹਿ ਰਹੀ ਹੈ। ਇਸ ਦੇ ਦੋ ਬੇਟੇ ਹਨ।

ਮਨਦੀਪ ਕੌਰ ਦੀ ਅਜੇ ਸ਼ਾਦੀ ਨਹੀਂ ਹੋਈ ਹੈ।

ਨੋਟ: ਰਣਜੀਤ ਕੌਰ ਵੀ ਦੋ ਵਾਰ ਇੰਗਲੈਂਡ ਜਾ ਆਈ ਹੈ। ਆਪ ਦੇ ਕੋਲ ਖੇਤੀਬਾੜੀ ਲਈ ਕਾਫੀ ਜ਼ਮੀਨ ਹੈ। ਵਧੀਆ ਘਰ ਤੇ ਵਧੀਆ ਹਵੇਲੀ ਹੈ।

ਸੁਰਿੰਦਰ ਕੌਰ:- (ਸਵਰਨ ਸਿੰਘ ਦੀ ਦੂਜੀ ਲੜਕੀ) ਸੁਰਿੰਦਰ ਕੌਰ ਦਸਵੀਂ ਪਾਸ ਹੈ। ਸੁਰਿੰਦਰ ਕੌਰ ਦੀ ਸ਼ਾਦੀ ਇੰਗਲੈਂਡ ਨਿਵਾਸੀ ਰਾਮ ਨਾਥ ਦੇ ਨਾਲ ਹੋਈ ਹੈ। ਆਪ ਦੇ ਵੰਸ਼ ਵਿਚ ਤਿੰਨ ਲੜਕੀਆਂ- ਕਿਰਨ ਭੁਟਾ, ਪਵਨ ਭੁਟਾ ਤੇ ਜੋਤੀ ਭੁਟਾ ਹਨ।

ਇਕ ਲੜਕਾ:- ਹਰਸੂਰਜ ਭੁਟਾ ਹੈ।

ਸੁਰਿੰਦਰ ਕੌਰ ਵੀ ਧਾਰਮਿਕ ਖਿਆਲਾਂ ਵਾਲੀ ਹੈ। ਪਿੰਡ ਦੇ ਗੁਰੂ ਘਰ ਨੂੰ ਆਪ ਨੇ ਬਰਤਨਾਂ ਦੀ ਸੇਵਾ ਕੀਤੀ ਹੈ। ਜਦੋਂ ਵੀ ਪਿੰਡ ਆਉਂਦੀ ਹੈ ਗੁਰੂ ਘਰ ਨੂੰ ਆਪਣੀ ਨੇਕ ਕਮਾਈ ਵਿਚੋਂ ਦਾਨ ਕਰਦੀ ਹੈ।

ਸਵਰਨ ਸਿੰਘ ਦੀ ਮੌਤ:- ਲੜਕੀ ਦੇ ਵਿਆਹ ਤੋਂ ਮਗਰੋਂ ਆਪ ਦੀ ਬਿਮਾਰੀ ਤੀਜੀ ਸਟੇਜ 'ਤੇ ਪਹੁੰਚ ਗਈ ਸੀ। ਆਪ ਸੋਟੇ ਨਾਲ ਤੁਰਦੇ ਸਨ। ਆਪ ਮਿਤੀ 24-5-1981 ਦਿਨ ਐਤਵਾਰ ਜੇਠ 11 ਨੂੰ ਸੰਸਾਰਿਕ ਯਾਤਰਾ ਕਰਦੇ ਹੋਏ ਗੁਰੂ ਚਰਨਾਂ 'ਚ ਬਿਰਾਜੇ ਸਨ।

ਆਪ ਦੀ ਪਤਨੀ ਜਸਵਿੰਦਰ ਕੌਰ ਨੂੰ ਗਠੀਏ ਦੀ ਬਿਮਾਰੀ ਸੀ। ਉਹ ਆਪਣੇ ਪੇਕਿਆਂ ਨੂੰ ਮਿਲਣ ਗਈ ਸੀ। ਕੁਝ ਦਿਨ ਬਿਮਾਰ ਹੋਣ ਤੋਂ ਮਗਰੋਂ ਉਹ ਮਿਤੀ 5-7-1994 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੀ। ਪਿੰਡ ਕਰਿਆਮ ਵਿਖੇ ਹੀ ਉਸਦਾ ਸਸਕਾਰ ਤੇ ਭੋਗ ਦੀ ਰਸਮ ਅਦਾ ਕੀਤੀ ਗਈ। ਪਿੰਡ ਗਗਨੌਲੀ ਤੋਂ ਸਾਰਾ ਸ਼ਰੀਕਾ ਭਾਈਚਾਰਾ ਇਸ ਦੁਖਾਂਤ ਵਿਚ ਸ਼ਾਮਿਲ ਹੋਇਆ।

6. **ਪਰਗਾਸ ਸਿੰਘ**:- ਆਪ ਦੀ ਸ਼ਾਦੀ ਨਹੀਂ ਹੋਈ ਸੀ। ਆਪ ਆਪਣੇ ਭਾਈ ਧਰਮ ਸਿੰਘ ਦੇ ਕੋਲ ਭੁਲਾਰਾਈ ਹੀ ਰਹਿੰਦਾ ਸੀ। ਕਦੇ-ਕਦੇ ਪਿੰਡ ਆਉਂਦਾ ਸੀ। ਹੁਣ ਉਸ ਦੀ ਮੌਤ ਹੋ ਚੁੱਕੀ ਹੈ।

ਉਪਰੋਕਤ ਸਾਰੇ ਪਰਿਵਾਰਕ ਵੇਰਵੇ ਬੇਲਾ ਸਿੰਘ ਦੇ ਪਰਿਵਾਰ ਦੇ ਹਨ।

2. **ਬਤਨ ਸਿੰਘ**:- ਬਤਨ ਸਿੰਘ ਮਾਨ ਸਿੰਘ ਦਾ ਦੂਜਾ ਲੜਕਾ ਹੈ ਜਿਸ ਦੀ

ਸ਼ਾਦੀ ਨਹੀਂ ਹੋਈ ਸੀ।

3. **ਰੱਖਾ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਈਸਰੀ ਸੀ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜੰਡੋਲੀ ਸਨ। ਮਾਤਾ ਈਸਰੀ ਆਪਣੇ ਬਾਪ ਦੀ ਇਕਲੌਤੀ ਸੰਤਾਨ ਸੀ। ਉਹ ਸਾਡੀ ਸੁਰਤ ਵਿਚ ਕਦੇ ਆਪਣੇ ਪੇਕੇ ਪਿੰਡ ਨਹੀਂ ਗਈ ਸੀ। ਰੱਖਾ ਸਿੰਘ ਬਾਰ (ਪਾਕਿਸਤਾਨ) ਵਿਚ ਰਹਿੰਦਾ ਸੀ। ਦੇਸ਼ ਦੀ ਵੰਡ ਸਮੇਂ ਉਹ ਜ਼ਿਲ੍ਹਾ ਜਲੰਧਰ ਦੇ ਮੁਹੱਲਾ ਅਬਾਦਪੁਰਾ ਵਿਚ ਆ ਕੇ ਰਹਿਣ ਲੱਗਾ। ਆਪਣੀ ਵਡੇਰੀ ਉਮਰ ਵਿਚ ਉਹ ਪਿੰਡ ਗਗਨੌਲੀ ਆ ਗਿਆ ਸੀ। ਉਸ ਦਾ ਸੁਭਾਅ ਕੁਝ ਸਖ਼ਤ ਸੀ। ਉਸ ਦੀ ਨੂੰਹ ਬਚਨ ਕੌਰ ਨੇ ਦੱਸਿਆ ਕਿ ਉਹ ਕੰਮਕਾਰ ਘੱਟ ਵੱਧ ਹੀ ਕਰਦਾ ਸੀ। ਮੈਂ ਤੇ ਮੇਰੀ ਸੱਸ ਈਸਰੀ ਅਸੀਂ ਦੋਵੇਂ ਕੰਮ ਕਰਦੀਆਂ ਸਾਂ। ਰੱਖਾ ਸਿੰਘ ਦੀ ਮੌਤ ਪਿੰਡ ਗਗਨੌਲੀ ਵਿਖੇ 1964 ਦੇ ਕਰੀਬ ਹੋਈ ਹੈ। ਅਸੀਂ ਉਨ੍ਹਾਂ ਦਾ ਭੋਗ ਪੈਂਦਾ ਦੇਖਿਆ ਹੈ। ਮਾਤਾ ਈਸਰੀ ਕੱਦ ਦੀ ਮੱਧਰੀ ਸੀ। ਸਵੇਰ ਸਾਰ ਉਹ ਦਾਤਣ ਜ਼ਰੂਰ ਕਰਦੀ ਸੀ। ਉਸ ਦੇ ਦੰਦ ਹਮੇਸ਼ਾ ਚਿੱਟੇ ਹੁੰਦੇ ਸਨ। ਮਾਤਾ ਈਸਰੀ ਲੰਬੀ ਉਮਰ ਭੋਗ ਕੇ ਮਿਤੀ 30-12-1973 ਨੂੰ ਪ੍ਰਲੋਕ ਸੁਧਾਰ ਗਈ। ਆਪ ਦੇ ਭੋਗ ਦੇ ਸਮੇਂ ਸਤਿਸੰਗ ਕਰਵਾਇਆ ਗਿਆ। ਸਤਿਸੰਗ ਕਰਨ ਵਾਲੇ ਪਾਠੀ ਆਤਮਾ ਸਿੰਘ ਮਾਣਕੋ ਸਨ। ਇਨ੍ਹਾਂ ਨੂੰ ਲਿਆਉਣ ਦੀ ਜ਼ਿੰਮੇਵਾਰੀ ਮੇਰੀ ਸੀ।

ਰੱਖਾ ਸਿੰਘ ਦਾ ਵੰਸ਼:- ਆਪ ਦੇ ਵੰਸ਼ ਵਿਚ ਚਾਰ ਲੜਕੀਆਂ ਤੇ ਇਕ ਲੜਕਾ ਹੈ।

ਲੜਕੀਆਂ:- ਨਸੀਬ ਕੌਰ, ਸਵਰਨ ਕੌਰ, ਚੰਨੋ ਤੇ ਦਾਨੀ ਹਨ। ਲੜਕਾ ਸੁਖਦੇਵ ਸਿੰਘ।

1. **ਨਸੀਬ ਕੌਰ**:- ਆਪ ਦੇ ਪਤੀ ਦਾ ਨਾਮ ਠਾਕਰ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਮੋਏ ਸਨ। ਠਾਕਰ ਸਿੰਘ ਦੇ ਕੋਲ ਬਹੁਤ ਜ਼ਮੀਨ ਤੇ ਵਾਹੀ ਵਾਸਤੇ ਟਰੈਕਟਰ ਹੈ। ਨਸੀਬ ਕੌਰ ਵੱਡੇ ਪਰਿਵਾਰ ਵਾਲੀ ਹੈ।

2. **ਸਵਰਨ ਕੌਰ**:- ਆਪ ਦੇ ਪਤੀ ਦਾ ਨਾਮ ਪ੍ਰਗਾਸ਼ ਸਿੰਘ ਹੈ। ਉਹ ਪਿੰਡ ਦੌਲੋਵਾਲ ਰਹਿੰਦੀ ਹੈ। ਉਹ ਵੀ ਚੰਗੇ ਪਰਿਵਾਰ ਵਾਲੀ ਹੈ।

3. **ਚੰਨੋ**:- ਆਪ ਦੇ ਸਹੁਰੇ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਜਕਾ ਹਨ। ਆਪ ਦਾ ਪਹਿਲਾ ਪਤੀ ਗੁਜਰ ਗਿਆ ਸੀ। ਫਿਰ ਚੰਨੋ ਦੂਜੇ ਭਾਈ ਦੇ ਘਰ ਬੈਠ ਗਈ ਸੀ। ਆਪ ਦਾ ਲੜਕਾ ਸਤਨਾਮ ਸਿੰਘ ਪਿੰਡ ਗਗਨੌਲੀ ਬਹੁਤ ਚਿਰ ਆਪਣੇ ਮਾਮਿਆਂ ਦੇ ਕੋਲ ਕੰਮ ਕਰਦਾ ਰਿਹਾ ਹੈ।

4. **ਦਾਨੀ**:- ਆਪ ਦੇ ਪਤੀ ਦਾ ਨਾਮ ਫ਼ਕੀਰ ਸਿੰਘ ਹੈ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰੀਹਲੇ ਨੇੜੇ ਚੱਕ ਸੂਨੀ ਹਨ। ਫ਼ਕੀਰ ਸਿੰਘ ਦਾ ਕੱਦ ਬਹੁਤ ਲੰਬਾ ਹੈ। ਵੈਸੇ ਵੀ ਆਪ ਦਾ ਸੁਭਾਅ ਹੱਸਮੁੱਖ ਹੈ। ਜਦੋਂ ਅਵਤਾਰ ਸਿੰਘ ਕਾਰੋ ਦੀ ਲੜਕੀ ਦੀ ਸ਼ਾਦੀ ਪਿੰਡ ਰੀਹਲੇ ਵਿਖੇ ਹੋਈ ਤਾਂ ਮੈਂ ਫ਼ਕੀਰ ਸਿੰਘ ਦੇ ਘਰ ਗਿਆ ਸੀ। ਆਪ ਦੇ ਦੋ

ਲੜਕੇ ਤੇ ਇਕ ਲੜਕੀ ਹੈ।

ਲੜਕਾ ਸੁਖਦੇਵ ਸਿੰਘ:- ਇਨ੍ਹਾਂ ਨੂੰ ਪਿੰਡ ਵਿਚ ਆਮ ਕਰਕੇ ਸੁਖਦਾਸ ਕਹਿ ਕੇ ਬੁਲਾਇਆ ਜਾਂਦਾ ਹੈ। ਆਪ ਦੀ ਧਰਮ ਪਤਨੀ ਦਾ ਨਾਮ ਵਚਨ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦੌਲੋਵਾਲ ਹਨ। ਸੁਖਦੇਵ ਸਿੰਘ ਆਪਣੇ ਪਿਤਾ ਰੱਖਾ ਸਿੰਘ ਦੇ ਨਾਲ ਪਾਕਿਸਤਾਨ ਵਿਚ ਵੀ ਰਿਹਾ ਹੈ। ਆਪ ਕੱਪੜੇ ਸੀਊਣੇ ਵੀ ਜਾਣਦੇ ਸਨ। ਉਸ ਸਮੇਂ ਪਿੰਡਾਂ ਵਿਚ ਕੱਪੜਾ ਬੁਨਣ ਦਾ ਜ਼ਿਆਦਾ ਕੰਮ ਚੱਲਦਾ ਸੀ। ਸਾਰਾ ਪਰਿਵਾਰ ਰਲ ਕੇ ਕੰਮ ਕਰਦਾ ਸੀ। ਰਾਤ ਨੂੰ ਬਹੁਤ ਦੇਰ ਤੱਕ ਚਰਖੇ ਚੱਲਦੇ ਰਹਿੰਦੇ ਸਨ। ਇਸ ਤੋਂ ਇਲਾਵਾ ਜੇ ਮਿਹਨਤ ਮਜ਼ਦੂਰੀ ਮਿਲ ਜਾਂਦੀ ਤਾਂ ਉਹ ਵੀ ਕੰਮ ਕਰ ਲੈਂਦੇ ਸਨ।

ਸੁਖਦੇਵ ਸਿੰਘ ਦਾ ਜ਼ਿਆਦਾ ਪਿਆਰ ਸੰਤ ਮਹਿੰਦਰ ਸਿੰਘ ਮਸਤਾਨਾ ਨਾਲ ਸੀ ਜੋ ਮਾਲਵੇ ਦੇ ਜ਼ਿਲ੍ਹਾ ਸੰਗਰੂਰ ਦੇ ਰਹਿਣ ਵਾਲੇ ਸਨ। ਸੰਤ ਮਹਿੰਦਰ ਸਿੰਘ ਦਿਨ ਵਾਰ ਤੇ ਪਿੰਡ ਆ ਜਾਂਦੇ ਸਨ ਤਾਂ ਲੰਬਾ ਸਮਾਂ ਪਿੰਡ ਰਹਿੰਦੇ ਸਨ। ਉਹ ਰਾਤ ਦੇ ਸਮੇਂ ਗੁਰੂ ਘਰ ਵਿਖੇ ਕੀਰਤਨ ਕਰਦੇ ਸਨ। ਉਨ੍ਹਾਂ ਦੇ ਨਾਲ ਢੋਲਕੀ ਸੁਖਦੇਵ ਸਿੰਘ ਤੇ ਚਿਮਟਾ ਸ. ਉਜਾਗਰ ਸਿੰਘ ਬਜਾਉਂਦੇ ਸਨ। ਸੰਤ ਜੀ ਕਈ ਵਾਰ ਰਜਨੀ ਦੇਵੀ ਦਾ ਪ੍ਰਸੰਗ ਸੁਣਾਉਂਦੇ ਸਨ। ਸੁਖਦੇਵ ਸਿੰਘ ਦੀ ਧਰਮ ਪਤਨੀ ਵਚਨ ਕੌਰ ਨੇ ਆਪਣੇ ਸਹੁਰੇ ਰੱਖਾ ਸਿੰਘ ਦੀ ਸਾਰੀ ਕਬੀਲਦਾਰੀ ਨੂੰ ਬਾਖੂਬੀ ਨਿਭਾਇਆ ਹੈ। ਸਾਰੀਆਂ ਨਣਦਾਂ ਦੀਆਂ ਸ਼ਾਦੀਆਂ ਕੀਤੀਆਂ ਹਨ। ਆਪ ਮੀਆਂ ਬੀਬੀ ਦੋਵੇਂ ਡੇਰਾ ਬਿਆਸ ਦੇ ਸ਼ਰਧਾਲੂ ਸਨ। ਆਪ ਨੂੰ ਨਾਮਦਾਨ ਦੀ ਬਖਸ਼ਿਸ਼ ਬਾਬਾ ਸਾਵਣ ਸਿੰਘ ਤੋਂ ਹੋਈ ਹੈ। ਵਚਨ ਕੌਰ ਨੇ ਦੱਸਿਆ ਕਿ ਮੈਨੂੰ ਵਿਆਹ ਤੋਂ ਪਹਿਲਾਂ ਹੀ ਨਾਮ ਦਾਨ ਮਿਲ ਗਿਆ ਸੀ। ਵਚਨ ਕੌਰ ਦੀ ਇਸ ਸਮੇਂ ਉਮਰ 92 ਸਾਲ ਦੇ ਕਰੀਬ ਹੈ। ਅਜੇ ਵੀ ਸਿਹਤ ਚੰਗੀ ਹੈ। ਆਪ ਨੇ ਡੇਰਾ ਬਿਆਸ ਦੀ ਬਹੁਤ ਸੇਵਾ ਕੀਤੀ ਹੈ।

ਸੁਖਦੇਵ ਸਿੰਘ ਦੀ ਮੌਤ:- ਜੇਠ ਮਹੀਨੇ ਕਣਕਾਂ ਦੀ ਕਟਾਈ ਤੇ ਗਹਾਈ ਕੀਤੀ ਜਾਂਦੀ ਹੈ। ਆਪ ਪਿੰਡ ਦੇ ਹੋਰ ਭਰਾਵਾਂ ਨਾਲ ਤੂੜੀ ਦੇ ਕੁੱਪ ਬੰਨ੍ਹ ਰਹੇ ਸਨ। ਆਪ ਕੁੱਪ ਵਿਚ ਵੜ ਕੇ ਤੂੜੀ ਦੀਆਂ ਪੰਡਾਂ ਖੋਲ੍ਹਦੇ ਸਨ। ਜ਼ਿਆਦਾ ਧੁੱਪ ਹੋਣ ਕਰਕੇ ਆਪ ਨੂੰ ਬੁਖਾਰ ਚੜ੍ਹ ਗਿਆ। ਪਰਿਵਾਰ ਵਾਲਿਆਂ ਦੁਆਈ ਲਿਆ ਕਰ ਦਿੱਤੀ ਪਰ ਆਰਾਮ ਨਹੀਂ ਆਇਆ। ਪਿੰਡ ਨਸਰਾਲੇ ਤੋਂ ਡਾਕਟਰ ਪਰਮੋਧ ਨੂੰ ਲਿਆਂਦਾ ਗਿਆ ਪਰ ਆਪ ਮਿਤੀ 13-06-1982 ਨੂੰ ਦਿਨ ਐਤਵਾਰ ਨੂੰ ਪ੍ਰਮਾਤਮਾ ਨੂੰ ਪਿਆਰੇ ਹੋ ਗਏ। ਕਿਸੇ ਨੂੰ ਯਕੀਨ ਨਹੀਂ ਆਉਂਦਾ ਸੀ ਕਿ ਸੁਖਦੇਵ ਸਿੰਘ ਐਡੀ ਜਲਦੀ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਜਾਵੇਗਾ। ਆਪ ਦਾ ਵੀ ਹੱਸਣ ਦਾ ਸੁਭਾਅ ਸੀ।

ਵੰਸ਼:- ਸੁਖਦੇਵ ਸਿੰਘ ਬਹੁਤ ਵੱਡੇ ਪਰਿਵਾਰ ਵਾਲਾ ਹੈ, ਜਿਸ ਦੀਆਂ ਦੋ ਧੀਆਂ ਅਤੇ ਸੱਤ ਲੜਕੇ ਹਨ। ਇਕ ਲੜਕੀ ਬਾਰਾਂ ਕੁ ਸਾਲ ਦੀ ਉਮਰ ਵਿਚ ਗੁਜਰ ਗਈ ਸੀ

ਹਰਭਜਨ ਕੌਰ:- ਜਿਸ ਦੇ ਪਤੀ ਦਾ ਨਾਮ ਦਿਲਬਾਗ ਸਿੰਘ ਤੇ ਸਹੁਰੇ ਮਾਹਿਲਪੁਰ ਹਨ। ਆਪ ਦੀ ਸ਼ਾਦੀ 12-5-1979 ਦਿਨ ਸਨਿੱਚਰਵਾਰ 29 ਵਿਸਾਖ ਨੂੰ ਹੋਈ ਹੈ।

ਆਪ ਦਾ ਅਨੰਦ ਕਾਰਜ ਗਿਆਨੀ ਗੁਰਬਚਨ ਸਿੰਘ ਕਾਹਰੀ ਤੇ ਕਰਤਾਰ ਸਿੰਘ ਕਜਲਾ ਚੱਕ ਗੁਜ਼ਰਾਂ ਨੇ ਕੀਤਾ ਹੈ। ਅਨੰਦ ਕਾਰਜ ਦੇ ਸਮੇਂ ਮੈਂ ਵੀ ਥੋੜ੍ਹਾ ਸਮਾਂ ਬੋਲਿਆ ਸੀ। ਹਰਭਜਨ ਕੌਰ ਪੰਜ ਜਮਾਤਾਂ ਪਾਸ ਹੈ। ਘਰ ਦਾ ਕੰਮ ਡੱਟ ਕੇ ਕੀਤਾ ਹੈ। ਆਪਣੇ ਘਰ ਦੇ ਕੰਮ ਤੋਂ ਇਲਾਵਾ ਹਰਭਜਨ ਕੌਰ ਚਾਚੀ ਹਰ ਕੌਰ ਨਾਲ ਵੀ ਕੰਮ ਕਰਾਉਂਦੀ ਸੀ। ਆਪ ਦੇ ਦੋ ਲੜਕੇ ਤੇ ਦੋ ਲੜਕੀਆਂ ਹਨ। ਦਿਲਬਾਗ ਸਿੰਘ ਪੰਜਾਬ ਪੁਲਿਸ ਵਿਚੋਂ ਬਤੌਰ ਡੀ.ਐਸ.ਪੀ. ਸੇਵਾਮੁਕਤ ਹੋਇਆ ਹੈ। ਗੇਟਾ ਸੇਵਾ ਸਕਿਉਰਟੀ ਦੀ ਸੇਵਾ ਵਾਸਤੇ ਆਪ ਡੇਰਾ ਬਿਆਸ ਜਾਂਦੇ ਹਨ।

ਲੜਕੇ: ਸੰਸਾਰ ਸਿੰਘ, ਸੁਦਾਗਰ ਸਿੰਘ, ਭਜਨ ਸਿੰਘ, ਰਘਵੀਰ ਸਿੰਘ, ਬਲਵੀਰ ਸਿੰਘ, ਜੋਗਿੰਦਰ ਸਿੰਘ ਤੇ ਅਮਰਜੀਤ ਸਿੰਘ ਹੈ।

ਸੰਸਾਰ ਸਿੰਘ:- ਸੰਸਾਰ ਸਿੰਘ ਸੁਖਦੇਵ ਸਿੰਘ ਦਾ ਸਭ ਤੋਂ ਵੱਡਾ ਲੜਕਾ ਹੈ। ਜਿਸ ਨੇ ਉਸ ਸਮੇਂ ਅੱਠਵੀਂ ਜਮਾਤ ਪਾਸ ਕਰਕੇ ਕੱਚਾ ਟੋਭਾ ਹੁਸ਼ਿਆਰਪੁਰ ਤੋਂ ਡਰਾਇੰਗ ਦਾ ਕੋਰਸ ਪਾਸ ਕੀਤਾ। ਅਸੀਂ ਛੋਟੇ ਹੁੰਦਿਆਂ ਨੇ ਆਪ ਨੂੰ ਡਰਾਇੰਗ ਦੀ ਕਾਪੀ ਤਿਆਰ ਕਰਦੇ ਵੇਖਿਆ ਹੈ। ਪਰ ਇਸ ਬੇਸ ਤੇ ਆਪ ਨੇ ਕੋਈ ਸਰਕਾਰੀ ਨੌਕਰੀ ਪ੍ਰਾਪਤ ਨਹੀਂ ਕੀਤੀ। ਆਪ ਪਿਤਾ ਪੁਰਖੀ ਕੰਮ ਕੱਪੜਾ ਬੁਣਨਾ ਜਾਂ ਹੋਰ ਮਜ਼ਦੂਰੀ ਦਾ ਕੰਮ ਕਰਦਾ ਰਿਹਾ। ਥੋੜ੍ਹੇ ਸਮੇਂ ਲਈ ਆਪ ਪਿੰਡ ਦੇ ਹੀ ਸੰਸਾਰ ਸਿੰਘ ਸਪੁੱਤਰ ਸ਼ੰਕਰ ਸਿੰਘ ਦੇ ਨਾਲ ਦੂਰ ਕੰਮ ਤੇ ਚਲੇ ਗਏ। ਆਪ ਦੋਹਾਂ ਨੂੰ ਮੇਲਾ ਸਿੰਘ ਦਾ ਸਾਲਾ ਦਾਸ ਲੈ ਕੇ ਗਿਆ ਸੀ। ਉਹ ਪਹਾੜੀ ਇਲਾਕਾ ਜੋ ਰਿਖੀ ਕੇਸ ਤੋਂ ਅੱਗੇ ਸੀ। ਕੰਮ ਔਖਾ ਸੀ ਫਿਰ ਆਪ ਜਲਦੀ ਵਾਪਿਸ ਆ ਗਏ।

ਵਿਆਹ:- ਆਪ ਦੀ ਧਰਮ ਪਤਨੀ ਦਾ ਨਾਮ ਚਮਨ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭੀਲੋਵਾਲ ਹਨ। ਆਪ ਦੀ ਸ਼ਾਦੀ 1965 ਵਿਚ ਭਾਦੋਂ ਮਹੀਨੇ ਦੀ ਹੈ। ਆਪ ਦੀ ਬਰਾਤ ਛੋਟੇ ਲੜਕੇ ਵੀ ਗਏ ਸਨ। ਜਦੋਂ ਸ਼ਾਮ ਨੂੰ ਘਰ ਆ ਰਹੇ ਸੀ ਤਾਂ ਰੇਲਗੱਡੀ ਦੇ ਪੁਲ ਦੀ ਹੇਠਾਂ ਦੀ ਆਪ ਦੀ ਬੈਲ ਗੱਡੀ ਨੇ ਲੰਘਣਾ ਸੀ। ਫੁੱਫੜ ਬੈਂਸ ਆਪ ਮੋਹਰੇ ਹੋ ਕੇ ਤੁਰ ਰਿਹਾ ਸੀ ਕਿ ਕਿਤੇ ਜ਼ਿਆਦਾ ਪਾਣੀ ਨਾ ਹੋਵੇ। ਜਦੋਂ ਉਹ ਥੋੜ੍ਹਾ ਅੱਗੇ ਗਿਆ ਤਾਂ ਇੱਕ ਡੂੰਘੇ ਟੋਏ ਵਿਚ ਵੜ ਗਿਆ। ਮੀਂਹ ਦੇ ਪਾਣੀ ਨਾਲ ਟੋਏ ਭਰੇ ਹੋਏ ਸਨ। ਕੱਚੀਆਂ ਸੜਕਾਂ ਸਨ। ਸੰਸਾਰ ਸਿੰਘ ਨੇ ਭਾਵੇਂ ਕੱਪੜਾ ਬੁਣਨ ਦਾ ਕੰਮ ਕੀਤਾ ਹੈ। ਆਪਣੇ ਛੋਟੇ ਭੈਣਾਂ ਭਰਾਵਾਂ ਨੂੰ ਪਾਲਿਆ, ਪੜ੍ਹਾਇਆ ਤੇ ਉਨ੍ਹਾਂ ਦੀਆਂ ਵਿਆਹ ਸ਼ਾਦੀਆਂ ਕੀਤੀਆਂ ਹਨ। 1974 ਈ: ਵਿਚ ਅਵਤਾਰ ਸਿੰਘ ਕਾਰੋ ਦੇ ਨਾਲ ਡੁਬਈ ਗਏ। ਡੁਬਈ ਜਾਣ ਵਿਚ ਆਪ ਨੂੰ ਦੋ ਤਿੰਨ ਸਾਲ ਲੱਗ ਗਏ। ਏਜੰਟ ਧੋਖਾ ਕਰਦੇ ਸਨ। 1990 ਈ: ਵਿਚ ਆਪ ਡੁਬਈ ਤੋਂ ਪੱਕੇ ਤੌਰ ਤੇ ਆ ਗਏ। ਫਿਰ ਆਪ ਨੇ ਰਾਜ ਮਿਸਤਰੀ ਦਾ ਕੰਮ ਕਰਨਾ ਸ਼ੁਰੂ ਕੀਤਾ। ਪਿੰਡ ਵਿਚ ਕਈ ਘਰਾਂ ਵਿਚ ਆਪ ਨੇ ਮਕਾਨ ਬਣਾਏ ਹਨ। ਹੁਣ ਵੀ ਆਪ ਰਾਜ ਮਿਸਤਰੀ ਦਾ ਕੰਮ ਕਰ ਰਹੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਤੇ ਲੜਕੇ ਨੇ ਜਨਮ ਲਿਆ। ਪਹਿਲੇ

ਦੋ ਬੱਚੇ ਪ੍ਰਮਾਤਮਾ ਨੂੰ ਪਿਆਰੇ ਹੋ ਗਏ।

ਜੀਵਨ ਕੌਰ:- ਆਪ ਦੀ ਸਭ ਤੋਂ ਛੋਟੀ ਲੜਕੀ ਜੀਵਨ ਕੌਰ ਹੈ। ਆਪ ਦੀ ਸ਼ਾਦੀ ਪਿੰਡ ਕੱਕੋਂ ਵਿਖੇ ਕੀਤੀ ਹੈ। ਆਪ ਦਾ ਪਤੀ ਰਾਜ ਮਿਸਤਰੀ ਦਾ ਕੰਮ ਕਰਦਾ ਹੈ।

ਵੰਸ਼:-ਜੀਵਨ ਕੌਰ ਦੀਆਂ ਤਿੰਨ ਬੇਟੀਆਂ ਤੇ ਇਕ ਬੇਟਾ ਹੈ।

ਪੰਜ ਮਰਲੇ ਦਾ ਪਲਾਟ:- ਸੰਸਾਰ ਸਿੰਘ ਨੂੰ ਪਿੰਡ ਦੀ ਸ਼ਾਮਲਾਟ ਵਿਚੋਂ 14-8-1982 ਨੂੰ ਪੰਜ ਮਰਲੇ ਦਾ ਪਲਾਟ ਦਿੱਤਾ ਗਿਆ। ਇਸ ਨੇ ਡੀ.ਸੀ. ਹੁਸ਼ਿਆਰਪੁਰ ਨੂੰ ਬਿਨੈ ਪੱਤਰ ਦਿੱਤਾ ਸੀ ਕਿ ਮੇਰੇ ਕੋਲ ਵਸਣ ਵਾਸਤੇ ਥਾਂ ਨਹੀਂ ਹੈ।

ਚਮਨ ਕੌਰ ਦੀ ਮੌਤ:- ਆਪ ਦੀ ਧਰਮ ਪਤਨੀ ਚਮਨ ਕੌਰ ਦੀ ਸਿਹਤ ਕੁਝ ਸਾਲਾਂ ਤੋਂ ਠੀਕ ਨਹੀਂ ਰਹਿੰਦੀ ਸੀ। ਉਹ ਹਮੇਸ਼ਾ ਆਪਣੇ ਕੰਮ ਨਾਲ ਵਿਹਾਰ ਰੱਖਦੀ ਸੀ। ਕਿਸੇ ਦੀ ਮਾੜੀ ਚੰਗੀ ਨਹੀਂ ਕਰਦੀ ਸੀ। ਚਮਨ ਕੌਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਮਿਤੀ 16-12-2013 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੀ।

2. ਸੁਦਾਗਰ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਸੁਰਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਸਲੋਹ ਹਨ। ਆਪ ਦਾ ਰਿਸ਼ਤਾ ਸ. ਸਵਰਨ ਸਿੰਘ ਸਪੁੱਤਰ ਬੇਲਾ ਸਿੰਘ ਨੇ ਆਪਣੇ ਸਹੁਰੇ ਪਿੰਡ ਦੇ ਨੇੜਿਉਂ ਕੀਤਾ ਹੈ। ਆਪ ਦੀ ਸ਼ਾਦੀ 1967 ਈ: ਵਿਚ ਹਾੜ ਮਹੀਨੇ ਹੋਈ ਹੈ। ਜਨੇਤ ਵਾਸਤੇ ਟਰਾਲੀ ਪਿੰਡ ਨਸਰਾਲਾ ਦੇ ਸਵਰਨ ਸਿੰਘ ਦੀ ਸੀ। ਜਨੇਤ ਰਾਤ ਰਹੀ ਸੀ।

ਭਰਤੀ:- ਵਿਆਹ ਤੋਂ ਮਗਰੋਂ ਸਵਰਨ ਸਿੰਘ ਨੇ ਆਪ ਨੂੰ ਸਤੰਬਰ 1967 ਵਿਚ ਫੌਜ ਵਿਚ ਭਰਤੀ ਕਰਵਾ ਦਿੱਤਾ। ਆਪ ਜਲਦੀ ਹੀ ਡੇਰਾ ਬਿਆਸ ਨਾਲ ਜੁੜ ਗਏ। ਹਜ਼ੂਰ ਮਹਾਰਾਜ ਬਾਬਾ ਚਰਨ ਸਿੰਘ ਦੇ ਸਮੇਂ ਤੋਂ ਲੈ ਕੇ ਆਪ ਹੁਣ ਤੱਕ ਡੇਰਾ ਬਿਆਸ ਦੀ ਸੇਵਾ ਕਰ ਰਹੇ ਹਨ। ਡੇਰਾ ਬਿਆਸ ਵਿਖੇ ਜਦੋਂ ਵੀ ਭੰਡਾਰਾ ਹੁੰਦਾ ਹੈ ਆਪ ਕੁਲਵਿੰਦਰ ਸਿੰਘ ਦੇ ਨਾਲ ਤਿੰਨ ਦਿਨ ਦੀ ਲੰਗਰ ਸੇਵਾ ਵਾਸਤੇ ਜਾਂਦੇ ਹਨ। ਆਪ ਫੌਜ ਵਿਚ ਉਨਤੀ ਕਰਦੇ ਹੋਏ ਮਿਤੀ 30-9-1995 ਨੂੰ ਬਤੌਰ ਆਨਰੇਰੀ ਕੈਪਟਨ ਸੇਵਾਮੁਕਤ ਹੋਏ। ਆਪ ਦਾ ਫੌਜ ਦਾ ਨੰਬਰ JCI 9412 ਹੈ। ਆਪ ਨੂੰ ਨਾਮ ਦਾਨ ਦੀ ਬਖਸ਼ਿਸ਼ ਹਜ਼ੂਰ ਮਹਾਰਾਜ ਬਾਬਾ ਚਰਨ ਸਿੰਘ ਦੇ ਕੋਲੋਂ ਅਪ੍ਰੈਲ 1970 ਈ: ਵਿਚ ਹੋਈ ਹੈ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੇ ਤੇ ਚਾਰ ਬੇਟੀਆਂ ਸਨ। ਇਕ ਲੜਕੀ ਰੈਂਪੀ ਜਿਸ ਦੀ ਸ਼ਾਦੀ ਆਪ ਨੇ ਪਿੰਡ ਬਘੋਹਾ ਨੇੜੇ ਗੋਂਦਪੁਰ ਕੀਤੀ ਸੀ ਉਹ ਮਿਤੀ 22-11-12 ਨੂੰ ਅਟੈਕ ਨਾਲ ਪੂਰੀ ਹੋ ਗਈ ਸੀ। ਇਕ ਲੜਕਾ ਤੇ ਦੋ ਲੜਕੀਆਂ ਵੀ ਗੁਜਰ ਚੁੱਕੀਆਂ ਹਨ। ਇਸੇ ਸਮੇਂ ਆਪ ਦੇ ਦੋ ਲੜਕੇ ਤੇ ਇਕ ਲੜਕੀ ਬਲਜੀਤ ਕੌਰ ਹੈ।

ਬਲਜੀਤ ਕੌਰ ਦੇ ਪਤੀ ਦਾ ਨਾਮ ਮਨੋਹਰ ਲਾਲ ਹੈ ਤੇ ਸਹੁਰੇ ਜ਼ਿਲ੍ਹਾ ਜਲੰਧਰ ਦੇ ਪਿੰਡ ਖਾਂਬਰੇ ਹਨ।

ਲੜਕੇ ਅਮਰੀਕ ਸਿੰਘ ਤੇ ਸੁਰਜੀਤ ਸਿੰਘ।

ਅਮਰੀਕ ਸਿੰਘ:- ਅਮਰੀਕ ਸਿੰਘ ਦੀ ਧਰਮ ਪਤਨੀ ਦਾ ਨਾਮ ਸਰਬਜੀਤ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਸਰਹਾਲੀ ਹਨ। ਅਮਰੀਕ ਸਿੰਘ ਨੇ +2 ਪਾਸ ਕੀਤੀ ਹੈ। ਫਿਰ ਆਈ.ਟੀ.ਆਈ. ਹੁਸ਼ਿਆਰਪੁਰ ਤੋਂ ਇਲੈਕਟ੍ਰੀਕਲ ਦਾ ਕੋਰਸ ਕੀਤਾ ਹੈ। ਇਟਲੀ ਜਾਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਇਸ ਤੋਂ ਪਹਿਲਾਂ ਆਪ ਡੁਬਈ ਤੇ ਇੰਗਲੈਂਡ ਜਾ ਕੇ ਆਏ ਸਨ। ਫਿਰ ਪ੍ਰਮਾਤਮਾ ਨੇ ਸੁਣ ਲਈ ਆਪ ਮਈ 2013 ਵਿਚ ਦੋਵੇਂ ਪਤੀ-ਪਤਨੀ ਇਟਲੀ ਚਲੇ ਗਏ।

ਵਿਸ਼ੇਸ਼ ਗੁਣ:- ਅਮਰੀਕ ਸਿੰਘ ਵੀ ਸਮਾਜਿਕ ਭਾਵਨਾ ਰੱਖਦਾ ਹੈ। ਸਮਾਜਿਕ ਕੰਮਾਂ ਨੂੰ ਮੁੱਖ ਰੱਖਦੇ ਹੋਏ ਆਪ ਨੇ ਪਿੰਡ ਵਿਚ ਸਫਾਈ ਮੁਹਿੰਮ ਚਲਾਈ ਜਿਸ ਤਹਿਤ ਸਾਰੇ ਨੌਜਵਾਨਾਂ ਨੂੰ ਨਾਲ ਲੈ ਕੇ ਸਾਰੀਆਂ ਸੜਕਾਂ ਤੇ ਨਾਲੀਆਂ ਨੂੰ ਸਾਫ਼ ਕੀਤਾ। ਸੰਨ 1998 ਈ: ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਨਮ ਦਿਵਸ ਮੌਕੇ ਸਾਰੇ ਪਿੰਡ ਦੀਆਂ ਨਾਲੀਆਂ ਦੇ ਪਾਣੀ ਬੰਨ੍ਹ ਕੇ ਸਾਰੀਆਂ ਨਾਲੀਆਂ ਨੂੰ ਸਾਫ ਕੀਤਾ ਗਿਆ। ਮਿਤੀ 24-11-1998 ਵਾਲੇ ਦਿਨ ਅਮਰੀਕ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਸੜਕ ਵਿਚ ਪਾਏ ਪਾਈਪਾਂ ਨੂੰ ਟਾਰਚ ਨਾਲ ਅੰਦਰ ਵੜ ਕੇ ਜੰਮੀ ਗਾਰ ਨੂੰ ਪੁੱਟਣਾ ਸ਼ੁਰੂ ਕੀਤਾ। ਇਸ ਦੇ ਸਾਥੀ ਜਗਤਾਰ ਸਿੰਘ, ਨਰਿੰਦਰ ਸਿੰਘ, ਜਸਵੀਰ ਸਿੰਘ, ਸਤਨਾਮ ਸਿੰਘ ਬਾਲਟੀ ਨਾਲ ਰੱਸਾ ਬੰਨ ਕੇ ਜੰਮੀ ਗਾਰ ਬਾਹਰ ਕੱਢਦੇ ਗਏ। ਇਸ ਤਰ੍ਹਾਂ ਕਰਨ ਨਾਲ ਚਾਰ ਵੱਡੇ ਪਾਈਪ ਸਾਫ ਹੋ ਗਏ। ਗਾਰ ਦਾ ਢੇਰ ਵੇਖ ਕੇ ਸਾਰੇ ਲੋਕ ਹੈਰਾਨ ਸਨ। ਇਹ ਪਾਈਪ ਮਹਿੰਦਰ ਸਿੰਘ ਸਰਪੰਚ ਨੇ ਅਪ੍ਰੈਲ 1974 ਈ: ਵਿਚ ਪਾਣੀ ਦੇ ਨਿਕਾਸ ਲਈ ਦਬਾਏ ਸਨ। ਸਤਨਾਮ ਸਿੰਘ ਵੀ ਸਫਾਈ ਕਰਦਾ ਹੋਇਆ ਇਕ ਸਿਰੇ ਤੋਂ ਦੂਜੇ ਸਿਰੇ ਪਾਈਪਾਂ ਵਿਚ ਲੰਮਾ ਪੈ ਕੇ ਬਾਹਰ ਨਿਕਲਿਆ। ਸਾਰਿਆਂ ਨੇ ਕਿਹਾ ਇਹ ਬੜਾ ਰਿਸਕੀ ਕੰਮ ਸੀ ਜਿਸ ਨੂੰ ਨੌਜਵਾਨਾਂ ਨੇ ਕਰ ਵਿਖਾਇਆ ਹੈ। ਇਸ ਮੁਹਿੰਮ ਵਿਚ ਸਾਡੀਆਂ ਲੜਕੀਆਂ ਤੇ ਤਾਈਆਂ ਚਾਚੀਆਂ ਵੀ ਸ਼ਾਮਲ ਸਨ। ਸਾਰੀ ਟੀਮ ਲਈ ਚਾਹ ਪਾਣੀ ਦਾ ਖਾਸ ਪ੍ਰਬੰਧ ਸੀ। ਅਮਰੀਕ ਸਿੰਘ ਬਿਜਲੀ ਦੇ ਕੰਮ ਦਾ ਵੀ ਮਾਹਰ ਹੈ। ਆਪ ਦੇ ਪਿਤਾ ਸੁਦਾਗਰ ਸਿੰਘ ਧਾਰਮਿਕ ਸਮਾਗਮਾਂ ਤੇ ਲੰਗਰ ਦੀ ਸੇਵਾ ਵਿਸ਼ੇਸ਼ ਕਰਕੇ ਕਰਦੇ ਹਨ।

2. **ਸੁਰਜੀਤ ਸਿੰਘ**:- ਦੂਜਾ ਲੜਕਾ ਸੁਰਜੀਤ ਸਿੰਘ ਹੈ ਜਿਸ ਨੇ +2 ਪਾਸ ਕੀਤੀ ਹੈ। ਜਲਦੀ ਹੀ ਇਸ ਨੇ ਆਪਣੇ ਕੰਮ ਦਾ ਫੈਸਲਾ ਕਰਦੇ ਹੋਏ ਫੋਟੋਗ੍ਰਾਫੀ ਦੀ ਆਪਣੀ ਦੁਕਾਨ ਪਿੰਡ ਸਾਹਰੀ ਵਿਖੇ ਪਾ ਲਈ ਹੈ। ਜਿਸ ਵਿਅਕਤੀ ਦਾ ਆਦਤ ਸੁਭਾਅ ਠੀਕ ਹੈ ਪ੍ਰਮਾਤਮਾ ਉਸ ਦੀ ਆਪ ਸਹਾਇਤਾ ਕਰਦਾ ਹੈ। ਜੂਨ 2013 ਵਿਚ ਹੋਈਆਂ ਪੰਚਾਇਤ ਚੋਣਾਂ ਵਿਚ ਆਪ ਵਾਰਡ ਨੰਬਰ 1 ਵਿਚੋਂ ਸਰਬਸੰਮਤੀ ਨਾਲ ਪੰਚ ਚੁਣੇ ਗਏ। ਸਾਲ 1998 ਈ: ਵਿਚ ਆਪ ਦੀ ਮਾਤਾ ਸੁਰਿੰਦਰ ਕੌਰ ਵੀ ਪਿੰਡ ਦੀ ਪੰਚ ਰਹਿ ਚੁੱਕੀ ਹੈ।

3. ਭਜਨ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਤਲਵਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਬੀਬੀ ਹਨ। ਆਪ ਦੀ ਸ਼ਾਦੀ 19-2-1978 ਦੀ ਹੈ। ਪਰ ਵਿਆਹ ਵਾਲੇ ਦਿਨ ਤੜਕਸਾਰ ਆਪ ਦੇ ਸਹੁਰਾ ਸਾਹਿਬ ਸੁਰਗਵਾਸ ਹੋ ਗਏ ਸਨ। ਪਿੰਡ ਤੋਂ ਪਹਿਲਾਂ ਪਤਵੰਤੇ ਸੱਜਣ ਗਏ ਜਿਨ੍ਹਾਂ ਮੂਹਰੇ ਹੋ ਕੇ ਇਸ ਦੁੱਖ ਦੀ ਘੜੀ ਵਿਚ ਲੜਕੀ ਵਾਲਿਆਂ ਦਾ ਸਾਥ ਦਿੱਤਾ। ਫਿਰ ਪਿੰਡ ਤੋਂ ਜਨੇਤ ਗਈ ਸੀ। ਸੋਹਨ ਸਿੰਘ ਸਪੁੱਤਰ ਸਾਧੂ ਸਿੰਘ ਵੀ ਉਸ ਸਮੇਂ ਡੁਬਈ ਤੋਂ ਆਏ ਹਏ ਸਨ।

ਭਜਨ ਸਿੰਘ, ਮੱਸਾ ਸਿੰਘ ਮੇਰੇ ਹਮ ਜਮਾਤੀ ਹਨ। ਭਜਨ ਸਿੰਘ ਹਾਕੀ ਦਾ ਚੰਗਾ ਖਿਡਾਰੀ ਸੀ। ਮਿਡਲ ਸਕੂਲ ਸਾਹਰੀ ਤੇ ਹਾਈ ਸਕੂਲ ਨਸਰਾਲਾ ਵਿਖੇ ਆਪ ਹਾਕੀ ਖੇਡਦੇ ਰਹੇ। ਦਸਵੀਂ ਜਮਾਤ ਤੋਂ ਮਗਰੋਂ ਆਪ ਨੇ ਥੋੜ੍ਹਾ ਸਮਾਂ ਘਰੇਲੂ ਕੰਮਕਾਰ ਕੀਤਾ, ਕੁਝ ਸਮਾਂ ਜਲੰਧਰ ਵੀ ਕਿਸੇ ਫੈਕਟਰੀ ਵਿਚ ਲੱਗ ਗਏ। ਫਿਰ ਆਪ 16-5-1973 ਨੂੰ ਫੌਜ ਵਿਚ ਭਰਤੀ ਹੋ ਗਏ। ਆਪ 31-5-1990 ਨੂੰ ਬਤੌਰ ਹਵਾਲਦਾਰ ਚੌਕਸੀ ਵਿਭਾਗ ਤੋਂ ਸੇਵਾਮੁਕਤ ਹੋਏ। ਪੈਨਸ਼ਨ ਆ ਕੇ ਆਪ ਨੇ ਵਾਹੀਯੋਗ ਜ਼ਮੀਨ ਖਰੀਦੀ ਤੇ 2013 ਵਿਚ ਆਪਣੇ ਪਲਾਟ ਵਿਚ ਵਧੀਆ ਕੋਠੀ ਬਣਾਈ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਕੁਲਦੀਪ ਸਿੰਘ ਤੇ ਮਨਜੀਤ ਸਿੰਘ

ਕੁਲਦੀਪ ਸਿੰਘ:- ਦੋ ਤਿੰਨ ਸਾਲਾਂ ਤੋਂ ਲਿਬਲਾਨ ਵਿਚ ਰਹਿ ਰਿਹਾ ਸੀ। ਮਿਤੀ 17-10-2010 ਨੂੰ ਉਸ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਸ ਮਾੜੀ ਘਟਨਾ ਨਾਲ ਸਾਰੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਆਪ ਦੀ ਮ੍ਰਿਤਕ ਦੇਹ ਮਿਤੀ 7-11-2010 ਨੂੰ ਪਿੰਡ ਪਹੁੰਚੀ। ਵਿਛੜੀ ਆਤਮਾ ਨੂੰ ਅਗਨ ਭੇਟ ਕਰਨ ਲਈ ਸੈਂਕੜੇ ਹੀ ਰਿਸ਼ਤੇਦਾਰ ਪਿੰਡ ਆਏ ਹੋਏ ਸਨ। ਇਹ ਕਾਕਾ ਹੱਸਮੁੱਖ ਸੀ। ਇਸ ਨੂੰ ਇਸ ਦੇ ਸਾਥੀ ਮਾਣਕ ਕਹਿ ਕੇ ਬੁਲਾਉਂਦੇ ਸਨ। ਆਪ ਦਾ ਜਨਮ 5-7-1981 ਦਾ ਹੈ। ਪ੍ਰਮਾਤਮਾ ਕਿਸੇ ਨਾਲ ਅਜਿਹਾ ਨਾ ਕਰੇ।

ਮਨਜੀਤ ਸਿੰਘ:- ਇਹ ਲੜਕਾ ਵੀ ਅਰਬ ਦੇਸ਼ ਵਿਚ ਰਹਿ ਰਿਹਾ ਹੈ। ਇਸ ਲੜਕੇ ਦਾ ਕੱਦ ਬਾਕੀ ਮੈਂਬਰਾਂ ਨਾਲੋਂ ਲੰਬਾ ਹੈ। ਇਸ ਨੇ ਵੀ +2 ਪਾਸ ਕੀਤੀ ਹੈ।

ਲੜਕੀਆਂ:- ਆਪ ਦੀਆਂ ਦੋ ਲੜਕੀਆਂ ਹਨ। ਗੁਰਜੀਤ ਕੌਰ ਤੇ ਗੁਰਪ੍ਰੀਤ ਕੌਰ ਹਨ। ਗੁਰਜੀਤ ਕੌਰ ਬੀ.ਏ. ਪਾਸ ਹੈ। ਇਸ ਲੜਕੀ ਦੀ ਸ਼ਾਦੀ ਭਜਨ ਸਿੰਘ ਨੇ 12-4-15 ਗ੍ਰੀਨ ਫੀਲਡ ਪੈਲੇਸ ਹੁਸ਼ਿਆਰਪੁਰ ਵਿਖੇ ਬਹੁਤ ਸ਼ਾਨਦਾਰ ਢੰਗ ਨਾਲ ਕੀਤੀ ਹੈ।

ਨੋਟ: ਹਰਭਜਨ ਸਿੰਘ ਆਪ ਵੀ ਦੋ ਤਿੰਨ ਵਾਰ ਡੁਬਈ ਤੇ ਮਾਸਕਟ ਦਾ ਟੂਰ ਲਾ ਆਇਆ ਹੈ। ਆਪ ਨੇ ਸੋਨਾਲੀਕਾ ਚੱਕ ਗੁੱਜਰਾਂ ਹੁਸ਼ਿਆਰਪੁਰ ਵਿਖੇ ਵੀ ਬਤੌਰ ਸਕਿਊਰਟੀ ਗਾਰਡ ਨੌਕਰੀ ਕੀਤੀ ਹੈ।

ਰਘਵੀਰ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਸਤਨਾਮ ਕੌਰ ਹੈ ਜਿਸ ਦੇ

ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਰਸੂਲਪੁਰ ਹਨ। ਆਪ ਨੇ 1978 ਈ: ਵਿਚ ਦਸਵੀਂ ਪਾਸ ਕੀਤੀ ਹੈ। ਆਪ ਦੇ ਹਮਜਮਾਤੀ ਜਗਰਾਜ ਸਿੰਘ, ਅਵਤਾਰ ਸਿੰਘ ਤੇ ਸੁਰਿੰਦਰ ਕੌਰ ਸਨ। ਆਪ ਦੀ ਸ਼ਾਦੀ 26-1-1987 ਦੀ ਹੈ। ਉਸ ਦਿਨ ਧੁੰਦ ਬਹੁਤ ਪਈ ਹੋਈ ਸੀ। ਵਿਆਹ ਤੋਂ ਪਹਿਲਾਂ ਹੀ ਆਪ ਨੂੰ ਦੁਆਬਾ ਰੋਡਵੇਜ਼ ਵਿਚ ਬਤੌਰ ਕੰਡਕਟਰ ਨੌਕਰੀ ਮਿਲ ਗਈ ਸੀ। ਆਪ ਦਾ ਸੁਭਾਅ ਚੰਗਾ ਹੈ। ਕਿਸੇ ਨਾਲ ਵੈਰ ਵਿਰੋਧ ਨਹੀਂ ਹੈ। ਆਪ ਡੇਰਾ ਬਿਆਸ ਦੇ ਸ਼ਰਧਾਲੂ ਹਨ। ਆਪ ਦੋਹਾਂ ਨੂੰ (ਮੀਆਂ ਬੀਬੀ) ਮਿਤੀ 5-11-1995 ਨੂੰ ਨਾਮਦਾਨ ਦੀ ਬਖਸ਼ਿਸ਼ ਬਾਬਾ ਗੁਰਿੰਦਰ ਸਿੰਘ ਢਿੱਲੋਂ ਪਾਸੋਂ ਹੋਈ ਹੈ। ਆਪਣੀ ਨੇਕ ਕਮਾਈ ਨਾਲ ਆਪਣਾ ਵਧੀਆ ਮਕਾਨ ਬਣਾਇਆ ਹੈ। ਆਪ ਦੀ ਧਰਮ ਪਤਨੀ ਸਤਨਾਮ ਕੌਰ ਵੀ ਪਿੰਡ ਦੀ ਪੰਚ ਰਹਿ ਚੁੱਕੀ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਹਨ-

ਹਰਪ੍ਰੀਤ ਸਿੰਘ-ਮਨਪ੍ਰੀਤ ਸਿੰਘ। ਦੋਹਾਂ ਨੇ +2 ਪਾਸ ਕੀਤੀ ਹੈ। ਆਪੋ ਆਪਣਾ ਕੰਮਕਾਰ ਕਰ ਰਹੇ ਹਨ। ਮਨਪ੍ਰੀਤ ਸਿੰਘ ਨੇ ਇਕ ਦਿਨ ਪੂਰਾ ਮੇਰੇ ਨਾਲ ਪਿੰਡ ਦੀ ਜਾਣਕਾਰੀ ਲੈਣ ਹਿੱਤ ਲਗਾਇਆ ਹੈ।

5. **ਬਲਵੀਰ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਕੁਲਵੀਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਸਫੀਪੁਰ ਹਨ। ਆਪ ਨੇ ਸ.ਹ. ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਇਸ ਤੋਂ ਬਾਅਦ ਆਪ ਡੁਬਈ ਚਲੇ ਗਏ। ਰੋਜ਼ੀ ਰੋਟੀ ਵਾਸਤੇ ਕੰਮ ਜ਼ਰੂਰੀ ਹੈ। ਆਪ ਦੀ ਸ਼ਾਦੀ 25-1-1995 ਦੀ ਹੈ। ਆਪ ਹੁਣ ਰਾਜ ਮਿਸਤਰੀ ਦਾ ਕੰਮ ਕਰਦੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਬੇਟੀ ਪ੍ਰਵੀਨ ਕੌਰ ਤੇ ਬੇਟਾ ਹਰਵਿੰਦਰ ਸਿੰਘ ਹੈ। ਦੋਵੇਂ ਪੜ੍ਹ ਰਹੇ ਹਨ।

ਜਗਿੰਦਰ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਆਸ਼ਾ ਦੇਵੀ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੱਸੀ ਦੌਲਤ ਖਾਂ ਹਨ। ਆਪ ਨੇ ਸ. ਹ. ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਇਸ ਤੋਂ ਮਗਰੋਂ ਆਪ ਨੇ ਘਰੇਲੂ ਕੰਮਕਾਰ ਕੀਤਾ ਹੈ। 8-9 ਸਾਲ ਤੋਂ ਆਪ ਡੁਬਈ ਆ ਜਾ ਰਹੇ ਹਨ। ਦਸੰਬਰ 2012 ਵਿਚ ਆਪ ਨੇ ਆਪਣੇ ਹਿੱਸੇ ਦੇ ਪਲਾਟ ਵਿਚ ਆਪਣੀ ਵਧੀਆ ਕੋਠੀ ਪਾਈ ਹੈ। ਆਪ ਦੀ ਸ਼ਾਦੀ 11-9-1998 ਈ: ਦੀ ਹੈ। ਵਿਆਹ ਵਾਲੇ ਦਿਨ ਬਹੁਤ ਬਾਰਸ਼ ਹੋਈ। ਜਨੇਤ ਨਸਰਾਲੇ ਦੇ ਵੱਲ ਦੀ ਗਈ ਸੀ। ਜਦੋਂ ਅਸੀਂ ਪਿੰਡ ਬੱਸੀ ਪਹੁੰਚੇ ਤਾਂ ਸੜਕਾਂ ਵਿਚ ਪਾਣੀ ਬਹੁਤ ਵਗ ਰਿਹਾ ਸੀ। ਅਨੰਦ ਕਾਰਜ ਵੇਲੇ ਵੀ ਹਲਕੀ-ਹਲਕੀ ਬਾਰਸ਼ ਹੁੰਦੀ ਰਹੀ।

ਜਗਿੰਦਰ ਸਿੰਘ ਦੀ ਵੀ ਆਪਣੀ ਸਮਾਜਿਕ ਭਾਵਨਾ ਕਰਕੇ ਪਛਾਣ ਹੈ। ਧਾਰਮਿਕ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ। ਹੁਣ ਵੀ ਜਦੋਂ ਛੁੱਟੀ ਆਵੇ ਤਾਂ ਗੁਰੂਘਰ ਦੀ ਸੇਵਾ ਕਰਦਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਬੇਟੇ ਵਰਿੰਦਰ ਸਿੰਘ, ਇੰਦਰਜੀਤ ਸਿੰਘ ਤੇ ਬੇਟੀ

ਤਰਨਜੀਤ ਕੌਰ ਹੈ। ਸਾਰੇ ਬੱਚੇ ਪੜ੍ਹ ਰਹੇ ਹਨ।

7. **ਅਮਰਜੀਤ ਸਿੰਘ:-** ਅਮਰਜੀਤ ਸਿੰਘ ਸੁਖਦੇਵ ਦੀ ਸਭ ਤੋਂ ਛੋਟੀ ਸੰਤਾਨ ਹੈ। ਆਪ ਦੀ ਧਰਮ ਪਤਨੀ ਦਾ ਨਾਮ ਕਮਲਜੀਤ ਕੌਰ ਹੈ ਜਿਸ ਦੇ ਪੇਕੇ ਮਾਹਿਲਪੁਰ ਨੇੜੇ ਪਿੰਡ ਢੱਕੋ ਹਨ। ਆਪ ਦੀ ਸ਼ਾਦੀ ਜਨਵਰੀ 2004 ਦੀ ਹੈ। ਬਰਾਤ ਵਿਚ ਥੋੜ੍ਹੇ ਬਰਾਤੀ ਗਏ ਸਨ। ਅਨੰਦ ਕਾਰਜ ਉਪਰੰਤ ਜਨੇਤ ਪਿੰਡ ਆ ਗਈ ਸੀ। ਸ਼ਰੀਕੇ ਭਾਈਚਾਰੇ ਵਾਸਤੇ ਪਾਰਟੀ ਦਾ ਪ੍ਰਬੰਧ ਸੀ। ਅਮਰਜੀਤ ਸਿੰਘ ਨੇ ਮਿਡਲ ਪੱਧਰ ਦੀ ਪੜ੍ਹਾਈ ਕੀਤੀ ਹੈ। ਫਿਰ ਆਪ ਬਿਜਲੀ ਦਾ ਕੰਮ ਕਰਦੇ ਰਹੇ। ਮੇਰੇ ਹੁਸ਼ਿਆਰਪੁਰ ਵਾਲੀ ਕੋਠੀ ਵਿਚ ਬਿਜਲੀ ਦੀ ਸਾਰੀ ਵਾਇਰਿੰਗ ਅਮਰਜੀਤ ਸਿੰਘ ਦੀ ਕੀਤੀ ਹੋਈ ਹੈ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਕਰਨਦੀਪ ਸਿੰਘ ਤੇ ਲੜਕੀ ਜਸਪ੍ਰੀਤ ਕੌਰ ਹੈ। ਦੋਵੇਂ ਬੱਚੇ ਸੁੰਦਰ ਹਨ। ਛੋਟੀ ਜਮਾਤ ਵਿਚ ਪੜ੍ਹਦੇ ਹਨ।

ਨੋਟ: ਪਰਿਵਾਰ ਦੀ ਮੁਖੀ ਵਚਨ ਕੌਰ ਅਜੇ ਚੰਗੀ ਸਿਹਤ ਵਾਲੀ ਹੈ। ਆਪ ਨੇ ਕਦੇ ਆਪਣਾ ਵਕਤ ਅਜਾਈਂ ਖਰਾਬ ਨਹੀਂ ਕੀਤਾ। ਪਰਿਵਾਰ ਦੀ ਬੜੀ ਹਿੰਮਤ ਤੇ ਦਲੇਰੀ ਨਾਲ ਪਾਲਣਾ ਕੀਤੀ ਹੈ।

4. **ਲਸ਼ਮਣ ਸਿੰਘ:-** ਆਪ ਮਾਨ ਸਿੰਘ ਦੀ ਚੌਥੀ ਸੰਤਾਨ ਹਨ। ਆਪ ਨੂੰ ਮੈਂ ਪਿੰਡ ਗਗਨੌਲੀ ਨਹੀਂ ਦੇਖਿਆ ਹੈ। ਆਪ ਸਲਵਾੜੇ ਪਿੰਡ ਵਿਚ ਰਹਿੰਦੇ ਸਨ। ਉਥੇ ਹੀ ਉਸਦੀ ਮੌਤ ਹੋਈ ਹੈ। ਪਿੰਡ ਵਾਲਿਆਂ ਨੂੰ ਉਸ ਬਾਰੇ ਜ਼ਿਆਦਾ ਪਤਾ ਨਹੀਂ ਹੈ। ਮਾਨ ਸਿੰਘ ਦਾ ਸਾਰਾ ਵੰਸ਼ ਲਿਖਿਆ ਗਿਆ ਹੈ।

* 2. **ਲੱਭੂ ਰਾਮ:-** ਆਪ ਜਗੀਰ ਸਿੰਘ ਦੇ ਦੂਜੇ ਪੁੱਤਰ ਹਨ। ਹੋਰ ਬਜ਼ੁਰਗਾਂ ਬਾਰੇ ਮੇਰੇ ਪਾਸ ਕੋਈ ਜਾਣਕਾਰੀ ਨਹੀਂ ਹੈ ਕਿ ਇਨ੍ਹਾਂ ਦਾ ਆਦਤ ਸੁਭਾਅ ਕਿਹੋ ਜਿਹਾ ਸੀ ਤੇ ਸਰੀਰਕ ਬਣਤਰ ਕਿਸ ਪ੍ਰਕਾਰ ਦੀ ਸੀ। ਆਪ ਦੀ ਧਰਮ ਪਤਨੀ ਦਾ ਨਾਮ ਜਵਾਲੀ ਸੀ।

ਵੰਸ਼:- ਆਪ ਦੇ ਵੰਸ਼ ਵਿਚ ਦੋ ਧੀਆਂ ਧੰਤੀ ਤੇ ਬੰਤੀ ਤੇ ਇਕ ਲੜਕਾ ਸਾਧੂ ਸਿੰਘ ਹੈ।

ਧੰਤੀ:- ਆਪ ਦੇ ਪਤੀ ਦਾ ਨਾਮ ਦੀਵਾਨ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਾਪੁਰ ਸਨ। ਭੂਆ ਧੰਤੀ ਤੇ ਫੁੱਫੜ ਦੀਵਾਨ ਸਿੰਘ ਦਾ ਰੰਗ ਗੋਰਾ ਸੀ। ਉਹ ਹੱਥ ਵਿਚ ਖੂੰਡਾ ਰੱਖਦੇ ਸਨ। ਭੂਆ ਧੰਤੀ ਨੇ ਮੇਰੇ ਵੱਡੇ ਭਾਈ ਅਜੀਤ ਸਿੰਘ ਦਾ ਰਿਸ਼ਤਾ ਆਪਣੇ ਸਹੁਰੇ ਪਿੰਡ ਕੀਤਾ ਹੈ। ਭੂਆ ਜੀ ਦਾ ਸੁਭਾਅ ਬਹੁਤ ਚੰਗਾ ਸੀ।

ਵੰਸ਼:- ਦੀਵਾਨ ਸਿੰਘ ਦੇ ਚਾਰ ਲੜਕੇ- ਤਾਰਾ ਸਿੰਘ, ਘਿਨੀ, ਪਿਆਰਾ ਸਿੰਘ ਤੇ ਨਰਿੰਜਨ ਸਿੰਘ ਹਨ। ਦੀਵਾਨ ਸਿੰਘ ਦੀ ਮੌਤ 4-8-1977 ਈ: ਨੂੰ ਹੋਈ ਹੈ।

ਬੰਤੀ:- ਆਪ ਦੇ ਪਤੀ ਦਾ ਨਾਮ ਮਾੜਾ ਰਾਮ ਤੇ ਸਹੁਰੇ ਜ਼ਿਲ੍ਹਾ ਜਲੰਧਰ ਦੇ ਪਿੰਡ ਕੰਦੋਲੇ ਸਨ। ਮਾੜਾ ਰਾਮ ਉੱਚਾ ਲੰਬਾ ਜਵਾਨ ਸੀ। ਜਵਾਨੀ ਵੇਲੇ ਬਹੁਤ ਤਕੜਾ ਹੋਵੇਗਾ। ਅਕਤੂਬਰ 1970 ਈ: ਵਿਚ ਪਿੰਡ ਦੀ ਕਬੱਡੀ ਦੀ ਟੀਮ ਕੰਦੋਲੇ ਖੇਡਣ ਗਈ

ਸੀ। ਸਾਨੂੰ ਸ਼ਾਮ ਪੈ ਗਈ ਮੈਂ ਤਾਂ ਮੱਸਾ ਸਿੰਘ ਇਕ ਰਾਤ ਭੂਆ ਬੰਤੀ ਦੇ ਕੋਲ ਕੰਧੋਲਾ ਵਿਖੇ ਰਹੇ ਸੀ। ਫੁੱਫੜ ਮਾੜਾ ਰਾਮ ਦੀ ਮੌਤ 8-3-1977 ਈ: ਦੀ ਹੈ। ਭੂਅ ਬੰਤੀ ਜਦੋਂ ਪਿੰਡ ਆਉਂਦੀ ਸੀ ਤਾਂ ਕਈ ਦਿਨ ਰਹਿ ਕੇ ਜਾਂਦੀ ਸੀ। ਉਸਦਾ ਹੱਸਮੁੱਖ ਸੁਭਾਅ ਸੀ। ਵਡੇਰੀ ਉਮਰ ਵਿਚ ਆਪ ਦਾ ਸਰੀਰ ਕੁਝ ਭਾਰਾ ਹੋ ਗਿਆ ਸੀ।

ਵੰਸ਼: ਆਪ ਦੇ ਵੰਸ਼ ਵਿਚ ਇਕ ਲੜਕਾ ਕਰਮ ਸਿੰਘ ਤੇ ਚਾਰ ਲੜਕੀਆਂ ਹਨ।

ਨੋਟ: ਦੋਵੇਂ ਭੂਆ ਉਸ ਸਮੇਂ ਪਿੰਡ ਆਉਂਦੀਆਂ ਸਨ। ਜਦੋਂ ਉਨ੍ਹਾਂ ਦੇ ਭਤੀਜੇ ਇੰਗਲੈਂਡ ਤੋਂ ਆਏ ਹੁੰਦੇ ਸਨ। ਵੈਸੇ ਵੀ ਮਿਲਣ ਆ ਜਾਂਦੀਆਂ ਸਨ।

ਸਾਧੂ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਹਰ ਕੌਰ ਤੇ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਗੜ੍ਹੀ ਸਨ। ਇਹ ਪਿੰਡ ਨੰਦਾਚੌਰ ਦੇ ਲਾਗੇ ਹੀ ਪੈਂਦਾ ਹੈ। ਆਪ ਦਾ ਕੱਦ ਮਧਰਾ ਤੇ ਸਰੀਰ ਤਕੜਾ ਸੀ। ਸਿਆਣੇ ਦੱਸਦੇ ਸਨ ਕਿ ਜਵਾਨੀ ਵੇਲੇ ਜਦੋਂ ਕਬੱਡੀ ਖੇਡਦਾ ਸੀ ਤਾਂ ਕਿਸੇ ਦੇ ਹੱਥ ਨਹੀਂ ਆਉਂਦਾ ਸੀ। ਆਮ ਬਜ਼ੁਰਗਾਂ ਵਾਂਗ ਆਪ ਹੁੱਕਾ ਪੀਂਦੇ ਸਨ। ਇਕ ਵਾਰ ਇਕ ਲੜਕਾ ਕੋਈ ਸ਼ਰਾਰਤ ਕਰਕੇ ਦੌੜਨ ਲੱਗਾ ਪਰ ਤਾਇਆ ਸਾਧੂ ਸਿੰਘ ਨੇ ਦੌੜ ਕੇ ਫੜ ਲਿਆ। ਅਸੀਂ ਸਾਰੇ ਹੈਰਾਨ ਰਹਿ ਗਏ। ਬਿਰਧ ਹੋਣ ਤੱਕ ਆਪ ਖੇਤੀਬਾੜੀ ਦਾ ਕੰਮ ਕਰਦੇ ਰਹੇ। ਇਸ ਦੇ ਨਾਲ ਮੈਂ ਆਪ ਨੂੰ ਕੱਪੜਾ ਬੁਣਦੇ ਵੀ ਦੇਖਿਆ ਹੈ। ਤਾਈ ਹਰ ਕੌਰ ਦਾ ਕੱਦ ਲੰਬਾ ਸੀ। ਉਹ ਵੀ ਆਪਣੇ ਅੰਤ ਸਮੇਂ ਤੱਕ ਘਰ ਦਾ ਕੰਮਕਾਰ ਕਰਦੀ ਰਹੀ। ਆਪ ਮੀਆਂ ਬੀਬੀ ਆਪਣੇ ਛੋਟੇ ਲੜਕੇ ਦਰਸ਼ਨ ਸਿੰਘ ਦੇ ਨਾਲ ਰਹਿੰਦੇ ਸਨ। ਗੁੱਗਾ ਨੌਮੀ ਤੇ ਤਾਈ ਹਰ ਕੌਰ ਹੱਥ ਨਾਲ ਸੇਵੀਆਂ ਵੱਟਦੀ ਦੇਖੀ ਹੈ। ਚਾਟੀ ਮੂਧੀ ਮਾਰ ਕੇ ਉਸ ਉਪਰ ਇਹ ਕੰਮ ਕਰਨਾ। ਮੋਟੀਆਂ ਸੇਵੀਆਂ ਸੁਆਦ ਹੁੰਦੀਆਂ ਸਨ।

ਪਿੰਡ ਦਾ ਚੌਕੀਦਾਰ:- ਪਿੰਡ ਦਾ ਪਹਿਲਾ ਚੌਂਕੀਦਾਰ ਮੁਸਲਮਾਨ ਘੁਕੂ ਸੀ। 1947 ਤੋਂ ਮਗਰੋਂ ਇਹ ਚੌਂਕੀਦਾਰਾ ਸਾਧੂ ਸਿੰਘ ਦੇ ਕੋਲ ਆ ਗਿਆ। ਆਪ ਚਾਰ ਪਿੰਡਾਂ (ਗਗਨੋਲੀ, ਹੁਸੈਨਪੁਰ, ਰਾਮੂ ਥਿਆੜਾ ਤੇ ਖਾਨਪੁਰ) ਦੇ ਚੌਂਕੀਦਾਰ ਸਨ। ਇਨ੍ਹਾਂ ਤੋਂ ਮਗਰੋਂ ਖਾਨਪੁਰ ਦਾ ਜਵਾਲਾ ਪ੍ਰਸਾਦ ਫਿਰ ਚਰਨ ਦਾਸ, ਰਾਮੂ ਥਿਆੜਾ ਤੇ ਹੁਣ 2004 ਤੋਂ ਮੱਸਾ ਸਿੰਘ ਪਿੰਡ ਦਾ ਚੌਂਕੀਦਾਰ ਹੈ। ਇਲਾਕੇ ਵਿਚ ਜਦੋਂ ਤਹਿਸੀਲਦਾਰ ਦਾ ਦੌਰਾ ਹੁੰਦਾ ਤਾਂ ਆਪ ਰਿਕਾਰਡ ਸਿਰ 'ਤੇ ਚੁੱਕ ਕੇ ਜਾਂਦੇ ਸਨ। ਤੜਕਸਾਰ ਆਪ ਘਰਾਂ ਦੀ ਗਲੀ ਵਿਚ ਖੰਘਦੇ ਹੀ ਲੰਘਦੇ ਸਨ। ਇਸ ਦਾ ਭਾਵ ਹੈ ਖ਼ਬਰਦਾਰ ਹੋ ਜਾਵੋ।

ਮੇਟ ਸ਼ਬਦ ਦੀ ਵਰਤੋਂ:- ਆਪ ਨੇ ਰੇਲ ਲਾਈਨ ਉੱਪਰ ਵੀ ਕੰਮ ਕੀਤਾ ਹੈ। ਅੰਗਰੇਜ਼ਾਂ ਦੇ ਸਮੇਂ ਜਦੋਂ ਜਲੰਧਰ ਤੋਂ ਰੇਲ ਲਾਈਨ ਨਿਕਲੀ ਹੈ ਤਾਂ ਆਪ ਨੂੰ ਉਨ੍ਹਾਂ ਨੇ ਮੇਟ ਬਣਾ ਦਿੱਤਾ। ਇਹ ਰੇਲ ਲਾਈਨ ਜਲੰਧਰ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਹੈ। ਸਾਨੂੰ ਨਸਰਾਲਾ ਸਟੇਸ਼ਨ ਪੈਂਦਾ ਹੈ। ਆਪ ਮਜ਼ਦੂਰਾਂ ਤੋਂ ਕੰਮ ਕਰਵਾਉਂਦੇ ਸਨ। ਨਰਸਾਲਾ ਤੇ ਹੁਸ਼ਿਆਰਪੁਰ ਸਟੇਸ਼ਨ 'ਤੇ ਸੰਨ 1905 ਲਿਖਿਆ ਹੋਇਆ ਹੈ। ਇਸ ਤਰ੍ਹਾਂ ਆਪ ਦੇ ਨਾਮ ਨਾਲ ਸਾਧੂ ਸਿੰਘ ਮੇਟ ਸ਼ਬਦ ਜੁੜ ਗਿਆ। ਆਪ ਦੇ ਘਰ ਨੂੰ ਲੋਕਾਂ ਨੇ ਮੇਟਾਂ ਦਾ

ਘਰ ਕਹਿ ਕੇ ਬੁਲਾਣਾ ਸ਼ੁਰੂ ਕਰ ਦਿੱਤਾ। ਪਿੰਡ ਵਿਚ ਚਾਰ ਸੋਹਣ ਸਿੰਘ ਹਨ। ਆਪ ਦੇ ਲੜਕੇ ਨੂੰ ਮੇਟਾਂ ਦਾ ਸੋਹਣ ਕਹਿ ਕੇ ਸੱਦਿਆ ਜਾਂਦਾ ਸੀ। ਸੜਕਾਂ ਦੀ ਮੁਰੰਮਤ ਕਰਨ ਵਾਲਿਆਂ ਦੇ ਉੱਪਰ ਵੀ ਇਕ ਮੇਟ ਹੁੰਦਾ ਹੈ ਜਿਸ ਦੀ ਲਾਲ ਪੱਗ ਤੇ ਲਾਲ ਕੋਟੀ ਹੁੰਦੀ ਹੈ।

ਆਪ ਦੇ ਵੱਡੇ ਭਾਈ ਸਾਹਿਬ ਤੁਲਸੀ ਦਾਸ ਨੇ ਆਪ ਨੂੰ ਕਹਿਣਾ, "ਮੇਟਾ ਨਾਮ ਜੱਪਿਆ ਕਰ।" ਇਨ੍ਹਾਂ ਅੱਗੋਂ ਕਹਿਣਾ, "ਚੰਗਾ ਮਹਾਰਾਜ ਚੰਗਾ।" ਮੈਂ ਆਪ ਨੂੰ ਕਿਸੇ ਨਾਲ ਲੜਦੇ ਝਗੜਦੇ ਨਹੀਂ ਦੇਖਿਆ ਹੈ। ਵਡੇਰੀ ਉਮਰ ਵਿਚ ਵੀ ਆਪ ਮੀਆਂ ਬੀਬੀ ਘਰੇਲੂ ਕੰਮ ਕਰਦੇ ਰਹੇ ਸਨ।

ਮੀਆਂ ਬੀਬੀ ਦਾ ਸੁਰਗਵਾਸ ਹੋਣਾ:- ਤਾਈ ਹਰ ਕੌਰ ਦਾ ਘਰ ਸਾਡੇ ਨਾਲ ਹੀ ਪੈਂਦਾ ਹੈ। ਪਰ ਸਾਨੂੰ ਉਨ੍ਹਾਂ ਦੇ ਬਿਮਾਰ ਹੋਣ ਬਾਰੇ ਪਤਾ ਨਹੀਂ ਲੱਗ ਸਕਿਆ। ਮੈਂ ਕਾਲਜ ਤੋਂ ਪੜ੍ਹ ਕੇ ਆ ਰਿਹਾ ਸੀ। ਮੈਂ ਅਚਾਨਕ ਉਨ੍ਹਾਂ ਦੇ ਲੜਕੇ ਸੋਹਨ ਸਿੰਘ ਨੂੰ ਗੱਡੇ 'ਤੇ ਬੈਠੇ ਦੇਖਿਆ। ਗੱਡੇ ਉੱਪਰ ਮੰਜੇ 'ਤੇ ਤਾਈ ਹਰ ਕੌਰ ਲੰਮੀ ਪਈ ਹੋਈ ਸੀ। ਇਨ੍ਹਾਂ ਦੇ ਨਾਲ ਹੋਰ ਵੀ ਪਰਿਵਾਰਕ ਮੈਂਬਰ ਸਨ। ਮੈਂ ਪੁੱਛਿਆ ਤਾਈ ਦਾ ਕੀ ਹਾਲ ਹੈ। ਸੋਹਣ ਸਿੰਘ ਨੇ ਦੱਸਿਆ ਕਿ ਡਾਕਟਰ ਨੇ ਦਵਾਈ ਦਿੱਤੀ ਹੈ ਤੇ ਕਿਹਾ ਇਨ੍ਹਾਂ ਨੂੰ ਘਰ ਲੈ ਜਾਵੋ- ਵੈਸੇ ਗੱਲਬਾਤ ਕਰਦੀ ਹੈ। ਪਰ ਤਾਈ ਤੜਕਸਾਰ ਮਿਤੀ 5-11-1973 ਨੂੰ ਸੁਰਗਵਾਸ ਹੋ ਗਈ।

ਜਦੋਂ ਤਾਈ ਹਰ ਕੌਰ ਸੁਰਗਵਾਸ ਹੋ ਗਈ ਤਾਂ ਤਾਇਆ ਸਾਧੂ ਸਿੰਘ ਨੇ ਉਸ ਦੇ ਸਿਵੇ 'ਤੇ ਜਾਣਾ ਸ਼ੁਰੂ ਕਰ ਦਿੱਤਾ। ਸਾਰਿਆਂ ਨੇ ਸਮਝਾਉਣਾ ਕਿ ਹੁਣ ਅਜਿਹਾ ਨਹੀਂ ਕਰਨਾ ਹੈ। ਇਕ ਦਿਨ ਸਾਰਿਆਂ ਨੇ ਇਸ ਫਾਨੀ ਸੰਸਾਰ ਤੋਂ ਜ਼ਰੂਰ ਜਾਣਾ ਹੈ। ਪਰ ਕਦੀ-ਕਦੀ ਉਹ ਹੱਥ ਵਿਚ ਖੂੰਡਾ ਫੜ ਕੇ ਜ਼ਰੂਰ ਚਲੇ ਜਾਂਦੇ ਸਨ। ਆਪ ਦੀ ਨੂੰਹ ਜਦੋਂ ਦਸੰਬਰ 1973 ਵਿਚ ਇੰਗਲੈਂਡ ਤੋਂ ਆਈ ਤਾਂ ਉਸ ਨੇ ਮਾਤਾ ਦੇ ਨਮਿੱਤ ਆਪਣੇ ਗ੍ਰਹਿ ਵਿਖੇ ਸਹਿਜ ਪਾਠ ਰਖਾਇਆ। ਪ੍ਰੀਤਮ ਕੌਰ ਪਹਿਲੀ ਵਾਰ ਇੰਗਲੈਂਡ ਤੋਂ ਛੁੱਟੀ ਆਈ ਸੀ। ਸੰਤ ਮਹਿੰਦਰ ਸਿੰਘ ਮਸਤਾਨਾ ਜੀ ਨੇ ਪਾਠ ਕੀਤਾ।

ਸਾਧੂ ਸਿੰਘ ਇਕ ਵਾਰ ਬਿਮਾਰ ਹੋ ਗਏ ਸਨ। ਆਪ ਦੇ ਲੜਕੇ ਮੋਹਨ ਸਿੰਘ ਨੇ ਇੰਗਲੈਂਡ ਤੋਂ ਆ ਕੇ ਆਪ ਨੂੰ ਨੰਦਾ ਹਸਪਤਾਲ ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਦਾਖਲ ਕਰਵਾਇਆ। ਪਰ ਸਾਧੂ ਸਿੰਘ ਦੀ ਸਿਹਤ ਹੌਲੀ-ਹੌਲੀ ਕਮਜ਼ੋਰ ਹੋ ਗਈ। ਕਣਕਾਂ ਦੀ ਕੁਤਰਾਈ ਚਲ ਰਹੀ ਸੀ। ਸ਼ਾਮ ਦੇ ਸਮੇਂ ਆਪ ਦੇ ਲੜਕੇ ਸੋਹਨ ਸਿੰਘ ਨੇ ਆਪ ਨੂੰ ਚੁੱਕ ਕੇ ਮੰਜੇ 'ਤੇ ਬਿਠਾਇਆ। ਆਪ ਢਿੱਲੇ ਮੱਠੇ ਨਹੀਂ ਹੋਏ। ਆਪ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 24-5-1975 ਦਿਨ ਸ਼ਨਿੱਚਰਵਾਰ ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ।

ਵੰਸ਼:- ਸਾਧੂ ਸਿੰਘ ਆਪਣੇ ਬਾਪ ਦਾ ਇਕ ਹੀ ਪੁੱਤਰ ਸੀ। ਇਸ ਦੀਆਂ ਦੋ ਭੈਣਾਂ ਸਨ। ਪਰ ਆਪ ਦੀ ਇਕ ਧੀ ਜੀਤ ਕੌਰ ਤੇ ਚਾਰ ਲੜਕੇ ਸਨ। ਵੀਰ ਸਿੰਘ,

ਸੋਹਣ ਸਿੰਘ, ਮੋਹਨ ਸਿੰਘ, ਦਰਸ਼ਨ ਸਿੰਘ ਹੈ।

ਅਜੀਤ ਕੌਰ:- ਆਪ ਦੇ ਪਤੀ ਦਾ ਨਾਮ ਗੁਰਦੀਪ ਸਿੰਘ ਤੇ ਸਹੁਰੇ ਜ਼ਿਲ੍ਹਾ ਜਲੰਧਰ ਦੇ ਪਿੰਡ ਸਲਾਲਾ ਵਿਖੇ ਹਨ। ਪਿੰਡ ਨੰਗਲ ਸਲਾਲਾ ਆਦਮਪੁਰ-ਭੋਗਪੁਰ ਰੋਡ 'ਤੇ ਸਥਿਤ ਹੈ। ਜੀਤ ਕੌਰ ਦੇ ਸਹੁਰਾ ਸਾਹਿਬ ਦਾ ਨਾਮ ਗਾਹੀਆ ਸੀ। ਇਹ ਦੋ ਭਰਾ ਗਾਹੀਆ ਤੇ ਮਾਹੀਆ ਸਨ। ਗੁਰਦੀਪ ਸਿੰਘ ਬਹੁਤ ਵਾਰ ਡੁਬਈ ਵਿਚ ਰਿਹਾ ਹੈ। ਫਿਰ ਉਸ ਨੇ ਸ਼ਾਮ ਚੁਰਾਸੀ ਵਿਖੇ ਆਪਣੀ ਦੁਕਾਨ ਪਾ ਲਈ, ਜਿਸ ਵਿਚ ਘਰੇਲੂ ਵਰਤੋਂ ਦਾ ਸਮਾਨ ਪਾ ਲਿਆ। ਜੀਤ ਕੌਰ ਦੇ ਭਰਾ ਵੀਰ ਸਿੰਘ ਨੇ ਆਪ ਨੂੰ ਇੰਗਲੈਂਡ ਸੱਦਿਆ ਸੀ। ਕਿਤੇ-ਕਿਤੇ ਪਿੰਡ ਆ ਕੇ ਮਿਲ ਜਾਂਦੀ ਸੀ। ਗੁਰਦੀਪ ਸਿੰਘ ਦਸ ਜਮਾਤਾਂ ਪਾਸ ਸੀ।

ਵੰਸ਼:- ਜੀਤ ਕੌਰ ਦੀ ਇਕ ਲੜਕੀ ਕ੍ਰਿਸ਼ਨਾ ਦੇਵੀ ਤੇ ਇਕ ਲੜਕਾ ਨਰਿੰਦਰ ਸਿੰਘ ਹੈ।

ਨਰਿੰਦਰ ਸਿੰਘ ਦੀ ਧਰਮ ਪਤਨੀ ਦਾ ਨਾਮ ਕੁਲਵੰਤ ਕੌਰ ਤੇ ਪੇਕੇ ਮਾਣਕ ਰਾਈ ਹਨ। ਨਰਿੰਦਰ ਸਿੰਘ ਸ਼ਾਮ ਚੁਰਾਸੀ ਵਿਖੇ ਦੁਕਾਨ ਕਰਦਾ ਹੈ ਜੋ ਉਸ ਦੇ ਪਿਤਾ ਨੇ ਚਾਲੂ ਕੀਤੀ ਸੀ। ਨਰਿੰਦਰ ਸਿੰਘ ਦੇ ਤਿੰਨ ਲੜਕੇ- ਸਰਬਜੀਤ ਸਿੰਘ, ਸ਼ਮਸ਼ੇਰ ਸਿੰਘ ਤੇ ਰਣਜੀਤ ਸਿੰਘ ਹਨ ਜੋ ਪੜ੍ਹ ਰਹੇ ਹਨ। ਇਕ ਲੜਕੀ ਇੰਦਰਜੀਤ ਕੌਰ ਹੈ। ਰਣਜੀਤ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪੜ੍ਹ ਰਿਹਾ ਹੈ।

ਲੜਕੇ

1. **ਵੀਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਕਰਮ ਕੌਰ ਹੈ ਜਿਸ ਦੇ ਪੇਕੇ ਕੋਟਲਾ ਨੌਧ ਸਿੰਘ ਹਨ। ਕਰਮ ਕੌਰ ਘਰੇਲੂ ਕੰਮਕਾਰ ਦੇ ਨਾਲ ਘਰ ਵਿਚ ਲਵੇਰਾ ਜ਼ਰੂਰ ਰੱਖਦੀ ਸੀ। ਘਰ ਵਿਚ ਸਾਫ਼ ਸਫਾਈ ਵੱਲ ਖਾਸ ਧਿਆਨ ਦਿੱਤਾ ਜਾਂਦਾ ਸੀ। ਵੀਰ ਸਿੰਘ ਪਿੰਡ ਵਿਚ ਕੱਪੜਾ ਬੁਨਣ ਦਾ ਕੰਮ ਕਰਦਾ ਸੀ। ਅਚਾਨਕ ਉਸ ਦੇ ਭਾਗ ਜਾਗ ਪਏ ਜਦੋਂ ਉਸ ਦੇ ਛੋਟੇ ਭਾਈ ਮੋਹਨ ਸਿੰਘ ਨੇ ਉਸ ਦੇ ਕਾਗਜ਼ ਇੰਗਲੈਂਡ ਆਉਣ ਵਾਸਤੇ ਭੇਜ ਦਿੱਤੇ। ਵੀਰ ਸਿੰਘ 1-9-1965 ਈ: ਨੂੰ ਇੰਗਲੈਂਡ ਨੂੰ ਗਿਆ। ਥੋੜ੍ਹੇ ਦਿਨਾਂ ਮਗਰੋਂ ਹੀ ਭਾਰਤ ਦੀ ਪਾਕਿਸਤਾਨ ਦੇ ਨਾਲ ਜੰਗ ਲੱਗ ਗਈ। ਥੋੜ੍ਹੇ ਸਮੇਂ ਮਗਰੋਂ ਵੀਰ ਸਿੰਘ ਦੀਆਂ ਇੰਗਲੈਂਡ ਤੋਂ ਫੋਟੋ ਆ ਗਈਆਂ। ਆਪ ਦੀ ਮਾਤਾ ਸਾਰਿਆਂ ਨੂੰ ਫੋਟੋ ਦਿਖਾਉਂਦੀ ਸੀ।

ਸ਼ਰਧਾ ਭਾਵਨਾ:- ਵੀਰ ਸਿੰਘ ਨੇ ਇੰਗਲੈਂਡ ਜਾਣ ਤੋਂ ਪਹਿਲਾਂ ਬਾਬਾ ਰਾਮ ਸਰਨ ਦੇ ਦਰਬਾਰ ਵਿਚ ਸੁੱਖ ਸੁੱਖੀ ਸੀ ਕਿ, "ਜੇ ਬਾਬਾ ਜੀ ਮੈਂ ਠੀਕ ਠਾਕ ਇੰਗਲੈਂਡ ਪਹੁੰਚ ਜਾਵਾਂ ਤਾਂ ਆਪ ਦੇ ਦਰਬਾਰ ਦੀ ਸੇਵਾ ਕਰਾਂਗਾ।" ਆਪ ਦੀ ਆਸ ਮੁਰਾਦ ਪੂਰੀ ਹੋ ਗਈ। ਆਪ ਨੇ ਸਭ ਤੋਂ ਪਹਿਲਾਂ ਆਪਣੀ ਨੇਕ ਕਮਾਈ ਵਿਚੋਂ ਗੁਰੂ ਘਰ ਦੇ ਲਾਗੇ ਸੜਕ ਵਿਚ ਨਲਕਾ ਲਗਵਾਇਆ, ਜਿਸ ਦੀ ਲੰਘਣ ਵਾਲੇ ਹਰ ਰਾਹੀ ਨੂੰ ਲੋੜ ਸੀ।

ਉਸ ਸਮੇਂ ਆਸੇ ਪਾਸੇ ਪੀਣ ਵਾਸਤੇ ਪਾਣੀ ਨਹੀਂ ਸੀ। ਥੋੜੇ ਸਮੇਂ ਮਗਰੋਂ ਕਰਮ ਕੌਰ ਦੀ ਵੀ ਰਾਹਦਾਰੀ ਆ ਗਈ। ਉਹ ਵੀ ਪਰਿਵਾਰ ਸਮੇਤ ਇੰਗਲੈਂਡ ਚਲੀ ਗਈ। ਸਿਰਫ ਆਪ ਦਾ ਵੱਡਾ ਲੜਕਾ ਤਾਰਾ ਸਿੰਘ ਨਹੀਂ ਜਾ ਸਕਿਆ ਕਿਉਂਕਿ ਉਸਦੀ ਸ਼ਾਦੀ ਹੋ ਚੁੱਕੀ ਸੀ। ਵੀਰ ਸਿੰਘ ਪਰਿਵਾਰ ਸਮੇਤ 28-02-1977 ਨੂੰ ਇੰਗਲੈਂਡ ਤੋਂ ਛੁੱਟੀ ਆਇਆ। ਵੀਰ ਸਿੰਘ ਨੇ ਬਾਬਾ ਰਾਮ ਸਰਨ ਦੇ ਬਣੇ ਮਕਾਨ ਦੀ ਛੱਤ ਬਦਲੀ 17-3-1977 ਨੂੰ ਕੀਤੀ। ਇਸ ਕੰਮ ਵਿਚ ਹੋਰ ਸੰਗਤਾਂ ਨੇ ਸਹਿਯੋਗ ਦਿੱਤਾ। ਵੀਰ ਸਿੰਘ ਨੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਬਾਬਾ ਰਾਮ ਸਰਨ ਵਿਖੇ ਸ੍ਰੀ ਅਖੰਡ ਪਾਠ ਰਖਵਾਏ ਜਿਸ ਦਾ ਭੋਗ ਮਿਤੀ 30-3-1977 ਨੂੰ ਪਾਇਆ ਗਿਆ। ਇਸ ਪਵਿੱਤਰ ਕਾਰਜ ਲਈ ਪਾਠੀ ਸੰਤ ਬਾਬਾ ਮਹਿੰਦਰ ਸਿੰਘ ਮਸਤਾਨਾ ਉਨ੍ਹਾਂ ਦਾ ਲੜਕਾ ਪਿੰਡ ਕਾਹਰੀ ਤੋਂ ਹਰਬਲਾਸ ਸਿੰਘ ਤੇ ਪਿੰਡ ਦੇ ਗਿਆਨੀ ਗੁਰਬਚਨ ਸਿੰਘ ਸਨ। ਆਸੇ ਪਾਸੇ ਦੇ ਪਿੰਡਾਂ ਨੂੰ ਲੰਗਰ ਵਾਸਤੇ ਸੱਦਾ ਪੱਤਰ ਦਿੱਤਾ ਗਿਆ ਸੀ। ਗਿਆਨੀ ਗੁਰਬਚਨ ਸਿੰਘ ਨੇ ਸਾਕਾ ਸਰਹੰਦ ਦਾ ਪ੍ਰਸੰਗ ਸਰਵਣ ਕਰਵਾਇਆ। ਵੀਰ ਸਿੰਘ 29-4-1977 ਨੂੰ ਪਰਿਵਾਰ ਸਮੇਤ ਇੰਗਲੈਂਡ ਚਲਾ ਗਿਆ। ਆਪ ਫਿਰ ਦੋ ਸਾਲ ਮਗਰੋਂ ਪੰਜਾਬ ਆਉਂਦੇ ਰਹੇ। ਜਦੋਂ ਵੀ ਛੁੱਟੀ ਆਉਂਦੇ ਸਨ ਪੰਜਾਬ ਆ ਕੇ ਆਪਣੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਵਾਉਂਦੇ ਸਨ। ਵੀਰ ਸਿੰਘ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ। ਉਨ੍ਹਾਂ ਦਾ ਇਕ ਓਪਰੇਸ਼ਨ ਵੀ ਹੋਇਆ ਸੀ ਫਿਰ ਵੀ ਉਹ ਚੱਲਦੇ ਫਿਰਦੇ ਸਨ। ਆਪ ਮਾਤ ਲੋਕ ਦੀ ਯਾਤਰਾ ਸੰਪੂਰਨ ਕਰਦੇ ਹੋਏ ਮਿਤੀ 8-02-1996 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਆਪ ਦੀ ਧਰਮ ਪਤਨੀ ਕਰਮ ਕੌਰ ਆਪ ਦੀਆਂ ਅਸਤੀਆਂ ਲੈ ਕੇ ਸਿੱਧੀ ਡੇਰਾ ਬਿਆਸ ਪਹੁੰਚ ਗਈ। ਅਸਤੀਆਂ ਜਲ ਪ੍ਰਵਾਹ ਕਰਕੇ ਉਹ ਪਿੰਡ ਗਗਨੌਲੀ ਆਈ ਸੀ। ਇਥੇ ਆ ਕੇ ਉਸ ਨੇ ਆਪਣੇ ਪਤੀ ਦੇ ਸਬੰਧ ਵਿਚ ਭੋਗ ਦੀ ਰਸਮ ਅਦਾ ਕੀਤੀ। ਉਹ 8-5-1996 ਨੂੰ ਵਾਪਸ ਇੰਗਲੈਂਡ ਚਲੀ ਗਈ ਸੀ। ਉਸ ਦੇ ਨਾਲ ਉਸ ਦਾ ਸਪੁੱਤਰ ਗੁਰਮੇਲ ਸਿੰਘ ਪਿੰਡ ਆਇਆ ਸੀ।

ਵੰਸ਼:- ਆਪ ਦੇ ਵੰਸ਼ ਵਿਚ ਚਾਰ ਲੜਕੇ ਤੇ ਇਕ ਲੜਕੀ ਹੈ।

ਲੜਕੇ: ਤਾਰਾ ਸਿੰਘ, ਗੁਰਮੇਲ ਸਿੰਘ, ਸੁਰਿੰਦਰ ਸਿੰਘ ਤੇ ਨਿੱਕੀ ਸਿੰਘ।

ਲੜਕੀ: ਦਵਿੰਦਰ ਕੌਰ ਹੈ।

ਤਾਰਾ ਸਿੰਘ:- ਤਾਰਾ ਸਿੰਘ ਦੀ ਧਰਮ ਪਤਨੀ ਦਾ ਨਾਮ ਸੁਰਜੀਤ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਾਨਾ ਹਨ। ਅਸੀਂ ਵੀ ਛੋਟੇ ਹੁੰਦੇ ਤਾਰਾ ਸਿੰਘ ਦੀ ਜਨੇਤ ਗਏ ਸੀ। ਸਾਡੇ ਘਰਾਂ ਵਿਚੋਂ ਆਪ ਦੀ ਸ਼ਾਦੀ ਸਭ ਤੋਂ ਪਹਿਲਾਂ ਹੋ ਗਈ ਸੀ। ਤਾਰਾ ਸਿੰਘ ਨੇ ਅੱਠਵੀਂ ਜਮਾਤ ਪਾਸ ਕੀਤੀ ਹੈ। ਥੋੜ੍ਹਾ ਸਮਾਂ ਪ੍ਰਾਈਵੇਟ ਤੌਰ ਤੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਵੀ ਕੰਮ ਕੀਤਾ ਹੈ। ਉਸ ਸਮੇਂ ਆਪ ਦੇ ਨਾਲ ਰਤਨ ਸਿੰਘ ਤੇ ਭੂਆ ਦਾ ਲੜਕਾ ਘਿਨੀ ਵੀ ਇਸ ਮਹਿਕਮੇ ਵਿਚ ਭਰਤੀ ਹੋਇਆ ਸੀ। ਤਾਰਾ ਸਿੰਘ ਛੋਟਾ ਹੁੰਦਾ ਹੀ ਸਫਾਈ ਪਸੰਦ ਹੈ। ਆਪ ਦੀ ਮਾਤਾ ਜੇਕਰ ਕਿਤੇ ਪ੍ਰਾਹੁਣਚਾਰੀ ਗਈ

ਹੁੰਦੀ ਤਾਂ ਆਪ ਉਸ ਦੇ ਮਗਰੋਂ ਘਰ ਦਾ ਹਰ ਕੰਮ ਠੀਕ ਤਰ੍ਹਾਂ ਕਰਦੇ ਸਨ।

ਇੰਗਲੈਂਡ ਜਾਣਾ:- ਤਾਰਾ ਸਿੰਘ ਪਹਿਲੀ ਵਾਰ 1968 ਈ: ਵਿਚ ਇੰਗਲੈਂਡ ਗਏ ਸਨ। ਆਪ ਦੇ ਪਿਤਾ ਵੀਰ ਸਿੰਘ ਨੇ ਦੱਸਿਆ ਕਿ ਮੈਂ ਇਸ ਨੂੰ ਚਿੱਠੀ ਲਿਖੀ ਕਿ ਜੋ ਬਿਆਨ ਆਪ ਨੇ ਦੇਣੇ ਹਨ ਮੈਨੂੰ ਲਿਖ ਦਿਓ ਪਰ ਤਾਰਾ ਸਿੰਘ ਨੇ ਨਹੀਂ ਲਿਖੇ। ਜਦੋਂ ਤਾਰਾ ਸਿੰਘ ਇੰਗਲੈਂਡ ਗਿਆ ਤਾਂ ਉਨ੍ਹਾਂ ਪੁੱਛਿਆ ਤੇਰੀ ਦਾਦੀ ਮਾਤਾ ਜਿਊਂਦੀ ਹੈ ਜਾਂ ਮਰ ਗਈ ਹੈ। ਇਸ ਨੇ ਜਵਾਬ ਦਿੱਤਾ ਕਿ ਮਰ ਗਈ ਹੈ। ਜਦੋਂ ਵੀਰ ਸਿੰਘ ਨੂੰ ਪੁੱਛਿਆ ਤੁਹਾਡੀ ਮਾਤਾ ਜਿਊਂਦੀ ਹੈ ਜਾਂ ਮਰ ਗਈ ਹੈ ਵੀਰ ਸਿੰਘ ਨੇ ਜਵਾਬ ਦਿੱਤਾ ਜਿਊਂਦੀ ਹੈ। ਮਾਤਾ ਹਰ ਕੌਰ 1973 ਈ: ਵਿਚ ਸੁਰਗਵਾਸ ਹੋਈ ਸੀ ਫਿਰ ਤਾਰਾ ਸਿੰਘ ਦੋ ਦਿਨਾਂ ਮਗਰੋਂ ਵਾਪਸ ਪੰਜਾਬ ਆ ਗਿਆ। ਇਸ ਤੋਂ ਮਗਰੋਂ ਆਪ ਨੇ ਜ਼ਿੰਦਗੀ ਵਿਚ ਕਈ ਉਤਰਾਅ-ਚੜ੍ਹਾਅ ਵੇਖੇ ਹਨ। ਆਪ ਪੰਜ ਸਾਲ ਡੁਬਈ ਵਿਚ ਰਹੇ। ਫਿਰ ਸਲਾਨੀ ਵੀਜ਼ੇ 'ਤੇ ਆਪ 1990 ਤੇ 1993 ਈ: ਵਿਚ ਛੇ-ਛੇ ਮਹੀਨੇ ਲਈ ਇੰਗਲੈਂਡ ਗਏ। ਵਿਦੇਸ਼ੀ ਟੂਰ ਭਾਗਾਂ ਨਾਲ ਹੀ ਨਸੀਬ ਹੁੰਦਾ ਹੈ।

ਵੰਸ਼:- ਆਪ ਦੇ ਤਿੰਨ ਲੜਕੇ- ਜਸਵਿੰਦਰ ਸਿੰਘ, ਹਰਦੇਵ ਸਿੰਘ ਕਾਲਾ ਤੇ ਹਰਪਾਲ ਸਿੰਘ ਟੀਟੂ ਤੇ ਦੋ ਲੜਕੀਆਂ ਸੁਖਵਿੰਦਰ ਕੌਰ ਤੇ ਸੁਨੀਤਾ ਦੇਵੀ ਹਨ।

ਜਸਵਿੰਦਰ ਸਿੰਘ:- ਆਪ ਦਾ ਜਨਮ 5-06-1969 ਦਿਨ ਬੁੱਧਵਾਰ ਦਾ ਹੈ। ਆਪ ਨੇ ਮਿਡਲ ਪੱਧਰ ਦੀ ਪੜ੍ਹਾਈ ਕੀਤੀ ਹੈ। ਫਿਰ ਆਪ ਬਿਜਲੀ ਦਾ ਕੰਮ ਕਰਨ ਲੱਗ ਪਿਆ। ਬਿਜਲੀ ਦੇ ਕੰਮ ਵਿਚ ਆਪ ਦੀ ਮੁਹਾਰਤ ਬਣ ਗਈ ਸੀ। ਮੈਂ 1984 ਈ: ਵਿਚ ਆਪਣੇ ਮਕਾਨ ਬਣਾਏ ਸਨ ਜਿਨ੍ਹਾਂ ਵਿਚ ਇਸ ਨੇ ਬਿਜਲੀ ਫਿਟ ਕੀਤੀ ਸੀ।

ਇੰਗਲੈਂਡ ਜਾਣਾ:- ਆਪ ਦੇ ਦਾਦਾ ਵੀਰ ਸਿੰਘ ਜੀ ਬਿਮਾਰ ਸਨ। ਆਪ ਵਿਜਟਰ ਵੀਜ਼ੇ ਤੇ ਉਸ ਦੀ ਖ਼ਬਰ ਸਾਰ ਲੈਣ ਵਾਸਤੇ ਇੰਗਲੈਂਡ ਗਏ। ਥੋੜ੍ਹੇ ਹੀ ਅਰਸੇ ਵਿਚ ਆਪ ਦੀ ਸ਼ਾਦੀ ਇੰਗਲੈਂਡ ਹੋ ਗਈ। ਆਪ ਇੰਗਲੈਂਡ ਦੇ ਵਸਨੀਕ ਬਣ ਗਏ। ਇਹ ਸਭ ਕਿਸਮਤ ਦੇ ਸਿਤਾਰੇ ਹਨ।

ਜਸਵਿੰਦਰ ਸਿੰਘ ਦੀ ਧਰਮ ਪਤਨੀ ਦਾ ਨਾਮ ਬਲਜੀਤ ਕੌਰ ਹੈ। ਬਲਜੀਤ ਕੌਰ ਦੋ ਵਾਰ ਪੰਜਾਬ ਆਈ ਹੈ।

ਵੰਸ਼:- ਆਪ ਦਾ ਲੜਕਾ ਰਾਇਨ ਟੂਰ ਤੇ ਸੁਰੀਤਾ ਟੂਰ ਲੜਕੀ ਹੈ।

ਹਰਦੇਵ ਸਿੰਘ:- ਆਪ ਨੇ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਹਰਦੇਵ ਸਿੰਘ ਫਿਰ ਘਰੇਲੂ ਕੰਮਕਾਰ ਕਰਦਾ ਰਿਹਾ। 3-4 ਸਾਲ ਡੁਬਈ ਵਿਚ ਵੀ ਲਗਾਏ ਹਨ। ਫਿਰ ਆਪ ਦੀ ਸ਼ਾਦੀ ਇੰਗਲੈਂਡ ਵਿਚ ਹੋ ਗਈ। ਹੁਣ ਆਪ ਪੱਕੇ ਤੌਰ 'ਤੇ ਇੰਗਲੈਂਡ ਵਿਚ ਆਪਣੇ ਭਾਈ ਜਸਵਿੰਦਰ ਸਿੰਘ ਦੇ ਕੋਲ ਰਹਿ ਰਿਹਾ ਹੈ। ਦੋਵੇਂ ਭਰਾ ਇਕੱਠਾ ਕੰਮ ਕਰਦੇ ਹਨ।

ਵੰਸ਼:- ਆਪ ਦੀਆਂ ਦੋ ਬੇਟੀਆਂ ਜੀਆ ਟੂਰ ਤੇ ਪ੍ਰੀਆ ਟੂਰ ਹਨ।

ਹਰਪਾਲ ਸਿੰਘ:- ਆਪ ਦੀ ਸ਼ਾਦੀ 2-12-2002 ਨੂੰ ਕੁਲਵਿੰਦਰ ਕੌਰ ਨਾਲ

ਪਿੰਡ ਨੰਗਲ ਸਲਾਲਾ ਵਿਖੇ ਹੋਈ ਹੈ। ਇਹ ਰਿਸ਼ਤਾ ਆਪ ਦੀ ਭੂਆ ਅਜੀਤ ਕੌਰ ਨੇ ਆਪਣੇ ਪਿੰਡੋਂ ਕੀਤਾ ਹੈ। ਹਰਪਾਲ ਸਿੰਘ ਨੇ ਵੀ ਦਸਵੀਂ ਪਾਸ ਕੀਤੀ ਹੈ। ਉਪਰੰਤ ਤਰਖਾਣਾ ਕੰਮ ਸਿੱਖ ਲਿਆ। ਬਾਹਰ ਜਾਣ ਦੀ ਬਜਾਏ ਆਪ ਨੇ ਆਪਣੇ ਘਰ ਵਿਚ ਹੀ ਆਪਣੀ ਦੁਕਾਨ ਪਾਈ ਹੈ। ਆਪ ਦੇ ਨਾਲ ਹੋਰ ਵਰਕਰ ਵੀ ਕੰਮ ਕਰਦੇ ਹਨ। ਜ਼ਿਆਦਾ ਕੰਮ ਜੋੜੀ ਪੱਲੇ ਦਾ ਚੱਲਦਾ ਹੈ। ਆਪ ਦੂਰ-ਦੂਰ ਤੱਕ ਕੰਮ ਕਰਨ ਜਾਂਦੇ ਹਨ।

ਵੰਸ਼:- ਹਰਪਾਲ ਸਿੰਘ ਦੇ ਦੋ ਲੜਕੇ ਤੇ ਇਕ ਲੜਕੀ ਹੈ।

ਲੜਕੇ: ਮਨੀਸ਼ ਟੂਰ ਤੇ ਹਰਨੇਕ ਟੂਰ ਅਤੇ ਲੜਕੀ ਪ੍ਰੀਆ ਟੂਰ ਹੈ।

ਟੂਰ ਤੋਂ ਭਾਵ ਹੈ ਕਿ ਸਾਡਾ ਗੋਤ ਟੂਰਾ ਹੈ। ਇਸ ਕਰਕੇ ਲੜਕਿਆਂ ਨੇ ਆਪਣੇ ਨਾਮ ਦੇ ਨਾਲ ਸਬ ਕਾਸਟ ਟੂਰੇ ਤੋਂ ਟੂਰ ਲਗਾ ਲਈ ਹੈ।

ਲੜਕੀਆਂ:- ਸੁਖਵਿੰਦਰ ਕੌਰ ਦੇ ਪਤੀ ਦਾ ਨਾਮ ਰੂਪ ਲਾਲ ਤੇ ਸਹੁਰੇ ਖਵਾਜੂ ਦੀ ਬਸੀ ਹੁਸ਼ਿਆਰਪੁਰ ਹਨ। ਰੂਪ ਲਾਲ ਵਪਾਰ ਦਾ ਕੰਮ ਕਰਦਾ ਹੈ। ਸਾਰਾ ਪਰਿਵਾਰ ਬਹੁਤ ਚੰਗਾ ਹੈ।

ਵੰਸ਼:- ਆਪ ਦੀ ਇਕ ਬੇਟੀ ਆਂਚਲ ਤੇ ਲੜਕਾ ਕਰਨ ਕੁਮਾਰ ਹੈ।

ਦੂਜੀ ਲੜਕੀ: ਸੁਨੀਤਾ ਦੇਵੀ:- ਆਪ ਦੇ ਪਤੀ ਦਾ ਨਾਮ ਵਿਜੈ ਕੁਮਾਰ ਤੇ ਸਹੁਰੇ ਜ਼ਿਲ੍ਹਾ ਜਲੰਧਰ ਦੇ ਮੁਹੱਲਾ ਲਾਡੋਵਾਲੀ ਹਨ। ਜਸਵਿੰਦਰ ਸਿੰਘ ਬਿੱਲਾ ਇਸ ਲੜਕੀ ਦੇ ਵਿਆਹ ਤੇ ਹਾਜ਼ਰ ਸੀ। ਉਸਨੇ ਆਪਣੇ ਛੋਟੇ ਭਰਾਵਾਂ ਦੀਆਂ ਸ਼ਾਦੀਆਂ ਵੀ ਆਪ ਕੀਤੀਆਂ ਹਨ।

ਗੁਰਮੇਲ ਸਿੰਘ:- ਗੁਰਮੇਲ ਸਿੰਘ ਨੇ ਜ਼ਿਆਦਾ ਪੜ੍ਹਾਈ ਨਹੀਂ ਕੀਤੀ ਹੈ। ਆਪ ਸਾਡੇ ਨਾਲ ਸਿਰਫ਼ ਛੇਵੀਂ ਜਮਾਤ ਤੱਕ ਪੜ੍ਹੇ ਹਨ। ਪ੍ਰਮਾਤਮਾ ਨੇ ਸੁਣ ਲਈ ਕਿ ਆਪ ਆਪਣੀ ਮਾਤਾ ਦੇ ਨਾਲ ਇੰਗਲੈਂਡ ਚਲੇ ਗਏ। ਆਪ ਵੀ ਇੰਗਲੈਂਡ ਵਿਚ ਪਰਿਵਾਰ ਵਾਲੇ ਹਨ।

ਸੁਰਿੰਦਰ ਸਿੰਘ:- ਆਪ ਵੀ ਆਪਣੀ ਮਾਤਾ ਕਰਮ ਕੌਰ ਦੇ ਨਾਲ ਬਾਲ ਅਵਸਥਾ ਵਿਚ ਇੰਗਲੈਂਡ ਚਲੇ ਗਏ ਸਨ। ਇੰਗਲੈਂਡ ਵਿਚ ਹੀ ਆਪ ਨੇ ਪੜ੍ਹਾਈ ਕੀਤੀ ਹੈ। ਆਪ ਕਈ ਵਾਰ ਪੰਜਾਬ ਆਏ ਹਨ। ਆਪ ਦੀ ਧਰਮ ਪਤਨੀ ਦਾ ਨਾਮ ਸੁਰਿੰਦਰ ਕੌਰ ਹੈ ਜਿਸ ਦੇ ਪੇਕੇ ਬਸੀ ਹਸਤਖਾਂ ਹੁਸ਼ਿਆਰਪੁਰ ਹਨ। ਆਪ ਦੀਆਂ ਛੇ ਲੜਕੀਆਂ ਹਨ।

4. **ਨਿਕੀ ਸਿੰਘ:**- ਆਪ ਦਾ ਜਨਮ ਇੰਗਲੈਂਡ ਦਾ ਹੈ। ਜਦੋਂ ਆਪ ਵੀਰ ਸਿੰਘ ਦੇ ਨਾਲ ਪਹਿਲੀ ਵਾਰ 1977 ਈ: ਵਿਚ ਪੰਜਾਬ ਆਏ ਸੀ ਤਾਂ ਆਪ ਦੀ ਉਮਰ ਅੱਠ ਕੁ ਸਾਲ ਦੀ ਸੀ। ਆਪ ਆਪਣੀਆਂ ਪੜ੍ਹਨ ਦੀਆਂ ਕਿਤਾਬਾਂ ਨਾਲ ਲੈ ਕੇ ਆਏ ਸਨ। ਮੈਂ ਉਹ ਕਿਤਾਬਾਂ ਪੜੀਆਂ ਸਨ।

ਵੰਸ਼: ਆਪ ਦਾ ਇਕ ਲੜਕਾ ਹੈ।

2. **ਸੋਹਣ ਸਿੰਘ:**- ਸਾਧੂ ਸਿੰਘ ਦਾ ਦੂਜਾ ਲੜਕਾ ਸੋਹਣ ਸਿੰਘ ਹੈ। ਆਪ ਦੀ

ਧਰਮ ਪਤਨੀ ਦਾ ਨਾਮ ਕੇਸਰੀ ਦੇਵੀ ਤੇ ਪੇਕੇ ਕਠਾਰ ਦੇ ਕੋਲ ਮੰਡੇਰਾਂ ਹਨ। ਮੀਆਂ ਬੀਬੀ ਦੋਹਾਂ ਨੇ ਪਰਿਵਾਰ ਦੀ ਪਾਲਣਾ ਵਾਸਤੇ ਪੂਰਾ ਜੀਵਨ ਸਖਤ ਮਿਹਨਤ ਕੀਤੀ ਹੈ। ਮੇਰੀ ਸੁਰਤ ਵਿਚ ਸੋਹਨ ਸਿੰਘ ਖੇਤੀ ਕਰਦਾ ਸੀ। ਕੁਝ ਜ਼ਮੀਨ ਆਪ ਦੇ ਭਾਈ ਮੋਹਨ ਸਿੰਘ ਦੀ ਸੀ ਤੇ ਕੁਝ ਮਾਮਲੇ ਤੇ ਵਾਹੁੰਦਾ ਸੀ ਘਰ ਦੇ ਵਿਚ ਵਾਹੀ ਵਾਲੇ ਪਸ਼ੂਆਂ ਤੋਂ ਇਲਾਵਾ ਲਵੇਰੇ ਵਾਲੇ ਪਸ਼ੂ ਵੀ ਰੱਖੇ ਜਾਂਦੇ ਸਨ। ਭਾਬੀ ਕੇਸਰੀ ਨੇ ਦੱਸਿਆ ਕਿ ਜਦੋਂ ਮੈਂ ਵਿਆਹੀ ਆਈ ਸੀ ਤਾਂ ਖੱਦਰ ਦੇ ਸੂਟ ਹੀ ਪਹਿਨਣ ਵਾਸਤੇ ਸਨ। ਆਮ ਕੱਪੜਾ ਨਹੀਂ ਸੀ। ਆਪ ਆਪਣੇ ਬਾਹਰਲੇ ਥਾਂ ਵਿਚ ਹੀ ਰਹਿੰਦੇ ਸਨ। ਆਪ ਦਾ ਸਰੀਰ ਪਤਲਾ ਤੇ ਫੁਰਤੀਲਾ ਸੀ।ਫ਼ਸਲਾਂ ਦੀ ਬੀਜ ਬਿਜਾਈ ਤੇ ਕਟਾਈ ਸਮੇਂ ਸਾਰਿਆਂ ਤੋਂ ਮੋਹਰੇ ਹੋ ਕੇ ਕੰਮ ਕਰਨਾ। ਆਪ ਅੰਮ੍ਰਿਤ ਵੇਲੇ ਹੀ ਉੱਠ ਪੈਂਦੇ ਸਨ ਤੇ ਆਪਣੇ ਕੰਮ ਵਿਚ ਵਿਅਸਥ ਹੋ ਜਾਂਦੇ ਸਨ। ਆਪ ਨੇ 4-5 ਸਾਲ ਡੁਬਈ ਵਿਚ ਵੀ ਲਗਾਏ ਹਨ। ਇਸ ਤੋਂ ਇਲਾਵਾ ਆਪ ਦੇ ਵੱਡੇ ਭਾਈ ਵੀਰ ਸਿੰਘ ਨੇ ਆਪ ਨੂੰ ਇੰਗਲੈਂਡ ਦੀ ਸੈਰ ਵੀ ਕਰਾਈ ਹੈ। ਵਡੇਰੀ ਉਮਰ ਵਿਚ ਆਪ ਨੂੰ ਸਾਹ ਦੀ ਸ਼ਿਕਾਇਤ ਹੋ ਗਈ। ਫਿਰ ਸਰੀਰ ਦਵਾਈ ਦੇ ਆਸਰੇ ਚੱਲਦਾ ਰਿਹਾ। ਪਰ ਘਰ ਦਾ ਕੰਮਕਾਰ ਉਸੇ ਹੀ ਫੁਰਤੀ ਨਾਲ ਕਰਦੇ ਸਨ। ਆਪ ਨੇ ਆਪਣੀ ਸਾਰੀ ਕਬੀਲਦਾਰੀ ਆਪਣੇ ਹੱਥੀਂ ਹੀ ਨਜਿੱਠੀ ਹੈ। ਆਪ 80 ਕੁ ਸਾਲ ਦੀ ਉਮਰ ਭੋਗ ਕਿ ਮਿਤੀ 13-01-2009 ਲੋਹੜੀ ਵਾਲੇ ਦਿਨ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੇ ਤੇ ਤਿੰਨ ਲੜਕੀਆਂ ਹਨ। ਇਨ੍ਹਾਂ ਤੋਂ ਇਲਾਵਾ ਕੁਝ ਬੱਚੇ ਬਾਲ ਅਵਸਥਾ ਵਿਚ ਹੀ ਪੂਰੇ ਹੋ ਗਏ ਸਨ।

ਲੜਕੇ: ਮਲਕੀਤ ਸਿੰਘ, ਬਖਸ਼ੀਸ਼ ਸਿੰਘ ਗੁੱਲੂ, ਮੱਖਣ ਸਿੰਘ ਜਾਮਣੀ।

1. ਮਲਕੀਤ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਬਲਜੀਤ ਕੌਰ ਤੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਜਮਸ਼ੇਰ ਹਨ। ਆਪ ਨੇ ਅੱਠਵੀਂ ਜਮਾਤ ਪਾਸ ਕੀਤੀ। ਉਸ ਸਮੇਂ ਘਰੇਲੂ ਹਾਲਾਤ ਬਹੁਤੇ ਸਾਜ਼ਗਾਰ ਨਹੀਂ ਸਨ। ਆਪ ਆਪਣੇ ਪਿਤਾ ਦੇ ਨਾਲ ਖੇਤੀਬਾੜੀ ਦਾ ਕੰਮ ਕਰਦੇ ਸਨ। ਜਲਦੀ ਹੀ ਆਪ ਨੇ ਹਾਥੀ ਦੰਦ ਦਾ ਕੰਮ ਸਿੱਖ ਲਿਆ। ਸਾਰਾ ਸਮਾਂ ਆਪਣੇ ਪਿਤਾ ਵਾਂਗ ਕੰਮ ਵਿਚ ਹੀ ਗੁਜ਼ਾਰਿਆ ਹੈ। ਫਿਰ ਆਪ ਡੁਬਈ ਚਲੇ ਗਏ ਹਨ। ਆਪ ਨੇ ਆਪਣੀ ਨੇਕ ਕਮਾਈ ਦੇ ਨਾਲ ਆਪਣੀ ਵਧੀਆ ਕੋਠੀ ਪਾਈ ਹੈ। ਆਪ ਦੇ ਵਿਆਹ ਦੀ ਤਰੀਕ 17-4-1983 ਹੈ। ਮਲਕੀਤ ਸਿੰਘ ਨੇ 1996ਈ: ਵਿਚ ਸ੍ਰੀ ਗੁਰੂ ਰਵਿਦਾਸ ਦੇ ਜਨਮ ਦਿਵਸ ਤੇ ਸੁੰਦਰ ਪਾਲਕੀ ਦੀ ਸੇਵਾ ਕੀਤੀ।

ਵੰਸ਼:- ਆਪ ਦੀਆਂ ਦੋ ਬੇਟੀਆਂ ਰਜਨੀ ਬਾਲਾ ਤੇ ਬਿਮਲਜੀਤ ਕੌਰ ਹਨ। ਦੋਹਾਂ ਨੇ 10+2 ਪਾਸ ਕਰਨ ਉਪਰੰਤ ਸਿਲਾਈ ਕਢਾਈ ਦਾ ਕੰਮ ਸਿੱਖਣ 'ਚ ਮੁਹਾਰਤ ਹਾਸਲ ਕੀਤੀ ਹੈ।

ਲੜਕੇ: ਆਪ ਦੇ ਦੋ ਲੜਕੇ ਹਨ ਜਿਨ੍ਹਾਂ ਵਿਚੋਂ ਵੱਡਾ ਲੜਕਾ ਜਿਸ ਦਾ ਨਾਮ

ਸਾਬੀ ਸੀ। ਜਨਮ 29-1-1990 ਚੰਡੀਗੜ੍ਹ ਸ਼ਹਿਰ ਵਿਚ ਮਿਤੀ 6-4-1996 ਨੂੰ ਹਾਦਸੇ ਨਾਲ ਪੂਰਾ ਹੋ ਗਿਆ ਸੀ। ਉਸ ਦਿਨ ਹੀ ਕਰਮ ਕੌਰ ਨੇ ਇੰਗਲੈਂਡ ਤੋਂ ਆ ਕੇ ਆਪਣੇ ਪਤੀ ਦੇ ਸੰਬੰਧ ਵਿਚ ਸੰਗਤ ਨੂੰ ਲੰਗਰ ਛਕਾਇਆ ਸੀ। ਸਾਰੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਇਹ ਬਹੁਤ ਮਾੜੀ ਘਟਨਾ ਸੀ।

ਦੂਜਾ ਲੜਕਾ:- ਇਸਨੇ +2 ਦੀ ਪੜ੍ਹਾਈ ਕਰਨ ਉਪਰੰਤ ਕੁਝ ਕੰਮ ਸਿੱਖ ਲਿਆ। ਆਪਣੇ ਪਿਤਾ ਮਲਕੀਤ ਸਿੰਘ ਨਾਲ ਡੁਬਈ ਵਿਚ ਕੰਮ ਕਰ ਰਿਹਾ ਹੈ।

2. ਬਖਸ਼ੀਸ਼ ਸਿੰਘ:- ਆਪ ਬਹੁਤ ਸਮੇਂ ਤੋਂ ਚੰਡੀਗੜ੍ਹ ਵਿਚ ਰਹਿ ਰਿਹਾ ਹੈ। ਹੁਣ ਡੁਬਈ ਵਿਚ ਕੰਮ ਕਰ ਰਿਹਾ ਹੈ। ਆਪ ਨੇ ਅੱਠਵੀਂ ਜਮਾਤ ਪਾਸ ਕਰਨ ਉਪਰੰਤ ਜਲਦੀ ਹੀ ਮਕੈਨੀਕਲ ਕੰਮ ਕਰਨਾ ਸਿੱਖ ਲਿਆ। ਆਪ ਦੀ ਸ਼ਾਦੀ ਮਿਤੀ 10-7-1988 ਈ: ਨੂੰ ਰਣਜੀਤ ਕੌਰ ਨਾਲ ਪਿੰਡ ਕਾਹਲਮਾ ਨੇੜੇ ਭੂੰਗਾ ਵਿਖੇ ਹੋਈ। ਬਖਸ਼ੀਸ਼ ਸਿੰਘ ਵੀ ਆਪਣੇ ਪਿਤਾ ਵਾਂਗ ਕੰਮ ਨੂੰ ਬਹੁਤ ਚੁਸਤ ਹੈ।

ਵੰਸ਼:- ਇਕ ਲੜਕੀ- ਸੀਮਾ ਕੁਮਾਰੀ ਹੈ।

ਲੜਕੇ: ਸੋਨੀ ਤੇ ਮੋਨੀ ਹਨ।

3. ਮੱਖਣ ਸਿੰਘ:- ਆਪ ਨੇ ਵੀ ਮਿਡਲ ਪ੍ਰੀਖਿਆ ਪਾਸ ਕਰਨ ਉਪਰੰਤ ਤਰਖਾਣਾ ਕੰਮ ਸਿੱਖ ਲਿਆ ਸੀ। ਫਿਰ ਚੰਡੀਗੜ੍ਹ ਆਪਣੇ ਭਾਈ ਬਖਸ਼ੀਸ਼ ਸਿੰਘ ਦੇ ਕੋਲ ਕੰਮ ਕਰਨ ਲੱਗਾ। ਆਪ ਦੀ ਸ਼ਾਦੀ 7-12-1996 ਨੂੰ ਸਰੋਜ ਬਾਲਾ ਨਾਲ ਪਿੰਡ ਖਾਬਲਕੇ ਨੇੜੇ ਨੂਰਮਹਿਲ ਵਿਖੇ ਹੋਈ। ਆਪ 1997 ਤੋਂ ਡੁਬਈ ਵਿਚ ਕੰਮ ਕਰ ਰਿਹਾ ਹੈ। ਦੋ ਸਾਲ ਮਗਰੋਂ ਛੁੱਟੀ ਕੱਟਣ ਉਪਰੰਤ ਫਿਰ ਵਾਪਸ ਚਲਾ ਜਾਂਦਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਨਤੀਸ਼ ਕੁਮਾਰ ਤੇ ਵਿਸ਼ੇਸ਼ ਟੂਰਾ

ਲੜਕੀਆਂ: ਕਾਜਲ ਟੂਰਾ ਤੇ ਤਾਨੀਆ ਟੂਰਾ ਹਨ। ਸਾਰੇ ਬੱਚੇ ਪੜ੍ਹ ਰਹੇ ਹਨ।

ਸੋਹਣ ਸਿੰਘ ਦੇ ਸਾਰੇ ਲੜਕਿਆਂ ਨੇ ਕੰਮ ਨੂੰ ਪਹਿਲ ਕੀਤੀ ਹੈ। ਜ਼ਿੰਦਗੀ ਦਾ ਸਮਾਂ ਅਜਾਈ ਖਰਾਬ ਨਹੀਂ ਕੀਤਾ ਹੈ।

ਲੜਕੀਆਂ:- ਆਪ ਦੀਆਂ ਤਿੰਨ ਲੜਕੀਆਂ ਹਨ- ਬਖਸ਼ੀਸ਼ ਕੌਰ/ਬਖਸ਼ੋ, ਘੋਲੀ ਤੇ ਰਾਣੀ

1. ਬਖਸ਼ੀਸ਼ ਕੌਰ ਦੀ ਸ਼ਾਦੀ 27-6-1973 ਨੂੰ ਰਾਜ ਕੁਮਾਰ ਨਾਲ ਵਾਸੀ ਨੈਣੋਵਾਲ ਵੈਦ ਹੁਸ਼ਿਆਰਪੁਰ ਨਾਲ ਹੋਈ। ਬਖਸ਼ੀਸ਼ ਕੌਰ ਸੋਹਣ ਸਿੰਘ ਦੀ ਸਭ ਤੋਂ ਵੱਡੀ ਲੜਕੀ ਹੈ। ਇਸ ਦੇ ਵਿਆਹ ਸਮੇਂ ਸੋਹਣ ਸਿੰਘ ਨੇ ਆਪਣੇ ਸਾਰੇ ਰਿਸ਼ਤੇਦਾਰ ਸੱਦੇ ਹੋਏ ਸਨ। ਨਾਨਕਾ ਮੇਲ ਵੀ ਬਹੁਤ ਜ਼ਿਆਦਾ ਸੀ। ਮੈਂ ਆਪਣੇ ਹੋਰ ਸਾਥੀਆਂ ਨਾਲ ਪਿੰਡ ਹੁਸੈਨਪੁਰ ਤੋਂ ਕੱਪੜੇ ਇਕੱਠੇ ਕਰਕੇ ਲਿਆਂਦੇ ਸਨ। ਉਸ ਸਮੇਂ ਮੇਰੇ ਪੇਪਰ ਪੈ ਚੁੱਕੇ ਸਨ।

ਵੰਸ਼:- ਆਪ ਦੇ ਚਾਰ ਲੜਕੇ ਹਨ। ਸਾਰੇ ਲੜਕੇ ਵਿਦੇਸ਼ ਵਿਚ ਹਨ।

2. **ਘੋਲੀ**:- ਆਪ ਦੇ ਪਤੀ ਦਾ ਨਾਮ ਸਤਪਾਲ ਸਿੰਘ ਹੈ ਤੇ ਸਹੁਰੇ ਬਸੀ ਕਲਾਂ

ਹਨ। ਆਪ ਦੀ ਸ਼ਾਦੀ ਮਿਤੀ 27-11-1983 ਦੀ ਹੈ। ਆਪ ਦਾ ਸਹੁਰਾ ਪਰਿਵਾਰ ਖੇਤੀਵਾੜੀ ਕਰਦਾ ਹੈ।

ਵੰਸ਼:- ਆਪ ਦੇ ਬੱਚੇ ਵੀ ਪੜ੍ਹ ਕੇ ਬਾਹਰ ਗਏ ਹੋਏ ਹਨ।

3. **ਰਾਣੀ**:- ਸੋਹਣ ਸਿੰਘ ਦੀ ਸਾਰਿਆਂ ਤੋਂ ਛੋਟੀ ਲੜਕੀ ਰਾਣੀ ਹੈ ਜਿਸ ਦੇ ਪਤੀ ਦਾ ਨਾਮ ਮਲਕੀਤ ਸਿੰਘ ਤੇ ਸਹੁਰੇ ਪਿੰਡ ਅਜੜਾਮ ਹਨ। ਆਪ ਵੀ ਪਰਿਵਾਰ ਵਾਲੀ ਹੈ। ਆਪ ਦਾ ਪਤੀ ਮਲਕੀਤ ਸਿੰਘ ਲੱਕੜ ਦੇ ਕੰਮ ਦਾ ਬਹੁਤ ਮਾਹਿਰ ਹੈ।

* 3. **ਮੋਹਨ ਸਿੰਘ**:- ਸਾਧੂ ਸਿੰਘ ਦਾ ਤੀਜਾ ਲੜਕਾ ਮੋਹਨ ਸਿੰਘ ਹੈ। ਆਪ ਦੀ ਧਰਮ ਪਤਨੀ ਦਾ ਨਾਮ ਪ੍ਰੀਤਮ ਕੌਰ ਤੇ ਪੇਕੇ ਮਹੱਦੀਪੁਰ ਜੱਟਾਂ ਨੇੜੇ ਸ਼ਾਮ ਚੁਰਾਸੀ ਹਨ। ਮੋਹਨ ਸਿੰਘ ਨੇ ਪ੍ਰੀਤਮ ਸਿੰਘ ਦੇ ਨਾਲ ਉਰਦੂ ਦੀਆਂ ਛੇ ਜਮਾਤਾਂ ਪਾਸ ਕੀਤੀਆਂ। ਫਿਰ ਦੋਹਾਂ ਨੇ ਰਾਜ ਮਿਸਤਰੀ ਦਾ ਕੰਮ ਸਿੱਖ ਲਿਆ। ਆਪ ਦਾ ਉਸਤਾਦ ਕਿਰਪਾ ਸਿੰਘ ਸੀ। ਆਪ ਇਸ ਕੰਮ ਵਾਸਤੇ ਹੁਸ਼ਿਆਰਪੁਰ ਜਾਂਦੇ ਸਨ। ਫਿਰ ਇੰਗਲੈਂਡ ਖੁੱਲ੍ਹ ਗਈ। ਆਪ ਆਪਣਾ ਪਾਸਪੋਰਟ ਬਣਾ ਕੇ ਇੰਗਲੈਂਡ ਚਲੇ ਗਏ। ਇਹ ਗੱਲ 1955 ਈ: ਦੀ ਹੈ। ਆਪ ਨੂੰ ਇੰਗਲੈਂਡ ਜਾਣ ਵਿਚ ਬਹੁਤ ਮੁਸ਼ਕਿਲਾਂ ਆਈਆਂ। ਕਈ ਮਹੀਨੇ ਆਪ ਦੀ ਚਿੱਠੀ ਨਹੀਂ ਆਈ। ਜਦੋਂ ਆਪ ਦੀ ਚਿੱਠੀ ਪਹਿਲੀ ਵਾਰ ਇੰਗਲੈਂਡ ਤੋਂ ਆਈ ਤਾਂ ਆਪ ਦੀ ਮਾਤਾ ਨੇ ਸਾਰੇ ਘਰਾਂ ਵਿਚ ਗੁੜ ਵੰਡਿਆ। ਸਾਰੇ ਸ਼ਰੀਕੇ ਭਾਈਚਾਰੇ ਤੇ ਰਿਸ਼ਤੇਦਾਰਾਂ ਨੇ ਵਧਾਈਆਂ ਦਿੱਤੀਆਂ। ਆਪ ਦੀ ਧਰਮ ਪਤਨੀ ਪ੍ਰੀਤਮ ਕੌਰ ਆਪ ਦੇ ਮਗਰੋਂ ਘਰੇਲੂ ਕੰਮ ਕਰਕੇ ਤਿੰਨ ਬੱਚਿਆਂ ਨੂੰ ਪਾਲਦੀ ਰਹੀ। ਇੰਗਲੈਂਡ ਵਿਚ ਆਪ ਨੂੰ ਪੱਕਾ ਕਰਨ ਵਿਚ ਪਿੰਡ ਗਗਨੌਲੀ ਦੇ ਬਲਵੰਤ ਸਿੰਘ ਨੇ ਆਪ ਦੀ ਮੱਦਦ ਕੀਤੀ। ਜਦੋਂ ਆਪ ਦੇ ਮਨੀਆਰਡਰ ਆਉਣੇ ਸ਼ੁਰੂ ਹੋਏ ਤਾਂ ਆਪ ਦੀ ਧਰਮ ਪਤਨੀ ਨੇ ਫਿਰ ਬੱਚਿਆਂ ਦੇ ਦੁੱਧ ਵਾਸਤੇ ਮੱਝ ਮੁੱਲ ਲੈ ਆਂਦੀ। ਉਸ ਸਮੇਂ ਘਰਾਂ ਵਿਚ ਮੱਝਾਂ ਰੱਖਣ ਦਾ ਰਿਵਾਜ਼ ਸੀ। ਫਿਰ ਆਪ ਦੇ ਜ਼ਿਆਦਾ ਪੈਸੇ ਆਏ ਤਾਂ ਆਪ ਦੇ ਭਾਈ ਸੋਹਨ ਸਿੰਘ ਨੇ ਆਪਣੇ ਘਰ ਦੇ ਨਾਲ ਹੀ ਪੱਕਾ ਮਕਾਨ ਛੱਤ ਦਿੱਤਾ। 2013 ਵਿਚ ਮੋਹਨ ਸਿੰਘ ਦੇ ਲੜਕੇ ਚਮਨ ਸਿੰਘ ਨੇ ਹੁਣ ਉਸ ਮਕਾਨ 'ਤੇ ਲੈਂਟਰ ਪਾ ਦਿੱਤਾ ਹੈ। ਉਸ ਨੇ ਕਿਹਾ ਅਸੀਂ ਆਪਣੇ ਡੈਡੀ ਦਾ ਜੱਦੀ ਘਰ ਸੰਭਾਲ ਕੇ ਰੱਖਣਾ ਹੈ। ਮੋਹਨ ਸਿੰਘ ਆਪਣੇ ਜਿਊਂਦੇ ਜੀਅ ਇਸੇ ਪਲਾਟ ਵਿਚ ਬਾਥਰੂਮ ਤੇ ਫਲੱਸ਼ ਬਣਾ ਗਿਆ ਸੀ।

ਪ੍ਰੀਤਮ ਕੌਰ ਦਾ ਇੰਗਲੈਂਡ ਜਾਣਾ:- 1968 ਈ: ਦੇ ਕਰੀਬ ਪ੍ਰੀਤਮ ਕੌਰ ਸਮੇਤ ਪਰਿਵਾਰ ਇੰਗਲੈਂਡ ਚਲੇ ਗਈ। ਮੋਹਨ ਸਿੰਘ ਜੂਨ 1970 ਈ: ਵਿਚ ਪਹਿਲੀ ਵਾਰ ਇੰਗਲੈਂਡ ਤੋਂ ਛੁੱਟੀ ਆਇਆ। ਬਹੁਤ ਸਮਾਂ ਆਪ ਪੰਜਾਬ ਵਿਚ ਰਹੇ। ਆਪ ਸਾਡੇ ਵੱਡੇ ਭਾਈ ਨਿਰਮਲ ਸਿੰਘ ਦੀ ਬਰਾਤ ਵੀ ਗਏ। ਜਨੇਤ ਰਾਤ ਰਹੀ ਸੀ। ਮੋਹਨ ਸਿੰਘ ਨੇ ਰਾਤ ਨੂੰ ਕਾਫੀ ਹਾਸਾ ਮਜ਼ਾਕ ਕੀਤਾ। ਆਪ ਨੇ ਆਪਣੇ ਭਰਾਵਾਂ ਨੂੰ ਪੱਠੇ ਕੁਤਰਨ ਵਾਸਤੇ ਗੇੜੀ ਲੈ ਕੇ ਦਿੱਤੀ। ਖੇਤੀ ਕਰਨ ਵਾਲੇ ਲਈ ਇਸ ਦਾ ਬਹੁਤ ਅਰਾਮ ਸੀ। 10-15 ਪਸ਼ੂਆਂ ਨੂੰ ਪੱਠੇ ਅਸਾਨੀ ਨਾਲ ਕੁਤਰਕੇ ਪਾਏ ਜਾ ਸਕਦੇ ਸਨ। ਅਸੀਂ ਵੀ ਕਈ ਵਾਰ

ਸਿਆਲ ਰੁੱਤੇ ਇਸ ਗੇੜੀ ਨਾਲ ਪੱਠੇ ਕੁਤਰਦੇ ਹੁੰਦੇ ਸੀ। ਇਨ੍ਹਾਂ ਤੋਂ ਮਗਰੋਂ ਇਨ੍ਹਾਂ ਦਾ ਵੱਡਾ ਭਾਈ ਵੀਰ ਸਿੰਘ ਛੁੱਟੀ ਆਇਆ ਤਾਂ ਉਸ ਨੇ ਸਾਰੇ ਪਲਾਟ ਦੀ ਚਾਰਦੀਵਾਰੀ ਕਰਵਾ ਕੇ ਗੇਟ ਲਗਾ ਦਿੱਤਾ। ਦੀਵਾਲੀ ਦਾ ਤਿਉਹਾਰ ਸੀ ਮੋਹਨ ਸਿੰਘ ਨੇ ਪਟਾਕੇ ਲਿਆ ਕੇ ਸਾਰੇ ਘਰਾਂ ਵਿਚ ਬੱਚਿਆਂ ਨੂੰ ਵੰਡੇ ਸਨ। ਮੋਹਨ ਸਿੰਘ ਸੇਵਾ ਮੁਕਤ ਹੋਣ ਤੋਂ ਮਗਰੋਂ ਹਰ ਦੋ ਸਾਲ ਮਗਰੋਂ ਪੰਜਾਬ ਆ ਜਾਂਦਾ ਸੀ। ਇਕ ਸਾਲ ਅਪ੍ਰੈਲ ਮਹੀਨੇ ਆਪ ਪਿੰਡ ਅੱਤੋਵਾਲ ਤੋਂ ਤੁਰ ਕੇ ਪਿੰਡ ਆਏ। ਆਪ ਦਾ ਰੰਗ ਗੋਰਾ ਤੇ ਕੱਦ ਲੰਬਾ ਸੀ। ਆਪ ਨੂੰ ਥੋੜਾ ਉੱਚਾ ਬੋਲਣ ਦੀ ਆਦਤ ਸੀ। ਮੋਹਨ ਸਿੰਘ ਨੇ ਪਿੰਡ ਦੇ ਗੁਰੂਘਰ ਦੀ ਸੇਵਾ ਕੀਤੀ ਸੀ। ਹੁਣ ਉਸ ਇਮਾਰਤ ਨੂੰ ਢਾਹ ਕੇ ਨਵੀਂ ਦਿੱਖ ਦਿੱਤੀ ਗਈ ਹੈ। ਮੋਹਨ ਸਿੰਘ ਨੇ ਮੁਹੱਲਾ ਪ੍ਰੇਮਗੜ੍ਹ ਹੁਸ਼ਿਆਰਪੁਰ ਵਿਚ ਆਪਣੀ ਵਧੀਆ ਕੋਠੀ ਪਾਈ ਹੈ।

ਸੁਰਗਵਾਸ:- ਮੋਹਨ ਸਿੰਘ ਨੂੰ ਇਕ ਦੋ ਵਾਰ ਦਿਲ ਦਾ ਦੌਰਾ ਪਿਆ ਪਰ ਠੀਕ ਹੋ ਜਾਂਦੇ ਸਨ। ਤੀਸਰਾ ਦੌਰਾ ਆਪ ਨੂੰ 27-12-1997 ਨੂੰ ਪਿਆ ਇਸ ਨਾਲ ਆਪ ਪ੍ਰਮਾਤਮਾ ਨੂੰ ਪਿਆਰੇ ਹੋ ਗਏ। ਆਪ ਦੀ ਧਰਮ ਪਤਨੀ ਪ੍ਰੀਤਮ ਕੌਰ ਨੇ ਇੰਗਲੈਂਡ ਤੋਂ ਆ ਕੇ ਡੇਰਾ ਬਾਬਾ ਮਾਹਨ ਦਾਸ ਸਾਹਰੀ ਵਿਖੇ ਮਿਤੀ 13-1-1997 ਨੂੰ ਉਨ੍ਹਾਂ ਦੇ ਨਮਿਤ ਭੋਗ ਰਖਾ ਕੇ ਅੰਤਮ ਅਰਦਾਸ ਕੀਤੀ। ਸਮੂਹ ਪਰਿਵਾਰ ਉਥੇ ਹਾਜ਼ਰ ਸੀ। ਪ੍ਰੀਤਮ ਕੌਰ ਵੀ ਹੁਣ ਸਿਆਣੀ ਹੋ ਗਈ ਹੈ। ਖੂੰਡੀ ਦੇ ਨਾਲ ਚਲਦੀ ਹੈ।

ਵੰਸ਼:- ਮੋਹਨ ਸਿੰਘ ਵੀ ਵੱਡੇ ਪਰਿਵਾਰ ਵਾਲਾ ਹੈ। ਪੰਜਾਬ ਦੀ ਧਰਤੀ 'ਤੇ ਤਿੰਨ ਬੱਚਿਆਂ ਨੇ ਜਨਮ ਲਿਆ। ਤਿੰਨ ਬੱਚਿਆਂ ਦਾ ਜਨਮ ਇੰਗਲੈਂਡ ਦਾ ਹੈ। ਜਦੋਂ ਕਦੇ ਆਪ ਦੇ ਭਰਾ ਜਾਂ ਆਪ ਦੇ ਗ੍ਰਹਿ ਵਿਖੇ ਲੜਕੇ ਨੇ ਜਨਮ ਲੈਣਾ ਤਾਂ ਇੰਗਲੈਂਡ ਤੋਂ ਚਿੱਠੀ ਆ ਜਾਂਦੀ ਸੀ। ਫਿਰ ਸਾਡੀ ਤਾਈ ਹਰ ਕੌਰ ਸਾਰੇ ਘਰਾਂ ਵਿਚ ਲੱਡੂ ਵੰਡਦੀ ਸੀ। ਮਾਤਾਵਾਂ ਨੂੰ ਪੁੱਤਰ ਤੇ ਪੋਤਿਆਂ ਦੇ ਜਨਮ ਦੀ ਬਹੁਤ ਖੁਸ਼ੀ ਹੁੰਦੀ ਹੈ।

ਲੜਕੇ: ਚਮਨ ਸਿੰਘ, ਗਿਆਨ ਸਿੰਘ ਤੇ ਸੁਰਜੀਤ ਸਿੰਘ।

ਲੜਕੀਆਂ: ਚਮਨ ਕੌਰ, ਦਰਸ਼ਨ ਕੌਰ ਤੇ ਪ੍ਰਵੀਨ ਕੌਰ।

1. **ਚਮਨ ਸਿੰਘ**:- ਚਮਨ ਸਿੰਘ ਨੇ ਮੇਰੇ ਨਾਲ ਛੇ ਜਮਾਤਾਂ ਸ. ਮਿਡਲ ਸਕੂਲ ਸਾਹਰੀ ਵਿਖੇ ਪਾਸ ਕੀਤੀਆਂ ਹਨ। ਫਿਰ ਆਪ ਦੀ ਮਾਤਾ ਦਾ ਇੰਗਲੈਂਡ ਦਾ ਕੰਮ ਬਣ ਗਿਆ ਸੀ। ਉਸ ਨਾਲ ਆਪ ਇੰਗਲੈਂਡ ਚਲੇ ਗਏ। ਚਮਨ ਸਿੰਘ ਦੀ ਕੁੜਮਾਈ ਇਸ ਦੇ ਪਿਤਾ ਮੋਹਨ ਸਿੰਘ ਨੇ ਚਮਨ ਦੀ ਫੋਟੋ ਰੱਖ ਕੇ ਹੀ ਮਿਤੀ 14-11-1970 ਨੂੰ ਕਰ ਦਿੱਤੀ ਸੀ। ਆਪ ਦੀ ਧਰਮ ਪਤਨੀ ਦਾ ਨਾਮ ਸੰਤੋਸ਼ ਕੁਮਾਰੀ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨੰਦਣ ਹਨ।

ਵੰਸ਼:- ਆਪ ਦਾ ਇਕ ਲੜਕਾ ਪ੍ਰਸ਼ੋਤਮ ਸਿੰਘ ਹੈ ਜੋ ਸ਼ਾਦੀਸ਼ੁਦਾ ਹੈ ਤੇ ਘਰਵਾਲੀ ਦਾ ਨਾਮ ਬਲਵਿੰਦਰ ਕੌਰ ਹੈ।

2. **ਗਿਆਨ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਰਾਜ ਰਾਣੀ ਹੈ, ਜੋ ਇੰਗਲੈਂਡ ਦੀ ਪੱਕੀ ਵਸਨੀਕ ਹੈ।

ਵੰਸ਼:- ਗਿਆਨ ਸਿੰਘ ਦੇ ਵੰਸ਼ ਵਿਚ ਦੋ ਲੜਕੀਆਂ ਕੁਛੌਲਿਆ ਤੇ ਬੈਕੀ ਹਨ।

3. **ਸੁਰਜੀਤ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਗੋਰੀ ਹੈ। ਘਰ ਵਾਲਿਆਂ ਤੋਂ ਪਤਾ ਲੱਗਾ ਹੈ ਕਿ ਆਪ ਨੇ ਵਿਦੇਸ਼ੀ ਮੂਲ ਦੀ ਲੜਕੀ ਗੋਰੀ ਨਾਲ ਸ਼ਾਦੀ ਕੀਤੀ ਹੈ। ਇਸ ਕਰਕੇ ਨਾਮ ਗੋਰੀ ਹੈ।

ਲੜਕੀਆਂ

1. **ਚਮਨ ਕੌਰ**:- ਆਪ ਦੇ ਪਤੀ ਦਾ ਨਾਮ ਸੀਤਾ ਰਾਮ ਹੈ।

ਵੰਸ਼:- ਆਪ ਦੇ ਦੋ ਲੜਕੇ ਗੋਲਾ ਤੇ ਕੁੱਕੂ ਹਨ। ਇਕ ਲੜਕੀ ਜਿਸ ਦਾ ਨਾਮ ਸਤਵੰਤ ਕੌਰ ਹੈ।

2. **ਦਰਸ਼ਨ ਕੌਰ**:- ਆਪ ਦੇ ਪਤੀ ਦਾ ਨਾਮ ਰਾਜ ਕੁਮਾਰ ਹੈ, ਜੋ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੁਹੱਲਾ ਪ੍ਰੇਮਗੜ੍ਹ ਦਾ ਰਹਿਣ ਵਾਲਾ ਹੈ।

ਵੰਸ਼:- ਆਪ ਦਾ ਇਕ ਲੜਕਾ ਹੈ।

ਮੋਹਨ ਸਿੰਘ ਨੇ ਸਾਰੇ ਬੱਚਿਆਂ ਦੀਆਂ ਸ਼ਾਦੀਆਂ ਇੰਗਲੈਂਡ ਵਿਚ ਹੀ ਕੀਤੀਆਂ ਹਨ। ਸਾਰਾ ਪਰਿਵਾਰ ਇੰਗਲੈਂਡ ਵਿਚ ਠੀਕ ਠਾਕ ਰਹਿ ਰਿਹਾ। ਪਰਿਵਾਰ ਦੀ ਮੁਖੀ ਪ੍ਰੀਤਮ ਕੌਰ ਵੀ ਠੀਕ ਠਾਕ ਹੈ।

3. **ਪ੍ਰਵੀਨ ਕੌਰ**:- ਇਹ ਜਨਮ ਤੋਂ ਹੀ ਸਿੱਧੇ ਸੁਭਾਅ ਦੀ ਹੈ।

* 4. **ਦਰਸ਼ਨ ਸਿੰਘ**:- ਦਰਸ਼ਨ ਸਿੰਘ ਸਾਧੂ ਸਿੰਘ ਦਾ ਸਾਰਿਆਂ ਤੋਂ ਛੋਟਾ ਲੜਕਾ ਹੈ। ਆਪ ਦੀ ਧਰਮ ਪਤਨੀ ਦਾ ਨਾਮ ਭਾਗ ਕੌਰ ਤੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਢਿੱਲਵਾਂ ਹਨ। ਦਰਸ਼ਨ ਸਿੰਘ ਨੇ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਕੀਤੀ ਹੈ। ਆਪ ਕੋਈ ਦਸਤਕਾਰੀ ਦਾ ਕੰਮ ਨਹੀਂ ਸਿੱਖ ਸਕੇ। ਆਪ ਆਪਣੇ ਵੱਡੇ ਭਾਈ ਸੋਹਨ ਸਿੰਘ ਦੇ ਨਾਲ ਖੇਤੀਬਾੜੀ ਦਾ ਕੰਮ ਕਰਦੇ ਰਹੇ। ਖੇਤੀ ਦੋਹਾਂ ਭਰਾਵਾਂ ਦੀ ਸਾਂਝੀ ਸੀ। ਆਪ ਨੇ ਵੀ ਬਾਹਰ ਜਾਣ ਵਾਸਤੇ ਪਾਸਪੋਰਟ ਬਣਾਇਆ ਸੀ। ਕਈ ਮਹੀਨੇ ਦਿੱਲੀ ਤੇ ਬੰਬੇ ਬੈਠ ਕੇ ਆਉਂਦੇ ਰਹੇ। ਫਿਰ ਆਪ ਨਸਰਾਲੇ ਫੈਕਟਰੀ ਵਿਚ ਲੱਗ ਗਏ ਸਨ। ਕਈ ਸਾਲ ਆਪ ਨੇ ਨਸਰਾਲੇ ਨੌਕਰੀ ਕੀਤੀ ਹੈ।

ਆਪ ਦੀ ਧਰਮ ਪਤਨੀ ਭਾਗ ਕੌਰ ਜਵਾਨੀ ਵੇਲੇ ਕੰਮ ਕਰਨ ਨੂੰ ਬਹੁਤ ਹੁਸ਼ਿਆਰ ਸੀ। ਭਾਬੀ ਕੇਸਰੀ ਤੇ ਭਾਗ ਕੌਰ ਦੋਵੇਂ ਕਣਕ ਦੇ ਸੀਜਨ ਤੇ ਬਰਾਬਰ ਕੰਮ ਕਰਦੀਆਂ ਸਨ। ਪਿਛਲੇਰੀ ਉਮਰ ਵਿਚ ਭਾਗ ਕੌਰ ਨੂੰ ਸਾਹ ਦੀ ਸ਼ਿਕਾਇਤ ਹੋ ਗਈ। ਦਵਾਈ ਹੁਸ਼ਿਆਰਪੁਰ ਤੋਂ ਖਾਂਦੀ ਰਹੀ। ਸੁਰਗਵਾਸ ਹੋਣ ਤੋਂ ਕੁਝ ਦਿਨ ਬਿਮਾਰ ਰਹੀ ਅੰਤ 16-10-1995 ਨੂੰ ਭਾਗ ਕੌਰ ਪ੍ਰਮਾਤਮਾ ਨੂੰ ਪਿਆਰੀ ਹੋ ਗਈ। ਇਸ ਸਦਮੇ ਤੋਂ ਮਗਰੋਂ ਦਰਸ਼ਨ ਸਿੰਘ ਆਪਣੇ ਲੜਕੇ ਸਤਨਾਮ ਸਿੰਘ ਦੇ ਨਾਲ ਆਪਣੇ ਭਾਈ ਮੋਹਨ ਸਿੰਘ ਦੀ ਕੋਠੀ ਵਿਚ ਹੁਸ਼ਿਆਰਪੁਰ ਰਹਿਣ ਲੱਗਾ।

ਦਰਸ਼ਨ ਸਿੰਘ ਕਦੇ-ਕਦੇ ਪਿੰਡ ਆ ਕੇ ਮਿਲ ਜਾਂਦਾ ਸੀ। ਦਰਸ਼ਨ ਸਿੰਘ ਨੂੰ ਵੀ ਦੋ ਵਾਰ ਅਧਰੰਗ ਦਾ ਦੌਰਾ ਪਿਆ। ਜਨਵਰੀ 2013 ਵਿਚ ਫਿਰ ਆਪ ਬਿਮਾਰੀ ਦੀ

ਲਪੇਟ ਵਿਚ ਆ ਗਏ। ਉਸ ਦੇ ਲੜਕੇ ਸਤਨਾਮ ਸਿੰਘ ਨੇ ਉਸਨੂੰ ਹਸਪਤਾਲ ਦਾਖਲ ਕਰਵਾਇਆ। ਪਰ 30-01-2013 ਨੂੰ ਦਰਸ਼ਨ ਸਿੰਘ ਪ੍ਰਮਾਤਮਾ ਨੂੰ ਪਿਆਰੇ ਹੋ ਗਏ। ਉਨ੍ਹਾਂ ਦੀ ਲਾਸ਼ ਨੂੰ ਮ੍ਰਿਤਕ ਦੇਹ ਸੰਭਾਲ ਘਰ ਰੱਖਿਆ ਗਿਆ। ਮੋਹਨ ਸਿੰਘ ਦਾ ਪਰਿਵਾਰ ਇੰਗਲੈਂਡ ਤੋਂ ਆਇਆ ਫਿਰ ਦਰਸ਼ਨ ਸਿੰਘ ਦਾ 5 ਜਨਵਰੀ 2013 ਨੂੰ ਹੁਸ਼ਿਆਰਪੁਰ ਦੇ ਮਸਾਣਘਾਟ ਵਿਖੇ ਸਸਕਾਰ ਕੀਤਾ ਗਿਆ। ਅਰਥੀ ਲਿਜਾਣ ਸਮੇਂ ਪਰਿਵਾਰਕ ਮੈਂਬਰਾਂ ਨੇ ਦਰਸ਼ਨ ਸਿੰਘ ਦੇ ਗਲ ਵਿਚ ਫੁੱਲਾਂ ਦੇ ਹਾਰ ਪਾਏ। ਇਨ੍ਹਾਂ ਦੇ ਸੰਬੰਧ ਵਿਚ 7 ਜਨਵਰੀ 2013 ਨੂੰ ਭੋਗ ਦੀ ਰਸਮ ਅਦਾ ਕੀਤੀ ਗਈ। ਆਈਆਂ ਸੰਗਤਾਂ ਵਾਸਤੇ ਚਾਹ-ਪਕੌੜੇ ਤੇ ਲੰਗਰ ਦਾ ਖਾਸ ਪ੍ਰਬੰਧ ਸੀ।

ਵੰਸ਼:- ਦਰਸ਼ਨ ਸਿੰਘ ਦੇ ਵੰਸ਼ ਵਿਚ ਤਿੰਨ ਲੜਕੀਆਂ ਤੇ ਇਕ ਲੜਕਾ ਹੈ। ਦਰਸ਼ਨ ਸਿੰਘ ਦੀਆਂ ਤਿੰਨ ਲੜਕੀਆਂ ਤੇ ਇਕ ਲੜਕਾ ਪਹਿਲਾਂ ਹੀ ਗੁਜਰ ਚੁੱਕੇ ਹਨ।

1. **ਸ਼ਕੁੰਤਲਾ ਦੇਵੀ:-** ਆਪ ਦਰਸ਼ਨ ਸਿੰਘ ਦੀ ਸਭ ਤੋਂ ਵੱਡੀ ਲੜਕੀ ਹੈ। ਆਪ ਦੇ ਪਤੀ ਦਾ ਨਾਮ ਸੁਖਦੇਵ ਸਿੰਘ ਤੇ ਸਹੁਰੇ ਬੱਸੀ ਦੌਲਤ ਖਾਂ ਹੁਸ਼ਿਆਰਪੁਰ ਹਨ। ਸ਼ਕੁੰਤਲਾ ਦੇਵੀ ਦੀ ਸ਼ਾਦੀ ਉਸ ਦੇ ਤਾਏ ਵੀਰ ਸਿੰਘ ਨੇ ਮਿਤੀ 18-4-1977 ਈ: ਨੂੰ ਕਰ ਦਿੱਤੀ ਸੀ। ਸ਼ੰਕੁੰਤਲਾ ਕੰਮਕਾਰ ਕਰਨ ਵਿਚ ਕਾਫੀ ਹੁਸ਼ਿਆਰ ਹੈ।

ਵੰਸ਼:- ਆਪ ਦੇ ਦੋ ਲੜਕੇ ਤੇ ਦੋ ਲੜਕੀਆਂ ਹਨ।

2. **ਚੰਨਣ ਕੌਰ:-** ਇਹ ਲੜਕੀ ਪਰਿਵਾਰ ਸਮੇਤ ਇਟਲੀ ਵਿਚ ਪੱਕੇ ਤੌਰ ਤੇ ਰਹਿ ਰਹੀ ਹੈ। ਇਹ ਲੜਕੀ ਵੀ ਪਰਿਵਾਰ ਵਾਲੀ ਹੈ।

3. **ਗੋਗਾਂ:-** ਆਪ ਦੇ ਘਰ ਵਾਲਾ ਸਰਕਾਰੀ ਨੌਕਰੀ ਕਰਦਾ ਹੈ। ਮੋਹਨ ਸਿੰਘ ਨੇ ਇਸ ਲੜਕੀ ਦੀ ਸ਼ਾਦੀ ਹੁਸ਼ਿਆਰਪੁਰ ਵਿਖੇ ਹੀ ਕੀਤੀ ਸੀ।

ਲੜਕਾ: ਸਤਨਾਮ ਸਿੰਘ:- ਸਤਨਾਮ ਸਿੰਘ ਨੇ ਮਿਡਲ ਪ੍ਰੀਖਿਆ ਪਾਸ ਕੀਤੀ ਹੈ। ਆਪ ਦਾ ਜਨਮ 7-8-1977 ਦਿਨ ਐਤਵਾਰ ਦਾ ਹੈ। ਸਤਨਾਮ ਸਿੰਘ ਨੇ ਘੰਟਾ ਘਰ ਹੁਸ਼ਿਆਰਪੁਰ ਦੇ ਕੋਲ ਸ਼ਰਮਾ ਗ੍ਰਾਮੋਫੂਨ ਵਾਲਿਆਂ ਦੀ ਦੁਕਾਨ 'ਤੇ ਕਈ ਸਾਲ ਕੰਮ ਕੀਤਾ ਹੈ। ਪਰ ਆਪਣੇ ਪਿਤਾ ਦੀ ਮੌਤ ਤੋਂ ਮਗਰੋਂ ਹੁਣ ਡਰਾਇਵਰੀ ਕਰਦਾ ਹੈ।

ਵਿਆਹ:- ਆਪ ਦਾ ਵਿਆਹ 22-2-2003 ਦਾ ਹੈ। ਆਪ ਦੀ ਧਰਮ ਪਤਨੀ ਦਾ ਨਾਮ ਕੁਲਵਿੰਦਰ ਕੌਰ ਹੈ, ਜਿਸ ਦੇ ਪੇਕੇ ਅਸਲਾਮਾਬਾਦ ਹੁਸ਼ਿਆਰਪੁਰ ਹਨ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਕਰਨ ਟੂਰ ਹੈ ਜੋ ਪੜ੍ਹ ਰਿਹਾ ਹੈ।

ਉਪਰੋਕਤ ਸਾਰਾ ਵਿਖਿਆਨ ਸਾਧੂ ਸਿੰਘ ਦੇ ਚਾਰ ਲੜਕਿਆਂ ਤੇ ਇਕ ਲੜਕੀ ਦਾ ਹੈ।

* 3. **ਬੁਲੂ ਰਾਮ:-** ਜਗੀਰ ਸਿੰਘ ਦਾ ਤੀਜਾ ਲੜਕਾ ਬੁਲੂ ਰਾਮ ਹੈ। ਬੁਲੂ ਦੀ ਸ਼ਾਦੀ ਪਹਿਲਾਂ ਫੁਗਲਾਣੇ ਹੋਈ ਸੀ। ਪਰ ਉਸਦੀ ਪਤਨੀ ਸੁਰਗਵਾਸ ਹੋ ਗਈ ਸੀ ਤੇ ਉਸ ਦਾ ਕੋਈ ਲੜਕਾ ਨਹੀਂ ਸੀ। ਬੁਲੂ ਦੀ ਦੂਜੀ ਸ਼ਾਦੀ ਅੱਛਰੋ ਨਾਲ ਹੋਈ ਸੀ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਡਾਡੇ ਸਨ। ਪਰ ਮੈਂ ਡਾਡੇ ਵਾਲਿਆਂ ਨੂੰ ਗਗਨੌਲੀ

ਆਉਂਦੇ ਨਹੀਂ ਦੇਖਿਆ ਹੈ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਭਗਤ ਸਿੰਘ ਹੈ। ਭਗਤ ਸਿੰਘ ਆਪਣੇ ਬਾਪ ਦੀ ਇਕਲੌਤੀ ਸੰਤਾਨ ਸੀ।

ਭਗਤ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਜਵਾਲੀ ਸੀ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਬੀਬੀ ਸਨ। ਮੀਆਂ-ਬੀਬੀ ਦੋਹਾਂ ਦਾ ਰੰਗ ਗੋਰਾ ਸੀ। ਮਾਤਾ ਜਵਾਲੀ ਦਾ ਇਕ ਭਰਾ ਦਲੀਪਾ ਤੇ ਭਰਜਾਈ ਚਿੰਤੀ ਸੀ ਜਿਨ੍ਹਾਂ ਦੇ ਵੰਸ਼ ਵਿਚ ਤਿੰਨ ਲੜਕੇ ਹਰਭਗਵਾਨ, ਅਗਮਲ ਰਾਮ, ਰਤਨ ਪਾਲ ਤੇ ਇਕ ਲੜਕੀ ਹੈ।

ਫੌਜ ਵਿਚ ਭਰਤੀ ਹੋਣਾ:- ਭਗਤ ਸਿੰਘ ਦੂਜੀ ਸੰਸਾਰ ਜੰਗ (1939-1945) ਸਮੇਂ ਫੌਜ ਵਿਚ ਭਰਤੀ ਹੋ ਗਿਆ ਸੀ। ਆਪ ਨੇ 7 ਸਾਲ ਫੌਜ ਵਿਚ ਨੌਕਰੀ ਕੀਤੀ ਹੈ। ਆਪ ਫੌਜ ਵਿਚ ਨਾਇਕ ਬਣੇ ਸਨ। ਆਪ ਕਈ ਵਾਰ ਫੌਜ ਦੀਆਂ ਗੱਲਾਂ ਕਰਿਆ ਕਰਦੇ ਸਨ। ਆਪ ਦੇ ਘਰ ਆਉਣ ਬਾਰੇ ਦੋ ਤੱਥ ਦੱਸੇ ਜਾਂਦੇ ਹਨ।

ਪਹਿਲਾ ਤੱਥ:- ਇੰਡੀਅਨ ਆਰਮੀ ਜਪਾਨ ਦੇ ਘਰੇ ਵਿਚ ਆ ਗਈ ਸੀ, ਜਿਸ ਕਰਕੇ ਬਹੁਤ ਸਾਰੇ ਸੈਨਿਕ ਮਾਰੇ ਗਏ ਸਨ। ਆਪ ਲਾਸ਼ਾਂ ਦੇ ਢੇਰ ਉੱਤੇ ਕੰਬਲ ਲੈ ਕੇ ਲੇਟ ਗਏ। ਹਨੇਰਾ ਹੋਣ ਕਰਕੇ ਆਪ ਕੰਬਲ ਵਿਚ ਪਛਾਣੇ ਨਹੀਂ ਗਏ। ਹਨੇਰੇ ਵਿਚ ਆਪ ਰੀਂਘ ਕੇ ਉੱਥੋਂ ਨਿਕਲ ਆਏ।

ਦੂਜਾ ਤੱਥ:- ਆਪ ਦੇ ਲੜਕੇ ਜੀਤ ਸਿੰਘ ਨੇ ਦੱਸਿਆ ਕਿ ਫੌਜ ਵਿਚ ਪਾਣੀ ਵਾਲਾ ਵੱਡਾ ਟੈਂਕ ਸੀ। ਕੁਝ ਮਿਸਤਰੀ ਉਸਦੀ ਮੁਰੰਮਤ ਕਰਦੇ ਸਨ। ਇਕ ਵੱਡਾ ਹਥੌੜਾ ਡਿਗਿਆ ਅਤੇ ਭਗਤ ਸਿੰਘ ਦੇ ਸਿਰ ਵਿਚ ਲੱਗ ਗਿਆ। ਆਪ ਮੈਡੀਕਲ ਗਰਾਊਂਡ 'ਤੇ ਪੈਨਸ਼ਨ ਆ ਗਏ। ਜਦੋਂ ਆਪ ਠੀਕ ਹੋ ਗਏ ਤਾਂ ਪੈਨਸ਼ਨ ਬੰਦ ਹੋ ਗਈ। ਪਰ ਆਪ ਦੇ ਨਾਲ ਦੇ ਸਾਥੀ ਕਰਤਾਰ ਸਿੰਘ, ਮੇਲਾ ਸਿੰਘ, ਹਜ਼ਾਰਾ ਸਿੰਘ, ਸ਼ੰਕਰ ਸਿੰਘ ਅੰਗਰੇਜ਼ੀ ਸਰਕਾਰ ਦੇ ਸਮੇਂ ਦੇ ਫੌਜੀ ਸਨ। ਉਨ੍ਹਾਂ ਸਾਰਿਆਂ ਨੂੰ ਮਰਨ ਤੱਕ ਪੈਨਸ਼ਨ ਮਿਲਦੀ ਰਹੀ ਹੈ। ਕਰਤਾਰ ਸਿੰਘ ਤੇ ਮੇਲਾ ਸਿੰਘ ਨੂੰ ਪੈਨਸ਼ਨ ਮੈਂ ਆਪ ਦੱਸ ਕੇ ਲਗਵਾਈ ਸੀ। 1988 ਵਿਚ ਭਾਰਤ ਸਰਕਾਰ ਨੇ ਇਕ ਪੱਤਰ ਜਾਰੀ ਕੀਤਾ, ਜਿਸ ਤਹਿਤ ਸਾਬਕਾ ਫੌਜੀਆਂ ਨੂੰ ਪੈਨਸ਼ਨਾਂ ਲੱਗੀਆਂ। ਫੌਜ ਦੀ ਨੌਕਰੀ ਤੋਂ ਇਲਾਵਾ ਭਗਤ ਸਿੰਘ ਨੇ ਹੋਰ ਕਈ ਹੇਠ ਲਿਖੇ ਕੰਮ ਕੀਤੇ।

ਥੋੜ੍ਹਾ ਸਮਾਂ ਆਪ ਨੇ ਬਜਾਜੀ ਦਾ ਕੰਮ ਕੀਤਾ। ਜਦੋਂ ਪਿੰਡਾਂ ਵਿਚ ਸਿਲਕ ਬੁਣੀ ਜਾਂਦੀ ਸੀ। ਇਸ ਤੋਂ ਮਗਰੋਂ ਆਪ ਨੇ ਬਹਾਦਰਪੁਰ ਹੁਸ਼ਿਆਰਪੁਰ ਵਿਖੇ ਕਰਿਆਨੇ ਦੀ ਦੁਕਾਨ ਪਾਈ। ਪਿੰਡ ਗਗਨੋਲੀ ਵਿਖੇ ਵੀ ਆਪ ਨੇ ਦੁਕਾਨ ਪਾਈ ਸੀ। ਇਹ ਗੱਲ ਮੈਂ ਆਮ ਤਾਈਆਂ-ਚਾਚੀਆਂ ਤੋਂ ਸੁਣੀ ਹੈ। ਇਸ ਤੋਂ ਇਲਾਵਾ ਲੱਕੜ ਦਾ ਵਪਾਰ ਤੇ ਸੀਜਨ 'ਤੇ ਅੰਬਾਂ ਦੇ ਬਾਗ ਖਰੀਦ ਲੈਂਦੇ ਸਨ। ਇਹ ਕੰਮ ਸਾਡੀ ਸੁਰਤ ਵਿਚ ਵੀ ਕੀਤਾ ਹੈ। ਮਗਰਲੇ ਸਮੇਂ ਵਿਚ ਆਪ ਨੇ ਕੱਪੜਾ ਬੁਨਣ ਦਾ ਕੰਮ ਕੀਤਾ ਤੇ ਘਰ ਵਿਚ ਲਵੇਰਾ ਜ਼ਰੂਰ ਰੱਖਿਆ ਹੈ।

ਗੁਰੂ ਘਰ ਦੀ ਸਥਾਪਨਾ:- ਆਪ ਨੇ ਫੌਜ ਵਿਚੋਂ ਆ ਕੇ ਗੁਰੂ ਘਰ ਦੀ ਸਥਾਪਨਾ ਕੀਤੀ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਹਿਲਾਂ ਆਪਣੀ ਬੈਠਕ ਵਿਚ ਕੀਤਾ। ਥੋੜ੍ਹੇ ਸਾਲਾਂ ਮਗਰੋਂ ਜਿਥੇ ਬਾਬਾ ਪੂਰਨ ਦਾਸ ਰਹਿੰਦਾ ਸੀ ਉਥੇ ਇਕ ਕਮਰਾ ਤਿਆਰ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ, ਜਿਥੇ ਸਾਰੀਆਂ ਸੰਗਤਾਂ ਸਵੇਰੇ ਨਤਮਸਤਕ ਹੁੰਦੀਆਂ ਸਨ। ਆਪ ਸੰਗਰਾਂਦ ਦਾ ਦਿਹਾੜਾ ਜ਼ਰੂਰ ਮਨਾਉਂਦੇ ਸਨ। ਆਪ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਗੁਰੂ ਘਰ ਜਾ ਕੇ ਸੰਖ ਧਨਿਆ ਕਰਦੇ, ਝਾੜੂ ਫੇਰਦੇ, ਮਹਾਰਾਜ ਦੇ ਸਰੂਪ ਦਾ ਪ੍ਰਕਾਸ਼ ਕਰਦੇ, ਤਖ਼ਤਪੋਸ ਦੇ ਹੇਠਾਂ ਰੋਜ਼ ਤਾਜ਼ਾ ਪਾਣੀ ਭਰਕੇ ਕੁੰਭ ਦੇ ਰੂਪ ਵਿਚ ਰੱਖਦੇ ਸਨ। ਫਿਰ ਆਪ ਆਪਣੇ ਘਰੇਲੂ ਕੰਮ ਵਿਚ ਜੁੱਟ ਜਾਂਦੇ ਸਨ। ਜਿੰਨਾ ਸਮਾਂ ਆਪ ਦਾ ਸਰੀਰ ਚੱਲਦਾ ਰਿਹਾ ਆਪ ਕੱਪੜਾ ਬੁਨਣ ਦਾ ਕੰਮ ਕਰਦੇ ਸਨ। ਸ. ਭਗਤ ਸਿੰਘ ਨੇ ਆਪਣੀ ਖੱਡੀ ਨਾਲ ਕੱਪੜਾ ਬੁਣ ਕੇ ਗੁਰੂ ਘਰ ਵਾਸਤੇ ਚਾਨਣੀ ਵੀ ਤਿਆਰ ਕੀਤੀ ਸੀ।

ਵਡੇਰੀ ਉਮਰ ਵਿਚ ਆਪ ਦਾ ਸਰੀਰ ਕੁਝ ਕਮਜ਼ੋਰ ਹੋ ਗਿਆ। ਮਨ-ਬੁੱਧੀ ਵਿਚ ਫ਼ਰਕ ਪੈ ਗਿਆ। ਆਪ ਪਾਣੀ ਦੀ ਬੋਤਲ ਲੈ ਕੇ ਕਈ-ਕਈ ਵਾਰੀ ਜੰਗਲ ਪਾਣੀ ਜਾਂਦੇ ਸਨ।

ਆਪ ਦੇ ਲੜਕੇ ਜੀਤ ਸਿੰਘ ਨੇ ਦੱਸਿਆ ਕਿ ਅਸੀਂ ਅੰਮ੍ਰਿਤਸਰ ਡਾਕਟਰ ਨੂੰ ਚੈੱਕਅਪ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਸੁਭਾਅ ਹੁਣ ਇਸ ਪ੍ਰਕਾਰ ਹੀ ਰਹੇਗਾ। ਆਪ ਆਪਣੀ ਮਾਤਲੋਕ ਦੀ ਯਾਤਰਾ ਕਰਦੇ ਹੋਏ ਮਿਤੀ 15-5-1987 ਨੂੰ ਬ੍ਰਹਮਲੀਨ ਹੋ ਗਏ। ਆਪ ਦੇ ਨਮਿਤ ਭੋਗ ਦੀ ਰਸਮ 31-5-1987 ਨੂੰ ਕੀਤੀ ਗਈ। ਇਸ ਸ਼ਰਧਾਂਜਲੀ ਸਮਾਗਮ ਵਿਚ ਸਮੂਹ ਰਿਸ਼ਤੇਦਾਰ ਤੇ ਸ਼ਰੀਕਾ ਭਾਈਚਾਰਾ ਸ਼ਾਮਿਲ ਹੋਇਆ।

ਬਾਪੂ:- ਘਰਾਂ ਵਿਚ ਦੋ ਹੀ ਬਾਪੂ ਸਨ। ਇਕ ਸਾਧੂ ਸਿੰਘ ਤੇ ਦੂਜਾ ਭਗਤ ਸਿੰਘ ਸਾਰੇ ਮੈਂਬਰ ਸਤਿਕਾਰ ਨਾਲ ਇਨ੍ਹਾਂ ਨੂੰ ਬਾਪੂ ਜੀ ਕਹਿ ਕੇ ਬੁਲਾਉਂਦੇ ਸਨ। ਪੁਰਾਣੇ ਸਮੇਂ ਵਿਚ ਘਰ ਦੇ ਮੁਖੀ ਨੂੰ ਬਾਪੂ ਜਾਂ ਭਾਈਆ ਕਹਿ ਕੇ ਬੁਲਾਇਆ ਜਾਂਦਾ ਸੀ। ਕੁਝ ਘਰ ਆਪਣੇ ਪਿਤਾ ਨੂੰ ਚਾਚਾ ਕਹਿ ਕੇ ਬੁਲਾਉਂਦੇ ਸਨ। ਮੇਰਾ ਭਗਤ ਸਿੰਘ ਦੇ ਨਾਲ ਖਾਸ ਪਿਆਰ ਸੀ। ਮੈਂ ਸੰਗਰਾਂਦ ਦਾ ਦਿਹਾੜਾ ਤੇ ਹੋਰ ਮਹਾਂਪੁਰਸ਼ਾਂ ਦੇ ਪੂਰਬ ਉਨ੍ਹਾਂ ਨਾਲ ਮਨਾਉਂਦਾ ਸੀ। ਉਸ ਦੇ ਵੱਡੇ ਲੜਕੇ ਪ੍ਰੀਤਮ ਸਿੰਘ ਨੇ ਪਿਆਰ ਨਾਲ ਕਹਿਣਾ ਬਾਪੂ ਦੀ ਪੱਗ ਤੁਹਾਨੂੰ ਹੀ ਦਿੱਤੀ ਜਾਣੀ ਹੈ। ਜਿੰਨਾ ਸਮਾਂ ਮੈਂ ਪਿੰਡ ਵਿਚ ਰਿਹਾ ਬਾਖੂਬੀ ਗੁਰੂ ਘਰ ਦੀ ਸੇਵਾ ਕਰਦਾ ਰਿਹਾ। ਹੁਣ ਵੀ ਮੈਂ ਦਿਨ ਵਾਰ ਤੇ ਜ਼ਰੂਰ ਹਾਜ਼ਰੀ ਭਰਦਾ ਹਾਂ। ਇਸ ਕਰਕੇ ਕਿ ਵਿਰਸੇ ਨਾਲੋਂ ਟੁੱਟਣਾ ਨਹੀਂ ਚਾਹੀਦਾ ਹੈ।

ਮਾਤਾ ਜਵਾਲੀ:- ਆਪ ਦੀ ਧਰਮ ਪਤਨੀ ਮਾਤਾ ਜਵਾਲੀ ਜਿਸ ਦਾ ਸੁਭਾਅ ਸ਼ਾਂਤ ਸੀ ਉਹ ਕਿਸੇ ਨਾਲ ਕੋਈ ਲੜਾਈ ਝਗੜਾ ਨਹੀਂ ਕਰਦੀ ਸੀ। ਜਿੰਨਾ ਹੋ ਸਕੇ ਘਰ ਦਾ ਕੰਮਕਾਰ ਕਰਦੀ ਰਹੀ ਹੈ। ਆਪ ਆਪਣੀ ਸੁਆਸਾਂ ਰੂਪੀ ਪੂੰਜੀ ਨੂੰ ਭੋਗਦੇ ਹੋਏ

ਮਿਤੀ 29-8-1989 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੀ।

ਵੰਸ਼:- ਸ. ਭਗਤ ਸਿੰਘ ਦੇ ਵੰਸ਼ ਵਿਚ ਚਾਰ ਲੜਕੀਆਂ ਤੇ ਦੋ ਲੜਕੇ ਹਨ।

ਲੜਕੀਆਂ:- ਪ੍ਰੀਤਮ ਕੌਰ, ਸੀਸੋ, ਗੁਰਮੀਤ ਕੌਰ, ਬਿਮਲਾ ਦੇਵੀ।

1. **ਪ੍ਰੀਤਮ ਕੌਰ**:- ਆਪ ਦੇ ਪਤੀ ਦਾ ਨਾਮ ਕਰਤਾਰ ਸਿੰਘ ਤੇ ਸਹੁਰੇ ਬਾੜੀਆਂ ਕਲਾਂ, ਹੁਸ਼ਿਆਰਪੁਰ ਹਨ। ਆਪ ਦਾ ਜਿਸਮ ਇਨਬਿਨ ਮਾਤਾ ਜਵਾਲੀ ਵਰਗਾ ਸੀ ਦਿਨ ਵਾਰ ਤੇ ਆ ਕੇ ਮਿਲ ਜਾਂਦੀ ਸੀ। ਪ੍ਰੀਤਮ ਕੌਰ ਆਪਣਾ ਸਰੀਰ ਤਿਆਗਣ ਤੋਂ ਪਹਿਲਾਂ ਪਿੰਡ ਗਗਨੌਲੀ ਆਈ ਹੋਈ ਸੀ। ਉਸ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ। ਪਰਿਵਾਰ ਨੇ ਬਹੁਤ ਸੇਵਾ ਕੀਤੀ। ਪ੍ਰੀਤਮ ਕੌਰ ਮਿਤੀ 18-12-1993 ਨੂੰ ਪਿੰਡ ਗਗਨੌਲੀ ਵਿਖੇ ਹੀ ਬ੍ਰਹਮਲੀਨ ਹੋ ਗਈ। ਇਥੇ ਹੀ ਆਪ ਦਾ ਸਸਕਾਰ ਤੇ ਭੋਗ ਦੀ ਰਸਮ ਅਦਾ ਕੀਤੀ ਗਈ।

ਵੰਸ਼:- ਪ੍ਰੀਤਮ ਕੌਰ ਦੀਆਂ ਦੋ ਲੜਕੀਆਂ ਤੇ ਇਕ ਲੜਕਾ ਹੈ।

ਲੜਕੀਆਂ:- ਸ਼ਿੰਦੋ ਪਿੰਡ ਬੱਠੀਆਂ ਵਿਆਹੀ ਹੋਈ ਹੈ।

ਨਿੰਬੋ: ਪਿੰਡ ਕੁਤਬਪੁਰ ਨੇੜੇ ਹਰਿਆਣੇ ਵਿਆਹੀ ਹੋਈ ਹੈ।

ਲੜਕਾ: ਫਕੀਰ ਸਿੰਘ:- ਹੁਸ਼ਿਆਰਪੁਰ ਦੇ ਮੁਹੱਲਾ ਰਹੀਮਪੁਰ ਵਿਖੇ ਵਿਆਹਿਆ ਹੋਇਆ ਹੈ। ਪ੍ਰੀਤਮ ਕੌਰ ਦਾ ਪਤੀ ਕਰਤਾਰ ਸਿੰਘ ਵੀ ਅੰਬਾਂ ਦਾ ਵਪਾਰ ਕਰਦਾ ਰਿਹਾ ਹੈ। ਆਮ ਕਰਕੇ ਕੱਪੜਾ ਬੁਨਣ ਦਾ ਕੰਮ ਕਰਦਾ ਹੈ।

ਨੋਟ: ਪ੍ਰੀਤਮ ਕੌਰ ਤੇ ਕਰਤਾਰ ਸਿੰਘ ਦੋਵੇਂ ਗੁਜਰ ਚੁੱਕੇ ਹਨ।

2. **ਸੀਸੋ**:- ਆਪ ਦੇ ਪਤੀ ਦਾ ਨਾਮ ਤਰਸੇਮ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੁਹੱਲਾ ਸੁਭਾਸ਼ ਨਗਰ ਨੇੜੇ ਟਾਂਡਾ ਬਾਈਪਾਸ ਹਨ। ਤਰਸੇਮ ਸਿੰਘ ਸਾਬਕਾ ਫੌਜੀ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਵਿਨੋਦ ਕੁਮਾਰ ਤੇ ਜਗਦੀਸ਼ ਲਾਲ ਹਨ।

ਲੜਕੀ: ਸੰਤੋਸ਼ ਕੁਮਾਰੀ ਹੈ।

3. **ਗੁਰਮੀਤ ਕੌਰ**:- ਆਪ ਦੇ ਪਤੀ ਦਾ ਨਾਮ ਮਾਧੋ ਸਿੰਘ ਤੇ ਸਹੁਰੇ ਪਿੰਡ ਤਨੂਲੀ ਹਨ। ਮਾਧੋ ਸਿੰਘ ਵੀ ਸਾਬਕਾ ਫੌਜੀ ਹੈ। ਆਪ ਪਿੰਡ ਗਗਨੌਲੀ ਵਿਖੇ ਕਾਫੀ ਸਮਾਂ ਰਹਿੰਦਾ ਰਿਹਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੇ- **ਪਰਮਜੀਤ ਸਿੰਘ, ਅਮਰਜੀਤ ਸਿੰਘ** ਤੇ **ਅਰਬਜੀਤ ਸਿੰਘ** ਤੇ ਇਕ ਲੜਕੀ **ਤਰਨਜੀਤ ਕੌਰ** ਹੈ।

ਪਰਮਜੀਤ ਸਿੰਘ ਪੰਜਾਬ ਪੁਲਿਸ ਵਿਚ ਨੌਕਰੀ ਕਰਦਾ ਸੀ। ਉਸ ਦੇ ਦੋ ਲੜਕੇ ਹਨ। ਧਰਮ ਪਤਨੀ ਵੀ ਨੌਕਰੀ ਕਰਦੀ ਹੈ। ਪਰਮਜੀਤ ਸਿੰਘ ਤੇ ਅਮਰਜੀਤ ਸਿੰਘ ਦੋਹਾਂ ਦੀ ਮੌਤ ਹੋ ਚੁੱਕੀ ਹੈ।

ਤੀਜਾ ਲੜਕਾ ਅਰਬਜੀਤ ਸਿੰਘ ਬਹੁਤ ਸਮੇਂ ਤੋਂ ਇੰਗਲੈਂਡ ਵਿਚ ਰਹਿ ਰਿਹਾ ਹੈ।

ਲੜਕੀ: ਤਰਨਜੀਤ ਕੌਰ:- ਇਹ ਲੜਕੀ ਬੀ.ਏ. ਬੀ.ਐੱਡ ਹੈ। ਇਸ ਦੀ ਸ਼ਾਦੀ 18-10-2015 ਨੂੰ ਹੋਈ ਹੈ।

4. ਬਿਮਲਾ ਦੇਵੀ:- ਆਪ ਦੇ ਪਤੀ ਦਾ ਨਾਮ ਜੀਤ ਸਿੰਘ ਹੈ। ਇਹ ਵੀ ਸਾਬਕਾ ਫੌਜੀ ਹੈ। ਬਿਮਲਾ ਦੇਵੀ ਦੇ ਸਹੁਰੇ ਪਿੰਡ ਖੁਣ-ਖੁਣਾ ਨੇੜੇ ਆਦੋਵਾਲ ਗੜੀ ਹਨ।

ਵੰਸ਼:- ਆਪ ਦੀਆਂ ਚਾਰ ਲੜਕੀਆਂ ਤੇ ਇਕ ਲੜਕਾ ਹੈ। ਲੜਕਾ ਇੰਗਲੈਂਡ ਵਿਚ ਪੱਕ ਤੌਰ ਤੇ ਰਹਿ ਰਿਹਾ ਹੈ।

ਭਗਤ ਸਿੰਘ ਦੇ ਲੜਕੇ

1. ਪ੍ਰੀਤਮ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਵਚਨ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪਿੱਪਲਾਂਵਾਲਾ ਹਨ। ਵਚਨ ਕੌਰ ਦਾ ਪਿਤਾ ਮਹਿੰਗਾ ਸਿੰਘ ਦੇਸੀ ਦਵਾਈ ਵੀ ਦਿੰਦਾ ਸੀ। ਪ੍ਰੀਤਮ ਸਿੰਘ ਉਰਦੂ ਦੀਆਂ ਸੱਤ ਜਮਾਤਾ ਪਾਸ ਹੈ। ਆਪ ਦੇ ਸਹਿਪਾਠੀ ਮੋਹਨ ਸਿੰਘ, ਸਰਵਣ ਸਿੰਘ ਤੇ ਸੋਹਣ ਸਿੰਘ ਸਪੁੱਤਰ ਮੇਹਰ ਸਿੰਘ ਹਨ।

ਰਾਜ ਮਿਸਤਰੀ:- ਜਦੋਂ ਆਪ ਕੁਝ ਜਵਾਨ ਹੋ ਗਏ ਤਾਂ ਆਪ ਫੌਜ ਵਿਚ ਭਰਤੀ ਨਹੀਂ ਹੋਏ। ਆਪ ਦੇ ਪਿਤਾ ਭਗਤ ਸਿੰਘ ਨੇ ਕਿਹਾ ਤੂੰ ਸਾਡੇ ਲਈ ਇਕ ਹੀ ਹੈਂ। ਅਸੀਂ ਤੈਨੂੰ ਫੌਜ ਵਿਚ ਭਰਤੀ ਨਹੀਂ ਹੋਣ ਦੇਣਾ ਫਿਰ ਆਪ ਨੇ ਰਾਜ ਮਿਸਤਰੀ ਦਾ ਕੰਮ ਸਿੱਖ ਲਿਆ। ਆਪ ਦਾ ਉਸਤਾਦ ਆਪ ਦੀ ਭੈਣ ਸੀਸੋ ਦਾ ਸਹੁਰਾ ਕਿਰਪਾ ਸਿੰਘ ਸੀ। ਮੋਹਨ ਸਿੰਘ ਸਪੁੱਤਰ ਸਾਧੂ ਸਿੰਘ ਵੀ ਆਪ ਦੇ ਨਾਲ ਕੰਮ ਸਿੱਖਦਾ ਸੀ। ਥੋੜ੍ਹੇ ਸਮੇਂ ਮਗਰੋਂ ਪ੍ਰੀਤਮ ਸਿੰਘ ਉਨ੍ਹਾਂ ਪਾਸੋਂ ਹਟ ਗਿਆ। ਫਿਰ 1956 ਈ: ਵਿਚ ਆਪ ਨੇ ਦਰਸ਼ਨ ਸਿੰਘ ਦੇ ਪਾਸੋਂ ਕੰਮ ਸਿੱਖਿਆ। ਦਰਸ਼ਨ ਸਿੰਘ ਕੌਣ ਹੈ? ਦਰਸ਼ਨ ਸਿੰਘ ਹੱਡੀਆਂ ਵਾਲੇ ਡਾਕਟਰ। ਰਸ਼ਪਾਲ ਸਿੰਘ ਭਾਰਜ ਦਾ ਪਿਤਾ ਹੈ। ਮੈਂ ਉਨ੍ਹਾਂ ਨੂੰ ਹਸਪਤਾਲ ਵਿਚ ਮਿਲਿਆ ਸੀ ਉਨ੍ਹਾਂ ਪੁੱਛਿਆ ਤੁਹਾਡਾ ਪਿੰਡ ਕਿਹੜਾ ਹੈ? ਮੈਂ ਦੱਸਿਆ ਗਗਨੌਲੀ। ਫਿਰ ਉਨ੍ਹਾਂ ਵਿਸਥਾਰ ਵਿਚ ਉਪਰੋਕਤ ਸਾਰੀ ਗੱਲਬਾਤ ਦੱਸੀ। ਪ੍ਰੀਤਮ ਸਿੰਘ ਨੇ ਪਿੰਡ ਗਗਨੌਲੀ ਵਿਚ ਬਹੁਤ ਸਾਰੇ ਲੋਕਾਂ ਦੇ ਮਕਾਨ ਬਣਾਏ ਹਨ। ਅਸੀਂ ਆਪਣੀ ਸੁਰਤ ਵਿਚ ਦੇਖਿਆ ਹੈ ਕਿ ਪ੍ਰੀਤਮ ਸਿੰਘ ਨੇ ਆਪਣੇ ਕੰਮ ਤੋਂ ਕਦੀ ਛੁੱਟੀ ਨਹੀਂ ਕੀਤੀ ਸੀ।

ਅਲੱਗ ਮਕਾਨ:- 1971 ਦੇ ਕਰੀਬ ਪ੍ਰੀਤਮ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਪਿਛਵਾੜੇ ਆਪਣਾ ਅਲੱਗ ਮਕਾਨ ਬਣਾ ਲਿਆ। ਆਪ ਦੀ ਧਰਮ ਪਤਨੀ ਦਾ ਸੁਭਾਅ ਹੱਸਮੁੱਖ ਸੀ। ਜਦੋਂ ਉਹ ਜਿਊਂਦੀ ਹੁੰਦੀ ਸੀ ਤਾਂ ਸ਼ਾਮ ਨੂੰ ਦਰਸ਼ਨ ਸਿੰਘ, ਰੇਸ਼ਮ ਸਿੰਘ, ਅਵਤਾਰ ਸਿੰਘ, ਸੋਹਨ ਸਿੰਘ ਵਗੈਰਾ ਇਕੱਠੇ ਹੋ ਜਾਂਦੇ ਤਾਂ ਕਾਫੀ ਹਾਸਾ ਮਜ਼ਾਕ ਹੁੰਦਾ। ਉਸ ਸਮੇਂ ਕਿਸੇ ਘਰ ਦਾ ਕੋਈ ਗੇਟ ਨਹੀਂ ਲੱਗਾ ਹੋਇਆ ਸੀ ਸਾਰੇ ਪਲਾਟ ਖੁੱਲ੍ਹੇ ਸਨ। ਉਸ ਦੇ ਮਰਨ ਤੋਂ ਮਗਰੋਂ ਸਾਰੀਆਂ ਰੌਣਕਾਂ ਜਾਂਦੀਆ ਰਹੀਆਂ। ਵਚਨ ਕੌਰ ਸਰੀਰ ਦੀ ਪਤਲੀ ਤੇ ਚੁਸਤ ਸੀ। ਸਾਡੀ ਮਾਤਾ ਦੇ ਨਾਲ ਪੱਠੇ-ਦੱਥੇ ਨੂੰ ਜਾਂਦੀ ਸੀ। ਬਚਨ ਕੌਰ ਦੀ ਸਿਹਤ ਕੁਝ ਖਰਾਬ ਰਹਿਣ ਲੱਗੀ। ਇਕ ਸਾਲ ਦੀ ਬੀਮਾਰੀ ਤੋਂ ਮਗਰੋਂ ਉਹ ਮਿਤੀ 14-06-1975 ਨੂੰ ਪੂਰੀ ਹੋ ਗਈ। ਊਧਮ ਸਿੰਘ ਉਸ ਸਮੇਂ

ਪੰਜਾਬ ਪੁਲਿਸ ਵਿਚ ਰਕਰੂਟੀ ਕਰ ਰਿਹਾ ਸੀ। ਜਿਸ ਦਿਨ ਵਚਨ ਕੌਰ ਨੇ ਆਪਣੇ ਸੁਆਸ ਦਿੱਤੇ ਹਨ ਉਸ ਦਿਨ ਉਸ ਨੇ ਆਪਣੇ ਪਤੀ ਪ੍ਰੀਤਮ ਸਿੰਘ ਨੂੰ ਕਿਹਾ ਜਾਓ ਤੁਸੀਂ ਕੰਮ ਕਰੋ ਮੈਂ ਠੀਕ ਹਾਂ। ਮਿਸਤਰੀ ਪ੍ਰੀਤਮ ਸਿੰਘ ਪਿੰਡ ਦਿਉਵਾਲ ਕੰਮ 'ਤੇ ਗਿਆ ਹੋਇਆ ਸੀ। ਵਚਨ ਕੌਰ ਆਪਣੇ ਰੋਂਦੇ ਕੁਰਲਾਉਂਦੇ ਬੱਚਿਆਂ ਨੂੰ ਛੱਡ ਕੇ ਸਦਾ ਲਈ ਚਲੀ ਗਈ। ਵਚਨ ਕੌਰ ਦੀ ਮੌਤ ਤੋਂ ਮਗਰੋਂ ਪਰਿਵਾਰ ਇਕੱਠਾ ਹੋ ਗਿਆ। ਮਿਸਤਰੀ ਨੇ ਦੋ ਸਾਲ ਇਰਾਕ ਵਿਚ ਲਗਾਏ ਹਨ। ਵਚਨ ਕੌਰ ਦੀ ਮੌਤ ਤੋਂ ਮਗਰੋਂ ਪ੍ਰੀਤਮ ਸਿੰਘ ਗੁਰੂ ਘਰ ਦੀ ਸੇਵਾ ਕਰਨ ਲੱਗੇ। ਅੰਮ੍ਰਿਤ ਵੇਲੇ ਸਪੀਕਰ ਲੱਗ ਜਾਣਾ। ਸਾਰੀਆਂ ਸੰਗਤਾਂ ਆ ਕੇ ਨਤਮਸਤਕ ਹੁੰਦੀਆਂ ਤੇ ਪ੍ਰੀਤਮ ਸਿੰਘ ਆਈਆਂ ਸੰਗਤਾਂ ਨੂੰ ਪ੍ਰਸ਼ਾਦ ਦਿੰਦੇ। ਅੰਦਰ ਲੱਗੇ ਧੂਫ ਦੀ ਮਹਿਕ ਚਾਰ ਚੁਫੇਰੇ ਨੂੰ ਸੁਗੰਧਤ ਕਰ ਦਿੰਦੀ। ਇਹ ਕੰਮ ਨਿਰੰਤਰ ਸਵੇਰੇ ਤੇ ਸ਼ਾਮ ਚਲਦਾ ਰਿਹਾ। ਅੱਜ ਉਹ ਰੌਣਕਾਂ ਨਹੀਂ ਹਨ। ਪ੍ਰੀਤਮ ਸਿੰਘ ਆਪਣੇ ਛੋਟੇ ਲੜਕੇ ਪਰਗਟ ਸਿੰਘ ਦੇ ਕੋਲ ਪੁਰਹੀਰਾਂ ਹੁਸ਼ਿਆਰਪੁਰ ਆ ਕੇ ਰਹਿਣ ਲੱਗ ਪਿਆ ਹੈ। ਆਪ ਨੇ ਬਾਬਾ ਰਸੀਲਾ ਰਾਮ ਡੇਰਾ ਸੈਦਪੁਰ (ਗੁਰਦਾਸਪੁਰ) ਤੋਂ ਨਾਮ-ਦਾਨ ਦੀ ਬਖਸ਼ਿਸ਼ ਪ੍ਰਾਪਤ ਕੀਤੀ ਹੈ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੇ ਤੇ ਇਕ ਲੜਕੀ ਹੈ।

ਲੜਕੇ: ਊਧਮ ਸਿੰਘ, ਮਹਿੰਦਰ ਸਿੰਘ ਉਰਫ਼ ਬੂਗੀ ਤੇ ਪਰਗਟ ਸਿੰਘ

1. ਊਧਮ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਸ਼ਕੁੰਤਲਾ ਦੇਵੀ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਫੱਤੋਵਾਲ ਹਨ। ਘਰ ਵਿਚ ਕੰਮ ਕਾਰ ਦੀ ਲੋੜ ਸੀ। ਇਸ ਲਈ ਆਪ ਦੀ ਸ਼ਾਦੀ 14-6-1976 ਨੂੰ ਕਰ ਦਿੱਤੀ ਗਈ।

ਦਸਵੀਂ ਪਾਸ ਕਰਨ ਉਪਰੰਤ ਆਪ ਨੇ ਇਕ ਸਾਲ ਸਰਕਾਰੀ ਕਾਲਜ ਵਿਚ ਲਗਾਇਆ ਪਰ ਪਾਸ ਨਹੀਂ ਹੋਏ। ਫਿਰ ਆਪ ਨੇ ਘਰੇਲੂ ਕੰਮ- ਕੱਪੜਾ ਬੁਣਨਾ ਸ਼ੁਰੂ ਕਰ ਦਿੱਤਾ। ਕੁਝ ਸਮਾਂ ਆਪ ਨੇ ਪੀ. ਡਬਲਯੂ. ਡੀ. ਵਿਚ ਵੀ ਕੰਮ ਕੀਤਾ ਫਿਰ ਮਲਾਵਾ ਰਾਮ ਹੁਸ਼ਿਆਰਪੁਰ ਨੇ ਆਪ ਨੂੰ ਪੰਜਾਬ ਪੁਲਿਸ ਵਿਚ ਭਰਤੀ ਕਰਵਾ ਦਿੱਤਾ। ਆਪ ਉੱਨਤੀ ਕਰਦੇ ਹੋਏ ਏ.ਐਸ.ਆਈ. ਬਣ ਗਏ। ਆਪ ਦੀ ਸਿਹਤ ਕੁਝ ਖਰਾਬ ਹੋ ਗਈ। ਆਪ ਸਿਵਲ ਹਸਪਤਾਲ ਵਿਚ ਦਾਖਲ ਹੋ ਗਏ। ਆਪ ਦੇ ਖ਼ੂਨ ਚੜ੍ਹਾਇਆ ਜਾ ਰਿਹਾ ਸੀ ਪਰ ਆਪ 6-8-1996 ਨੂੰ ਦਿਨ ਦੇ 1.30 ਮਿੰਟ 'ਤੇ ਭਰ ਜਵਾਨੀ ਵਿਚ ਪ੍ਰਮਾਤਮਾ ਨੂੰ ਪਿਆਰੇ ਹੋ ਗਏ। ਆਪ ਦੇ ਸਸਕਾਰ ਸਮੇਂ ਪੰਜਾਬ ਸਰਕਾਰ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ।

ਵੰਸ਼:- ਆਪ ਦੀਆਂ ਤਿੰਨ ਲੜਕੀਆਂ ਤੇ ਦੋ ਲੜਕੇ ਹਨ।

ਲੜਕੀਆਂ: ਅਮਰੀਕ ਕੌਰ, ਜਸਵੀਰ ਕੌਰ ਤੇ ਤਜਿੰਦਰ ਕੌਰ ਹਨ। ਸਾਰੀਆਂ ਸ਼ਾਦੀਸ਼ੁਦਾ ਹਨ। ਤਜਿੰਦਰ ਕੌਰ ਨੂੰ ਪਹਿਲ ਦੇ ਆਧਾਰ ਤੇ ਊਧਮ ਸਿੰਘ ਦੀ ਨੌਕਰੀ ਪੰਜਾਬ ਪੁਲਿਸ ਵਿਚ ਮਿਲ ਗਈ ਹੈ। ਉਹ ਹੁਣ ਇੰਸਪੈਕਟਰ ਹੈ।

ਲੜਕੇ: ਸੁਖਵਿੰਦਰ ਸਿੰਘ:- ਇਹ ਲੜਕਾ ਪੱਕੇ ਤੌਰ ਤੇ ਆਸਟ੍ਰੇਲੀਆ ਵਿਖੇ ਰਹਿ

ਰਿਹਾ ਹੈ।

ਨਰਿੰਦਰ ਸਿੰਘ:- ਇਹ ਸਰਕਾਰੀ ਹਾਈ ਸਕੂਲ ਸ਼ੇਰਗੜ੍ਹ ਹੁਸ਼ਿਆਰਪੁਰ ਵਿਖੇ ਬਤੌਰ ਕੰਪਿਊਟਰ ਅਧਿਆਪਕ ਡਿਊਟੀ ਕਰ ਰਿਹਾ ਹੈ। ਸਾਰਾ ਪਰਿਵਾਰ ਅਸਲਾਮਾਬਾਦ ਹੁਸ਼ਿਆਰਪੁਰ ਵਿਖੇ ਰਹਿ ਰਿਹਾ ਹੈ।

ਮਹਿੰਦਰ ਸਿੰਘ:- ਆਪ ਦੀ ਸ਼ਾਦੀ 20-4-1988 ਈ: ਨੂੰ ਰਾਜਿੰਦਰ ਕੌਰ ਵਾਸੀ ਖੁੱਡਾ ਕਲਾਂ, ਹੁਸ਼ਿਆਰਪੁਰ ਨਾਲ ਹੋਈ। ਦਸਵੀਂ ਪਾਸ ਕਰਨ ਉਪਰੰਤ ਆਪ ਨੇ ਰਾਜ ਮਿਸਤਰੀ ਦਾ ਕੰਮ ਸਿੱਖ ਲਿਆ। ਕੁਝ ਸਾਲਾਂ ਮਗਰੋਂ ਆਪ ਇਕ ਏਜੰਟ ਦੇ ਤੌਰ ਤੇ ਕੰਮ ਕਰਨ ਲੱਗੇ। ਬਹੁਤ ਦੇਰ ਤੋਂ ਮੁਹੱਲਾ ਸੁੰਦਰ ਨਗਰ ਹੁਸ਼ਿਆਰਪੁਰ ਵਿਖੇ ਰਹਿ ਰਿਹਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਤੇ ਲੜਕੀ ਹੈ।

ਪਰਗਟ ਸਿੰਘ:- ਆਪ ਦੀ ਸ਼ਾਦੀ ਮਿਤੀ 5-12-1994 ਨੂੰ ਅਮਰਜੀਤ ਕੌਰ ਪੁਰਹੀਰਾਂ ਹੁਸ਼ਿਆਰਪੁਰ ਨਾਲ ਹੋਈ ਹੈ। ਦਸਵੀਂ ਪਾਸ ਕਰਨ ਉਪਰੰਤ ਆਪ 15-1-1988 ਨੂੰ ਫੌਜ ਵਿਚ ਭਰਤੀ ਹੋ ਗਏ। ਆਪ ਦਾ ਨੰਬਰ 4468092 ਹੈ। ਕਾਰਗਿਲ ਜੰਗ ਓਪਰੇਸ਼ਨ ਵਿਚ ਆਪ ਨੂੰ ਵਿਜੈ ਮੈਡਲ ਮਿਲਿਆ ਹੈ। ਪਰਗਟ ਸਿੰਘ 8 ਸਿਖਾਲਾਈ ਫਤਹਿਪੁਰ ਯੂ.ਪੀ. ਤੋਂ 2005 ਵਿਚ ਬਤੌਰ ਹਵਾਲਦਾਰ ਪੈਨਸ਼ਨ ਆਏ। ਅੱਜਕੱਲ ਪ੍ਰੈਸ਼ਰ ਕੁਕਰ ਫੈਕਟਰੀ ਹੁਸ਼ਿਆਰਪੁਰ ਵਿਚ ਬਤੌਰ ਸਕਿਊਰਟੀ ਗਾਰਡ ਨੌਕਰੀ ਕਰ ਰਿਹਾ ਹੈ। ਪਰਗਟ ਸਿੰਘ ਚੰਗੇ ਸੁਭਾਅ ਵਾਲਾ ਹੈ। ਮੀਆਂ ਬੀਬੀ ਦੋਹਾਂ ਦੀ ਆਦਤ ਚੰਗੀ ਹੈ। ਆਪ ਆਪਣੇ ਪਿਤਾ ਪ੍ਰੀਤਮ ਸਿੰਘ ਦੀ ਚੰਗੀ ਤਰ੍ਹਾਂ ਨਾਲ ਸੇਵਾ ਕਰ ਰਹੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਹਨ। ਸੰਜੀਵ ਕੁਮਾਰ ਤੇ ਕਰਨ ਕੁਮਾਰ ਹਨ। ਦੋਵੇਂ ਪੜ੍ਹ ਰਹੇ ਹਨ।

ਪ੍ਰੀਤਮ ਸਿੰਘ ਦੀ ਲੜਕੀ ਸਤਵਿੰਦਰ ਕੌਰ:- ਆਪ ਦੇ ਪਤੀ ਦਾ ਨਾਮ ਬਲਕਾਰ ਸਿੰਘ ਤੇ ਸਹੁਰੇ ਮੁਰਾਦਪੁਰ ਨਰਿਆਲਾ ਹੁਸ਼ਿਆਰਪੁਰ ਹਨ। ਬਲਕਾਰ ਸਿੰਘ ਪੰਜਾਬ ਪੁਲਿਸ ਵਿਚ ਨੌਕਰੀ ਕਰ ਰਿਹਾ ਹੈ। ਆਪ ਦੀ ਸ਼ਾਦੀ 5-11-1994 ਦੀ ਹੈ।

ਭਗਤ ਸਿੰਘ ਦਾ ਦੂਜਾ ਲੜਕਾ ਜੀਤ ਸਿੰਘ:- ਜੀਤ ਸਿੰਘ ਦੀ ਧਰਮ ਪਤਨੀ ਦਾ ਨਾਮ ਹਰਮਿੰਦਰ ਕੌਰ ਤੇ ਪੇਕੇ ਮੇਘੋਵਾਲ ਗੰਜਿਆ ਹੁਸ਼ਿਆਰਪੁਰ ਹਨ। ਜੀਤ ਸਿੰਘ ਦਾ ਜਨਮ 6-6-1947 ਈ: ਦਾ ਹੈ। ਆਪ ਨੇ 1967 ਈ: ਵਿਚ ਸ. ਹ. ਸਕੂਲ ਨਸਰਾਲਾ ਤੋਂ ਦਸਵੀਂ ਪਾਸ ਕੀਤੀ ਤੇ 1967 ਈ: ਵਿਚ ਹੀ ਆਪ ਫੌਜ ਵਿਚ ਭਰਤੀ ਹੋ ਗਏ। ਆਪ ਨੇ ਰਕਰੂਟੀ ਕਿਰਕੀ ਪੂਨਾ ਮਹਾਂਰਾਸ਼ਟਰ ਵਿਚ ਕੀਤੀ ਹੈ। ਆਪ ਨੇ ਫੌਜ ਵਿਚ 32 ਸਾਲ ਨੌਕਰੀ ਕੀਤੀ ਤੇ 31-3-1999 ਨੂੰ ਬਤੌਰ ਕੈਪਟਨ ਪੈਨਸ਼ਨ ਆਏ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਹਨ।

ਲੜਕੇ: ਹਰਚਰਨ ਸਿੰਘ, ਸੰਤੋਖ ਸਿੰਘ, ਮਨਮੋਹਨ ਸਿੰਘ

1. **ਹਰਚਰਨ ਸਿੰਘ:-** ਹਰਚਰਨ ਸਿੰਘ ਦੀ ਧਰਮ ਪਤਨੀ ਦਾ ਨਾਮ ਸੀਮਾ ਹੈ।

ਜਿਸ ਦੇ ਪੇਕੇ ਬਸੀ ਦੌਲਤ ਖਾਂ ਹੁਸ਼ਿਆਰਪੁਰ ਹਨ। ਆਪ ਦੀਆਂ ਦੋ ਲੜਕੀਆਂ ਤੇ ਇਕ ਲੜਕਾ ਹੈ। ਹਰਚਰਨ ਸਿੰਘ ਘਰੇਲੂ ਕੰਮ ਦੇ ਨਾਲ ਸੋਨਾਲੀਕਾ ਹੁਸ਼ਿਆਰਪੁਰ ਕੰਮ ਕਰਦਾ ਹੈ।

ਸੰਤੋਖ ਸਿੰਘ:- ਸੰਤੋਖ ਸਿੰਘ ਦਸਵੀਂ ਪਾਸ ਕਰਨ ਉਪਰੰਤ ਬੀ.ਐਸ.ਐਫ. ਵਿਚ ਭਰਤੀ ਹੋ ਗਿਆ। ਆਪ ਨੇ ਤਿੰਨ ਸਾਲ ਨੌਕਰੀ ਕੀਤੀ। ਹੁਣ ਘਰ ਦੇ ਉਸਦੇ ਵਿਆਹ ਵਾਰੇ ਸੋਚ ਰਹੇ ਸਨ ਪਰ ਪਰਮਾਤਮਾ ਨੇ ਕੁਝ ਹੋਰ ਹੀ ਕਰ ਦਿੱਤਾ। ਆਪ ਘਰ ਛੁੱਟੀ ਆਇਆ ਅਚਾਨਕ ਰਾਤ ਨੂੰ ਅਪ੍ਰੈਲ 2005 ਈ: ਵਿਚ ਆਪ ਦੀ ਮੌਤ ਹੋ ਗਈ। ਆਪ ਨੂੰ ਵੀ ਸਸਕਾਰ ਸਮੇਂ ਗਾਰਡ ਆਫ ਆਨਰ ਦਿੱਤਾ ਗਿਆ। ਸੰਤੋਖ ਸਿੰਘ ਬਹੁਤ ਚੰਗੇ ਸੁਭਾਅ ਦਾ ਲੜਕਾ ਸੀ।

3. **ਮਨਮੋਹਨ ਸਿੰਘ:-** ਮਨਮੋਹਨ ਸਿੰਘ ਬੀ.ਏ. ਪਾਸ ਹੈ। ਘਰੇਲੂ ਕੰਮ ਹੀ ਕਰਦਾ ਹੈ।

ਲੜਕੀਆਂ:

1. ਸਤਵਿੰਦਰ ਕੌਰ ਦੇ ਸਹੁਰੇ ਅੱਬੋਵਾਲ ਹੁਸ਼ਿਆਰਪੁਰ ਹਨ।
2. ਕੁਲਵਿੰਦਰ ਕੌਰ ਦੇ ਸਹੁਰੇ ਭਗਤ ਸਿੰਘ ਨਗਰ ਹੁਸ਼ਿਆਰਪੁਰ ਹਨ।
3. ਰਾਜਵਿੰਦਰ ਕੌਰ ਦੇ ਸਹੁਰੇ ਬੁੱਢੀ ਪਿੰਡ ਨੰਗਲ ਹਨ।

ਨੋਟ: ਜੀਤ ਸਿੰਘ ਦੇ ਕੋਲ ਵਾਹੀਯੋਗ ਕੁਝ ਜ਼ਮੀਨ ਹੈ, ਜਿਸ ਵਿਚ ਪਾਣੀ ਦਾ ਪ੍ਰਬੰਧ ਹੈ।

* **4. ਸੁਰਜਨ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਖੇਮੀ ਦੇਵੀ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੁਖਲੀਆਣਾ ਸਨ। ਆਪ ਦੇ ਪਿਤਾ ਦਾ ਨਾਮ ਕਾਲੂ ਸੀ, ਜਿਸ ਦੇ ਛੇ ਪੁੱਤਰ ਤੇ ਦੋ ਧੀਆਂ ਸਨ। ਅਸੀਂ ਛੋਟੇ ਹੁੰਦੇ ਵੇਖਿਆ ਹੈ ਕਿ ਉਹ ਕਦੇ-ਕਦੇ ਪਿੰਡ ਗਗਨੌਲੀ ਆਇਆ ਕਰਦੇ ਸਨ। ਮਾਤਾ ਖੇਮੀ ਦਾ ਨਾਨਕਾ ਪਿੰਡ ਘੜਿਆਲਾ (ਜਲੰਧਰ) ਹੈ। ਮਾਤਾ ਖੇਮੀ ਦੇਵੀ ਦੀ ਇੱਕ ਭੈਣ ਅਰਜਨੋਵਾਲ ਵਿਆਹੀ ਹੋਈ ਸੀ। ਉਸ ਦਾ ਪਤੀ ਨਾਮਾ ਪਿੰਡ ਆਇਆ ਕਰਦਾ ਸੀ। ਉਸਦਾ ਇਕ ਲੜਕਾ ਭਗਤ ਸਿੰਘ ਹੈ। ਇਸੇ ਹੀ ਤਰ੍ਹਾਂ ਮਾਤਾ ਦੀ ਇਕ ਭਤੀਜੀ ਰਾਪੁਰ ਬੱਲਾਂ ਜ਼ਿਲ੍ਹਾ ਜਲੰਧਰ ਵਿਆਹੀ ਹੋਈ ਹੈ। ਉਸ ਦਾ ਘਰ ਬਾਬਾ ਸਰਵਣ ਦਾਸ ਦੇ ਪੁਰਾਣੇ ਗੁਰਦੁਆਰਾ ਸਾਹਿਬ ਕੋਲ ਹੈ। ਜਦੋਂ ਉਹ ਆਪਣੇ ਪੇਕੇ ਮੁਖਲੀਆਣਾ ਮਿਲਣ ਜਾਂਦੀ ਤਾਂ ਉਹ ਪਿੰਡ ਗਗਨੌਲੀ ਵੀ ਮਿਲਣ ਆਉਂਦੀ ਸੀ। ਉਸ ਦਾ ਨਾਮ ਪੂਰੋ ਤੇ ਉਸ ਦੇ ਪਤੀ ਦਾ ਨਾਮ ਸ਼ੰਕਰ ਸਿੰਘ ਸੀ।

ਮਾਤਾ ਖੇਮੀ ਦੇਵੀ ਦਾ ਪਿਛੋਕੜ:- ਪਿਤਾ ਦਾ ਨਾਮ ਕਾਲੂ ਤੇ ਮਾਤਾ ਨਾਮੀ ਸੀ। ਮਾਤਾ ਦੇ ਦੋ ਭਰਾ ਸਨ। ਰਿਖੀ ਰਾਮ ਤੇ ਰੁਲੀਆ ਰਾਮ। ਰਿਖੀ ਰਾਮ ਦਾ ਇਕ ਲੜਕਾ ਲਛਮਣ ਦਾਸ ਸੀ।

ਰੁਲੀਆ ਰਾਮ:- ਇਸ ਦੀ ਧਰਮ ਪਤਨੀ ਦਾ ਨਾਮ ਜਵਾਲੀ ਸੀ, ਜਿਸਨੂੰ ਮੈਂ

ਬਿਰਧ ਅਵਸਥਾ ਵਿਚ ਦੇਖਿਆ ਹੈ। ਰੁਲੀਆ ਰਾਮ ਦੇ ਵੰਸ਼ ਵਿਚ ਪੰਜ ਲੜਕੇ, ਦੋ ਧੀਆਂ ਸਨ।

ਲੜਕੇ:- ਦਲੀਪਾ ਰਾਮ, ਪੂਰਨ ਚੰਦ, ਬੰਤ ਰਾਮ, ਭਾਗ ਰਾਮ ਤੇ ਬਿਸ਼ਨ ਚੰਦ।

ਲੜਕੀਆਂ:- ਪੂਰੋ ਦੇਵੀ ਜਿਸ ਦੇ ਪਤੀ ਦਾ ਨਾਮ ਸ਼ੰਕਰ ਦਾਸ ਸਹੁਰੇ ਰਾਪੁਰ ਬੱਲਾਂ, ਜਲੰਧਰ ਹਨ।

ਗੁਰਚਰਨ ਕੌਰ ਧਰਮ ਪਤਨੀ ਅਨੰਤ ਰਾਮ ਸਹੁਰੇ ਚੁਖਿਆਰੇ। ਦੋਵੇਂ ਲੜਕੀਆਂ ਜ਼ਿਲ੍ਹਾ ਜਲੰਧਰ ਵਿਆਹੀਆਂ ਸਨ।

ਰਿਖੀ ਰਾਮ ਤੇ ਰੁਲੀਆ ਰਾਮ ਨੂੰ ਪਿੰਡ ਆਉਂਦੇ ਦੇਖਿਆ ਹੈ। ਇਸ ਹੀ ਤਰ੍ਹਾਂ ਸਾਡੇ ਪਿਤਾ ਜੀ ਦੀ ਇਕ ਭੂਆ ਪਿੰਡ ਦਿਹਾਣੇ (ਹੁਸ਼ਿਆਰਪੁਰ) ਤੇ ਦੂਜੀ ਹੁਸ਼ਿਆਰਪੁਰ ਦੇ ਮੁਹੱਲਾ ਪ੍ਰੇਮਗੜ੍ਹ ਵਿਚ ਸੀ। ਉਨ੍ਹਾਂ ਦੇ ਫੁੱਫੜ ਦਾ ਨਾਮ ਮਿਲਖੀ ਰਾਮ ਸੀ ਜੋ ਬਹੁਤ ਉੱਚਾ ਲੰਬਾ ਸੀ। ਅਸੀਂ ਛੋਟੇ ਹੁੰਦਿਆਂ ਉਸ ਨੂੰ ਵੀ ਦੇਖਿਆ ਹੈ। ਮਿਲਖੀ ਰਾਮ ਦਾ ਇਸ ਵਕਤ ਵੱਡਾ ਪਰਿਵਾਰ ਹੈ। ਇਹ ਸੀ ਬਜ਼ੁਰਗਾਂ ਦਾ ਸੰਖੇਪ ਵੇਰਵਾ ਤੇ ਰਿਸ਼ਤੇਦਾਰੀਆਂ ਜਿੰਨੀਆਂ ਕੁ ਮੈਨੂੰ ਯਾਦ ਸੀ ਲਿਖ ਦਿੱਤੀਆਂ ਹਨ।

ਬਾਬਾ ਸੁਰਜਨ ਸਿੰਘ ਬਾਰੇ ਕੁਝ ਖਾਸ ਵਿਸ਼ੇਸ਼ਤਾਈਆਂ:- ਮੈਂ ਕਈ ਵਾਰ ਸੁਣਦਾ ਹਾਂ ਕਿ ਕਿਸੇ ਪੰਡਤ ਨੇ ਉਨ੍ਹਾਂ ਦਾ ਹੱਥ ਦੇਖਿਆ ਤੇ ਕਿਹਾ, "ਕਾਕਾ! ਤੂੰ ਪਿਛਲੇ ਜਨਮ ਵਿਚ ਰਾਜਾ ਸੀ। ਉਨ੍ਹਾਂ ਦਾ ਕੱਦ ਲੰਬਾ ਤੇ ਰੰਗ ਗੋਰਾ ਸੀ। ਜਦੋਂ ਕੱਪੜੇ ਪਹਿਨ ਕੇ ਤੁਰਦਾ ਸੀ ਤਾਂ ਉਨ੍ਹਾਂ ਦੀ ਦਿੱਖ ਵੱਖਰੀ ਕਿਸਮ ਦੀ ਲਗਦੀ ਸੀ।

ਸੁਰਜਨ ਸਿੰਘ ਦੀ ਮੌਤ ਇਕ ਬੁਝਾਰਤ:- ਸੁਰਜਨ ਸਿੰਘ ਦੀ ਮੌਤ ਇਕ ਬੁਝਾਰਤ ਹੈ। ਉਹ ਕਿਸੇ ਬਿਮਾਰੀ ਨਾਲ ਨਹੀਂ ਮਰੇ। ਉਹ ਕਿਤੇ ਪ੍ਰਾਹੁਣਚਾਰੀ ਗਏ ਹੋਏ ਸਨ। ਰਸਤੇ ਵਿਚ ਆਉਂਦੇ ਕਿਸੇ ਵਿਅਕਤੀ ਨੇ ਉਨ੍ਹਾਂ ਨੂੰ ਪੀਣ ਵਾਸਤੇ ਦੁੱਧ ਦਿੱਤਾ, ਜਿਸ ਨਾਲ ਉਨ੍ਹਾਂ ਦੇ ਮੱਠੀ-ਮੱਠੀ ਦਰਦ ਸ਼ੁਰੂ ਹੋ ਗਈ। ਜਦ ਘਰ ਆ ਕੇ ਮੰਜੇ 'ਤੇ ਲੇਟ ਗਏ ਤਾਂ ਉਨ੍ਹਾਂ ਕਿਹਾ ਕਿ ਮੇਰੇ ਦਿਲ 'ਤੇ ਦਰਦ ਹੁੰਦੀ ਹੈ। ਫਿਰ ਜਲਦੀ ਹੀ ਉਹ ਸੁਰਗਵਾਸ ਹੋ ਗਏ। ਬਜ਼ੁਰਗ ਮਗਰੋਂ ਗੱਲਾਂ ਕਰਦੇ ਸਨ ਕਿ ਉਨ੍ਹਾਂ ਨੂੰ ਦੁੱਧ ਵਿਚ ਸੰਖੀਆ ਦਿੱਤਾ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਦੁਸ਼ਮਣ ਵਾਰ ਕੇ ਅਣਹੁੰਦੀ। ਇਸ ਕਰਕੇ ਹੀ ਕਿਹਾ ਜਾਂਦਾ ਹੈ ਬਚ-ਬਚ ਕੇ ਚੱਲ ਬੀਬਾ ਇਹ ਕਲਯੁੱਗ ਦਾ ਬੁਰਾ ਜ਼ਮਾਨਾ।

ਦਾਦੀ ਮਾਤਾ ਖੇਮੀ ਦੇਵੀ ਦਾ ਸੁਰਗਵਾਸ ਹੋਣਾ:- ਮਾਤਾ ਖੇਮੀ ਦੇਵੀ ਲੰਬੀ ਉਮਰ ਭੋਗ ਕੇ ਪ੍ਰਮਾਤਮਾ ਨੂੰ ਪਿਆਰੀ ਹੋਈ ਹੈ। ਉਸ ਦੇ ਲੜਕੇ ਬੰਤਾ ਸਿੰਘ ਨੇ ਕਹਿਣਾ ਸਾਡੀ ਮਾਤਾ ਦੀ ਉਮਰ 120 ਸਾਲ ਦੇ ਕਰੀਬ ਹੈ। ਵਡੇਰੀ ਉਮਰ ਵਿਚ ਵੀ ਉਹ ਰੋਟੀ ਪਕਾਉਂਦੀ ਤੇ ਚਰਖਾ ਕੱਤਦੀ ਸੀ। ਅੱਖਾਂ ਦੀ ਨਜ਼ਰ ਬਿਲਕੁਲ ਠੀਕ ਸੀ। ਇਕ ਵਾਰ ਸਾਡੀ ਮਾਸੀ ਦੀ ਲੜਕੀ ਕਰਮ ਕੌਰ ਪਿੰਡ ਗਗਨੌਲੀ ਮਿਲਣ ਆਈ ਤਾਂ ਸੂਰਜ ਅਸਤ ਹੋ ਚੁੱਕਾ ਸੀ ਜਦੋਂ ਉਸ ਨੇ ਸਾਰਿਆਂ ਨੂੰ ਬੁਲਾਇਆ ਤਾਂ ਕਿਹਾ, "ਦਾਦੀ ਮਾਤਾ ਨੂੰ ਮਿਲ ਲਵਾਂ ਖ਼ਬਰੇ ਉਸ ਨੂੰ ਦਿਸਿਆ ਹੈ ਜਾਂ ਨਹੀਂ। ਜਦੋਂ ਉਹ ਉਸ ਦੇ ਕੋਲ ਗਈ ਤਾਂ

ਮਾਤਾ ਨੇ ਪਹਿਲਾਂ ਹੀ ਆਖ ਦਿੱਤਾ, ਕਰਮੀਏ ਕੀ ਹਾਲ ਹੈ, ਸਾਰੇ ਰਾਜ਼ੀ ਖ਼ੁਸ਼ੀ ਹਨ। ਇਸ ਨੂੰ ਦੇਖ ਕੇ ਸਾਰੇ ਹੈਰਾਨ ਰਹਿ ਗਏ ਤਾਂ ਕਹਿਣ ਲੱਗੇ ਮਾਤਾ ਦੀ ਨਜ਼ਰ ਅਜੇ ਠੀਕ ਠਾਕ ਹੈ।

ਪੇਕਿਆਂ ਦੀ ਤਾਂਘ:- ਹਰ ਧੀ ਨੂੰ ਆਪਣੇ ਮਾਤਾ ਪਿਤਾ ਭੈਣ ਭਰਾਵਾਂ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਮਾਤਾ ਵਿਹੜੇ ਵਿਚ ਬੈਠੀ ਚਰਖਾ ਕੱਤ ਰਹੀ ਹੈ। ਥੋੜ੍ਹੇ ਸਮੇਂ ਮਗਰੋਂ ਉਸ ਦਾ ਭਤੀਜਾ ਬਿਸ਼ਨ ਚੰਦ ਆ ਗਿਆ ਜਦੋਂ ਉਸ ਨੇ ਆਪਣੀ ਭੂਆ ਦੇ ਪੈਰੀਂ ਹੱਥ ਲਾਇਆ ਤਾਂ ਮਾਤਾ ਨੇ ਪੁੱਛਿਆ, "ਸੁਣਾ! ਮੇਰੇ ਭਰਾ ਦਾ ਕੀ ਹਾਲ ਹੈ? ਉਸ ਨੇ ਜਵਾਬ ਦਿੱਤਾ ਭੂਆ ਠੀਕ ਠਾਕ ਹੈ। ਫਿਰ ਉਹ ਅੰਦਰ ਆ ਕੇ ਤਾਏ ਬੰਤਾ ਸਿੰਘ ਤੇ ਹੋਰ ਪਰਿਵਾਰ ਨੂੰ ਮਿਲਿਆ ਤਾਂ ਉਸ ਨੇ ਦੱਸਿਆ ਕਿ ਤੁਹਾਡਾ ਮਾਮਾ ਰੁਲੀਆ ਰਾਮ ਸੁਰਗਵਾਸ ਹੋ ਗਿਆ ਹੈ। ਉਸ ਨੇ ਕਿਹਾ ਪਰ ਤੁਸੀਂ ਭੂਆ ਨੂੰ ਨਾ ਦੱਸਓ, ਉਹ ਰੋਵੇਗੀ। ਅਜੇ ਉਸ ਨੇ ਐਨੇ ਸ਼ਬਦ ਕਹੇ ਹੀ ਸਨ ਕਿ ਸਾਡੀਆਂ ਤਾਈਆਂ-ਚਾਚੀਆਂ ਉਸ ਕੋਲ ਆ ਕੇ ਬੈਠ ਗਈਆਂ ਜਿਨ੍ਹਾਂ ਵਿਚ ਹਰ ਕੌਰ, ਰਾਮ ਕੌਰ, ਭਾਗ ਕੌਰ ਵਗੈਰਾ ਫਿਰ ਮਾਤਾ ਨੇ ਕੱਤਣਾ ਬੰਦਾ ਕਰ ਦਿੱਤਾ ਤਾਂ ਰੋਣ ਲੱਗ ਪਈ। ਮੈਨੂੰ ਪਤਾ ਲੱਗ ਗਿਆ ਹੈ ਕਿ ਮੇਰਾ ਭਰਾ ਮੁੱਕ ਗਿਆ ਹੈ। ਦਾਦੀ ਮਾਂ ਫਿਰ ਜਵਾਨੀ ਦੇ ਵਕਤ ਨੂੰ ਯਾਦ ਕਰਕੇ ਰੋਣ ਲੱਗ ਪਈ- ਵੀਰਾ ਤੂੰ ਮੇਰੇ ਲੋਹੜੀ ਲੈ ਕੇ ਆਉਂਦਾ ਸੀ। ਮਾਤਾ ਨੂੰ ਹਮੇਸ਼ਾ ਇਹ ਲੋਚਾ ਹੁੰਦੀ ਹੈ ਕਿ ਮੇਰਾ ਪੇਕਾ ਪਰਿਵਾਰ ਵਸਦਾ ਰਹੇ।

"ਆਉਣ ਪੇਕਿਆਂ ਤੋਂ ਠੰਢੀਆਂ ਹਵਾਵਾਂ
ਤੇ ਵੀਰ ਮੇਰੇ ਰਹਿਣ ਵਸਦੇ।"

ਫਿਰ ਸਾਡਾ ਪਰਿਵਾਰ ਪਿੰਡ ਮੁਖਲੀਆਣੇ ਨੂੰ ਸਸਕਾਰ ਤੇ ਚਲਾ ਗਿਆ। ਸ਼ਾਮ ਨੂੰ ਆ ਕੇ ਮਾਤਾ ਨੂੰ ਸਾਰੀ ਗੱਲ ਦੱਸ ਦਿੱਤੀ।

ਮਾਤਾ ਖੇਮੀ ਦੇਵੀ ਆਪਣਾ ਸਰੀਰ ਤਿਆਗਣ ਤੋਂ ਪਹਿਲਾਂ ਵੀ ਇਕ ਦੋ ਵਾਰ ਢਿੱਲੀ ਹੋਈ ਸੀ। ਸਾਡੇ ਤਾਏ ਬੰਤਾ ਸਿੰਘ ਨੇ ਆਪਣੇ ਭਾਈ ਰੂੜ ਸਿੰਘ ਨੂੰ ਜਲੰਧਰ ਸੁਨੇਹਾ ਭੇਜ ਦਿੱਤਾ ਕਿ ਮਾਤਾ ਦਾ ਕੋਈ ਪਤਾ ਨਹੀਂ ਕਦੋਂ ਚੜ੍ਹਾਈ ਕਰ ਜਾਵੇ। ਚਾਚਾ ਰੂੜ ਸਿੰਘ ਸੁਨੇਹਾ ਮਿਲਦੇ ਸਾਰ ਹੀ ਮਾਤਾ ਨੂੰ ਦੇਖਣ ਪਿੰਡ ਆ ਗਿਆ। ਮਾਤਾ ਠੀਕ ਹੋ ਗਈ।

ਇਕ ਦਿਨ ਮਾਤਾ ਦਾ ਸਪੁੱਤਰ ਤੁਲਸੀ ਦਾਸ ਸਵੇਰ ਸਾਰ ਹੀ ਹਵੇਲੀ ਤੋਂ ਆ ਕੇ ਕਹਿਣ ਲੱਗਾ। ਮਾਤਾ ਨੇ ਚੜ੍ਹਾਈ ਕਰ ਜਾਣੀ ਹੈ। ਆਹ ਮੇਰੀ ਚਾਦਰ ਲੈ ਲਾਵੋ ਇਹ ਇਸ ਦੇ ਉਪਰ ਪਾਉਣੀ ਹੈ। ਮਾਤਾ ਦਾ ਇਸ਼ਨਾਨ ਤੁਸੀਂ ਆਪ ਕਰਾਉਣਾ ਹੈ। ਧਿਆਨ ਰੱਖਣਾ। ਮੈਂ ਡੇਰਾ ਬਿਆਸ ਭੰਡਾਰੇ ਤੇ ਚੱਲਾ ਹਾਂ। ਸਾਰਿਆਂ ਨੇ ਕਿਹਾ ਮਾਤਾ ਠੀਕ ਠੀਕ ਹੈ। ਸੰਤ ਐਵੇਂ ਹੀ ਕਹੀ ਜਾਂਦੇ ਹਨ। ਮਾਤਾ ਦਾ ਮੰਜਾ ਦਲਾਨ ਵਿਚ ਡਿੱਠਾ ਹੋਇਆ ਸੀ ਉਹ ਗੱਲਬਾਤ ਕਰਦੀ ਸੀ। ਤਾਏ ਤੁਲਸੀ ਜੀ ਨੇ ਇਹ ਵੀ ਕਿਹਾ, "ਹੁਣ ਤਿਆਰੀ ਕਰ ਲੈ ਮੈਂ ਤੇਰੇ ਤੋਂ ਪਹਿਲਾਂ ਜਾਂਦਾ ਚੰਗਾ ਨਹੀਂ ਲੱਗਦਾ ਹਾਂ। ਤੇਰੇ ਮੁਕਲਾਵੇ ਦੇ ਦਿਨ ਬੰਨ੍ਹ

ਦਿੱਤੇ ਹਾਂ। ਗੁਰੂ ਨੂੰ ਯਾਦ ਕਰ। ਥੋੜ੍ਹੇ ਦਿਨਾਂ ਮਗਰੋਂ ਦੀਵਾਲੀ ਦਾ ਤਿਉਹਾਰ ਸੀ। ਸਾਰਾ ਪਰਿਵਾਰ ਸਫਾਈ ਵਿਚ ਲੱਗਾ ਹੋਇਆ ਸੀ। ਮਾਤਾ ਕੁਝ ਨਿਢਾਲ ਜੇਹੀ ਹੋ ਗਈ। ਸਾਰਾ ਪਰਿਵਾਰ ਉਸਦੇ ਨਜ਼ਦੀਕ ਬੈਠਾ ਸੀ। ਮਾਤਾ ਨੇ ਬਾਅਦ ਦੁਪਹਿਰ ਆਪਣੇ ਪ੍ਰਾਣ ਤਿਆਗ ਦਿੱਤੇ। ਦੋ ਤਿੰਨ ਫੌਜੀ ਉਸ ਦਿਨ ਛੁੱਟੀ ਆਏ ਸਨ ਤਾਂ ਘਰ ਵਿਚ ਦੀਵਾਲੀ ਨੂੰ ਮੁੱਖ ਰੱਖ ਕੇ ਮਠਿਆਈ ਤੇ ਪਟਾਕੇ ਲਿਆਏ ਸਨ। ਮਾਤਾ ਦੇ ਪੁੱਤਰਾਂ ਨੇ ਦੀਵਾਲੀ ਤਾਂ ਕੀ ਮਨਾਉਣੀ ਸੀ ਸਾਰੇ ਪਾਸੇ ਸੁਨੇਹੇ ਭੇਜ ਦਿੱਤੇ ਗਏ। ਮਾਤਾ ਮਿਤੀ 21-10-1968 ਈ: ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੀ ਹੋਈ ਗੁਰੂ ਚਰਨਾਂ 'ਚ ਜਾ ਬਿਰਾਜੀ।

ਮਾਤਾ ਦਾ ਸਸਕਾਰ 22-10-1968:- ਮਾਤਾ ਵੱਡੇ ਪਰਿਵਾਰ ਵਾਲੀ ਸੀ। ਉਸ ਦੇ ਪੁੱਤਰਾਂ ਨੇ ਮਾਤਾ ਨੂੰ ਇਸ਼ਨਾਨ ਪਾਨ ਕਰਾਏ। ਨਵੇਂ ਵਸਤਰ ਪੁਆ ਕੇ ਪਲੰਘ ਤੇ ਬਿਠਾ ਦਿੱਤਾ। ਉਸ ਦੇ ਪੁੱਤਰ ਬੰਤਾ ਸਿੰਘ ਤੇ ਮੁਣਸ਼ਾ ਸਿੰਘ ਸੱਜੇ ਖੱਬੇ ਬੈਠ ਗਏ। ਹੋਰ ਮੈਂਬਰ ਮਗਰ ਖੜ੍ਹੇ ਹੋ ਗਏ। ਮਾਤਾ ਜੀ ਦੀਆਂ ਯਾਦਗਾਰੀ ਤਸਵੀਰਾਂ ਖਿੱਚੀਆਂ ਗਈਆਂ। ਉਨ੍ਹਾਂ ਦੀ ਅਰਥੀ ਫੁੱਲਾਂ ਦੇ ਨਾਲ ਸਜਾਈ ਗਈ। ਜਦੋਂ ਮਾਤਾ ਦੀ ਅਰਥੀ ਸ਼ਮਸ਼ਾਨਘਾਟ ਨੂੰ ਲਿਜਾਈ ਜਾ ਰਹੀ ਸੀ ਤਾਂ ਪਿੰਡ ਦੇ ਹੀ ਗਿਆਨੀ ਗੁਰਬਚਨ ਸਿੰਘ ਮਗਰ ਕੀਰਤਨ ਕਰ ਰਹੇ ਸਨ। ਜੋ ਪਟਾਕੇ ਦੀਵਾਲੀ ਵਾਲੇ ਦਿਨ ਨਹੀਂ ਚਲਾਏ ਉਹ ਉਸ ਦਿਨ ਚਲਾਏ ਸਨ। ਸਾਡਾ ਤਾਇਆ ਬੰਤਾ ਸਿੰਘ ਫੁੱਲੀਆਂ ਪਤਾਸੇ ਸੁੱਟ ਰਿਹਾ ਸੀ। ਆਮ ਘਰਾਂ ਵਿਚ ਸਿਆਣੇ ਮਾਤਾ-ਪਿਤਾ ਦਾ ਮੰਜਾ ਪਸ਼ੂਆਂ ਵਾਲੇ ਅੰਦਰ ਡਾਹ ਦਿੱਤਾ ਜਾਂਦਾ ਹੈ ਜੋ ਮੈ ਅਕਸਰ ਦੇਖਿਆ ਵੀ ਹੈ। ਪਰ ਸਾਰਾ ਪਰਿਵਾਰ ਮਾਤਾ ਖੇਮੀ ਦੇਵੀ ਨੂੰ ਅੰਮ੍ਰਿਤ ਵੇਲੇ ਉੱਠ ਕੇ ਮੱਥਾ ਟੇਕਦਾ ਹੁੰਦਾ ਸੀ। ਜਦੋਂ ਅਸੀਂ ਨਤੀਜਾ ਸੁਨਣ ਜਾਣਾ ਤਾਂ ਦਾਦੀ ਮਾਤਾ ਦੇ ਪੈਰੀਂ ਮੱਥਾ ਟੇਕ ਜਾਣਾ। ਫਿਰ ਆ ਕੇ ਦੱਸਣਾ ਮਾਤਾ ਮੈਂ ਪਾਸ ਹੋ ਗਿਆ ਹਾਂ। ਦਾਦੀ ਮਾਤਾ ਉਸ ਸਮੇਂ ਪਿੰਡ ਵਿਚੋਂ ਸਭ ਤੋਂ ਸਿਆਣੀ ਸੀ। ਹਰ ਖੁਸ਼ੀ ਦੇ ਮੌਕੇ ਮਾਤਾ ਨੂੰ ਯਾਦ ਕੀਤਾ ਜਾਂਦਾ ਸੀ। ਸੰਤਾ ਸਿੰਘ ਲੰਬੜਦਾਰ ਦੀ ਧਰਮ ਪਤਨੀ ਜਵਾਲੀ ਕੋਠੇ ਦੇ ਉੱਪਰ ਦੀ ਕਈ ਵਾਰ ਕੋਈ ਨਾ ਕੋਈ ਚੀਜ਼ ਮਾਤਾ ਦੇ ਖਾਣ ਵਾਸਤੇ ਲਿਆਉਂਦੀ ਸੀ।

ਅਸਤੀਆਂ ਜਲ ਪ੍ਰਵਾਹ:- ਜਿਸ ਪੁੱਤਰ ਤੁਲਸੀ ਦਾਸ ਨੇ ਕਿਹਾ ਸੀ ਕਿ ਮਾਤਾ ਨੇ ਚੜ੍ਹਾਈ ਕਰ ਜਾਣੀ ਹੈ ਉਹ ਡੇਰਾ ਬਿਆਸ ਤੋਂ ਆਪਣੇ ਨਾਲ ਦੋ-ਚਾਰ ਸਾਧੂ ਲੈ ਕੇ ਆਏ ਕਿ ਮੇਰੀ ਮਾਤਾ ਸੁਰਗਵਾਸ ਹੋ ਗਈ ਹੈ। ਤੁਸੀਂ ਮੇਰੇ ਨਾਲ ਚੱਲੋ ਅਸਤੀਆਂ ਚੁਗਣੀਆਂ ਹਨ। ਉਹ ਸਾਧੂ ਪਿੰਡ ਆ ਗਏ ਤੇ ਮਾਤਾ ਦੀਆਂ ਅਸਤੀਆਂ ਚੁੱਗ ਕੇ ਡੇਰਾ ਬਿਆਸ ਜਲ ਪ੍ਰਵਾਹ ਕੀਤੀਆਂ। ਮਾਤਾ ਖੇਮੀ ਦੇਵੀ ਨੂੰ ਨਾਮਦਾਨ ਦੀ ਬਖਸ਼ਿਸ਼ ਬਾਬਾ ਸਾਵਣ ਸਿੰਘ ਤੋਂ ਹੋਈ ਸੀ।

ਮਾਤਾ ਦਾ ਭੋਗ 6-11-1968:- ਮਾਤਾ ਦੇ ਨਮਿਤ ਸਹਿਜ ਪਾਠ ਰਖਵਾਇਆ ਗਿਆ ਮਾਤਾ ਦੇ ਕੱਠ-ਮੱਠ ਤੋਂ ਇਕ ਦਿਨ ਪਹਿਲਾਂ ਹੀ ਭੋਗ ਪਾਇਆ ਗਿਆ। ਉਸ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਸੀ। ਭੋਗ ਦੀ ਰਸਮ ਵੇਲੇ ਵੀ ਗਿਆਨੀ ਗੁਰਬਚਨ ਸਿੰਘ ਨੇ ਕੀਰਤਨ ਕੀਤਾ। ਭੋਗ ਇਕ ਦਿਨ ਪਹਿਲਾਂ ਤਾਂ ਪਾਇਆ

ਗਿਆ ਕਿ ਸਾਕਾਚਾਰੀ ਬਹੁਤ ਲੰਬੀ ਹੈ।

ਕੱਠ ਵਾਲਾ ਦਿਨ:- ਇਸ ਦਿਨ ਹਲਵਾਈ ਤੜਕੇ ਚਾਰ ਵਜੇ ਹੀ ਲਾ ਦਿੱਤੇ ਸਨ। ਸਭ ਤੋਂ ਪਹਿਲਾਂ ਮੱਥਾ ਟੇਕ ਕੇ ਸੋਲ੍ਹਾ ਰੋੜ ਕੇ ਰੋਟੀ ਉਨ੍ਹਾਂ ਮਹਾਂਪੁਰਸ਼ਾਂ ਤੇ ਨੌਜਵਾਨਾਂ ਨੂੰ ਖਵਾਈ ਗਈ ਜਿਨ੍ਹਾਂ ਸਾਰਾ ਦਿਨ ਕੰਮ ਕਰਨਾ ਸੀ। ਸਾਡਾ ਸਾਂਝਾ ਦਲਾਨ ਬਹੁਤ ਲੰਬਾ ਸੀ, ਜਿਸ ਵਿਚ ਇਕ ਹੀ ਸਮੇਂ ਘੱਟ ਤੋਂ ਘੱਟ 100 ਆਦਮੀ ਲੰਗਰ ਛੱਕ ਸਕਦਾ ਸੀ। ਦੁਪਹਿਰ ਦੇ ਸਮੇਂ ਹੁਸ਼ਿਆਰਪੁਰ ਤੋਂ ਰੇਲ ਗੱਡੀ ਰਾਹੀਂ ਬਹੁਤ ਸਾਰੇ ਰਿਸ਼ਤੇਦਾਰ ਆਏ। ਕਿਸੇ ਨੇ ਦੱਸਿਆ ਕਿ ਕੋਈ ਵਿਅਕਤੀ ਪੁੱਛਦਾ ਹੈ ਕਿ ਅੱਜ ਸਾਹਰੀ ਬਾਬਾ ਮਾਹਨ ਦਾਸ ਦਾ ਮੇਲਾ ਹੈ। ਬਹੁਤ ਸਾਰੀ ਸੰਗਤ ਪਿੰਡ ਨੂੰ ਜਾ ਰਹੀ ਹੈ। ਹਲਵਾਹ ਰਹੇ ਸਵਰਨ ਸਿੰਘ ਨਸਰਾਲਾ ਨੇ ਦੱਸਿਆ ਕਿ ਅੱਜ ਪਿੰਡ ਗਗਨੌਲੀ ਦੇ ਬੰਤਾ ਸਿੰਘ ਤੇ ਬਸੰਤ ਸਿੰਘ ਦੀ ਮਾਤਾ ਦਾ ਭੋਗ ਹੈ। ਇਹ ਸੰਗਤ ਉਥੇ ਜਾ ਰਹੀ ਹੈ। ਇਹ ਵੀ ਸੁਣਿਆ ਹੈ ਕਿ ਕੁਝ ਆਮ ਲੰਘਣ ਵਾਲੇ ਰਾਹਗੀਰ ਮੇਲਾ ਸਮਝ ਕੇ ਰੋਟੀ ਖਾ ਕਰ ਗਏ ਸਨ। ਸਾਰੀ ਹਵੇਲੀ ਵਿਚ ਮੇਲੇ ਵਰਗਾ ਦ੍ਰਿਸ਼ ਸੀ। ਇਸ ਕਾਰਜ ਲਈ ਸਾਡੇ ਤਾਏ ਧੰਨਾ ਸਿੰਘ ਦੇ ਲੜਕੇ ਯੂ.ਪੀ. ਤੋਂ ਆਏ ਹੋਏ ਸਨ। ਇਹ ਸਾਰਾ ਦ੍ਰਿਸ਼ ਮੈਂ ਆਪਣੀਆਂ ਅੱਖਾਂ ਨਾਲ ਦੇਖ ਕੇ ਲਿਖ ਰਿਹਾ ਹਾਂ।

ਮਾਤਾ ਬਾਰੇ ਹੋਰ ਵਿਚਾਰ:- ਉਨ੍ਹਾਂ ਦੀ ਮੌਤ ਤੋਂ ਮਗਰੋਂ ਜਦੋਂ ਕੋਈ ਹੋਰ ਸਿਆਣਾ ਆਦਮੀ ਘਰ ਵਿਚ ਮਹਿਮਾਨ ਬਣ ਕੇ ਆਉਂਦਾ ਤਾਂ ਅਕਸਰ ਕਹਿੰਦਾ ਹੁੰਦਾ ਸੀ ਕਿ ਤੁਹਾਡੀ ਦਾਦੀ ਮਾਤਾ ਖੇਮੀ ਦੇਵੀ ਦੀ ਮੱਕੀ ਦੀ ਰੋਟੀ ਐਨੀ ਨਰਮ ਹੁੰਦੀ ਸੀ ਕਿ ਭਾਵੇਂ ਚਾਰ ਤੈਹਾਂ ਲਾ ਲਵੋ ਟੁੱਟਦੀ ਨਹੀਂ ਸੀ। ਸੰਤਾਂ ਮਹਾਂਪੁਰਸ਼ਾਂ ਨੇ ਕਹਿਣਾ, "ਖੇਮੀਏ! ਤੂੰ ਭਾਗਾਂ ਵਾਲੀ ਹੈ, ਜਿਸ ਦੇ ਅੱਠ ਪੁੱਤਰ ਤੇ ਦੋ ਧੀਆਂ ਹਨ।" ਇਨ੍ਹਾਂ ਮਹਾਂਪੁਰਸ਼ਾਂ ਵਿਚ ਸੰਤ ਬਾਬਾ ਪਿੱਪਲਦਾਸ ਡੇਰਾ ਬੱਲਾਂ, ਜਲੰਧਰ ਜੋ ਕਈ-ਕਈ ਦਿਨ ਇਸ ਪਰਿਵਾਰ ਵਿਚ ਰਹਿੰਦੇ ਸਨ। ਜਦੋਂ ਮਾਤਾ ਦਾ ਸਸਕਾਰ ਕਰਕੇ ਉਸਦੇ ਪੁੱਤਰ ਆਏ ਤਾਂ ਉਨ੍ਹਾਂ ਸਾਰਿਆਂ ਨੇ ਕਿਹਾ-ਅੱਜ ਅਸੀਂ ਮਾਤਾ ਦੇ ਪਿਆਰ ਤੋਂ ਬਾਂਝੇ ਹੋ ਗਏ ਹਾਂ। ਹੁਣ ਸਾਨੂੰ ਕਿਸੇ ਨਹੀਂ ਪੁੱਛਣਾ ਪੁੱਤ। ਤੂੰ ਰੋਟੀ ਖਾਧੀ ਹੈ ਕਿ ਨਹੀਂ। ਮਾਤਾ ਦਿਨ ਵਾਰ ਦਾ ਵੀ ਖਿਆਲ ਰੱਖਦੀ ਸੀ। ਅੱਜ ਬੁੱਧਵਾਰ ਹੈ ਜਾਂ ਐਤਵਾਰ ਹੈ। ਮੈਂ ਸਿਰ ਧੋਣਾ ਹੈ। ਉਹ ਖੂੰਡੀ ਫੜ ਕੇ ਹਵੇਲੀ ਵੀ ਚਲੀ ਜਾਂਦੀ ਸੀ। ਮਾਤਾ ਦਾ ਪੇਕਾ ਪਰਿਵਾਰ ਅੱਜ ਵੀ ਬਾਖੂਬੀ ਮਿਲ ਰਿਹਾ ਹੈ।

ਸੁਰਜਨ ਸਿੰਘ ਦਾ ਵੰਸ਼

ਸੁਰਜਨ ਸਿੰਘ ਦਾ ਪਰਿਵਾਰ ਇਕ ਬਹੁਰੰਗਾ ਗੁਲਦਸਤਾ ਹੈ, ਜਿਸ ਵਿਚ ਕੋਈ ਬਹਾਦਰ ਸੂਰਮਾ ਕੋਈ ਸੰਤ ਸਿਪਾਹੀ, ਕੋਈ ਵੈਦ, ਕੋਈ ਸੈਨਿਕ ਤੇ ਕੋਈ ਸਮਾਜ ਸੇਵਾਦਾਰ। ਆਪ ਦਾ ਵੰਸ਼ ਹੇਠ ਲਿਖੇ ਅਨੁਸਾਰ ਹੈ।

ਲੜਕੇ: ਅਮਰ ਸਿੰਘ, ਤੁਲਸੀ ਦਾਸ, ਧੰਨਾ ਸਿੰਘ, ਮੁਣਸ਼ਾ ਸਿੰਘ, ਬੰਤਾ ਸਿੰਘ, ਬਸੰਤ ਸਿੰਘ, ਰੂੜ ਸਿੰਘ ਤੇ ਸ਼ੰਕਰ ਸਿੰਘ।

ਲੜਕੀਆਂ: ਧੰਤੀ, ਬੰਤੀ।

1. ਅਮਰ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਰਾਮ ਕੌਰ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੰਬਲਾ ਸਨ। ਮੀਆਂ ਬੀਬੀ ਦੋਹਾਂ ਦਾ ਕੱਦ ਲੰਬਾ ਤੇ ਰੰਗ ਗੋਰਾ ਸੀ। ਤਾਈ ਰਾਮ ਕੌਰ ਦਾ ਇਕ ਭਰਾ ਨਾਮਾ ਸੀ ਜੋ ਵਡੇਰੀ ਉਮਰ ਵਿਚ ਵੀ ਪਿੰਡ ਗਗਨੌਲੀ ਵਿਖੇ ਮਿਲਣ ਆਉਂਦਾ ਰਿਹਾ। ਉਸ ਦੇ ਦੋ ਲੜਕੇ ਹੀਰਾ ਤੇ ਮੋਤੀ ਹਨ। ਉਸ ਸਮੇਂ ਪਰਿਵਾਰ ਖੇਤੀ ਕਰਦਾ ਸੀ। ਬਹੁਤੇ ਪਿੰਡਾਂ ਵਿਚ ਸਿਲਕ ਬੁਣੀ ਜਾਂਦੀ ਸੀ ਜਾਂ ਲੱਕੜ ਵੱਢਣ ਦਾ ਕੰਮ ਹੁੰਦਾ ਸੀ ਜੋ ਪੁਰਾਣੇ ਰਿਸ਼ਤੇਦਾਰ ਆਉਂਦੇ ਸਨ ਉਨ੍ਹਾਂ ਦੱਸਣਾ ਕਿ ਤੁਹਾਡੇ ਪਿੰਡ ਦੇ ਆਸੇ ਪਾਸੇ ਫਲਾਹਾਂ, ਕਿੱਕਰਾਂ ਤੇ ਟਾਹਲੀਆਂ ਦੀਆਂ ਝਿੜੀਆਂ ਹੁੰਦੀਆਂ ਸਨ। ਸਾਡੀ ਸੁਰਤ ਵਿਚ ਆਪ ਦੇ ਦੋ ਲੜਕੇ ਯੂ.ਪੀ. ਵਿਚ ਖੇਤੀ ਕਰਦੇ ਸਨ। ਆਪ ਵੀ ਕਦੇ-ਕਦੇ ਯੂ.ਪੀ. ਜਾਂਦੇ ਰਹਿੰਦੇ ਸਨ।

ਸ. ਅਮਰ ਸਿੰਘ ਨੂੰ ਜੋ ਬਚਪਨ ਵਿਚ ਦੇਖਿਆ ਹੈ ਆਪ ਦੀ ਸਿਹਤ ਗਰਮੀ ਦੇ ਰੁੱਤ ਵਿਚ ਕੁਝ ਖਰਾਬ ਹੋ ਜਾਂਦੀ ਤੇ ਗੱਲ ਕਰਦੇ ਸਮੇਂ ਸਾਹ ਚੜ੍ਹਦਾ ਸੀ। ਸਿਆਲ ਰੁੱਤੇ ਆਪ ਚੜ੍ਹਦੀ ਕਲਾ ਵਿਚ ਹੁੰਦੇ ਸਨ। ਆਪ ਦੇ ਹੱਥ ਵਿਚ ਇਕ ਦਾਤ ਹੁੰਦਾ ਸੀ। ਆਪ ਦੇ ਜੇਬ ਵਿਚ ਹਮੇਸ਼ਾਂ ਸੌਗੀ, ਬਦਾਮ, ਠੂਠੀ ਤੇ ਛੁਆਰੇ ਹੁੰਦੇ ਸਨ ਜੋ ਆਪ ਖਾਸ ਕਰਕੇ ਦੂਜਿਆਂ ਨੂੰ ਖਾਣ ਨੂੰ ਦਿੰਦੇ ਸਨ। ਜਦੋਂ ਸੁਭਾਅ ਤੇਜ਼ ਹੁੰਦਾ ਸੀ ਤਾਂ ਆਪ ਨੇ ਕਹਿਣਾ, "ਮੈਂ ਇਕ ਘੋੜੀ ਲੈਣੀ ਹੈ ਜਿਸ ਉੱਪਰ ਚੜ੍ਹ ਕੇ ਸਾਕਾਚਾਰੀ ਵਿਚ ਜਾਇਆ ਕਰਨਾ ਹੈ।" ਗੱਲਾਂ ਕਰਦੇ ਬਹੁਤ ਹਾਸਾ ਮਜ਼ਾਕ ਕਰਦੇ ਸਨ। ਅਸੀਂ ਛੋਟੇ ਹੁੰਦੇ ਇਨ੍ਹਾਂ ਕੋਲੋਂ ਬਹੁਤ ਡਰਦੇ ਹੁੰਦੇ ਸੀ। ਦਲਾਨ ਵਿਚ ਆ ਕੇ ਸਾਰੀਆਂ ਨੂੰਹਾਂ ਧੀਆਂ ਨੂੰ ਗੰਨੇ ਚੂਪਣ ਨੂੰ ਦਿੰਦੇ ਸਨ। ਘਰ ਵਿਚ ਲਵੇਰਾ ਗਾਂ ਹੁੰਦੀ ਸੀ। ਮੈਂ ਉਨ੍ਹਾਂ ਨੂੰ ਕੱਪੜਾ ਬੁਣਦੇ ਵੀ ਦੇਖਿਆ ਹੈ। ਮੈਂ ਸੁਣਿਆ ਹੈ ਕਿ ਆਪ ਦੇ ਸਿਰ ਉੱਪਰ ਰਾਜੇ ਭਰਥਰੀ ਦਾ ਪਹਿਰਾ ਸੀ ਜਿਸ ਸਾਲ ਆਪ

ਸੁਰਗਵਾਸ ਹੋਏ ਤਾਂ ਆਪ ਦੀ ਖੱਬੀ ਲੱਤ 'ਤੇ ਜ਼ਖ਼ਮ ਸੀ ਜਿਸ ਨੂੰ ਸਾਡੀ ਤਾਈ ਨਿੰਮ ਦੇ ਪੱਤੇ ਉਬਾਲ ਕੇ ਧੋਂਦੀ ਸੀ। ਇਕ ਦਿਨ ਸ਼ਾਮ ਵੇਲੇ ਆਪ ਨੇ ਹੱਥ ਵਿਚ ਚਿਮਟਾ ਫੜਿਆ ਹੋਇਆ ਸੀ ਤਾਂ ਆਪ ਆਪਣੇ ਭਾਈ ਬੰਤਾ ਸਿੰਘ ਦੇ ਕੋਲ ਆਏ ਤੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਥੋੜ੍ਹੇ ਦਿਨਾਂ ਮਗਰੋਂ ਹੀ ਆਪ ਜੂਨ 1965 ਈ: ਵਿਚ ਸੁਰਗਵਾਸ ਹੋ ਗਏ।

ਸੁਰਗਵਾਸ ਹੋਣ ਸਮੇਂ ਤਾਏ ਅਮਰ ਸਿੰਘ ਦਾ ਮੰਜਾ ਵਰਾਂਡੇ ਵਿਚ ਡਾਹਿਆ ਹੋਇਆ ਸੀ। ਸਾਰਾ ਪਰਿਵਾਰ ਤੇ ਹੋਰ ਭੈਣ ਭਾਈ ਕੋਲ ਬੈਠੇ ਸਨ। ਆਪ ਨੇ ਸੂਰਜ ਅਸਤ ਹੋਣ ਤੋਂ ਮਗਰੋਂ ਆਪਣੇ ਪ੍ਰਾਣ ਤਿਆਗੇ ਸਨ। ਸਾਡੇ ਤਾਏ ਬੰਤਾ ਸਿੰਘ ਨੇ ਕਿਹਾ ਕਿ, "ਮਾਤਾ ਖੇਮੀ ਦੇਵੀ ਨੂੰ ਨਾ ਦੱਸਿਆ ਜਾਵੇ ਉਸ ਨੂੰ ਸਵੇਰ ਨੂੰ ਦੱਸਾਂਗੇ।" ਪਰ ਮਾਤਾ ਥੋੜ੍ਹੇ ਹੀ ਮਿੰਟਾਂ ਵਿਚ ਹੱਥ ਵਿਚ ਖੂੰਡੀ ਫੜ ਕੇ ਆ ਗਈ ਤੇ ਆਪਣੇ ਪੁੱਤਰ ਅਮਰ ਸਿੰਘ ਨੂੰ ਵਾਜਾਂ ਮਾਰ ਕੇ ਰੋਣ ਲੱਗੀ। ਮਾਤਾ ਨੂੰ ਫੜ ਕੇ ਫਿਰ ਬਿਠਾਇਆ ਗਿਆ। ਹੋਰ ਨੂੰਹਾਂ ਧੀਆਂ ਵੀ ਰੋ ਰਹੀਆਂ ਸਨ। ਆਪ ਦੇ ਲੜਕੇ ਮੇਲਾ ਸਿੰਘ ਦੇ ਘਰ ਦੇ ਸਾਹਮਣੇ ਡੇਕ ਦੇ ਦਰੱਖਤ ਦੇ ਹੇਠਾਂ ਆਪ ਦਾ ਅੰਤਮ ਇਸ਼ਨਾਨ ਕਰਵਾਇਆ ਗਿਆ। ਆਪ ਨੇ 80 ਕੁ ਸਾਲ ਦੀ ਉਮਰ ਪਾਈ ਹੈ।

ਰਾਮ ਕੌਰ:- ਆਪ ਦੀ ਧਰਮ ਪਤਨੀ ਰਾਮ ਕੌਰ ਨੇ ਪੂਰੀ ਉਮਰ ਭੋਗੀ ਹੈ। ਉਸ ਨੂੰ ਆਮ ਕਰਕੇ ਸਾਡੀਆਂ ਤਾਈਆਂ-ਚਾਚੀਆਂ ਚੰਨੋ ਦੀ ਮਾਂ ਕਹਿ ਕੇ ਬੁਲਾਉਂਦੀਆਂ ਸਨ। ਜਦੋਂ ਕੋਈ ਗੱਲਬਾਤ ਹੋਵੇ ਤਾਂ ਉਸ ਨੂੰ ਸੱਦਿਆ ਜਾਂਦਾ ਸੀ ਜੇ ਕੋਈ ਨੂੰਹ ਧੀ ਰੁੱਸ ਜਾਂਦੀ ਤਾਂ ਤਾਈ ਰਾਮ ਕੌਰ ਹੀ ਆ ਕੇ ਉਸ ਨੂੰ ਸਮਝਾਉਂਦੀ ਸੀ। ਸਾਰਾ ਪਰਿਵਾਰ ਉਸ ਦੀ ਕਦਰ ਕਰਦਾ ਸੀ। ਤਾਈ ਰਾਮ ਕੌਰ ਭਾਵੇਂ ਵਡੇਰੀ ਉਮਰ ਵਿਚ ਸੀ ਜੇ ਕਿਤੇ ਬੀਤੇ ਸਮੇਂ ਦੀ ਗੱਲ ਸ਼ੁਰੂ ਕਰਦੀ ਤਾਂ ਕਦੇ ਭੁੱਲਦੀ ਨਹੀਂ ਹੁੰਦੀ ਸੀ। ਆਪ ਬਹੁਤ ਸਾਰਾ ਸਮਾਂ ਆਪਣੇ ਛੋਟੇ ਪੁੱਤਰ ਦਿਲਬਾਗ ਸਿੰਘ ਦੇ ਨਾਲ ਰਹੀ। ਦੋ ਕੁ ਸਾਲ ਪਹਿਲਾਂ ਆਪ ਦੀ ਅੱਖਾਂ ਦੀ ਨਜ਼ਰ ਬਿਲਕੁਲ ਕਮਜ਼ੋਰ ਹੋ ਗਈ। ਰੋਟੀ ਪਾਣੀ ਠੀਕ ਖਾਂਦੀ ਤੇ ਗੱਲਬਾਤ ਸਾਰੀ ਕਰਦੀ ਹੁੰਦੀ ਸੀ। ਆਪਣਾ ਸਰੀਰ ਤਿਆਗਣ ਤੋਂ ਮਹੀਨਾ ਕੁ ਪਹਿਲਾਂ ਉਸ ਦਾ ਵੱਡਾ ਲੜਕਾ ਕਰਤਾਰ ਸਿੰਘ ਆਪਣੇ ਘਰ ਲੈ ਗਿਆ। ਇਕ ਦਿਨ ਆਪ ਨੇ ਆਪਣੇ ਪੁੱਤਰ ਕਰਤਾਰ ਸਿੰਘ ਨੂੰ ਦੱਸਿਆ ਕਿ ਕਾਕਾ! ਅੱਜ ਮੈਂ ਰਾਤ ਨੂੰ ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਹਨ। ਮੈਂ ਸੁਪਨੇ ਵਿਚ ਬਿਆਸ ਵੀ ਜਾ ਆਈ ਹਾਂ। ਉਸ ਪੁੱਤਰ ਨੇ ਹੱਸ ਕਿ ਕਿਹਾ, ਮਾਂ ਅਜੇ ਜਾਣ ਦੀ ਤਿਆਰੀ ਨਾ ਕਰੀਂ। ਸਾਨੂੰ ਕਣਕ ਦੀ ਫ਼ਸਲ ਸਾਂਭ ਲੈਣ ਦੇ। ਠੀਕ ਪ੍ਰਮਾਤਮਾ ਨੇ ਬੇਨਤੀ ਕਬੂਲ ਕੀਤੀ। ਉਸ ਦੇ ਪੁੱਤਰਾਂ ਨੇ ਹਾੜੀ ਦੀ ਫ਼ਸਲ ਸਾਂਭ ਲਈ ਤੇ ਸਾਉਣੀ ਦੀ ਤਿਆਰੀ ਕਰਨ ਲੱਗੇ। ਜਿਸ ਦਿਨ ਮਾਤਾ ਨੇ ਫਾਨੀ ਸੰਸਾਰ ਨੂੰ ਤਿਆਗਣਾ ਸੀ ਉਸ ਦਿਨ ਉਸ ਨੇ ਦੁਪਹਿਰ ਸਮੇਂ ਆਪਣੇ ਪਰਿਵਾਰ ਨਾਲ ਸਾਰੀਆਂ ਗੱਲਾਂ ਕੀਤੀਆਂ। ਉਸ ਤੋਂ ਛੋਟੀਆਂ ਸਾਰੀਆਂ ਦਰਾਣੀਆਂ ਉਸ ਨੂੰ ਮਿਲ ਕੇ ਗਈਆਂ। ਮਾਤਾ ਮੰਜੇ 'ਤੇ ਕੰਧ ਨਾਲ ਢਾਸਣਾ ਲਾ ਕੇ ਬੈਠੀ ਸੀ। ਉਸ ਦੀ ਨੂੰਹ ਨੇ ਚਾਹ

ਬਣਾਈ ਤਾਂ ਵਾਜ ਮਾਰੀ ਮਾਂ-ਮਾਂ ਚਾਹ ਪੀ ਲੈ ਪਰ ਉਹ ਨਾ ਬੋਲੀ ਫਿਰ ਉਸ ਨੇ ਚਾਹ ਦਾ ਗਲਾਸ ਹੇਠਾਂ ਰੱਖ ਕੇ ਉਸ ਦੇ ਸਰੀਰ ਨੂੰ ਚੰਗੀ ਤਰ੍ਹਾਂ ਹਿਲਾਇਆ ਪਰ ਮਾਤਾ ਤਾਂ ਕਦੋਂ ਦੀ ਗੂੜੀ ਨੀਂਦੇ ਸੁੱਤੀ ਪਈ ਸੀ। ਫਿਰ ਉਸਦੀ ਨੂੰਹ ਰਾਓ ਰੋਣ ਲੱਗ ਪਈ ਤਾਂ ਸਾਰਿਆਂ ਨੂੰ ਪਤਾ ਲੱਗ ਗਿਆ ਕਿ ਮਾਤਾ ਸੁਰਗਵਾਸ ਹੋ ਗਈ ਹੈ। ਮਾਤਾ ਰਾਮ ਕੌਰ ਮਿਤੀ 02-6-1982 ਨੂੰ ਬਾਅਦ ਦੁਪਹਿਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੀ। ਉਹ ਆਪਣੇ ਪਤੀ ਅਮਰ ਸਿੰਘ ਤੋਂ 17 ਸਾਲ ਮਗਰੋਂ ਸੁਰਗਵਾਸ ਹੋਈ ਹੈ। ਮਾਤਾ ਦੇ ਨਮਿਤ ਸਹਿਜ ਪਾਠ ਰਖਾਇਆ ਗਿਆ, ਜਿਸ ਦਾ ਭੋਗ 14-6-1982 ਨੂੰ ਪਾਇਆ ਗਿਆ। ਪਾਠ ਕਰਨ ਵਾਲਾ ਪਾਠੀ ਪਿੰਡ ਪਿਆਲਾਂ ਤੋਂ ਸੀ, ਜਿਸ ਨੇ ਭੋਗ ਸਮੇਂ ਸੰਮਣ ਤੇ ਮੂਸਣ ਦੀ ਸਾਖੀ ਸੰਗਤ ਨੂੰ ਸੁਣਾਈ।

ਵੰਸ਼:- ਅਮਰ ਸਿੰਘ ਦੇ ਵੰਸ਼ ਵਿਚ ਦੋ ਧੀਆਂ ਤੇ ਚਾਰ ਪੁੱਤਰ ਹਨ।

ਲੜਕੀਆਂ:- ਚੰਨਣ ਕੌਰ ਤੇ ਕਰਤਾਰੀ।

ਲੜਕੇ:- ਕਰਤਾਰ ਸਿੰਘ, ਮੇਲਾ ਸਿੰਘ, ਕਾਬਲ ਸਿੰਘ ਤੇ ਦਿਲਬਾਗ ਸਿੰਘ।

1. **ਚੰਨਣ ਕੌਰ:-** ਚੰਨਣ ਕੌਰ ਦਾ ਸਰੀਰ ਵੀ ਆਪਣੀ ਮਾਤਾ ਵਰਗਾ ਸੀ। ਉੱਚੀ ਲੰਬੀ ਤੇ ਰੰਗ ਗੋਰਾ। ਮਾਤਾ ਦੇ ਜਿਊਂਦੇ ਜੀਅ ਉਹ ਮਿਲ ਜਾਂਦੀ ਸੀ। ਆਪ ਦੇ ਪਤੀ ਦਾ ਨਾਮ ਧਰਮ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਵੱਡੇ ਸਰਹਾਲੇ ਨੇੜੇ ਗੋਂਦਪੁਰ ਹਨ। ਧਰਮ ਸਿੰਘ ਖੇਤੀਬਾੜੀ ਕਰਦਾ ਸੀ। ਆਪ ਦੇ ਪੰਜ ਲੜਕੇ ਤੇ ਤਿੰਨ ਧੀਆਂ ਹਨ। ਦੋ ਲੜਕੇ ਸਰਕਾਰੀ ਨੌਕਰੀ ਕਰਦੇ ਹਨ। ਕੁਝ ਵਿਦੇਸ਼ ਗਏ ਹਨ। ਧਰਮ ਸਿੰਘ ਜਦੋਂ ਗੱਲ ਕਰਦਾ ਸੀ ਤਾਂ ਉਸ ਦੀ ਗੱਲ ਵਿਚ ਬਹੁਤ ਰਸ ਹੁੰਦਾ ਸੀ। ਧਰਮ ਸਿੰਘ ਤੇ ਚੰਨਣ ਕੌਰ/ ਚੰਨੋ ਦੋਵੇਂ ਪ੍ਰਲੋਕ ਸੁਧਾਰ ਚੁੱਕੇ ਹਨ।

2. **ਕਰਤਾਰੀ:-** ਇਸ ਲੜਕੀ ਦੀ ਮੌਤ ਤਾਂ ਵਿਆਹ ਤੋਂ ਪਹਿਲਾਂ ਹੀ ਹੋ ਗਈ ਸੀ। ਇਸ ਨੂੰ ਅਸੀਂ ਨਹੀਂ ਦੇਖਿਆ ਹੈ।

*** ਲੜਕੇ:**

1. **ਕਰਤਾਰ ਸਿੰਘ:-** ਕਰਤਾਰ ਸਿੰਘ ਆਪਣੇ ਪਿਤਾ ਅਮਰ ਸਿੰਘ ਦਾ ਸਭ ਤੋਂ ਵੱਡਾ ਪੁੱਤਰ ਹੈ। ਸਾਡਾ ਚਾਚਾ ਸ਼ੰਕਰ ਸਿੰਘ ਤੇ ਕਰਤਾਰ ਸਿੰਘ ਦੇ ਜਨਮ ਦਾ ਇਕ ਸਾਲ ਦਾ ਫ਼ਰਕ ਹੈ। ਦੱਸਿਆ ਜਾਂਦਾ ਹੈ ਕਿ ਦੋਵੇਂ ਇਕੱਠੇ ਹੀ ਦਾਦੀ ਮਾਤਾ ਖੇਮੀ ਦਾ ਦੁੱਧ ਚੁੰਘਦੇ ਸਨ।

ਵਿਆਹ:- ਆਪ ਦਾ ਵਿਆਹ ਰਾਉ ਨਾਲ ਹੋਇਆ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਢੋਲਣਵਾਲ ਹਨ। ਰਾਉ ਦੇ ਪਿਤਾ ਦਾ ਨਾਮ ਗੇਂਦਾ ਰਾਮ ਤੇ ਮਾਤਾ ਦਾ ਨਾਮ ਇੰਦੀ ਸੀ। ਗੇਂਦਾ ਸੋਹਣਾ ਸੁਨੱਖਾ ਤੇ ਕੱਦਾ ਦਾ ਲੰਬਾ ਸੀ।

ਫੌਜ ਵਿਚ ਭਰਤੀ ਹੋਣਾ:- ਕਰਤਾਰ ਸਿੰਘ ਦੂਜੀ ਸੰਸਾਰ ਜੰਗ (1939-1945) ਸਮੇਂ ਫੌਜ ਵਿਚ ਭਰਤੀ ਹੋ ਗਏ ਸਨ। ਫੌਜ ਵਿਚ ਭਰਤੀ ਹੋ ਕੇ ਆਪ ਨੇ ਪੜ੍ਹਨਾ ਲਿਖਣਾ ਸਿੱਖਿਆ ਹੈ। ਆਪ ਗੁਟਕਾ ਸਾਹਿਬ ਤੋਂ ਜਪੁਜੀ ਸਾਹਿਬ ਤੇ ਰਹਿਰਾਸ ਦਾ ਪਾਠ ਕਰ

ਲੈਂਦੇ ਸਨ। 1947 ਤੋਂ ਮਗਰੋਂ ਸਿੱਖ ਪਲਟਨਾਂ ਤੋੜ ਦਿੱਤੀਆਂ ਗਈਆਂ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ, "ਹੁਣ ਸਾਨੂੰ ਜ਼ਿਆਦਾ ਫੌਜ ਦੀ ਲੋੜ ਨਹੀਂ ਹੈ।" ਇਸ ਤੋਂ ਮਗਰੋਂ ਆਪ ਘਰ ਆ ਗਏ।

ਯੂ.ਪੀ. ਜਾਣਾ:- 1951 ਈ: ਵਿਚ ਆਪਣੇ ਭਾਈ ਮੇਲਾ ਸਿੰਘ ਦੇ ਨਾਲ ਯੂ.ਪੀ. ਚਲੇ ਗਏ। ਇਨ੍ਹਾਂ ਦੇ ਨਾਲ ਇਨ੍ਹਾਂ ਦੀ ਮਾਸੀ ਸੰਤੀ ਦੇਵੀ ਦੇ ਲੜਕੇ ਹਜ਼ਾਰਾ ਸਿੰਘ, ਸਵਰਨ ਸਿੰਘ ਤੇ ਸਰਵਣ ਸਿੰਘ ਵੀ ਨਾਲ ਗਏ ਸਨ, ਜੋ ਜ਼ਮੀਨ ਇਨ੍ਹਾਂ ਨੂੰ ਯੂ.ਪੀ. ਵਿਚ ਮਿਲੀ ਸੀ ਉਹ ਸਾਰੀ ਬੇ-ਆਬਾਦ ਜ਼ਮੀਨ ਸੀ ਜਿਸ ਵਿਚ ਜੰਗਲ ਸੀ। ਰਾਮਪੁਰ ਸਟੇਟ ਦੇ ਮਾਲਕ ਨੇ ਜ਼ਮੀਨ ਕਿਸ਼ਤਾਂ ਦੇ ਦਿੱਤੀ ਸੀ ਕਿ ਜਿੰਨੀ ਜ਼ਮੀਨ ਕੋਈ ਆਬਾਦ ਕਰ ਲਵੇਗਾ ਉਹ ਉਸ ਦੀ ਹੋਵੇਗੀ। ਆਪ ਯੂ.ਪੀ. ਵਿਚ 14 ਸਾਲ ਰਹੇ। ਵਿਚ ਵਿਚਾਲੇ ਆਪ ਮਿਲਣ ਆਉਂਦੇ ਸਨ। ਯੂ.ਪੀ. ਵਿਚ ਜੋ ਜ਼ਮੀਨ ਆਪ ਨੇ ਖਰੀਦੀ ਸੀ ਉਹ ਚਾਰੇ ਭਰਾਵਾਂ ਦੀ ਸਾਂਝੀ ਸੀ। ਘਰੇਲੂ ਹਾਲਾਤ ਨੂੰ ਮੁੱਖ ਰੱਖਦੇ ਹੋਏ ਕਰਤਾਰ ਸਿੰਘ ਨੇ ਆਪਣੀ ਤੇ ਆਪਣੇ ਭਰਾਵਾਂ ਦੀ ਜ਼ਮੀਨ ਵੇਚ ਦਿੱਤੀ। ਪੰਜਾਬ ਆ ਕੇ ਆਪ ਨੇ ਪਿੰਡ ਗਗਨੌਲੀ ਦੇ ਜ਼ਿੰਮੀਦਾਰ ਵਚਨ ਸਿੰਘ ਪਾਸੋਂ ਜ਼ਮੀਨ ਮੁੱਲ ਲੈ ਲਈ ਤੇ ਹਿੱਸੇ ਅਨੁਸਾਰ ਸਾਰੇ ਪਰਿਵਾਰ ਵਿਚ ਵੰਡ ਦਿੱਤੀ। ਖੇਤੀਬਾੜੀ ਨਾਲ ਸਬੰਧਤ ਮਸ਼ੀਨਾਂ, ਵੇਲਣੇ, ਗੱਡੇ ਤੇ ਹੋਰ ਸਮਾਨ ਬਿਲਟੀ ਰਾਹੀਂ ਰੇਲਵੇ ਸਟੇਸ਼ਨ ਨਸਰਾਲੇ ਆ ਗਿਆ। ਜਦੋਂ ਸਾਮਾਨ ਲੈਣਗੇ ਤਾਂ ਅਸੀਂ ਵੀ ਨਾਲ ਗਏ ਸੀ। ਗੰਨੇ ਪੀੜਨ ਵਾਲੇ ਵੇਲਣੇ ਆਪ ਨੇ ਪੰਜਾਬ ਆ ਕੇ ਚਾਲੂ ਕੀਤੇ। ਪੰਜਾਬ ਆ ਕੇ ਆਪ ਨੇ ਆਪਣੀ ਹਵੇਲੀ ਸਾਂਝੇ ਥਾਂ ਵਿਚ ਬਣਾ ਲਈ। 4-5 ਸਾਲ ਮਗਰੋਂ ਆਪ ਨੇ ਹਰਬੰਸ ਸਿੰਘ ਰਾਮੂ ਥਿਆੜਾ ਤੋਂ ਥਾਂ ਖਰੀਦ ਲਿਆ, ਜਿਸ ਵਿਚ ਪੱਕੇ ਤੌਰ ਤੇ ਰਹਿਣਾ ਸ਼ੁਰੂ ਕਰ ਦਿੱਤਾ। ਚਾਰਾਂ ਭਰਾਵਾਂ ਨੇ ਆਪਣੇ ਮਕਾਨ ਹੁਣ ਇਸ ਥਾਂ ਵਿਚ ਬਣਾਏ ਹਨ।

ਟਿਊਬਵੈੱਲ:- ਪਹਿਲਾਂ ਪਹਿਲ ਮਾਰੂ ਖੇਤੀ ਸੀ ਫਿਰ ਆਪ ਨੇ ਉਸ ਵਿਚ ਪਾਣੀ ਦਾ ਪ੍ਰਬੰਧ ਕਰ ਲਿਆ ਤਾਂ ਫ਼ਸਲ ਚੰਗੀ ਹੋਣ ਲੱਗੀ। ਕਮਾਦ ਦੀ ਫ਼ਸਲ ਵੀ ਚੰਗੀ ਹੁੰਦੀ ਸੀ। ਸਾਰੇ ਘਰਾਂ ਦੇ ਲੋਕ ਆਪ ਪਾਸੋਂ ਗੁੜ ਮੁੱਲ ਲੈਂਦੇ ਸਨ। ਘਰ ਵਿਚ ਦੁੱਧ ਵਾਸਤੇ ਆਪ ਲਵੇਰਾ ਵੀ ਜ਼ਰੂਰ ਰੱਖਦੇ ਸਨ।

ਮਾਸਕਟ ਜਾਣਾ:- 1975 ਈ: ਦੇ ਵਿਚ ਆਪ ਨੇ ਆਪਣਾ ਪਾਸਪੋਰਟ ਬਣਾ ਲਿਆ ਤਾਂ ਆਪ ਪਿੰਡ ਦੇ ਰਤਨ ਸਿੰਘ ਰੱਤਾ, ਅਜੀਤ ਸਿੰਘ ਦੇ ਨਾਲ ਮਾਸਕਟ ਵਿਖੇ ਗਏ। ਤਰਖਾਣਾ ਕੰਮ ਆਪ ਨੂੰ ਆਉਂਦਾ ਸੀ। ਜਦੋਂ ਆਪ ਨੂੰ ਗਏ ਨੂੰ ਛੇ ਮਹੀਨੇ ਬੀਤ ਗਏ ਤਾਂ ਆਪ ਨੇ ਕੰਮ ਕਰਦੇ ਨੇ ਆਪਣੀ ਆਰੀ ਨਾਲ ਆਪਣੀ ਬਾਂਹ 'ਤੇ ਖਾਜ ਕੀਤੀ। ਥੋੜ੍ਹੇ ਹੀ ਦਿਨਾਂ ਵਿਚ ਸਾਰਾ ਸਰੀਰ ਚਮੜੀ ਰੋਗ ਦੀ ਲਪੇਟ ਵਿਚ ਆ ਗਿਆ। ਮਾਸਕਟ ਸਰਕਾਰ ਨੇ ਕਿਹਾ ਕਿ ਤੁਸੀਂ ਆਪਣਾ ਇਲਾਜ ਕਰਵਾ ਕੇ ਮੁੜ ਇਥੇ ਆ ਜਾਣਾ ਪਰ ਆਪ ਪੱਕੇ ਤੌਰ 'ਤੇ ਆ ਗਏ। ਇਧਰ ਜਦੋਂ ਆਪ ਦਾ ਇਲਾਜ ਹੋਇਆ ਤਾਂ ਆਪ ਠੀਕ ਹੋ ਗਏ। ਫਿਰ ਆਪਣੀ ਖੇਤੀਬਾੜੀ ਕਰਨ ਲੱਗੇ।

ਜ਼ਮੀਨ ਵੇਚਣੀ:- ਕਰਤਾਰ ਸਿੰਘ ਨੇ 1977 ਵਿਚ ਆਪਣੀ ਜ਼ਮੀਨ ਵੇਚਣ ਦਾ ਫੈਸਲਾ ਕੀਤਾ। ਇਸ ਦੇ ਭਾਈ ਕਾਬਲ ਸਿੰਘ ਨੇ ਵੀ ਆਪਣੇ ਹਿੱਸੇ ਦੀ ਜ਼ਮੀਨ ਵੇਚਣ ਦਾ ਮਨ ਬਣਾਇਆ। ਇਹ ਜ਼ਮੀਨ ਧੰਨਾ ਸਿੰਘ ਨਸਰਾਲਾ ਨੇ ਖਰੀਦ ਲਈ। ਫਿਰ ਆਪ ਆਪਣਾ ਘਰੇਲੂ ਕੰਮ ਕਰਦੇ ਰਹੇ ਤੇ ਆਪਣੀ ਗਰਜ ਵਾਸਤੇ ਮੱਝਾਂ ਜਾਂ ਗਾਈਆਂ ਰੱਖਦੇ ਸਨ। ਆਪ ਦੇ ਘਰ ਹਮੇਸ਼ਾ 4-5 ਕਿੱਲੋ ਦੇਸੀ ਘਿਓ ਹੁੰਦਾ ਸੀ। ਆਪ ਦੀ ਖੁਰਾਕ ਚੰਗੀ ਸੀ।

ਫੌਜੀ ਪੈਨਸ਼ਨ:- ਆਪ ਨੇ ਜੋ ਅੰਗਰੇਜ਼ਾਂ ਦੇ ਸਮੇਂ ਨੌਕਰੀ ਕੀਤੀ ਸੀ। ਉਸ ਦੀਆਂ ਪੈਨਸ਼ਨਾਂ ਸੰਨ 1987-88 ਵਿਚ ਆਦਮੀਆਂ ਨੂੰ ਲੱਗੀਆਂ ਸਨ। ਮੇਰੇ ਭਾਈ ਅਜੀਤ ਸਿੰਘ ਨੇ ਵਾਰ-ਵਾਰ ਹੁਸ਼ਿਆਰਪੁਰ ਜਾ ਕੇ ਕਰਤਾਰ ਸਿੰਘ ਤੇ ਮੇਲਾ ਸਿੰਘ ਨੂੰ ਪੈਨਸ਼ਨ ਲਗਵਾਈ।

ਹੋਰ ਗੁਣ:- ਆਪ ਜਿਥੇ ਲੋਹੇ ਤੇ ਲੱਕੜੀ ਦੇ ਕੰਮ ਦੇ ਮਾਹਰ ਸਨ, ਉੱਥੇ ਆਪ ਦੇਸੀ ਦਵਾਈ ਦੇ ਵੀ ਮਹਾਰ ਸਨ। ਆਪ ਦੇ ਕੋਲ ਇਕ ਹਿਕਮਤ ਦੀ ਕਿਤਾਬ ਸੀ। ਉਸ ਨੂੰ ਪੜ੍ਹ ਕੇ ਆਪ ਆਪਣੀ ਦੁਆਈ ਤਿਆਰ ਕਰਦੇ ਸਨ। ਆਪ ਦੇ ਘਰੋਂ ਕਈ ਵਾਰ ਅਸੀਂ ਦਵਾਈ ਲੈਂਦੇ ਰਹੇ ਹਾਂ।

ਸੱਪ ਦਾ ਇਲਾਜ:- ਯੂ.ਪੀ. ਵਿਚ ਬਹੁਤ ਸੱਪ ਨਿਕਲਦੇ ਸਨ। ਜਦੋਂ ਆਪ ਨੇ ਜ਼ਮੀਨ ਆਬਾਦ ਕੀਤੀ ਹੈ। ਆਪ ਨੇ ਫਿਰ ਸੱਪ ਦਾ ਇਲਾਜ ਸਿੱਖ ਲਿਆ। ਜਦੋਂ ਆਪ ਕਿਤੇ ਵੀ ਜਾਂਦੇ ਸਨ ਤਾਂ ਉਨ੍ਹਾਂ ਦੇ ਥੈਲੇ ਵਿਚ ਇਕ ਸਾਈਕਲ ਪੰਪ ਤੇ ਇਹ ਦਵਾਈ ਨਾਲ ਹੁੰਦੀ ਸੀ। ਉਨ੍ਹਾਂ ਦੱਸਿਆ ਕਿ ਇਸ ਦੇ ਮੰਤਰ ਦਾ 101 ਕੜਾ ਹੈ। ਜਦੋਂ ਦਾ ਇਹ ਮੈਂ ਸਿੱਖ ਲਿਆ ਹੈ। ਮੈਂ ਕਿਸੇ ਨੂੰ ਮਰਨ ਨਹੀਂ ਦਿੱਤਾ। ਸ਼ਰਤ ਕਿ ਆਦਮੀ ਮੇਰੇ ਕੋਲ ਸਮੇਂ ਸਿਰ ਪਹੁੰਚ ਜਾਵੇ। ਉਨ੍ਹਾਂ ਆਪਣੇ ਕੋਲ ਰਾਜ ਮਿਸਤਰੀ ਦੇ ਔਜਾਰ ਵੀ ਰੱਖੇ ਹੋਏ ਸਨ। ਇਨ੍ਹਾਂ ਨਾਲ ਛੋਟਾ ਮੋਟਾ ਕੰਮ ਉਹ ਆਪ ਕਰ ਲੈਂਦੇ ਸਨ। ਥੋੜ੍ਹਾ ਸਮਾਂ ਉਨ੍ਹਾਂ ਨੇ ਕੱਪੜਾ ਬੁਨਣ ਦਾ ਕੰਮ ਵੀ ਕੀਤਾ ਹੈ।

ਵੰਸ਼:- ਆਪ ਦੇ ਤਿੰਨ ਲੜਕੇ ਤੇ ਇਕ ਲੜਕੀ ਹੋਏ ਪਰ ਉਹ ਪ੍ਰਮਾਤਮਾ ਨੂੰ ਪਿਆਰੇ ਹੋ ਗਏ। ਆਪ ਪੰਜਾਬ ਆਏ ਹੋਏ ਸਨ। ਆਪ ਦੇ ਮਗਰੋਂ ਆਪ ਦੀ ਧਰਮ ਪਤਨੀ ਰਾਓ ਪਸ਼ੂਆਂ ਨੂੰ ਪੱਠੇ ਪਾ ਰਹੀ ਸੀ। ਅਚਾਨਕ ਇਕ ਬਲਦ ਨੇ ਉਨ੍ਹਾਂ ਦੇ ਸਿੰਗ ਮਾਰਿਆ ਜੋ ਉਨ੍ਹਾਂ ਦੇ ਪੇਟ ਵਿਚ ਲੱਗਾ। ਰਾਓ ਦਾ ਓਪਰੇਸ਼ਨ ਕੀਤਾ ਗਿਆ। ਓਪਰੇਸ਼ਨ ਤੋਂ ਮਗਰੋਂ ਫਿਰ ਕੋਈ ਸੰਤਾਨ ਪੈਦਾ ਨਹੀਂ ਹੋਈ। ਰਾਓ ਸਰੀਰਕ ਤੌਰ ਤੇ ਤਕੜੀ ਸੀ। ਘਰ ਦਾ ਖੇਤੀਬਾੜੀ ਦਾ ਕੰਮ ਇਨ੍ਹਾਂ ਦੇ ਨਾਲ ਸਾਰਾ ਕਰਦੀ ਸੀ।

ਰਾਓ ਦਾ ਸੁਰਗਵਾਸ ਹੋਣਾ:- ਰਾਓ ਦਾ ਸਰੀਰ ਥੋੜ੍ਹਾ ਕਮਜ਼ੋਰ ਹੋਣ ਲੱਗਾ। ਵਡੇਰੀ ਉਮਰ ਵਿਚ ਕੁਝ ਦਿਮਾਗ 'ਚ ਫਰਕ ਪੈ ਗਿਆ ਸੀ। ਆਪਣੀ ਹੀ ਚੀਜ਼ ਰੱਖੀ ਨੂੰ ਭੁੱਲਣ ਲੱਗੀ। ਇਕ ਵਾਰ ਡੇਰਾ ਬਿਆਸ ਗਈ ਭੁੱਲ ਗਈ। ਦੋ ਹਫ਼ਤਿਆ ਤੋਂ ਮਗਰੋਂ ਉਹ ਸੇਵਾਦਾਰ ਆਪ ਨੂੰ ਪਿੰਡ ਛੱਡ ਕੇ ਗਏ। ਕਰਤਾਰ ਸਿੰਘ ਇਸ ਦਾ ਇਲਾਜ ਕਰਦਾ

ਰਿਹਾ। ਰਾਉ ਆਪਣੀ ਉਮਰ ਭੋਗ ਕੇ ਮਿਤੀ 17-06-1999 ਨੂੰ ਸੁਰਗਵਾਸ ਹੋਈ। ਉਸ ਨਮਿਤ ਸਤਿਸੰਗ ਮਿਤੀ 30-6-1999 ਨੂੰ ਪਾਠੀ ਬਿਸ਼ਨ ਦਾਸ ਨਾਜਕਾ ਭੇਲਾਂ ਜਲੰਧਰ ਦੁਆਰਾ ਕੀਤਾ ਗਿਆ।

ਸਾਡੇ ਕੱਠ ਕਿਸਨੇ ਕਰਨੇ ਹਨ:- ਸੰਤ ਬਿਸ਼ਨ ਦਾਸ ਮਿਤੀ 18-6-95 ਤੋਂ 16-7-1995 ਤੱਕ ਪਿੰਡ ਗਗਨੋਲੀ ਵਿਖੇ ਰਹੇ। ਸੰਤ ਬਿਸ਼ਨ ਦਾਸ ਜੀ ਨੇ ਆਪਣੇ ਸਮੇਂ ਦੇ ਦੌਰਾਨ ਕਈ ਘਰਾਂ ਵਿਚ ਸ਼ਾਮ ਨੂੰ ਸਤਿਸੰਗ ਕਰਨਾ ਸ਼ੁਰੂ ਕੀਤਾ। ਕਰਤਾਰ ਸਿੰਘ ਰੋਜ਼ ਸ਼ਾਮ ਨੂੰ ਸਤਿਸੰਗ ਸੁਨਣ ਜਾਂਦੇ। ਇਕ ਦਿਨ ਉਸ ਨੇ ਕਿਹਾ ਕਿ ਕੱਲ ਸ਼ਾਮ ਨੂੰ ਸਤਿਸੰਗ ਮੇਰੇ ਘਰ ਹੋਵੇਗਾ। ਆਪ ਨੇ ਸਾਧ ਸੰਗਤ ਵਾਸਤੇ ਦੇਸੀ ਘਿਓ ਦਾ ਪ੍ਰਸ਼ਾਦ ਤਿਆਰ ਕਰਕੇ ਸੰਗਤ ਨੂੰ ਭੋਜਨ ਛਕਾਇਆ ਤੇ ਮਗਰੋਂ ਨਿਮਾਣਾ ਜਿਹਾ ਹੋ ਕੇ ਕਿਹਾ, "ਸਾਡੇ ਮਗਰੋਂ ਸਾਡੇ ਕੱਠ ਕਿਸ ਨੇ ਕਰਨੇ ਹਨ।" ਇਕ ਸਤਿਸੰਗ ਉਸ ਦੇ ਭਾਈ ਕਾਬਲ ਸਿੰਘ ਦੇ ਘਰ ਵੀ ਹੋਇਆ। ਕਰਤਾਰ ਸਿੰਘ ਦਾ ਮੇਰੇ ਨਾਲ ਬਹੁਤ ਪਿਆਰ ਸੀ। ਜਦੋਂ ਕਿਤੇ ਜਾਣਾ ਤਾਂ ਮੈਨੂੰ ਨਾਲ ਲੈ ਕੇ ਜਾਂਦੇ ਸਨ। ਸੰਤ ਬਿਸ਼ਨ ਦਾਸ ਨੇ ਆਪਣਾ ਆਖਰੀ ਸਤਿਸੰਗ 16-7-1995 ਨੂੰ ਗੁਰਦੁਆਰਾ ਸਾਹਿਬ ਵਿਖੇ ਸਾਵਣ ਦੀ ਸੰਗਰਾਦ ਦਾ ਫੁਰਮਾਨ ਕੀਤਾ ਤੇ ਉਸ ਦਿਨ ਹੀ ਆਪ ਡਲਹੌਜ਼ੀ ਚਲੇ ਗਏ।

ਕਰਤਾਰ ਸਿੰਘ ਸੁਰਗਵਾਸ:- ਕਰਤਾਰ ਸਿੰਘ ਨੂੰ ਇਕ ਦੋ ਵਾਰ ਅਧਰੰਗ ਦਾ ਅਟੈਕ ਹੋਇਆ ਫਿਰ ਆਪ ਠੀਕ ਹੋ ਗਏ ਸਨ ਪਰ ਆਪ ਦੀ ਸਿਹਤ ਕਮਜ਼ੋਰ ਹੁੰਦੀ ਚਲੀ ਗਈ। ਆਪ ਆਪਣੀ 80 ਕੁ ਸਾਲ ਦੀ ਉਮਰ ਭੋਗ ਕਿ 2008 ਵਿਚ ਪੂਰੇ ਹੋਏ ਸਨ।

ਭੋਗ:- ਆਪ ਦੇ ਭੋਗ ਦੇ ਸਬੰਧ ਵਿਚ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ। ਪਾਠੀ ਨਿਰਮਲ ਸਿੰਘ ਸਨ। ਥੋੜ੍ਹਾ ਸਮਾਂ ਮੈਂ ਸੰਗਤ ਦੇ ਰੂ-ਬਰੂ ਹੋਇਆਂ। ਜ਼ਿੰਮੇਵਾਰੀ ਦੀ ਪੱਗ ਮੁਖਤਿਆਰ ਸਿੰਘ ਸਪੁੱਤਰ ਦਿਲਬਾਗ ਸਿੰਘ ਦੇ ਬਨ੍ਹਾਈ ਗਈ। ਪਰ ਉਹ ਆਪਣੀ ਵਸੀਅਤ ਆਪਣੇ ਭਰਾ ਦੀ ਗੋਦ ਲਈ ਧੀ ਮਨਜੀਤ ਕੌਰ ਦੇ ਨਾਮ ਕਰ ਗਿਆ ਸੀ। ਮਨਜੀਤ ਕੌਰ ਨੂੰ ਆਪ ਨੇ ਗੋਦ ਲਿਆ ਸੀ। ਉਸ ਲੜਕੀ ਨੂੰ ਪਾਲ ਕੇ ਆਪ ਨੇ ਪੜ੍ਹਾਇਆ ਤੇ ਉਸ ਦਾ ਵਿਆਹ ਕੀਤਾ। ਲੜਕੀ ਦੇ ਦੋ ਲੜਕੇ ਤੇ ਇਕ ਲੜਕੀ ਹੈ। ਮਨਜੀਤ ਕੌਰ ਨੇ ਕਰਤਾਰ ਸਿੰਘ ਦੇ ਘਰ ਨੂੰ ਚੰਗੀ ਤਰ੍ਹਾਂ ਸੰਭਾਲਿਆ ਹੋਇਆ ਹੈ।

*** ਮੇਲਾ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਚਿੰਤੀ ਤੇ ਪੇਕੇ ਹਾਰਟੇ ਸਨ। ਇਨ੍ਹਾਂ ਪਿੰਡਾਂ ਨੂੰ ਆਮ ਕਰਕੇ ਹਾਰਟਾ ਬਡਲਾ ਕਿਹਾ ਜਾਂਦਾ ਹੈ। ਆਪ ਨੇ ਵੀ ਅੰਗਰੇਜ਼ਾਂ ਦੇ ਸਮੇਂ ਨੌਕਰੀ ਕੀਤੀ ਹੈ। 1947 ਤੋਂ ਮਗਰੋਂ ਆਪ ਪਿੰਡ ਆ ਗਏ ਤੇ ਘਰੇਲੂ ਕੰਮ ਕਰਨ ਲੱਗੇ। ਆਪ ਵੀ ਆਪਣੇ ਭਾਈ ਦੇ ਨਾਲ 14 ਸਾਲ ਯੂ.ਪੀ. ਵਿਚ ਰਹੇ। ਯੂ.ਪੀ. ਵਿਚ ਆਪ ਦੇ ਕੋਲ ਜ਼ਿਆਦਾ ਜ਼ਮੀਨ ਸੀ। ਜਦੋਂ ਆਪ ਪੰਜਾਬ ਆਏ ਤਾਂ ਦੋ ਖੇਤ ਜ਼ਮੀਨ ਮਿਲੀ। ਪਾਣੀ ਦਾ ਪ੍ਰਬੰਧ ਨਾ ਹੋਣ ਕਰਕੇ ਫ਼ਸਲ ਘੱਟ ਹੀ ਹੁੰਦੀ ਸੀ। ਆਪ ਨੂੰ ਵੀ ਮੇਰੇ ਭਾਈ ਅਜੀਤ ਸਿੰਘ ਨੇ ਫੌਜੀ ਪੈਨਸ਼ਨ ਲੁਆ ਕੇ ਦਿੱਤੀ, ਜਿਸ ਦਾ ਆਪ ਨੂੰ ਇਕੱਠਾ

ਪੈਸਾ ਮਿਲ ਗਿਆ ਸੀ।

ਵਿਸ਼ੇਸ਼ ਗੁਣ:- ਆਪ ਕਿਸੇ ਨਾਲ ਘੱਟ ਵੱਧ ਹੀ ਬੋਲਦੇ ਸਨ। ਆਪਣਾ ਕੰਮ ਚੁੱਪਚਾਪ ਕਰਦੇ ਸਨ। ਕਿਸੇ ਨਾਲ ਕੋਈ ਮਖੌਲ ਠੱਠਾ ਕਦੇ ਨਹੀਂ ਕਰਦੇ ਸਨ। ਦੂਜੇ ਨੰਬਰ ਤੇ ਆਪਣੀ ਹਾੜੀ ਦੀ ਫ਼ਸਲ ਸਭ ਤੋਂ ਪਹਿਲਾ ਚੁੱਕ ਲੈਂਦੇ ਸਨ ਤੇ ਸਾਉਣੀ ਦੀ ਫ਼ਸਲ ਦੀ ਤਿਆਰੀ ਕਰਦੇ ਸਨ। ਚਾਹ ਪੀਣ ਦੇ ਜ਼ਿਆਦਾ ਆਦੀ ਸ਼ਨ ਪਰ ਥੋੜ੍ਹੀ ਫਿੱਕੀ ਪੀਂਦੇ ਸਨ। ਆਪ ਦਾ ਸਰੀਰ ਪਤਲਾ ਤੇ ਫੁਰਤੀਲਾ ਸੀ। ਪਰਿਵਾਰ ਨੂੰ ਪਾਲਣ ਵਾਸਤੇ ਆਪ ਖੇਤੀ ਦੇ ਨਾਲ ਕੱਪੜਾ ਵੀ ਬੁਣਦੇ ਸਨ।

ਅੱਗ ਨਾਲ ਨੁਕਸਾਨ:- ਮਿਤੀ 20-5-1998 ਨੂੰ ਆਪ ਦੀ ਛੰਨ ਨੂੰ ਅੱਗ ਲੱਗ ਗਈ, ਜਿਸ ਨਾਲ ਆਪ ਦੀ ਕਣਕ ਦੀਆਂ ਭਰੀਆਂ ਤੇ ਹੋਰ ਨੁਕਸਾਨ ਹੋਇਆ। ਇਕ ਬਲਦ ਅੱਗ ਦੀ ਲਪੇਟ ਵਿਚ ਆ ਗਿਆ, ਜਿਸ ਦੀ ਦੀ ਹਫ਼ਤੇ ਮਗਰੋਂ ਮੌਤ ਹੋ ਗਈ। ਪਿੰਡ ਦੇ ਪੰਤਵੰਤੇ ਸੱਜਣ ਨਿਰੰਜਣ ਸਿੰਘ ਨੇ ਉਸ ਸਮੇਂ ਆਪ ਦੀ 500 ਰੁ: ਨਾਲ ਮੱਦਦ ਕੀਤੀ।

ਅੰਤਮ ਸਮਾਂ:- ਮੇਲਾ ਸਿੰਘ ਨੂੰ ਪਿਛਲੀ ਉਮਰ ਵਿਚ ਸ਼ੂਗਰ ਦੀ ਬਿਮਾਰੀ ਹੋ ਗਈ। ਉਨ੍ਹਾਂ ਦੇ ਪੈਰ ਬਹੁਤ ਸੁੱਜੇ ਹੋਏ ਸਨ। ਮੈਂ ਜਦੋਂ ਵੀ ਪਿੰਡ ਜਾਂਦਾ ਸੀ ਮਿਲ ਕੇ ਆਉਂਦਾ ਸੀ। ਉਹ ਹੋਰ ਕਿਤੇ ਨਹੀਂ ਜਾਂਦੇ ਸਨ। ਆਪਣੇ ਘਰ ਵਿਚ ਘੁੰਮ ਫਿਰ ਲੈਂਦੇ ਸਨ। ਉਸ ਦੀ ਧਰਮ ਪਤਨੀ ਚਿੰਤੀ ਵੀ ਬਿਮਾਰ ਰਹਿੰਦੀ ਸੀ। ਉਹ ਅਲੱਗ ਕਮਰੇ ਵਿਚ ਲੰਮੀ ਪਈ ਹੋਈ ਸੀ। ਆਪਣੀ ਪਿਛਲੀ ਉਮਰ ਨੂੰ ਯਾਦ ਕਰਕੇ ਗੱਲਾਂ ਕਰਦੀ ਸੀ। ਦੋ ਸਾਲ ਬਿਮਾਰ ਰਹਿਣ ਤੋਂ ਮਗਰੋਂ ਮੇਲਾ ਸਿੰਘ ਦਾ 2012 ਵਿਚ ਦਿਹਾਂਤ ਹੋ ਗਿਆ। ਉਨ੍ਹਾਂ ਦੀ ਧਰਮ ਪਤਨੀ ਮੇਲਾ ਸਿੰਘ ਤੋਂ 22 ਦਿਨ ਮਗਰੋਂ ਪ੍ਰਲੋਕ ਸਿਧਾਰ ਗਈ। ਮੀਆਂ ਬੀਬੀ ਦੋਹਾਂ ਨੇ ਗਰੀਬੀ ਵਿਚ ਹੀ ਆਪਣਾ ਸਮਾਂ ਪਾਸ ਕੀਤਾ ਪਰ ਜ਼ਮੀਨ ਨਹੀਂ ਵੇਚੀ। ਇਹ ਜਾਣ ਕੇ ਕਿ ਇਹ ਜ਼ਮੀਨ ਮੇਰੇ ਪੁੱਤਰਾਂ ਦੇ ਕੰਮ ਆਵੇਗੀ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਤੇ ਦੋ ਲੜਕੀਆਂ ਹਨ।

1. **ਨਸੀਬ ਕੌਰ**:- ਨਸੀਬ ਕੌਰ ਦੇ ਪਤੀ ਦਾ ਨਾਮ ਹਰਮੇਸ਼ ਸਿੰਘ ਅਤੇ ਸਹੁਰੇ ਅਜਨੋਹਾ ਵਿਖੇ ਹਨ।

2. **ਭੋਲਾ**:- ਪਤੀ ਦਾ ਨਾਮ ਦੇਵ ਸਿੰਘ ਅਤੇ ਸਹੁਰੇ ਥੱਥਲਾਂ ਹਨ।

ਅਜਮੀਤ ਸਿੰਘ:- ਅਜਮੀਤ ਸਿੰਘ ਦੀ ਧਰਮ ਪਤਨੀ ਦਾ ਨਾਮ ਕ੍ਰਿਸ਼ਨਾ ਦੇਵੀ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਫੁਗਲਾਣੇ ਹਨ। ਆਪ ਦੀ ਸ਼ਾਦੀ ਵਡੇਰੀ ਉਮਰ ਵਿਚ ਮਿਤੀ 22-10-1989 ਨੂੰ ਹੋਈ। ਆਪ ਜਦੋਂ 1965 ਈ: ਵਿਚ ਯੂ.ਪੀ. ਤੋਂ ਆਏ ਸਨ ਤਾਂ ਮੇਲਾ ਸਿੰਘ ਅਜਮੀਤ ਨੂੰ ਸਰਕਾਰੀ ਮਿਡਲ ਸਕੂਲ ਸਾਹਰੀ ਵਿਖੇ ਦਾਖ਼ਲ ਕਰਵਾਉਣ ਗਿਆ। ਪਰ ਅਧਿਆਪਕ ਉਸ ਨੂੰ 8ਵੀਂ ਜਮਾਤ ਵਿਚ ਦਾਖਲ ਕਰਨ ਦੀ ਬਜਾਏ 7ਵੀਂ ਜਮਾਤ ਵਿਚ ਦਾਖਲ ਕਰਦੇ ਸਨ ਪਰ ਅਜਮੀਤ ਪੜ੍ਹਨ ਨਹੀਂ ਲੱਗਾ। ਆਪਣੇ ਪਿਤਾ ਦੇ ਨਾਲ ਖੇਤੀ ਦਾ ਕੰਮ ਕਰਾਉਂਦਾ ਰਿਹਾ। ਆਪ ਨੇ ਕਈ ਕੰਮ ਕੀਤੇ

ਫਿਰ ਆਪ ਪੇਂਟਰ ਦਾ ਕੰਮ ਕਰਨ ਲੱਗ ਪਿਆ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਹਰਪ੍ਰੀਤ ਸਿੰਘ ਤੇ ਪਿਆਰਾ ਸਿੰਘ।

ਲੜਕੀਆਂ: ਇੰਦਰਜੀਤ ਕੌਰ ਤੇ ਨਿੱਕੀ।

1. **ਹਰਪ੍ਰੀਤ ਸਿੰਘ**:- ਲੱਕੜ ਦਾ ਕੰਮ ਕਰਦਾ ਹੈ ਤੇ ਸ਼ਾਦੀਸ਼ੁਦਾ ਹੈ।

2. **ਪਿਆਰਾ ਸਿੰਘ**:- ਰਾਜ ਮਿਸਤਰੀ ਦਾ ਕੰਮ ਕਰਦਾ ਹੈ। ਆਪਣੇ ਰਹਿਣ ਵਾਸਤੇ ਆਪਣੇ ਮਕਾਨ ਆਪ ਬਣਾਏ ਹਨ। ਦੋਵੇਂ ਲੜਕੇ ਮਿਹਨਤੀ ਹਨ।

1. **ਇੰਦਰਜੀਤ ਕੌਰ**:- ਇੰਦਰਜੀਤ ਕੌਰ ਦੀ ਸ਼ਾਦੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਚੱਕ ਸਾਦੂ ਦੇ ਹਰਦਿਆਲ ਚੰਦ ਨਾਲ ਮਿਤੀ 8-03-2013 ਨੂੰ ਹੋਈ।

2. **ਨਿੱਕੀ**:- ਨਿੱਕੀ ਪੜ੍ਹਦੀ ਹੈ। ਘਰ ਦਾ ਕੰਮਕਾਰ ਕਰਦੀ ਹੈ।

ਕ੍ਰਿਸ਼ਨਾ ਦੇਵੀ ਦੀ ਮੌਤ:- ਅਜਮੀਤ ਸਿੰਘ ਦੀ ਧਰਮ ਪਤਨੀ ਕੁਝ ਬਿਮਾਰ ਰਹਿਣ ਮਗਰੋਂ ਮਿਤੀ 7-9-2000 ਵਿਚ ਗੁਜਰ ਗਈ ਸੀ। ਜਿਸਦੇ ਨਮਿਤ ਭੋਗ 20-9-2000 ਨੂੰ ਪਾਇਆ ਗਿਆ।

* 3. **ਕਾਬਲ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਕਰਮ ਕੌਰ ਹੈ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਢੋਲਣਵਾਲ ਹਨ। ਕਰਤਾਰ ਸਿੰਘ ਤੇ ਕਾਬਲ ਸਿੰਘ ਦੋਵੇਂ ਭਾਈ ਇੱਕ ਹੀ ਘਰ ਵਿਚ ਵਿਆਹੇ ਹੋਏ ਹਨ। ਕਾਬਲ ਸਿੰਘ ਵੀ ਸਾਬਕਾ ਫੌਜੀ ਹਨ। ਫੌਜ ਵਿਚੋਂ ਪੈਨਸ਼ਨ ਆ ਕੇ ਆਪ ਨੇ ਦੁਬਾਰਾ ਨੌਕਰੀ ਦਿੱਲੀ ਸਰਕਾਰੀ ਡਿਸਪੈਂਸਰੀ ਵਿਚ ਬਤੌਰ ਚੌਂਕੀਦਾਰ ਕਰ ਲਈ। ਆਪ ਨੂੰ ਦੋ ਪੈਨਸ਼ਨਾਂ ਮਿਲਦੀਆਂ ਸਨ। ਆਪ ਦੀ ਧਰਮ ਪਤਨੀ ਕਰਮ ਕੌਰ ਆਪਦੇ ਨਾਲ ਨੰਗਲ ਭਾਖੜੇ ਤੇ ਦਿੱਲੀ ਵਿਚ ਰਹਿੰਦੀ ਰਹੀ ਹੈ। ਆਪ ਦੇ ਕੋਲ ਵੀ ਕੁਝ ਜ਼ਮੀਨ ਸੀ ਜੋ ਕਰਤਾਰ ਸਿੰਘ ਨੇ ਆਪਣੀ ਜ਼ਮੀਨ ਦੇ ਨਾਲ ਵੇਚ ਦਿੱਤੀ ਸੀ।

ਵੰਸ਼:- ਆਪ ਦੀ ਇਕ ਲੜਕੀ ਤੇ ਇੱਕ ਲੜਕਾ ਹੈ।

ਲੜਕੀ:- ਆਪ ਦੀ ਲੜਕੀ ਦਾ ਨਾਮ ਜੋਗਿੰਦਰ ਕੌਰ ਹੈ। ਜੋਗਿੰਦਰ ਕੌਰ ਪੰਜ ਜਮਾਤਾਂ ਪਾਸ ਹੈ। ਇਸ ਤੋਂ ਮਗਰੋਂ ਜੋਗਿੰਦਰ ਕੌਰ ਨੇ ਸਿਲਾਈ ਕਢਾਈ ਦਾ ਕੰਮ ਸਿੱਖ ਲਿਆ। ਜੋਗਿੰਦਰ ਕੌਰ ਦੀ ਪਹਿਲੀ ਸ਼ਾਦੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨਗਦੀਪੁਰ ਵਿਖੇ ਮਿਤੀ 17-11-1982 ਨੂੰ ਕੀਤੀ ਗਈ। ਘਰੇਲੂ ਹਾਲਾਤ ਠੀਕ ਨਾ ਹੋਣ ਕਰਕੇ ਚਾਰ ਸਾਲ ਮਗਰੋਂ ਤਲਾਕ ਹੋ ਗਿਆ। ਜੋਗਿੰਦਰ ਕੌਰ ਦੀ ਪਹਿਲੇ ਵਿਆਹ ਦੀ ਇਕ ਲੜਕੀ ਮਨਜੀਤ ਕੌਰ ਹੈ, ਜਿਸ ਨੂੰ ਕਰਤਾਰ ਸਿੰਘ ਨੇ ਗੋਦ ਲੈ ਕੇ ਆਪਣੀ ਜਾਨਸ਼ੀਨ ਬਣਾਇਆ ਹੈ। ਇਸ ਨੂੰ ਪੜ੍ਹਾ ਕਿ ਇਸ ਦਾ ਵਿਆਹ ਕੀਤਾ ਹੈ।

ਜੋਗਿੰਦਰ ਕੌਰ ਦੀ ਦੂਜੀ ਸ਼ਾਦੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪਿਆਲਾਂ ਵਿਖੇ ਹਰੀ ਰਾਮ ਦੇ ਨਾਲ ਮਿਤੀ 16-10-1988 ਦਿਨ ਐਤਵਾਰ ਨੂੰ ਕੀਤੀ ਗਈ।

ਵੰਸ਼:- ਹਰੀ ਰਾਮ ਦੀ ਇਕ ਲੜਕੀ ਹਰਪ੍ਰੀਤ ਕੌਰ ਤੇ ਇਕ ਲੜਕਾ ਪਰਮਿੰਦਰ

ਸਿੰਘ ਹੈ।

ਲੜਕੀ: ਹਰਪ੍ਰੀਤ ਕੌਰ:- ਦਸਵੀਂ ਜਮਾਤ ਪਾਸ ਹੈ। ਕਰਮ ਕੌਰ ਨੇ ਜਵਾਨ ਹੋਣ ਤੇ ਇਸ ਲੜਕੀ ਦੀ ਸ਼ਾਦੀ ਕਰ ਦਿੱਤੀ। ਪਰ ਦੋ ਸਾਲ ਤੋਂ ਮਗਰੋਂ ਅਚਾਨਕ ਬਿਮਾਰ ਹੋਣ ਨਾਲ ਉਸ ਦੀ ਮੌਤ ਹੋ ਗਈ।

ਲੜਕਾ: ਪਰਮਿੰਦਰ ਸਿੰਘ:- ਇਸ ਨੇ ਵੀ ਦਸਵੀਂ ਜਮਾਤ ਪਾਸ ਕੀਤੀ ਹੈ। ਲੜਕਾ ਘਰੇਲੂ ਕੰਮਕਾਰ ਹੀ ਕਰਦਾ ਹੈ। ਇਸ ਲੜਕੇ ਦੀ ਸ਼ਾਦੀ 23-8-15 ਦਿਨ ਐਤਵਾਰ ਪਿੰਡ ਮਰਨਾਈਆਂ ਵਿਖੇ ਹੋਈ ਹੈ। ਜਨੇਤ ਵਿਚ ਥੋੜ੍ਹੇ ਆਦਮੀ ਹੀ ਗਏ ਸਨ।

ਨੋਟ: ਜੋਗਿੰਦਰ ਕੌਰ ਤੇ ਉਸ ਦੀ ਲੜਕੀ ਮਨਜੀਤ ਕੌਰ ਪਿੰਡ ਗਗਨੌਲੀ ਵਿਖੇ ਹੀ ਰਹਿ ਰਹੀਆਂ ਹਨ।

ਲੜਕਾ: ਆਤਮਾ ਸਿੰਘ/ਵਿਲੂ:- ਲੜਕੇ ਦਾ ਜਨਮ 3-11-1969 ਦਿਨ ਸੋਮਵਾਰ ਕੱਤਾ 19 ਦਿਨ ਗਏ ਦਾ ਹੈ। ਇਹ ਲੜਕਾ ਜਮਾਂਦਰੂ ਹੀ ਪੋਲੀਏ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਸੀ। ਬੜੇ ਚਾਅ-ਲਾਡ ਨਾਲ ਕਾਬਲ ਸਿੰਘ ਨੇ ਇਸ ਦੀ ਲੋਹੜੀ ਪਾਈ। ਹਰ ਆਦਮੀ ਨੂੰ ਆਪਣੇ ਪੁੱਤਰਾਂ ਧੀਆਂ ਨਾਲ ਪਿਆਰ ਹੁੰਦਾ ਹੈ। ਲੜਕਾ ਹੌਲੀ-ਹੌਲੀ ਤਕੜਾ ਹੁੰਦਾ ਗਿਆ। ਭਾਰ ਵਧਦਾ ਗਿਆ। ਜਦੋਂ ਮੈਂ ਹੁਸ਼ਿਆਰਪੁਰ ਕਾਲਜ ਪੜ੍ਹਨ ਲੱਗਾ ਤਾਂ ਕਰਮ ਕੌਰ ਕਈ ਵਾਰੀ ਮੇਰੇ ਨਾਲ ਸਾਈਕਲ 'ਤੇ ਬੈਠ ਕੇ ਇਸ ਨੂੰ ਹੁਸ਼ਿਆਰਪੁਰ ਦਵਾਈ ਵਾਸਤੇ ਲੈ ਕੇ ਜਾਂਦੀ ਰਹੀ।

ਕਾਬਲ ਸਿੰਘ ਦਿੱਲੀ ਨੌਕਰੀ ਕਰਦਾ ਸੀ। ਉਹ ਕਰਮ ਕੌਰ ਨੂੰ ਆਪਣੇ ਨਾਲ ਦਿੱਲੀ ਲੈ ਗਿਆ, ਜਿਥੇ ਵਧੀਆ ਡਾਕਟਰਾਂ ਕੋਲੋਂ ਇਸ ਦਾ ਇਲਾਜ ਕਰਵਾਇਆ। ਕਾਬਲ ਸਿੰਘ ਨੇ ਦੱਸਿਆ ਕਿ ਮੈਂ ਦਿੱਲੀ ਵਿਖੇ ਮੰਨੇ-ਪ੍ਰਮੰਨੇ ਪੰਡਤਾਂ ਦੇ ਕੋਲ ਇਸ ਦਾ ਜਨਮ-ਪੱਤਰਾ ਵੀ ਦਿਖਾਇਆ ਉਸ ਅਨੁਸਾਰ ਦਾਨ-ਪੁੰਨ ਵੀ ਕੀਤਾ ਪਰ ਰਾਸ ਨਾ ਆਇਆ। ਫਿਰ ਇਕ ਲੜਕਾ ਰਾਜਸਥਾਨ ਵਿਚ ਪ੍ਰਗਟ ਹੋਇਆ ਸੀ ਉਸ ਦੇ ਕੋਲ ਵੀ ਕਾਬਲ ਸਿੰਘ ਲੈ ਕੇ ਗਿਆ। 18-20 ਸਾਲ ਦੀ ਉਮਰ ਵਿਚ ਲੜਕਾ ਭਰ ਜਵਾਨ ਹੋ ਗਿਆ। ਪਰ ਪੂਰਾ ਬੋਲ ਨਹੀਂ ਸਕਦਾ ਸੀ। ਵੈਸੇ ਆਏ ਗਏ ਦਾ ਉਸ ਨੂੰ ਸਾਰਾ ਪਤਾ ਸੀ। ਕਈ ਵਾਰ ਕਰਮ ਕੌਰ ਦੇ ਨਾਲ ਰੁੱਸ ਜਾਂਦਾ ਸੀ। ਇਕ ਦਿਨ ਮੈਂ ਤੇ ਕਰਤਾਰ ਸਿੰਘ ਲੜਕੇ ਦਾ ਜਨਮ ਪੱਤਰਾ ਦਿਖਾਉਣ ਵਾਸਤੇ ਸਿਵਲ ਹਸਪਤਾਲ, ਹੁਸ਼ਿਆਰਪੁਰ ਦੇ ਕੋਲ ਭ੍ਰਿਗੂ ਵਾਲਿਆਂ ਦੇ ਕੋਲ ਗਏ। ਉਨ੍ਹਾਂ ਆਪਣੇ ਹਿਸਾਬ ਨਾਲ ਦੱਸਿਆ ਕਿ ਇਸ ਦੀ ਉਮਰ 18 ਸਾਲ ਹੈ। ਇਹ ਪਿਛਲੇ ਜਨਮ ਵਿਚ ਡਾਕਟਰ ਸੀ ਤੇ ਦਵਾਈਆਂ ਦੀ ਹੇਰਾਫੇਰੀ ਕਰਦਾ ਸੀ। ਇਸ ਕਰਕੇ ਇਹ ਹੁਣ ਮਰੀਜ ਹੈ। ਕਿਸੇ ਨੇ ਕਿਹਾ ਇਹ ਥਾਣੇਦਾਰ ਸੀ। ਗਰੀਬਾਂ ਨਾਲ ਧੱਕਾ ਕਰਦਾ ਰਿਹਾ ਹੈ। ਕਿਸ ਨੂੰ ਸੱਚ ਮੰਨਿਆ ਜਾਵੇ। ਕਰਮ ਕੌਰ ਇਸ ਲੜਕੇ ਨੂੰ ਲੈ ਕੇ ਪਿੰਡ ਪੰਡੋਰੀ ਬੀਬੀ ਵੀ ਜਾਂਦੀ ਰਹੀ। ਉਹ ਬੀਬੀ ਬਾਬਾ ਬਾਲਕ ਨਾਥ ਦੀ ਭਗਤ ਸੀ। ਕਈਆਂ ਦੇ ਕਹਿਣ ਤੇ ਆਪ ਨੇ ਆਪਣਾ ਪਹਿਲਾ ਮਕਾਨ ਢਾਹ ਦਿੱਤਾ ਹੈ ਤੇ ਉੱਥੇ ਬਾਬੇ ਦਾ ਮੱਟ ਬਣਾਇਆ ਹੈ। ਕਰਮ ਕੌਰ ਹਰ ਜੇਠੇ ਐਤਵਾਰ ਰੋਟ

ਦਿੰਦੀ, ਦੀਵਾ ਬਾਲ਼ਦੀ ਤੇ ਆਪਣੇ ਪੁੱਤਰ ਦੀ ਸੁੱਖ ਮੰਗਦੀ।

ਫਿਰ ਪਿੰਡ ਦੇ ਵਿਚੋਂ ਕਿਸੇ ਨੇ ਕਾਬਲ ਸਿੰਘ ਨੂੰ ਕਿਹਾ ਕਿ ਤੂੰ ਭੀਖੋਵਾਲ ਜਾ ਕੇ ਆਓ। ਉਹ ਸੰਤ ਪਹੁੰਚੇ ਹੋਏ ਹਨ। ਲੜਕਾ ਠੀਕ ਹੋ ਜਾਵੇਗਾ। ਉਨ੍ਹਾਂ ਕਾਬਲ ਸਿੰਘ ਨੂੰ ਅਖੰਡ ਪਾਠ ਕਰਾਉਣ ਲਈ ਕਿਹਾ- ਅੱਤਵਾਦ ਦਾ ਸਮਾਂ ਹੋਣ ਕਰਕੇ ਇਹ ਅਖੰਡ ਪਾਠ ਭੀਖੋਵਾਲ ਗੁਰਦੁਆਰੇ ਵਿਚ ਹੀ ਕਰਾ ਦਿੱਤਾ ਗਿਆ। ਕਾਬਲ ਸਿੰਘ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੁਣ ਲੜਕਾ ਠੀਕ ਹੋ ਜਾਣਾ ਹੈ। ਪਰ ਨਹੀਂ ਫਿਰ ਇਨ੍ਹਾਂ ਦੀ ਮੁਲਾਕਾਤ ਮਸੀਹੀ ਪਾਦਰੀ ਨਾਲ ਹੋਈ ਉਨ੍ਹਾਂ ਕਿਹਾ ਅਸੀਂ ਤੁਹਾਡਾ ਲੜਕਾ ਠੀਕ ਕਰ ਦੇਵਾਂਗੇ ਜਦੋਂ ਪਾਦਰੀ ਅਰਦਾਸ ਬੇਨਤੀ ਕਰਨ ਆਉਂਦਾ ਤਾਂ ਮੈਂ ਤੇ ਮੇਰਾ ਭਾਈ ਅਜੀਤ ਸਿੰਘ ਤੇ ਕਰਤਾਰ ਸਿੰਘ ਅਰਦਾਸ ਵਿਚ ਸ਼ਾਮਲ ਹੁੰਦੇ। ਪਰ ਲੜਕੇ ਨੂੰ ਦੌਰੇ ਉਸ ਤਰ੍ਹਾਂ ਹੀ ਪੈਂਦੇ ਰਹੇ। ਫਸਿਆ ਕੀ ਨੀ ਕਰਦਾ। ਡੇਰਾ ਚੁੱਪ ਦਾਸ ਬੱਸੀ ਦੌਲਤ ਖਾਂ ਤੇ ਤਾਰਾਗੜ੍ਹ ਕਾਬਲ ਸਿੰਘ ਜਾਂਦਾ ਰਿਹਾ। ਹਰ ਮਹਾਂਪੁਰਸ਼ ਨੇ ਕਿਹਾ ਇਹ ਠੀਕ ਹੋ ਜਾਵੇਗਾ। ਕੰਮ ਕਰਕੇ ਤੁਹਾਡੀ ਸੇਵਾ ਕਰੇਗਾ। ਪਰ ਮਿਹਨਤ ਨੂੰ ਬੂਰ ਨਾ ਪਿਆ। ਕਰਮ ਕੌਰ ਨੇ ਕਿਹਾ ਕਿ ਮੈਂ ਸੋਚਦੀ ਹਾਂ ਕਿ ਮੇਰੇ ਮਗਰੋਂ ਇਸ ਦੀ ਸੰਭਾਲ ਕੌਣ ਕਰੇਗਾ। ਮੈਂ ਇਸ ਨੂੰ ਭਗਤ ਪੂਰਨ ਸਿੰਘ ਦੇ ਪਿੰਗਲਵਾੜੇ ਅੰਮ੍ਰਿਤਸਰ ਵਿਚ ਛੱਡ ਆਵਾਂ। ਇਹ ਤਾਂ ਓਪਰੇ ਮਨੋ ਸੀ ਮਾਂ ਕਿਵੇਂ ਛੱਡ ਸਕਦੀ ਹੈ, ਆਪਣੀ ਜਾਨ ਤੋਂ ਪਿਆਰੇ ਪੁੱਤਰ ਨੂੰ। ਆਤਮਾ ਰਾਮ 41 ਸਾਲ ਦੀ ਉਮਰ ਭੋਗ ਕੇ ਦਸੰਬਰ 2011 ਵਿਚ ਬ੍ਰਹਮਲੀਨ ਹੋ ਗਿਆ। ਜਦੋਂ ਕਰਮ ਕੌਰ ਡੇਰਾ ਬਿਆਸ ਵਿਖੇ ਲੜਕੇ ਦੀਆਂ ਅਸਤੀਆਂ ਜਲ ਪ੍ਰਵਾਹ ਕਰਕੇ ਵਾਪਸ ਆਈ ਤਾਂ ਮੇਰੀ ਡਿਊਟੀ ਗੇਟ ਨੰਬਰ ਇਕ ਆਊਟ 'ਤੇ ਸੀ। ਜਦੋਂ ਮੈਂ ਕਾਰ ਦਾ ਨੰਬਰ ਲਿਖਿਆ ਤਾਂ ਕਾਰ ਵਿਚ ਕਰਮ ਕੌਰ, ਜੋਗਿੰਦਰ ਸਿੰਘ ਰੂਘਾ ਤੇ ਉਸਦਾ ਲੜਕਾ ਨਾਲ ਸਨ। ਕਰਮ ਕੌਰ ਨੇ ਸਾਰੀ ਗੱਲ ਮੈਨੂੰ ਦੱਸ ਦਿੱਤੀ ਕਿ ਮੈਂ ਆਪਣੇ ਪੁੱਤਰ ਨੂੰ ਵਿਦਾ ਕਰਕੇ ਆਈ ਹਾਂ।

ਕਾਬਲ ਸਿੰਘ ਦੀ ਮੌਤ:- ਕਾਬਲ ਸਿੰਘ ਦੀ ਮੌਤ ਪੰਜਾਬ ਰੋਡਵੇਜ਼ ਦੀ ਬੱਸ ਨਾਲ ਅੱਡਾ ਨਸਰਾਲਾ ਵਿਖੇ ਮਿਤੀ 10 ਜੂਨ 1990 ਨੂੰ ਦਿਨ ਦੇ ਦਸ ਕੁ ਵਜੇ ਹੋਈ। ਇਸ ਦਿਨ ਹੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਡੇਰਾ ਬਾਬਾ ਜੈਮਲ ਸਿੰਘ ਬਿਆਸ ਵਿਖੇ ਪੰਜਵੇਂ ਗੁਰੂ ਦੇ ਤੌਰ ਤੇ ਪਗੜੀ ਬਨ੍ਹਾਈ ਜਾਣੀ ਸੀ। ਪਿੰਡ ਦੀ ਬਹੁਤ ਸਾਰੀ ਸੰਗਤ ਡੇਰਾ ਬਿਆਸ ਵਿਖੇ ਗਈ ਹੋਈ ਸੀ। ਜਦੋਂ ਅਸੀਂ ਸ਼ਾਮ ਨੂੰ ਅੱਡਾ ਨਸਰਾਲਾ ਵਿਖੇ ਬੱਸ ਵਿਚੋਂ ਉਤਰੇ ਤਾਂ ਨਸਰਾਲੇ ਦੇ ਇਕ ਵਿਅਕਤੀ ਨੇ ਦੱਸਿਆ ਕਿ ਤੁਹਾਡੇ ਪਿੰਡ ਦੇ ਕਾਬਲ ਸਿੰਘ ਦੀ ਐਕਸੀਡੈਂਟ ਨਾਲ ਮੌਤ ਹੋ ਗਈ ਹੈ। ਮੇਰੇ ਨਾਲ ਦਿਲਬਾਗ ਸਿੰਘ ਦਾ ਲੜਕਾ ਬਿੰਦਰ ਸੀ। ਉਹ ਹੁਸ਼ਿਆਰਪੁਰ ਸਿਵਲ ਹਸਪਤਾਲ ਚਲਾ ਗਿਆ। ਮੈਂ ਪਿੰਡ ਆ ਗਿਆ। ਸਾਰੇ ਰਿਸ਼ਤੇਦਾਰ ਤੇ ਸ਼ਰੀਕਾ ਭਾਈਚਾਰਾ ਕਾਬਲ ਸਿੰਘ ਦੇ ਘਰ ਬੈਠਾ ਹੋਇਆ ਸੀ। ਸ਼ਾਮ ਦੇ ਪੰਜ ਵਜੇ ਦੇ ਕਰੀਬ ਬੱਸ ਕਾਬਲ ਸਿੰਘ ਦਾ ਮ੍ਰਿਤਕ ਸਰੀਰ ਲੈ ਕੇ ਆ ਗਈ। ਸਿਰ ਵਿਚ ਜ਼ਿਆਦਾ ਸੱਟ ਲੱਗ ਗਈ ਸੀ। ਮੇਰੇ ਭਾਈ ਅਜੀਤ ਸਿੰਘ ਨੇ ਦੱਸਿਆ ਕਿ

ਜਦੋਂ ਹੁਸ਼ਿਆਰਪੁਰ ਲੈ ਕੇ ਆਏ ਸੀ ਤਾਂ ਕਾਬਲ ਸਿੰਘ ਲੰਮੇ-ਲੰਮੇ ਸਾਹ ਲੈ ਰਿਹਾ ਸੀ। 11-6-1990 ਨੂੰ ਸਸਕਾਰ ਕਰ ਦਿੱਤਾ ਗਿਆ। ਇਸ ਦਾ ਪੈਸਾ ਕਰਮ ਕੌਰ ਨੂੰ ਮਿਲ ਗਿਆ ਸੀ। ਇਸ ਕੇਸ ਦੀ ਪੈਰਵੀ ਮੇਰੇ ਭਾਈ ਅਜੀਤ ਸਿੰਘ ਨੇ ਕੀਤੀ ਤੇ ਕਰਮ ਕੌਰ ਨੂੰ ਪੈਨਸ਼ਨ ਵੀ ਲਗਵਾ ਕੇ ਦਿੱਤੀ। ਜਿਸ ਦਿਨ ਕਾਬਲ ਸਿੰਘ ਦੀ ਮੌਤ ਹੋਈ ਉਸ ਦਿਨ ਵੀ ਉਹ ਤਾਰਾਗੜ੍ਹ ਵਿਖੇ ਕਿਸੇ ਡੇਰੇ ਚੌਂਕੀ ਭਰਨ ਜਾ ਰਿਹਾ ਸੀ। ਉਸ ਨੂੰ ਕੀ ਪਤਾ ਸੀ ਕਿ ਅੱਜ ਮੇਰੀ ਹੀ ਆਖਰੀ ਚੌਂਕੀ ਹੈ।

ਕਰਮ ਕੌਰ ਦੀ ਮੌਤ:- ਕਰਮ ਕੌਰ ਦੀ ਮੌਤ 10-10-2013 ਨੂੰ ਦਿਮਾਗ ਦੀ ਨਾਲੀ ਫਟਣ ਨਾਲ ਹੋਈ। ਅਚਾਨਕ ਉਸ ਦਾ ਬੀ.ਪੀ. ਵੱਧ ਗਿਆ ਤਾਂ ਇਹ ਘਟਨਾ ਵਾਪਰ ਗਈ। ਮਿਤੀ 21-10-2013 ਨੂੰ ਆਪ ਦੇ ਨਮਿਤ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ। ਆਈਆਂ ਸੰਗਤਾਂ ਵਾਸਤੇ ਗੁਰੂ ਦੇ ਅਟੁੱਟ ਲੰਗਰ ਵਰਤਾਏ ਗਏ। ਪਰਿਵਾਰ ਦੀ ਜ਼ਿੰਮੇਵਾਰੀ ਦੀ ਪਗੜੀ ਕਰਮ ਕੌਰ ਦੇ ਦੋਹਤੇ ਪਰਮਿੰਦਰ ਸਿੰਘ ਦੇ ਬੰਨ੍ਹਾਈ ਗਈ।

4. ਦਿਲਬਾਗ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਮਹਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੁਹੱਲਾ ਪ੍ਰੇਮਗੜ੍ਹ ਵਿਚ ਹਨ। ਆਪ ਆਪਣੇ ਪਿਤਾ ਅਮਰ ਸਿੰਘ ਦੇ ਸਭ ਤੋਂ ਛੋਟੇ ਲੜਕੇ ਹਨ। ਆਪ ਨੇ 7 ਜਮਾਤਾਂ ਪਾਸ ਕਰਨ ਉਪਰੰਤ ਘਰ ਦਾ ਕੰਮਕਾਰ ਕਰਨਾ ਸ਼ੁਰੂ ਕਰ ਦਿੱਤਾ। ਆਪ ਦੇ ਵੱਡੇ ਤਿੰਨ ਭਾਈ ਵੀ ਸਾਬਕਾ ਫੌਜੀ ਸਨ। ਉਸ ਸਮੇਂ ਰਾਮਦਾਸੀਆ ਪਰਿਵਾਰ ਦੇ ਬਹੁਤ ਸਾਰੇ ਮੈਂਬਰ ਘਰੇਲੂ ਕੰਮਕਾਰ ਕਰਨ ਦੀ ਬਜਾਏ ਫੌਜ ਵਿਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਨੂੰ ਤਰਜੀਹ ਦਿੰਦੇ ਸਨ। ਆਪ ਸਿਪਾਹੀ ਤੋਂ ਸੂਬੇਦਾਰ ਬਣ ਕੇ ਅਪ੍ਰੈਲ 1984 ਈ: ਵਿਚ ਪੈਨਸ਼ਨ ਆਏ। ਆਪ ਨੇ ਵੀ ਫੌਜ ਵਿਚ 1962 ਤੇ 1965 ਦੀ ਲੜਾਈ ਲੜੀ ਹੈ। 1962 ਦੀ ਲੜਾਈ ਸਮੇਂ ਆਪ ਦੇ ਪੈਰ 'ਤੇ ਸੱਟ ਲੱਗ ਗਈ ਸੀ। ਜਦੋਂ ਆਪ ਘਰ ਆਏ ਤਾਂ ਆਪ ਦੇ ਪੈਰ 'ਤੇ ਪਲੱਸਤਰ ਲੱਗਾ ਹੋਇਆ ਸੀ। ਆਪ ਆਪਣੀ ਸਰਵਿਸ ਦੌਰਾਨ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਗਏ। ਮੈਂ ਆਪ ਦੇ ਪਾਸ ਜੂਨ 1976 ਈ: ਵਿਚ ਜੰਮੂ ਨੇੜੇ ਨਵਾਂਸ਼ਹਿਰ ਵਿਖੇ ਗਿਆ ਸੀ। ਮੇਰੇ ਨਾਲ ਮੇਰਾ ਜੀਜਾ ਬਿਧੀ ਸਿੰਘ ਸੀ। ਮੇਰੇ ਤੋਂ ਮਗਰੋਂ ਆਪ ਦਾ ਲੜਕਾ ਮੁਖਤਿਆਰ ਸਿੰਘ ਵੀ ਗਿਆ ਸੀ। ਆਪ ਜਦੋਂ ਵੀ ਛੁੱਟੀ ਆਉਂਦੇ ਤਾਂ ਘਰ ਦਾ ਕੋਈ ਨਾ ਕੋਈ ਕੰਮਕਾਰ ਕਰਦੇ ਰਹਿੰਦੇ। ਸਭ ਤੋਂ ਪਹਿਲਾਂ ਆਪ ਨੇ ਆਪਣੇ ਜੱਦੀ ਘਰ ਨੂੰ ਢਾਹ ਕੇ ਨਵਾਂ ਬਣਾਇਆ। ਦੋ ਸਾਲ ਮਗਰੋਂ ਉਸ ਉੱਪਰ ਚੁਬਾਰਾ ਬਣਾ ਦਿੱਤਾ। ਉਸ ਸਾਲ ਆਪ ਨੂੰ ਪੀਲੀਏ ਦੀ ਸ਼ਿਕਾਇਤ ਹੋ ਗਈ ਸੀ।

ਪਲਾਟ ਵਿਚ ਨਵੇਂ ਮਕਾਨ:- ਜੂਨ 1984 ਈ: ਵਿਚ ਆਪਣੇ ਪਲਾਟ ਦੀ ਚਾਰ ਦੀਵਾਰੀ ਕੀਤੀ। ਉਸ ਵਿਚ ਭਰਤੀ ਪਾ ਕੇ ਇਕ ਬੈਠਕ ਬਣਾਈ ਤੇ ਪਸ਼ੂਆਂ ਵਾਸਤੇ ਕਮਰਾ ਬਣਾਇਆ। ਇਸ ਤੋਂ ਉਪਰੰਤ ਪਹਿਲਾਂ ਲਏ ਪਲਾਟ ਵਿਚ ਮਕਾਨ ਉਸਾਰੀ ਕੀਤੀ ਜੋ ਮਈ 1985 ਤੱਕ ਚਲਦੀ ਰਹੀ। ਇਸ ਕੰਮ ਵਾਸਤੇ ਮਿਸਤਰੀ ਲਾਭ ਸਿੰਘ

ਸਾਹਰਗੀ ਸੀ। ਇਨ੍ਹਾਂ ਮਕਾਨਾਂ ਉਪਰ ਕਈ ਵਾਰ ਪੈਸਾ ਖਰਚ ਕੀਤਾ। ਅਖੀਰ ਵਿਚ 2012 ਵਿਚ ਸਾਰਾ ਮਕਾਨ ਢਾਅ ਕੇ ਦੋ ਮੰਜ਼ਿਲਾ ਕੋਠੀ ਬਣਾ ਦਿੱਤੀ ਗਈ। ਪੈਨਸ਼ਨ ਆ ਕੇ ਆਪ ਦੇ ਟਾਰਗੈੱਟ ਸਨ ਇਕ ਮਕਾਨ ਉਸਾਰੀ ਤੇ ਦੂਜੀ ਕਰਿਆਨੇ ਦੀ ਦੁਕਾਨ। ਕਈ ਵਿਅਕਤੀਆਂ ਨੇ ਪਿੰਡ ਵਿਚ ਦੁਕਾਨਾਂ ਪਾਈਆਂ ਹਨ ਪਰ ਉਹ ਸਫ਼ਲ ਨਹੀਂ ਹੋਏ। ਸਿਰਫ਼ ਆਪ ਹੀ ਪਹਿਲੇ ਇਨਸਾਨ ਸੀ ਜਿਸ ਦੀ ਦੁਕਾਨ ਨਿਰੰਤਰ ਚੱਲ ਰਹੀ ਹੈ।

ਵੰਸ਼:- ਆਪ ਦੇ ਵੰਸ਼ ਵਿਚ ਚਾਰ ਲੜਕੇ- ਮੁਖਤਿਆਰ ਸਿੰਘ, ਜਸਵੰਤ ਸਿੰਘ ਤੇ ਗੁਰਚਰਨ ਸਿੰਘ ਹਨ। ਇਨ੍ਹਾਂ ਵਿਚੋਂ ਇਕ ਲੜਕਾ ਬਲਵੀਰ ਸਿੰਘ ਬੱਬੀ 14-6-1983 ਨੂੰ ਭਰ ਜਵਾਨੀ ਵਿਚ ਸੁਰਗਵਾਸ ਹੋ ਗਿਆ ਸੀ।

1. **ਮੁਖਤਿਆਰ ਸਿੰਘ:-** ਆਪ ਦਸਵੀਂ ਜਮਾਤ ਪਾਸ ਕਰਨ ਉਪਰੰਤ ਦੋ ਸਾਲ ਮਗਰੋਂ ਫੌਜ ਵਿਚ ਭਰਤੀ ਹੋ ਗਏ। ਆਪ 2012 ਵਿਚ ਪੈਨਸ਼ਨ ਆ ਗਏ ਹਨ। ਪਿੰਡ ਆ ਕੇ ਸੜਕ ਕਿਨਾਰੇ ਨਵੀਂ ਕੋਠੀ ਪਾਈ ਹੈ। ਜਿਸ ਦੀ ਚੱਠ 15-7-2012 ਨੂੰ ਕੀਤੀ ਗਈ। ਆਪ ਦੀ ਸ਼ਾਦੀ ਜੁਲਾਈ 1985 ਈ: ਵਿਚ ਕਮਲਜੀਤ ਕੌਰ ਨਾਲ ਹੋਈ ਜਿਸ ਦੇ ਪੇਕੇ ਸਿੰਗੜੀਵਾਲਾ ਵਿਖੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕੀ ਤੇ ਇਕ ਲੜਕਾ ਹੈ। ਆਪ ਦੀ ਲੜਕੀ ਦੀਪੂ ਬਚਪਨ ਤੋਂ ਹੀ ਸਰੀਰਕ ਤੌਰ ਤੇ ਠੀਕ ਨਹੀਂ ਸੀ। ਆਪ ਨੇ ਇਸ ਦਾ ਇਲਾਜ ਵੀ ਬਹੁਤ ਕਰਵਾਇਆ ਹੈ। ਅੰਤ 2-11-2010 ਨੂੰ ਲੜਕੀ ਦੀ ਮੌਤ ਹੋ ਗਈ। ਪਰ ਸਸਕਾਰ 23-11-2010 ਨੂੰ ਪਿੰਡ ਗਗਨੋਲੀ ਵਿਖੇ ਕੀਤਾ ਗਿਆ ਸਸਕਾਰ ਲੇਟ ਤਾਂ ਕੀਤਾ ਕਿ ਇਨ੍ਹਾਂ ਦੇ ਲੜਕੇ ਦੇ ਪੇਪਰ ਪੈਂਦੇ ਸਨ। ਲੜਕੀ ਦੇ ਨਮਿਤ ਭੋਗ 1-12-2010 ਨੂੰ ਪਾਇਆ ਗਿਆ। ਸੰਤ ਸੇਵਾ ਦਾਸ ਡੇਰਾ ਬਾਬਾ ਮਾਹਨ ਦਾਸ ਜੀ ਨੇ ਭੋਗ ਸਮੇਂ ਆਉਣਾ ਸੀ ਪਰ ਬਾਬਾ ਜੀ ਆਪ ਹੀ ਅੰਮ੍ਰਿਤ ਵੇਲੇ ਦਿਲ ਦੇ ਦੌਰੇ ਨਾਲ ਬ੍ਰਹਮਲੀਨ ਹੋ ਗਏ। ਇਹ ਕਿਸੇ ਦੇ ਵਸ ਦੀ ਗੱਲ ਨਹੀਂ ਹੈ ਸਭ ਅਕਾਲ ਪੁਰਖ ਦਾ ਹੁਕਮ ਹੈ।

ਜਸਵੰਤ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਸੁਖਵੀਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦੌਲੋਵਾਲ ਹਨ। ਆਪ ਦੇ ਸਹੁਰਾ ਸਾਹਿਬ ਦਾ ਨਾਮ ਕਾਂਸ਼ੀ ਰਾਮ ਹੈ ਜੋ ਭਾਰਤੀ ਰੇਲ ਵਿਭਾਗ ਵਿਚ ਨੌਕਰੀ ਕਰਦਾ ਸੀ। ਉਹ ਤੇ ਆਤਮਾ ਸਿੰਘ ਸਾਹਰਗੀ ਇਕੱਠੇ ਨੌਕਰੀ ਕਰਦੇ ਸਨ।

ਆਪ ਨੇ ਬੀ.ਏ. ਪਾਸ ਕੀਤੀ ਹੈ। ਨੌਕਰੀ ਵਾਸਤੇ ਕਈ ਵਾਰ ਕੋਸ਼ਿਸ਼ ਕੀਤੀ ਪਰ... ਗੱਲ ਨਹੀਂ ਬਣੀ। ਆਪ ਨੂੰ ਸਰਕਾਰੀ ਨੌਕਰੀ ਮਿਤੀ 17-8-1990 ਨੂੰ ਭਾਰਤੀ ਰੇਲ ਵਿਭਾਗ ਵਿਚ ਮਿਲੀ। ਇਸ ਵਿਚ ਆਪ ਦੀ ਮਦਦ ਆਤਮਾ ਸਿੰਘ ਸਾਹਰਗੀ ਨੇ ਕੀਤੀ ਤੇ ਆਪ ਦਾ ਰਿਸ਼ਤਾ ਵੀ ਉਸ ਦੇ ਰਾਹੀਂ ਪਿੰਡ ਦੌਲੋਵਾਲ ਵਿਖੇ ਹੋਇਆ। ਆਪ ਦਾ ਠਾਕਾ 2-9-1990 ਅੱਡਾ ਨਸਰਾਲਾ ਤੇ ਵਿਆਹ 24-6-1991 ਦਾ ਹੈ।

ਜਸਵੰਤ ਸਿੰਘ ਸਾਫ ਦਿਲ ਇਨਸਾਨ ਹੈ। ਕਿਸੇ ਨਾਲ ਕੋਈ ਹੇਰਾਫੇਰੀ ਕਰਨ ਵਾਲਾ ਨਹੀਂ ਹੈ। ਜਲਦੀ ਹੀ ਆਪ ਪਰਿਵਾਰ ਸਮੇਤ ਸਰਕਾਰੀ ਕਵਾਟਰ ਵਿਚ ਜਲੰਧਰ ਚਲੇ ਗਏ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਤੇ ਲੜਕੀ ਹੈ। ਦੋਵੇਂ ਜਲੰਧਰ ਪੜ੍ਹਦੇ ਹਨ।

ਗੁਰਚਰਨ ਸਿੰਘ:- ਆਪ ਨੇ +2 ਪਾਸ ਕਰਨ ਉਪਰੰਤ ਕਈ ਕੰਮ ਕੀਤੇ ਹਨ। ਪਰ ਜ਼ਿਆਦਾ ਸਮਾਂ ਘਰੇਲੂ ਕੰਮ ਹੀ ਕੀਤਾ ਹੈ। 2-4 ਸਾਲ ਡੁਬਈ ਵਿਚ ਲਾਏ ਹਨ। ਹੁਣ ਘਰ ਦੀ ਦੁਕਾਨ ਹੀ ਕਰ ਰਿਹਾ ਹੈ। ਆਪ ਦੀ ਧਰਮ ਪਤਨੀ ਦਾ ਨਾਮ ਨੀਰਜਾ ਹੈ, ਜਿਸ ਦੇ ਪੇਕੇ ਲੁਧਿਆਣੇ ਹਨ। ਆਪ ਦੀ ਇਕ ਬੇਟੀ ਹੈ।

ਨੋਟ: ਅਮਰ ਸਿੰਘ ਦੇ ਚਾਰ ਲੜਕੇ ਹਨ ਜਿਨ੍ਹਾਂ ਵਿਚੋਂ ਦਿਲਬਾਗ ਸਿੰਘ ਨੂੰ ਆਪਣੀ ਔਲਾਦ ਦਾ ਸੁੱਖ ਪ੍ਰਾਪਤ ਹੋਇਆ ਹੈ। ਸਾਰੇ ਲੜਕੇ ਇਨ੍ਹਾਂ ਦੇ ਹੁਕਮ ਦੀ ਪਾਲਣਾ ਕਰਦੇ ਹਨ।

* 2. **ਤੁਲਸੀ ਦਾਸ:-** ਆਪ ਵੀ ਉੱਚੇ ਲੰਮੇ ਤੇ ਸੋਹਣੇ ਸੁਨੱਖੇ ਜਵਾਨ ਸਨ। ਤਕਰੀਬਨ ਸਾਰੇ ਭਰਾਵਾਂ ਦਾ ਕੱਦ ਲੰਮਾ ਸੀ। ਆਪ ਬਚਪਨ ਤੋਂ ਹੀ ਆਪਣੇ ਸੁਭਾਅ ਦੇ ਸਨ। ਆਪ ਨੇ ਵੀ ਥੋੜ੍ਹਾ ਸਮਾਂ ਬਾਰ ਦੀ ਧਰਤੀ ਤੇ ਖੇਤੀਬਾੜੀ ਦਾ ਕੰਮ ਕੀਤਾ। ਆਪ ਕਦੇ-ਕਦੇ ਦੱਸਦੇ ਹੁੰਦੇ ਸਨ ਕਿ ਅਮਰ ਸਿੰਘ ਦਾ ਲੜਕਾ ਕਰਤਾਰ ਸਿੰਘ ਵੀ ਬਾਰ ਵਿਚ ਗਿਆ ਸੀ। ਜਦੋਂ ਕਣਕਾਂ ਦੀ ਕਟਾਈ ਚੱਲ ਰਹੀ ਸੀ। ਸਾਡਾ ਪਰਿਵਾਰ 85 ਚੱਕ ਵਿਚ ਰਹਿੰਦਾ ਸੀ।

ਧਰਮ ਪਤਨੀ:- ਆਪ ਦੀ ਧਰਮ ਪਤਨੀ ਦਾ ਨਾਮ ਜੀਣੀ ਸੀ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਲਡੋਈ ਸਨ। ਸਾਡੀ ਤਾਈ ਜੀਣੀ ਇਨ੍ਹਾਂ ਦੇ ਕੋਲੋਂ ਬਹੁਤ ਡਰਦੀ ਹੁੰਦੀ ਸੀ। ਆਪ ਦਾ ਸੁਭਾਅ ਸਖ਼ਤ ਸੀ।

ਵੰਸ਼:- ਆਪ ਦੇ ਵੰਸ਼ ਵਿਚ ਪੰਜ ਲੜਕੇ ਤੇ ਇਕ ਲੜਕੀ ਸੀ ਜੋ ਬਾਲ ਅਵਸਥਾ ਵਿਚ ਹੀ ਗੁਜਰ ਗਏ ਸਨ। ਜਦੋਂ ਆਪ ਬਾਰ (ਪਾਕਿ) ਵਿਚ ਰਹਿੰਦੇ ਸਨ ਤਾਂ ਆਪ ਘਰੋਂ ਬਜ਼ਾਰ ਨੂੰ ਸਮਾਨ ਲੈਣ ਗਏ ਪਰ ਵਾਪਸ ਨਹੀਂ ਆਏ। ਆਪ ਨੇ ਵੈਰਾਗ ਵਿਚ ਆ ਕੇ ਗੇਰੀ ਰੰਗ ਦਾ ਚੋਲਾ ਸਮਾ ਲਿਆ ਤੇ ਡੇਰਾ ਬਾਬਾ ਜੈਮਲ ਸਿੰਘ ਬਿਆਸ ਚਲੇ ਗਏ। ਉਸ ਸਮੇਂ ਗੱਦੀ ਤੇ ਬਾਬਾ ਸਾਵਣ ਸਿੰਘ ਬਿਰਾਜਮਾਨ ਸਨ। ਜਦੋਂ ਆਪ ਉਨ੍ਹਾਂ ਦੀ ਸ਼ਰਨ ਵਿਚ ਗਏ ਤਾਂ ਉਨ੍ਹਾਂ ਦੇ ਹੋ ਕੇ ਹੀ ਰਹਿ ਗਏ। ਸਾਡੇ ਚਾਚਾ ਰੂੜ ਸਿੰਘ ਨੇ ਦੱਸਿਆ ਕਿ ਸਾਨੂੰ ਵੀਹ ਸਾਲ ਮਗਰੋਂ ਪਤਾ ਲੱਗਾ ਕਿ ਸਾਡਾ ਭਾਈ ਤੁਲਸੀ ਦਾਸ ਡੇਰਾ ਬਿਆਸ ਰਹਿੰਦਾ ਹੈ। ਉਨ੍ਹਾਂ ਦੀ ਧਰਮ ਪਤਨੀ ਜੀਣੀ ਉਨ੍ਹਾਂ ਦੇ ਮਗਰੋਂ ਸੁਰਗਵਾਸ ਹੋ ਗਈ। ਚਾਚਾ ਜੀ ਨੇ ਇਹ ਵੀ ਦੱਸਿਆ ਕਿ ਜਦੋਂ ਆਪ ਪਿੰਡ ਆਏ ਤਾਂ ਸਾਰੀ-ਸਾਰੀ ਰਾਤ ਭਗਤੀ ਕਰਦੇ ਸਨ। ਜੇ ਉਨ੍ਹਾਂ ਗ੍ਰਹਿਸਤ ਦਾ ਤਿਆਗ ਕੀਤਾ ਫਿਰ ਪਿੱਛਾ ਮੁੜ ਕੇ ਨਹੀਂ ਦੇਖਿਆ। ਆਪਣਾ ਸਾਰਾ ਜੀਵਨ ਡੇਰਾ ਬਿਆਸ ਵਿਚ ਹੀ ਬਤੀਤ

ਕੀਤਾ। ਡੇਰੇ ਦੇ ਪੁਰਾਣੇ ਸਤਿਸੰਗੀ ਸਾਰੇ ਆਪ ਦੀ ਕਦਰ ਕਰਦੇ ਸਨ। ਆਪਣੇ ਪਿਛਲੇਰੇ ਜੀਵਨ ਵਿਚ ਬਾਬਾ ਤੁਲਸੀ ਦਾਸ ਕਦੇ ਪਿੰਡ ਆ ਜਾਂਦੇ ਤੇ ਕਦੇ ਡੇਰਾ ਬਿਆਸ ਚਲੇ ਜਾਂਦੇ ਸਨ। ਸਾਡੇ ਪਰਿਵਾਰ ਨਾਲ ਉਨ੍ਹਾਂ ਦੀ ਬਹੁਤ ਹਮਦਰਦੀ ਸੀ। ਜਦੋਂ ਪੱਠੇ ਕੁਤਰਦੇ ਤਾਂ ਨਾਲ ਕੰਮ ਕਰਾ ਦਿੰਦੇ ਸਨ। ਉਹ ਕੱਪੜਾ ਵੀ ਬੁਣ ਲੈਂਦੇ ਸਨ ਸਾਡਾ ਚਾਚਾ ਸ਼ੰਕਰ ਸਿੰਘ ਖੇਤੀ ਕਰਦਾ ਸੀ। ਆਪ ਕਦੇ-ਕਦੇ ਦੂਰ ਹਲ ਵਾਹੁੰਦੇ ਨੂੰ ਰੋਟੀ ਜਾਂ ਚਾਹ ਵੀ ਲੈ ਜਾਂਦੇ ਸਨ।

*** ਉਨ੍ਹਾਂ ਦੇ ਜੀਵਨ ਨਾਲ ਕੁਝ ਪਰਪੱਕ ਸਚਾਈਆਂ:**

1. ਬਾਬਾ ਜੀ ਆਪ ਦੱਸਦੇ ਹੁੰਦੇ ਸਨ ਜੋ ਸਤਿਸੰਗ ਘਰ ਸਤੰਬਰ 1934 ਈ: ਵਿਚ ਬਣਿਆ ਹੈ। ਮੈਂ ਇਸ ਦੀ ਪੰਜਵੀਂ ਮੰਜ਼ਲ 'ਤੇ ਦਸ ਇੱਟਾਂ ਲੈ ਕੇ ਚੜ੍ਹ ਗਿਆ। ਇਸ ਨੂੰ ਵੇਖ ਕੇ ਬਾਬਾ ਸਾਵਣ ਸਿੰਘ ਜੀ ਨੇ ਮੈਨੂੰ ਥਾਪੀ ਦਿੱਤੀ ਤੇ ਖੁਸ਼ ਹੋ ਕੇ ਪੰਜ ਲੱਡੂ ਦਿੱਤੇ। ਉਸ ਸਮੇਂ ਸੰਗਤ ਥੋੜ੍ਹੀ ਸੀ ਤੇ ਬਾਬਾ ਸਾਵਣ ਸਿੰਘ ਸਤਿਸੰਗ ਇਸ ਦੇ ਵਿਚ ਹੀ ਕਰਦੇ ਸਨ। ਸੰਗਤ ਦੇ ਆਰਾਮ ਕਰਨ ਦੀ ਥਾਂ ਵੀ ਇਹੋ ਸੀ। ਅਸੀਂ ਛੋਟੇ ਹੁੰਦੇ ਰਾਤ ਨੂੰ ਇਸ ਦੇ ਅੰਦਰ ਸੌਂਦੇ ਸੀ। ਗਰਮੀਆਂ ਨੂੰ ਆਮ ਸੰਗਤ ਇਸ ਦੇ ਆਸ ਪਾਸ ਆਰਾਮ ਕਰਦੀ ਹੁੰਦੀ ਸੀ। ਇਸ ਦੀ ਛੇਵੀਂ ਮੰਜ਼ਿਲ 'ਤੇ ਗੁਬੰਦ ਬਣਿਆ ਹੋਇਆ ਸੀ।

2. **ਥਾਂ 'ਤੇ ਕਬਜ਼ਾ:-** ਜਿਸ ਸਮੇਂ ਬਾਬਾ ਜੈਮਲ ਸਿੰਘ ਦਰਿਆ ਬਿਆਸ ਦੇ ਕਿਨਾਰੇ ਛੰਨ ਪਾ ਕੇ ਬੈਠੇ ਸਨ ਤਾਂ ਇਥੇ ਡੇਰੇ ਦੀ ਜ਼ਮੀਨ ਕੋਈ ਨਹੀਂ ਸੀ। ਜਿਸ ਸਤਿਸੰਗ ਸ਼ੈੱਡ ਵਿਚ ਬਾਬਾ ਚਰਨ ਸਿੰਘ 1951 ਤੋਂ ਲੈ ਕੇ ਮਈ 1990 ਤੱਕ ਸਤਿਸੰਗ ਕਰਦੇ ਰਹੇ। ਇਸ ਥਾਂ ਦੇ ਉੱਪਰ ਪਿੰਡ ਵੜੈਚਾਂ ਦੇ ਜੱਟ ਆਪਣਾ ਕਬਜਾ ਸਮਝਦੇ ਸਨ। ਚਾਚਾ ਰੂੜ ਸਿੰਘ ਤੇ ਡੇਰੇ ਦੇ ਇਕ ਬਿਰਧ ਵਿਅਕਤੀ ਨੇ ਇਹ ਗੱਲ ਡੇਰਾ ਬਿਆਸ ਵਿਖੇ ਸਤਿਸੰਗ ਸ਼ੈੱਡ ਵਿਚ ਬੈਠਿਆਂ ਸਾਨੂੰ ਦੱਸੀ ਕਿ ਇਸ ਥਾਂ 'ਤੇ ਕਬਜ਼ਾ ਤੁਲਸੀ ਦਾਸ ਨੇ ਹੱਲ ਵਾਹ ਕੇ ਕੀਤਾ। ਤੁਲਸੀ ਦਾਸ ਨੇ ਹੱਲ ਵਾਹੁਣ ਵੇਲੇ ਵੜੈਚਾਂ ਪਿੰਡ ਦੇ ਲੋਕਾਂ ਨੂੰ ਲਲਕਾਰਿਆ ਤੇ ਕਿਹਾ, "ਆਓ ਕਿਹੜਾ ਆਦਮੀ ਮੇਰੇ ਗੁਰੂ ਦਾ ਹੱਲ ਰੋਕਦਾ ਹੈ।" ਬਾਬਾ ਸਾਵਣ ਸਿੰਘ ਨੇ ਕਿਹਾ, "ਤੁਲਸੀ ਦਾਸ ਅਸੀਂ ਕਿਸੇ ਨਾਲ ਝਗੜਾ ਨਹੀਂ ਕਰਨਾ ਹੈ।" ਪਰ... ਤੁਲਸੀ ਦਾਸ ਨੇ ਕਿਹਾ ਇਹ ਥਾਂ ਬਾਬਾ ਜੀ ਸਾਡਾ ਹੈ ਸਾਡਾ ਹੀ ਰਹੇਗਾ। ਚਾਚਾ ਰੂੜ ਸਿੰਘ ਨੇ ਦੱਸਿਆ ਕਿ ਉਸ ਦਿਨ ਤੋਂ ਫਿਰ ਇਸ ਥਾਂ 'ਤੇ ਡੇਰੇ ਦਾ ਕਬਜ਼ਾ ਹੋ ਗਿਆ। ਬਾਬਾ ਸਾਵਣ ਸਿੰਘ ਨੇ ਖੁਸ਼ ਹੋ ਕੇ ਦੇਸੀ ਘਿਓ ਦੀ ਚੂਰੀ ਆਪਣੇ ਚਰਨ ਸੇਵਕ ਤੁਲਸੀ ਦਾਸ ਨੂੰ ਖਾਣ ਲਈ ਦਿੱਤੀ। ਪਰ ਇਸ ਦਾ ਗਲਤ ਅਰਥ ਨਾ ਲਿਆ ਜਾਵੇ ਕਿ ਗੁਰੂ ਲੋਕਾਂ ਦੇ ਥਾਂ 'ਤੇ ਕਬਜ਼ਾ ਕਰਨ ਨੂੰ ਉਕਸਾਉਂਦੇ ਸਨ।

ਡੇਰੇ ਦੇ ਖੂਹ:- ਬਾਬਾ ਜੈਮਲ ਸਿੰਘ ਦੇ ਡੇਰੇ ਵਿਚ ਪੀਣ ਵਾਲੇ ਪਾਣੀ ਦਾ ਕੋਈ ਸਾਧਨ ਨਹੀਂ ਸੀ। ਭੰਡਾਰੇ ਦੇ ਸਮੇਂ ਬਾਬਾ ਸਾਵਣ ਸਿੰਘ ਆਪ ਗਾਗਰ ਲੈ ਕੇ ਨਾਲ ਦੇ ਪਿੰਡ ਵੜੈਚਾਂ ਤੋਂ ਪਾਣੀ ਲਿਆਉਂਦੇ ਸਨ। ਉਨ੍ਹਾਂ ਆਪਣੇ ਗੁਰੂ ਬਾਬਾ ਜੈਮਲ ਸਿੰਘ ਤੋਂ ਆਗਿਆ ਲੈ ਕੇ ਡੇਰੇ ਵਿਚ ਦੋ ਖੂਹ ਲਗਵਾਏ। ਇਨ੍ਹਾਂ ਖੂਹਾਂ ਦੇ ਵਿਚ ਵੜ ਕੇ ਉਨ੍ਹਾਂ ਦੇ

ਚਰਨ ਸੇਵਕ ਤੁਲਸੀ ਦਾਸ ਨੇ ਸੇਵਾ ਕੀਤੀ ਹੈ।

ਤੂੜੀ ਦੇ ਕੁੱਪ:- ਜਦੋਂ ਡੇਰਾ ਬਿਆਸ ਨੇ ਆਪਣਾ ਖੇਤੀ ਦਾ ਕੰਮ ਵਧਾ ਲਿਆ ਤਾਂ ਤੁਲਸੀ ਦਾਸ ਹੱਲ ਵੀ ਵਾਹੁੰਦੇ ਰਹੇ ਤੇ ਖੇਤੀ ਨਾਲ ਸਬੰਧ ਹੋਰ ਕੰਮ ਵੀ ਕਰਦੇ ਰਹੇ। ਆਪ ਨੇ ਕਈ ਵਾਰ ਦੱਸਣਾ ਕਿ ਵੱਡੇ ਤੂੜੀ ਦੇ ਕੁੱਪ ਬਿਨਾ ਪੌੜੀ ਤੋਂ ਬੰਨ੍ਹ ਲੈਂਦੇ ਸੀ। ਡੇਰੇ ਦੇ ਪੁਰਾਣੇ ਸੇਵਾਦਾਰ ਆਪ ਦੀ ਕਦਰ ਕਰਦੇ ਸਨ।

ਇਕ ਵਾਰ ਦੀ ਗੱਲ ਹੈ ਕਿ ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਉਨ੍ਹਾਂ ਦੇ ਨਾਲ ਡੇਰਾ ਬਿਆਸ ਗਿਆ। ਦਰਿਆ ਦੇ ਪਾਸੇ ਵੱਡੀਆਂ-ਵੱਡੀਆਂ ਸਾਧੂਆਂ ਦੀਆਂ ਗੁਫਾਵਾਂ ਸਨ ਜਿਨ੍ਹਾਂ ਵਿਚ ਬਹੁਤ ਸਾਰੇ ਸਾਧੂ ਰਹਿੰਦੇ ਸਨ। ਇਕ ਸੇਵਾਦਾਰ ਨੇ ਬਾਬਾ ਤੁਲਸੀ ਦਾਸ ਨੂੰ ਜਾਣ ਤੋਂ ਰੋਕਿਆ ਕਿ ਇਸ ਪਾਸੇ ਜਾਣ ਦੀ ਮਨਾਹੀ ਹੈ। ਜਦੋਂ ਉਹ ਸੇਵਾਦਾਰ ਨੂੰ ਗੁੱਸੇ ਹੋਏ ਕਿ ਇਹ ਡੇਰਾ ਸਾਡਾ ਹੈ ਤੂੰ ਕੌਣ ਰੋਕਣ ਵਾਲਾ ਹੈ। ਥੋੜ੍ਹੇ ਹੀ ਸਮੇਂ ਵਿਚ ਇਕ ਪੁਰਾਣਾ ਸੇਵਾਦਾਰ ਆ ਗਿਆ ਤੇ ਉਸ ਨੇ ਡਿਊਟੀ 'ਤੇ ਖੜ੍ਹੇ ਸੇਵਾਦਾਰ ਨੂੰ ਕਿਹਾ ਕਿ, "ਇਨ੍ਹਾਂ ਨੂੰ ਤੂੰ ਨਹੀਂ ਰੋਕਣਾ ਹੈ। ਇਹ ਬਾਬਾ ਸਾਵਣ ਸਿੰਘ ਦੇ ਸਮੇਂ ਦੇ ਸੇਵਾਦਾਰ ਹਨ।" ਉਨ੍ਹਾਂ ਨੂੰ ਗੱਲ ਕਰਨ ਵਿਚ ਕੋਈ ਝਿਜਕ ਨਹੀਂ ਹੁੰਦੀ ਸੀ। ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ।

* **ਕਮਰਿਆਂ ਦੇ ਦਰਸ਼ਨ**:- ਜਦੋਂ ਅਸੀਂ ਡੇਰਾ ਬਿਆਸ ਜਾਣਾ ਤਾਂ ਬਾਬਾ ਤੁਲਸੀ ਦਾਸ ਜੀ ਨੇ ਬਾਬਾ ਜੈਮਲ ਸਿੰਘ, ਬਾਬਾ ਸਾਵਣ ਸਿੰਘ, ਸਰਦਾਰ ਬਹਾਦਰ ਜਗਤ ਸਿੰਘ ਜੀ ਮਹਾਰਾਜ ਦੇ ਕਮਰਿਆਂ ਦੇ ਦਰਸ਼ਨ ਕਰਵਾਉਣੇ ਅਤੇ ਕਹਿਣਾ ਕਿ ਇਹ ਕਮਰਾ ਬਾਬਾ ਜੈਮਲ ਸਿੰਘ ਦਾ ਹੈ ਜਿਥੇ ਉਨ੍ਹਾਂ ਨੇ ਭਗਤੀ ਕੀਤੀ ਹੈ। ਅੱਜ ਸੰਗਤ ਜ਼ਿਆਦਾ ਹੋਣ ਕਰਕੇ ਇਨ੍ਹਾਂ ਥਾਵਾਂ ਦੀ ਮਨਾਹੀ ਹੈ।

* **ਯੂ.ਪੀ. ਜਾਣਾ**:- ਇਕ ਵਾਰ ਆਪ ਯੂ.ਪੀ. ਚਲੇ ਗਏ, ਜਿਥੇ ਆਪ ਦੇ ਭਾਈ ਦੇ ਲੜਕੇ ਜ਼ਿਲ੍ਹਾ ਮੁਰਾਦਾਬਾਦ ਪਿੰਡ ਮਸਤਲੀਪੁਰ ਦੇਵਤਾ ਕਟਾਰ ਮੱਲ ਵਿਖੇ ਖੇਤੀ ਕਰਦੇ ਸਨ। ਗਰਮੀਆਂ ਦੀ ਰੁੱਤ ਸੀ। ਆਪ ਨੂੰ ਕੁਝ ਬੁਖਾਰ ਹੋ ਗਿਆ ਤੇ ਨਾਲੇ ਪੇਟ ਦਰਦ ਸੀ। ਕਰਤਾਰ ਸਿੰਘ ਨੇ ਇਕ ਮੁਸਲਮਾਨੀ ਕਲਾਮ ਪੜ੍ਹ ਕੇ ਪਾਣੀ ਪੀਣ ਨੂੰ ਦਿੱਤਾ ਕਿ ਇਸ ਨਾਲ ਆਰਾਮ ਆ ਜਾਵੇਗਾ। ਚੰਦ ਹੀ ਮਿੰਟਾਂ ਮਗਰੋਂ ਕਰਤਾਰ ਸਿੰਘ ਨੂੰ ਬੁਲਾ ਕੇ ਕਿਹਾ ਕਾਕਾ! ਆਹ ਮੁਸਲਮਾਨ ਕੌਣ ਹਨ ਜੋ ਮੇਰੇ ਮੰਜੇ ਦੇ ਕੋਲ ਘੁੰਮ ਰਹੇ ਹਨ। ਮੈਂ ਇਨ੍ਹਾਂ ਦੀ ਕਲਾਮ ਨਾਲ ਠੀਕ ਨਹੀਂ ਹੋਣਾ। ਮੈਂ ਵੈਦ ਕੋਲੋਂ ਦਵਾਈ ਲੈ ਲੈਂਦਾ ਹਾਂ। ਕਰਤਾਰ ਸਿੰਘ ਬਾਬਾ ਜੀ ਦੇ ਇਹ ਬੋਲ ਸੁਣ ਕੇ ਸੋਚਣ ਲਈ ਮਜ਼ਬੂਰ ਹੋ ਗਿਆ ਕਿ ਮੈਂ ਅਜਿਹਾ ਕਿਉਂ ਕੀਤਾ ਹੈ।

* **ਮਾਤਾ ਖੇਮੀ ਦੇਵੀ ਦਾ ਸੁਰਗਵਾਸ ਹੋਣਾ**:- ਮਾਤਾ ਖੇਮੀ ਦੇਵੀ ਨੂੰ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੇ ਸੁਰਗਵਾਸ ਹੋਣ ਬਾਰੇ ਕਿਹਾ ਸੀ, "ਮੈਂ ਤੇਰੇ ਤੋਂ ਪਹਿਲਾਂ ਜਾਂਦਾ ਚੰਗਾ ਨਹੀਂ ਲੱਗਦਾ। ਆਪਣੇ ਜਾਣ ਦੀ ਤਿਆਰੀ ਕਰ।" ਆਪਣੀ ਰੌਂਅ ਵਿਚ ਆ ਕੇ ਇਹ ਵੀ ਕਿਹਾ, "ਤੇਰੇ ਮੁਕਲਾਵੇ ਦੇ ਦਿਨ ਬੰਨ੍ਹ ਦਿੱਤੇ ਗਏ। ਸਹੁਰੇ ਜਾਣ ਦੀ ਤਿਆਰੀ

ਕਰ।" ਜੋ ਉਨ੍ਹਾਂ ਸਮਾਂ ਦਿੱਤਾ ਸੀ ਉਸ ਅਨੁਸਾਰ ਹੀ ਦਾਦੀ ਮਾਤਾ ਸੁਰਗਵਾਸ ਹੋਈ ਹੈ। ਉਨ੍ਹਾਂ ਦਾ ਬੋਲ ਅਟੱਲ ਸਚਾਈ ਸੀ।

ਗੁੱਗਾ ਨੌਮੀ:- ਕੁਝ ਸਾਲ ਪਹਿਲਾਂ ਆਪ ਬਿਮਾਰ ਹੋ ਗਏ। ਆਪ ਦਾ ਛੋਟੀ ਭਾਈ ਆਪ ਵਾਸਤੇ ਖਿਚੜੀ ਬਣਾ ਕੇ ਲੈ ਗਿਆ। ਆਪ ਨੇ ਸ਼ੁਗਲ ਵਿਚ ਕਿਹਾ ਕਿ ਅੱਜ ਦੇ ਦਿਨ ਤਾਂ ਖੋਤੇ ਵੀ ਚਾਵਲ ਨਹੀਂ ਖਾਂਦੇ ਤੁਸੀਂ ਮੇਰੇ ਲਈ ਖਿਚੜੀ ਲੈ ਕੇ ਆਏ ਹੋ। ਇਹ ਖਿਚੜੀ ਮੈਂ ਨਹੀਂ ਖਾਣੀ। ਆਪ ਦਾ ਭਾਈ ਮੁਣਸ਼ਾ ਸਿੰਘ ਨਰਾਜ਼ ਹੋ ਗਿਆ ਕਿ ਡਾਕਟਰ ਨੇ ਕਿਹਾ ਹੈ ਕਿ ਖਾਣ ਵਾਸਤੇ ਖਿਚੜੀ ਦਿਓ। ਬਾਬਾ ਤੁਲਸੀ ਦਾਸ ਝੱਟ ਸੁਖਦਾਸ ਦੇ ਘਰ ਚਲੇ ਗਏ ਤਾਂ ਉਨ੍ਹਾਂ ਦੀ ਧਰਮ ਪਤਨੀ ਨੇ ਉਨ੍ਹਾਂ ਨੂੰ ਖਾਣ ਵਾਸਤੇ ਸੇਵੀਆਂ ਦਿੱਤੀਆਂ। ਇਸ ਨਾਲ ਆਪ ਬਿਲਕੁਲ ਠੀਕ ਹੋ ਗਏ। ਇਕ ਉਨ੍ਹਾਂ ਕਿਹਾ ਕਿ ਹਵੇਲੀ ਵਿਚ ਜੋ ਪੁਰਾਣਾ ਫਲਾਹ ਦਾ ਲੰਬਾ ਮੋਛਾ ਹੈ ਇਸ ਨੂੰ ਪਾੜ ਕੇ ਬਾਲ਼ ਲਵੋ ਇਹ ਲੱਕੜ ਮੁਰਦੇ ਮੰਗਦੀ ਹੈ।

*** ਗਰੀਬ ਦਾਸ ਨੂੰ ਲੜਕਿਆਂ ਦਾ ਵਰਦਾਨ:-** 1. ਗਰੀਬ ਦਾਸ ਸਾਡੀ ਚਾਚੀ ਠਾਕਰੀ ਦਾ ਭਰਾ ਹੈ, ਜਿਸ ਦੀਆਂ ਪਹਿਲਾਂ ਲੜਕੀਆਂ ਸਨ। ਸਾਡੇ ਚਾਚੇ ਸ਼ੰਕਰ ਸਿੰਘ ਨੇ ਕਿਹਾ, "ਸੰਤੋ ਇਨ੍ਹਾਂ ਦੀ ਘਰਵਾਲੀ ਧੰਤੀ ਦਾ ਹੱਥ ਦੇਖੋ ਤੇ ਕੋਈ ਵਰ ਦਿਓ।" ਸੰਤਾਂ ਨੇ ਆਪਣੇ ਮੂੜ ਵਿਚ ਆ ਕੇ ਕਿਹਾ ਇਹ ਦਰੋਪਤੀ ਹੈ। ਪੰਜ ਪਾਡੋ ਹੋਣਗੇ। ਚਾਰ ਲੜਕੇ ਉਨ੍ਹਾਂ ਦੇ ਜਿਊਂਦਿਆਂ ਦੇ ਹਨ। ਪੰਜਵਾਂ ਲੜਕਾ ਉਨ੍ਹਾਂ ਦੇ ਸੁਰਗਵਾਸ ਹੋਣ ਮਗਰੋਂ ਹੋਇਆ ਹੈ। ਗਰੀਬ ਦਾਸ ਸੰਤਾਂ ਦੀ ਦਿਲੀ ਤੌਰ ਤੇ ਸੇਵਾ ਕਰਦਾ ਸੀ।

2. ਗਰੀਬ ਦਾਸ ਦਾ ਪਿਤਾ ਸੁਰਗਵਾਸ ਹੋ ਗਿਆ। ਉਹ ਆਪਣੇ ਪਿਤਾ ਦੀਆਂ ਅਸਤੀਆਂ ਡੇਰਾ ਬਿਆਸ ਦਰਿਆ ਵਿਚ ਜਲ ਪ੍ਰਵਾਹ ਕਰਨ ਗਿਆ। ਸੰਤ ਉਸ ਸਮੇਂ ਡੇਰੇ ਸਨ। ਜਦੋਂ ਉਨ੍ਹਾਂ ਅਰਦਾਸ ਕਰਕੇ ਅਸਤੀਆਂ ਜਲ ਪ੍ਰਵਾਹ ਕਰ ਦਿੱਤੀਆਂ ਤਾਂ ਗਰੀਬ ਦਾਸ ਆਪਣੇ ਪਿਤਾ ਦੇ ਬਾਰੇ ਸੋਚਣ ਲੱਗਾ। ਫਿਰ ਸੰਤਾਂ ਨੇ ਕਿਹਾ, "ਗਰੀਬ ਦਾਸ ਉਦਾਸ ਨਾ ਹੋ, ਤੇਰੇ ਘਰ ਹੀ ਵਾਪਸ ਆ ਜਾਵੇਗਾ। ਗਰੀਬ ਦਾਸ ਨੇ ਦੱਸਿਆ ਕਿ ਮੇਰੇ ਛੋਟੇ ਲੜਕੇ ਦੀ ਆਦਤ ਸੁਭਾਅ ਬਿਲਕੁਲ ਮੇਰੇ ਬਾਪੂ ਵਰਗਾ ਹੈ।

3. ਇਕ ਵਾਰ ਗਰੀਬ ਦਾਸ ਉਨ੍ਹਾਂ ਵਾਸਤੇ ਸੁੱਖ ਨਿਧਾਨ ਦਾ ਡੱਬਾ ਤਿਆਰ ਕਰਕੇ ਡੇਰਾ ਬਿਆਸ ਲੈ ਕੇ ਗਿਆ ਜਦੋਂ ਉਨ੍ਹਾਂ ਨੂੰ ਮੱਥਾ ਟੇਕਿਆ ਤਾਂ ਕਿਹਾ, "ਗਰੀਬ ਦਾਸ ਗਾਵਾਂ ਕੋਲੋਂ ਕਿਵੇਂ ਬਚਿਆ?" ਗਰੀਬ ਦਾਸ ਜਦੋਂ ਗੁੱਟਾਂ ਵਾਲੀ ਭੰਗ ਤੋੜ ਰਿਹਾ ਸੀ ਤਾਂ ਕੁਝ ਚੁੱਗਦੇ ਪਸ਼ੂ ਇਸ ਨੂੰ ਮਾਰਨ ਦੌੜੇ। ਗਰੀਬ ਦਾਸ ਝੱਟ ਇਕ ਦਰਖਤ 'ਤੇ ਚੜ੍ਹ ਗਿਆ ਤਾਂ ਆਪਣੀ ਜਾਨ ਬਚਾਈ।

4. ਗਰੀਬ ਦਾਸ ਨੇ ਦੱਸਿਆ ਕਿ ਮੈਂ ਇਕ ਇਸ਼ਟ ਦੀ ਅਰਾਧਨਾ ਕਰ ਰਿਹਾ ਸੀ। ਜਦੋਂ 40 ਦਿਨ ਪੂਰੇ ਹੋ ਗਏ ਤਾਂ ਮੇਰੇ ਮੂੰਹ ਤੋਂ ਕੱਪੜਾ ਚੁੱਕਿਆ ਤੇ ਕਿਹਾ, "ਦਸ ਤੈਨੂੰ ਕੀ ਚਾਹੀਦਾ ਹੈ, ਬਹੁਤੇ ਮੰਤਰ ਪੜ੍ਹਨ ਦੀ ਲੋੜ ਨਹੀਂ ਹੈ। ਮੈਂ ਤੇਰੇ ਨਾਲ ਹਾਂ।" ਗਰੀਬ ਦਾਸ ਨੇ ਦੱਸਿਆ ਕਿ ਮੈਂ ਮੁੜ ਕੇ ਕੋਈ ਕਲਾਮ ਨਹੀਂ ਪੜ੍ਹੀ। ਮੈਂ ਸਿਰਫ਼ ਉਨ੍ਹਾਂ ਦੀ ਫੋਟੋ

ਦੇ ਅੱਗੇ ਮੱਥਾ ਟੇਕਦਾ ਹਾਂ। ਮੇਰੇ ਘਰ ਵਿਚ ਸਾਰੀਆਂ ਬਰਕਤਾਂ ਹਨ।

ਨਾਨਕਾ ਪਿੰਡ ਮੁਖਲੀਆਣਾ:- ਬਾਬਾ ਤੁਲਸੀ ਦਾਸ ਆਪਣੇ ਨਾਨਕਾ ਪਿੰਡ ਮੁਖਲੀਆਣਾ ਵਿਖੇ ਮਿਲਣ ਗਏ। ਦੋ ਰਾਤਾਂ ਉੱਥੇ ਰਹੇ। ਇਕ ਦਿਨ ਰਾਤ ਨੂੰ ਬਾਰਸ਼ ਆਈ ਤਾਂ ਉਸ ਦੇ ਮਾਮੇ ਦੇ ਲੜਕੇ ਬਿਸ਼ਨ ਦਾਸ ਨੇ ਕਿਹਾ, "ਬਾਬਾ ਜੀ ਮੈਂ ਤੁਹਾਡਾ ਮੰਜਾ ਅੰਦਰ ਕਰ ਦਿੰਦਾ ਹਾਂ। ਬਾਰਸ਼ ਆਉਣ ਵਾਲੀ ਹੈ।" ਬਿਸ਼ਨ ਦਾਸ ਨੇ ਦੱਸਿਆ ਕਿ ਮੀਂਹ ਪਿਆ ਪਰਨਾਲੇ ਚੱਲੇ। ਜਦੋਂ ਉਨ੍ਹਾਂ ਦਾ ਬਿਸਤਰਾ ਦੇਖਿਆ ਤਾਂ ਕੱਪੜੇ ਸਾਰੇ ਸੁੱਕੇ ਸਨ। ਜਿਸ ਸੁੱਖ ਨਿਧਾਨ ਦੀ ਵਰਤੋਂ ਉਹ ਕਰਦੇ ਸਨ ਉਹ ਮਿਹਨਤ ਨਾਲ ਤਿਆਰ ਕਰਦੇ ਸਨ। ਬਰਸਾਤ ਰੁੱਤੇ ਗੁਟਾਂ ਵਾਲੀ ਭੰਗ ਤੋੜ ਕੇ ਲਿਆਉਣੀ। ਸੋਡਾ ਪਾ ਕੇ ਉਸ ਨੂੰ ਪਤੀਲੇ ਵਿਚ ਪਾ ਕੇ ਉੱਬਾਲਣਾ। ਫਿਰ ਚੰਗੀ ਤਰ੍ਹਾਂ ਪਾਣੀ ਵਿਚ ਧੋ ਕੇ ਸੁੱਕਣੀ ਪਾਉਣੀ। ਫਿਰ ਉਸ ਨੂੰ ਕੁੱਟ ਕੇ ਬਰੀਕ ਛਾਨਣੀ ਨਾਲ ਛਾਨਣਾ ਫਿਰ ਦੇਸੀ ਘਿਓ ਵਿਚ ਭੁੱਸ ਕੇ ਉਸ ਵਿਚ ਸ਼ੱਕਰ ਪਾਉਣੀ, ਵਿਚ ਮਗਜ਼ ਵਗੈਰਾ ਪਾਉਣੇ। ਕਿਸੇ ਨੂੰ ਕੋਈ ਤਕਲੀਫ਼ ਹੋਵੇ, ਬਾਬਾ ਜੀ ਪ੍ਰਸ਼ਾਦ ਦਿਓ। ਉਹ ਇਕ ਚੁਟਕੀ ਦੇ ਦਿੰਦੇ ਸਨ ਤਾਂ ਆਰਾਮ ਆ ਜਾਂਦਾ ਸੀ। ਸਾਰਾ ਦਿਨ ਸੰਗਤਾਂ ਉਨ੍ਹਾਂ ਦੇ ਕੋਲ ਬੈਠੀਆਂ ਰਹਿੰਦੀਆਂ ਸਨ। ਸਾਰੇ ਰਿਸ਼ਤੇਦਾਰ ਉਨ੍ਹਾਂ ਨੂੰ ਬਾਬਾ ਜੀ ਕਹਿ ਕੇ ਸਤਿਕਾਰ ਦਿੰਦੇ ਸਨ। ਉਨ੍ਹਾਂ ਦਾ ਸੁਭਾਅ ਜਿਥੇ ਸਖ਼ਤ ਸੀ ਤੇ ਥੋੜ੍ਹਾ ਮਜ਼ਾਕੀਆ ਵੀ ਸੀ।

ਪਿੰਡ ਮਾਣਕੋ ਜਾਣਾ:- ਜ਼ਿਲ੍ਹਾ ਜਲੰਧਰ ਦਾ ਪਿੰਡ ਮਾਣਕੋ ਘੜਿਆਲ ਹੈ। ਆਪ ਉਸ ਪਿੰਡ ਗਏ। ਉਨ੍ਹਾਂ ਦੇਖਿਆ ਕਿ ਇਕ ਜ਼ਿਮੀਦਾਰ ਨੇ ਇਕ ਔਂਸਰ ਝੋਟੀ ਬੇਲਣੇ ਜੋੜੀ ਹੋਈ ਸੀ। ਜਦੋਂ ਉਨ੍ਹਾਂ ਨੇ ਦੇਖਿਆ ਤਾਂ ਜ਼ਿਮੀਦਾਰ ਨੂੰ ਬੁਰਾ ਭਲਾ ਬੋਲਿਆ। ਬਾਬਾ ਤੁਲਸੀ ਦਾਸ ਨੇ ਆਪ ਬੇਲਣਾ ਹੱਕ ਕੇ ਪੰਜ ਫੇਰੇ ਦਿੱਤੇ ਤੇ ਕਿਹਾ ਇਸ ਨੂੰ ਹੁਣ ਨਹੀਂ ਜੋੜਨਾ। ਇਹ ਤੁਹਾਨੂੰ ਦੁੱਧ ਪਿਆਏਗੀ। ਪ੍ਰਮਾਤਮਾ ਦੀ ਕਿਰਪਾ ਹੋਈ ਝੋਟੀ ਸੂਅ ਪਈ। ਜਦੋਂ ਝੋਟੀ ਸੂਅ ਪਈ ਤਾਂ ਜ਼ਿਮੀਦਾਰ ਸੋਚ ਰਿਹਾ ਸੀ ਜਿਸ ਮਹਾਤਮਾ ਨੇ ਵਰ ਦਿੱਤਾ ਹੈ ਉਨ੍ਹਾਂ ਨੂੰ ਕਿਵੇਂ ਲੱਭਿਆ ਜਾਵੇ ਜੋ ਆ ਕੇ ਦੁੱਧ ਪੀਣ। ਜਦੋਂ ਉਹ ਅਜਿਹਾ ਸੋਚ ਹੀ ਰਹੇ ਸਨ ਤਾਂ ਸੰਤ ਝੱਟ ਉਨ੍ਹਾਂ ਦੀ ਹਵੇਲੀ ਆ ਗਏ। ਘਰ ਵਾਲੇ ਵੇਖ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਸਭ ਤੋਂ ਪਹਿਲਾਂ ਝੋਟੀ ਦੀ ਬੋਹਲੀ ਖਾਣ ਨੂੰ ਦਿੱਤੀ। ਬਾਬਾ ਜੀ ਰਾਤ ਉਸ ਪਰਿਵਾਰ ਵਿਚ ਰਹੇ। ਇਹ ਵਚਨ ਆਤਮਾ ਸਿੰਘ ਮਾਣੋਕੇ ਨੇ ਪਿੰਡ ਗਗਨੌਲੀ ਵਿਖੇ ਉਨ੍ਹਾਂ ਦੇ ਸਤਿਸੰਗ ਦੇ ਵਕਤ ਦੱਸੇ ਸਨ ਕਿ ਉਹ ਪੂਰਨ ਮਹਾਤਮਾ ਸਨ, ਜੋ ਵਚਨ ਕਹਿੰਦੇ ਸਨ ਉਹ ਪੂਰਾ ਹੋ ਜਾਂਦਾ ਸੀ। ਉਨ੍ਹਾਂ ਦੇ ਵਰ ਨਾਲ ਕਈਆਂ ਦੇ ਘਰਾਂ ਵਿਚ ਲੜਕੇ ਪੈਦਾ ਹੋਏ। ਦੱਸਦੇ ਹਨ ਕਿ ਬਾਰ ਵਿਚ ਵੀ ਇਕ ਸਰਦਾਰ ਨੂੰ ਵਰ ਦਿੱਤਾ ਸੀ ਜਿਸ ਦੇ ਘਰ ਲੜਕਾ ਪੈਦਾ ਹੋਇਆ ਤਾਂ ਉਸ ਨੇ ਖੁਸ਼ ਹੋ ਕੇ ਇਨ੍ਹਾਂ ਦਾ ਬਹੁਤ ਸਤਿਕਾਰ ਕੀਤਾ। ਉਹ ਆਜ਼ਾਦ ਸੁਭਾਅ ਦੇ ਸਨ ਕਿਸੇ ਦੇ ਗੁਲਾਮ ਨਹੀਂ ਸਨ। ਪਿਆਰ ਦੇ ਭੁੱਖੇ ਸਨ।

ਅਜੀਤ ਸਿੰਘ ਦੇ ਘਰ ਲੜਕਾ:- ਅਜੀਤ ਸਿੰਘ ਮੇਰਾ ਵੱਡਾ ਭਾਈ ਹੈ। ਵਿਆਹ

ਤੋਂ 16 ਸਾਲ ਮਗਰੋਂ ਆਪ ਦੇ ਗ੍ਰਹਿ ਵਿਖੇ ਲੜਕੇ ਨੇ ਜਨਮ ਲਿਆ। ਇਕ ਦਿਨ ਅੰਮ੍ਰਿਤ ਵੇਲੇ ਆਪ ਹਵੇਲੀ ਤੋਂ ਘਰ ਆਏ ਸਨ ਤਾਂ ਮੇਰੇ ਪਿਤਾ ਬਸੰਤ ਸਿੰਘ ਨੂੰ ਕਿਹਾ ਕਿ ਜੇ ਤੁਸੀਂ ਮੈਨੂੰ ਇਸ ਕੱਪੜੇ ਦਾ ਚੋਲਾ ਸਮਾ ਦਿਓ ਤਾਂ ਆਪ ਦੇ ਪੋਤਾ ਹੋਵੇਗਾ। ਉਹ ਚੋਲਾ ਮੈਂ ਅਜੇ ਵੀ ਸੰਭਾਲ ਕੇ ਰੱਖਿਆ ਹੋਇਆ ਹੈ। ਮੇਰੇ ਪਾਸ ਉਨ੍ਹਾਂ ਦੀ ਇਕ ਕਿਤਾਬ ਸਾਰ ਵਚਨ, ਇਕ ਡੋਲੀ, ਇਕ ਚੋਲਾ ਤੇ ਇਕ ਖੇਸੀ ਹੈ। ਮੈਂ ਉਨ੍ਹਾਂ ਦੀ ਸੇਵਾ ਕੀਤੀ ਉਹ ਮੇਰੇ ਕੋਲ ਸੌਂਦੇ ਸਨ।

*** ਮਕਾਨ ਪੱਕੇ ਬਣਨੇ:-** ਸਿਆਲ ਰੁੱਤੇ ਅਸੀਂ ਸਾਰੇ ਵੱਡੀ ਛੰਨ ਵਿਚ ਸੌਂਦੇ ਸੀ। ਇਹ ਵੱਡੀ ਛੰਨ ਸਾਡੇ ਪਰਿਵਾਰ ਦੀ ਇਕ ਨਿਸ਼ਾਨੀ ਸੀ, ਜਿਸ ਵਿਚ ਚਾਰ ਘਰਾਂ ਦੇ ਪਸ਼ੂ ਬੱਝਦੇ ਸਨ। ਫਿਰ ਵੀ ਪੰਜ ਛੇ ਆਦਮੀ ਅਸਾਨੀ ਨਾਲ ਸੌਂ ਸਕਦੇ ਸਨ। ਛੰਨ ਦੇ ਮੋਹਰਲੇ ਹਿੱਸੇ ਵਿਚ ਪੱਠੇ ਕੁਤਰਨ ਵਾਲੀਆਂ ਦੋ ਮਸ਼ੀਨਾਂ ਸਨ। ਸ਼ਾਮ ਵੇਲੇ ਰੌਣਕ ਦੇਖਣ ਵਾਲੀ ਹੁੰਦੀ ਸੀ। ਆਪ ਤੜਕਸਾਰ ਭਜਨ ਕਰ ਰਹੇ ਸਨ ਤਾਂ ਅਚਾਨਕ ਇਕ ਮੱਝ ਨੇ ਬਿਸਤਰੇ 'ਤੇ ਗੋਹਾ ਕਰ ਦਿੱਤਾ। ਜਦੋਂ ਆਪ ਨੇ ਦੇਖਿਆ ਤਾਂ ਆਪਣੇ ਗੁਰੂ ਨਾਲ ਤੜਕਸਾਰ ਗਿਲਾ ਸ਼ਿਕਵਾ ਕੀਤਾ ਤੇ ਕਿਹਾ, "ਅਜਿਹੀ ਹਾਲਤ ਵਿਚ ਮੈਂ ਭਜਨ ਕਿਵੇਂ ਕਰ ਸਕਦਾ ਹਾਂ?" ਮੈਨੂੰ ਜਾਗ ਆ ਗਈ। ਮੈਂ ਇਹ ਸਾਰੀ ਵਾਰਤਾਲਾਪ ਸੁਣ ਰਿਹਾ ਸੀ। ਥੋੜ੍ਹੇ ਦਿਨਾਂ ਮਗਰੋਂ ਹੀ ਪੱਕੇ ਮਕਾਨਾਂ ਦਾ ਕੰਮ ਸ਼ੁਰੂ ਹੋ ਗਿਆ। ਇੱਟਾਂ ਦੇ ਗੱਡੇ ਆਉਣੇ ਸ਼ੁਰੂ ਹੋ ਗਏ। ਬਾਬਾ ਤੁਲਸੀ ਦਾਸ ਨੇ ਵੀ ਮਕਾਨਾਂ ਵਿਚ ਕੰਮ ਕੀਤਾ ਹੈ। ਦੋ ਵੱਡੇ ਕਮਰੇ ਤਿਆਰ ਕੀਤੇ। ਇਕ ਪਾਸੇ ਮੈਂ ਪੜ੍ਹਦਾ ਸੀ ਦੂਜੇ ਪਾਸੇ ਬਾਬਾ ਜੀ ਦਾ ਮੰਜਾ ਹੁੰਦਾ ਸੀ। ਸਵੇਰੇ ਸ਼ਾਮ ਸਾਰੇ ਉਨ੍ਹਾਂ ਨੂੰ ਬੁਲਾ ਕੇ ਜਾਂਦੇ ਸਨ।

ਮਕਾਨਾਂ ਦੀ ਚੱਠ:- ਮੈਂ ਸਰਕਾਰੀ ਹਾਈ ਸਕੂਲ ਨਸਰਾਲੇ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਕਣਕਾਂ ਦੀ ਵਾਢੀ ਸ਼ੁਰੂ ਸੀ ਜਦੋਂ ਮੈਂ ਸਕੂਲ ਤੋਂ ਪੜ੍ਹ ਕੇ ਆਇਆ ਤਾਂ ਆਪ ਨੇ ਕਿਹਾ, "ਮੈਂ ਮਕਾਨਾਂ ਦੀ ਚੱਠ ਕਰ ਦਿੱਤੀ ਹੈ, ਤੁਸੀਂ ਜਦੋਂ ਮਰਜੀ ਕਰ ਲੈਣੀ। ਪਿੰਡ ਵਿਚ ਕੁਝ ਸਪੇਰੇ ਆਏ ਹੋਏ ਸਨ। ਬਾਬਾ ਤੁਲਸੀ ਦਾਸ ਨੇ ਸਾਰੇ ਘਰਾਂ ਵਿਚੋਂ ਰੋਟੀਆਂ ਤੇ ਦਾਲ ਇਕੱਠੀ ਕੀਤੀ ਤੇ ਉਨ੍ਹਾਂ ਨੂੰ ਲੰਗਰ ਛਕਾ ਦਿੱਤਾ। ਉਨ੍ਹਾਂ ਦਾ ਇਕ ਛੋਟਾ ਲੜਕਾ ਸੀ ਜਿਸ ਨੂੰ ਇਕ ਖੇਸੀ ਤੇ ਪੰਜ ਰੁ: ਦਿੱਤੇ। ਉਹ ਮਦਾਰੀ ਖੁਸ਼ ਹੋ ਕੇ ਗਏ। ਜਿਸ ਤਰ੍ਹਾਂ ਲੋਕ ਬਾਬਾ ਜੀ ਨੂੰ ਕੱਪੜੇ ਦਿੰਦੇ ਸਨ। ਉਹ ਉਸੇ ਹੀ ਤਰ੍ਹਾਂ ਵੰਡ ਦਿੰਦੇ ਸਨ।

ਕਿਤਾਬ ਦਾ ਪੜ੍ਹਨਾ:- ਸੁਆਮੀ ਜੀ ਮਹਾਰਾਜ ਆਗਰੇ ਵਾਲਿਆਂ ਦੀ ਇਕ ਧਾਰਮਿਕ ਕਿਤਾਬ ਹੈ ਜਿਸ ਦਾ ਨਾਮ "ਸਾਰ ਵਚਨ" ਹੈ। ਉਹ ਕਿਤਾਬ ਆਪ ਸਾਡੇ ਪਾਸੋਂ ਪੜ੍ਹਾਉਂਦੇ ਸਨ। ਜਦੋਂ ਅਸੀਂ ਸ਼ਬਦਾਂ ਦਾ ਠੀਕ ਉਚਾਰਨ ਨਾ ਕਰਨਾ ਤਾਂ ਬਾਬਾ ਜੀ ਨੇ ਆਪ ਹੀ ਅੱਗੋਂ ਦੋ ਲਾਈਨਾਂ ਪੜ੍ਹ ਦੇਣੀਆਂ। ਇਹ ਹੈਰਾਨੀ ਦੀ ਗੱਲ ਸੀ ਕਿ ਆਪ ਅਨਪੜ੍ਹ ਹੋਣ ਦੇ ਨਾਤੇ ਕਿਵੇਂ ਕਿਤਾਬ ਜ਼ੁਬਾਨੀ ਪੜ੍ਹ ਜਾਂਦੇ ਸਨ।

ਕੁਲਵਿੰਦਰ ਸਿੰਘ ਨੂੰ ਹਵਾਲਦਾਰ ਬਨਾਉਣਾ:- ਇਕ ਸਵੇਰ ਨੂੰ ਬਾਬਾ ਜੀ ਨੇ ਮੇਰੇ ਵੱਡੇ ਭਾਈ ਕੁਲਵਿੰਦਰ ਸਿੰਘ ਨੂੰ ਖੁਸ਼ ਹੋ ਕੇ ਕਿਹਾ, "ਕਿ ਅੱਜ ਮੈਂ ਤੈਨੂੰ ਹਵਾਲਦਾਰ

ਬਣਾ ਦਿੱਤਾ ਹੈ। ਠੀਕ ਕੁਲਵਿੰਦਰ ਸਿੰਘ ਜੂਨ 1990 ਵਿਚ ਬਤੌਰ ਹਵਾਲਦਾਰ ਪੈਨਸ਼ਨ ਆਏ। ਸਾਧੂ ਸੰਤਾਂ ਨੂੰ ਆਉਣ ਵਾਲੇ ਸਮੇਂ ਦਾ ਸਾਰਾ ਗਿਆਨ ਹੁੰਦਾ ਹੈ।

ਹਰਭਜਨ ਸਿੰਘ ਦਾ ਬਿਮਾਰ ਹੋਣਾ:- ਚਾਚੇ ਸ਼ੰਕਰ ਦਾ ਲੜਕਾ ਹਰਭਜਨ ਸਿੰਘ ਹੈ ਜਿਸ ਦੇ ਬਿਮਾਰ ਹੋਣ ਬਾਰੇ ਆਪ ਨੇ ਪਹਿਲਾਂ ਹੀ ਦੱਸ ਦਿੱਤਾ ਸੀ। ਮੈਂ ਉਨ੍ਹਾਂ ਦਾ ਬਿਸਤਰਾ ਬੰਨ੍ਹ ਕੇ ਰੇਲਵੇ ਸਟੇਸ਼ਨ ਨਸਰਾਲੇ ਲੈ ਕੇ ਜਾ ਰਿਹਾ ਸੀ। ਬਾਬਾ ਜੀ ਨੇ ਡੇਰਾ ਬਿਆਸ ਜਾਣਾ ਸੀ। ਰਸਤੇ ਵਿਚ ਉਨ੍ਹਾਂ ਮੈਨੂੰ ਕਿਹਾ ਕਿ ਇਸ ਉਪਰ ਜਾਲ ਸ਼ਾਜੀ ਆਉਣੀ ਹੈ, ਪਰ ਮਰਦਾ ਨਹੀਂ ਹੈ। ਸਿਆਲ ਰੁੱਤੇ ਹਰਭਜਨ ਸਿੰਘ ਕਿਸੇ ਓਪਰੀ ਕਸਰ ਵਿਚ ਆ ਗਿਆ। ਕਈ ਦਿਨ ਸ਼ਾਮ ਨੂੰ ਇਸ ਨੇ ਗੁੱਟ ਹੋ ਜਾਣਾ। ਇਕ ਰਾਤ ਨੂੰ ਬਹੁਤ ਚੀਕਾਂ ਮਾਰਨ ਲੱਗਾ ਤਾਂ ਹਰਭਜਨ ਸਿੰਘ ਨੇ ਕਿਹਾ ਕੁਰਸੀ ਬਾਹਰ ਰੱਖ ਦਿਓ। ਤਾਇਆ ਤੁਲਸੀ ਦਾਸ ਆ ਰਿਹਾ ਹੈ, ਨਾਲ ਬਾਬਾ ਸਾਵਣ ਸਿੰਘ ਹਨ। ਉਸ ਸਾਲ 1969 ਈ: ਵਿਚ ਪਰਿਵਾਰ ਤੇ ਬਹੁਤ ਕਸ਼ਟ ਰਿਹਾ। ਘਰ ਦਾ ਜਾਣ ਜਗਤ ਦੀ ਮਸ਼ਕਰੀ ਹੁੰਦੀ ਹੈ। ਰੋਜ ਰਾਤ ਨੂੰ ਚੌਂਕੀ ਲਗਦੀ ਰਹੀ। ਹਰਭਜਨ ਸਿੰਘ ਠੀਕ ਹੋ ਗਿਆ ਤੇ ਸੀ.ਆਰ.ਪੀ.ਐਫ. ਵਿਚ ਭਰਤੀ ਹੋ ਗਿਆ।

ਕੁਲਵਿੰਦਰ ਸਿੰਘ ਦੀ ਕੁੜਮਾਈ:- ਕੁਲਵਿੰਦਰ ਸਿੰਘ ਛੁੱਟੀ ਆਇਆ ਹੋਇਆ ਸੀ। ਕਰਮ ਸਿੰਘ ਸੂਬੇਦਾਰ ਪਿੰਡ ਧਦਿਆਲ ਨੇ ਬੂਰੇ ਜੱਟਾਂ ਤੋਂ ਇਹ ਰਿਸ਼ਤਾ ਕੀਤਾ ਸੀ। ਸ਼ਗਨ ਦੀ ਰਸਮ 6-1-1971 ਨੂੰ ਕੀਤੀ ਗਈ। ਮੈਂ ਸੰਤਾਂ ਵਾਸਤੇ ਪੱਗੜੀ ਬੰਨ੍ਹਣ ਵਾਸਤੇ ਲਿਆਂਦੀ ਜਦੋਂ ਉਨ੍ਹਾਂ ਪੱਗ ਬੰਨ੍ਹ ਲਈ ਤਾਂ ਮੈਂ ਕਿਹਾ, "ਪੱਗੜੀ ਕੁਝ ਠੀਕ ਨਹੀਂ ਬੱਝੀ ਹੈ। ਉਨ੍ਹਾਂ ਜਵਾਬ ਦਿੱਤਾ, "ਇਸ ਤਰ੍ਹਾਂ ਦੀ ਪੱਗੜੀ ਤਾਂ ਡੀ.ਸੀ. ਹੁਸ਼ਿਆਰਪੁਰ ਵੀ ਬੰਨ੍ਹ ਨਹੀਂ ਸਕਦਾ ਹੈ।" ਹੁਣ ਜਦੋਂ ਅਸੀਂ ਵੇਖਦੇ ਹਾਂ ਉਨ੍ਹਾਂ ਦੀ ਪੱਗੜੀ ਉਨ੍ਹਾਂ ਦੇ ਗੁਰੂ ਬਾਬਾ ਸਾਵਣ ਸਿੰਘ ਵਰਗੀ ਹੁੰਦੀ ਸੀ।

ਬਾਬਾ ਤੁਲਸੀ ਦਾਸ ਕਦੇ-ਕਦੇ ਡੇਰਾ ਬਾਬਾ ਸਰਵਣ ਦਾਸ ਬੱਲਾਂ ਤੇ ਕਦੇ ਡੇਰਾ ਬਾਬਾ ਇੰਦਰ ਦਾਸ ਸ਼ਾਮ ਚੁਰਾਸੀ ਵੀ ਚਲੇ ਜਾਂਦੇ ਸਨ। ਉਹ ਕਈ ਵਾਰ ਸਾਡੀ ਭੈਣ ਧਰਮ ਕੌਰ ਦੇ ਸਹੁਰਾ ਪਿੰਡ ਧਦਿਆਲ ਵੀ ਚਲੇ ਜਾਂਦੇ ਸਨ। ਪਿੰਡ ਫੁਗਲਾਣੇ ਗਰੀਬ ਦਾਸ ਦੇ ਵੀ ਰਹਿ ਕੇ ਆਉਂਦੇ ਸਨ।

ਬਰਸਾਤ ਦੇ ਦਿਨਾਂ ਵਿਚ:- ਆਪ ਹਵੇਲੀ ਵਿਚ ਮੰਜੇ 'ਤੇ ਲੇਟੇ ਹੋਏ ਸਨ। ਚਾਚਾ ਉਜਾਗਰ ਸਿੰਘ ਦੇ ਲੜਕੇ ਧਾਰਾ ਸਿੰਘ ਨੇ ਆਪਣੇ ਛੋਟੇ ਭਾਈ ਮੱਸਾ ਸਿੰਘ ਦੇ ਇਕ ਛੋਟੀ ਜੇਹੀ ਛਿਟੀ ਛੱਡ ਕੇ ਮਾਰੀ ਉਹ ਮੱਸਾ ਸਿੰਘ ਦੇ ਤਾਂ ਨਹੀਂ ਲੱਗੀ। ਉਹ ਬਾਬਾ ਤੁਲਸੀ ਦਾਸ ਦੇ ਨੱਕ 'ਤੇ ਲੱਗ ਗਈ, ਜਿਸ ਨਾਲ ਬਹੁਤ ਖ਼ੂਨ ਨਿਕਲਿਆ। ਜਦੋਂ ਧਾਰਾ ਸਿੰਘ ਦੀ ਮਾਤਾ ਹਰ ਕੌਰ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਲੜਕੇ ਧਾਰਾ ਸਿੰਘ ਨੂੰ ਬੁਰਾ ਭਲਾ ਕਿਹਾ- ਪਰ ਸੰਤਾਂ ਨੇ ਕਿਹਾ, "ਹਰੋ ਧਾਰੇ ਨੂੰ ਕੁਝ ਨਾ ਕਹੀਂ। ਇਸ ਦਾ ਕੋਈ ਕਸੂਰ ਨਹੀਂ ਹੈ। ਇਹ ਇਸ ਤਰ੍ਹਾਂ ਹੀ ਹੋਣੀ ਸੀ। ਮੈਂ ਠੀਕ ਹਾਂ ਫਿਕਰ ਨਹੀਂ ਕਰਨਾ। ਉਨ੍ਹਾਂ ਦੇ ਜੀਵਨ ਨਾਲ ਹੋਰ ਸਾਖੀਆਂ ਹੋਣਗੀਆਂ ਜਿਨ੍ਹਾਂ ਦਾ ਮੈਨੂੰ ਗਿਆਨ

ਨਹੀਂ ਹੈ। ਜੇ ਉਹ ਇਕ ਘਰ ਦੀ ਰੋਟੀ ਨਹੀਂ ਖਾਂਦੇ ਸਨ ਤਾਂ ਦੂਜੇ ਘਰ ਦੀ ਰੋਟੀ ਉਸ ਹੀ ਵੇਲੇ ਚਲੀ ਜਾਂਦੀ ਸੀ।

"ਧਾਮ ਆਪਨੇ ਚਲੋ ਭਾਈ, ਪਰਾਏ ਦੇਸ਼ ਨਹੀਂ ਰਹਿਨਾ– ਸੁਆਮੀ ਜੀ ਮਹਾਰਾਜ"

ਬਾਬਾ ਜੀ ਦਾ ਸੁਰਗਵਾਸ ਹੋਣਾ:- ਜਦੋਂ ਸਾਡੀ ਮਾਤਾ ਖੇਮੀ ਦੇਵੀ ਸੁਰਗਵਾਸ ਹੋ ਗਈ ਤਾਂ ਉਨ੍ਹਾਂ ਨੇ ਕਹਿਣਾ ਬੱਸ ਮਾਤਾ ਚਲੀ ਗਈ ਹੈ। ਅਸੀਂ ਚਾਲੇ ਪਾ ਜਾਣੇ ਹਨ ਜੇ ਅਸੀਂ ਕਹਿਣਾ ਬਾਬਾ ਜੀ ਆਪ ਦੀ ਫੋਟੋ ਖਿੱਚਣੀ ਹੈ ਤਾਂ ਉਨ੍ਹਾਂ ਆਖ ਦੇਣਾ "ਨਾ ਮੇਰੇ ਗੁਰੂ ਦੀ ਫੋਟੋ ਹੈ। ਨਾ ਮੈਂ ਕਰਾਉਣੀ ਹੈ। ਮੇਰੇ ਮਗਰੋਂ ਫੋਟੋ ਕਰ ਲਿਓ।" ਡੇਰਾ ਬਿਆਸ ਬਾਬਾ ਜੈਮਲ ਸਿੰਘ ਦੀ ਕੋਈ ਫੋਟੋ ਨਹੀਂ ਹੈ।

ਤਿੰਨ ਦਿਨ ਪਹਿਲਾਂ ਦੱਸਣਾ:- ਆਪ ਨੇ ਤਿੰਨ ਦਿਨ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਮੈਂ ਚੜ੍ਹਾਈ ਕਰ ਜਾਣੀ ਹੈ। ਤੁਸੀਂ ਘਰੋਂ ਬਾਹਰ ਨਹੀਂ ਜਾਣਾ। ਚਾਚੇ ਸ਼ੰਕਰ ਸਿੰਘ ਨੂੰ ਕਿਹਾ ਹੱਲ ਨਹੀਂ ਜੋੜਨਾ ਹੈ। ਆਪ ਥੋੜ੍ਹਾ ਢਿੱਲੇ ਮੱਠੇ ਹੋਏ ਸਨ। ਮੈਂ ਕਾਲਜ ਨੂੰ ਜਾਣ ਦੀ ਤਿਆਰੀ ਕਰ ਰਿਹਾ ਸੀ। ਮੇਰਾ ਭਾਈ ਕੁਲਵਿੰਦਰ ਸਿੰਘ ਆਪ ਦੀ ਦੇਖਭਾਲ ਕਰ ਰਿਹਾ ਸੀ। ਸ਼ਾਮ ਪੈ ਗਈ ਸੀ। ਆਪ ਦੇ ਕੋਲ ਬਹੁਤ ਸਾਰੇ ਮੈਂਬਰ ਹਾਜ਼ਰ ਸਨ। ਪਿੰਡ ਦੇ ਮੇਹਰ ਸਿੰਘ ਵੀ ਉਨ੍ਹਾਂ ਦੇ ਕੋਲ ਸਨ ਜਿਨ੍ਹਾਂ ਨੂੰ ਉਨ੍ਹਾਂ ਬੈਠਣ ਵਾਸਤੇ ਕਿਹਾ। ਬਾਬਾ ਜੀ 12 ਜਨਵਰੀ 1971 ਲੋਹੜੀ ਵਾਲੇ ਦਿਨ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਆਪਣੇ ਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਬਾਬਾ ਜੀ ਨੇ ਆਪਣੇ ਜਿਊਂਦੇ ਜੀਅ ਦੱਸਿਆ ਸੀ ਕਿ ਇਹ ਮੇਰਾ ਆਖਰੀ ਜਨਮ ਹੈ। ਮੈਂ ਹੋਰ ਜਨਮ ਨਹੀਂ ਲੈਣਾ। ਮੇਰੇ ਗੁਰੂ ਨੇ ਮੇਰੇ ਵਾਸਤੇ ਸਭ ਕੁਝ ਪਹਿਲਾਂ ਹੀ ਕਰ ਦਿੱਤਾ ਹੈ।

ਪਾਲਕੀ:- ਸਾਰੇ ਰਿਸ਼ਤੇਦਾਰ ਆ ਚੁੱਕੇ ਸਨ। ਆਪ ਦੀ ਪਾਲਕੀ ਸਜਾਈ ਗਈ। ਪਿੰਡ ਦੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ। ਫਿਰ ਆਪ ਦੀਆਂ ਫੋਟੋ ਖਿੱਚੀਆਂ ਗਈਆਂ, ਜੋ ਮੈਂ 1998 ਈ: ਵਿਚ ਵੱਡੀਆਂ ਕਰਾ ਕੇ ਸਾਰੇ ਘਰਾਂ ਵਿਚ ਵੰਡੀਆਂ ਸਨ। ਆਪ ਦੀਆਂ ਅਸਤੀਆਂ ਮੈਂ ਤਾਂ ਮੇਰੇ ਫੁੱਫੜ ਬਲਵੰਤ ਸਿੰਘ ਡੇਰਾ ਬਿਆਸ ਵਿਖੇ ਜਲ ਪ੍ਰਵਾਹ ਕਰਕੇ ਆਏ ਸੀ। ਆਪ ਦੇ ਨਮਿਤ ਸਤਿਸੰਗ 28 ਜਨਵਰੀ 1971 ਨੂੰ ਕਰਵਾਇਆ ਗਿਆ। ਸਤਿਸੰਗ ਕਰਨ ਵਾਲੇ ਪਾਠੀ ਆਤਮਾ ਸਿੰਘ ਮਾਣਕੋ ਸਨ। ਸਾਰੇ ਰਿਸ਼ਤੇਦਾਰਾਂ ਨੇ ਕਿਹਾ ਸਾਨੂੰ ਉਨ੍ਹਾਂ ਦਾ ਕੋਈ ਕੱਪੜਾ ਦੇ ਦਿਓ ਜਿਸ ਨੂੰ ਅਸੀਂ ਲੈ ਕੇ ਭਜਨ ਸਿਮਰਨ ਕਰੀਏ। ਉਨ੍ਹਾਂ ਦੇ ਸਾਰੇ ਕੱਪੜੇ ਰਿਸ਼ਤੇਦਾਰ ਲੈ ਗਏ ਸਨ। ਸਾਡੇ ਉਪਰ ਉਨ੍ਹਾਂ ਦਾ ਹਮੇਸ਼ਾ ਆਸ਼ੀਰਵਾਦ ਬਣਿਆ ਰਹੇਗਾ।

ਕਬੀਰਾ ਜਬ ਹਮ ਆਏ ਜਗਤ ਮੇਂ
ਜਗ ਹੰਸਾ ਹਮ ਰੋਏ
ਐਸੀ ਕਰਨੀ ਕਰ ਚਲੋ
ਹਮ ਹੰਸੇ ਜਗ ਰੋਏ।

ਧੰਨਾ ਸਿੰਘ/ਧਨੀ

ਧੰਨਾ ਸਿੰਘ:- ਧੰਨਾ ਸਿੰਘ ਦੀ ਧਰਮ ਪਤਨੀ ਦਾ ਨਾਮ ਸੰਤੀ ਸੀ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੰਬਲਾਂ ਸਨ। ਰਾਮ ਕੌਰ ਤੇ ਸੰਤੀ ਸਕੀਆਂ ਭੈਣਾਂ ਸਨ। ਅਮਰ ਸਿੰਘ ਤੇ ਧੰਨਾ ਸਿੰਘ ਸਕੇ ਭਰਾ ਸਨ। ਰਾਮ ਕੌਰ ਤੇ ਸੰਤੀ ਦੀ ਮੌਤ ਇਕ ਹੀ ਮਹੀਨੇ ਵਿਚ ਹੋਈ ਹੈ। ਰਾਮ ਕੌਰ 2-6-1982 ਤੇ ਸੰਤੀ 13-6-1982 ਹੈ। ਇਨ੍ਹਾਂ ਦੋਹਾਂ ਭੈਣਾਂ ਦਾ ਆਪਸੀ ਬਹੁਤ ਪਿਆਰ ਸੀ। ਰਾਮ ਕੌਰ ਦੀ ਮੌਤ ਪਿੰਡ ਗਗਨੌਲੀ ਵਿਖੇ ਹੋਈ ਹੈ ਤੇ ਸੰਤੀ ਦੀ ਮੌਤ ਯੂ.ਪੀ ਵਿਚ ਹੋਈ ਹੈ।

ਧੰਨਾ ਸਿੰਘ ਦੇ ਬਚਪਨ ਦੇ ਬਾਰੇ ਮੈਨੂੰ ਜ਼ਿਆਦਾ ਪਤਾ ਨਹੀਂ ਹੈ। ਏਨਾ ਜ਼ਰੂਰ ਸੁਣਿਆ ਹੈ ਕਿ ਆਪ ਸਰੀਰਕ ਤੌਰ ਤੇ ਬਹੁਤ ਤਕੜੇ ਸਨ ਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਮੈਂ ਉਨ੍ਹਾਂ ਦੀ ਸੰਗਤ ਤਾਂ ਬਹੁਤ ਕੀਤੀ ਹੈ ਪਰ ਉਨ੍ਹਾਂ ਆਪਣੇ ਬਚਪਨ ਬਾਰੇ ਕਦੇ ਜ਼ਿਆਦਾ ਨਹੀਂ ਦੱਸਿਆ। ਸਾਡਾ ਚਾਚਾ ਸ਼ੰਕਰ ਸਿੰਘ ਦੱਸਦਾ ਹੁੰਦਾ ਸੀ ਕਿ ਸ਼ਾਹ ਵੇਲੇ ਦੀ ਰੋਟੀ ਨਾਲ ਇਕ ਪਾ ਮੱਖਣ ਜ਼ਰੂਰ ਖਾਣ ਵਾਸਤੇ ਮਿਲਦਾ ਸੀ ਤੇ ਕੰਮ ਵੀ ਡੱਟ ਕੇ ਕਰਦਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਦੀਆਂ ਪਿੰਨੀਆਂ ਐਨੀਆਂ ਮੋਟੀਆਂ ਤੇ ਸਖਤ ਸਨ ਕਿ ਕਦੇ ਕੰਡਾ ਵੀ ਇਨ੍ਹਾਂ ਦੇ ਲੱਗ ਨਹੀਂ ਸਕਦਾ ਸੀ। ਵੈਸੇ ਵੀ ਪਿਛਲੇ ਬਜ਼ੁਰਗ ਪੈਰੀਂ ਜੁੱਤੀ ਘੱਟ ਪਾਉਂਦੇ ਸਨ। ਲੰਮਾ ਪੰਧ ਤੁਰਨ ਵੇਲੇ ਆਮ ਕਰਕੇ ਜੁੱਤੀ ਚੁੱਕ ਲੈਂਦੇ ਸਨ ਤੇ ਪਿੰਡ ਪਹੁੰਚ ਕੇ ਜੁੱਤੀ ਪਾਉਂਦੇ ਸਨ।

ਜਵਾਨੀ ਦੇ ਦਿਨ:- ਸ. ਧੰਨਾ ਸਿੰਘ ਦੱਸਿਆ ਕਰਦੇ ਸਨ ਕਿ ਮੈਂ ਜਵਾਨੀ ਦੇ ਦਿਨਾਂ ਵਿਚ ਖੇਤੀਬਾੜੀ ਦਾ ਕੰਮ ਚੰਗਾ ਕੀਤਾ ਹੈ। ਘਰ ਦੇ 30-35 ਪਸ਼ੂ ਸਨ ਜਿਨ੍ਹਾਂ ਵਾਸਤੇ ਪੱਠੇ ਲੈ ਕੇ ਆਉਣੇ ਤੇ ਹੱਥ ਨਾਲ ਕੁਤਰ ਕੇ ਪਾ ਦੇਣੇ। ਉਨ੍ਹਾਂ ਦੱਸਿਆ ਕਿ ਇਕ ਪਾਸੇ ਤੇਰਾ ਭਾਈਆ ਬਸੰਤ ਸਿੰਘ ਤੇ ਦੂਜੇ ਪਾਸੇ ਮੈਂ ਗੰਡਾਸੇ ਨਾਲ ਮੋਟੇ-ਮੋਟੇ ਪੱਠੇ ਕੁਤਰ ਕੇ ਪਸ਼ੂਆਂ ਨੂੰ ਪਾਉਂਦੇ ਸਾਂ। ਉਹ ਇਹ ਵੀ ਦੱਸਦੇ ਸਨ ਕਿ ਮੈਂ ਬਹੁਤ ਘੱਟ ਪ੍ਰਾਹੁਣਚਾਰੀ ਰਹਿੰਦਾ ਸੀ। ਹਲ ਵਾਹੁਣ ਵਾਲੇ ਪਸ਼ੂਆਂ ਦਾ ਮੈਂ ਖਾਸ ਧਿਆਨ ਰੱਖਦਾ ਸੀ।

ਪੱਠਿਆਂ ਦੀ ਭਰੀ:- ਉਨ੍ਹਾਂ ਦੱਸਿਆ ਕਿ ਮੈਂ ਕਾਹਰੀ ਦੇ ਰਸਤੇ ਬਰਸਾਤਾਂ ਦੇ ਦਿਨਾਂ ਵਿਚ ਪੱਠੇ ਵੱਢ ਰਿਹਾ ਸੀ। ਮੈਂ ਮੈਰੋਂ (ਰੱਸਾ) ਵਿਚ ਭਰੀ ਬੰਨ੍ਹ ਲਈ। ਪਿੰਡ਼ ਦੇ ਹੀ ਵਿਅਕਤੀ ਫੱਲੇ ਨੂੰ ਕਿਹਾ ਕਿ ਮੈਨੂੰ ਭਰੀ ਚੁਕਾ ਦਿਓ। ਉਸ ਨੇ ਸ਼ੁਗਲ ਨਾਲ ਘੱਟ ਜ਼ੋਰ

ਲਾਇਆ ਤਾਂ ਭਰੀ ਚੁੱਕ ਨਾ ਹੋਈ। ਦੂਜੀ ਵਾਰ ਉਸ ਨੇ ਸਾਰਾ ਜ਼ੋਰ ਲਾਇਆ ਤਾਂ ਭਰੀ ਫਿਰ ਵੀ ਚੁੱਕ ਨਾ ਹੋਈ ਫਿਰ ਧੰਨਾ ਸਿੰਘ ਨੇ ਕਿਹਾ ਤੁਸੀਂ ਮੇਰੇ ਨਾਲ ਭਰੀ ਦੁਬਾਰਾ ਕਸਾ ਦਿਓ ਫਿਰ ਦੇਖੋ ਕਿਵੇਂ ਮੈਂ ਚੁੱਕਦਾ ਹਾਂ। ਧੰਨਾ ਸਿੰਘ ਨੇ ਬੈਠ ਕੇ ਭਰੀ ਚੁੱਕ ਲਈ ਤੇ ਖੜ੍ਹਾ ਹੋ ਗਿਆ ਤੇ ਹਵੇਲੀ ਲਿਆ ਕੇ ਭਰੀ ਸੁੱਟ ਦਿੱਤੀ। ਫੱਲੇ ਗੁੱਜਰ ਨੇ ਪਿੰਡ ਵਿਚ ਆ ਕੇ ਰੌਲਾ ਪਾ ਦਿੱਤਾ ਕਿ ਧੰਨੀ ਨੂੰ ਕੋਈ ਹੱਥ ਨਾ ਪਾਇਓ ਉਸ ਵਿਚ ਇਕ ਝੋਟੇ ਜਿੰਨਾ ਜ਼ੋਰ ਹੈ।

ਪੂਨੂੰ ਦਾ ਕਾਰਖਾਨਾ:- ਲੁਹਾਰਾਂ ਦੇ ਕੰਮ ਕਰਨ ਵਾਲੇ ਥਾਂ ਨੂੰ ਕਾਰਖਾਨਾ ਕਿਹਾ ਜਾਂਦਾ ਹੈ। ਕਾਰਖਾਨਾ ਸ਼ਬਦ ਵੱਡੇ ਸੰਕੇਤ ਦਾ ਹੈ ਜਦੋਂ ਕਿ ਖਰਖਾਨਾ ਛੋਟੇ ਸੰਕੇਤ ਦਾ ਹੈ। ਇਥੇ ਲੁਹਾਰ ਪਿੰਡ ਦੀ ਸੇਪੀ ਦਾ ਕੰਮ ਕਰਦਾ ਹੈ। ਰੰਬਾ, ਦਾਤੀ, ਕਹੀ-ਕੁਹਾੜਾ ਖੇਤੀ ਨਾਲ ਸਬੰਧਤ ਹਲ, ਮੁੰਨਾ-ਮੰਜਾਲੀ ਘਰਾਂ ਦੇ ਮੰਜੇ ਪੀੜ੍ਹੀਆਂ ਆਦਿ ਦੀ ਮੁਰੰਮਤ ਕਰਨੀ। ਪਿੰਡ ਦੇ ਨਿੱਕਾ ਸਿੰਘ ਲੰਬੜਦਾਰ ਨੇ ਆਪਣੇ ਘਰ ਵਾਸਤੇ ਇਕ ਵਧੀਆ ਤੇ ਮਜ਼ਬੂਤ ਲੱਕੜ ਦੀ ਪੌੜੀ ਪੂਨੂੰ ਤਰਖਾਣ ਤੋਂ ਬਣਵਾਈ। ਨਿੱਕਾ ਸਿੰਘ ਨੇ ਕਿਹਾ ਕਿ ਜਿਹੜਾ ਪਿੰਡ ਦਾ ਆਦਮੀ ਇਹ ਪੌੜੀ ਚੁੱਕ ਕੇ ਮੇਰੇ ਘਰ ਲੈ ਜਾਵੇਗਾ ਮੈਂ ਉਸ ਨੂੰ ਇਕ ਝੋਟੀ ਇਨਾਮ ਵਜੋਂ ਦੇਵਾਂਗਾ। ਉਸ ਪਿੰਡ ਦੀ ਸੱਥ ਵਿਚ ਬੈਠੇ ਸਾਰੇ ਵਿਅਕਤੀਆਂ ਨੇ ਆਪਣੇ ਮਨ ਹੀ ਮਨ ਵਿਚ ਵਿਚਾਰ ਕੀਤੀ ਪਰ ਹਾਮੀ ਕਿਸੇ ਨਾ ਭਰੀ। ਫਿਰ ਧੰਨਾ ਸਿੰਘ ਨੇ ਕਿਹਾ, "ਮੈਂ ਇਹ ਪੌੜੀ ਚੁੱਕ ਕੇ ਤੁਹਾਡੇ ਘਰ ਲਾ ਦਿੰਦਾ ਹਾਂ।" ਧੰਨਾ ਸਿੰਘ ਨੂੰ ਆਪਣੇ ਆਪ 'ਤੇ ਮਾਣ ਸੀ। ਉਨ੍ਹਾਂ ਲਲਕਾਰਾ ਮਾਰਿਆ ਤੇ ਪੌੜੀ ਚੁੱਕ ਕੇ ਨਿੱਕਾ ਸਿੰਘ ਦੇ ਘਰ ਲਾ ਦਿੱਤੀ। ਉਨ੍ਹਾਂ ਦੇ ਨਾਲ ਹੋਰ ਵਿਅਕਤੀ ਵੀ ਗਏ ਸਨ। ਜਦੋਂ ਨਿੱਕਾ ਸਿੰਘ ਨੇ ਖੁਸ਼ ਹੋ ਕੇ ਝੋਟੀ ਦਾ ਰੱਸਾ ਖੋਲ੍ਹਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਦੀ ਧਰਮ ਪਤਨੀ ਮਾਲਾ ਨੇ ਕਿਹਾ, "ਇਹ ਝੋਟੀ ਮੈਂ ਬੜੇ ਚਾਅ ਨਾਲ ਪਾਲ਼ੀ ਹੈ। ਮੈਂ ਨਹੀਂ ਦੇਣੀ।" ਪਿੰਡ ਦੀ ਸੱਥ ਵਿਚ ਧੰਨਾ ਸਿੰਘ ਦੀ ਇੱਜ਼ਤ ਵਧ ਗਈ ਤੇ ਨਿੱਕਾ ਸਿੰਘ ਦੀ ਘੱਟ ਗਈ। ਪਤਵੰਤੇ ਸੱਜਣਾਂ ਨੇ ਕਿਹਾ, "ਗੱਲ ਸੋਚ ਸਮਝ ਕੇ ਕਰਨੀ ਚਾਹੀਦੀ ਹੈ।"

ਗੁੱਜਰਾਂ ਨਾਲ ਲੜਾਈ:- ਪਿੰਡ ਦਾ ਮੁਸਲਮਾਨ ਗੁੱਜਰ ਨਬੀਆ ਲੋਕਾਂ ਦੀ ਪੱਕੀ ਫ਼ਸਲ ਦਾ ਬੱਕਰੀਆਂ ਚਾਰਦੇ ਸਮੇਂ ਬਹੁਤ ਨੁਕਸਾਨ ਕਰਦਾ ਹੁੰਦਾ ਸੀ। ਕਈਆਂ ਨੇ ਕਹਿਣਾ, "ਨਬੀਆ ਇਕ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ ਰੱਬ ਦੇ ਵਾਸਤੇ ਸਾਡੀਆਂ ਫਸਲਾਂ ਦਾ ਨੁਕਸਾਨ ਨਾ ਕਰ।" ਪਰ ਉਹ ਆਪਣੀ ਆਦਤ ਤੋਂ ਮਜ਼ਬੂਰ ਸੀ। ਸ਼ਾਮ ਦਾ ਵੇਲਾ ਸੀ ਧੰਨਾ ਸਿੰਘ ਖੇਤਾਂ ਵੱਲ ਫੇਰਾ ਮਾਰਨ ਗਿਆ। ਨਬੀਆ ਗੁੱਜਰ ਉੱਥੇ ਬੱਕਰੀਆਂ ਚਾਰ ਰਿਹਾ ਸੀ। ਧੰਨਾ ਸਿੰਘ ਨੇ ਉਸ ਨੂੰ ਬੱਕਰੀਆਂ ਚਾਰਨ ਤੋਂ ਮਨ੍ਹਾ ਕੀਤਾ। ਨਬੀਏ ਗੁੱਜਰ ਨੇ ਧੰਨਾ ਸਿੰਘ ਦੇ ਸਾਫੇ ਨਾਲ ਉਸਦਾ ਗਲ ਘੁੱਟਣਾ ਸ਼ੁਰੂ ਕੀਤਾ। ਧੰਨਾ ਸਿੰਘ ਨੇ ਕਿਹਾ ਸ਼ਾਇਦ ਉਹ ਮੇਰੇ ਨਾਲ ਸ਼ੁਗਲ ਕਰ ਰਿਹਾ ਹੈ। ਜਦੋਂ ਧੰਨਾ ਸਿੰਘ ਨੂੰ ਸਾਹ ਆਉਣਾ ਬੰਦ ਹੋ ਗਿਆ ਤਾਂ ਉਨ੍ਹਾਂ ਨਬੀਏ ਗੁੱਜਰ ਦੇ ਚਾਰ-ਪੰਜ ਸੁੱਟੀਆਂ ਤੇ ਹੇਠਾਂ ਢਾਅ ਲਿਆ। ਨੱਬੀਏ ਦਾ ਦੂਜਾ ਭਾਈ ਧੰਨਾ ਸਿੰਘ ਤੇ ਢਾਂਗੇ ਨਾਲ ਵਾਰ ਕਰ ਰਿਹਾ

ਸੀ। ਹੇਠਾਂ ਪਏ ਨਬੀਏ ਨੇ ਕਿਹਾ, "ਇਸ ਦੇ ਸੱਟਾਂ ਨਾ ਮਾਰ ਇਹ ਮੇਰੇ ਲੱਗਦੀਆਂ ਹਨ।" ਚੰਦ ਹੀ ਮਿੰਟਾਂ ਵਿਚ ਧੰਨਾ ਸਿੰਘ ਦਾ ਦੂਜਾ ਭਾਈ ਤੁਲਸੀ ਆ ਗਿਆ, ਫਿਰ ਦੋਹਾਂ ਦਾ ਖ਼ੂਬ ਕੁਟਾਪਾ ਕੀਤਾ। ਪਿੰਡ ਦੇ ਸਾਰੇ ਲੋਕਾਂ ਨੇ ਇਸ ਦੀ ਖ਼ੁਸ਼ੀ ਮਨਾਈ।

ਦੂਜੀ ਘਟਨਾ:- ਧੰਨਾ ਸਿੰਘ ਦੀ ਦੂਜੀ ਘਟਨਾ ਵੀ ਲੜਾਈ ਦੀ ਹੈ ਜੋ ਪਿੰਡ ਦੇ ਦੱਖਣ ਦੇ ਪਾਸੇ ਬਾਬਾ ਰਾਮ ਸਰਨ ਦੀ ਸਮਾਧ ਦੇ ਕੋਲ ਦੀ ਹੈ। ਇਹ ਵੀ ਗੁੱਜਰਾਂ ਦੀ ਲੜਾਈ ਹੀ ਦੱਸੀ ਜਾਂਦੀ ਹੈ। ਜਦੋਂ ਧੰਨਾ ਸਿੰਘ ਨੇ ਆਪਣੀ ਲਾਠੀ ਨਾਲ ਵਾਰ ਕਰਨਾ ਸੀ ਤਾਂ ਉਸ ਦੀ ਲਾਠੀ ਭਾਗੇ ਦੇ ਭਰਾ ਸਾਂਈ ਨੇ ਮਗਰੋਂ ਫੜ ਲਈ। ਧੰਨਾ ਸਿੰਘ ਨੇ ਸਾਂਈ ਨੂੰ ਆਪਣੇ ਜ਼ੋਰ ਨਾਲ ਧਰਤੀ 'ਤੇ ਪਟਕਾ ਕੇ ਸੁੱਟਿਆ ਤਾਂ ਉਸ ਨੇ ਕਿਹਾ, "ਰੱਬ ਦੇ ਵਾਸਤੇ ਨਾ ਮਾਰੀ।" ਇਹ ਗੱਲ ਜੋਗਿੰਦਰ ਸਿੰਘ ਜਿੰਦੋ ਨੇ ਵੀ ਮੈਨੂੰ ਦੱਸੀ ਹੈ ਕਿ ਧਨੀ ਵਿਚ ਐਨਾ ਜ਼ੋਰ ਹੁੰਦਾ ਸੀ। ਪਰ ਧੰਨਾ ਸਿੰਘ ਨੇ ਆਪਣੇ ਜ਼ੋਰ ਦੀ ਵਰਤੋਂ ਕਿਸੇ ਮਾੜੇ ਕਿਰਦਾਰ ਲਈ ਨਹੀਂ ਕੀਤੀ।

ਸੇਵਾ ਬਾਬਾ ਈਸ਼ਰ ਦਾਸ:- ਧੰਨਾ ਸਿੰਘ ਨੇ ਬਾਬਾ ਈਸ਼ਰ ਦਾਸ ਕਾਹਰੀ ਵਾਲਿਆਂ ਦੇ ਡੇਰੇ ਦੀ ਸੇਵਾ ਵੀ ਕੀਤੀ ਹੈ। ਦੱਸਿਆ ਜਾਂਦਾ ਹੈ ਕਿ ਆਪ ਬਾਬਾ ਈਸ਼ਰ ਦਾਸ ਨਾਲ ਤਲਾਬ ਪੁੱਟਦੇ ਸਨ। ਗੱਦੀ ਤੇ ਬਿਰਾਜਮਾਨ ਬਾਬਾ ਬੀਰਮ ਦਾਸ ਉਹ ਵੀ ਮੇਲੇ ਤੋਂ ਪਹਿਲਾਂ ਆ ਕੇ ਡੇਰੇ ਦੀ ਸਫ਼ਾਈ ਕਰਨ ਨੂੰ ਕਹਿੰਦੇ ਸਨ। ਧੰਨਾ ਸਿੰਘ ਸਾਨੂੰ ਨਾਲ ਲੈ ਕੇ ਡੇਰੇ ਦੀ ਸਫਾਈ ਕਰਾਉਂਦੇ ਸਨ। ਇਸ ਹੀ ਤਰ੍ਹਾਂ ਜਦੋਂ 16 ਭਾਦੋਂ ਨੂੰ ਮੇਲਾ ਬਾਬਾ ਮਾਹਨ ਦਾਸ ਦਾ ਲੱਗਦਾ ਸੀ ਤਾਂ ਆਪ ਸਾਰੇ ਘਰਾਂ ਵਿਚੋਂ ਪੈਸੇ ਤੇ ਆਟਾ ਇਕੱਠਾ ਕਰਕੇ ਲੰਗਰ ਸੇਵਾ ਵਾਸਤੇ ਲੈ ਕੇ ਜਾਂਦੇ ਸਨ।

ਬਾਬਾ ਪਿੱਪਲ ਦਾਸ:- ਆਪ ਨੇ ਬਾਬਾ ਪਿੱਪਲ ਦਾਸ ਰਾਪੁਰ ਬੱਲਾਂ ਵਾਲਿਆਂ ਨੂੰ ਆਪਣਾ ਗੁਰੂ ਧਾਰਨ ਕੀਤਾ। ਬਾਬਾ ਪਿੱਪਲ ਦਾਸ ਪਿੰਡ ਗਗਨੌਲੀ ਵਿਖੇ ਕਈ ਦਿਨ ਰਹਿ ਕੇ ਜਾਂਦੇ ਸਨ। ਧੰਨਾ ਸਿੰਘ ਨੇ ਆਪਣੀ ਜ਼ੁਬਾਨੀ ਦੱਸਣਾ ਕਿ ਜਦੋਂ ਬਾਬਾ ਪਿੱਪਲ ਦਾਸ ਜੀ ਨੇ ਮੱਖਣ ਨਾਲ ਭੋਜਨ ਛਕਣਾ ਤੇ ਕਹਿਣਾ ਹੁਣ ਮੈਂ ਇਸ ਨੂੰ ਹਾਜ਼ਮ ਕਰਨਾ ਹੈ। ਚਲੋਂ ਮੈਂ ਤੁਹਾਡਾ ਹਲਟ ਹੱਕ ਦਿੰਦਾ ਹਾਂ। ਉਨ੍ਹਾਂ ਤੋਂ ਮਗਰੋਂ ਉਨ੍ਹਾਂ ਦਾ ਸਪੁੱਤਰ ਬਾਬਾ ਸਰਵਣ ਦਾਸ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਧੰਨਾ ਸਿੰਘ ਫੇਰ ਵੀ ਡੇਰੇ ਜਾਂਦੇ ਰਹੇ। ਉਸ ਸਮੇਂ ਤੋਂ ਡੇਰਾ ਬੱਲਾਂ ਵਿਖੇ ਮਾਘੀ ਦੇ ਤਿਉਹਾਰ ਦਾ ਭਰਵਾਂ ਮੇਲਾ ਲੱਗਦਾ ਆ ਰਿਹਾ ਹੈ। ਬਾਬਾ ਸਰਵਣ ਦਾਸ ਜੀ 11-6-1972 ਨੂੰ ਜੋਤੀ ਜੋਤ ਸਮਾਏ ਸਨ। ਸਾਡੇ ਘਰਾਂ ਵਿਚ ਧਾਰਾ ਸਿੰਘ ਸਪੁੱਤਰ ਉਜਾਗਰ ਸਿੰਘ ਦੇ ਲੜਕੇ ਦੀ ਬਰਾਤ ਪੰਡੋਰੀ ਬੀਬੀ ਜਾਣੀ ਸੀ। ਉਨ੍ਹਾਂ ਦੀ ਧਰਮ ਪਤਨੀ ਸੰਤੀ ਨੇ ਕਿਹਾ, "ਸਰਵਣ ਦੇ ਭਾਈਆ ਤੂੰ ਜਨੇਤ ਨਾ ਜਾਵੀਂ। ਬਾਬਾ ਸਰਵਣ ਦਾਸ ਜੀ ਸੁਰਗਵਾਸ ਹੋ ਗਏ ਹਨ। ਤੁਸੀਂ ਬੱਲਾਂ ਨੂੰ ਜਾਣਾ ਹੈ।" ਧੰਨਾ ਸਿੰਘ ਫਿਰ 12-6-1972 ਨੂੰ ਜਨੇਤ ਨਹੀਂ ਗਏ। ਬਾਬਾ ਸਰਵਣ ਦਾਸ ਜੀ ਦੇ ਸਸਕਾਰ 'ਤੇ ਗਏ ਤੇ ਸ਼ਾਮ ਨੂੰ ਘਰ ਆ ਗਏ। ਬਾਬਾ ਪਿੱਪਲ ਦਾਸ ਤੇ ਬਾਬਾ ਸਰਵਣ ਦਾਸ ਦੇ ਸਮੇਂ ਦੀਆਂ ਕਈ ਗੱਲਾਂ ਅਕਸਰ ਉਹ ਕਰਿਆ ਕਰਦੇ ਸਨ।

ਉਨ੍ਹਾਂ ਦੀ ਧਰਮ ਪਤਨੀ ਨੂੰ ਬਾਬਾ ਸਾਵਣ ਸਿੰਘ ਡੇਰਾ ਬਿਆਸ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਸੀ। ਉਨ੍ਹਾਂ ਦਾ ਨਾਮ ਜੇ ਸੰਤੀ ਸੀ ਤਾਂ ਉਹ ਵੀ ਸ਼ਾਂਤ ਸੁਭਾਅ ਦੀ ਸੀ। ਤਾਇਆ ਧੰਨਾ ਸਿੰਘ ਦੇ ਨਾਲ ਸਾਰਾ ਘਰ ਦਾ ਕੰਮਕਾਰ ਕਰਾਉਂਦੀ ਸੀ। ਸਮੇਂ ਸਿਰ ਰੋਟੀ ਦਾ ਖਿਆਲ ਰੱਖਦੀ ਸੀ।

ਬਾਤਾਂ ਪਾਉਣੀਆਂ:- ਆਪ ਰਾਤ ਸਮੇਂ ਲੰਮੀਆਂ-ਲੰਮੀਆਂ ਬਾਤਾਂ ਸੁਣਾਉਂਦੇ ਸਨ। ਆਪ ਦੀ ਗੱਲ ਸੁਣ ਕੇ ਕਦੇ ਏਕੇਵਾਂ ਨਹੀਂ ਆਉਂਦਾ ਸੀ। ਆਪ ਜਦੋਂ ਵੀ ਗੱਲ ਕਰਦੇ ਮਖਾਂ ਸ਼ਬਦ ਦੀ ਵਰਤੋਂ ਕਰਦੇ ਸਨ। ਮਖਾਂ ਤੋਂ ਭਾਵ ਹੈ ਮੈਂ ਕਹਿੰਦਾ ਹਾਂ। ਬਾਤਾਂ ਵਿਚ ਸਿਰ ਲੰਮੇ ਦੀ ਬਾਤ, ਦੁੱਲਾ ਭੱਟੀ ਜਾਂ ਰਾਜਾ ਮਾਨਧਾਤਾ ਦਾ ਪ੍ਰਸੰਗ ਜਾਂ ਕਿਸੇ ਵੇਲੇ ਹਾਸੇ ਮਜ਼ਾਕ ਦੀ ਗੱਲ ਵੀ ਕਰਦੇ ਸਨ। ਇਹ ਗੱਲ ਉਸ ਸਮੇਂ ਕਰਨੀ ਜਦੋਂ ਜ਼ਿਆਦਾ ਬੀਬੀਆਂ ਇਕੱਠੀਆਂ ਬੈਠੀਆਂ ਹੁੰਦੀਆਂ ਸਨ।

ਯੂ.ਪੀ. ਜਾਣਾ:- ਯੂ.ਪੀ. ਦਾ ਜਿਕਰ ਮੈਂ ਉਨ੍ਹਾਂ ਦੇ ਭਾਈ ਅਮਰ ਸਿੰਘ ਦੇ ਪਰਿਵਾਰ ਵਿਚ ਕਰ ਦਿੱਤਾ ਹੈ। ਆਪ ਦੇ ਲੜਕੇ ਵੀ ਉਨ੍ਹਾਂ ਦੇ ਨਾਲ ਯੂ.ਪੀ. ਚਲੇ ਗਏ ਜਿਨ੍ਹਾਂ ਜਾ ਕ਼ੇ ਦੋ ਤਿੰਨ ਮੁਰੱਬੇ ਜ਼ਮੀਨ ਆਬਾਦ ਕਰ ਲਈ। ਧੰਨਾ ਸਿੰਘ ਨੇ ਦੱਸਣਾ ਕਿ ਜਿੰਨੇ ਦਰਖਤ ਵੱਢਣੇ ਉਹ ਸਾਰੇ ਦੂਜੇ ਦਿਨ ਬਜ਼ਾਰ ਵੇਚ ਕੇ ਆਉਣੇ ਤੇ ਘਰ ਦਾ ਰਾਸ਼ਨ ਪਾਣੀ ਖਰੀਦ ਕੇ ਲੈ ਆਉਣਾ। ਆਪ ਨੂੰ ਜ਼ਮੀਨ ਆਬਾਦ ਕਰਨ ਵਿਚ ਬੜਾ ਸਮਾਂ ਲੱਗਾ। ਜ਼ਮੀਨ ਆਬਾਦ ਹੋਣ ਤੋਂ ਮਗਰੋਂ ਆਪ ਮੀਆਂ ਬੀਬੀ ਪੰਜਾਬ ਆ ਗਏ। ਫਿਰ ਜ਼ਿੰਦਗੀ ਦਾ ਰਹਿੰਦਾ ਸਮਾਂ ਇਥੇ ਹੀ ਪਾਸ ਕੀਤਾ।

ਮਕਾਨਾਂ ਦੀ ਸੰਭਾਲ:- ਆਪ ਦੇ ਤਿੰਨ ਬੇਟੇ ਸਨ। ਤਿੰਨਾਂ ਦਾ ਰਹਿਣ ਵਾਲਾ ਮਕਾਨ ਸਾਂਝਾ ਸੀ। ਹਰ ਸਾਲ ਦੀਵਾਲੀ ਦੇ ਲਾਗੇ ਉਨ੍ਹਾਂ ਨੂੰ ਲਿੱਪਿਆ ਜਾਂਦਾ। ਮਿੱਟੀ ਸੁੱਟ ਕੇ ਖੂਹ 'ਤੇ ਕਈ ਦਿਨ ਘਾਣੀ ਕਰਦੇ ਤੇ ਫਿਰ ਹੌਲੀ-ਹੌਲੀ ਮੀਆਂ ਬੀਬੀ ਲੱਗੇ ਰਹਿੰਦੇ। ਹਰ ਰੋਜ਼ ਸ਼ਾਮ ਵੇਲੇ ਸਾਰੇ ਘਰਾਂ ਵਿਚ ਜਾ ਕੇ ਪੁੱਛਣਾ ਬਈ ਸਾਰੇ ਲੜਕੇ ਕੰਮਾਂਕਾਰਾਂ ਤੋਂ ਘਰ ਆ ਗਏ ਹਨ। ਫਿਰ ਆਪਣੇ ਬਿਸਤਰੇ 'ਤੇ ਸੌਂਦੇ ਸਨ।

ਪਸ਼ੂਆਂ ਦੀ ਚੰਗੀ ਸੇਵਾ:- ਯੂ.ਪੀ. ਤੋਂ ਆ ਕੇ ਆਪ ਨੇ ਆਪਣੇ ਵਾਸਤੇ ਮੱਝਾਂ ਜ਼ਰੂਰ ਰੱਖੀਆਂ। ਇਨ੍ਹਾਂ ਦਾ ਘਿਓ ਜੋੜ ਕੇ ਆਪਣੇ ਪੁੱਤਰਾਂ ਨੂੰ ਦੇਣਾ। ਇਸ ਤੋਂ ਇਲਾਵਾ ਆਪ ਕੱਪੜਾ ਵੀ ਬੁਣਦੇ ਸਨ। ਇਸ ਕੰਮ ਵਿਚ ਮੈਂ ਉਨ੍ਹਾਂ ਦੀ ਮੱਦਦ ਕਰ ਦਿੰਦਾ ਸੀ। ਹਵੇਲੀ ਵਿਚੋਂ ਲੰਘਦਾ ਹਰ ਆਦਮੀ ਤੇ ਰਿਸ਼ਤੇਦਾਰ ਆਪ ਦੀ ਮੱਝ ਵੇਖ ਕੇ ਖੁਸ਼ ਹੁੰਦਾ ਸੀ। ਉਨ੍ਹਾਂ ਆਪ ਵੀ ਦੱਸਿਆ ਕਿ ਯੂ.ਪੀ. ਵਿਚ ਜਦੋਂ ਖੇਤੀ ਕਰਦਾ ਸੀ ਤਾਂ ਸਾਰੇ ਲੋਕ ਮੇਰੇ ਬਲ਼ਦ ਵੇਖਣ ਆਉਂਦੇ ਸਨ। ਆਪ ਪਸ਼ੂਆਂ ਨੂੰ ਪੱਠੇ ਹਮੇਸ਼ਾ ਹੱਥ ਨਾਲ ਕੁਤਰਕੇ ਪਾਉਂਦੇ ਸਨ। ਮਸ਼ੀਨ ਨਾਲ ਪੱਠੇ ਮੈਂ ਕੁਤਰ ਦਿੰਦਾ ਸੀ।

ਬੁਢਾਪੇ ਦਾ ਸਮਾਂ:- ਆਪ ਦੀ ਉਮਰ 70 ਸਾਲ ਤੋਂ ਪਾਰ ਕਰ ਗਈ ਸੀ। ਫਿਰ ਵੀ ਆਪ ਕਣਕ ਦੀ ਵਾਢੀ ਹਰ ਸਾਲ ਕਰਦੇ ਸਨ। ਅੰਮ੍ਰਿਤ ਵੇਲੇ ਉੱਠ ਪੈਂਦੇ ਸਨ। ਘਰ ਦੀ ਭਾਵੇਂ ਰੁੱਖੀ-ਸੁੱਖੀ ਹੀ ਖਾਧੀ ਹੋਵੇ ਤੇ ਬਾਹਰ ਆ ਕੇ ਕਹਿਣਾ ਕਾਕਾ! ਤੁਹਾਡੀ ਤਾਈ ਨੇ

ਅੱਜ ਮੇਰੇ ਲਈ ਜਰਦਾ ਬਣਾਇਆ ਹੈ। ਮੈਂ ਰੱਜ ਕੇ ਰੋਟੀ ਖਾਧੀ ਹੈ। ਜਦੋਂ ਮੱਝ ਸੂ ਪੈਂਦੀ ਤਾਂ ਉਹ ਸਾਨੂੰ ਆਪਣੇ ਘਰ ਸੱਦਦੇ। ਰਾਤ ਨੂੰ ਕਈ-ਕਈ ਦਿਨ ਦੁੱਧ ਪਿਆਉਂਦੇ ਸਨ। ਕਹਿਣਾ ਹੁਣ ਤੁਸੀਂ ਮੇਰੇ ਪੁੱਤਰ ਹੋ। ਕਣਕਾਂ ਦੀ ਕਟਾਈ ਵੇਲੇ ਸਾਡੀ ਤਾਈ ਸੰਤੀ ਸਿਰ 'ਤੇ ਰੋਟੀਆਂ ਵਾਲਾ ਟੋਕਰਾ ਚੁੱਕ ਕੇ ਆਪ ਰੋਟੀ ਲੈ ਕੇ ਜਾਂਦੀ। ਉਸ ਕਦੇ ਨਹੀਂ ਕਿਹਾ ਸੀ ਕਿ ਮੈਂ ਧੁੱਪ ਵਿਚ ਨਹੀਂ ਜਾਣਾ ਹੈ। ਧੰਨਾ ਸਿੰਘ ਆਪਣੇ ਛੋਟੇ ਭਰਾਵਾਂ ਨਾਲ ਹਾੜੀ-ਸਾਉਣੀ ਕੰਮ ਕਰਦੇ ਸਨ। ਆਪਣੇ ਹੱਥ ਦੀਆਂ ਖੇਸੀਆਂ ਚਾਦਰਾਂ ਉਹ ਆਪਣੇ ਬੱਚਿਆਂ ਨੂੰ ਦਿੰਦੇ ਸਨ। ਉਸ ਦੇ ਲੜਕੇ ਸਾਲ ਦੋ ਸਾਲ ਮਗਰੋਂ ਘਰ ਗੇੜਾ ਮਾਰਦੇ ਸਨ। ਧੰਨਾ ਸਿੰਘ ਮੇਰੇ ਪਾਸੋਂ ਯੂ.ਪੀ. ਨੂੰ ਚਿੱਠੀ ਲਿਖਵਾਉਣ ਸਮੇਂ ਬਹੁਤ ਸਾਰੀਆਂ ਗੱਲਾਂ ਮੇਰੇ ਨਾਲ ਕਰਿਆ ਕਰਦੇ ਸਨ। ਆਪ ਦੀ ਇਮਾਨਦਾਰੀ ਤੇ ਸਾਦਗੀ ਨੂੰ ਵੇਖਦੇ ਹੋਏ ਪਿੰਡ ਦੇ ਸਾਰੇ ਲੋਕ ਧੰਨਾ ਸਿੰਘ ਨੂੰ ਭਗਤ ਕਹਿ ਕੇ ਸਤਿਕਾਰਦੇ ਸਨ। ਆਪ ਹਮੇਸ਼ਾ ਹੀ ਉੱਚ ਆਚਰਣ ਤੇ ਮਨੁੱਖਤਾਵਾਦੀ ਸੋਚ ਦੇ ਧਾਰਨੀ ਸਨ।

ਅੰਤਮ ਸਮਾਂ:- ਇਸ ਸਮੇਂ ਵਿਚ ਵੀ ਆਪ ਆਪਣੇ ਘਰ ਤੇ ਹਵੇਲੀ ਨੂੰ ਲਿੱਪ ਪਰੋਲ ਕੇ ਸੰਵਾਰ ਰਹੇ ਸਨ। ਆਪ ਦੇ ਸਿਰ ਵਿਚ ਕੁਝ ਧੱਫੜ ਜਿਹਾ ਨਿਕਲ ਆਇਆ ਜੋ ਜਲਦੀ ਹੀ ਠੀਕ ਹੋ ਗਿਆ। ਸਾਡੀ ਤਾਈ ਨੇ ਕਿਹਾ ਯੂ.ਪੀ. ਨੂੰ ਚਿੱਠੀ ਨਹੀਂ ਲਿਖਣੀ ਆਪੇ ਹੀ ਇਸ ਨੇ ਠੀਕ ਹੋ ਜਾਣਾ ਹੈ। ਫਿਰ ਆਪ ਦੀ ਸਿਹਤ ਕੁਝ ਖਰਾਬ ਹੋ ਗਈ। ਮੈਂ ਸ਼ਾਮ ਨੂੰ ਹਰ ਰੋਜ਼ ਉਨ੍ਹਾਂ ਦੇ ਕੋਲ ਜਾਂਦਾ ਤੇ ਉਨ੍ਹਾਂ ਦੀ ਮਾਲਸ਼ ਕਰਕੇ ਆਉਂਦਾ। ਤਾਈ ਸੰਤੀ ਨੇ ਕਿਹਾ ਕਾਕਾ! ਤੇਰੇ ਨਾਲ ਇਸ ਦਾ ਜ਼ਿਆਦਾ ਪਿਆਰ ਹੈ। ਸਿਆਲ ਰੁੱਤ ਕੁਝ ਸ਼ੁਰੂ ਹੋ ਗਈ ਸੀ। ਮੈਂ ਤੇ ਤਾਇਆ ਬੰਤਾ ਡਾ. ਦਿਆਲ ਦੇ ਕੋਲ ਹੁਸ਼ਿਆਰਪੁਰ ਉਸ ਦੇ ਘਰ ਗਏ। ਅਸੀਂ ਉਨ੍ਹਾਂ ਨੂੰ ਪਿੰਡ ਆਉਣ ਲਈ ਬੇਨਤੀ ਕੀਤੀ। ਉਹ ਦੁਪਹਿਰ ਸਮੇਂ ਪਿੰਡ ਆਏ ਤੇ ਦੇਖ ਕੇ ਦਵਾਈ ਦੇ ਗਏ। ਮੇਰੇ ਦੋ ਵੱਡੇ ਭਾਈ ਨਿਰਮਲ ਸਿੰਘ ਤੇ ਕੁਲਵਿੰਦਰ ਸਿੰਘ ਫੌਜ ਤੋਂ ਛੁੱਟੀ ਆਏ ਹੋਏ ਸਨ। ਅਸੀਂ ਸਵੇਰ ਨੂੰ ਸਾਜਰੇ ਹੀ ਕਾਹਰੀ ਵਾਲੇ ਬੇਲੋਂ ਵਿਚੋਂ ਕੁਝ ਸਰਵਾੜ ਵੱਢਦੇ ਸੀ, ਜੋ ਸਿਆਲ ਰੁੱਤੇ ਕੰਮ ਆਵੇਗਾ। ਦਵਾਈ ਲਗਾਤਾਰ ਚਲਦੀ ਰਹੀ। ਉਨ੍ਹਾਂ ਦੀ ਹਾਲਤ ਵੇਖ ਕੇ ਅਸੀਂ ਯੂ.ਪੀ. ਨੂੰ ਚਿੱਠੀ ਲਿਖ ਦਿੱਤੀ ਸੀ, ਜੋ ਉਨ੍ਹਾਂ ਨੂੰ ਸਮੇਂ ਸਿਰ ਮਿਲ ਗਈ। ਇਕ ਸ਼ਾਮ ਨੂੰ ਉਨ੍ਹਾਂ ਦੀ ਸਿਹਤ ਜ਼ਿਆਦਾ ਖਰਾਬ ਹੋ ਗਈ। ਉਹ ਕੁਝ ਪ੍ਰੇਸ਼ਾਨੀ ਮਹਿਸੂਸ ਕਰ ਰਹੇ ਸਨ। ਹੋਰ ਭੈਣ ਭਾਈ ਵੀ ਉਨ੍ਹਾਂ ਕੋਲ ਹਾਜ਼ਰ ਸਨ। ਚਾਚਾ ਸ਼ੰਕਰ ਸਿੰਘ ਨੇ ਕਿਹਾ ਕਾਕਾ, ਇਨ੍ਹਾਂ ਦੇ ਕੋਲ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਕਰ। ਮੈਂ ਆਪਣਾ ਇਸ਼ਨਾਨ ਕਰਕੇ ਆਇਆ ਤੇ ਸ਼ਰਧਾ ਨਾਲ ਪਾਠ ਕੀਤਾ। ਸਾਰੀ ਸੰਗਤ ਆਰਾਮ ਨਾਲ ਬੈਠ ਕੇ ਸੁਣ ਰਹੀ ਸੀ। ਪਾਠ ਉਪਰੰਤ ਬਾਬਾ ਪਿੱਪਲ ਦਾਸ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਤੁਹਾਡਾ ਚਰਨ ਸੇਵਕ ਹੈ। ਇਸ 'ਤੇ ਮੇਹਰ ਕਰੋ। ਧੰਨਾ ਸਿੰਘ ਪ੍ਰੇਸ਼ਾਨੀ ਦੀ ਹਾਲਤ ਵਿਚ ਆਪਣੀ ਜ਼ੁਬਾਨ ਵਿਚੋਂ ਹਾਏ ਮਾਂ ਉਹੀ ਮਾਂ ਵਾਰ-ਵਾਰ ਆਖ ਰਹੇ ਸਨ। ਥੋੜ੍ਹੇ ਸਮੇਂ ਤੋਂ ਮਗਰੋਂ ਉਹ ਕੁਝ ਸ਼ਾਂਤ ਹੋ ਗਏ ਜ਼ਿਆਦਾ ਹਨੇਰਾ ਹੋਣ ਕਰਕੇ ਬਾਕੀ ਪਰਿਵਾਰ ਦੇ ਮੈਂਬਰ ਆਰਾਮ

ਕਰਨ ਲੱਗੇ। ਉਨ੍ਹਾਂ ਦਾ ਪੁੱਤਰ ਸਵਰਨ ਸਿੰਘ ਵੀ ਪਹੁੰਚ ਗਿਆ ਸੀ। ਉਸ ਨਾਲ ਦੋ ਚਾਰ ਗੱਲਾਂ ਕੀਤੀਆਂ। ਪਰ ਇਹ ਪਵਿੱਤਰ ਆਤਮਾ ਤੜਕੇ ਅੰਮ੍ਰਿਤ ਵੇਲੇ 6-11-1976 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੀ। ਦਿਨ ਚੜ੍ਹਦੇ ਸਾਰ ਹੀ ਸਾਰਿਆਂ ਨੂੰ ਪਤਾ ਲੱਗ ਗਿਆ ਤਾਂ ਉਹ ਤਾਈ ਸੰਤੀ ਦੇ ਕੋਲ ਆ ਕੇ ਅਫਸੋਸ ਕਰਨ ਲੱਗੇ। ਸਾਕਾਚਾਰੀ ਵਿਚ ਸੁਨੇਹੇ ਭੇਜ ਦਿੱਤੇ ਸਨ। ਸਾਰੇ ਭੈਣ ਭਾਈ ਪਹੁੰਚਣ ਤੱਕ ਆਪ ਦੀ ਅੰਤਮ ਸ਼ੋਭਾ ਯਾਤਰਾ ਦੀ ਤਿਆਰੀ ਕਰ ਦਿੱਤੀ ਗਈ। ਆਪ ਨੂੰ ਅਗਨ ਭੇਟ ਆਪ ਦੇ ਬੇਟੇ ਸਵਰਨ ਸਿੰਘ ਨੇ ਕੀਤੀ।

ਭੋਗ:- ਆਪ ਦੇ ਨਮਿੱਤ ਸਹਿਜ ਪਾਠ ਰਖਵਾਇਆ ਗਿਆ। ਪਾਠੀ ਪਿੰਡ ਸਾਹਰੀ ਤੋਂ ਕਰਤਾਰ ਸਿੰਘ ਪਹਾੜੀਆ ਸਨ। ਕੀਰਤਨ ਕਰਨ ਵਾਲੇ ਵੀ ਪਿੰਡ ਚੱਕ ਗੁਜਰਾਂ ਤੋਂ ਕਰਤਾਰ ਸਿੰਘ ਕਜਲਾ ਸਨ। ਧੰਨਾ ਸਿੰਘ ਦੇ ਪਰਮ ਮਿੱਤਰ ਪਿੰਡ ਗਗਨੌਲੀ ਦੇ ਗਿਆਨੀ ਗੁਰਬਚਨ ਸਿੰਘ ਨੇ ਵੀ ਕੀਰਤਨ ਕੀਤਾ ਤੇ ਧੰਨਾ ਸਿੰਘ ਨੂੰ ਭਗਤ ਕਹਿ ਕੇ ਸਤਿਕਾਰ ਦਿੱਤਾ। ਭੋਗ ਦੀ ਅੰਤਮ ਅਰਦਾਸ ਹਵੇਲੀ ਦੇ ਵਿਚ ਖੁੱਲ੍ਹੇ ਪੰਡਾਲ ਵਿਚ ਕੀਤੀ ਗਈ। ਭੋਗ ਤੋਂ ਪਹਿਲਾਂ ਹੀ ਆਪ ਦਾ ਹੋਰ ਪਰਿਵਾਰ ਵੀ ਯੂ.ਪੀ. ਤੋਂ ਪਹੁੰਚ ਚੁੱਕਾ ਸੀ। ਜਿੰਨੇ ਦਿਨ ਤਾਇਆ ਧੰਨਾ ਸਿੰਘ ਦੇ ਲੜਕੇ ਪਿੰਡ ਗਗਨੌਲੀ ਰਹੇ ਘਰ ਭਰਿਆ-ਭਰਿਆ ਲਗਦਾ ਸੀ। ਉਨ੍ਹਾਂ ਦੇ ਭੋਗ ਦੀ ਅੰਤਮ ਅਰਦਾਸ ਤੇ ਭੈਣ ਭਾਈ ਦਾ ਉਨ੍ਹਾਂ ਦੇ ਘਰ ਵਿਚ ਇਕੱਠੇ ਹੋ ਕੇ ਬੈਠਣਾ ਤੇ ਲੰਗਰ ਛਕਣਾ ਇਹ ਸਭ ਕੁਝ ਆਖਰੀ ਸੀ।

ਵੰਸ਼:- ਧੰਨਾ ਸਿੰਘ ਦੇ ਵੰਸ਼ ਵਿਚ ਦੋ ਧੀਆਂ ਤੇ ਤਿੰਨ ਪੁੱਤਰ ਹਨ।

ਲੜਕੀਆਂ:- ਸਾਡੇ ਤਾਏ ਧੰਨਾ ਸਿੰਘ ਨੇ ਦੱਸਿਆ ਕਿ ਮੇਰੀਆਂ ਦੋ ਲੜਕੀਆਂ ਸਨ ਪਹਿਲੀ ਦੀ ਮੰਗਣੀ ਢਾਡੇ ਠੁਆਣੇ ਕੀਤੀ ਸੀ। ਕੁਝ ਸਮੇਂ ਤੋਂ ਮਗਰੋਂ ਲੜਕੀ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਫਿਰ ਮੈਂ ਦੂਜੀ ਲੜਕੀ ਉਸ ਹੀ ਘਰ ਮੰਗ ਦਿੱਤੀ। ਪਰ ਸ਼ਾਦੀ ਨਹੀਂ ਕਰ ਸਕਿਆ। ਉਹ ਵੀ ਪ੍ਰਮਾਤਮਾ ਨੂੰ ਪਿਆਰੀ ਹੋ ਗਈ। ਪਰ ਮੈਂ ਉਸ ਪਰਿਵਾਰ ਨੂੰ ਮਿਲਦਾ ਰਿਹਾ ਹਾਂ। ਜਦੋਂ ਉਨ੍ਹਾਂ ਆਪਣੇ ਸਹੁਰੇ ਪਿੰਡ ਚੰਬਲਾ ਜਾਣਾ ਤਾਂ ਢਾਡੇ ਠੁਆਣੇ ਜ਼ਰੂਰ ਜਾ ਕੇ ਆਉਣਾ।

ਲੜਕੇ: ਹਜ਼ਾਰਾ ਸਿੰਘ, ਸਵਰਨ ਸਿੰਘ ਤੇ ਸਰਵਣ ਸਿੰਘ।

1. **ਹਜ਼ਾਰਾ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਅਮਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਢੋਲਣਵਾਲ ਹਨ। ਜਦੋਂ ਆਪ ਪੰਜਾਬ ਆਉਂਦੇ ਤਾਂ ਢੋਲਣਵਾਲ ਜ਼ਰੂਰ ਜਾਂਦੇ ਸਨ। ਹਜ਼ਾਰਾ ਸਿੰਘ ਨੇ ਆਪਣੀ ਧੀ ਤੇ ਪੋਤੀਆਂ ਦੇ ਰਿਸ਼ਤੇ ਪੰਜਾਬ ਵਿਚ ਹੀ ਕੀਤੇ ਹਨ। ਇਕ ਪੋਤੀ ਨਿਆੜੇ ਇਕ ਛਾਉਣੀ ਕਲਾਂ ਤੇ ਧੀ ਕੋਟਲੀ ਅਰਾਈਆਂ ਤੇ ਲੜਕਾ ਜਗਦੀਪ ਸਿੰਘ ਮਾਣਕਰਾਈ ਵਿਆਹਿਆ ਹੈ।

ਹਜ਼ਾਰਾ ਸਿੰਘ ਦਾ ਪਿਛੋਕੜ:- ਹਜ਼ਾਰਾ ਸਿੰਘ ਨੇ ਅਜ਼ਾਦੀ ਤੋਂ ਪਹਿਲਾਂ ਕੁਝ ਜਮਾਤਾਂ ਪਾਸ ਕੀਤੀਆਂ ਫਿਰ ਆਪ ਫੌਜ ਵਿਚ ਭਰਤੀ ਹੋ ਗਏ। ਆਪ ਪੰਜਾਬੀ ਵੀ ਲਿਖ ਪੜ੍ਹ ਲੈਂਦੇ ਸਨ। ਮੈਂ ਉਨ੍ਹਾਂ ਨੂੰ ਗੁਟਕਾ ਸਾਹਿਬ ਤੋਂ ਪਾਠ ਕਰਦੇ ਵੀ ਦੇਖਿਆ ਹੈ।

ਦੂਜੀ ਸੰਸਾਰ ਜੰਗ ਵੇਲੇ ਆਪ ਨੂੰ ਬਹਾਦਰੀ ਪੁਰਸਕਾਰ ਮਿਲਿਆ। ਜੰਗ ਦੇ ਵਿਚ ਇਕ ਅੰਗਰੇਜ਼ ਅਫ਼ਸਰ ਜ਼ਖ਼ਮੀ ਹੋ ਗਿਆ ਸੀ। ਹਜ਼ਾਰਾ ਸਿੰਘ ਨੇ ਉਸ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਸੁਰੱਖਿਅਤ ਸਥਾਨ 'ਤੇ ਪਹੁੰਚਾ ਦਿੱਤਾ। ਫਿਰ ਆਪ ਨੂੰ ਪੈਨਸ਼ਨ ਵੀ ਮਿਲਦੀ ਸੀ। ਆਪ ਸਿਆਲਕੋਟ ਪਲਟਨ ਵਿਚ ਭਰਤੀ ਸਨ। ਆਪ ਨੂੰ ਫੌਜ ਦੀ ਪੈਨਸ਼ਨ ਮਿਲਦੀ ਰਹੀ ਹੈ।

ਹੋਰ ਗੱਲਾਂ ਹਜ਼ਾਰਾ ਸਿੰਘ ਦੀ ਜ਼ੁਬਾਨੀ:- ਹਜਾਰਾ ਸਿੰਘ ਜਦੋਂ ਪੰਜਾਬ ਆਉਂਦੇ ਤਾਂ ਮਹੀਨਾ-ਮਹੀਨਾ ਪੰਜਾਬ ਵਿਚ ਰਹਿ ਕੇ ਜਾਂਦੇ। ਕਦੇ-ਕਦੇ ਜ਼ਿਆਦਾ ਸਮਾਂ ਵੀ ਹੋ ਜਾਂਦਾ ਜਦੋਂ ਕਿਸੇ ਲੜਕੇ ਜਾਂ ਲੜਕੀ ਦੀ ਸ਼ਾਦੀ ਕਰਦੇ ਸਨ। ਮੈਂ ਉਨ੍ਹਾਂ ਨੂੰ ਠੰਢੇ ਪਾਣੀ ਨਾਲ ਇਸ਼ਨਾਨ ਕਰਦੇ ਵੇਖਿਆ ਹੈ। ਉਨ੍ਹਾਂ ਦੱਸਿਆ ਕਿ ਮੈਨੂੰ 30 ਸਾਲ਼ ਹੋ ਗਏ ਹਨ ਕਦੇ ਬੁਖਾਰ ਨਹੀਂ ਚੜ੍ਹਿਆ। ਆਮ ਆਦਮੀ ਨਾਲੋਂ ਉਨ੍ਹਾਂ ਦੀ ਖੁਰਾਕ ਵੀ ਚੰਗੀ ਸੀ। ਆਪ ਬਿਨਾ ਐਨਕ ਪਾਠ ਕਰਦੇ ਸਨ।

ਹਜ਼ਾਰਾ ਸਿੰਘ ਨੇ ਦੱਸਿਆ ਕਿ ਜਦੋਂ ਦੇਸ਼ ਦੀ ਵੰਡ ਹੋਈ, ਮੈਂ ਆਪਣੇ ਪਰਿਵਾਰ ਤੇ ਸਹੁਰਾ ਪਰਿਵਾਰ ਨੂੰ ਆਪਣੀ ਤਲਵਾਰ ਦੇ ਜ਼ੋਰ ਨਾਲ ਬਾਰ ਵਿਚੋਂ ਲੈ ਕੇ ਆਇਆ ਹਾਂ। ਫੌਜ ਦੇ ਵਿਚ ਵੀ ਮੈਂ ਹਮੇਸ਼ਾ ਚੜ੍ਹਦੀ ਕਲਾ ਵਿਚ ਰਿਹਾ ਹਾਂ।

ਯੂ.ਪੀ. ਜਾਣਾ:- ਹਜ਼ਾਰਾ ਸਿੰਘ ਵੀ 1951 ਈ: ਵਿਚ ਆਪਣੇ ਭਰਾਵਾਂ ਨਾਲ ਯੂ.ਪੀ. ਚਲੇ ਗਿਆ ਜਿਥੇ ਜਾ ਕੇ ਬਹੁਤ ਸਾਰੀ ਜ਼ਮੀਨ ਨੂੰ ਮਿਹਨਤ ਨਾਲ ਫਸਲ ਬੀਜਣ ਯੋਗ ਕੀਤਾ। ਆਪ ਦੇ ਕੋਲ 35 ਖੇਤ ਜ਼ਮੀਨ ਹੈ। ਯੂ.ਪੀ. ਵਿਚ ਵੀ ਕੁਝ ਲੋਕ ਆਕੜ-ਫਾਕੜ ਕਰਦੇ ਸਨ। ਪਰ ਆਪ ਦੇ ਸਾਹਮਣੇ ਕੋਈ ਨਹੀਂ ਟਿਕਿਆ। ਇਹ ਗੱਲ ਤਾਇਆ ਧੰਨਾ ਸਿੰਘ ਨੇ ਦੱਸੀ ਸੀ। ਹਜ਼ਾਰਾ ਸਿੰਘ ਯੂ.ਪੀ. ਵਿਚ ਆਪਣੇ ਪਿੰਡ ਦੇ ਸਰਪੰਚ ਵੀ ਰਹੇ ਸਨ। ਮੁਸਲਮਾਨ ਇਨ੍ਹਾਂ ਦੀ ਇੱਜ਼ਤ ਕਰਦੇ ਸਨ।

ਵੰਸ਼:- ਆਪ ਦੇ ਵੰਸ਼ ਵਿਚ ਚਾਰ ਲੜਕੇ- ਹਰਦੀਪ ਸਿੰਘ, ਘੁਲਾ ਸਿੰਘ, ਜਗਦੀਪ ਸਿੰਘ, ਭਜਨ ਸਿੰਘ ਤੇ ਇਕ ਲੜਕੀ ਸੱਤਿਆ ਕੌਰ ਹੈ ਜਿਸ ਦੀ ਸ਼ਾਦੀ ਆਪ ਨੇ ਕੋਟਲੀ ਅਰਾਈਆਂ ਨੇੜੇ ਸ਼ਾਮ ਚੁਰਾਸੀ ਕੀਤੀ ਹੈ। ਆਪਣੀਆਂ ਪੋਤੀਆਂ ਦੀਆਂ ਸ਼ਾਦੀਆਂ 21-2-1990 ਦਿਨ ਬੁੱਧਵਾਰ ਨੂੰ ਕੀਤੀਆਂ ਹਨ, ਜਿਨ੍ਹਾਂ ਦਾ ਜ਼ਿਕਰ ਪਹਿਲਾਂ ਕਰ ਦਿੱਤਾ ਹੈ।

ਸਵਰਨ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਅਮਰ ਕੌਰ ਜਿਸ ਦੇ ਪੇਕੇ ਬਸੀ ਖੁਆਜੂ ਹੁਸ਼ਿਆਰਪੁਰ ਹਨ। ਇਸ ਦਾ ਇਕ ਭਰਾ ਚੰਨਣ ਸਿੰਘ ਚੰਨਾ ਹੈ ਜੋ ਸ਼ਾਮ ਚੁਰਾਸੀ ਵਿਖੇ ਖੇਤੀ ਕਰਦਾ ਹੈ। ਤਾਇਆ ਧੰਨਾ ਸਿੰਘ ਇਨ੍ਹਾਂ ਦੇ ਕੋਲ ਜਾਂਦਾ ਹੁੰਦਾ ਸੀ। ਇਹ ਦੋ ਅਮਰ ਕੌਰਾਂ ਹਨ ਇਕ ਨੂੰ ਵੱਡੀ ਅਮਰੋ ਤੇ ਦੂਜੀ ਨੂੰ ਛੋਟੀ ਅਮਰੋ ਕਹਿ ਕੇ ਦੱਸਿਆ ਜਾਂਦਾ ਹੈ। ਸਵਰਨ ਸਿੰਘ ਦੀ ਸਰੀਰਕ ਬਣਤਰ ਆਪਣੇ ਪਿਤਾ ਧੰਨਾ ਸਿੰਘ ਵਰਗੀ ਹੈ। ਜਦੋਂ ਗੱਲਬਾਤ ਕਰਦੇ ਹਨ ਤਾਂ ਮੈਨੂੰ ਭੁਲੇਖਾ ਤਾਇਆ ਧੰਨਾ ਸਿੰਘ ਦਾ ਪੈਂਦਾ ਸੀ। ਆਪ ਦਾ ਸ਼ਾਂਤ ਸੁਭਾਅ ਹੈ।

ਵੰਸ਼:- ਆਪ ਦੇ ਦੋ ਲੜਕੇ ਹਨ– ਮਹਿੰਦਰ ਸਿੰਘ ਤੇ ਮਲਕੀਤ ਸਿੰਘ। ਮਹਿੰਦਰ ਸਿੰਘ ਪਿੰਡ ਗਗਨੌਲੀ ਵਿਖੇ ਆਪਣੇ ਦਾਦਾ ਦਾਦੀ ਦੇ ਕੋਲ ਤੇ ਆਪਣੇ ਮਾਮੇ ਚੰਨਣ ਸਿੰਘ ਦੇ ਕੋਲ ਸ਼ਾਮ ਚੁਰਾਸੀ ਰਿਹਾ। ਪੰਜਾਬ ਵਿਚੋਂ ਆਪ ਨੇ ਦਸਵੀਂ ਜਮਾਤ ਪਾਸ ਕੀਤੀ ਹੈ। ਫਿਰ ਪੰਜਾਬ ਪੁਲਿਸ ਵਿਚ ਭਰਤੀ ਹੋ ਗਿਆ। ਮਹਿੰਦਰ ਸਿੰਘ ਹੁਣ ਏ.ਐਸ.ਆਈ. ਬਣ ਕੇ ਸੇਵਾਮੁਕਤ ਹੋਇਆ ਹੈ ਤੇ ਯੂ.ਪੀ. ਵਿਚ ਰਹਿ ਰਿਹਾ ਹੈ।

ਦੂਜਾ ਲੜਕਾ ਮਲਕੀਤ ਸਿੰਘ ਯੂ.ਪੀ. ਵਿਚ ਹੀ ਖੇਤੀ ਕਰਦਾ ਹੈ।

3. **ਸਰਵਣ ਸਿੰਘ**:- ਸਰਵਣ ਸਿੰਘ ਧੰਨਾ ਸਿੰਘ ਦਾ ਤੀਸਰਾ ਲੜਕਾ ਹੈ। ਇਸ ਨੇ ਵੀ ਉਰਦੂ ਦੀਆਂ ਛੇ ਜਮਾਤਾਂ ਪਾਸ ਕੀਤੀਆਂ ਹਨ। ਇਹ ਮਿਸਤਰੀ ਪ੍ਰੀਤਮ ਸਿੰਘ ਦੇ ਹਾਣੀ ਹਨ। ਇਨ੍ਹਾਂ ਨੇ ਵੀ ਫੌਜ ਦੀ ਨੌਕਰੀ ਕੀਤੀ ਹੈ। ਆਪ ਨੂੰ ਵੀ ਪੈਨਸ਼ਨ ਮਿਲਦੀ ਹੈ। ਆਪ ਪੰਜਾਬ ਵਿਚ ਬਹੁਤ ਘੱਟ ਆਏ ਹਨ। ਸਰਵਣ ਸਿੰਘ ਨੇ ਆਪਣੇ ਕੋਲ ਪੱਕੀ ਰਾਈਫਲ ਰੱਖੀ ਹੋਈ ਸੀ। ਜਦੋਂ ਪੰਜਾਬ ਆਉਂਦੇ ਸਨ ਤਾਂ ਇਹ ਰਾਈਫਲ ਆਪ ਦੇ ਮੋਢੇ ਵਿਚ ਹੁੰਦੀ ਸੀ। ਆਪ ਦਾ ਸੁਭਾਅ ਕੁਝ ਹਾਸਾ ਮਜ਼ਾਕ ਵਾਲਾ ਸੀ।

ਸਹੁਰੇ:- ਆਪ ਦੀ ਧਰਮ ਪਤਨੀ ਦਾ ਨਾਮ ਵਚਨ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਈਸਰੋਵਾਲ ਨੌਲੀ ਸਨ। ਧੰਨਾ ਸਿੰਘ ਕਦੇ-ਕਦੇ ਇਥੇ ਜਾਂਦਾ ਹੁੰਦਾ ਸੀ।

ਸਰਵਣ ਸਿੰਘ ਦੀ ਸਿਹਤ ਕੁਝ ਖਰਾਬ ਹੋ ਗਈ। ਉਸ ਦਾ ਲੜਕਾ ਗੁਰਮੀਤ ਸਿੰਘ ਉਸ ਦਾ ਇਲਾਜ ਯੂ.ਪੀ. ਵਿਚ ਕਰਵਾਉਂਦਾ ਰਿਹਾ। ਫਿਰ ਸਰਵਣ ਸਿੰਘ ਨੂੰ ਇਲਾਜ ਵਾਸਤੇ ਜਲੰਧਰ ਲੈ ਆਂਦਾ। ਇਥੇ ਚੈੱਕ ਕਰਨ ਉਪਰੰਤ ਡਾਕਟਰਾਂ ਨੇ ਦੱਸਿਆ ਕਿ ਆਪ ਨੂੰ ਕੈਂਸਰ ਦੀ ਬਿਮਾਰੀ ਹੈ। ਉਸ ਦਾ ਲੜਕਾ ਗੁਰਮੀਤ ਸਿੰਘ ਪਿੰਡ ਆਇਆ ਤਾਂ ਆਪਣੀ ਭਾਵਨਾ ਨਾਲ ਫਗਵਾੜੇ ਜਠੇਰਿਆਂ ਦੇ ਮੱਥਾ ਟੇਕ ਕੇ ਗਿਆ। ਕੁਝ ਹੀ ਦਿਨਾਂ ਮਗਰੋਂ ਸਰਵਣ ਸਿੰਘ 14-4-1995 ਵਿਸਾਖੀ ਵਾਲੇ ਦਿਨ ਹਸਪਤਾਲ 'ਚ ਸੁਰਗਵਾਸ ਹੋ ਗਿਆ। ਉਸ ਹੀ ਦਿਨ ਉਨ੍ਹਾਂ ਦੇ ਮਾਮੇ ਦਾ ਲੜਕਾ ਮੋਤੀ ਰਾਮ ਪਿੰਡ ਚੰਬਲਾ ਜ਼ਿਲ੍ਹਾ ਹੁਸ਼ਿਆਰਪੁਰ ਸੁਰਗਵਾਸ ਹੋ ਗਿਆ। ਸਰਵਣ ਸਿੰਘ ਦਾ ਮ੍ਰਿਤਕ ਸਰੀਰ ਉਨ੍ਹਾਂ ਦਾ ਲੜਕਾ ਗੁਰਮੀਤ ਸਿੰਘ ਯੂ.ਪੀ. ਲੈ ਗਿਆ, ਉਥੇ ਹੀ ਉਨ੍ਹਾਂ ਦੀ ਅੰਤਮ ਅਰਦਾਸ ਕੀਤੀ ਗਈ। ਸਰਵਣ ਸਿੰਘ ਦੀਆਂ ਅਸਤੀਆਂ ਡੇਰਾ ਬਿਆਸ ਵਿਖੇ ਜਲ ਪ੍ਰਵਾਹ ਕਰਨ ਉਪਰੰਤ ਗੁਰਮੀਤ ਸਿੰਘ ਤੇ ਉਸ ਦਾ ਤਾਇਆ ਸਵਰਨ ਸਿੰਘ ਪਿੰਡ ਗਗਨੌਲੀ ਆਏ ਸਨ।

ਵੰਸ਼:- ਆਪ ਦੇ ਵੰਸ਼ ਵਿਚ ਲੜਕਾ ਗੁਰਮੀਤ ਸਿੰਘ ਤੇ ਇਕ ਲੜਕੀ ਮਨਜੀਤ ਕੌਰ ਹੈ। ਦੋਵੇਂ ਭੈਣ ਭਰਾ ਪਰਿਵਾਰ ਵਾਲੇ ਹਨ। ਗੁਰਮੀਤ ਸਿੰਘ ਵੀ ਆਪਣੇ ਦਾਦਾ ਧੰਨਾ ਸਿੰਘ ਦੇ ਕੋਲ ਰਿਹਾ ਤੇ ਫੌਜ ਵਿਚ ਭਰਤੀ ਹੋ ਗਿਆ। ਦੁਬਾਰਾ ਛੁੱਟੀ ਆਇਆ ਤਾਂ ਮਿਲ ਕੇ ਗਿਆ।

ਸੰਤੀ ਦਾ ਯੂ.ਪੀ. ਜਾਣਾ:- ਆਪਣੇ ਪਤੀ ਧੰਨਾ ਸਿੰਘ ਦੀ ਮੌਤ ਤੋਂ ਮਗਰੋਂ ਉਨ੍ਹਾਂ

ਦੀ ਧਰਮ ਪਤਨੀ ਸੰਤੀ ਆਪਣੇ ਪੁੱਤਰ ਸਵਰਨ ਸਿੰਘ ਦੇ ਨਾਲ ਯੂ.ਪੀ. ਚਲੇ ਗਈ। ਸ਼ਾਮ ਦੇ ਸਮੇਂ ਮੈਂ ਖੇਤਾਂ ਵਿਚ ਪੜ੍ਹਦਾ ਸੀ। ਮੈਂ ਉਨ੍ਹਾਂ ਨੂੰ ਨਸਰਾਲੇ ਵਾਲੇ ਪਾਸੇ ਜਾਂਦੇ ਦੇਖਿਆ। ਉਨ੍ਹਾਂ ਨੇ ਰੇਲਵੇ ਸਟੇਸ਼ਨ ਨਸਰਾਲੇ ਤੋਂ ਰੇਲਗੱਡੀ ਰਾਹੀਂ ਜਲੰਧਰ ਜਾਣਾ ਸੀ। ਮੈਂ ਦੌੜ ਕਿ ਉਨ੍ਹਾਂ ਨੂੰ ਮਿਲਣ ਗਿਆ। ਉਹ ਮਾਂ-ਪੁੱਤਰ ਰੁਕ ਗਏ। ਮੈਂ ਦੋਹਾਂ ਨੂੰ ਮੱਥਾ ਟੇਕਿਆ। ਤਾਈ ਸੰਤੀ ਨੇ ਕਿਹਾ, "ਕਾਕਾ! ਤੂੰ ਆਪਣੇ ਤਾਏ ਦੀ ਬਹੁਤ ਸੇਵਾ ਕੀਤੀ ਹੈ। ਪ੍ਰਮਾਤਮਾ ਤੈਨੂੰ ਕਾਮਯਾਬੀ ਦੇਵੇ। ਮੇਰੀਆਂ ਅੱਖਾਂ 'ਚੋਂ ਅੱਥਰੂ ਆ ਗਏ। ਉਹ ਜਲਦੀ ਨਾਲ ਚੱਲ ਪਏ। ਮੈਂ ਦੇਖਦਾ ਰਿਹਾ ਪੁਰਾਣੀਆਂ ਯਾਦਾਂ ਨੂੰ ਯਾਦ ਕਰਦਾ ਰਿਹਾ ਕਿ ਮੈਂ ਆਪਣੇ ਤਾਏ ਦੇ ਖੁੱਲ੍ਹੇ ਮਕਾਨ ਵਿਚ ਪੜ੍ਹਦਾ ਹੁੰਦਾ ਸੀ। ਅੱਜ ਘਰ ਨੂੰ ਤਾਲੇ ਲੱਗ ਗਏ ਹਨ। ਤਾਈ ਸੰਤੀ ਯੂ.ਪੀ. ਚਲੇ ਗਈ। ਮੁੜ ਪੰਜਾਬ ਨਹੀਂ ਆਈ ਉਹ ਛੇ ਸਾਲ ਮਗਰੋਂ ਮਿਤੀ 13-6-1982 ਨੂੰ ਆਪਣੇ ਪੁੱਤਰਾਂ ਦੇ ਕੋਲ ਪ੍ਰਮਾਤਮਾ ਦੀ ਗੋਦ ਵਿਚ ਸਦਾ ਲਈ ਚਲੀ ਗਈ।

ਮਕਾਨਾਂ ਦਾ ਵੇਚਣਾ:- ਧੰਨਾ ਸਿੰਘ ਦੀ ਮੌਤ ਤੋਂ ਮਗਰੋਂ ਮਕਾਨਾਂ ਦੀ ਸਾਂਭ ਸੰਭਾਲ ਕਿਸ ਕਰਨੀ ਸੀ। ਉਹ ਹੌਲੀ-ਹੌਲੀ ਕਰਕੇ ਢਿੱਠ ਗਏ। ਫਿਰ ਉਸ ਦਾ ਪੁੱਤਰ ਸਵਰਨ ਸਿੰਘ ਮਲਵੇ ਸਮੇਤ ਇਸ ਥਾਂ ਨੂੰ ਆਪਣੇ ਮਾਸੀ ਦੇ ਪੁੱਤਰਾਂ ਨੂੰ 5000/-ਰੁ: ਵਿਚ ਵੇਚ ਗਿਆ। ਹਵੇਲੀ ਵਾਲਾ ਥਾਂ ਸਵਰਨ ਸਿੰਘ ਨੇ ਤਾਏ ਬੰਤਾ ਸਿੰਘ ਨੂੰ ਵੇਚ ਦਿੱਤਾ। ਅੱਜ ਕਿਸੇ ਨੂੰ ਕੋਈ ਪਤਾ ਨਹੀਂ ਹੈ ਕਿ ਇਹ ਥਾਂ ਕਿਸ ਦਾ ਹੈ। ਇਸ ਦੇ ਵਾਰਸ ਕੌਣ ਹਨ। ਜੱਦੀ ਪੁਸ਼ਤੀ ਪੁਰਾਣੇ ਘਰ ਢਹਿ-ਢੇਰੀ ਹੋਣ ਮਗਰੋਂ ਪਲਾਟ ਖਾਲੀ ਪਏ ਹਨ। ਇਨ੍ਹਾਂ ਥਾਵਾਂ ਵਿਚ ਕਦੇ ਐਨੀਆਂ ਰੌਣਕਾਂ ਹੁੰਦੀਆਂ ਸਨ ਕਿ ਹਰ ਰਿਸ਼ਤੇਦਾਰ ਅੱਠ ਭਰਾਵਾਂ ਦਾ ਸਾਂਝਾ ਮਕਾਨ, ਇਕੱਠ ਤੇ ਵੱਡੀ ਛੰਨ ਵੇਖ ਕੇ ਖੁਸ਼ ਹੁੰਦਾ ਸੀ। ਸਾਰਿਆਂ ਦੀ ਸਾਂਝੀ ਹਵੇਲੀ ਸੀ- ਮਰ ਜਾਣੇ ਮਾਨਾ ਯਾਦਾਂ ਫਿਰ ਰਹਿਣੀਆਂ।

ਮੁਣਸ਼ਾ ਸਿੰਘ/ਮੁਨਸ਼ੀ

ਮੁਣਸ਼ਾ ਸਿੰਘ ਆਪਣੇ ਪਿਤਾ ਸੁਰਜਨ ਸਿੰਘ ਦੀ ਚੌਥੀ ਸੰਤਾਨ ਹਨ। ਆਪ ਨੇ ਸ਼ਾਦੀ ਨਹੀਂ ਕਰਾਈ। ਦੱਸਣ ਮੁਤਾਬਕ ਜਦੋਂ ਆਪ ਦੀ ਸ਼ਾਦੀ ਕਰਨ ਲੱਗੇ ਤਾਂ ਆਪ ਨੇ ਕਿਹਾ ਮੈਂ ਆਪਣੀ ਮਾਤਾ ਦੀ ਸੇਵਾ ਕਰਨੀ ਹੈ। ਜਿਥੇ ਆਪ ਨੇ ਆਪਣੀ ਮਾਤਾ ਦੀ ਸੇਵਾ ਕੀਤੀ ਉੱਥੇ ਆਪ ਨੇ ਹਰ ਲੋੜਵੰਦ ਵਿਅਕਤੀ ਦੀ ਸੇਵਾ ਕੀਤੀ ਹੈ। ਮਾਤਾ ਖੇਮੀ ਦੇਵੀ ਲੰਮੀ ਉਮਰ ਭੋਗ ਕੇ ਪੁੱਤ, ਪੋਤੇ, ਪੜੋਤੇ ਇਸ ਤਰ੍ਹਾਂ ਹੀ ਦੋਹਤੇ ਦੋਹਤੀਆਂ ਦਾ ਮੁੱਖ ਵੇਖ ਕੇ ਗੁਰੂ ਚਰਨਾਂ 'ਚ ਜਾ ਸਮਾਈ ਹੈ। ਦੱਸਣ ਮੁਤਾਬਕ ਸਾਡੇ ਪਿੰਡ ਵਿਚੋਂ ਕਿਸੇ ਨੇ ਏਨੀ ਲੰਮੀ ਉਮਰ ਨਹੀਂ ਭੋਗੀ ਹੈ ਅਤੇ ਨਾ ਹੀ ਕੋਈ ਐਡੇ ਵੰਸ਼ ਵਾਲਾ ਹੋਇਆ ਹੈ, ਜਿਸ ਦੇ ਅੱਠ ਪੁੱਤਰ ਤੇ ਦੋ ਧੀਆਂ ਸਨ।

ਮਾਤਾ ਜਦੋਂ ਤਕੜੀ ਹੁੰਦੀ ਸੀ ਤਾਂ ਤਾਏ ਮੁਣਸ਼ੀ ਦੀ ਰੋਟੀ ਤੇ ਘਰ ਦਾ ਕੰਮਕਾਰ ਕਰਦੀ ਸੀ। ਮੈਂ ਛੋਟੇ ਹੁੰਦੇ ਨੇ ਉਸ ਨੂੰ ਚਰਖਾ ਕੱਤਦੀ ਤੇ ਰੋਟੀ ਪਕਾਉਂਦੇ ਵੇਖਿਆ ਹੈ। ਪਹਿਲਾਂ ਪਹਿਲ ਤਾਂ ਸਾਰਾ ਪਰਿਵਾਰ ਖੇਤੀਬਾੜੀ ਦਾ ਕੰਮ ਕਰਦਾ ਸੀ ਫਿਰ ਮਗਰੋਂ ਸਾਡੇ ਭਰਾ ਪੰਜਾਬ ਖਾਦੀ ਬੋਰਡ ਦਾ ਖੱਦਰ ਵੀ ਬੁਣਦੇ ਸਨ। ਮਾਤਾ ਖੇਮੀ ਦੇਵੀ ਆਪਣੇ ਪੁੱਤਰ ਨਾਲ ਇਹ ਸਾਰਾ ਕੰਮ ਕਰਾਉਂਦੀ ਸੀ ਜੇ ਤਾਇਆ ਮੁਨਸ਼ੀ ਕਿਤੇ ਪ੍ਰਾਹੁਣਚਾਰੀ ਚਲਾ ਜਾਂਦਾ ਤਾਂ ਦੋ ਤੋਂ ਜ਼ਿਆਦਾ ਰਾਤਾਂ ਬਾਹਰ ਰਹਿੰਦਾ ਤਾਂ ਉਹ ਘਰ ਆਏ ਨੂੰ ਬੋਲਦੀ ਸੀ, "ਤੂੰ ਐਨੇ ਦਿਨ ਕਿਉਂ ਬਾਹਰ ਲਗਾਏ ਹਨ।"

ਬਚਪਨ ਦੀਆਂ ਸ਼ਰਾਰਤਾਂ:- ਆਪ ਦੇ ਭਾਈ ਬੰਤਾ ਸਿੰਘ ਨੇ ਦੱਸਿਆ ਕਿ ਮੈਂ ਤਾਂ ਮੁਣਸ਼ੀ ਖੇਤਾਂ ਵਿਚ ਘੁੱਲਦੇ ਹੁੰਦੇ ਸੀ। ਮੈਂ ਇਸ ਨੂੰ ਢਾਹ ਲੈਂਦਾ ਸੀ। ਥੋੜ੍ਹੇ ਦਿਨਾਂ ਮਗਰੋਂ ਇਹ ਮੈਨੂੰ ਢਾਉਣ ਲੱਗ ਪਿਆ। ਜਦੋਂ ਮੈਂ ਕਹਿਣਾ ਮੁਣਸ਼ੀ ਆ ਪੱਠੇ ਲੈਣ ਚੱਲੀਏ ਤੇ ਇਸ ਨੇ ਕਹਿਣਾ ਤੂੰ ਚੱਲ ਮੈਂ ਲੱਸੀ ਪੀ ਕੇ ਆਇਆ। ਇਕ ਦਿਨ ਬੰਤਾ ਸਿੰਘ ਨੇ ਕਿਹਾ ਪਹਿਲਾਂ ਮੈਂ ਲੱਸੀ ਪੀਣੀ ਹੈ। ਤੂੰ ਮਾਤਾ ਨੂੰ ਪਾਣੀ ਦੀ ਬਾਲਟੀ ਖੂਹ ਤੋਂ ਲਿਆ ਦੇ। ਬੰਤਾ ਸਿੰਘ ਨੇ ਕਿਹਾ ਜਦੋਂ ਮੈਂ ਲੱਸੀ ਪੀਣ ਲੱਗਾ ਤਾਂ ਚਾਟੀ ਦੇ ਹੇਠਾਂ ਹੱਥ ਮਾਰਿਆ ਤਾਂ ਮੇਰੇ ਹੱਥ ਮੱਖਣ ਦਾ ਪੇੜਾ ਲੱਗਾ ਜੋ ਮੈਂ ਕੱਢ ਕੇ ਸ਼ੱਕਰ ਪਾ ਕੇ ਖਾ ਲਿਆ। ਜਦੋਂ ਮੁਣਸ਼ੀ ਲੱਸੀ ਪੀਣ ਲੱਗਾ ਤਾਂ ਉਸ ਨੂੰ ਪਤਾ ਲੱਗ ਗਿਆ ਕਿ ਮੇਰੀ ਚੋਰੀ ਫੜੀ ਗਈ ਹੈ। ਇਸ ਨਾਲ ਸਾਰੇ ਪਰਿਵਾਰ ਵਿਚ ਬਹੁਤ ਹਾਸਾ ਮਜ਼ਾਕ ਹੋਇਆ।

ਬੰਤਾ ਸਿੰਘ ਇਹ ਵੀ ਦੱਸਦਾ ਹੁੰਦਾ ਸੀ ਕਿ ਜਦੋਂ ਅਸੀਂ ਰਾਤ ਨੂੰ ਸੌਣਾ। ਮੈਂ ਲੱਤ

ਮਾਰਨੀ ਰਜਾਈ ਆਪਣੇ ਪਾਸੇ ਦੱਬ ਲੈਣੀ। ਇਸ ਨੇ ਖਿੱਚ ਕੇ ਆਪਣੇ ਪਾਸੇ ਕਰ ਲੈਣੀ। ਸਾਡੀ ਮਾਤਾ ਨੇ ਕਈ ਵਾਰ ਸਾਨੂੰ ਦੋਹਾਂ ਨੂੰ ਝਿੜਕਣਾ। ਇਸ ਦੇ ਬਾਵਜੂਦ ਅਸੀਂ ਇਕ ਦੂਜੇ ਨਾਲ ਲੜ ਪੈਣਾ।

ਮਕਾਨ ਉਸਾਰੀ:- ਜਦੋਂ ਪਰਿਵਾਰ ਵੱਡਾ ਹੋ ਗਿਆ ਤਾਂ ਸਾਰਿਆਂ ਲਈ ਅਲੱਗ-ਅਲੱਗ ਮਕਾਨ ਬਣਾ ਕੇ ਦਿੱਤੇ। ਇਹ ਮਕਾਨ 1945 ਦੇ ਕਰੀਬ ਬਣਾਏ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਰੌਲੇ ਪੈਣੇ ਸ਼ੁਰੂ ਹੋ ਗਏ ਸਨ। ਇਸ ਲਈ ਮਕਾਨ ਜਲਦੀ ਨਾਲ ਬਣਾ ਲਏ ਗਏ। ਪੰਜ ਭਰਾਵਾਂ ਦਾ ਮਕਾਨ ਤੇ ਵੱਡਾ ਦਲਾਲ ਤਕਰੀਬਨ 20 ਦਿਨਾਂ ਵਿਚ ਤਿਆਰ ਕੀਤਾ ਗਿਆ। ਚਾਚੇ ਸ਼ੰਕਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਮਕਾਨਾਂ ਦਾ ਗਾਰਾ ਮੈਂ ਦਿੰਦਾ ਸਾਂ। ਦੋ ਤਿੰਨ ਮਿਸਤਰੀ ਲੱਗੇ ਹੋਏ ਸਨ। ਸਾਰੀ-ਸਾਰੀ ਰਾਤ ਚਾਨਣੀ ਰਾਤ ਵਿਚ ਖੇਤਾਂ ਵਿਚ ਇੱਟਾਂ ਪੱਥਣੀਆਂ ਫਿਰ ਸਿਰਾਂ ਤੇ ਢੋਹਣੀਆਂ ਇਸ ਕੰਮ ਵਿਚ ਸਾਰਾ ਪਰਿਵਾਰ ਲੱਗਾ ਹੁੰਦਾ ਸੀ। ਜਦੋਂ ਸੱਤ ਭਰਾਵਾਂ ਦੇ ਮਕਾਨ ਬਣਾਏ ਗਏ ਤਾਂ ਮੁਣਸ਼ਾ ਸਿੰਘ ਦਾ ਵੀ ਅਲੱਗ ਵੱਡਾ ਕਮਰਾ ਬਣਾ ਕੇ ਦਿੱਤਾ, ਜਿਸ ਦੇ ਮੋਹਰੇ ਕਾਫੀ ਖਾਲੀ ਥਾਂ ਸੀ। ਬਹੁਤੇ ਛੜੇ ਆਦਮੀਆਂ ਨੂੰ ਮੈਂ ਪਸ਼ੂਆਂ ਵਾਲੇ ਅੰਦਰ ਸੌਂਦੇ ਵੇਖਿਆ ਹੈ। ਭਰਾ ਭਰਜਾਈਆਂ ਦੁੱਕੀ ਦੇ ਥਾਂ ਨਹੀਂ ਜਾਣਦੇ ਹਨ। ਪਰ ਮੁਣਸ਼ਾ ਸਿੰਘ ਦੇ ਕੋਲ ਇਕ ਪਰਿਵਾਰ ਵਾਂਗ ਇਕ ਪੇਟੀ, ਦਾਣਿਆਂ ਵਾਲਾ ਡਰੰਮ, ਆਪਣੀ ਮਿੱਟੀ ਦੀ ਕੋਠੀ ਦੋ ਚਾਰ ਬਿਸਤਰੇ ਤੇ ਮੰਜੇ ਸਨ। ਤਾਇਆ ਬੰਤਾ ਸਿੰਘ ਦੱਸਦਾ ਹੁੰਦਾ ਸੀ ਕਿ ਸਿੰਗੜੀ ਵਾਲੇ ਤੋਂ ਪੱਕੀ ਇੱਟ ਮੰਗਵਾਈ ਜੋ ਉਸ ਸਮੇਂ ਪੰਜ ਰੁ: ਪ੍ਰਤੀ ਹਜ਼ਾਰ ਸੀ।

ਮਹਿਮਾਨਾਂ ਦੀ ਸੇਵਾ:- ਜਦੋਂ ਕੋਈ ਭੈਣ, ਭਤੀਜੀ ਜਾਂ ਕੋਈ ਹੋਰ ਪ੍ਰਾਹੁਣਾ ਆਉਂਦਾ ਤਾਂ ਮੁਣਸ਼ੀ ਆਏ ਮਹਿਮਾਨ ਦੀ ਚੰਗੀ ਸੇਵਾ ਕਰਦਾ। ਆਪਣੇ ਕੋਲ ਦੇਸੀ ਘਿਓ ਜ਼ਰੂਰ ਰੱਖਦਾ ਸੀ। ਗੁੱਗਾ ਨੌਮੀ ਦੇ ਸਮੇਂ ਸੇਵੀਆਂ ਵੀ ਵੱਟ ਕੇ ਰੱਖਦਾ ਸੀ। ਆਪਣਾ ਅਲੱਗ ਗੁੱਗਾ ਪੂਜ ਕੇ ਆਉਂਦਾ ਸੀ। ਹਾੜ੍ਹੀ ਸਾਉਣੀ ਉਹ ਆਪਣੇ ਦਾਣੇ ਕਮਾ ਲੈਂਦਾ ਸੀ। ਵਿਚ ਵਿਚਾਲੇ ਹੋਰ ਵੀ ਕੰਮ ਕਰ ਲੈਂਦੇ ਸਨ। ਜਿਸ ਵੀ ਭੈਣ ਭਾਈ ਦਾ ਮਕਾਨ ਬਣਦਾ ਜਾਂ ਘਰ ਵਿਚ ਵਿਆਹ ਸ਼ਾਦੀ ਹੁੰਦੀ ਤਾਂ ਮੁਣਸ਼ੀ ਸਾਰਿਆਂ ਤੋਂ ਮੋਹਰੇ ਹੋ ਕੇ ਕੰਮ ਕਰਦਾ। ਖੇਤੀਬਾੜੀ ਨਾਲ ਸਬੰਧਤ ਕੰਮ ਵੀ ਕਰਦਾ ਰਹਿੰਦਾ ਸੀ ਜਿੰਨਾ ਸਮਾਂ ਸਾਡੀ ਦਾਦੀ ਮਾਤਾ ਦਾ ਸਰੀਰ ਕੰਮ ਕਰਦਾ ਰਿਹਾ ਆਪ ਕੱਪੜਾ ਵੀ ਬੁਣ ਲੈਂਦੇ ਸਨ। ਇਨ੍ਹਾਂ ਦਾ ਇਕ ਸਾਥੀ ਮਹਿੰਗਾ ਸਿੰਘ ਸੀ ਜਿਸ ਨੂੰ ਨਾਲ ਲੈ ਕੇ ਪਿੰਡ ਵਿਚ ਕੰਮ ਕਰ ਲੈਂਦੇ ਸਨ। ਮੁਣਸ਼ੀ ਦਾ ਸੁਭਾਅ ਹਾਸੇ ਮਜ਼ਾਕ ਵਾਲਾ ਸੀ। ਜਿਸ ਵੀ ਗਲੀ ਵਿਚੋਂ ਲੰਘਦਾ ਸਾਰਿਆਂ ਨੂੰ ਹਸਾਉਂਦਾ ਹੀ ਜਾਂਦਾ। ਆਪਣੇ ਘਰ ਆਏ ਕੁੜਮ ਨਾਲ ਵੀ ਹਾਸਾ ਮਜ਼ਾਕ ਕਰ ਲੈਂਦਾ ਸੀ। ਕੰਮ ਵਿਚ ਸ਼ੁਗਲ ਕਰਦੇ ਸਮੇਂ ਗਰਮੀ ਤੇ ਸਰਦੀ ਕਦੇ ਮਹਿਸੂਸ ਨਹੀਂ ਹੁੰਦੀ ਸੀ।

ਪ੍ਰਾਹੁਣਚਾਰੀ:- ਮਹੀਨੇ ਵਿਚ ਇਕ ਵਾਰ ਉਹ ਆਪਣੀ ਭੈਣ ਧੰਤੀ ਨੂੰ ਗੋਂਦਪੁਰ ਮਿਲ ਕੇ ਆਉਂਦਾ ਸੀ। ਪਿੰਡ ਤੋਂ ਜਦੋਂ ਤੁਰਦਾ ਸੀ ਸਭ ਤੋਂ ਪਹਿਲਾਂ ਆਪਣੇ ਭਾਈ

ਬਸੰਤ ਸਿੰਘ ਦੀ ਲੜਕੀ ਅਜੀਤ ਕੌਰ ਦੇ ਕੋਲ ਪਿੰਡ ਪੰਡੋਰੀ ਬੀਬੀ ਰੁੱਕਦਾ। ਇਥੇ ਦੀ ਖ਼ਬਰਸਾਰ ਲੈ ਕੇ ਫਿਰ ਪਿੰਡ ਭਾਮ ਆਪਣੀ ਵੱਡੀ ਭਤੀਜੀ ਸਵਰਨ ਕੌਰ ਨੂੰ ਮਿਲਦਾ ਤੇ ਸ਼ਾਮ ਨੂੰ ਗੋਂਦਪੁਰ ਆਪਣੀ ਭੈਣ ਕੋਲ ਚਲਾ ਜਾਂਦਾ। ਸਾਡਾ ਫੁੱਫੜ ਭਾਨ ਸਿੰਘ ਉਸ ਸਮੇਂ ਸਿੰਘਾਪੁਰ ਵਿਚ ਸੀ ਜੋ 1940 ਤੋਂ 1970 ਤੱਕ ਸਿੰਘਾਪੁਰ ਰਿਹਾ। ਤਾਏ ਦੇ ਭਾਣਜੇ ਆਪ ਨੂੰ ਆਪਣੇ ਕੋਲ ਕਈ-ਕਈ ਦਿਨ ਰੱਖਦੇ। ਉਨ੍ਹਾਂ ਦੇ ਘਰ ਵਿਚ ਹਮੇਸ਼ਾ ਹਰ ਤਰ੍ਹਾਂ ਦੀ ਬਰਕਤ ਸੀ। ਗੋਂਦਪੁਰ ਪਿੰਡ ਦੇ ਸਾਰੇ ਲੋਕ ਰਾਤ ਵੇਲੇ ਰੇਡੀਓ ਸੁਣਨ ਜ਼ਰੂਰ ਆਉਂਦੇ ਸਨ। ਸਾਡੀ ਭੈਣ ਸਵਰਨ ਕੌਰ ਨੇ ਦੱਸਣਾ ਕਿ ਕਈ ਵਾਰ ਅਸੀਂ ਉੱਠੇ ਵੀ ਨਹੀਂ ਹੁੰਦੇ ਸੀ ਕਿ ਤਾਇਆ ਮੁਣਸ਼ੀ ਸੂਰਜ ਚੜ੍ਹਨ ਤੋਂ ਪਹਿਲਾਂ ਪਿੰਡ ਭਾਮ ਪਹੁੰਚ ਜਾਂਦਾ। ਸਾਡੀ ਭੂਆ ਧੰਤੀ ਨੂੰ ਜੋਲਧਰਵਾ ਦੀ ਸ਼ਿਕਾਇਤ ਸੀ, ਜਿਸ ਕਰਕੇ ਕੰਮਕਾਰ ਘੱਟ ਹੁੰਦਾ ਸੀ। ਵੈਸੇ ਵੀ ਸਰੀਰ ਬਹੁਤ ਭਾਰਾ ਸੀ। ਜਦੋਂ ਉਹ ਪਿੰਡ ਆਉਂਦੀ ਤਾਂ ਦੋ-ਦੋ ਮਹੀਨੇ ਰਹਿ ਜਾਂਦੀ ਸੀ। ਉਸ ਦਾ ਭਾਈ ਮੁਣਸ਼ਾ ਸਿੰਘ ਉਸ ਨੂੰ ਆਪਣੇ ਨਾਲ ਰੱਖਦਾ। ਵੈਸੇ ਭੂਆ ਤਾਂ ਸਾਰਿਆਂ ਦੀਆਂ ਸਾਂਝੀਆਂ ਸਨ ਪਰ ਮੁਣਸ਼ਾ ਸਿੰਘ ਉਨ੍ਹਾਂ ਨਾਲ ਜ਼ਿਆਦਾ ਹਿੱਤ ਪਿਆਰ ਕਰਦਾ। ਜਦੋਂ ਉਸ ਦੀਆਂ ਭਾਣਜੀਆਂ ਦੀਆਂ ਸ਼ਾਦੀਆਂ ਹੋਣ ਉਪਰੰਤ ਬੱਚੇ ਹੋ ਗਏ ਤਾਂ ਉਹ ਪਿੰਡ ਗਗਨੋਲੀ ਕਈ ਦਿਨ ਰਹਿ ਕੇ ਜਾਂਦੀਆਂ। ਉਨ੍ਹਾਂ ਦਿਆਂ ਬੱਚਿਆਂ ਨੂੰ ਮੋਢਿਆ 'ਤੇ ਚੁੱਕ ਕੇ ਛੱਡਣ ਜਾਂਦਾ। ਬੱਚਿਆਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਕੁੱਟ ਕੇ ਦਿੰਦਾ। ਕਦੇ-ਕਦੇ ਭਤੀਜੀਆਂ ਜਾਂ ਭਾਣਜੀਆਂ ਆਈਆਂ ਹੁੰਦੀਆਂ ਤਾਂ ਬਹੁਤ ਰੌਣਕ ਹੁੰਦੀ।

*** ਫੌਜੀ ਭਤੀਜੇ**:- ਆਪ ਦੇ ਬਹੁਤ ਸਾਰੇ ਭਤੀਜੇ ਫੌਜ ਵਿਚ ਸਨ, ਜੋ ਆਪ ਨਾਲ ਬਹੁਤ ਪਿਆਰ ਕਰਦੇ ਸਨ। ਜਦੋਂ ਉਨ੍ਹਾਂ ਛੁੱਟੀ ਆਉਣਾ ਤਾਂ ਆਪਣੇ ਤਾਏ ਦਾ ਬਹੁਤ ਖਿਆਲ ਕਰਨਾ। ਜਦੋਂ 1970 ਵਿਚ ਇਨ੍ਹਾਂ ਦੇ ਭਰਾਵਾਂ ਬਸੰਤ ਸਿੰਘ ਤੇ ਬੰਤਾ ਸਿੰਘ ਨੇ ਪੱਕੇ ਮਕਾਨ ਬਣਾਏ ਤਾਂ ਮੁਣਸ਼ਾ ਸਿੰਘ ਨੇ ਬਹੁਤ ਡੱਟ ਕੇ ਕੰਮ ਕੀਤਾ। ਹਾੜੀ ਤੇ ਸਾਉਣੀ ਵੇਲੇ ਕੰਮ ਦਾ ਜ਼ੋਰ ਹੁੰਦਾ ਸੀ, ਜਿਸ ਪਾਸੇ ਲੋੜ ਹੋਵੇ ਕੰਮ ਕਰਾ ਦੇਣਾ। ਜੇ ਪਿੰਡ ਦੀ ਕੋਈ ਨੂੰਹ-ਧੀ ਮਿਲਣ ਆ ਜਾਂਦੀ ਤਾਂ ਆਪ ਨੇ ਕਹਿਣਾ ਮਾਂ ਤੇਰੀ ਨੂੰਹ ਆਈ ਹੈ। ਜਦੋਂ ਜਵਾਲੀ ਧਰਮ ਪਤਨੀ ਸੰਤਾ ਸਿੰਘ ਮਾਤਾ ਵਾਸਤੇ ਕੋਈ ਚੀਜ਼ ਲੈ ਕੇ ਆਉਂਦੀ ਤਾਂ ਕਹਿਣਾ ਮਾਂ ਤੇਰੀ ਨੂੰਹ ਤੇਰੇ ਵਾਸਤੇ ਦੁੱਧ ਲੈ ਕੇ ਆਈ ਹੈ। ਮਾਤਾ ਨੇ ਪੁੱਛਣਾ ਜਵਾਲੀਏ ਕੀ ਹਾਲ ਹੈ? ਜਵਾਲੀ ਨੇ ਕਹਿਣਾ ਤਾਈ ਠੀਕ ਹੈ। ਕਿੰਨੇ ਭਲੇ ਪੁਰਸ਼ ਸਨ ਉਹ ਲੋਕ।

*** ਬੈਂਸ ਦੀ ਸੇਵਾ**:- ਸਰੀਕੇ ਭਾਈਚਾਰੇ ਵਿਚੋਂ ਇਕ ਫੁੱਫੜ ਸੀ ਜਿਸ ਦਾ ਨਾਮ ਮੁਨਸ਼ੀ ਸੀ। ਉਸ ਦਾ ਪਿੰਡ ਬੈਂਸਾ ਸੀ ਇਸ ਕਰਕੇ ਉਸਨੂੰ ਮੁਣਸ਼ੀ ਬੈਂਸ ਕਿਹਾ ਜਾਂਦਾ ਸੀ। ਉਹ ਡੇਰਾ ਬਿਆਸ ਗਿਆ ਤਾਂ ਪੌੜੀਆਂ ਤੋਂ ਪੈਰ ਤਿਲਕ ਗਿਆ ਤਾਂ ਉਸ ਦੀ ਲੱਤ 'ਤੇ ਸੱਟ ਲੱਗ ਗਈ। ਤਾਇਆ ਮੁਨਸ਼ੀ ਉਸ ਦੀ ਮਾਲਸ਼ ਕਰਦਾ ਰਿਹਾ ਤੇ ਮੰਜੇ 'ਤੇ ਬਿਠਾ ਕੇ ਇਸ਼ਨਾਨ ਕਰਾਉਂਦਾ ਰਿਹਾ। ਆਪਣੇ ਘਰੋਂ ਰੋਟੀ ਤਿਆਰ ਕਰਵਾ ਕੇ ਖਾਣ

ਲਈ ਦੇਣੀ।

ਸੰਤਾਂ-ਸਾਧਾਂ ਦੀ ਸੇਵਾ:- ਆਪ ਘਰ ਆਏ ਸੰਤਾਂ ਸਾਧਾਂ ਦੀ ਸੇਵਾ ਵੀ ਕਰਦੇ ਸਨ। ਪਿੰਡ ਦੇ ਚੜ੍ਹਦੇ ਪਾਸੇ ਪਿੰਡ ਕਾਹਰੀ ਹੈ ਜਿਸ ਦੇ ਬੇਲੇ (ਜੰਗਲ) ਵਿਚ ਇਕ ਰੁਘਾ ਨਾਮ ਦਾ ਸਾਧੂ ਰਹਿੰਦਾ ਸੀ ਜੋ ਕਦੇ-ਕਦੇ ਰੋਟੀ ਖਾਣ ਵਾਸਤੇ ਪਿੰਡ ਆ ਜਾਂਦਾ। ਉਹ ਬੋਲਦਾ-ਚਲਦਾ ਘੱਟ ਸੀ। ਜਦੋਂ ਉਸ ਨੇ ਖਾਣ ਵਾਸਤੇ ਰੋਟੀ ਮੰਗਣੀ ਤਾਂ ਮੁਣਸ਼ਾ ਸਿੰਘ ਨੇ ਆਪਣੀਆਂ ਨੂੰਹਾਂ ਧੀਆਂ ਤੋਂ ਤਿਆਰ ਕਰਵਾ ਕੇ ਦੇਣੀ। ਉਸ ਨੇ ਖੁਸ਼ ਹੋ ਕੇ ਖਾ ਲੈਣੀ ਤੇ ਚਲੇ ਜਾਣਾ। ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਹਨ।

ਨਾਲੀਆਂ ਦੀ ਸਫਾਈ:- ਜਦੋਂ ਮੀਂਹ ਪੈਂਦਾ ਹੋਣਾ ਉਨ੍ਹਾਂ ਨੇ ਕਹੀ ਫੜ ਕੇ ਸਾਡੀਆਂ ਨਾਲੀਆਂ ਦੀ ਸਫਾਈ ਕਰਨੀ। ਉਸ ਸਮੇਂ ਨਾਲੀਆਂ ਕੱਚੀਆਂ ਸਨ।

ਬਿਰਧ ਮਾਤਾ ਦੀ ਸੇਵਾ:- ਦਾਦੀ ਮਾਤਾ ਆਪ ਦੇ ਕੋਲ ਸੌਂਦੀ ਸੀ। ਆਪ ਉਸ ਦੀ ਸਾਰੀ ਕਿਰਿਆ ਕਰਦੇ ਸਨ। ਟੱਟੀ ਪਿਸ਼ਾਬ ਕਰਾਉਣਾ, ਹੱਥ ਮੂੰਹ ਧੁਆਉਣਾ ਆਦਿ ਫਿਰ ਚਾਹ ਬਣਾ ਕੇ ਪਿਆਉਣੀ। ਵੈਸੇ ਸਾਰੇ ਘਰਾਂ ਤੋਂ ਸਤਿਕਾਰ ਨਾਲ ਖਾਣ ਪੀਣ ਵਾਸਤੇ ਜਾਂਦਾ ਸੀ। ਮਾਤਾ ਵੀ ਸੁਚੱਮ ਰੱਖਦੀ ਸੀ, ਜਿਸ ਦਿਨ ਮਾਤਾ ਖੇਮੀ ਦੇਵੀ ਦੀ 21-10-1968 ਨੂੰ ਮੌਤ ਹੋਈ ਤਾਂ ਮਾਤਾ ਦੀਆਂ ਫੋਟੋਆਂ ਖਿੱਚਣ ਸਮੇਂ ਬੰਤਾ ਸਿੰਘ ਤੇ ਮੁਣਸ਼ਾ ਸਿੰਘ ਨੂੰ ਪਲੰਘ ਦੇ ਉਪਰ ਬਿਠਾਇਆ ਗਿਆ। ਮਾਤਾ ਦੇ ਭਤੀਜੇ ਤੇ ਨੂੰਹਾਂ ਧੀਆਂ ਸਾਰੀਆਂ ਖੜੀਆਂ ਸਨ। ਜਦੋਂ ਮਾਤਾ ਦਾ ਸਸਕਾਰ ਕਰਕੇ ਮੁੜ ਕੇ ਆਏ ਤਾਂ ਮਾਤਾ ਦੇ ਪੁੱਤਰਾਂ ਨੇ ਕਿਹਾ, "ਅੱਜ ਅਸੀਂ ਸਾਰੇ ਮਾਤਾ ਤੋਂ ਵਾਂਝੇ ਹੋ ਗਏ ਹਾਂ।" ਮੁਣਸ਼ਾ ਸਿੰਘ ਹਰਮਨ ਪਿਆਰਾ ਚਾਚਾ ਤੇ ਤਾਇਆ ਸੀ, ਜਿਸ ਨੂੰ ਸਾਰੇ ਸਤਿਕਾਰ ਦਿੰਦੇ ਸਨ। ਸਾਡੀਆਂ ਭੈਣਾਂ ਨੂੰ ਮਿਲਣ ਜਾਣਾ ਉਥੇ ਜਾ ਕੇ ਕੰਮਕਾਰ ਕਰਨਾ ਉਸ ਦਾ ਸੁਭਾਅ ਸੀ।

ਅੰਤਮ ਸਮਾਂ:- ਉਨ੍ਹਾਂ ਦੇ ਭਾਈ ਬੰਤਾ ਸਿੰਘ ਨੇ ਕਹਿਣਾ ਮੁਣਸ਼ੀ ਆਪਣੇ ਬੁਢਾਪੇ ਲਈ ਪੈਸੇ ਜੋੜ ਕੇ ਰੱਖ ਲੈ। ਪਰ ਮੁਣਸ਼ਾ ਸਿੰਘ ਨੇ ਕਦੇ ਪ੍ਰਵਾਹ ਨਹੀਂ ਕੀਤੀ ਜੋ ਕਮਾ ਲਿਆ ਸੋ ਖਾ ਲਿਆ। ਆਪਣੇ ਤੁਰ ਜਾਣ ਤੋਂ ਪਹਿਲਾਂ ਉਹ ਪਿੰਡ ਧਦਿਆਲ ਆਪਣੀ ਭਤੀਜੀ ਧਰਮ ਕੌਰ ਨੂੰ ਲੋਹੜੀ ਦੇ ਕੇ ਆਇਆ ਸੀ। ਉਹ ਉੱਥੇ ਰਾਤ ਰਿਹਾ ਤੇ ਆਪਣੇ ਕੁੜਮ ਭੁੱਲਾ ਸਿੰਘ ਨਾਲ ਸਾਰੀਆਂ ਗੱਲਾਂਬਾਤਾਂ ਕੀਤੀਆਂ ਤੇ ਪਿੰਡ ਆ ਗਿਆ, ਜਿਸ ਦਿਨ 16 ਜਨਵਰੀ 1976 ਈ: ਨੂੰ ਉਨ੍ਹਾਂ ਨੇ ਆਪਣੇ ਪ੍ਰਾਣ ਤਿਆਗੇ ਸਨ ਤਾਂ ਉਹ ਸਵੇਰ ਨੂੰ ਇਸ਼ਨਾਨ ਕਰਕੇ ਪੱਗੜੀ ਸਜਾ ਕੇ ਕੋਟ ਪਾ ਕੇ ਹੁਸ਼ਿਆਰਪੁਰ ਜਾਣ ਲਈ ਤਿਆਰ ਹੋ ਰਿਹਾ ਸੀ। ਸਾਡੀ ਤਾਈ ਭਾਗ ਕੌਰ ਨੇ ਕਿਹਾ, "ਭਾਈ ਜੀ! ਜੇ ਤੁਸੀਂ ਸ਼ਹਿਰ ਜਾਣਾ ਹੈ ਤਾਂ ਰਸਤੇ ਵਿਚ ਦੇਸੀ ਘਿਓ ਦਾ ਡੱਬਾ ਮੇਰੇ ਵੀਰ ਕਰਤਾਰ ਸਿੰਘ ਨੂੰ ਪਿੱਪਲਾਂ ਵਾਲੇ ਦੇ ਦੇਣਾ। ਉਨ੍ਹਾਂ ਘਿਓ ਡੱਬੇ ਵਿਚ ਪਾ ਕੇ ਰੱਖ ਦਿੱਤਾ। ਮੁਣਸ਼ਾ ਸਿੰਘ ਕਿਸੇ ਕੰਮ ਪਿੰਡ ਵਿਚ ਗਿਆ। ਜਦੋਂ ਉਹ ਸੰਤਾ ਸਿੰਘ ਦੇ ਘਰ ਕੋਲ ਦੀ ਲੰਘਣ ਲੱਗਾ ਤਾਂ ਉਸ ਦੀ ਨਜ਼ਰ ਇਸ਼ਨਾਨ ਕਰਦੇ ਉਸ ਦੇ ਲੜਕੇ ਚੈਂਚਲ ਸਿੰਘ 'ਤੇ ਪਈ। ਇਹ ਦੇਖ ਕੇ

ਮੁਣਸ਼ਾ ਸਿੰਘ ਨੇ ਕਿਹਾ, "ਬੜਾ ਮਲ-ਮਲ ਕੇ ਨਹਾ ਰਿਹਾ ਹੈਂ ਕਿਸ ਦੀ ਜਨੇਤ ਜਾਣਾ ਹੈ?" ਉਸ ਨੇ ਹੱਸ ਕੇ ਜਵਾਬ ਦਿੱਤਾ, "ਤਾਇਆ ਤੇਰੀ ਜਨੇਤ ਜਾਣਾ ਹੈ।" ਤਾਏ ਨੇ ਕਿਹਾ ਜਲਦੀ ਕਰ ਜਨੇਤ ਤਿਆਰ ਹੈ-ਤਿਆਰ ਹੋ ਜਾਉ। ਏਨੇ ਸ਼ਬਦ ਚੈਂਚਲ ਸਿੰਘ ਨੂੰ ਕਹਿ ਕੇ ਮੁਣਸ਼ਾ ਸਿੰਘ ਘਰ ਆ ਗਿਆ। ਉਸ ਨੇ ਪਾਣੀ ਦੀ ਤਾਜ਼ੀ ਬਾਲਟੀ ਭਰ ਕੇ ਆਪਣੇ ਅੰਦਰ ਰੱਖੀ ਸੀ। ਉਨ੍ਹਾਂ ਹਵੇਲੀ ਜਾ ਕੇ ਆਪਣੇ ਛੋਟੇ ਭਾਈ ਬਸੰਤ ਸਿੰਘ ਨੂੰ ਕਿਹਾ, "ਮੇਰੀ ਛਾਤੀ ਵਿਚ ਦਰਦ ਹੁੰਦੀ ਹੈ। ਉਨ੍ਹਾਂ ਕਿਹਾ ਤੁਸੀਂ ਗੁਰਦਿਆਲ ਸਿੰਘ ਦੇ ਬਿਸਤਰੇ ਵਿਚ ਥੋੜਾ ਨਿੱਘ ਲਵੋ। ਮੈਂ ਘਰ ਜਾ ਕੇ ਤੇਰੇ ਵਾਸਤੇ ਦਲੀਆ ਤਿਆਰ ਕਰਾਉਂਦਾ ਹਾਂ।" ਬਸੰਤ ਸਿੰਘ ਹਵੇਲੀ ਤੋਂ ਦੋ ਫਾੜਾ ਬਾਲਣ ਘਰ ਲੈ ਗਿਆ ਤਾਂ ਆਪਣੀ ਵੱਡੀ ਨੂੰਹ ਨੂੰ ਕਿਹਾ, "ਸੀਬੋ ਜਲਦੀ ਨਾਲ ਆਪਣੇ ਤਾਏ ਲਈ ਦਲੀਆ ਤਿਆਰ ਕਰ ਦਿਓ।" ਬਸੰਤ ਸਿੰਘ ਜਲਦੀ ਹਵੇਲੀ ਆ ਗਿਆ। ਮੁਣਸ਼ਾ ਸਿੰਘ ਦਾ ਆਪਣੇ ਭਾਈ ਦੇ ਪੋਤੇ ਘੁੱਗ ਤੇ ਲੜਕੀ ਰਾਣੋ ਨਾਲ ਬਹੁਤ ਪਿਆਰ ਸੀ। ਉਹ ਹਰ ਵੇਲੇ ਉਸ ਨਾਲ ਰਹਿੰਦੇ ਸਨ। ਮੁਣਸ਼ਾ ਸਿੰਘ ਨੇ ਜਦੋਂ ਪਿਸ਼ਾਬ ਕਰਨਾ ਚਾਹਿਆ ਤਾਂ ਉੱਠ ਕੇ ਬਾਹਰ ਆ ਗਿਆ। ਅਜੇ ਉਹ ਬੈਠਣ ਹੀ ਲੱਗਾ ਸੀ ਕਿ ਡਿੱਗ ਪਿਆ। ਕੋਲ ਖੜ੍ਹੇ ਪੋਤਾ ਪੋਤੀ ਨੇ ਰੌਲਾ ਪਾ ਦਿੱਤਾ-ਬਾਬਾ ਡਿੱਗ ਪਿਆ... ਜਲਦੀ ਹੀ ਉਨ੍ਹਾਂ ਨੂੰ ਚੁੱਕ ਕੇ ਮੰਜੇ 'ਤੇ ਲੰਮਾ ਪਾਇਆ, ਹੱਥ ਪੈਰ ਝੱਸੇ ਉਨ੍ਹਾਂ ਦੇ ਬੁੱਲ੍ਹ ਫਰਕਦੇ ਸਨ। ਸਾਹਰੀ ਪਿੰਡ ਤੋਂ ਡਾਕਟਰ ਨੂੰ ਸੱਦ ਕੇ ਲਿਆਂਦਾ ਪਰ ਉਹ ਭੌਰ ਹੱਥਾਂ ਵਿਚ ਹੀ ਪੂਰਾ ਹੋ ਗਿਆ। ਅਜੇ ਉਨ੍ਹਾਂ ਦੀ ਭੈਣ ਤੇ ਬਹਿਨੋਈ ਯੂ.ਪੀ. ਤੋਂ ਆ ਕੇ ਮਿਲ ਕੇ ਗਏ ਸਨ। ਸਾਰੇ ਪਿੰਡ ਵਿਚ ਰੌਲਾ ਪੈ ਗਿਆ-ਮੁਣਸ਼ੀ ਪੂਰਾ ਹੋ ਗਿਆ। ਕੋਈ ਸੱਚ ਨਹੀਂ ਮੰਨ ਰਿਹਾ ਸੀ। ਜਦੋਂ ਚੈਂਚਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਉਨ੍ਹਾਂ ਦੇ ਸਰਾਹਣੇ ਭੁੱਬਾ ਮਾਰ ਕੇ ਰੋਣ ਲੱਗਾ। ਤਾਇਆ ਮੈਂ ਕਿਉਂ ਕਿਹਾ ਕਿ ਤਾਇਆ ਤੇਰੀ ਜਨੇਤ ਜਾਣਾ ਹੈ? ਉਸ ਦੀ ਮਾਤਾ ਜਵਾਲੀ ਵੀ ਆ ਕੇ ਮੁਣਸ਼ੀ-ਮੁਣਸ਼ੀ ਵਾਜਾਂ ਮਾਰ ਕੇ ਰੋਣ ਲੱਗੀ। ਮੁਣਸ਼ਾ ਸਿੰਘ ਦਾ ਇਸ ਪਰਿਵਾਰ ਨਾਲ ਬਹੁਤ ਪਿਆਰ ਸੀ। ਮੁਣਸ਼ਾ ਸਿੰਘ ਨੂੰ ਬਾਬਾ ਸਾਵਣ ਸਿੰਘ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਸੀ। ਉਨ੍ਹਾਂ ਨੂੰ ਰਾਤ ਰੱਖਿਆ ਗਿਆ ਕਿ ਕਿਤੇ ਸੁਆਸ ਵਾਪਸ ਆ ਜਾਣ।

ਮੈਂ ਹੁਸ਼ਿਆਰਪੁਰ ਤੋਂ ਰੇਲ ਗੱਡੀ ਰਾਹੀਂ ਨਸਰਾਲੇ ਸਟੇਸ਼ਨ 'ਤੇ ਉੱਤਰ ਕੇ ਪਿੰਡ ਨੂੰ ਆ ਰਿਹਾ ਸੀ ਤਾਂ ਮੈਨੂੰ ਲਾਈਨ ਦੇ ਲਾਗੇ ਅਮਰ ਸਿੰਘ ਬਾਵਾ ਮਿਲਿਆ ਜਿਸ ਨੇ ਰੇਲ ਗੱਡੀ ਬੈਠ ਕੇ ਹੁਸ਼ਿਆਰਪੁਰ ਜਾਣਾ ਸੀ। ਮੈਂ ਕਿਹਾ ਬਾਵਾ ਕੀ ਹਾਲ ਹੈ ਉਸ ਕਿਹਾ ਭਰਾਵਾ ਤਾਇਆ ਮੁਣਸ਼ੀ ਚੜ੍ਹਾਈ ਕਰ ਗਿਆ ਹੈ। ਮੈਂ ਕਿਹਾ ਬਿਆਸ ਗਿਆ ਕਹਿੰਦਾ ਨਹੀਂ ਸੁਰਗਵਾਸ ਹੋ ਗਿਆ ਹੈ। ਘਰ ਜਾ ਕੇ ਮੈਨੂੰ ਸਾਰੀ ਕਹਾਣੀ ਦਾ ਪਤਾ ਲੱਗਾ। ਤਾਇਆ ਜੀ ਦਾ ਮੰਜਾ ਮੇਰੇ ਕਮਰੇ ਵਿਚ ਸੀ। ਹੋਰ ਪਿੰਡ ਦੇ ਸਾਰੇ ਭਾਈਵੰਦ ਉਨ੍ਹਾਂ ਦੇ ਕੋਲ ਬੈਠੇ ਸਨ। ਸਾਰੀ ਰਾਤ ਗੱਲਬਾਤ ਚੱਲਦੀ ਰਹੀ।

ਅਰਥੀ ਦੀ ਤਿਆਰੀ:- ਦੂਜੇ ਦਿਨ ਸਾਰੇ ਰਿਸ਼ਤੇਦਾਰਾਂ ਦੇ ਪਹੁੰਚਣ ਤੇ ਅਰਥੀ ਦੀ ਤਿਆਰੀ ਕੀਤੀ ਗਈ। ਜਦੋਂ ਇਸ਼ਨਾਨ ਪਾਨ ਕਰਵਾਉਣ ਲੱਗੇ ਤਾਂ ਉਨ੍ਹਾਂ ਦਾ

ਚਿਹਰਾ ਲਾਲ ਸੁਰਖ ਸੀ। ਉਨ੍ਹਾਂ ਦੇ ਚਿਹਰੇ ਨੂੰ ਵੇਖ ਕੇ ਕੋਈ ਕਹਿ ਨਹੀਂ ਸਕਦਾ ਸੀ ਕਿ ਇਹ ਇਨਸਾਨ ਸੁਰਗਵਾਸ ਹੋ ਗਿਆ ਹੈ। ਅਰਥੀ ਸਜਾ ਕੇ ਇਨ੍ਹਾਂ ਦੀਆਂ ਯਾਦਗਾਰੀ ਫੋਟੋ ਖਿੱਚੀਆਂ ਗਈਆਂ।

ਅੰਤਮ ਅਰਦਾਸ/ਭੋਗ:- ਭੋਗ ਤੋਂ (1-2-1976) ਇਕ ਦਿਨ ਪਹਿਲਾਂ ਰਾਤ ਨੂੰ ਭਾਰੀ ਬਾਰਿਸ਼ ਹੋਈ। ਦੂਜੇ ਦਿਨ ਸਾਡੇ ਫੁੱਫੜ ਬਲਵੰਤ ਸਿੰਘ ਨੇ ਕਹੀ ਫੜ ਕੇ ਸਾਰੀਆਂ ਨਾਲੀਆਂ ਦੀ ਸਫਾਈ ਕੀਤੀ। ਮੈਂ ਕਿਹਾ ਫੁੱਫੜ ਜੀ ਇਹ ਕੰਮ ਅਸੀਂ ਕਰਨਾ ਸੀ। ਉਨ੍ਹਾਂ ਕਿਹਾ ਕਿ ਜੇ ਮੈਂ ਡੇਰਾ ਬਿਆਸ ਵਿਖੇ ਇਹ ਕੰਮ ਕਰ ਸਕਦਾ ਹਾਂ ਤਾਂ ਇਹ ਸੰਗਤ ਵੀ ਬਿਆਸ ਦੀ ਹੈ। ਫੁੱਫੜ ਜਦੋਂ ਵੀ ਆਉਂਦਾ ਉਹ ਮੇਰੇ ਕੋਲ ਸੌਂਦਾ ਸੀ।

ਆਪ ਦੇ ਨਮਿਤ ਸਤਿਸੰਗ ਕਰਵਾਇਆ ਗਿਆ। ਪਾਠੀ ਆਤਮਾ ਸਿੰਘ ਮਾਣਕੋ ਸਨ। ਆਈਆਂ ਸੰਗਤਾਂ ਵਾਸਤੇ ਚਾਹ ਪਾਣੀ ਤੇ ਲੰਗਰ ਦਾ ਖਾਸ ਪ੍ਰਬੰਧ ਸੀ।

ਕਹਿ ਸਕਦੇ ਹਾਂ, "ਮਨੁੱਖਤਾ ਦੀ ਸੇਵਾ ਹੀ ਪ੍ਰਮਾਤਮਾ ਦੀ ਸੇਵਾ ਹੈ।"

ਸ. ਬੰਤਾ ਸਿੰਘ

ਆਪ ਦੀ ਧਰਮ ਪਤਨੀ ਦਾ ਨਾਮ ਭਾਗ ਕੌਰ ਭਾਗੋ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪਿੱਪਲਾਂਵਾਲਾ ਹਨ। ਭਾਗ ਕੌਰ ਆਪਣੇ ਪਿਤਾ ਦੀ ਇਕਲੌਤੀ ਸੰਤਾਨ ਸੀ। ਆਪ ਦੇ ਮਾਤਾ-ਪਿਤਾ ਬਚਪਨ ਵਿਚ ਗੁਜ਼ਰ ਗਏ ਸਨ। ਆਪ ਦਾ ਪਾਲਣ ਪੋਸ਼ਣ ਚਾਚੀ ਰਾਧੀ ਤੇ ਚਾਚਾ ਬੂਟਾ ਸਿੰਘ ਨੇ ਕੀਤਾ। ਬੂਟਾ ਸਿੰਘ ਦੇ ਤਿੰਨ ਲੜਕੇ ਕਰਤਾਰ ਸਿੰਘ, ਭਗਤ ਸਿੰਘ ਤੇ ਰੁਲਦਾ ਸਿੰਘ ਸਨ ਜਿਨ੍ਹਾਂ ਦੀ ਤਕਰੀਬਨ ਪਿੰਡ ਗਗਨੌਲੀ ਵਿਖੇ ਕਾਫੀ ਆਉਣੀ ਜਾਣੀ ਸੀ। ਇਹ ਸਾਰਾ ਪਰਿਵਾਰ ਖੇਤੀ ਕਰਦਾ ਸੀ। ਕਰਤਾਰ ਸਿੰਘ ਦੀ ਆਪਣੇ ਭਰਾਵਾਂ ਤੇ ਸਰਦਾਰੀ ਸੀ। ਪ੍ਰਮਾਤਮਾ ਦੀ ਕਿਰਪਾ ਨਾਲ ਆਪ ਦੇ ਤਿੰਨ ਲੜਕੇ ਕੈਨੇਡਾ ਵਿਚ ਹਨ। ਪਿੰਡ ਵਿਚ ਕਿਸੇ ਨੂੰ ਨਹੀਂ ਪਤਾ ਕਿ ਤਾਈ ਭਾਗ ਕੌਰ ਦੇ ਅਸਲ ਮਾਤਾ-ਪਿਤਾ ਕੌਣ ਹਨ। ਪਿੱਪਲਾਂਵਾਲੇ ਪਰਿਵਾਰ ਨੇ ਹੁਣ ਤੱਕ ਸਾਡੇ ਤਾਏ-ਤਾਈ ਦੀ ਸੇਵਾ ਕੀਤੀ ਹੈ। ਸਾਡੀ ਤਾਈ ਹਮੇਸ਼ਾ ਆਪਣੇ ਭਰਾਵਾਂ ਭਰਜਾਈਆਂ ਨੂੰ ਮਿਲਦੀ ਰਹੀ। ਕਰਤਾਰ ਸਿੰਘ ਦੀ ਮੌਤ ਆਪਣੇ ਪੁੱਤਰਾਂ ਦੇ ਕੋਲ ਕੈਨੇਡਾ ਵਿਚ ਹੋਈ ਹੈ। ਉਨ੍ਹਾਂ ਦੀ ਧਰਮ ਪਤਨੀ ਠਾਕਰੀ ਦੇਵੀ ਦੀ ਮੌਤ 10-9-1976 ਈ: ਨੂੰ ਹੋਈ ਹੈ। ਭਾਗ ਕੌਰ ਦਾ ਪੇਕ੍ਹਾ ਪਰਿਵਾਰ ਬਹੁਤ ਵੱਡਾ ਪਰਿਵਾਰ ਹੈ।

ਕਬੀਲਦਾਰੀ ਦਾ ਅਸਲ ਧੁਰਾ:- ਬੰਤਾ ਸਿੰਘ ਨੂੰ ਕਬੀਲਦਾਰੀ ਦਾ ਅਸਲ ਧੁਰਾ ਕਿਹਾ ਜਾਂਦਾ ਹੈ। ਉਨ੍ਹਾਂ ਦੇ ਦੱਸਣ ਅਨੁਸਾਰ ਸਾਰੇ ਭਰਾ ਪੈਸਾ ਕਮਾ ਕੇ ਬੰਤਾ ਸਿੰਘ ਦੇ ਹੱਥ 'ਤੇ ਧਰਦੇ ਸਨ। ਬੰਤਾ ਸਿੰਘ ਉੱਨੀ-ਇੱਕੀ ਕਰੇ ਭਰਾਵਾਂ ਨੇ ਕਦੇ ਦਖਲ ਅੰਦਾਜ਼ੀ ਨਹੀਂ ਕੀਤੀ ਸੀ। ਇਸ ਕਰਕੇ ਹੀ ਸਾਰੇ ਭਰਾਵਾਂ ਦੀ ਏਕਤਾ ਸੀ। ਆਪਣੇ ਸਾਰੇ ਭਰਾਵਾਂ ਦੇ ਲੜਕੇ-ਲੜਕੀਆਂ ਦੀਆਂ ਵਿਆਹ ਸ਼ਾਦੀਆਂ ਸ. ਬੰਤਾ ਸਿੰਘ ਨੇ ਮੋਹਰੇ ਹੋ ਕੇ ਕੀਤੀਆਂ ਹਨ। ਬੰਤਾ ਸਿੰਘ ਹੀ ਸ਼ਹਿਰ ਬਜ਼ਾਰ ਜਾਂਦਾ ਸੀ। ਹਰ ਚੰਗੇ ਮਾੜੇ ਆਦਮੀ ਦੀ ਉਸ ਨੂੰ ਪਰਖ ਸੀ।

ਸਾਂਝੇ ਮਕਾਨ:- 1947 ਤੋਂ ਪਹਿਲਾਂ ਸਾਰੇ ਭਰਾਵਾਂ ਨੇ ਰਲ ਕੇ ਸਾਂਝੇ ਮਕਾਨ ਬਣਾਏ। ਜਾਮਣ ਤੇ ਟਾਹਲੀ ਦੀਆਂ ਸ਼ਤੀਰੀਆਂ ਅਤੇ ਬਾਲੇ ਪਾਏ ਹੋਏ ਸਨ। ਜਦੋਂ ਮਕਾਨ ਬਣ ਗਏ ਬੰਤਾ ਸਿੰਘ ਨੇ ਸਾਰੇ ਭਰਾਵਾਂ ਨੂੰ ਕਿਹਾ ਤੁਸੀਂ ਆਪਣਾ-ਆਪਣਾ ਮਕਾਨ ਮੱਲ ਲਵੋ। ਇਹ ਗੱਲਾਂ ਉਹ ਅਕਸਰ ਕਰਿਆ ਕਰਦੇ ਸਨ।

ਬਾਰ ਜਾਣਾ:- ਸਾਡਾ ਪਰਿਵਾਰ ਬਾਰ ਵਿਚ 85 ਚੱਕ ਜ਼ਿਲ੍ਹਾ ਲਾਇਲਪੁਰ ਵਿਚ

ਖੇਤੀ ਕਰਦਾ ਸੀ। ਅੱਧਾ ਪਰਿਵਾਰ ਇਧਰ ਖੇਤੀ ਕਰਦਾ ਸੀ। ਸਾਰੇ ਭਰਾਵਾਂ ਦੀ ਇਮਾਨਦਾਰੀ ਦਾ ਜ਼ਿਕਰ ਮੈਂ ਪਹਿਲਾਂ ਵੀ ਕਰ ਚੁੱਕਾਂ ਹਾਂ ਕਿ ਸਰਦਾਰ ਦੀ ਖੇਤੀ ਕਰਦੇ ਸਮੇਂ ਜਦੋਂ ਕਣਕ ਦਾ ਸੀਜਨ ਆਉਣਾ ਤਾਂ ਸ਼ਾਮ ਨੂੰ ਘਰ ਜਾਣ ਸਮੇਂ ਆਪਣੇ ਸਿਰ ਦੇ ਸਾਫੇ ਝਾੜਨੇ, ਕਮੀਜ਼ ਦੀਆਂ ਜੇਬਾਂ ਤੇ ਆਪਣੀਆਂ ਜੁੱਤੀਆਂ ਝਾੜਨੀਆਂ ਫਿਰ ਪਿੜ ਦੇ ਵਿਚੋਂ ਤੁਰਨਾ। ਉਸ ਸਰਦਾਰ ਨੇ ਇਨ੍ਹਾਂ ਦਾ ਬਹੁਤ ਇੱਜ਼ਤ ਮਾਣ ਕੀਤਾ। ਇਸ ਹੀ ਤਰ੍ਹਾਂ ਜਦੋਂ ਕਪਾਹ ਦਾ ਗੱਡਾ ਵੇਚਣ ਜਾਣਾ ਤਾਂ ਆਸੇ ਪਾਸੇ ਦੀ ਡਿੱਗੀ ਕਪਾਹ ਨੂੰ ਚੁੱਕ ਕੇ ਗੱਡੇ 'ਤੇ ਰੱਖਣਾ।

ਨਨਕਾਣਾ ਸਾਹਿਬ ਦੇ ਦਰਸ਼ਨ:- ਤਾਇਆ ਬੰਤਾ ਸਿੰਘ ਨੇ ਦੱਸਿਆ ਕਿ ਮੈਂ ਤਾਂ ਤੇਰੀ ਤਾਈ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨ ਕੀਤੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਮੈਂ ਥੋੜਾ ਸਮਾਂ ਉੱਥੇ ਕੰਮ ਵੀ ਕੀਤਾ ਹੈ।

ਪਿਤਾ ਦਾ ਸੁਰਗਵਾਸ ਹੋਣਾ:- ਆਪ ਨੇ ਦੱਸਿਆ ਕਿ ਜਦੋਂ ਸਾਡਾ ਪਿਤਾ ਸ. ਸੁਰਜਨ ਸਿੰਘ ਅਚਾਨਕ ਅਕਾਲ ਚਲਾਣਾ ਕਰ ਗਿਆ ਤਾਂ ਲੋਕ ਆਪੋ ਆਪਣੀ ਮੂੰਹੀਂ ਗੱਲਾਂ ਕਰਨ ਲੱਗੇ। ਸਾਹਰੀ ਦੇ ਦੋ ਸਕੇ ਭਰਾ ਗਾਹੀਆ ਤੇ ਮਾਹੀਆ ਕਹਿਣ ਲੱਗੇ, "ਹੁਣ ਸੁਰਜਨ ਸਿੰਘ ਦੇ ਪਰਿਵਾਰ ਨੂੰ ਕੌਣ ਸੰਭਾਲੇਗਾ।" ਇਨ੍ਹਾਂ ਦੱਸਿਆ ਕਿ ਸਾਡੇ ਸਿਰ ਕਰਜ਼ਾ ਸੀ। ਮੈਂ ਪੁੱਛਿਆ ਇਹ ਕਰਜ਼ਾ ਕਿਵੇਂ ਸਿਰ ਚੜ੍ਹਿਆ? ਉਨ੍ਹਾਂ ਜਵਾਬ ਦਿੱਤਾ ਕਿ ਸਾਡੇ ਬਾਪੂ ਨੇ ਆਪਣੇ ਸਾਰੇ ਲੜਕੇ-ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ, ਵਿਚ ਪੋਤੇ ਵੀ ਵਿਆਹ ਕੇ ਗਿਆ ਹੈ। ਇਹ ਕਰਜ਼ਾ ਇਸ ਕਰਕੇ ਸਾਡੇ ਸਿਰ ਹੈ। ਮੈਂ ਪੁੱਛਿਆ ਫਿਰ ਇਹ ਕਰਜ਼ਾ ਕਿਵੇਂ ਉਤਰਿਆ ਹੈ। ਉਨ੍ਹਾਂ ਦੱਸਿਆ ਕਿ ਕੁਝ ਮੱਝਾਂ ਸਨ, ਕੁਝ ਤੂੜੀ ਦੇ ਕੁੱਪ ਸਨ ਇਨ੍ਹਾਂ ਨੂੰ ਵੇਚ ਦਿੱਤਾ। ਅਸੀਂ ਇਕ ਬਿਲਟੀ ਸਿਲਕ ਦੀ ਖਰੀਦ ਲਈ ਇਸ ਨੂੰ ਬੁਣ ਕੇ ਵੇਚਦੇ ਰਹੇ ਤਾਂ ਸਾਰਾ ਕਰਜ਼ਾ ਉੱਤਰ ਗਿਆ। ਭਾਵੇਂ ਸਾਰੇ ਭਰਾ ਅਲੱਗ-ਅਲੱਗ ਹੋ ਗਏ ਸਨ ਪਰ ਏਕਤਾ ਫਿਰ ਵੀ ਬਣੀ ਰਹੀ।

ਭਰਾਵਾਂ ਦਾ ਇਲਾਜ ਕਰਵਾਉਣਾ:- ਸ. ਬੰਤਾ ਸਿੰਘ ਦੇ ਭਾਈ ਮੁਣਸ਼ੀ ਤੇ ਬਸੰਤ ਸਿੰਘ ਬਾਰ ਵਿਚ ਕਿਸੇ ਕਸਰ ਵਿਚ ਆ ਗਏ। ਇਨ੍ਹਾਂ ਦਾ ਡਾਕਟਰੀ ਇਲਾਜ ਵੀ ਕਰਵਾਇਆ। ਕੁਝ ਦਿਮਾਗੀ ਪ੍ਰੇਸ਼ਾਨ ਸਨ। ਬੰਤਾ ਸਿੰਘ ਦੇ ਘਰ ਲਵੇਰਾ ਤਾਂ ਸੀ। ਇਨ੍ਹਾਂ ਨੂੰ ਬਦਾਮਾਂ ਦੀ ਸਰਦਾਈ ਘੋਟ ਕੇ ਦੇਣੀ। ਕਿਸੇ ਰਿਸ਼ਤੇਦਾਰ ਨੇ ਕਿਹਾ ਕਿ ਤੁਸੀਂ ਇਨ੍ਹਾਂ ਨੂੰ ਬਾਬਾ ਬਡਭਾਗ ਸਿੰਘ ਦੇ ਗੁਰਦੁਆਰੇ ਲੈ ਕੇ ਜਾਓ। ਉਥੇ ਇਸ਼ਨਾਨ ਕਰੋ ਮੱਥਾ ਟੇਕੋ ਆਰਾਮ ਆ ਜਾਵੇਗਾ। ਬੰਤਾ ਸਿੰਘ ਨੇ ਉਨ੍ਹਾਂ ਦੀ ਗੱਲ ਮੰਨ ਲਈ। ਆਪਣੇ ਭਰਾਵਾਂ ਦਾ ਸ਼ਰਧਾ ਨਾਲ ਮੱਥਾ ਟਿਕਾਇਆ ਤੇ ਘਰ ਦੇ ਕੰਮ ਤੇ ਲਗਾ ਦਿੱਤੇ। ਹੌਲੀ-ਹੌਲੀ ਠੀਕ ਹੋ ਗਏ।

ਹੋਰ ਕੰਮ

ਅਫਰੀਕਾ ਜਾਣ ਲਈ ਪਾਸਪੋਰਟ:- ਸ. ਬੰਤਾ ਸਿੰਘ ਨੇ ਅਫਰੀਕਾ ਜਾਣ ਵਾਸਤੇ 1928 ਈ: ਵਿਚ ਪਾਸਪੋਰਟ ਬਣਾਇਆ ਜੋ ਲਾਹੌਰ ਦਾ ਬਣਿਆ ਹੋਇਆ ਸੀ। ਆਪ ਦੇ ਨਾਲ ਆਪ ਦੇ ਤਾਏ ਦਾ ਲੜਕਾ ਭਗਤ ਸਿੰਘ ਵੀ ਸੀ। ਪਰ ਕਿਰਾਏ ਦਾ ਪ੍ਰਬੰਧ ਨਾ ਹੋਣ ਕਰਕੇ ਆਪ ਜਾ ਨਹੀਂ ਸਕੇ। ਪਿੰਡ ਦਾ ਇਕ ਤਰਖਾਣ ਕਰਤਾਰ ਸਿੰਘ ਅਫਰੀਕਾ ਗਿਆ ਹੋਇਆ ਸੀ। ਉਨ੍ਹਾਂ ਦੇ ਲੜਕੇ ਰਾਮ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੋਹਾਂ ਨੇ ਕਲਕੱਤੇ ਟਾਟਾ ਸਟੀਲ ਕਾਰਖਾਨੇ ਵਿਚ ਥੋੜ੍ਹਾ ਸਮਾਂ ਕੰਮ ਵੀ ਕੀਤਾ ਹੈ। ਫਿਰ ਆਪ ਪਿੰਡ ਆ ਗਏ।

ਕੱਪੜਾ ਬੁਨਣਾ:- ਜਿਥੇ ਆਪ ਦਾ ਪਰਿਵਾਰ ਖੇਤੀ ਕਰਦਾ ਸੀ, ਉੱਥੇ ਆਪ ਨੇ ਕੱਪੜਾ ਬੁਨਣਾ ਵੀ ਸਿੱਖ ਲਿਆ। ਇਹ ਕੰਮ ਆਪ ਨੇ ਕਾਹਰੀ ਪਿੰਡ ਦੇ ਇਕ ਮੁਸਲਮਾਨ ਪਾਸੋਂ ਸਿੱਖਿਆ। ਫਿਰ ਆਪ ਨੇ ਹੌਲੀ-ਹੌਲੀ ਆਪਣੇ ਸਾਰੇ ਭਰਾਵਾਂ ਨੂੰ ਸਿਖਾ ਦਿੱਤਾ।

ਖੇਸੀਆਂ, ਚਾਦਰਾਂ ਦੇ ਮਾਹਰ:- ਪਿਛਲੇ ਸਮੇਂ ਵਿਚ ਆਏ ਗਏ ਮਹਿਮਾਨਾਂ ਦੇ ਬਿਸਤਰੇ ਤੇ ਖੇਸ-ਚਤੱਹੀਆਂ ਹੀ ਬਿਛਾਈਆਂ ਜਾਂਦੀਆਂ ਸਨ। ਆਪ ਡੱਬੀਦਾਰ ਖੇਸੀਆਂ ਤੇ ਚਾਦਰਾਂ ਵੀ ਬੁਣਦੇ ਸਨ। ਆਪਣੇ ਬਿਰਧ ਹੋਣ ਤੱਕ ਆਪ ਨੇ ਇਹ ਕੰਮ ਕੀਤਾ ਹੈ। ਸਾਡੇ ਪਿੰਡ ਦੀਆਂ ਬਹੁਤ ਸਾਰੀਆਂ ਲੜਕੀਆਂ ਦਾ ਦਾਜ ਇਨ੍ਹਾਂ ਦਾ ਹੀ ਬੁਣਿਆ ਹੋਇਆ ਹੈ। ਹੋਰ ਪਿੰਡਾਂ ਤੋਂ ਵੀ ਲੋਕ ਇਸ ਕੰਮ ਲਈ ਇਨ੍ਹਾਂ ਪਾਸ ਆਉਂਦੇ ਸਨ।

ਡੰਗਰ ਡਾਕਟਰੀ:- ਡੰਗਰ ਡਾਕਟਰੀ ਦਾ ਕੰਮ ਆਪ ਨੇ ਆਪਣੀ ਭੈਣ ਬੰਤੀ ਦੇ ਸਹੁਰੇ ਗਣੇਸ਼ ਸਿੰਘ ਤੋਂ ਸਿੱਖਿਆ ਹੈ। ਉਨ੍ਹਾਂ ਦਾ ਲੜਕਾ ਬਲਵੰਤ ਸਿੰਘ ਵੀ ਇਸ ਕੰਮ ਦਾ ਮਾਹਰ ਸੀ। ਕੱਪੜੇ ਦੇ ਕੰਮ ਦੇ ਨਾਲ ਇਹ ਕੰਮ ਵੀ ਕਰਦੇ ਸਨ। ਦੂਰ-ਦੂਰ ਪਿੰਡਾਂ ਤੋਂ ਲੋਕ ਇਨ੍ਹਾਂ ਦੇ ਕੋਲ ਆਉਂਦੇ ਸਨ। ਕਦੇ ਤੜਕੇ ਚਾਰ ਵਜੇ, ਕਦੇ ਰਾਤ ਦੇ ਬਾਰਾਂ ਵਜੇ ਲੈ ਕੇ ਜਾਂਦੇ ਸਨ। ਉਸ ਸਮੇਂ ਸਰਕਾਰੀ ਡਾਕਟਰ ਦੇ ਕੋਲ ਆਮ ਪਿੰਡਾਂ ਦੇ ਲੋਕ ਨਹੀਂ ਜਾਂਦੇ ਸਨ। ਜੋ ਵੀ ਪਸ਼ੂ ਬਿਮਾਰ ਹੋਵੇ ਉਹ ਇਕ ਜੰਜਰ ਬੋਤਲ ਤਿਆਰ ਕਰਦੇ ਸਨ। ਜਦੋਂ ਉਹ ਬੋਤਲ ਪਸ਼ੂ ਦੇ ਅੰਦਰ ਜਾਣੀ ਤਾਂ ਪਸ਼ੂ ਜਲਦੀ ਉਗਾਲੀ ਕਰਨ ਲੱਗ ਜਾਂਦੇ। ਇਸਦੇ ਨਾਲ ਹੋਰ ਦਵਾਈਆਂ ਵੀ ਦਿੰਦੇ ਸਨ। ਜਦੋਂ ਕਿਸੇ ਦਾ ਪਸ਼ੂ ਠੀਕ ਹੋ ਜਾਂਦਾ ਤਾਂ ਉਹ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਕਣਕਾਂ ਦੀ ਵਾਢੀ ਸਮੇਂ ਉਨ੍ਹਾਂ ਦਾ ਤਿਆਰ ਕੀਤਾ ਚੂਰਨ ਤਕਰੀਬਨ ਹਰ ਘਰ ਉਸ ਦੀ ਵਰਤੋਂ ਕਰਦਾ ਸੀ। ਗਰਮੀ ਰੁੱਤੇ ਬਹੁਤ ਸਾਰੇ ਆਦਮੀ ਪਾਣੀ ਦੀ ਬਾਧ-ਘਾਟ ਦੇ ਨਾਲ ਬਿਮਾਰ ਹੋ ਜਾਂਦੇ ਸਨ। ਇਕ ਵਾਰ ਇਕ ਜੱਟ ਟਾਂਡੇ ਤੋਂ ਆਇਆ ਉਸ ਕਿਹਾ ਮੇਰਾ ਬਲਦ ਬਿਮਾਰ ਹੈ। ਬੰਤਾ ਸਿੰਘ ਦੋ ਦਿਨ ਉੱਥੇ ਰਹੇ। ਬਲਦ ਠੀਕ ਹੋ ਗਿਆ। ਉਸ ਨੇ ਇਕ ਵਰਦੀ ਇਨ੍ਹਾਂ ਨੂੰ ਸਤਿਕਾਰ ਵਜੋਂ ਦਿੱਤੀ।

ਪਸ਼ੂਆਂ ਦਾ ਵਪਾਰ:- ਆਪ ਥੋੜ੍ਹਾ-ਥੋੜ੍ਹਾ ਪਸ਼ੂਆਂ ਦਾ ਵਪਾਰ ਵੀ ਕਰਦੇ ਸਨ। ਆਪ ਦੇ ਘਰ ਵਿਚ ਲਵੇਰਾ ਹਮੇਸ਼ਾ ਰਹਿੰਦਾ ਸੀ। ਆਸੇ-ਪਾਸੇ ਦੇ ਲੋਕ ਆਪ ਦੇ ਘਰੋਂ

ਦੇਸੀ ਘਿਓ ਲੈਣ ਵਾਸਤੇ ਆਉਂਦੇ ਸਨ। ਖਾਸ ਕਰਕੇ ਪਿੰਡ ਸਾਹਰੀ ਤੋਂ ਲਾਲਾ ਅਮਰ ਚੰਦ ਜੋ ਪੁਰਾਣਾ ਅਰਜ਼ੀ ਨਵੀਸ ਸੀ। ਉਹ ਅਕਸਰ ਹੀ ਘਿਓ ਲੈਣ ਆਉਂਦਾ ਸੀ। ਬੰਤਾ ਸਿੰਘ ਉਨ੍ਹਾਂ ਦੀ ਕਦਰ ਕਰਦਾ ਸੀ ਤੇ ਨਾਲੇ ਜੋ ਗੱਲਾਂ ਲਾਲਾ ਅਮਰ ਚੰਦ ਕਰਦਾ ਹੁੰਦਾ ਸੀ ਉਹ ਪਰਿਵਾਰ ਨੂੰ ਵੀ ਦੱਸਦੇ ਸਨ ਜਿਵੇਂ ਅਸੀਂ ਦਾਜ ਵਰੀ ਲੜਕੇ ਦਾ ਸਿਹਰਾ ਹਰ ਵਾਰ ਮੁੱਲ ਲੈਂਦੇ ਹਾਂ। ਉਨ੍ਹਾਂ ਕਿਹਾ, "ਅਸੀਂ ਇਕ ਹੀ ਵਾਰ ਵਰੀ ਜਾਂ ਸੋਨੇ ਦੇ ਗਹਿਣੇ ਬਣਾਏ ਹਨ- ਦੂਜੀ ਪੰਚਾਇਤ ਵਿਚ ਅਸੀਂ ਉਹ ਦਿਖਾ ਦੇਣੇ ਹਨ। ਦਿਖਾਇਆ ਸਾਮਾਨ ਇਸ ਤਰ੍ਹਾਂ ਹੀ ਡੱਬਾ ਬੰਦਾ ਰਹੇਗਾ। ਵਹੁ ਨੂੰ ਫਿਰ ਹੋਰ ਲੋੜੀਂਦਾ ਸਮਾਨ ਲੈ ਕੇ ਦੇਵਾਂਗੇ।

ਯੂ.ਪੀ. ਵਿਚ ਜ਼ਮੀਨ ਖਰੀਦਣਾ:- ਦੱਸਿਆ ਜਾਂਦਾ ਹੈ ਕਿ ਆਪ ਨੇ ਵੀ ਮੁਣਸ਼ੀ ਬੈਂਸ ਦੇ ਨਾਲ ਕੁਝ ਜ਼ਮੀਨ ਯੂ.ਪੀ. ਵਿਚ ਲਈ ਸੀ। ਪਰ ਆਪ ਯੂ.ਪੀ. ਜਾ ਨਹੀਂ ਸਕੇ। ਫਿਰ ਉਹ ਜ਼ਮੀਨ ਉਨ੍ਹਾਂ ਦੇ ਭਾਈ ਧੰਨਾ ਸਿੰਘ ਦੇ ਲੜਕੇ ਹਜ਼ਾਰਾ ਸਿੰਘ ਨੇ ਆਪਣੇ ਕੋਲ ਰੱਖ ਲਈ ਸ਼ੀ।

ਰਿਸ਼ਤੇ ਕਰਨ ਦੇ ਮਾਹਰ:- ਜਿਥੇ ਆਪ ਆਪਣੇ ਭਰਾਵਾਂ ਦੀ ਕਬੀਲਦਾਰੀ ਦੇ ਰਿਸ਼ਤੇ ਕਰਦੇ ਸਨ, ਉੱਥੇ ਆਪ ਹੋਰ ਸਕਾਚਾਰੀ ਵਿਚ ਵੀ ਰਿਸ਼ਤੇ ਕਰ ਦਿੰਦੇ ਸਨ। ਜਿਹੜਾ ਪਾਸਾ ਗਰੀਬ ਹੋਵੇ ਉਸ ਦੀ ਮਦਦ ਕਰ ਦਿੰਦੇ ਸਨ। ਇਕ ਵਾਰ ਇਕ ਫੌਜੀ ਦਾ ਰਿਸ਼ਤਾ ਪਿੰਡ ਸਾਹਰੀ ਤੋਂ ਪਿੰਡ ਰਾਜੂ ਦੀ ਲੜਕੀ ਰੇਸ਼ਮ ਕੌਰ ਨਾਲ ਕੀਤਾ। ਲੜਕਾ ਸਮੇਂ ਸਿਰ ਛੁੱਟੀ ਨਾ ਆ ਸਕਿਆ ਤਾਂ ਆਪ ਨੇ ਮਿਥੇ ਸਾਹੇ ਅਨੁਸਾਰ ਲਾਵਾਂ ਫੋਟੋ ਨਾਲ ਕਰ ਦਿੱਤੀਆਂ। ਥੋੜ੍ਹੇ ਦਿਨਾਂ ਮਗਰੋਂ ਫੌਜੀ ਜਵਾਨ ਮੋਹਨ ਸਿੰਘ ਛੁੱਟੀ ਆ ਗਿਆ ਤਾਂ ਮੁਕਲਾਵਾ ਤੋਰ ਦਿੱਤਾ। ਇਸ ਪ੍ਰਕਾਰ ਬੰਤਾ ਸਿੰਘ ਸਥਿਤੀ ਨੂੰ ਸੰਭਾਲ ਲੈਂਦੇ ਸਨ। ਇਸ ਤਰ੍ਹਾਂ ਦੇ ਅਨੇਕਾਂ ਹੀ ਰਿਸ਼ਤੇ ਬੰਤਾ ਸਿੰਘ ਨੇ ਕੀਤੇ ਪਰ ਹਰ ਕੋਈ ਨਹੀਂ ਕਰ ਸਕਦਾ।

ਪਿੰਡ ਦੇ ਪੰਚ:- ਜਦੋਂ ਚਾਰ ਪਿੰਡਾਂ ਦੀ ਪੰਚਾਇਤ ਸਾਂਝੀ ਸੀ ਜਾਂ ਉਸ ਤੋਂ ਵੀ ਪਹਿਲਾਂ ਮੇਰੀ ਸੁਰਤ ਵਿਚ ਰਾਸ਼ਨ ਕਾਰਡ ਬਣੇ ਸਨ ਤਾਂ ਉਨ੍ਹਾਂ ਉੱਪਰ ਸ. ਬੰਤਾ ਸਿੰਘ ਦਾ ਅੰਗੂਠਾ ਜਾਂ ਦਸਤਖ਼ਤ ਹੁੰਦੇ ਸਨ। ਇਸ ਤੋਂ ਮਗਰੋਂ ਪਿੰਡ ਦੇ ਪੰਚ ਵੀ ਰਹੇ ਸਨ।

ਸ਼ਾਹ ਜੀ:- ਜਿਸ ਸਮੇਂ ਆਪ ਦਾ ਸਿਤਾਰਾ ਚੰਗਾ ਚਮਕਦਾ ਸੀ। ਘਰ ਦੇ ਹਾਲਾਤ ਚੰਗੇ ਸਨ ਤਾਂ ਪਿੰਡ ਦੇ ਲੋਕਾਂ ਨੇ ਆਪ ਨੂੰ ਸ਼ਾਹ ਜੀ ਕਰਕੇ ਬੁਲਾਉਣਾ ਸ਼ੁਰੂ ਕਰ ਦਿੱਤਾ। ਪਿੰਡ ਤੇ ਸਾਕਾਚਾਰੀ ਦੇ ਬਹੁਤੇ ਰਿਸ਼ਤੇਦਾਰ ਆਪਣੀ ਗਰਜ਼ ਇਨ੍ਹਾਂ ਪਾਸੋਂ ਪੂਰੀ ਕਰਦੇ ਸਨ।

ਜ਼ਮੀਨ ਦੀ ਮਾਲਕੀ:- ਪਿੰਡ ਗਗਨੌਲੀ ਦੇ ਹੀ ਸੁਰੈਣ ਸਿੰਘ ਦੇ ਪਰਿਵਾਰ ਨੇ ਕੁਝ ਜ਼ਮੀਨ ਗਹਿਣੇ ਰੱਖੀ ਸੀ ਜਿਸ ਦੀ ਮਿਆਦ ਪੂਰੀ ਹੋ ਗਈ ਸੀ ਪਰ ਉਹ ਪੈਸੇ ਦੇ ਨਹੀਂ ਸਕੇ ਤਾਂ ਇਸ ਪ੍ਰਕਾਰ 1964-65 ਦੇ ਕਰੀਬ ਉਸ ਜ਼ਮੀਨ ਤੇ ਆਪ ਦਾ ਮਾਲਕਾਨਾ ਹੱਕ ਹੋ ਗਿਆ। ਉਸ ਹੀ ਪਰਿਵਾਰ ਤੋਂ ਆਪ ਨੇ ਹੋਰ ਜ਼ਮੀਨ 1970 ਦੇ ਕਰੀਬ ਪਹੀਦੀ ਸੀ। ਸ. ਮੇਹਰ ਸਿੰਘ ਦੇ ਪਾਸੋਂ ਆਪਣੇ ਭਰਾਵਾਂ ਨੂੰ ਵਸਣ ਵਾਸਤੇ ਜ਼ਮੀਨ ਦਾ ਟੁਕੜਾ

ਲੈ ਕੇ ਦਿੱਤਾ, ਜਿਸ ਵਿਚ ਅੱਜ ਸਾਰਿਆਂ ਨੇ ਖੁੱਲ੍ਹੇ ਮਕਾਨ ਬਣਾਏ ਹਨ।

ਆਮ ਸਾਕਾਚਾਰੀ ਵਿਚ ਇਨ੍ਹਾਂ ਦਾ ਨਾਮ:- ਜਦੋਂ ਮੈਂ ਕਿਤੇ ਬਾਹਰ ਜਾਂਦਾ ਸੀ ਤਾਂ ਸਾਨੂੰ ਕੋਈ ਨਹੀਂ ਪਛਾਣਦਾ ਸੀ। ਜਦੋਂ ਅਸੀਂ ਕਹਿਣਾ ਅਸੀਂ ਤਾਏ ਬੰਤਾ ਸਿੰਘ ਦੇ ਭਤੀਜੇ ਹਾਂ ਤਾਂ ਉਨ੍ਹਾਂ ਝੱਟ ਸਮਝ ਜਾਣਾ ਤੇ ਕਹਿਣਾ ਬੰਤਾ ਸਿੰਘ ਦੀ ਕੋਈ ਰੀਸ ਨਹੀਂ ਕਰ ਸਕਦਾ ਹੈ। ਆਪ ਦਿਆਲੂ ਸੁਭਾਅ ਦੇ ਵੀ ਸਨ। ਸਾਕਾਚਾਰੀ ਜਾਂ ਘਰਾਂ ਵਿਚ ਕੋਈ ਝਗੜਾ ਹੋ ਜਾਵੇ ਤਾਂ ਇਨ੍ਹਾਂ ਨੂੰ ਸੱਦਿਆ ਜਾਂਦਾ ਸੀ। ਇਕ ਵਾਰ ਇਕ ਰਾਹਗੀਰ ਸਿਆਲ ਰੁੱਤੇ ਇਨ੍ਹਾਂ ਦੇ ਕੋਲ ਆ ਗਿਆ। ਉਸ ਨੂੰ ਸ਼ਾਮ ਪੈ ਗਈ। ਉਸ ਦੀ ਸਿਹਤ ਕੁਝ ਖਰਾਬ ਸੀ। ਉਸ ਵਾਸਤੇ ਦੇਸੀ ਘਿਓ ਦਾ ਦਲੀਆ ਤਿਆਰ ਕਰਕੇ ਦਿੱਤਾ। ਦੂਜੇ ਦਿਨ ਠੀਕ ਹੋਣ ਤੇ ਜਾਣ ਦਿੱਤਾ। ਆਮ ਲੰਘਦੇ ਰਾਹਗੀਰ ਉਨ੍ਹਾਂ ਪਾਸ ਆ ਕੇ ਲੱਸੀ-ਪਾਣੀ ਪੀ ਕੇ ਜਾਂਦੇ ਸਨ।

ਕੰਮ ਨੂੰ ਫੁਰਤੀਲੇ:- ਹਾੜੀ ਸਾਉਣੀ ਉਨ੍ਹਾਂ ਦੇ ਨਾਲ ਆਮ ਆਦਮੀ ਕੰਮ ਨਹੀਂ ਕਰ ਸਕਦਾ ਸੀ। ਕਣਕ ਦੀ ਵਾਢੀ ਲਈ ਹੱਥ ਬਹੁਤ ਫੁਰਤੀਲਾ ਸੀ। ਆਪ ਤੂੜੀ ਦੇ ਕੁੱਪ ਬੰਨ੍ਹਣ ਦੇ ਮਾਹਰ ਸਨ ਜੇ ਕਿਸੇ ਨੇ ਕਣਕ ਕਿਸੇ ਪਾਸੋਂ ਵਢਾਅ ਲਈ ਹੈ ਤਾਂ ਉਹ ਤੂੜੀ ਦੇ ਕੁੱਪ ਇਨ੍ਹਾਂ ਕੋਲੋਂ ਬਨਾਉਂਦੇ ਸਨ। ਹੱਥ ਵਿਚ ਬਹੁਤ ਸਫ਼ਾਈ ਹੁੰਦੀ ਸੀ। ਘਰ ਦੇ ਕੁੱਪ ਬੰਨਣ ਸਮੇਂ ਮੈਂ ਉਨ੍ਹਾਂ ਦੀ ਇਸ ਤਕਨੀਕ ਦੀ ਸਿਫਤ ਕਰਦਾ ਹਾਂ।

ਪੱਠੇ ਕੁਤਰਨ ਵਾਲੀ ਮਸ਼ੀਨ:- ਸਾਡੇ ਆਪਣੇ ਘਰਾਂ ਵਿਚ ਪੱਠੇ ਕੁਤਰਨ ਵਾਲੀ ਮਸ਼ੀਨ ਸਭ ਤੋਂ ਪਹਿਲਾਂ ਬੰਤਾ ਸਿੰਘ ਨੇ 45 ਰੁ: ਵਿਚ ਲਿਆਂਦੀ ਸੀ। ਮੈਂ ਵੇਖਿਆ ਹੈ ਕਿ ਪਿੰਡ ਦੇ ਹੋਰ ਪੰਤਵੰਤੇ ਸੱਜਣ ਸ਼ਾਮ ਵੇਲੇ ਪੱਠੇ ਕੁਤਰਕੇ ਲੈ ਜਾਂਦੇ ਸਨ। ਇਸ ਹੀ ਤਰ੍ਹਾਂ ਘਰਾਂ ਵਿਚੋਂ ਸਭ ਤੋਂ ਪਹਿਲਾ ਨਲਕਾ ਹਵੇਲੀ ਵਿਚ ਬੰਤਾ ਸਿੰਘ ਨੇ 1967 ਈ: ਵਿਚ ਲਗਵਾਇਆ ਹੈ। ਹੋਰ ਘਰਾਂ ਵਿਚ ਮਗਰੋਂ ਨਲਕੇ ਲੱਗੇ।

ਪੱਕਾ ਮਕਾਨ:- ਜੁਲਾਈ 1969 ਈ: ਵਿਚ ਆਪ ਨੇ ਆਪਣੀ ਹਵੇਲੀ ਵਿਚ ਦੋ ਵੱਡੇ ਕਮਰੇ ਪੱਕੇ ਤਿਆਰ ਕੀਤੇ ਜਿਸ ਦੀ ਨੀਂਹ ਮਿਤੀ 2-7-1969 ਨੂੰ ਰੱਖੀ ਗਈ। ਇਸ ਕੰਮ ਲਈ ਮਿਸਤਰੀ ਪ੍ਰੀਤਮ ਸਿੰਘ ਗਗਨੌਲੀ ਤੇ ਧਰਮਪਾਲ ਸਿੰਘ ਹੁਸ਼ਿਆਰਪੁਰ ਸਨ। ਮੈਂ ਵੀ ਇਸ ਮਕਾਨ ਵਿਚ ਕੰਮ ਕੀਤਾ ਹੈ। ਉਸ ਸਮੇਂ ਸਾਰਾ ਪਰਿਵਾਰ ਰਲ ਕੇ ਕੰਮ ਕਰਦਾ ਸੀ।

ਹਵੇਲੀ ਵਿਚ ਇੱਕ ਵੱਡੀ ਛੰਨ:- ਇਕ ਵੱਡੀ ਛੰਨ 1947 ਤੋਂ ਪਹਿਲਾਂ ਬਣਾਈ ਜਿਸ ਦਾ ਜ਼ਿਕਰ ਮੈਂ ਪਹਿਲਾਂ ਕਰ ਦਿੱਤਾ ਹੈ। ਸੁਣਿਆ ਹੈ ਕਿ ਆਪ ਹੁਸ਼ਿਆਰਪੁਰ ਲੱਕੜ ਦਾ ਟਾਲ਼ ਕਰਦੇ ਸਨ। ਸ਼ਾਮ ਨੂੰ ਘਰ ਆਉਣ ਸਮੇਂ ਦੋ ਚਾਰ ਬਾਂਸ ਆਪਣੇ ਸਿਰ 'ਤੇ ਰੋਜ਼ ਲੈ ਕੇ ਆਉਂਦੇ ਸਨ। ਪੱਕੇ ਮਕਾਨਾਂ ਤੋਂ ਵਾਧੂ ਉਸ ਦਾ ਆਰਾਮ ਸੀ। 1947 ਵਿਚ ਕਹਿੰਦੇ ਭਾਰੀ ਬਾਰਸ਼ਾਂ ਪਈਆਂ, ਜਿਸ ਨਾਲ ਲੋਕਾਂ ਦੇ ਮਕਾਨ ਚੋਣ ਲੱਗ ਪਏ। ਇਸ ਛੰਨ ਵਿਚ ਬਹੁਤ ਸਾਰੇ ਲੋਕ ਰਹਿੰਦੇ ਰਹੇ। ਗਰਮੀਆਂ ਦੇ ਦਿਨਾਂ ਵਿਚ ਘਰਾਂ ਦਾ ਜੋ ਕੁੜਮ-ਕੁਟੰਬ ਹੁੰਦਾ ਉਹ ਇਥੇ ਹੀ ਆਰਾਮ ਕਰਦਾ ਸੀ।

ਮੀਆਂ-ਬੀਬੀ ਦਾ ਅੰਤਮ ਸਮਾਂ

ਭਾਗ ਕੌਰ:- ਮਾਤਾ ਭਾਗ ਕੌਰ ਜ਼ਿਆਦਾ ਬਿਰਧ ਨਹੀਂ ਹੋਈ ਨਾ ਹੀ ਕੋਈ ਬਿਮਾਰੀ ਦਾ ਸ਼ਿਕਾਰ ਹੋਈ ਹੈ। ਆਪ ਘਰ ਵਿਚ ਲਵੇਰਾ ਤਾਂ ਰੱਖਦੇ ਹੀ ਸਨ। ਜਦੋਂ ਆਪ ਮੱਝ ਨੂੰ ਪਾਣੀ ਪਿਆ ਰਹੇ ਸਨ ਤਾਂ ਆਪ ਦਾ ਪੈਰ ਤਿਲਕ ਗਿਆ। ਕਈ ਦਿਨ ਆਪ ਸੋਟਾ ਫੜ ਕੇ ਤੁਰਦੀ ਰਹੀ। ਆਪ ਦੇ ਚਿਹਰੇ ਦਾ ਰੰਗ ਲਾਲ ਸੁਰਖ ਤੇ ਕੱਦ ਲੰਮਾ ਸੀ। ਅਸੀਂ ਗੱਡੇ 'ਤੇ ਬਿਠਾ ਕੇ ਬਸੀ ਖੁਆਜੂ ਹੁਸ਼ਿਆਰਪੁਰ ਹੱਡੀਆਂ ਦੇ ਡਾਕਟਰ ਦੇ ਕੋਲ ਲੈ ਕੇ ਗਏ। ਡਾਕਟਰ ਨੇ ਸਾਰੇ ਸਰੀਰ ਨੂੰ ਚੈੱਕ ਕੀਤਾ। ਜਦੋਂ ਉਨ੍ਹਾਂ ਪੱਟਾਂ ਦੇ ਕੋਲੋਂ ਚੈੱਕ ਕੀਤਾ ਤਾਂ ਫਿਰ ਐਕਸਰਾਂ ਦਿਖਾਇਆ ਕਿ ਚੂਲ਼ੇ ਦੀ ਹੱਡੀ ਕਰੈਕ ਹੈ। ਉਨ੍ਹਾਂ ਘੁੱਟ ਕੇ ਬੰਨ੍ਹ ਦਿੱਤਾ ਤੇ ਦਵਾਈ ਦਿੱਤੀ। ਇਲਾਜ ਚੱਲਦਾ ਰਿਹਾ। ਹਲਕਾ-ਹਲਕਾ ਮੀਂਹ ਪੈ ਰਿਹਾ ਸੀ। ਸਾਡੀ ਭੂਆ ਗੋਂਦਪੁਰ ਵਾਲੀ ਇਥੇ ਆਈ ਹੋਈ ਸੀ। ਉਹ ਮੀਂਹ ਵਿਚ ਖੂੰਡੀ ਫੜ ਕੇ ਮੇਰੇ ਕੋਲ ਆਈ- ਕਾਕਾ! ਭਾਗੋ ਦੀ ਸਿਹਤ ਕੁਝ ਖਰਾਬ ਹੋ ਗਈ। ਆ ਕੇ ਦੇਖ ਜਰਾ। ਹੋਰ ਵੀ ਮੈਂਬਰ ਕਮਰੇ ਵਿਚ ਹਾਜ਼ਰ ਸਨ। ਅਸੀਂ ਉਨ੍ਹਾਂ ਦਾ ਸਰੀਰ ਦਬਾਇਆ। ਉੱਠ ਕੇ ਬੈਠ ਕੇ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਦੋ ਘੰਟੇ ਮਗਰੋਂ ਉਨ੍ਹਾਂ ਨੂੰ ਖਾਣ ਨੂੰ ਦਲੀਆ ਦਿੱਤਾ। ਜਿਉਂ ਹੀ ਉਨ੍ਹਾਂ ਦਲੀਆਂ ਖਾਧਾ ਕੌਲ ਆਪਣੇ ਆਪ ਹੀ ਹੱਥ ਵਿਚੋਂ ਡਿੱਗ ਗਿਆ। ਉਸ ਦੇ ਨਾਲ ਹੀ ਹੱਥ ਜੋੜੇ ਤੇ ਪ੍ਰਾਣ ਦੇ ਦਿੱਤੇ। ਆਪ ਨੂੰ ਬਾਬਾ ਸਾਵਣ ਸਿੰਘ ਡੇਰਾ ਬਿਆਸ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਸੀ। ਆਪ ਮਿਤੀ 19-9-1978 ਦਿਨ ਮੰਗਲਵਾਰ ਅੱਸੂ 4 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ।

ਸਤਿਸੰਗ:- ਆਪ ਦੇ ਨਮਿਤ ਸਤਿਸੰਗ ਕਰਵਾਇਆ ਗਿਆ। ਪਾਠੀ ਆਤਮਾ ਸਿੰਘ ਮਾਣਕੋ ਸਨ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸ਼ਬਦ ਪੰਨਾ ਨੰਬਰ 1019 ਰਾਗ ਮਾਰੂ ਲਿਆ।

ਬਿਰਖੈ ਹੇਠਿ ਸਭਿ ਜੰਤ ਇਕਠੇ॥
ਇਕ ਤਤੇ ਇਕਿ ਬੋਲਨਿ ਮਿਠੇ॥
ਅਸਤ ਉਦੋਤ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ॥

ਸਾਰ:- ਸੰਸਾਰ ਰੂਪੀ ਦਰਖਤ ਉੱਤੇ ਇਨਸਾਨ ਰੂਪੀ ਜੀਵ ਬੈਠਾ ਹੋਇਆ ਹੈ। ਸ਼ਾਮ ਹੁੰਦੀ ਹੈ ਪੰਛੀ ਦਰਖਤ 'ਤੇ ਆ ਕੇ ਬੈਠ ਜਾਂਦਾ ਹੈ। ਆਪਣੀ ਜੀਵਨ ਰੂਪੀ ਰਾਤ ਕੱਟ ਕੇ ਚਲਾ ਜਾਂਦਾ ਹੈ।

ਬੰਤਾ ਸਿੰਘ ਦਾ ਅੰਤਮ ਸਮਾਂ:- ਬੰਤਾ ਸਿੰਘ ਨੂੰ ਅਪ੍ਰੈਲ 1983 ਈ: ਵਿਚ ਅਧਰੰਗ ਦਾ ਅਟੈਕ ਹੋਇਆ ਸੀ। ਆਪ ਦਾ ਇਲਾਜ ਕਰਵਾਇਆ ਗਿਆ। ਥੋੜ੍ਹੇ ਹੀ ਦਿਨਾਂ ਮਗਰੋਂ ਆਪ ਚੱਲਣ ਫਿਰਨ ਲੱਗ ਪਏ। ਘਰ ਦਾ ਕੰਮਕਾਰ ਕਰਦੇ ਰਹੇ। ਦੂਜਾ ਅਟੈਕ ਫਿਰ ਅਪ੍ਰੈਲ 1992 ਈ: ਵਿਚ ਹੋ ਗਿਆ। ਰਾਤ ਦੇ ਸਮੇਂ ਸਾਰੇ ਆਪ ਦੇ ਕੋਲ

ਸਨ। ਆਪ ਜਵਾਨੀ ਦੀਆਂ ਗੱਲਾਂ ਬੜੇ ਜ਼ੋਰ ਨਾਲ ਕਰਦੇ ਸਨ। ਸਵੇਰ ਹੁੰਦੇ ਹੀ ਆਪ ਨੂੰ ਮਿਲਟਰੀ ਹਸਪਤਾਲ ਜਲੰਧਰ ਛਾਉਣੀ ਲੈ ਕੇ ਗਏ। ਮੈਂ ਤੇ ਦਿਲਬਾਗ ਸਿੰਘ ਦਾ ਲੜਕਾ ਬਿੰਦਰ ਮੇਰੇ ਨਾਲ ਸੀ, ਉਥੇ ਡਾਕਟਰ ਸਾਹਿਬ ਨੇ ਚੈੱਕ ਕੀਤਾ ਤਾਂ ਕਿਹਾ "ਬਾਪੂ ਦੀ ਕਿੰਨੀ ਉਮਰ ਹੈ?" ਮੈਂ ਕਿਹਾ 90 ਕੁ ਸਾਲ ਦੇ ਕਰੀਬ ਹੈ। ਉਸ ਨੇ ਕਿਹਾ ਦਾਖਲ ਕਰ ਲੈਂਦੇ ਹਾਂ ਬਾਕੀ ਤਾਂ ਹੁਣ ਸੇਵਾ ਹੀ ਹੈ। ਹਸਪਤਾਲ ਵਿਚ ਇਕ ਹਫਤਾ ਰਹਿਣ ਮਗਰੋਂ ਆਪ ਮਿਤੀ 26-4-1992 ਨੂੰ ਬ੍ਰਹਮਲੀਨ ਹੋ ਗਏ। ਥੋੜ੍ਹੇ ਹੀ ਦਿਨ ਪਹਿਲਾਂ ਆਪ ਦੇ ਵੱਡੇ ਲੜਕੇ ਰਾਮ ਸਿੰਘ ਦੀ ਵੱਡੀ ਲੜਕੀ ਬਲਵੀਰ ਕੌਰ 9-3-1992 ਨੂੰ ਅਚਾਨਕ ਸੁਰਗਵਾਸ ਹੋ ਗਈ ਸੀ। ਰਾਮ ਸਿੰਘ ਵਾਸਤੇ ਇਹ ਬੜੀ ਦੁੱਖ ਦੀ ਘੜੀ ਸੀ। ਆਪ ਦੇ ਨਮਿਤ ਭੋਗ ਦੀ ਰਸਮ 11-5-1992 ਨੂੰ ਕੀਤੀ ਗਈ। ਆਪ ਨੂੰ ਹਮੇਸ਼ਾ ਬੰਤਾ ਸਿੰਘ ਸ਼ਾਹ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਰਹੇਗਾ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਰਾਮ ਸਿੰਘ ਤੇ ਰੇਸ਼ਮ ਸਿੰਘ।

1. ਰਾਮ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਗੁਰਬਚਨ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜੱਲੋਵਾਲ ਖਨੂਰ ਹਨ। ਆਪ ਦਾ ਬਚਪਨ ਦਾ ਨਾਮ ਫੱਕਰ ਹੈ। ਆਪ ਤੋਂ ਵੱਡੇ ਦੋ ਲੜਕੇ ਇਕ ਨਿਰੰਜਨ ਸਿੰਘ ਨੰਜ ਤੇ ਦੂਜਾ ਗੁਲਜ਼ਾਰ ਸਿੰਘ ਗੁਲਜਾਰੀ ਦੇ ਹਾਣੀ ਸਨ, ਜੋ ਬਚਪਨ ਵਿਚ ਗੁਜ਼ਰ ਗਏ ਸਨ। ਜਦੋਂ ਆਪ ਫੌਜ ਵਿਚ ਭਰਤੀ ਹੋਏ ਤਾਂ ਪਤਾ ਲੱਗਾ ਆਪ ਦਾ ਨਾਮ ਰਾਮ ਸਿੰਘ ਹੈ।

ਪੜ੍ਹਾਈ:- ਆਪ ਨੇ 1962 ਈ: ਵਿਚ ਸਰਕਾਰੀ ਹਾਈ ਸਕੂਲ ਨਸਰਾਲਾ ਤੋਂ ਦਸਵੀਂ ਪਾਸ ਕੀਤੀ। ਉਸ ਸਮੇਂ ਇਹ ਸਕੂਲ ਪ੍ਰਾਈਵੇਟ ਸੀ। ਇਸ ਦਾ ਮੁੱਖ ਅਧਿਆਪਕ ਕੁੰਦਨ ਸਿੰਘ ਸ਼ੀਹਰਾ ਪਿੰਡ ਸਿੰਗੜੀਵਾਲਾ ਦਾ ਸੀ, ਜੋ ਰਾਤ ਸਮੇਂ ਵੀ ਲੈਂਪ ਦੇ ਨਾਲ ਦਸਵੀਂ ਜਮਾਤ ਨੂੰ ਪੜ੍ਹਾਉਂਦਾ ਸੀ। ਉਸ ਦੀ ਪੜ੍ਹਾਈ ਦੀ ਮਹੱਤਤਾ ਦੂਰ-ਦੂਰ ਤੱਕ ਸੀ। ਉਹ ਸਿੱਖਿਆ ਵਿਭਾਗ 'ਚੋਂ ਬਤੌਰ ਡੀ.ਪੀ.ਆਈ. (ਸ) ਪੰਜਾਬ, ਚੰਡੀਗੜ੍ਹ ਸੇਵਾਮੁਕਤ ਹੋਇਆ ਹੈ। ਆਪ ਪੜ੍ਹਾਈ ਵਿਚ ਹੁਸ਼ਿਆਰ ਸਨ।

ਬਚਨ ਦੀ ਘਟਨਾ:- ਅਚਾਨਕ ਆਪ ਦੇ ਮਨ ਵਿਚ ਆ ਗਿਆ ਕਿ ਮੈਂ ਡੇਰੇ ਜਾਣਾ ਹੈ। ਆਪ ਡੇਰਾ ਬਿਆਸ ਚਲੇ ਗਏ। ਆਪ ਤੁਰ ਕੇ ਹੀ ਗਏ ਸਨ। ਮੈਨੂੰ ਯਾਦ ਹੈ ਕਿ ਦਲਾਨ ਵਿਚ ਘਰਾਂ ਦੇ ਸਾਰੇ ਆਦਮੀ ਇਕੱਠੇ ਹੋਏ ਕਿ ਕਿੱਥੇ ਲਭਿਆ ਜਾਵੇ। ਪ੍ਰੀਤਮ ਸਿੰਘ ਮਿਸਤਰੀ ਨੂੰ ਕਿਹਾ ਕਿ ਤੂੰ ਸਾਈਕਲ 'ਤੇ ਡੇਰਾ ਬਿਆਸ ਜਾਣਾ ਹੈ। ਡੇਰੇ ਦਾ ਇਕ ਸੇਵਾਦਾਰ ਰਾਮ ਸਿੰਘ ਨੂੰ ਘਰ ਛੱਡ ਕੇ ਗਿਆ। ਸਾਡਾ ਤਾਇਆ ਤੁਲਸੀ ਦਾਸ ਡੇਰਾ ਬਿਆਸ ਵਿਖੇ ਰਹਿ ਰਿਹਾ ਸੀ। ਇਸ ਕਰਕੇ ਪਿੰਡ ਦੀ ਪਛਾਣ ਸੀ।

ਦਸਵੀਂ ਪਾਸ ਕਰਨ ਉਪਰੰਤ ਆਪ ਨੇ ਇਕ ਸਾਲ ਡੀ.ਏ.ਵੀ. ਕਾਲਜ ਵਿਚ ਲਗਾਇਆ ਹੈ। ਮੈਂ ਛੋਟਾ ਹੁੰਦਾ ਸੀ ਆਪ ਦੇ ਘਰ ਗੁਲਾਵੰਸੀ ਫੁੱਲ ਲੱਗੇ ਹੋਏ ਸਨ। ਆਪ ਆਪਣੀ ਪੱਗੜੀ ਵਿਚ ਕਿਤੇ-ਕਿਤੇ ਇਕ ਫੁੱਲ ਰੱਖ ਕੇ ਜਾਂਦੇ ਸਨ।

ਭਰਤੀ ਨੇਵੀ:- ਆਪ 6-2-1964 ਨੂੰ ਇੰਡੀਅਨ ਨੇਵੀ ਵਿਚ (ਨੰਬਰ 82785)

ਵਿਚ ਭਰਤੀ ਹੋ ਗਏ। ਆਪ ਨੂੰ ਸ਼ਿੱਪ ਵਿਚ ਰਹਿਣਾ ਪਸੰਦ ਨਹੀਂ ਲੱਗਾ। ਆਪ ਨੇ ਇਹ ਨੌਕਰੀ ਛੱਡ ਦਿੱਤੀ। ਮਿਤੀ 9-2-1966 ਨੂੰ ਬੰਬੇ ਇੰਜੀਨੀਅਰ ਗਰੁੱਪ ਵਿਚ ਭਰਤੀ ਹੋ ਗਏ। ਆਪ ਦਾ ਨੰਬਰ 1566241 ਹੈ। ਆਪ ਕਈ ਸਾਲ ਕਿਰਕੀ ਪੂਨਾ ਮਹਾਂਰਾਸ਼ਟਰਾ ਵਿਖੇ ਰਹੇ। ਆਪ ਦੀ ਬਦਲੀ ਆਗਰਾ ਸ਼ਹਿਰ ਦੀ ਵੀ ਹੋਈ ਹੈ। ਆਪ ਦੀ ਧਰਮ ਪਤਨੀ ਗੁਰਬਚਨ ਕੌਰ ਆਪ ਦੇ ਨਾਲ ਆਗਰੇ ਮਿਤੀ 5-10-1976 ਨੂੰ ਗਈ। ਮੈਂ ਰਾਮ ਸਿੰਘ ਦੇ ਕੋਲ ਆਗਰਾ ਸ਼ਹਿਰ ਵਿਖੇ ਇਕ ਹਫਤਾ ਰਿਹਾ। ਮੈਂ ਆਪਣੀ ਤਾਈ ਭਾਗ ਕੌਰ ਤੇ ਰਾਮ ਸਿੰਘ ਦੀ ਸੱਸ ਨੂੰ ਆਗਰੇ ਲੈ ਕੇ ਗਿਆ ਸੀ। ਰਾਮ ਸਿੰਘ ਦੇ ਲੜਕੇ ਹਰਵਿੰਦਰ ਸਿੰਘ ਦਾ ਜਨਮ ਆਗਰੇ ਸ਼ਹਿਰ ਦਾ ਹੈ। ਆਪ ਬਤੌਰ ਨਾਇਬ ਸੂਬੇਦਾਰ ਪੈਨਸ਼ਨ ਆਏ।

ਅਰਜੀ ਨਵੀਸ:- ਸੇਵਾਮੁਕਤ ਹੋਣ ਮਗਰੋਂ ਰਾਮ ਸਿੰਘ ਜ਼ਿਲ੍ਹਾ ਤਹਿਸੀਲ ਵਿਚ ਬਤੌਰ ਅਰਜ਼ੀ-ਨਵੀਸ ਦਾ ਕੰਮ ਕਰਦਾ ਹੈ। ਇਸ ਕੰਮ ਵਿਚ ਆਪ ਦੀ ਕਾਫੀ ਮੁਹਾਰਤ ਹੈ। ਆਪ 2003 ਤੋਂ 2008 ਤੱਕ ਪਿੰਡ ਦੇ ਪੰਚ ਰਹੇ।

ਵੰਸ਼:- ਆਪ ਦੇ ਵੰਸ਼ ਵਿਚ ਆਪ ਦੀਆਂ ਪੰਜ ਲੜਕੀਆਂ ਤੇ ਇਕ ਲੜਕਾ ਹੈ।

ਲੜਕੀਆਂ:- ਬਲਵੀਰ ਕੌਰ, ਪਰਮਜੀਤ ਕੌਰ, ਇੰਦਰਜੀਤ ਕੌਰ, ਕੁਲਵਿੰਦਰ ਕੌਰ ਤੇ ਰਣਜੀਤ ਕੌਰ ਹਨ।

ਲੜਕਾ:- ਹਰਵਿੰਦਰ ਸਿੰਘ ਹੈ ਜਿਸ ਨੇ ਕੰਪਿਊਟਰ ਇੰਜਨੀਅਰਿੰਗ ਕੀਤੀ ਹੈ। ਇਸ ਦੀ ਧਰਮ ਪਤਨੀ ਦਾ ਨਾਮ ਚੈਰੀ ਹੈ। ਦੋਵੇਂ ਚੰਡੀਗੜ੍ਹ ਨੌਕਰੀ ਕਰਦੇ ਹਨ।

ਸਦਮਾ:- ਰਾਮ ਸਿੰਘ ਲਈ ਇਕ ਵੱਡਾ ਸਦਮਾ ਹੈ ਕਿ ਆਪ ਦੀ ਧਰਮ ਪਤਨੀ ਗੁਰਬਚਨ ਕੌਰ 4-12-2015 ਨੂੰ ਸੁਰਗਵਾਸ ਹੋ ਗਈ। ਰਾਮ ਸਿੰਘ ਨੇ ਦੱਸਿਆ ਕਿ ਮੈਂ ਹਰ ਹਸਪਤਾਲ ਵਿਚ ਲੈ ਕੇ ਗਿਆ ਪਰ ਸੁਆਸਾਂ ਦਾ ਵਾਧਾ ਨਾ ਹੋਇਆ। ਉਨ੍ਹਾਂ ਦੇ ਨਮਿਤ ਭੋਗ 'ਤੇ ਅੰਤਮ ਅਰਦਾਸ ਮਿਤੀ 17-12-2015 ਨੂੰ ਕੀਤੀ ਗਈ।

ਰੇਸ਼ਮ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਗੁਰਦੇਵ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹੇੜੀਆਂ ਨੇੜੇ ਰਾਜਪੁਰ ਭਾਈਆਂ ਹਨ। ਆਪ ਨੇ ਦਸਵੀਂ ਜਮਾਤ ਪਾਸ ਕੀਤੀ ਹੈ। ਜਲਦੀ ਹੀ ਆਪ ਨੇ ਦਰਜ਼ੀ ਦਾ ਕੰਮ ਸਿੱਖ ਲਿਆ। ਆਪ ਨੇ ਥੋੜ੍ਹਾ ਸਮਾਂ ਸ਼ਾਮ ਚੁਰਾਸੀ ਵਿਖੇ ਵੀ ਲਗਾਇਆ ਹੈ। ਆਪ ਦੀ ਜ਼ਿਆਦਾ ਰੁਚੀ ਘਰੇਲੂ ਕੰਮਕਾਰ ਵਿਚ ਰਹੀ ਹੈ। ਆਪਣੀ ਮਾਤਾ ਦੇ ਨਾਲ ਘਰੇਲੂ ਕੰਮਕਾਰ ਕਰਦੇ ਰਹੇ।

ਜੰਮੂ ਜਾਣਾ:- ਆਪ 1973 ਈ: ਵਿਚ ਭੈਣ ਸਵਰਨ ਕੌਰ ਦੇ ਕੋਲ ਜੰਮੂ ਗਏ। ਸਾਡਾ ਜੀਜਾ ਬਿਧੀ ਸਿੰਘ C.R.P.F. ਵੰਨ ਤਲਾਬ ਜੰਮੂ ਨੌਕਰੀ ਕਰਦਾ ਸੀ। ਉਥੇ ਆਪ ਨੂੰ ਦਰਜੀ ਦੇ ਕੰਮ ਵਿਚ ਭਰਤੀ ਕੀਤਾ ਜਾਣਾ ਸੀ ਪਰ ਰੇਸ਼ਮ ਸਿੰਘ ਨੇ ਪਿੰਡ ਨੂੰ ਮੁੜਨ ਦੀ ਕੀਤੀ। ਆਪ ਨੇ ਆਪਣੇ ਪਿਤਾ ਦੇ ਨਾਲ ਕੱਪੜੇ ਦਾ ਕੰਮ ਤੇ ਪਸ਼ੂਆਂ ਦੇ ਵਪਾਰ ਦਾ ਕੰਮ ਕੀਤਾ ਹੈ। ਰੇਸ਼ਮ ਸਿੰਘ ਦੀ ਸ਼ਾਦੀ 6-6-1974 ਦੀ ਹੈ। ਉਸ ਰਾਤ ਬਹੁਤ ਭਿਅੰਕਰ ਹਨੇਰੀ ਆਈ ਜਿਸ ਨਾਲ ਦੂਰ-ਦੂਰ ਤੱਕ ਦਰਖਤ ਟੁੱਟ ਗਏ।

ਵੰਸ਼:- ਆਪ ਦੀਆਂ ਤਿੰਨ ਲੜਕੀਆਂ- ਕੁਲਵਿੰਦਰ ਕੌਰ, ਸੁਰਿੰਦਰ ਕੌਰ, ਰਾਜ

ਕੁਮਾਰੀ ਹਨ।

ਲੜਕਾ: ਹਰਦਿਆਲ ਸਿੰਘ

1. **ਕੁਲਵਿੰਦਰ ਕੌਰ:-** ਆਪ ਨੇ ਦਸਵੀਂ ਪਾਸ ਕੀਤੀ ਹੈ। ਆਪ ਦੀ ਸ਼ਾਦੀ ਮਿਤੀ 12-3-2007 ਨੂੰ ਹਰਵਿੰਦਰਜੀਤ ਸਿੰਘ ਨਾਲ ਹੋਈ ਹੈ। ਆਪ ਦਾ ਇਕ ਬੇਟਾ ਅੰਸ਼ਦੀਪ ਸਿੰਘ ਹੈ।

2. **ਸੁਰਿੰਦਰ ਕੌਰ:-** ਆਪ ਨੇ ਵੀ ਦਸਵੀਂ ਪਾਸ ਕੀਤੀ ਹੈ। ਆਪ ਦੀ ਸ਼ਾਦੀ ਹਰਜਿੰਦਰ ਕੁਮਾਰ ਮਿਤੀ 24-3-2004 ਪਿੰਡ ਨੂਰਪੁਰ ਚੱਠਾ, ਜਲੰਧਰ ਨਾਲ ਹੋਈ ਹੈ। ਆਪ ਦੀ ਇਕ ਲੜਕੀ ਰਮਨਪ੍ਰੀਤ ਕੌਰ ਤੇ ਇਕ ਲੜਕਾ ਪੰਕਜ ਕੁਮਾਰ ਹੈ।

ਹਰਦਿਆਲ ਸਿੰਘ:- ਪਿਛਲੇ ਪੰਜ ਸਾਲਾਂ ਤੋਂ ਇਟਲੀ ਵਿਖੇ ਰਹਿ ਰਿਹਾ ਹੈ। ਚੰਗਾ ਕੰਮਕਾਰ ਹੈ। +2 ਪਾਸ ਹੈ। ਆਪ ਦੀ ਸ਼ਾਦੀ 23-2-16 ਨੂੰ ਸੰਗੀਤਾ ਦੇਵੀ ਸਪੁੱਤਰੀ ਸਵਰਨ ਚੰਦ ਪੰਡੋਰੀ ਬੀਬੀ ਜੇ.ਡੀ. ਪੈਲੇਸ (ਹੁਸ਼ਿਆਰਪੁਰ) ਵਿਖੇ ਹੋਈ।

ਸ: ਬਸੰਤ ਸਿੰਘ

ਆਪ ਦੀ ਧਰਮ ਪਤਨੀ ਦਾ ਨਾਮ ਬਿਸ਼ਨ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚਿੰਤੋਂ ਹਨ। ਇਹ ਪਿੰਡ ਜਲੌਵਾਲ ਖਨੂਰ ਦੇ ਦੱਖਣ ਦੇ ਪਾਸੇ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਸ. ਬਸੰਤ ਸਿੰਘ ਵੀ ਪਿਤਾ ਪੁਰਖੀ ਕੰਮ ਕਰਦੇ ਸਨ ਉਨ੍ਹਾਂ ਆਪਣੇ ਬਚਪਨ ਦੀਆਂ ਯਾਦਾਂ ਵਿਚੋਂ ਕਈ ਵਾਰ ਬਹੁਤ ਸਾਰੀਆਂ ਗੱਲਾਂ ਦੱਸਿਆ ਕਰਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਅੱਜਕੱਲ੍ਹ ਦੇ ਬੱਚੇ ਮਾਤਾ-ਪਿਤਾ ਤੋਂ ਵਾਰ-ਵਾਰ ਕੁੱਟ ਖਾਂਦੇ ਹਨ। ਮੈਂ ਆਪਣੀ ਮਾਤਾ ਖੇਮੀ ਦੇਵੀ ਤੋਂ ਇਕ ਵਾਰ ਝਿੜਕ ਖਾਧੀ ਸੀ। ਮੁੜ ਮੈਂ ਕੋਈ ਗ਼ਲਤੀ ਨਹੀਂ ਕੀਤੀ। ਸੱਚ ਬੋਲਣਾ ਇਮਾਨਦਾਰੀ, ਸਾਦਗੀ ਤੇ ਸਖ਼ਤ ਮਿਹਨਤ ਉਨ੍ਹਾਂ ਦੇ ਜੀਵਨ ਦੇ ਮੁੱਖ ਗੁਣ ਸਨ। ਆਪ ਨੇ ਆਪਣੇ ਭਰਾਵਾਂ ਨਾਲ ਬਾਰ ਦੀ ਧਰਤੀ (ਪਾਕਿ) ਵਿਚ ਖੇਤੀਬਾੜੀ ਦਾ ਕੰਮ ਕੀਤਾ ਹੈ। ਉਧਰ ਨਹਿਰਾਂ ਨਾਲ ਸਿੰਚਾਈ ਕੀਤੀ ਜਾਂਦੀ ਸੀ। ਆਮ ਕਰਕੇ ਬਾਰ ਦੀ ਧਰਤੀ ਦੀਆਂ ਗੱਲਾਂ ਕਣਕਾਂ ਦੀ ਕਟਾਈ ਵੇਲੇ ਕੀਤੀਆਂ ਜਾਂਦੀਆਂ ਸਨ। ਨਹਿਰਾਂ ਦਾ ਪਾਣੀ ਤੇਜ਼ ਵਰਗਾ ਹੁੰਦਾ ਸੀ। ਉਨ੍ਹਾਂ ਦੱਸਿਆ ਕਿ ਮੈਂ ਤੁਹਾਡੇ ਤਾਏ ਮੁਨਸ਼ੀ ਨੂੰ ਕਹਿਣਾ ਕਿ ਤੂੰ ਮੇਰੇ ਮੂੰਹ ਨੂੰ ਛੱਡ ਕੇ ਬਾਕੀ ਸਾਰੇ ਜਿਸਮ 'ਤੇ ਮਿੱਟੀ ਪਾ ਦੇ ਫਿਰ ਹੌਲੀ-ਹੌਲੀ ਪਾਣੀ ਨੂੰ ਬੰਨ੍ਹ ਲਈ। ਖਾਲ ਦਾ ਪਾਣੀ ਬੰਨ੍ਹਣ ਸਮੇਂ ਮੈਂ ਨੱਕੇ ਦੇ ਅੱਗੇ ਲੰਮਾ ਪੈ ਜਾਂਦਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਅੱਜ ਅਸੀਂ ਪਾਣੀ ਬਹੁਤ ਸਾਫ ਸੁਥਰਾ ਪੀਂਦੇ ਹਾਂ। ਕਣਕਾਂ ਦੀ ਕਟਾਈ ਵੇਲੇ ਨਹਿਰ ਵਿਚੋਂ ਪਾਣੀ ਦੀ ਬਾਲਟੀ ਭਰ ਕੇ ਲੈ ਆਉਣੀ, ਜਿਸ ਵਿਚ ਦਰਖਤਾਂ ਦੇ ਪੱਤੇ ਵੀ ਡਿੱਗੇ ਹੁੰਦੇ ਸਨ। ਪਾਣੀ ਨੂੰ ਬਾਲਟੀ ਨਾਲ ਹਿਲਾਉਣਾ ਤੇ ਪਾਣੀ ਭਰ ਲੈਣਾ। ਪਿਛਲਾ ਜੀਵਨ ਕਿੰਨਾ ਸਾਦਾ ਸੀ। ਕਟਾਈ ਦਾ ਕੰਮ ਕਰਕੇ ਸੂਰਜ ਅਸਤ ਹੋਣ ਸਮੇਂ ਘਰ੍ਹ ਆ ਜਾਂਦੇ ਸੀ। ਸਵੇਰ ਨੂੰ ਅੰਮ੍ਰਿਤ ਵੇਲੇ ਚਲੇ ਜਾਂਦੇ ਸੀ।

ਮੁਸਲਮਾਨ ਵਿਅਕਤੀ ਦਾ ਹਾਸਾ ਮਜ਼ਾਕ:- ਸ. ਬਸੰਤ ਸਿੰਘ ਨੇ ਦੱਸਿਆ ਕਿ ਜਿਸ ਸਰਦਾਰ ਦੀ ਅਸੀਂ ਖੇਤੀ ਕਰਦੇ ਸੀ ਉਸ ਦੇ ਗੁਆਂਢ ਦਾ ਇਕ ਜਾਂਗਲੀ ਮੁਸਲਮਾਨ ਸਾਨੂੰ ਹਾਸਾ ਮਜ਼ਾਕ ਕਰਦਾ ਸੀ। ਇਹ ਸਾਰੇ ਭਰਾ ਲੰਗੋਟ ਲਾ ਕੇ ਘੁੰਮਦੇ ਹਨ। ਮੇਰੇ ਨਾਲ ਘੋਲ ਕਰਕੇ ਵੇਖ ਲੈਣ। ਉਸ ਵਿਅਕਤੀ ਦੇ ਮਜ਼ਾਕ ਦਾ ਸਮਾਂ ਨੇੜੇ ਆ ਗਿਆ। ਬਾਰ ਵਿਚ ਇਕ ਦਿਨ ਕੁਸ਼ਤੀਆਂ ਹੋ ਰਹੀਆਂ ਸਨ। ਉਸ ਆਦਮੀ ਨੇ ਸ. ਬਸੰਤ ਸਿੰਘ ਦੇ ਸਾਹਮਣੇ ਬੈਠਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਚੈਲੇਂਜ ਕੀਤਾ ਕਿ

ਜੇ ਜ਼ੋਰ ਵੇਖਣਾ ਹੈ ਤਾਂ ਮੇਰੇ ਨਾਲ ਕੁਸ਼ਤੀ ਕਰੋ। ਸ. ਬਸੰਤ ਸਿੰਘ ਨੇ ਲੰਗੋਟ ਤਾਂ ਲਾਇਆ ਹੋਇਆ ਸੀ। ਕੱਪੜੇ ਉਤਾਰ ਕੇ ਮਿੰਟ ਦੋ ਮਿੰਟ ਸਰੀਰ ਨੂੰ ਗਰਮ ਕੀਤਾ। ਸਾਰੇ ਵਿਅਕਤੀ ਬੜੇ ਜ਼ੋਰ ਸ਼ੋਰ ਨਾਲ ਅਖਾੜੇ ਦੀ ਕੁਸ਼ਤੀ ਵੇਖ ਰਹੇ ਸਨ। ਇਸ਼ਾਰਾ ਹੋਣ ਤੇ ਕੁਸ਼ਤੀ ਸ਼ੁਰੂ ਹੋ ਗਈ। ਸ. ਬਸੰਤ ਸਿੰਘ ਨੇ ਦੱਸਿਆ ਕਿ ਮੈਂ ਉਸ ਨੂੰ ਆਪਣੇ ਕਲਾਵੇ ਵਿਚ ਲੈ ਕੇ ਥੋੜ੍ਹਾ ਜ਼ੋਰ ਨਾਲ ਘੁੱਟਿਆ ਹੀ ਸੀ ਕਿ ਉਹ ਲੇਰਾਂ ਮਾਰਨ ਲੱਗਾ ਕਿ ਮੇਰੀਆਂ ਪਸਲੀਆਂ ਟੁੱਟ ਗਈਆਂ ਹਨ। ਉਸ ਦੇ ਚੀਕਦੇ-ਚੀਕਦੇ ਬਸੰਤ ਸਿੰਘ ਨੇ ਉਸ ਦੀ ਪਿੱਠ ਲਾ ਦਿੱਤੀ ਤੇ ਕੁਸ਼ਤੀ ਜਿੱਤ ਲਈ। ਉਹ ਵਿਅਕਤੀ ਕਈ ਦਿਨ ਆਪਣੀ ਛਾਤੀ ਤੇ ਗੜਬੀਆਂ ਲਗਵਾਉਂਦਾ ਰਿਹਾ। ਇਸ ਹਾਰ ਤੋਂ ਮਗਰੋਂ ਉਸ ਨੇ ਟਾਂਚ-ਟਿੱਚਰ ਕਰਨੀ ਛੱਡ ਦਿੱਤੀ ਤੇ ਭਰਾ ਜੀ ਕਰਕੇ ਬੁਲਾਉਂਦਾ ਰਿਹਾ।

ਉਨ੍ਹਾਂ ਇਹ ਵੀ ਦੱਸਿਆ ਕਿ ਜਾਂਗਲੀ ਲੋਕਾਂ ਨੂੰ ਚੋਰੀ ਦੀ ਬਹੁਤ ਆਦਤ ਸੀ। ਉਹ ਰਾਤ ਨੂੰ ਆਮ ਕਰਕੇ ਪਸ਼ੂ ਚੋਰੀ ਕਰਦੇ ਸਨ। ਇਕ ਵਿਅਕਤੀ ਰਾਤ ਨੂੰ ਕੰਧ ਟੱਪ ਕੇ ਅੰਦਰ ਆ ਗਿਆ। ਸ. ਬਸੰਤ ਸਿੰਘ ਖੜਾਕਾ ਸੁਣ ਕੇ ਜਾਗ ਪਿਆ। ਉਨ੍ਹਾਂ ਆਪਣੇ ਮੰਜੇ ਦੇ ਹੇਠਾਂ ਸੰਮਾਂ ਵਾਲੀ ਡਾਂਗ ਰੱਖੀ ਹੋਈ ਸੀ ਤਾਂ ਉਨ੍ਹਾਂ ਡਾਂਗ ਨਾਲ ਵਾਰ ਕੀਤਾ ਵੱਛੇ ਦਾ ਰੱਸਾ ਉਸ ਦੇ ਹੱਥ ਵਿਚੋਂ ਛੁੱਟ ਗਿਆ। ਇਸ ਤੋਂ ਮਗਰੋਂ ਖ਼ੂਬ ਗੋਡਾ ਫੇਰਿਆ ਗਿਆ। ਉਹ ਜਾਂਗਲੀ ਵੀ ਮਾਫ਼ੀ ਮੰਗ ਕੇ ਗਿਆ। ਇਸ ਤਰ੍ਹਾਂ ਦੀ ਇਕ ਘਟਨਾ ਉਨ੍ਹਾਂ ਨੇ ਦੱਸੀ ਕਿ ਮੈਂ ਤੇ ਮੇਰਾ ਭਾਈ ਅਸੀਂ ਮੱਝ ਲੈ ਕੇ ਆ ਰਹੇ ਸੀ ਦੋ ਆਦਮੀ ਦਰਖੱਤ ਨਾਲ ਪਿੱਠ ਲਾ ਕੇ ਲੁਕੇ ਹੋਏ ਸਨ। ਉਨ੍ਹਾਂ ਦੱਸਿਆ ਕਿ ਜਦੋਂ ਮੈਂ ਲਾਠੀ ਖੜਕਾਈ ਤਾਂ ਉਹ ਦੌੜ ਗਏ। ਮਾੜਾ ਆਦਮੀ ਵੇਖ ਕੇ ਉਹ ਲੁੱਟ ਖੋਹ ਕਰਦੇ ਸਨ।

ਵੱਖ-ਵੱਖ ਸਥਾਨਾਂ ਤੇ ਕੰਮ ਕਰਨਾ:- ਸ. ਬਸੰਤ ਸਿੰਘ ਨੇ ਦੱਸਿਆ ਕਿ ਜਦੋਂ ਰੇਲਵੇ ਲਾਈਨ ਜਲੰਧਰ ਤੋਂ ਹੁਸ਼ਿਆਰਪੁਰ ਨੂੰ ਬਣਨੀ ਸ਼ੁਰੂ ਹੋਈ ਤਾਂ ਮੈਂ ਤੇ ਮਹਿੰਗਾ ਸਿੰਘ ਸਪੁੱਤਰ ਝੰਡੂ ਨੇ ਇਸ ਲਾਈਨ 'ਤੇ ਕੰਮ ਕੀਤਾ ਹੈ। ਨਸਰਾਲੇ ਤੇ ਹੁਸ਼ਿਆਰਪੁਰ ਦੇ ਰੇਲਵੇ ਸਟੇਸ਼ਨ ਤੇ ਸੰਨ 1905 ਲਿਖਿਆ ਹੋਇਆ ਹੈ। ਆਪ ਨੇ ਸਾਧੂ ਸਿੰਘ ਦੇ ਲੜਕੇ ਵੀਰ ਸਿੰਘ ਦੇ ਨਾਲ ਦਸੂਹਾ ਮੁਕੇਰੀਆਂ ਵੀ ਥੋੜਾ ਸਮਾਂ ਕੰਮ ਕੀਤਾ ਹੈ। ਉਨ੍ਹਾਂ ਦੱਸਣਾ ਕਿ ਜਦੋਂ ਝੋਨਾ ਮਹਿਕਦਾ ਸੀ ਤਾਂ ਆਮ ਲੋਕ ਬੁਖਾਰ ਦਾ ਸ਼ਿਕਾਰ ਹੋ ਜਾਂਦੇ ਸਨ। ਉਹ ਲੋਕ ਜ਼ਿਆਦਾ ਆਲੂ ਤੇ ਇਮਲੀ ਦੀ ਵਰਤੋਂ ਕਰਦੇ ਸਨ। ਇਹ ਵੀ ਦੱਸਦੇ ਸਨ ਕਿ ਮੈਂ ਸਾਂਝੇ ਪਰਿਵਾਰ ਦੇ 40 ਦੇ ਕਰੀਬ ਪਸ਼ੂ ਚਾਰਦਾ ਰਿਹਾ ਹਾਂ। ਮੈਂ ਪੁੱਛਿਆ ਕਿ ਇਨ੍ਹਾਂ ਪਸ਼ੂਆਂ ਨੂੰ ਪੱਠੇ ਕਿਵੇਂ ਪਾਏ ਜਾਂਦੇ ਸਨ। ਉਨ੍ਹਾਂ ਦੱਸਿਆ ਕਿ ਇਕ ਪਾਸੇ ਤੁਹਾਡਾ ਤਾਇਆ ਧੰਨੀ ਦੂਜੇ ਪਾਸੇ ਮੈਂ ਗੰਡਾਸੇ ਨਾਲ਼ ਮੋਟੇ-ਮੋਟੇ ਪੱਠੇ ਕੁਤਰ ਕੇ ਪਸ਼ੂਆਂ ਦੀ ਖੁਰਲੀ ਵਿਚ ਪਾ ਦਿੱਤੇ ਜਾਂਦੇ ਸਨ, ਜਿਸ ਨੂੰ ਪਸ਼ੂ ਹੌਲੀ-ਹੌਲੀ ਖਾ ਲੈਂਦੇ ਸਨ।

2. ਫਗਵਾੜਾ ਖੰਡ ਮਿੱਲ 'ਚ ਕੰਮ ਕਰਨਾ:- ਸ. ਬਸੰਤ ਸਿੰਘ ਤੇ ਸ਼ੰਕਰ ਸਿੰਘ ਨੇ ਫਗਵਾੜੇ ਵੀ ਖੰਡ ਮਿੱਲ ਵਿਚ ਕੰਮ ਕੀਤਾ ਹੈ। ਇਥੇ ਸ. ਬਸੰਤ ਸਿੰਘ ਚੌਂਕੀਦਾਰਾ ਕਰਦੇ ਸਨ। ਇਸ ਦੇ ਨਾਲ ਹੀ ਸੀਰੇ ਦੇ ਡਰੰਮ ਭਰਦੇ ਸਨ। ਅਜਿਹਾ ਕਰਦੇ ਸਮੇਂ ਦੋਹਾਂ ਭਰਾਵਾਂ

ਦੇ ਕੱਪੜੇ ਲਿੱਬੜ ਜਾਂਦੇ ਸਨ। ਮਿੱਲ ਵਿਚੋਂ ਛੁੱਟੀ ਹੋਣ ਉਪਰੰਤ ਠੰਢੇ ਪਾਣੀ ਨਾਲ ਇਸ਼ਨਾਨ ਕਰਨਾ ਤੇ ਇਸ ਤੋਂ ਮਗਰੋਂ ਰੋਟੀ ਪਾਣੀ ਤਿਆਰ ਕਰਨਾ। ਉਨ੍ਹਾਂ ਦੱਸਿਆ ਕਿ ਜਦੋਂ ਮੈਂ ਫਗਵਾੜੇ ਤੋਂ ਪਿੰਡ ਗਗਨੌਲੀ ਨੂੰ ਤੁਰ ਕੇ ਆਉਂਦਾ ਸੀ ਤਾਂ ਅਜੇ ਪਰਿਵਾਰ ਦੇ ਮੈਂਬਰ ਸੁੱਤੇ ਹੀ ਹੁੰਦੇ ਸਨ।

3. **ਜਲੰਧਰ ਜਾਣਾ**:- ਸ. ਬਸੰਤ ਸਿੰਘ 1949 ਈ: ਵਿਚ ਆਪਣੇ ਛੋਟੇ ਭਾਈ ਰੂੜ ਸਿੰਘ ਦੇ ਕੋਲ ਗਿਆ। ਰੂੜ ਸਿੰਘ ਬਹੁਤ ਸਮਾਂ ਪਹਿਲਾਂ ਜਲੰਧਰ ਲਾਲਿਆਂ ਦੇ ਕੋਲ ਕੰਮ ਕਰਦਾ ਸੀ। ਗਗਨੌਲੀ ਪਿੰਡ ਦੇ ਚੜ੍ਹਦੇ ਪਾਸੇ ਪਿੰਡ ਕਾਹਰੀ ਹੈ, ਇਥੋਂ ਦਾ ਲਾਲਾ ਚਮਨ ਲਾਲ ਸਪੁੱਤਰ ਗੰਡਾ ਰਾਮ ਇਨ੍ਹਾਂ ਨੂੰ ਜਲੰਧਰ ਲੈ ਕੇ ਗਿਆ। ਚਮਨ ਲਾਲ ਦਾ ਸਾਂਢੂ ਜਗਨ ਨਾਥ ਵਕੀਲ ਸੀ ਉਸ ਨੇ ਪਹਿਲਾਂ ਛੋਟਾ ਕਾਰਖਾਨਾ ਲਾਇਆ, ਜਿਸ ਵਿਚ ਸਿਰਫ ਤੇਲ ਦੇ ਕੋਹਲੂ ਤੇ ਆਟਾ ਚੱਕੀਆਂ ਹੀ ਸਨ। ਥੋੜ੍ਹੇ ਅਰਸੇ ਮਗਰੋਂ ਉਸ ਨੇ ਆਪਣੇ ਭਾਈ ਦਾ ਲੜਕਾ ਗੋਦ ਲਿਆ ਜਿਸ ਦਾ ਨਾਮ ਚਤਰ ਸੀ। ਜਦੋਂ ਉਹ ਵੱਡਾ ਹੋ ਗਿਆ ਤਾਂ ਜਗਨ ਨਾਥ ਨੇ ਕੰਮ ਵਧਾ ਲਿਆ। ਨਵੇਂ ਕਾਰਖਾਨੇ ਵਿਚ ਪਸ਼ੂਆਂ ਦੀ ਖੱਲ੍ਹ ਤੋਂ ਇਲਾਵਾ ਹਰ ਤਰ੍ਹਾਂ ਦੇ ਤੇਲ ਕੱਢੇ ਜਾਂਦੇ ਸਨ। ਬਾਹਰੋਂ ਕੱਚਾ ਮਾਲ ਆਉਂਦਾ ਸੀ ਤੇ ਬਣਿਆ ਮਾਲ ਬਾਹਰ ਜਾਂਦਾ ਸੀ। ਇਸ ਦੇ ਨਾਲ ਕੱਪੜੇ ਧੋਣ ਵਾਲਾ ਸਾਬਣ ਵੀ ਤਿਆਰ ਕੀਤਾ ਜਾਂਦਾ ਸੀ। ਇਸ ਕਾਰਖਾਨੇ ਵਿਚ 16 ਬਿਜਲੀ ਦੀਆਂ ਮੋਟਰਾਂ ਚੱਲਦੀਆਂ ਸਨ। ਬਹੁਤ ਸਾਰੇ ਵਿਅਕਤੀ ਇਸ ਕਾਰਖਾਨੇ ਵਿਚ ਦਿਨ-ਰਾਤ ਕੰਮ ਕਰਦੇ ਸਨ। ਇਸ ਕਾਰਖਾਨੇ ਵਿਚ ਵੀ ਬਸੰਤ ਸਿੰਘ ਚੌਂਕੀਦਾਰਾ ਤੇ ਸੁਪਰਵਾਇਜਰ ਦਾ ਕੰਮ ਕਰਦੇ ਸਨ।

ਜਿਹੜੇ ਡਰਾਈਵਰ ਬਾਹਰ ਤੋਂ ਸਰਸੋਂ, ਅਲਸੀ, ਤਾਰਾਮੀਰਾ, ਤਿਲ, ਨਾਰੀਅਲ, ਬੜੇਵੇਂ ਜਾਂ ਹੋਰ ਸਮਾਨ ਲੈ ਕੇ ਆਉਂਦੇ ਸਨ ਉਨ੍ਹਾਂ ਆ ਕੇ ਸ. ਬਸੰਤ ਸਿੰਘ ਦੇ ਪੈਰੀਂ ਹੱਥ ਲਾਉਣਾ ਤੇ ਆਖ ਦੇਣਾ ਸਰਦਾਰ ਜੀ ਟਰੱਕ ਜਲਦੀ ਲਹਾ ਦਿਓ ਤੇ ਖੱਲ੍ਹ ਦੀਆਂ ਬੋਰੀਆਂ ਤੇ ਤੇਲ ਦੇ ਪੀਪੇ ਲਦਵਾ ਦਿਉ। ਸ. ਬਸੰਤ ਸਿੰਘ ਨੇ ਦੱਸਿਆ ਕਿ ਜੇ ਲੇਬਰ ਥੱਕ ਜਾਂਦੀ ਸੀ ਤਾਂ ਮੈਂ ਇਕੱਲਾ ਹੀ ਟਰੱਕ ਦਾ ਸਾਮਾਨ ਲਾਹ ਦਿੰਦਾ ਸੀ। ਪਰ ਲਹਾਈ ਦੇ ਪੈਸੇ ਮਜ਼ਦੂਰਾਂ ਨੂੰ ਦੇ ਦਿੰਦਾ ਸੀ ਅਜਿਹਾ ਪੈਸਾ ਕਦੇ ਆਪਣੀ ਜੇਬ ਵਿਚ ਨਹੀਂ ਪਾਇਆ। ਕਾਰਖਾਨੇ ਵਿਚ ਦੋਵਾਂ ਭਰਾਵਾਂ ਦੀ ਚੜ੍ਹਤ ਸੀ। ਸਾਫ ਸੁਥਰੇ ਕੱਪੜੇ ਪਹਿਨਦੇ ਸਨ। ਰੰਗ ਗੋਰੇ ਤੇ ਦਾੜ੍ਹੇ ਸਫ਼ੈਦ ਸਨ। ਕੰਮ ਕਰਦੇ ਸਮੇਂ ਜੇ ਕਿਸੇ ਮਜ਼ਦੂਰ ਜਾਂ ਕਿਸੇ ਹੋਰ ਆਦਮੀ ਦੀ ਕੋਈ ਵੀ ਚੀਜ਼ ਗੁੰਮ ਹੋ ਜਾਣੀ ਤਾਂ ਦਫਤਰ ਜਮਾਂ ਕਰਾ ਦੇਣੀ। ਸਵੇਰ ਨੂੰ ਜਿਸਦੀ ਵੀ ਕੋਈ ਚੀਜ਼ ਗੁੰਮ ਹੋਈ ਹੋਵੇ ਉਹ ਨਿਸ਼ਾਨੀ ਦੱਸ ਕੇ ਲੈ ਲੈਂਦਾ ਸੀ। ਇਕ ਵਾਰ ਦੀ ਘਟਨਾ ਕਾਰਖਾਨੇ ਦੀ ਦੱਸੀ ਕਿ ਤੇਲ ਦੇ ਡਰੰਮ ਟਰੱਕ ਵਿਚ ਲੱਦ ਰਹੇ ਸੀ। ਅਚਾਨਕ ਤੇਲ ਦਾ ਡਰੰਮ ਖਿਸਕ ਗਿਆ ਜੋ ਬਸੰਤ ਸਿੰਘ ਦੇ ਕੰਧੇ 'ਤੇ ਲੱਗ ਕੇ ਹੇਠਾਂ ਡਿੱਗ ਗਿਆ। ਸਾਰਿਆਂ ਨੇ ਪੁੱਛਿਆ ਸੱਟ ਜ਼ਿਆਦਾ ਤਾਂ ਨਹੀਂ ਲੱਗੀ ਉਨ੍ਹਾਂ ਕਿਹਾ ਕਿ ਮੈਨੂੰ ਪਤਾ ਵੀ ਨਹੀਂ ਲੱਗਾ ਕਿ ਡਰੰਮ ਕੰਧੇ ਨਾਲ ਲੱਗ ਕਿ ਕਿਵੇਂ ਹੇਠਾਂ ਡਿੱਗ ਪਿਆ।

4. **ਈਮਾਨਦਾਰੀ**: - ਈਮਾਨਦਾਰੀ ਕਰਕੇ ਆਪ ਦੀ ਕਾਰਖਾਨੇ ਵਿਚ ਇੱਜ਼ਤ

ਸੀ। ਕਿਸੇ ਸਮੇਂ ਕਾਰਖਾਨੇ ਦੇ ਮਾਲਿਕ ਜਗਨ ਨਾਥ ਨੇ ਅਟੈਚੀ ਫੜ ਕੇ ਜਲਦੀ ਚਲੇ ਜਾਣਾ ਕਹਿਣਾ ਗੱਡੀ ਦਾ ਟਾਈਮ ਹੋ ਗਿਆ ਹੈ। ਮੈਂ ਜਲਦੀ ਨਾਲ ਰੇਲਵੇ ਸਟੇਸ਼ਨ ਜਾ ਕੇ ਦਿੱਲੀ ਦੀ ਗੱਡੀ ਫੜਨੀ ਹੈ। ਜਲਦੀ ਨਾਲ ਪਹੁੰਚ ਜਾਵਾਂ। ਜਾਣ ਸਮੇਂ ਆਪਣੇ ਪੈਸਿਆਂ ਦੇ ਲੌਕਰ ਖੁੱਲ੍ਹੇ ਛੱਡ ਜਾਣੇ। ਇਨ੍ਹਾਂ ਨੂੰ ਪਰਖਣ ਲਈ ਥੋੜ੍ਹੇ ਸਮੇਂ ਮਗਰੋਂ ਵਾਪਸ ਆ ਜਾਣਾ ਤੇ ਕਹਿਣਾ ਭਾਈ ਜੀ ਮੈਂ ਜ਼ਰੂਰੀ ਕਾਗਜ਼ ਇਥੇ ਹੀ ਭੁੱਲ ਗਿਆ ਹਾਂ। ਹੁਣ ਦੋ ਦਿਨ ਰੁਕ ਕੇ ਜਾਵਾਂਗਾ। ਬਸੰਤ ਸਿੰਘ ਨੇ ਕਹਿਣਾ ਲਾਲਾ ਜੀ ਆਪਣਾ ਕੈਸ਼ ਗਿਣ ਲਵੋ ਮੈਂ ਤਾਲਾ ਲਗਾ ਦਿੱਤਾ ਸੀ। ਉਸ ਨੇ ਹੱਸ ਕਿ ਕਹਿਣਾ ਮੈਨੂੰ ਤੁਹਾਡੇ ਹੁੰਦਿਆਂ ਕੋਈ ਫ਼ਿਕਰ ਨਹੀਂ ਹੈ। ਲੌਕਰ ਤੁਹਾਡੇ ਹਵਾਲੇ ਹਨ। ਇਹ ਗੱਲ ਮੈਨੂੰ ਮੇਰੇ ਰਿਸ਼ਤੇਦਾਰਾਂ ਨੇ ਵੀ ਦੱਸੀ ਸੀ ਕਿ ਸਾਰਾ ਕੈਸ਼ ਸ. ਬਸੰਤ ਸਿੰਘ ਦੇ ਕੋਲ ਹੁੰਦਾ ਸੀ। ਸਰਦ ਰੁੱਤ ਵਿਚ ਮਜ਼ਦੂਰਾਂ ਨੇ ਕੋਲ਼ੇ ਦੀ ਅੰਗੀਠੀ ਮਘਾ ਕੇ ਅੰਦਰ ਰੱਖਣੀ ਤੇ ਸ. ਬਸੰਤ ਸਿੰਘ ਨੂੰ ਕਹਿਣਾ ਸਰਦਾਰ ਜੀ ਇਥੇ ਕੁਰਸੀ 'ਤੇ ਬੈਠ ਜਾਓ ਕੋਈ ਗੱਲਬਾਤ ਸੁਣਾਓ। ਕਾਰਖਾਨੇ ਵਿਚ ਸਾਰਾ ਦਿਨ ਗਾਹਕਾਂ ਦੀ ਆਉਣੀ ਜਾਣੀ ਰਹਿੰਦੀ ਸੀ। ਤਾਏ-ਚਾਚਿਆਂ ਦੇ ਲੜਕੇ ਜੋ ਫੌਜ ਵਿਚ ਭਰਤੀ ਸਨ ਜਦੋਂ ਛੁੱਟੀ ਆਉਂਦੇ ਸਨ ਤਾਂ ਇਕ ਰਾਤ ਜਲੰਧਰ ਇਨ੍ਹਾਂ ਕੋਲ ਰਹਿ ਕੇ ਫਿਰ ਪਿੰਡ ਨੂੰ ਆਉਂਦੇ ਸਨ। ਲਾਲਿਆਂ ਨੇ ਰਹਿਣ ਵਾਸਤੇ ਦੋਹਾਂ ਭਰਾਵਾਂ ਨੂੰ ਪੱਕੇ ਕਵਾਟਰ ਦਿੱਤੇ ਹੋਏ ਸਨ। ਉਹ ਆਪਣੇ ਘਰ ਮੱਝਾਂ-ਗਾਈਆਂ ਦਾ ਲਵੇਰਾ ਵੀ ਰੱਖਦੇ ਸਨ, ਜਿਸ ਨਾਲ ਲੱਸੀ ਪਾਣੀ ਦੀ ਮੌਜ਼ ਰਹਿੰਦੀ ਸੀ। ਲਾਲੇ ਕਦੇ-ਕਦੇ ਆਪਣੇ ਲਈ ਤਾਜ਼ਾ ਸੂਈਆਂ ਮੱਝਾਂ ਪਿੰਡ ਗਗਨੌਲੀ ਤੋਂ ਆ ਕੇ ਲੈ ਜਾਂਦੇ ਸਨ, ਆਪਣੀਆਂ ਮੱਝਾਂ ਚਰਾਈ 'ਤੇ ਦੇ ਦਿੰਦੇ ਸਨ। ਪਿੰਡ ਵਿਚ ਭਰਾਵਾਂ ਦਾ ਇਕੱਠ ਤੇ ਵੱਡਾ ਪਰਿਵਾਰ ਵੇਖ ਕੇ ਖੁਸ਼ ਹੁੰਦੇ ਸਨ।

5. ਜਲੰਧਰ ਤੋਂ ਪਿੰਡ ਆਉਣਾ:- ਜਦੋਂ ਸ. ਬਸੰਤ ਸਿੰਘ ਦੇ ਤਿੰਨ ਲੜਕੇ ਫੌਜ ਵਿਚ ਭਰਤੀ ਹੋ ਗਏ ਤਾਂ ਆਪ ਫਿਰ ਕਾਰਖਾਨੇ ਦਾ ਕੰਮ ਛੱਡ ਕੇ ਪਿੰਡ ਆ ਗਏ। ਇਹ ਗੱਲ 1965 ਈ: ਦੀ ਹੈ। ਉਸੇ ਹੀ ਸਾਲ ਭਾਰਤ ਦੀ ਪਾਕਿਸਤਾਨ ਦੇ ਨਾਲ ਜੰਗ ਲੱਗੀ ਸੀ। ਪਿੰਡ ਆ ਕੇ ਆਪ ਨੇ ਕੱਪੜਾ ਬੁਨਣ ਦੇ ਕੰਮ ਨਾਲ ਘਰੇਲੂ ਵਰਤੋਂ ਲਈ ਮੱਝਾਂ ਵੀ ਰੱਖੀਆਂ ਸਨ। ਕਦੇ-ਕਦੇ ਮੁਨਾਫਾ ਖੱਟ ਕੇ ਪਸ਼ੂ ਵੇਚ ਵੀ ਦਿੱਤਾ ਜਾਂਦਾ ਸੀ ਤੇ ਹੋਰ ਨਵਾਂ ਪਸ਼ੂ ਲੈ ਆਉਣਾ। ਇਸ ਤਰ੍ਹਾਂ ਘਰ ਦਾ ਗੁਜਾਰਾ ਚਲਦਾ ਰਿਹਾ। ਹਰੇਕ ਮਹੀਨੇ ਤਿੰਨਾਂ ਫੌਜੀਆਂ ਦੇ ਵਾਰੀ-ਵਾਰੀ ਘਰੇਲੂ ਵਰਤੋਂ ਵਾਸਤੇ ਮਨੀਆਰਡਰ ਆ ਜਾਂਦੇ ਸਨ।

5. ਜਵਾਨੀ ਦੀਆਂ ਕੁਝ ਹੋਰ ਯਾਦਾਂ:- ਲਾਗਲੇ ਪਿੰਡਾਂ ਦਾ ਸਰਕਾਰੀ ਡੀਪੂ ਪਿੰਡ ਅਜੜਾਮ ਸੀ ਜੋ ਪਿੰਡ ਤੋਂ 5 ਕਿਲੋਮੀਟਰ ਦੀ ਦੂਰੀ 'ਤੇ ਪੈਂਦਾ ਸੀ। ਇਨ੍ਹਾਂ ਦੀ ਵੱਡੀ ਲੜਕੀ ਸਵਰਨ ਕੌਰ ਦੀ ਸ਼ਾਦੀ ਸੀ। ਪਿੰਡ ਦੇ ਕਈ ਲੋਕਾਂ ਨੇ ਦੱਸਿਆ ਕਿ ਬਸੰਤ ਸਿੰਘ ਪਿੰਡ ਅਜੜਾਮ ਤੋਂ ਖੰਡ ਦੀ ਬੋਰੀ ਸਿਰ 'ਤੇ ਚੁੱਕ ਕੇ ਲੈ ਆਇਆ ਸੀ। ਇਨ੍ਹਾਂ ਆਪਣੇ ਵੱਡੇ ਭਾਈ ਮੁਨਸ਼ੀ ਨੂੰ ਕਿਹਾ ਕਿ ਮੈਂ ਪਿਸ਼ਾਬ ਕਰਨਾ ਹੈ, ਮੇਰੇ ਕੋਲੋਂ ਬੋਰੀ ਫੜ ਕੇ ਆਪਣੇ ਸਿਰ ਤੇ ਰੱਖ ਲੈ। ਉਨ੍ਹਾਂ ਦੱਸਿਆ ਕਿ ਮੈਂ ਅਜੇ ਪਿਸ਼ਾਬ ਥੋੜਾ ਹੀ ਕੀਤਾ ਸੀ ਕਿ ਮੇਰੇ

ਭਾਈ ਮੁਨਸ਼ੀ ਨੇ ਕਿਹਾ ਕਿ ਜਲਦੀ ਕਰੋ ਮੈਨੂੰ ਭਾਰ ਲਗਦਾ ਹੈ।

6. ਟਿੱਡੀ ਦਲ:- 1952 ਈ: ਵਿਚ ਟਿੱਡੀ ਦਲ ਪੰਜਾਬ ਵਿਚ ਆਇਆ ਜਿਸ ਨੂੰ ਸਲ੍ਹਾ ਕਿਹਾ ਜਾਂਦਾ ਹੈ। ਉਸ ਨੇ ਸਾਰੀਆਂ ਫਸਲਾਂ ਖਾ ਲਈਆਂ, ਜਿਸ ਨਾਲ ਅਨਾਜ ਦਾ ਕਾਲ ਪੈ ਗਿਆ। ਲੋਕ ਪਿਆਜੀ ਖਾਣ ਵਾਸਤੇ ਮਜ਼ਬੂਰ ਸਨ। ਕੁਝ ਹੋਰ ਬਜ਼ੁਰਗਾਂ ਨੇ ਵੀ ਦੱਸਿਆ ਕਿ ਪੇਟ ਭਰਨ ਲਈ ਸਰ੍ਹੋਂ ਦਾ ਸਾਗ ਖਾ ਕੇ ਹੀ ਗੁਜ਼ਾਰਾ ਕਰਨਾ ਪੈਂਦਾ ਸੀ। ਰੋਟੀ ਤਾਂ ਖਾਣ ਵਾਸਤੇ ਥੋੜ੍ਹੀ ਨਸੀਬ ਹੁੰਦੀ ਸੀ। ਸਰਕਾਰ ਨੇ ਟਿੱਡੀ ਦਲ ਦੇ ਆਂਡੇ ਇਕੱਠੇ ਕਰਕੇ ਸਾੜਨੇ ਸ਼ੁਰੂ ਕਰ ਦਿੱਤੇ। ਇਸ ਦੇ ਆਂਡੇ ਚਵੱਨੀ ਕਿੱਲੋ ਵਿਕਦੇ ਸਨ।

7. ਪਿੰਡ ਵਿਚ ਚੋਰੀ: -ਪਿੰਡ ਤਾਂ ਛੋਟਾ ਸੀ ਪਰ ਅਚਾਨਕ ਪਿੰਡ ਵਿਚ ਚੋਰੀ ਦੀ ਘਟਨਾ ਘਟੀ, ਪਿੰਡ ਦੇ ਲੰਬੜਦਾਰ ਨੇ ਕਿਹਾ ਕਿ ਤੂੰ ਚੱਬੇਵਾਲ ਸਾਡੇ ਰਿਸ਼ਤੇਦਾਰਾਂ ਨੂੰ ਸੁਨੇਹਾ ਦੇ ਕੇ ਆਉਣਾ ਹੈ। ਬਸੰਤ ਸਿੰਘ ਨੇ ਆਪਣੇ ਕੋਲ ਟਕੂਆ ਲੈ ਲਿਆ ਤਾਂ ਉਸ ਸਮੇਂ ਹੀ ਤੁਰ ਪਿਆ। ਉਨ੍ਹਾਂ ਦੱਸਿਆ ਕਿ ਮੈਂ ਪਿੰਡਾਂ ਦੇ ਵਿਚੀਂ ਹੁੰਦਾ ਹੋਇਆ ਪਿੰਡ ਚੱਬੇਵਾਲ ਦੇ ਵਸੀਮੇ ਤੇ ਪਹੁੰਚ ਗਿਆ। ਦਿਨ ਚੜ੍ਹਨ ਵਾਲਾ ਸੀ ਕਿਸੇ ਜ਼ਿਮੀਂਦਾਰ ਨੇ ਖੂਹ ਚਾਲੂ ਕੀਤਾ ਤਾਂ ਮੈਂ ਹੱਥ ਮੂੰਹ ਧੋਤਾ ਤੇ ਸੁਨੇਹਾ ਦੇਣ ਵਾਲੇ ਘਰ ਪਹੁੰਚ ਗਿਆ। ਸ਼ਾਹ ਵੇਲਾ ਕਰਕੇ ਮੈਂ ਵਾਪਸ ਪਿੰਡ ਆ ਗਿਆ।

8. ਇਤਫ਼ਾਕ:- ਸ. ਬਸੰਤ ਸਿੰਘ ਅੱਠ ਭਾਈ ਸਨ ਇਨ੍ਹਾਂ ਦੇ ਚਾਚੇ ਤਾਇਆਂ ਦੇ ਲੜਕੇ ਆਪਣੇ ਬਾਪ ਦੀ ਇਕਲੌਤੀ ਸੰਤਾਨ ਸਨ। ਹਾੜ੍ਹੀ ਸਾਉਣੀ ਫ਼ਸਲ ਬੀਜਣ ਦਾ ਕੰਮ ਬਸੰਤ ਸਿੰਘ ਤੇ ਇਨ੍ਹਾਂ ਦੇ ਭਾਈ ਕਰਦੇ ਸਨ ਪਰ ਅਨਾਜ ਇਨ੍ਹਾਂ ਦੇ ਘਰਾਂ ਵਿਚ ਦੇ ਦਿੱਤਾ ਜਾਂਦਾ ਸੀ। ਸਾਧੂ ਸਿੰਘ ਤੇ ਭਗਤ ਸਿੰਘ ਆਪਣੇ ਪਿਤਾ ਦੀ ਇਕਲੌਤੀ ਸੰਤਾਨ ਸਨ। ਇਸੇ ਹੀ ਤਰ੍ਹਾਂ ਸਿਆਲ ਰੁੱਤੇ ਆਮ ਘਰਾਂ ਵਿਚ ਅਨਾਜ ਦੀ ਥੁੜ੍ਹ ਹੋ ਜਾਂਦੀ ਸੀ। ਇਨ੍ਹਾਂ ਦੱਸਿਆ ਕਿ ਮੈਂ ਮੱਝ ਵੇਚੀ ਸੀ। ਪਿੰਡ ਚੁਖਿਆਰਾ-ਮਾਣਕੋ ਜੋ ਕਿ ਪਿੰਡ ਘੜਿਆਲੇ ਦੇ ਕੋਲ ਪੈਂਦਾ ਹੈ, ਉੱਥੋਂ ਮੱਕੀ ਖਰੀਦ ਕੇ ਸਾਰੇ ਭਰਾਵਾਂ ਦੇ ਘਰ ਖਾਣ ਜੋਗੀ ਦੇ ਦਿੱਤੀ।

9. ਜਾਤ ਪਾਤ:- ਭਾਵੇਂ ਪਿੰਡ ਛੋਟਾ ਸੀ ਪਰ ਜਾਤ ਪਾਤ ਦਾ ਪਰਛਾਵਾਂ ਜ਼ਰੂਰ ਸੀ ਪਰ ਥੋੜ੍ਹਾ ਸੀ। ਥੋੜ੍ਹਾ ਇਸ ਕਰਕੇ ਸੀ ਕਿ ਇਨ੍ਹਾਂ ਭਰਾਵਾਂ ਦੀ ਰਹਿਣੀ-ਬਹਿਣੀ ਸਾਫ਼-ਸੁਥਰੀ ਤੇ ਆਮ ਲੋਕਾਂ ਵਾਂਗ ਖੇਤੀ ਕਰਦੇ ਸਨ। ਜਾਤ ਪਾਤ ਨਾਲ ਸਬੰਧਤ ਘਟਨਾ ਹੈ ਕਿ ਜਦੋਂ ਵਰਿਆਮਾ ਤੇ ਦਲੀਪਾ ਨੇ ਆਪਣੀ ਜ਼ਮੀਨ ਵਿਚ ਖੂਹ ਲਗਾਇਆ ਤਾਂ ਬਸੰਤ ਸਿੰਘ ਤੇ ਬੰਤਾ ਸਿੰਘ ਇਹ ਦੋਵੇਂ ਭਾਈ ਖੂਹ ਵਿਚ ਵੜ ਕੇ ਝਾਬ ਖਿੱਚਦੇ ਸਨ। ਚੋਭਿਆ ਨਾਲ ਕੰਮ ਕਰਦੇ ਸਨ। ਜਦੋਂ ਖੂਹ ਬਣ ਕੇ ਤਿਆਰ ਹੋ ਗਿਆ ਤਾਂ ਵਰਿਆਮੇ ਤੇ ਦਲੀਪੇ ਨੇ ਹਰਿਦੁਆਰ ਤੋਂ ਗੰਗਾ ਜਲ ਲਿਆ ਕੇ ਖੂਹ ਵਿਚ ਪਾਇਆ ਤੇ ਖੂਹ ਨੂੰ ਪਵਿੱਤਰ ਕਰਕੇ ਚਾਲੂ ਕੀਤਾ। ਜਦੋਂ ਸਾਰੇ ਖੂਹ ਦਾ ਪਾਣੀ ਪੀਂਦੇ ਸਨ ਤਾਂ ਵਰਿਆਮੇ ਨੇ ਕਿਹਾ, "ਬੰਤਿਆ! ਪਾਰਚੇ ਵਿਚੋਂ ਪਾਣੀ ਨਹੀਂ ਪੀਣਾ ਹੈ ਤੁਸੀਂ ਆੜ ਵਿਚੋਂ ਪੀਵੋ।" ਇਨ੍ਹਾਂ ਨੇ ਜਵਾਬ ਦਿੱਤਾ ਕਿ ਜਦੋਂ ਖੂਹ ਵਿਚ ਵੜ ਕੇ ਕੰਮ ਕਰਦੇ ਸੀ ਉਸ ਸਮੇਂ ਜਾਤ

ਪਾਤ ਕਿੱਥੇ ਸੀ। ਇਹ ਸ਼ਬਦ ਸੁਣ ਕੇ ਵਰਿਆਮਾ ਸੋਚਣ ਲਈ ਮਜ਼ਬੂਰ ਹੋ ਗਿਆ।

ਇਸ ਹੀ ਤਰ੍ਹਾਂ ਜਦੋਂ ਕਣਕਾਂ ਦੀ ਕਟਾਈ ਹੁੰਦੀ ਸੀ ਤਾਂ ਭਰੀਆਂ ਬੰਨ੍ਹਣ ਵੇਲੇ ਸਿਰ ਨਾਲ ਸਿਰ ਜੋੜ ਕੇ ਭਰੀ ਬੰਨ੍ਹੀ ਜਾਂਦੀ ਸੀ। ਅਨਾਜ ਸੋਧਣ ਤੋਂ ਮਗਰੋਂ ਫਿਰ ਜ਼ਿਮੀਂਦਾਰ ਹਰਿਦੁਆਰ ਤੋਂ ਗੰਗਾ ਜਲ ਲਿਆ ਕੇ ਘਰ ਅੰਦਰ ਪਾਣੀ ਦੇ ਛਿੱਟੇ ਮਾਰਦਾ ਤੇ ਗੰਗਾ ਜਲ ਪਾਣੀ ਵਿਚ ਪਾ ਕੇ ਪਾਕਿ ਪਵਿੱਤਰ ਹੁੰਦਾ। ਸਾਡੇ ਮਨ ਵਿਚ ਮੈਲ ਜਿੰਨੀ ਮਰਜ਼ੀ ਹੋਵੇ ਪਰ ਤਨ ਦੀ ਮੈਲ ਸਾਫ ਕਰਨ ਵਿਚ ਸਾਰਾ ਜਹਾਨ ਲੱਗਾ ਹੋਇਆ ਹੈ। ਅੱਜ ਵੀ ਵਰਣ ਵਿਵਸਥਾ ਨੇ ਸਾਰੇ ਸੰਸਾਰ ਨੂੰ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਦਿਨ ਪ੍ਰਤੀ ਦਿਨ ਜਾਤੀ ਜਨੂੰਨ ਦੀਆਂ ਘਿਨਾਉਣੀਆਂ ਵਾਰਦਾਤਾਂ ਹੋ ਰਹੀਆਂ ਹਨ।

10. **ਖੇਤੀ ਦੇ ਕੰਮ ਦੀ ਮੁਹਾਰਤ**:- ਆਮ ਕਰਕੇ ਜਦੋਂ ਕਣਕ ਦਾ ਸੀਜਨ ਹੋਵੇ ਜਾਂ ਮੱਕੀ ਦਾ ਤਾਂ ਇਕ ਦੂਜੇ ਦੇ ਮੁਖਾਰਬਿੰਦ ਤੋਂ ਇਹ ਗੱਲਾਂ ਸੁਣਦੇ ਸੀ ਕਿ ਤਾਏ ਦੇ ਨਾਲ ਕੋਈ ਨਹੀਂ ਚੱਲ ਸਕਦਾ ਹੈ। ਦੂਜੇ ਨੰਬਰ ਤੇ ਰੱਸੀ ਵੱਟਣ ਦਾ ਮਾਹਰ। ਖੇਤੀ ਨਾਲ ਸਬੰਧਤ ਲੰਮੇ ਰੱਸਿਆਂ ਦੀ ਲੋੜ ਪੈਂਦੀ ਹੈ ਉਹ ਹੱਥ ਨਾਲ ਰੱਸਾ ਇਸ ਤਰ੍ਹਾਂ ਵੱਟਦੇ ਸਨ ਜਿਵੇਂ ਮਸ਼ੀਨ ਦਾ ਵੱਟਿਆ ਹੋਵੇ। ਜੇ ਰੱਸਾ ਟੁੱਟ ਜਾਵੇ ਤਾਂ ਉਸ ਨੂੰ ਸੱਲੜ ਇਸ ਪ੍ਰਕਾਰ ਲਗਾਉਂਦੇ ਸਨ ਕਿ ਜਿਵੇਂ ਜੋੜ ਹੁੰਦਾ ਹੀ ਨਹੀਂ ਹੈ। ਕਹੀ, ਕੁਹਾੜਾ ਤੇ ਤੰਗਲੀ ਦੇ ਵੀ ਮਾਹਰ ਸਨ। ਜਦੋਂ ਕਣਕਾਂ ਦੀ ਗਹਾਈ ਫਲ੍ਹਿਆਂ ਨਾਲ ਹੁੰਦੀ ਸੀ ਤਾਂ ਤੰਗਲੀ ਤੇ ਸਾਂਗੇ ਵਾਲੇ ਦਾ ਖਾਸ ਕੰਮ ਹੁੰਦਾ ਸੀ। ਤੂੜੀ ਦਾ ਤੰਗੜ ਇਸ ਪ੍ਰਕਾਰ ਬੰਨ੍ਹਦੇ ਸਨ ਕਿ ਪੰਡ ਐਨ ਚੌਰਸ ਹੁੰਦੀ ਸੀ। ਇਨ੍ਹਾਂ ਦਾ ਭਾਈ ਬੰਤਾ ਸਿੰਘ ਤੂੜੀ ਦੇ ਕੁੱਪ ਬੰਨ੍ਹਣ ਦਾ ਮਾਹਰ ਸੀ ਹਰ ਕੋਈ ਆਦਮੀ ਉਨ੍ਹਾਂ ਪਾਸੋ ਆਪਣਾ ਕੁੱਪ ਬਨ੍ਹਾਂ ਕੇ ਖੁਸ਼ ਹੁੰਦਾ ਸੀ।

11. **ਬਾਤਾਂ** :- ਬਾਤਾਂ ਬਾਰ ਦੀਆਂ ਵਿਚੋਂ ਦੋ ਬਾਤਾਂ ਹੋਰ ਹਨ ਜੋ ਮੈਂ ਬਿਆਨ ਨਹੀਂ ਕੀਤੀਆਂ। ਸ. ਬਸੰਤ ਸਿੰਘ ਨੇ ਦੱਸਿਆ ਕਿ ਟਾਹਲੀਆਂ ਵੱਢੀਆਂ ਜਾ ਰਹੀਆਂ ਸਨ। ਇਕ ਪਾਸੇ 6 ਆਦਮੀ ਲੱਗੇ ਹੋਏ ਸਨ ਉਨ੍ਹਾਂ ਨੇ 7 ਟਾਹਲੀਆਂ ਸੁੱਟੀਆਂ। ਮੈਂ ਇਕੱਲੇ ਨੇ 5 ਟਾਹਲੀਆਂ ਸੁੱਟ ਦਿੱਤੀਆਂ। ਹੁਸ਼ਿਆਰਪੁਰ ਰੇਲਵੇ ਸਟੇਸ਼ਨ ਦਾ ਜੋ ਵੱਡਾ ਸਿਗਨਲ ਹੈ ਉਸ ਦੇ ਕੋਲ ਵੀ ਝਿੜੀਆਂ ਸਨ। ਪਿੰਡ ਤੋਂ ਰੋਜ਼ ਤੁਰ ਕੇ ਆਉਣਾ ਤੇ ਜਾਣ ਸਮੇਂ ਛਾਪਿਆ ਦੀ ਭਰੀ ਸਿਰ 'ਤੇ ਲੈ ਕੇ ਜਾਣੀ।

12. ਬਾਰ ਵਿਚ ਇਕ ਵਿਅਕਤੀ ਦੇ ਮਕਾਨ ਬਣ ਰਹੇ ਸਨ। ਉਸ ਦੇ ਜੋ ਰਾਜ ਮਿਸਤਰੀ ਸਨ ਉਹ ਪੈੜਾਂ 'ਤੇ ਦਿਨ ਵਿਚ ਤਿੰਨ-ਚਾਰ ਵਾਰ ਹੁੱਕਾ ਪੀਂਦੇ ਸਨ। ਕੰਮ ਦੀ ਪ੍ਰਾਪਤੀ ਬਹੁਤ ਘੱਟ ਸੀ। ਮਜ਼ਦੂਰ ਵੀ ਸਾਰੇ ਇਨ੍ਹਾਂ ਤੋਂ ਸਿਵਾਏ ਹੁੱਕਾ ਪੀਂਦੇ ਸਨ। ਦੋ ਹਫਤਿਆਂ ਤੋਂ ਮਗਰੋਂ ਘਰ ਦੇ ਮਾਲਕ ਨੇ ਸਾਰੇ ਰਾਜ ਮਿਸਤਰੀ ਬਦਲ ਦਿੱਤੇ। ਮਜ਼ਦੂਰਾਂ ਵਿਚੋਂ ਸਿਰਫ ਇਨ੍ਹਾਂ ਨੂੰ ਹੀ ਰੱਖਿਆ। ਹੋਰ ਮਿਸਰਤੀ ਲਿਆਂਦੇ ਗਏ। ਮਕਾਨ ਬਣਾਇਆ ਗਿਆ।

13. **ਪੱਕੇ ਮਕਾਨ**:- ਪਹਿਲਾਂ ਪਹਿਲ ਸਾਰੇ ਪਿੰਡ ਦੇ ਤਕਰੀਬਨ ਕੱਚੇ ਮਕਾਨ ਸਨ। ਥੋੜ੍ਹੇ ਘਰ ਪੱਕੇ ਸਨ। ਪਰਿਵਾਰ ਦੀ ਸਾਂਝੀ ਇਕ ਵੱਡੀ ਛੰਨ ਸੀ, ਜੋ ਉੱਚੀ ਰੱਖ ਕੇ

ਬਣਾਈ ਹੋਈ ਸੀ, ਜਿਸ ਵਿਚ ਹਵਾ ਵਾਸਤੇ ਖਿੜਕੀਆਂ ਵੀ ਸਨ। ਇਸ ਛੰਨ ਵਿਚ ਸਾਰੇ ਪਰਿਵਾਰ ਦੇ ਪਸ਼ੂ ਬੱਝਦੇ ਸਨ। ਪਸ਼ੂਆਂ ਦਾ ਪੱਠਾ-ਦੱਥਾ ਵੀ ਇਸ ਛੰਨ ਵਿਚ ਹੁੰਦਾ ਸੀ। ਇਸ ਤੋਂ ਇਲਾਵਾ ਇਸ ਛੰਨ ਵਿਚ ਚਾਰ ਪੰਜ ਆਦਮੀ ਅਸਾਨੀ ਨਾਲ ਸੌਂ ਸਕਦੇ ਸਨ। ਪਿਛਲੇ ਸਮੇਂ ਵਿਚ ਆਇਆ ਗਿਆ ਕੁੜਮ ਕੁਟੰਬ ਵੀ ਇਸ ਵਿਚ ਹੁੰਦਾ ਸੀ। ਮੀਂਹ ਪਾਣੀ ਦੇ ਦਿਨਾਂ ਵਿਚ ਜਨੇਤ ਬਰਾਤ ਵੀ ਇਥੇ ਉਤਾਰੀ ਜਾਂਦੀ ਸੀ। ਇਹ ਦੇਖਿਆ ਨਹੀਂ ਹੈ ਸੁਣਿਆ ਹੈ। ਮੈਂ 9ਵੀਂ ਜਮਾਤ ਤੱਕ ਇਸ ਛੰਨ ਵਿਚ ਪੜ੍ਹਦਾ ਰਿਹਾ ਹਾਂ। ਪ੍ਰਮਾਤਮਾ ਦੀ ਕ੍ਰਿਪਾ ਹੋਈ ਤੇ 25-3-1969 ਦਿਨ ਮੰਗਲਵਾਰ ਨੂੰ ਪੱਕੇ ਮਕਾਨ ਦੀ ਨੀਂਹ ਰੱਖੀ ਗਈ। ਮਿਸਤਰੀ ਪ੍ਰੀਤਮ ਸਿੰਘ ਤੇ ਹੁਸ਼ਿਆਰਪੁਰ ਤੋਂ ਧਰਮਪਾਲ ਸਿੰਘ ਧੰਮੀ ਸੀ। ਦੋ ਵੱਡੇ ਕਮਰੇ ਤਿਆਰ ਕੀਤੇ ਗਏ। ਟਾਟਾ ਦੇ ਗਾਡਰ ਤੇ ਜਾਮਣ ਦੇ ਬਾਲੇ ਪਾਏ ਸਨ। ਇਹ ਮਕਾਨ ਬਣਾਉਣ ਵਿਚ ਸਾਰੇ ਪਰਿਵਾਰ ਨੇ ਸਹਿਯੋਗ ਦਿੱਤਾ ਸੀ। ਚਾਚਾ ਸ਼ੰਕਰ ਸਿੰਘ ਖੇਤੀਬਾੜੀ ਕਰਦਾ ਸੀ, ਜਿਸ ਦਾ ਰਾ-ਮਟੀਰੀਅਲ ਲਿਆਉਣ ਵਿਚ ਬਹੁਤ ਸਹਿਯੋਗ ਸੀ। ਸਾਡੇ ਘਰਾਂ ਦੀ ਆਮ ਮਹਿਮਾਨ ਨਿਵਾਜ਼ੀ ਇਨ੍ਹਾਂ ਕਮਰਿਆਂ ਵਿਚ ਹੁੰਦੀ ਸੀ। ਕਾਲਜ ਪੜ੍ਹਦੇ ਸਮੇਂ ਜੇ ਕੋਈ ਯਾਰ ਬੇਲੀ ਮੇਰੇ ਘਰ ਆਉਂਦਾ ਤਾਂ ਇਹ ਆਖਦਾ ਯਾਰ ਤੇਰੇ ਪੜ੍ਹਨ ਦਾ ਮਹੌਲ ਵਧੀਆ ਹੈ।

14. ਜ਼ਮੀਨ ਅਲਾਟਮੈਂਟ:- 1970 ਈ: ਵਿਚ ਸਰਕਾਰੀ ਤੌਰ ਤੇ ਜ਼ਮੀਨ ਦੀ ਅਲਾਟਮੈਂਟ ਹੋਈ। ਅੰਗਰੇਜ਼ ਸਰਕਾਰ ਸਮੇਂ ਇਹ ਕਾਨੂੰਨ ਸੀ ਕਿ ਜੇ ਕਿਸੇ ਵਿਅਕਤੀ ਦੇ ਚਾਰ ਪੁੱਤਰ ਹਨ ਤਾਂ ਉਨ੍ਹਾਂ ਵਿਚੋਂ ਤਿੰਨ ਫੌਜ ਵਿਚ ਭਰਤੀ ਹੋ ਜਾਂਦੇ ਹਨ ਤਾਂ ਸਰਕਾਰ ਉਸ ਵਿਅਕਤੀ ਨੂੰ ਜਗੀਰ ਲਗਾਉਂਦੀ ਸੀ। ਇਸ ਸਬੰਧੀ ਕੇਸ ਭੇਜਿਆ ਗਿਆ। ਭਾਰਤ ਸਰਕਾਰ ਨੇ ਕਿਹਾ ਕਿ ਹੁਣ ਇਹ ਕਾਨੂੰਨ ਬੰਦ ਹੋ ਗਿਆ ਹੈ। ਡੀ.ਸੀ . ਦਫ਼ਤਰ ਹੁਸ਼ਿਆਰਪੁਰ ਵਿਖੇ ਪਰਚੀ 'ਤੇ ਜ਼ਮੀਨ ਵਾਲਿਆਂ ਦੀਆਂ ਪਰਚੀਆਂ ਪਾਈਆਂ ਗਈਆਂ, ਜਿਸ ਕਰਕੇ ਡੀ.ਸੀ. ਸਾਹਿਬ ਵੱਲੋਂ ਪਹਿਲੀ ਪਰਚੀ ਕੱਢੀ ਗਈ ਤਾਂ ਸ. ਬਸੰਤ ਸਿੰਘ ਸਪੁੱਤਰ ਸੁਰਜਨ ਸਿੰਘ ਗਗਨੌਲੀ ਦੀ ਕੱਢੀ ਗਈ। ਇਸ ਸਮੇਂ ਪਿੰਡ ਦੇ ਹੋਰ ਆਦਮੀ ਵੀ ਹਾਜ਼ਰ ਸਨ। ਉਨ੍ਹਾਂ ਪੁੱਛਿਆ ਕਿ ਬਸੰਤ ਸਿੰਘ ਕੌਣ ਹੈ? ਖੜੇ ਆਦਮੀਆਂ ਵਿਚੋਂ ਉਜਾਗਰ ਸਿੰਘ ਨੇ ਜਵਾਬ ਦਿੱਤਾ ਕਿ ਉਸ ਦੇ ਤਿੰਨ ਲੜਕੇ ਫੌਜ ਵਿਚ ਭਰਤੀ ਹਨ। ਘਰੇਲੂ ਹਾਲਤ ਠੀਕ ਹੈ। ਇਨ੍ਹਾਂ ਦੇ ਨਾਮ ਦੀ ਪਰਚੀ ਤਿੰਨ ਵਾਰ ਨਿਕਲੀ। ਡੀ.ਸੀ. ਸਾਹਿਬ ਨੇ ਐਲਾਨ ਕੀਤਾ ਕਿ ਇਸ ਜ਼ਮੀਨ ਦਾ ਹੱਕਦਾਰ ਬਸੰਤ ਸਿੰਘ ਹੈ। ਛੇ ਮਹੀਨੇ ਤੋਂ ਮਗਰੋਂ ਉਨ੍ਹਾਂ ਦਾ ਵੱਡਾ ਲੜਕਾ ਅਜੀਤ ਸਿੰਘ ਛੁੱਟੀ ਆਇਆ ਤਾਂ ਉਹ ਸਰਕਾਰੀ ਵਰਦੀ ਪਾ ਕੇ ਡੀ. ਸੀ. ਦਫਤਰ ਗਿਆ। ਉਨ੍ਹਾਂ ਤਾਰੀਕ ਦਿੱਤੀ ਕਿ ਇਸ ਦਿਨ ਪਟਵਾਰੀ, ਗਰਦਾਵਰ ਪਿੰਡ ਆਉਣਗੇ ਤੇ ਪਿੰਡ ਦੀ ਪੰਚਾਇਤ ਨਾਲ ਹੋ ਕੇ ਮੁਸਤਕਰਕਾ ਜ਼ਮੀਨ ਵਿਚੋਂ ਆਪ ਨੂੰ 10 ਕਨਾਲ ਜਮੀਨ ਦੀ ਅਲਾਟਮੈਂਟ ਕਰ ਦਿੱਤਾ ਜਾਵੇਗੀ। ਅਸੀਂ ਗੱਡੇ 'ਤੇ ਇੱਟਾਂ ਰੱਖ ਕੇ ਲੈ ਗਏ ਸੀ। ਪਿੰਡ ਦੇ ਹੋਰ ਪਤਵੰਤੇ ਸੱਜਣ ਜਿਨ੍ਹਾਂ ਵਿਚ ਸਰਦਾਰ ਮੇਹਰ ਸਿੰਘ, ਸ਼ੰਕਰ ਸਿੰਘ, ਬੰਤਾ ਸਿੰਘ, ਲੰਬੜਦਾਰ ਗੁਲਜ਼ਾਰ ਸਿੰਘ ਤੇ ਹੋਰ

ਮੈਂਬਰ ਹਾਜ਼ਰ ਸਨ ਇਹ ਜ਼ਮੀਨ ਪਹਿਲਾਂ ਪਿੰਡ, ਪੰਡੋਰੀ ਰੁਕਮਾਨ ਦੇ ਵਿਅਕਤੀ ਵਾਹੁੰਦੇ ਸਨ। ਨਿਸ਼ਾਨਦੇਹੀ ਦੇ ਮਗਰੋਂ ਪੱਕੀਆਂ ਬੁਰਜੀਆਂ ਲਗਾ ਦਿੱਤੀਆਂ ਗਈਆਂ। ਇਕ ਹਫ਼ਤੇ ਦੇ ਵਿੱਚ-ਵਿੱਚ ਜ਼ਮੀਨ ਸਵਾਰ ਦਿੱਤੀ ਗਈ। ਉਸ ਸਾਲ ਮੂੰਗਫਲੀ ਬੀਜੀ ਗਈ ਜੋ ਬਹੁਤ ਵਧੀਆ ਹੋਈ, ਜਿੰਨਾ ਚਿਰ ਚਾਚਾ ਸ਼ੰਕਰ ਸਿੰਘ ਖੇਤੀ ਕਰਦਾ ਰਿਹਾ ਹਾੜ੍ਹੀ-ਸਾਉਣੀ ਫ਼ਸਲ ਚੰਗੀ ਹੁੰਦੀ ਸੀ। ਅੱਜ ਵੀ ਜ਼ਮੀਨ ਸ. ਬਸੰਤ ਸਿੰਘ ਦੇ ਪਰਿਵਾਰ ਕੋਲ ਹੈ।

ਉਨ੍ਹਾਂ ਦੀ ਰੋਜ਼ਮਰਾ ਜ਼ਿੰਦਗੀ ਦਾ ਅਸੂਲ ਸੀ ਅੰਮ੍ਰਿਤ ਵੇਲੇ ਉੱਠਣਾ, ਭਜਨ ਸਿਮਰਨ ਕਰਨਾ। ਆਪ ਮੀਆਂ ਬੀਬੀ ਦੋਹਾਂ ਨੂੰ ਨਾਮਦਾਨ ਦੀ ਬਖਸ਼ਿਸ਼ ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਡੇਰਾ ਬਿਆਸ ਤੋਂ ਹੋਈ ਸੀ। ਜਦੋਂ ਉਨ੍ਹਾਂ ਨੂੰ ਨਾਮਦਾਨ ਦੀ ਬਖਸ਼ਿਸ਼ ਹੋ ਗਈ ਫਿਰ ਉਨ੍ਹਾਂ ਆਪਣੇ ਗੁਰੂ ਮਾਰਗ ਦੇ ਵਲ ਧਿਆਨ ਦਿੱਤਾ ਹੈ। ਚੰਗਾ ਕਰਮ ਕਰਨਾ, ਦੋ ਵੇਲੇ ਗੁਰੂ ਘਰ ਮੱਥਾ ਟੇਕਣਾ, ਹੱਕ-ਹਲਾਲ ਦੀ ਕਮਾਈ ਕਰਨੀ, ਕਿਸੇ ਦੀ ਚੁਗਲੀ ਨਿੰਦਿਆ ਤੋਂ ਬਚਣਾ ਹੈ। ਜਦੋਂ ਉਨ੍ਹਾਂ ਦੇ ਲੜਕੇ ਫੌਜ ਵਿਚੋਂ ਛੁੱਟੀ ਆਉਂਦੇ ਸਨ ਤਾਂ ਉਨ੍ਹਾਂ ਨੂੰ ਇਹ ਹੀ ਉਪਦੇਸ਼ ਦੇਣਾ ਕਿ ਆਪਣੀ ਡਿਊਟੀ ਈਮਾਨਦਾਰੀ ਨਾਲ ਕਰਨੀ ਤੇ ਦੇਸ਼ ਪ੍ਰਤੀ ਹਮੇਸ਼ਾ ਵਫ਼ਾਦਾਰ ਰਹਿਣਾ। ਜਦੋਂ ਫੌਜੀ ਨੌਜਵਾਨ ਦੀ ਛੁੱਟੀ ਦੋ ਦਿਨ ਰਹਿ ਜਾਂਦੀ ਤਾਂ ਕਹਿਣਾ ਕਾਕਾ! ਆਪਣਾ ਬਿਸਤਰਾ ਤਿਆਰ ਕਰ ਲਵੋ। ਸ਼ਾਮ ਨੂੰ ਰੇਲਵੇ ਸਟੇਸ਼ਨ ਨਸਰਾਲੇ ਤੋਂ ਜਲੰਧਰ ਨੂੰ ਗੱਡੀ ਫੜਨੀ ਹੁੰਦੀ ਸੀ। ਉਨ੍ਹਾਂ ਤਕਰੀਬਨ ਦੋ ਵਜੇ ਹੀ ਤਿਆਰੀ ਕਰਵਾ ਦੇਣੀ। ਜਦੋਂ ਫੌਜੀ ਛੁੱਟੀ ਆਉਂਦਾ ਤੇ ਛੁੱਟੀ ਕੱਟ ਕੇ ਵਾਪਸ ਜਾਂਦਾ ਤਾਂ ਸਾਰੇ ਘਰਾਂ ਵਿਚ ਮਿਲ ਕੇ ਜਾਂਦਾ। ਸਾਡੇ ਸਾਰੇ ਸ਼ਰੀਕੇ ਭਾਈਚਾਰੇ ਦੀ ਇਹ ਪ੍ਰੰਪਰਾ ਹੈ।

15. **ਹਰਨੀਆਂ ਦਾ ਓਪਰੇਸ਼ਨ:-** ਵਡੇਰੀ ਉਮਰ ਵਿਚ ਉਨ੍ਹਾਂ ਦਾ ਹਰਨੀਆਂ ਦਾ ਓਪਰੇਸ਼ਨ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਅਕਤੂਬਰ 1991 ਈ: ਵਿਚ ਕਰਵਾਇਆ ਗਿਆ। ਦੋ ਹਫਤਿਆਂ ਮਗਰੋਂ ਆਪ ਫਿਰਨ ਤੁਰਨ ਲੱਗ ਪਏ ਸਨ।

ਵਡੇਰੀ ਉਮਰ ਵਿਚ ਆਪ ਦਾ ਪਿਸ਼ਾਬ ਰੁਕਣ ਲੱਗਾ। ਆਪ ਨੂੰ ਬਾਬਾ ਸਰਵਣ ਦਾਸ ਚੈਰੀਟੇਬਲ ਹਸਪਤਾਲ, ਕਠਾਰ ਵਿਖੇ ਦਾਖਲ ਕਰਵਾਇਆ ਗਿਆ। ਇਸ ਤੋਂ ਪਹਿਲਾਂ ਨਸਰਾਲੇ ਡਾ: ਐਸ. ਪ੍ਰਮੋਦ ਤੋਂ ਦਵਾਈ ਲਈ ਸੀ। ਉਸ ਕਿਹਾ ਕੋਈ ਫ਼ਿਕਰ ਵਾਲੀ ਗੱਲ ਨਹੀਂ ਹੈ। ਜਦੋਂ ਕਠਾਰ ਡਾ. ਮਿਗਲਾਨੀ ਨੇ ਪਿਸ਼ਾਬ ਨਾਲੀ ਲਗਾਈ ਤਾਂ ਪਿਸ਼ਾਬ ਥੈਲੀ ਭਰ ਕੇ ਹੇਠਾਂ ਡੁੱਲ੍ਹਣ ਲੱਗਾ। ਡਾ. ਮਿਗਲਾਨੀ ਨੇ ਸਕੈਨ ਕਰਨ ਲਈ ਮਾਨ ਸਕੈਨ ਸੈਂਟਰ ਜਲੰਧਰ ਭੇਜਿਆ। ਸਕੈਨ ਕਰਨ ਵਾਲੇ ਡਾ: ਨੇ ਕਿਹਾ, "ਬਾਬਾ ਭਾਗਾਂ ਵਾਲਾ ਹੈ ਇਨ੍ਹਾਂ ਦੀ ਰਿਪੋਰਟ ਵਿਚ ਨਾ ਪੱਥਰੀ ਹੈ ਨਾ ਕੈਂਸਰ ਹੈ।" ਵਡੇਰੀ ਉਮਰ ਵਿਚ ਪਿਸ਼ਾਬ ਕਿਸੇ ਆਦਮੀ ਦਾ ਵੀ ਰੁਕ ਸਕਦਾ ਹੈ। ਡਾ. ਮਿਗਲਾਨੀ ਨੇ ਟੀਕੇ ਤੇ ਖਾਣ ਵਾਸਤੇ ਦਵਾਈ ਦੇ ਦਿੱਤੀ। ਦੋ ਹਫਤੇ ਤੋਂ ਮਗਰੋਂ ਅਸੀਂ ਜਾਣਾ ਸੀ ਇਸ ਤੋਂ ਪਹਿਲਾਂ ਹੀ ਪਿਤਾ ਜੀ ਨੇ ਕਿਹਾ, "ਕਿ ਮੈਂ ਡੇਰਾ ਬਿਆਸ ਜਾਣਾ ਹੈ। ਡਾ. ਨਾਲੀ ਲਾਹੇ

ਚਾਹੇ ਨਾ ਲਾਹੇ। ਮੈਂ ਐਤਵਾਰ ਜ਼ਰੂਰ ਡੇਰੇ ਜਾਣਾ ਹੈ।" ਅਸੀਂ ਸ਼ੁੱਕਰਵਾਰ ਕਠਾਰ ਹਸਪਤਾਲ ਚਲੇ ਗਏ। ਡਾ. ਸਾਹਿਬ ਨੇ ਕਿਹਾ ਇਨ੍ਹਾਂ ਨੂੰ ਜੂਸ ਪਿਲਾਓ। ਇਕ ਘੰਟੇ ਮਗਰੋਂ ਮੇਰੇ ਪਾਸ ਲੈ ਕੇ ਆਵੋ। ਇੱਕ ਘੰਟੇ ਤੋਂ ਮਗਰੋਂ ਨਾਲੀ ਉਤਾਰ ਦਿੱਤੀ। ਪਿਸ਼ਾਬ ਖੁੱਲ੍ਹ ਕੇ ਆ ਗਿਆ। ਨਸਰਾਲੇ ਆ ਕੇ ਅਸੀਂ ਪ੍ਰਸ਼ਾਦ ਲਿਆ। ਘਰ ਆ ਕੇ ਪ੍ਰਸ਼ਾਦ ਸਾਰਿਆਂ ਨੂੰ ਵੰਡਿਆ। ਹਰ ਵਿਅਕਤੀ ਨੇ ਖ਼ਬਰਸਾਰ ਲਈ ਤੇ ਗੱਲਬਾਤ ਕੀਤੀ। ਐਤਵਾਰ ਸਵੇਰ ਨੂੰ ਮੈਂ ਤੇ ਮੇਰਾ ਭਰਾ ਕੁਲਵਿੰਦਰ ਸਿੰਘ ਪੰਜ ਵਜੇ ਘਰੋਂ ਚੱਲ ਪਏ। ਨਸਰਾਲੇ ਤੋਂ ਬਸ ਫੜ੍ਹ ਕੇ ਡੇਰਾ ਬਿਆਸ ਪਹੁੰਚ ਗਏ। ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਦਰਸ਼ਨ ਕਰਵਾਏ, ਸਤਿਸੰਗ ਸੁਣਿਆ ਤੇ ਲੰਗਰ ਛਕਿਆ ਤੇ ਘਰ ਵਾਪਸ ਆ ਗਏ। ਅੱਗੇ 9 ਸਾਲ ਤੱਕ ਇਨ੍ਹਾਂ ਦੀ ਸਿਹਤ ਠੀਕ ਰਹੀ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਈ।

16. ਹੁਸ਼ਿਆਰਪੁਰ ਆਉਣਾ:- ਜਦੋਂ ਮੇਰੀ ਲੜਕੀ ਨੌਵੀਂ ਜਮਾਤ 'ਚ ਲੜਕਾ ਛੇਵੀਂ ਜਮਾਤ ਵਿਚ ਹੋ ਗਏ ਤਾਂ ਮੈਨੂੰ ਉਨ੍ਹਾਂ ਦੀ ਪੜ੍ਹਾਈ ਵਾਸਤੇ ਆਉਣਾ ਪਿਆ। ਲੜਕੀ ਸ.ਸ.ਸ. ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਤੇ ਲੜਕਾ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਕੋਲ ਸ਼ਿਸ਼ੂ ਸਿਖਸ਼ਾ ਮੰਦਰ ਵਿਚ ਦਾਖਲ ਕਰਵਾਇਆ ਗਿਆ। ਮੈਂ 29-7-2001 ਨੂੰ ਪਿੰਡ ਤੋਂ ਹੁਸ਼ਿਆਰਪੁਰ ਆ ਕੇ ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਕਵਾਟਰ ਕਿਰਾਏ ਤੇ ਲੈ ਲਿਆ। ਤਿੰਨ ਮਹੀਨੇ ਇਥੇ ਰਹਿ ਕੇ ਫਿਰ ਸੁਭਾਸ਼ ਨਗਰ ਕੋਠੀ ਕਿਰਾਏ 'ਤੇ ਲੈ ਲਈ। ਪਿਤਾ ਜੀ ਮੇਰੇ ਵੱਡੇ ਭਾਈ ਸ. ਨਿਰਮਲ ਸਿੰਘ ਦੇ ਕੋਲ ਰਹਿਣ ਲੱਗੇ। ਮੈਂ ਕੋਠੀ ਦੀਆਂ ਨੀਂਹਾਂ ਭਰੀਆਂ ਹੋਈਆਂ ਸਨ, ਸਿਰਫ ਲੱਕੜ ਲੈ ਕੇ ਕੰਮ ਸ਼ੁਰੂ ਕਰਨਾ ਸੀ। ਲੱਕੜ ਰਤਨ ਸਿੰਘ ਦੇ ਲੜਕੇ ਕੁਲਵੰਤ ਸਿੰਘ ਨੇ ਲੈ ਕੇ ਚਰਾ ਦਿੱਤੀ ਤੇ ਟਰੱਕ ਵਿਚ ਪਿੰਡ ਲੈ ਗਿਆ ਕਿ ਚਾਚਾ ਇਨ੍ਹਾਂ ਨੂੰ ਸੁਕਾਉਣਾ ਤੇ ਚੁਗਾਠਾਂ ਤਿਆਰ ਕਰਨੀਆਂ ਮੇਰੀ ਜ਼ਿੰਮੇਂਦਾਰੀ ਹੈ। 5-12-2001 ਨੂੰ ਪੰਜ ਇੱਟਾਂ ਲਗਾ ਕੇ ਦੁਬਾਰਾ ਮਹੂਰਤ ਕਰ ਦਿੱਤਾ। 5 ਦਸੰਬਰ 2001 ਨੂੰ ਹੀ ਬੋਰ ਚਾਲੂ ਕਰ ਦਿੱਤਾ ਗਿਆ। 7 ਫਰਵਰੀ 2002 ਨੂੰ ਲੈਂਟਰ ਪਾ ਦਿੱਤਾ ਗਿਆ। ਜੂਨ ਮਹੀਨੇ ਅਸੀਂ ਇਥੇ ਆ ਗਏ ਬਾਕੀ ਕੰਮ ਕੋਠੀ ਵਿਚ ਰਹਿ ਕੇ ਕਰਵਾਉਂਦੇ ਰਹੇ। ਮੈਂ ਪਿਤਾ ਜੀ ਵਾਸਤੇ ਨਵੇਂ ਕੱਪੜੇ ਦਰਜੀ ਤੋਂ ਸਿਲਵਾਏ। ਨਵੀਂ ਪੱਗੜੀ ਤੇ ਜੁੱਤੀ ਉਨ੍ਹਾਂ ਵਾਸਤੇ ਲਿਆਂਦੀ। ਪਿੰਡ ਤੋਂ ਜਗਤਾਰ ਸਿੰਘ, ਸਤਨਾਮ ਸਿੰਘ ਤੇ ਹੋਰ ਕਾਰ ਵਿਚ ਲੈ ਕੇ ਹੁਸ਼ਿਆਰਪੁਰ ਇਨ੍ਹਾਂ ਨੂੰ ਲਿਆਂਦਾ। ਗਰਮ ਪਾਣੀ ਕਰਕੇ ਮੈਂ ਇਸ਼ਨਾਨ ਕਰਵਾਇਆ ਤੇ ਨਵੇਂ ਕੱਪੜੇ ਪੁਆ ਦਿੱਤੇ। ਚਾਹ ਪਾਣੀ ਮਗਰੋਂ ਗੱਲਬਾਤ ਕੀਤੀ ਉਨ੍ਹਾਂ ਕਿਹਾ ਕਾਕਾ! ਹੋਰ ਸਭ ਠੀਕ ਹੈ ਤੂੰ ਭਰਾਵਾਂ ਤੋਂ ਦੂਰ ਆ ਗਿਆ ਹੈਂ। ਖਾਣਾ ਖਾਣ ਤੋਂ ਮਗਰੋਂ ਸ਼ਾਮ ਨੂੰ ਵਾਪਸ ਪਿੰਡ ਚਲੇ ਗਏ।

ਅੰਤਮ ਸਮਾਂ:- ਪਿੰਡ ਗਗਨੋਲੀ ਵਿਖੇ ਮਿਤੀ 28-1-2003 ਨੂੰ ਜੀਤ ਸਿੰਘ ਪੁੱਤਰ ਭਗਤ ਸਿੰਘ ਦੀ ਲੜਕੀ ਦੀ ਸ਼ਾਦੀ ਸੀ। ਅਸੀਂ ਦੋਵੇਂ ਮੀਆਂ ਬੀਬੀ ਅੱਧੀ ਛੁੱਟੀ ਵੇਲੇ ਵਿਆਹ ਵਿਚ ਹਾਜ਼ਰ ਹੋਏ। ਜਨੇਤ ਚਾਹ ਪਿਲਾ ਕੇ ਤੋਰ ਦਿੱਤੀ ਗਈ ਸੀ। ਚਾਚੇ ਦੇ ਲੜਕੇ ਬਚਨ ਸਿੰਘ ਨੇ ਦੱਸਿਆ ਕਿ ਤਾਏ ਦੀ ਸਿਹਤ ਕੁਝ ਖਰਾਬ ਹੋ ਗਈ ਹੈ

ਅਚਾਨਕ ਇਨ੍ਹਾਂ ਦਾ ਸਰੀਰ ਕੰਬਣ ਲੱਗਾ। ਅਸੀਂ ਇਕਦਮ ਘਰ ਪਹੁੰਚ ਗਏ। ਗੱਲਬਾਤ ਕੀਤੀ। ਥੋੜ੍ਹੇ ਹੀ ਸਮੇਂ ਵਿਚ ਚਾਚੀ ਹਰ ਕੌਰ ਵੀ ਆ ਗਈ। ਉਨ੍ਹਾਂ ਪੁੱਛਿਆ ਭਾਈਆ ਕੀ ਹਾਲ ਹੈ? ਉਨ੍ਹਾਂ ਕਿਹਾ ਠੀਕ ਠਾਕ ਹੈ। ਫਿਰ ਉਨ੍ਹਾਂ ਆਮ ਵਾਂਗ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਦੂਸਰੇ ਦਿਨ ਨਰਿੰਜਨ ਸਿੰਘ ਵੀ ਇਨ੍ਹਾਂ ਦੀ ਖ਼ਬਰ ਲੈਣ ਆਇਆ। ਉਸ ਨੇ ਕਿਹਾ ਕਾਕਾ! ਜੇ ਤੁਸੀਂ ਇਸ ਮੁਕਾਮ 'ਤੇ ਪਹੁੰਚੇ ਹੋ ਤਾਂ ਸਿਰਫ ਤੇ ਸਿਰਫ ਆਪਣੇ ਪਿਤਾ ਸ. ਬਸੰਤ ਸਿੰਘ ਦੀ ਨੇਕ ਕਮਾਈ ਕਰਕੇ ਪਹੁੰਚੇ ਹੋ। ਸਰੀਰ ਤਿਆਗਣ ਤੋਂ ਪਹਿਲਾਂ ਆਪ ਨੇ ਤਿੰਨ ਦਿਨ ਪਹਿਲਾਂ ਰੋਟੀ ਖਾਣੀ ਛੱਡ ਦਿੱਤੀ ਸੀ। ਅਸੀਂ ਡਾਕਟਰ ਲਿਆ ਕੇ ਗੁਲੂਕੋਸ ਲਾਉਣਾ ਚਾਹਿਆ ਪਰ ਉਨ੍ਹਾਂ ਸਾਡੀ ਬਾਂਹ ਘੁੱਟ ਕੇ ਫੜ ਲਈ ਕਿਹਾ ਅਜਿਹਾ ਨਹੀਂ ਕਰਨਾ। ਨਾ ਮੈਂ ਰੋਟੀ ਖਾਣੀ ਹੈ ਨਾ ਦਵਾਈ ਖਾਣੀ ਹੈ। ਅਸੀਂ ਕਿਹਾ ਕਿਉਂ? ਉਨ੍ਹਾਂ ਕਿਹਾ ਮੈਨੂੰ ਅੰਦਰੋਂ ਹੁਕਮ ਨਹੀਂ ਹੈ। ਬਸ ਥੋੜ੍ਹਾ-ਥੋੜ੍ਹਾ ਜੂਸ ਪੀਂਦੇ ਰਹੇ। 31 ਜਨਵਰੀ 2003 ਨੂੰ ਆਪ 1.15 ਮਿੰਟ 'ਤੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ। ਮੈਂ ਤਾਂ ਨਿਰਮਲ ਸਿੰਘ ਉਨ੍ਹਾਂ ਦੇ ਸਰਾਹਣੇ ਬੈਠੇ ਸੀ। ਮੈਂ ਚੁੱਪਚਾਪ ਪਾਠ ਕਰ ਰਿਹਾ ਸੀ। ਨਿਰਮਲ ਸਿੰਘ ਸਿਮਰਨ ਕਰਦਾ-ਕਰਦਾ ਥੋੜ੍ਹੇ ਸਮੇਂ ਲਈ ਅੰਤਰ ਧਿਆਨ ਹੋ ਗਿਆ। ਨਿਰਮਲ ਸਿੰਘ ਨੇ ਪੁੱਛਿਆ ਮੀਂਹ ਪਿਆ ਮੈਂ ਕਿਹਾ ਨਹੀਂ। ਜਦੋਂ ਉਨ੍ਹਾਂ ਨੇ ਪ੍ਰਾਣ ਤਿਆਗੇ ਸਨ ਤਾਂ ਜ਼ੋਰਦਾਰ ਬਾਰਸ਼ ਸ਼ੁਰੂ ਹੋ ਗਈ। ਉਨ੍ਹਾਂ ਨੇ ਸ਼ਾਂਤੀ ਪੂਰਵਕ ਪ੍ਰਾਣ ਤਿਆਗੇ ਸਨ। ਥੋੜ੍ਹਾ ਦਿਨ ਚੜ੍ਹਨ ਤੇ ਅਸੀਂ ਬਾਕੀ ਮੈਂਬਰਾਂ ਨੂੰ ਉਨ੍ਹਾਂ ਦੇ ਸੁਰਗਵਾਸ ਹੋਣ ਬਾਰੇ ਦੱਸਿਆ।

ਅੰਤਿਮ ਯਾਤਰਾ:- ਜਦੋਂ ਸਾਰੇ ਰਿਸ਼ਤੇਦਾਰ ਪਹੁੰਚ ਚੁੱਕੇ ਸਨ ਤਾਂ ਅੰਤਮ ਤਿਆਰੀ ਸ਼ੁਰੂ ਕਰ ਦਿੱਤੀ ਗਈ ਉਨ੍ਹਾਂ ਦਾ ਇਸ਼ਨਾਨ ਕਰਵਾ ਕੇ ਨਵੇਂ ਬਸਤਰ ਪੁਆ ਕੇ ਸਿਰ 'ਤੇ ਪਗੜੀ ਸਜਾ ਕੇ ਕੁਰਸੀ 'ਤੇ ਬਿਠਾ ਦਿੱਤਾ ਗਿਆ। ਗੱਲ ਵਿਚ ਫੁੱਲਾਂ ਦੇ ਹਾਰ ਪਾ ਕੇ ਵੀਡੀਓ ਫ਼ਿਲਮ ਵੀ ਬਣਾਈ ਗਈ ਤੇ ਫੋਟੋਆਂ ਵੀ ਖਿੱਚੀਆਂ ਗਈਆਂ। ਉਨ੍ਹਾਂ ਦੀ ਸ਼ੋਭਾ ਯਾਤਰਾ ਲਈ ਪਾਲਕੀ ਸਜ਼ਾ ਦਿੱਤੀ ਗਈ। ਤਿਆਰੀ ਸਮੇਂ ਭਾਰੀ ਬਾਰਸ਼ ਹੋ ਰਹੀ ਸੀ। ਜਦੋਂ ਬਾਰਸ਼ ਘੱਟ ਗਈ ਤਾਂ ਹਲਕੀ-ਹਲਕੀ ਬੂੰਦਾਂ ਬਾਂਦੀ ਵਿਚ ਚਲ ਪਏ। ਸ਼ਮਸ਼ਾਨਘਾਟ ਪਹੁੰਚ ਕੇ ਚਿਖਾ ਤਿਆਰ ਕਰਨ ਉਪਰੰਤ ਮ੍ਰਿਤਕ ਸਰੀਰ ਨੂੰ ਰੱਖਿਆ ਗਿਆ। ਅੰਤਮ ਅਰਦਾਸ ਹਰਬਲਾਸ ਸਿੰਘ ਕਾਹਰੀ ਨੇ ਕੀਤੀ ਉਪਰੰਤ ਚਿਖਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਪੁੱਤਰ ਅਜੀਤ ਸਿੰਘ ਨੇ ਦਿਖਾਈ। ਘਰ ਵਾਪਸੀ ਤੇ ਆਈਆਂ ਸੰਗਤਾਂ ਲਈ ਲੰਗਰ ਪਾਣੀ ਦਾ ਪ੍ਰਬੰਧ ਸੀ।

ਅਸਤੀਆਂ ਜਲ ਪ੍ਰਵਾਹ ਕਰਨਾ:- 2 ਫਰਵਰੀ, 2003 ਦਿਨ ਐਤਵਾਰ ਨੂੰ ਉਨ੍ਹਾਂ ਦੀਆਂ ਅਸਤੀਆਂ ਪਰਿਵਾਰਕ ਮੈਂਬਰਾਂ ਨੇ ਚੁਗੀਆਂ। ਵੱਡੀ ਗੱਡੀ ਦੇ ਵਿਚ 50 ਕੁ ਦੇ ਕਰੀਬ ਬੀਬੀਆਂ ਤੇ ਭਾਈ ਸਨ। ਡੇਰਾ ਬਿਆਸ ਪਹੁੰਚ ਕੇ ਅਸਤੀਆਂ ਨੂੰ ਗੇਟ ਨੰਬਰ ਅੱਠ ਰਾਹੀਂ ਡੇਰੇ ਦੇ ਬਣਾਏ ਸਥਾਨ 'ਤੇ ਪਹੁੰਚੇ। ਸੇਵਾਦਾਰ ਵੀਰ ਨੇ ਪਰਿਵਾਰਕ ਮੈਂਬਰਾਂ ਦੇ ਨਾਮ ਲਿਖੇ ਤੇ ਕਿਹਾ ਕੁਝ ਸਮਾਂ ਸਿਮਰਨ ਕਰੋ। ਬਾਬਾ ਜੀ ਦੁਆਰਾ ਅਸਤੀਆਂ ਜਲ

ਪ੍ਰਵਾਹ ਕਰਨ ਵਾਸਤੇ ਦਰਿਆ ਤੇ ਛੋਟਾ ਜਿਹਾ ਪੁਲ ਬਣਾਇਆ ਹੋਇਆ, ਉੱਥੇ ਖੜੇ ਹੋ ਕੇ ਅਸੀਂ ਅਸਤੀਆਂ ਦਰਿਆ ਵਿਚ ਜਲ-ਪ੍ਰਵਾਹ ਕਰ ਦਿੱਤੀਆਂ। ਸਾਰੀਆਂ ਸੰਗਤਾਂ ਨੇ ਗੁਰੂ ਦਾ ਲੰਗਰ ਛਕਿਆ ਤੇ ਸ਼ਾਮ ਨੂੰ ਘਰ ਵਾਪਸ ਆ ਗਏ।

ਸ਼ਰਧਾਂਜਲੀ ਸਮਾਗਮ:- ਸ਼ਰਧਾਂਜਲੀ ਸਮਾਗਮ ਮਿਤੀ 10-2-2003 ਦਿਨ ਸੋਮਵਾਰ ਹੋਇਆ। ਇਸ ਤੋਂ ਪਹਿਲਾਂ 8-2-2003 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਜਾਪ ਕਰਵਾਏ ਗਏ। ਸਾਰੇ ਪਾਠੀ ਡੇਰਾ ਬਾਬਾ ਮਾਹਨ ਦਾਸ ਸਾਹਰੀ ਦੇ ਸਨ। ਇਸ ਸਮਾਗਮ ਵਿਚ ਸਤਿਕਾਰਯੋਗ ਸੰਤ ਮਹਾਂਪੁਰਸ਼ਾਂ ਨੂੰ ਵੀ ਸੱਦਾ ਪੱਤਰ ਭੇਜੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਸ੍ਰੀ ਮੋਹਨ ਸਿੰਘ ਦੇ ਪਲਾਟ ਵਿਚ ਕੀਤਾ ਗਿਆ। ਇਸ ਸਮਾਗਮ ਵਾਸਤੇ ਵੱਡਾ ਪੰਡਾਲ ਸਜਾਇਆ ਗਿਆ ਸੀ। ਪੰਡਾਲ ਤੋਂ ਮੇਨ ਸੜਕ ਤੱਕ ਜਾਲ ਲਾਇਆ ਹੋਇਆ ਸੀ। ਸੜਕਾਂ ਨੂੰ ਸਾਫ਼ ਕਰਕੇ ਚੂਨਾ ਪਾਇਆ ਹੋਇਆ ਸੀ। ਕੀਰਤਨ ਦੀ ਅਰੰਭਤਾ ਭਾਈ ਸਾਹਿਬ ਭਾਈ ਅਵਤਾਰ ਸਿੰਘ ਦੇ ਜਥੇ ਨੇ ਕੀਤੀ। ਉਨ੍ਹਾਂ ਦੁਆਰਾ ਗਾਇਆ ਸ਼ਬਦ 'ਨੈਨਨ ਦੇਖ ਇਹ ਜਗ ਜਾਈ' ਇਨ੍ਹਾਂ ਤੋਂ ਉਪਰੰਤ ਭਾਈ ਹਰਬਲਾਸ ਸਿੰਘ ਕਾਹਰੀ ਜੀ ਨੇ ਰਸਭਿੰਨਾ ਕੀਰਤਨ ਕੀਤਾ। ਸੰਤ ਮਹਾਂਪੁਰਸ਼ਾਂ ਵਿਚ 108 ਸੰਤ ਸੇਵਾ ਦਾਸ ਜੀ ਸਾਹਰੀ, 108 ਸੰਤ ਹਰਚਰਨ ਦਾਸ ਸ਼ਾਮ ਚੁਰਾਸੀ, 108 ਸੰਤ ਗੁਰਪਾਲ ਦਾਸ ਤਾਰਾਗੜ੍ਹ, 108 ਸੰਤ ਪਾਖਰ ਸਿੰਘ ਡੀਂਗਰੀਆ, 108 ਸੰਤ ਹੰਸ ਰਾਜ ਹੁਸ਼ਿਆਰਪੁਰ ਤੇ ਹੋਰ ਮਹਾਤਮਾ ਆਏ ਹੋਏ ਸਨ। 108 ਸੰਤ ਬਾਬਾ ਸੇਵਾ ਦਾਸ ਜੀ ਤੇ ਸੰਤ ਗੁਰਪਾਲ ਦਾਸ ਜੀ ਨੇ ਆਪਣੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਬਾਬਾ ਸਤਪਾਲ ਸਿੰਘ ਜੀ ਸਾਹਰੀ ਵਾਲੇ ਇਕ ਦਿਨ ਪਹਿਲਾਂ ਰਾਤ ਨੂੰ ਥੋੜ੍ਹਾ ਸਮਾਂ ਰੁਕ ਕੇ ਚਲੇ ਗਏ ਸਨ। ਸ.ਸ.ਸ. ਸਕੂਲ ਰਾਜਪੁਰ ਭਾਈਆ ਤੋਂ ਸਟਾਫ ਮੈਂਬਰ, ਸਰਕਾਰੀ ਮਿਡਲ ਸਕੂਲ, ਤਨੂੰਲੀ ਤੋਂ ਸਟਾਫ ਮੈਂਬਰ ਤੇ ਹੋਰ ਨਿੱਘੇ ਰਿਸ਼ਤੇਦਾਰ ਆਏ ਹੋਏ ਸਨ। ਆਏ ਹੋਏ ਮੈਂਬਰਾਂ ਵਿਚੋਂ ਪ੍ਰਿੰਸੀਪਲ ਚਮਨ ਲਾਲ ਜੀ ਨੇ ਬਹੁਤ ਹੀ ਸੇਧਮਈ ਭਾਸ਼ਨ ਕੀਤਾ। ਉਹ ਮੇਰੇ ਘਰ ਦੋ-ਚਾਰ ਵਾਰ ਆਏ ਸਨ। ਮੇਰੇ ਵਿਆਹ 'ਤੇ ਵੀ ਪਹੁੰਚੇ ਸਨ। ਪ੍ਰਿੰ. ਜਸਵੰਤ ਸਿੰਘ ਬੈਂਸ, ਪ੍ਰਿੰ. ਸ਼ਿਵ ਸਿੰਘ ਬੰਗੜ, ਹੈੱਡ ਮਾਸਟਰ ਹੰਸ ਰਾਜ ਕਾਹਰੀ ਆਦਿ ਹਾਜ਼ਰ ਸਨ। 2.30 ਵਜੇ ਅਰਦਾਸ ਕੀਤੀ ਗਈ। ਪਰਿਵਾਰਕ ਤੌਰ ਤੇ ਨਾਨਕਿਆਂ ਦੀ ਪੱਗੜੀ ਵੱਡੇ ਸਪੁੱਤਰ ਅਜੀਤ ਸਿੰਘ ਨੂੰ ਬਨ੍ਹਾਈ ਗਈ। ਇਸ ਸਮਾਗਮ ਵਿਚ ਆਏ ਮਹਾਂਪੁਰਸ਼ਾਂ ਤੇ ਸੰਗਤਾਂ ਵਾਸਤੇ ਚਾਹ ਪਾਣੀ ਤੇ ਲੰਗਰ ਦਾ ਖਾਸ ਪ੍ਰਬੰਧ ਸੀ, ਜੋ ਸ਼ਾਮ ਤੱਕ ਚੱਲਦਾ ਰਿਹਾ। ਅਸੀਂ ਇਸ ਸਮਾਗਮ ਨੂੰ ਚੰਗਾ ਬਨਾਉਣ ਵਿਚ ਹਰ ਕੋਸ਼ਿਸ਼ ਕੀਤੀ। ਸਾਰੇ ਰਿਸ਼ਤੇਦਾਰ ਤੇ ਸੰਤ ਮਹਾਂਪੁਰਸ਼ ਖੁਸ਼ ਸਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਤੁਸੀਂ ਸਾਨੂੰ ਇਸ ਸ਼ਰਧਾਂਜਲੀ ਸਮਾਗਮ 'ਤੇ ਸੱਦਿਆ ਹੈ। ਜੇ ਤੁਹਾਡਾ ਪਿਤਾ ਸ. ਬਸੰਤ ਸਿੰਘ ਚੰਗੇ ਆਦਤ ਸੁਭਾਅ ਦੇ ਸਨ ਤਾਂ ਉਨ੍ਹਾਂ ਦਾ ਪਰਿਵਾਰ ਵੀ ਚੰਗਾ ਹੈ। ਸ. ਬਸੰਤ ਸਿੰਘ ਦੇ ਚਾਰ ਲੜਕੇ ਸਰਕਾਰੀ ਨੌਕਰੀ ਕਰਦੇ ਸਨ। ਉਨ੍ਹਾਂ ਦਾ ਛੋਟਾ ਲੜਕਾ ਮੈਂ

ਗੁਰਦਿਆਲ ਸਿੰਘ ਬਤੌਰ ਪ੍ਰਿੰ. ਸੇਵਾ ਮੁਕਤ ਹੋਇਆ ਹਾਂ। ਉਨ੍ਹਾਂ ਦੀ ਨੂੰਹ ਬਤੌਰ ਮੁੱਖ ਅਧਿਆਪਕ ਹੈ। ਪੋਤੀ ਭੁਪਿੰਦਰ ਜੀਤ ਕੌਰ ਐਮ.ਏ. ਐਮ.ਫਿਲ ਹੈ। ਪੋਤਾ ਗੁਰਪ੍ਰੀਤ ਸਿੰਘ ਮਕੈਨੀਕਲ ਇੰਜੀਨੀਅਰ ਹੈ। ਪੋਤਾ ਡਾ. ਜਗਤਾਰ ਸਿੰਘ ਮੈਡੀਕਲ ਦੇ ਨਾਲ ਆਪਣਾ ਵੱਡਾ ਸਟੋਰ ਚਲਾ ਰਿਹਾ ਹੈ। ਪੋਤਾ ਨਰਿੰਦਰ ਸਿੰਘ M.A. M.C.A. ਹੈ। ਸੋਨਾਲੀਕਾ ਫੈਕਟਰੀ ਵਿਚ ਬਤੌਰ ਅਕਾਊਂਟਸ ਅਫ਼ਸਰ ਡਿਊਟੀ ਕਰ ਰਿਹਾ ਹੈ। ਬਾਕੀ ਪੋਤੇ ਪ੍ਰਤਾਪ ਸਿੰਘ, ਬਲਵੀਰ ਸਿੰਘ, ਸਤਨਾਮ ਸਿੰਘ ਕਈ ਵਾਰ ਵਿਦੇਸ਼ ਜਾ ਚੁੱਕੇ ਹਨ। ਪੋਤੀ ਜਸਵੀਰ ਕੌਰ ਐਮ.ਏ. ਪੰਜਾਬੀ ਹੈ।

ਧਰਮ ਪਤਨੀ ਬਿਸ਼ਨ ਕੌਰ:- ਮਾਤਾ ਬਿਸ਼ਨ ਕੌਰ 18-4-1973 ਨੂੰ ਸੁਰਗਵਾਸ ਹੋ ਗਈ ਸੀ। ਤਿੰਨ ਚਾਰ ਮਹੀਨੇ ਇਲਾਜ ਚੱਲਦਾ ਰਿਹਾ। ਪਹਿਲਾਂ ਪਹਿਲ ਡਾ. ਐਸ.ਐਸ. ਨੰਦਾ, ਹੁਸ਼ਿਆਰਪੁਰ ਨੂੰ ਵਿਖਾਇਆ ਗਿਆ। ਉਸ ਉਪਰੰਤ ਜਲੰਧਰ ਛਾਉਣੀ ਮਿਲਟਰੀ ਹਸਪਤਾਲ ਤੇ ਪੀ.ਜੀ.ਆਈ. ਚੰਡੀਗੜ੍ਹ ਲੈ ਕੇ ਗਏ ਸੀ। ਉਨ੍ਹਾਂ ਦੱਸਿਆ ਕਿ ਕੈਂਸਰ ਦੀ ਬਿਮਾਰੀ ਹੈ। ਦੇਸੀ ਦਵਾਈ ਵੀ ਚੱਲਦੀ ਰਹੀ। ਪਰ ਇਹ ਲਾ-ਇਲਾਜ ਬਿਮਾਰੀ ਹੈ। ਅੱਜਕੱਲ੍ਹ ਤਾਂ ਪਹਿਲੀ ਸਟੇਜ 'ਤੇ ਪਤਾ ਲੱਗ ਜਾਵੇ ਤਾਂ ਡਾਕਟਰੀ ਇਲਾਜ ਰਾਹੀਂ ਕੰਟਰੋਲ ਕੀਤਾ ਜਾ ਸਕਦਾ ਹੈ। ਪਰਿਵਾਰ ਨੂੰ ਪਾਲਣ ਵਿਚ ਮਾਤਾ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਘਰ ਦੀ ਸਾਫ ਸਫਾਈ ਦਾ ਬਹੁਤ ਖਿਆਲ ਰੱਖਦੀ ਸੀ। ਘਰ ਵਿਚ 4-5 ਕਿਲੋ ਦੇਸੀ ਘਿਓ ਹੁੰਦਾ ਸੀ ਵੱਡਾ ਪਰਿਵਾਰ ਸੀ ਚੁੱਲ੍ਹਾ ਤੱਪਦਾ ਰਹਿੰਦਾ ਸੀ। ਸਾਡੇ ਘਰ ਵਿਚ ਹਮੇਸ਼ਾ ਬਾਸਮਤੀ ਦੇ ਚਾਵਲ ਤੇ ਸੇਵੀਆਂ ਜ਼ਰੂਰ ਹੁੰਦੀਆਂ ਸਨ। ਮਾਤਾ ਬਿਸ਼ਨ ਕੌਰ ਨੇ 50 ਕੁ ਸਾਲ ਦੀ ਉਮਰ ਵਿਚ ਪ੍ਰਾਣ ਤਿਆਗੇ ਸਨ। ਉਨ੍ਹਾਂ ਦੇ ਨਮਿਤ ਸਹਿਜ ਪਾਠ ਰਖਾਇਆ ਗਿਆ ਫਿਰ ਸਤਿਸੰਗ ਗਿਆਨੀ ਆਤਮਾ ਸਿੰਘ ਮਾਣਕੋ ਵਾਲਿਆ ਨੇ ਕੀਤਾ ਸੀ।

ਮਾਤਾ ਬਿਸ਼ਨ ਕੌਰ ਦਾ ਪਰਿਵਾਰਕ ਪਿਛੋਕੜ:- ਮੈਂ ਪਿੰਡ ਚਿੰਤੋਂ ਨੂੰ 5-06-2004 ਨੂੰ ਬਾਅਦ ਦੁਪਹਿਰ ਗਿਆ। ਮੈਂ ਜੱਲੋਵਾਲ ਖਨੂਰ ਇਕ ਵਿਆਹ 'ਤੇ ਗਿਆ ਸੀ। ਕੁਝ ਸਿਆਣੇ ਵਿਅਕਤੀ ਬੋਹੜ ਦੇ ਹੇਠਾਂ ਬੈਠੇ ਹੋਏ ਸਨ। ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਕੀਤੀ। ਉਹ ਸਾਰੇ ਖੜ੍ਹੇ ਹੋ ਗਏ। ਇਕ ਬਜ਼ੁਰਗ ਨੇ ਕਿਹਾ ਕਾਕਾ! ਕੁਰਸੀ ਲੈ ਕੇ ਆਓ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਕੋਈ ਅਫ਼ਸਰ ਨਹੀਂ ਹਾਂ। ਮੈਂ ਇਸ ਪਿੰਡ ਦਾ ਦੋਹਤਾ ਹਾਂ ਮੇਰਾ ਪਿੰਡ ਗਗਨੌਲੀ, ਕਾਹਰੀ-ਸਾਹਰੀ ਦੇ ਕੋਲ ਹੈ। ਇਕ ਬਜ਼ੁਰਗ ਨੇ ਇਕਦਮ ਮੇਰੀ ਮਾਤਾ ਦਾ ਨਾਮ ਲਿਆ ਕਾਕਾ! ਤੂੰ ਬਿਸੀ ਦਾ ਲੜਕਾ ਹੈ? ਮੈਂ ਕਿਹਾ ਮੈਂ ਉਨ੍ਹਾਂ ਦਾ ਲੜਕਾ ਹਾਂ। ਇਕ ਬਜ਼ੁਰਗ ਨੇ ਕਿਹਾ ਕਾਕਾ! ਅਸੀਂ ਤੇਰੀ ਮਾਤਾ ਤੋਂ ਉਮਰ ਵਿਚ ਵੱਡੇ ਹਾਂ। ਅਸੀਂ ਉਨ੍ਹਾਂ ਦੇ ਗੁਆਂਢੀ ਹਾਂ। ਉਨ੍ਹਾਂ ਦੱਸਿਆ ਕਿ ਅਸੀਂ ਚਾਰ ਭਾਈ ਹਾਂ। ਹਜ਼ਾਰੀ ਮੀਂਹ ਮੱਲ, ਰਾਮ ਕਿਸ਼ਨ ਤੇ ਸ਼ੰਕਰ ਰਾਮ ਸਾਡੇ ਨਾਨਕੇ ਪਾਸ਼ਟੇ ਹਨ।

ਅਸਲ ਗੱਲ ਜੋ ਮੈਂ ਪੁੱਛਣੀ ਚਾਹੁੰਦਾ ਸੀ। ਉਹ ਇਹ ਕਿ ਪਰਿਵਾਰਕ ਜਾਣਕਾਰੀ ਦੱਸੀ ਜਾਵੇ। ਕਿਸ਼ਨ ਚੰਦ ਨੇ ਦੱਸਿਆ ਕਿ ਅੰਗਰੇਜ਼ਾਂ ਦੇ ਸਮੇਂ ਜਦੋਂ ਪਲੇਗ ਫੈਲ ਗਈ

ਸੀ ਤਾਂ ਤੇਰੀ ਮਾਤਾ ਬਿਸ਼ਨ ਕੌਰ ਦਾ ਪਿਤਾ ਮੰਗਤ ਰਾਮ ਮਾਤਾ ਪ੍ਰੇਮੀ ਤੇ ਇਕ ਛੋਟਾ ਲੜਕਾ ਦਰਸ਼ਨ ਸਿੰਘ ਇਸ ਬਿਮਾਰੀ ਦੀ ਲਪੇਟ ਵਿਚ ਆ ਕੇ ਸੁਰਗਵਾਸ ਹੋ ਗਏ ਸਨ। ਇਹ ਦੋ ਭੈਣਾਂ ਸਨ ਵੱਡੀ ਦਾ ਨਾਮ ਬੰਤੀ ਸੀ ਜੋ ਘੜਿਆਲੇ ਵਿਆਹੀ ਹੋਈ ਹੈ। ਛੋਟੀ ਤੇਰੀ ਮਾਤਾ ਸੀ। ਇਨ੍ਹਾਂ ਦੇ ਬਾਬੇ ਦਾ ਨਾਮ ਦਿਆਲਾ ਸੀ, ਜਿਸ ਦਾ ਇਕ ਭਾਈ ਬਾਲਾ ਸੀ ਜੋ ਅਸੀਂ ਛੋਟੇ ਹੁੰਦਿਆਂ ਨੇ ਵੇਖੇ ਹਨ। ਇਨ੍ਹਾਂ ਦਾ ਪਾਲਣ ਪੋਸ਼ਣ ਦਾਦੀ ਬਾਬੇ ਨੇ ਕੀਤਾ ਤੇ ਵਿਆਹ ਚਾਚੇ ਮੋਤੀ ਰਾਮ ਨੇ ਕੀਤੇ ਹਨ। ਮੋਤੀ ਰਾਮ ਦੀ ਇਕ ਲੜਕੀ ਸੀ ਜੋ ਮਾਹਿਲਪੁਰ ਦੇ ਕੋਲ ਪਿੰਡ ਹੱਲੂਵਾਲ ਵਿਆਹੀ ਹੋਈ ਸੀ। ਮੋਤੀ ਰਾਮ ਬੁਢਾਪੇ ਵਿਚ ਉਸ ਦੇ ਕੋਲ ਚਲਾ ਗਿਆ ਸੀ ਤੇ ਉਥੇ ਹੀ ਉਸ ਦੀ ਮੌਤ ਹੋਈ ਹੈ। ਉਨ੍ਹਾਂ ਦਾ ਥਾਂ ਦੋ ਪਾਸੇ ਸੀ ਜੋ ਸਾਡੇ ਕੋਲ ਹੈ ਇਨ੍ਹਾਂ ਦਾ ਗੋਤ ਕਲਸੀ ਹੈ। ਬਿਸ਼ਨ ਕੌਰ ਦੇ ਨਾਨਕਿਆਂ ਦਾ ਗੋਤ ਨਰ ਹੈ। ਇਨ੍ਹਾਂ ਦੇ ਨਾਨਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਕੋਟਲੀ ਅਰਾਈਆਂ ਹਨ। ਸਾਕਾਦਾਰੀ ਵਿਚ ਇਨ੍ਹਾਂ ਦੇ ਮਾਮੇ ਦਾ ਪੁੱਤਰ ਚੈਂਚਲ ਸਿੰਘ ਆਉਂਦਾ ਜਾਂਦਾ ਸੀ ਜੋ 1950 ਤੋਂ 1970 ਤੱਕ ਬਾਹਰ ਵਿਦੇਸ਼ ਵਿਚ ਸਿੰਘਾਪੁਰ ਰਿਹਾ ਹੈ। ਜ਼ਮੀਨ ਜਾਇਦਾਤ ਦਾ ਮਾਲਕ ਹੈ।

ਬੰਤੀ:- ਮਾਤਾ ਬਿਸ਼ਨ ਕੌਰ ਦੀ ਵੱਡੀ ਭੈਣ ਬੰਤੀ ਸੀ ਜੋ ਜ਼ਿਲ੍ਹਾ ਜਲੰਧਰ ਦੇ ਪਿੰਡ ਘੜਿਆਲਾ ਵਿਖੇ ਵਿਆਹੀ ਹੋਈ ਹੈ, ਜਿਸ ਦੇ ਪਤੀ ਦਾ ਨਾਮ ਭਗਤ ਸਿੰਘ ਹੈ। ਉਨ੍ਹਾਂ ਦੱਸਿਆ ਕਿ ਬੰਤੀ ਦੀ ਸੱਸ ਸਰੀਰਕ ਤੌਰ ਤੇ ਬਹੁਤ ਤਕੜੀ ਸੀ। ਬਾਰ ਵਿਚ ਖੇਤੀ ਕਰਦੇ ਸਮੇਂ ਸਿਰ 'ਤੇ ਕਣਕ ਦੀ ਬੋਰੀ ਚੁੱਕ ਲੈਂਦੀ ਸੀ। ਉਸ ਮਾਤਾ ਦਾ ਨਾਮ ਚੂੜੀ ਸੀ ਜੋ ਜੂਨ 1970 ਈ: ਵਿਚ ਲੰਮੀ ਉਮਰ ਭੋਗ ਕੇ ਪੂਰੀ ਹੋਈ ਹੈ।

ਭਗਤ ਸਿੰਘ ਨੇ ਪੌਂਗ ਡੈਮ ਤਲਵਾੜਾ ਵਿਖੇ ਨੌਕਰੀ ਕੀਤੀ ਹੈ। ਇਸ ਉਪਰੰਤ ਵਪਾਰ ਵੀ ਕਰਦਾ ਰਿਹਾ ਹੈ। ਭਗਤ ਸਿੰਘ ਦੇ ਦੋ ਲੜਕੇ ਮਹਿੰਦਰ ਸਿੰਘ ਤੇ ਜੋਗਿੰਦਰ ਸਿੰਘ ਸਨ, ਜੋ ਬਾਲ ਅਵਸਥਾ ਵਿਚ ਗੁਜਰ ਗਏ ਸਨ। ਇਸ ਤੋਂ ਇਲਾਵਾ ਦੋ ਲੜਕੀਆਂ ਵੱਡੀ ਲੜਕੀ ਦਾ ਨਾਮ ਕਰਮ ਕੌਰ ਹੈ, ਜੋ ਭਾਮ ਪਿੰਡ ਦੇ ਕੋਲ ਟੌਹਲੀਆਂ ਵਿਆਹੀ ਹੋਈ ਹੈ। ਛੋਟੀ ਲੜਕੀ ਪਿਆਰ ਕੌਰ ਹੈ। ਕਰਮ ਕੌਰ ਆਪਣੇ ਮਾਤਾ ਪਿਤਾ ਦੀ ਸੇਵਾ ਲਈ ਪੱਕੇ ਤੌਰ 'ਤੇ ਪੇਕੇ ਘਰ ਘੜਿਆਲਾ ਹੀ ਰਹਿ ਰਹੀ ਹੈ, ਜਿਸ ਦੇ ਪਤੀ ਦਾ ਨਾਮ ਦਰਸ਼ਨ ਸਿੰਘ ਹੈ ਇਨ੍ਹਾਂ ਦੇ ਦੋ ਲੜਕੇ ਰਾਮ ਸਿੰਘ ਤੇ ਰਾਜ ਕੁਮਾਰ ਰਾਜੂ ਹਨ। ਰਾਜ ਕੁਮਾਰ ਨੇ 15 ਸਾਲ ਫੌਜ ਦੀ ਨੌਕਰੀ ਕੀਤੀ ਹੈ। ਭਗਤ ਸਿੰਘ ਦੇ ਘਰ ਹਮੇਸ਼ਾ ਹੀ ਦੁੱਧ-ਘਿਓ ਦੀ ਲਹਿਰ ਬਹਿਰ ਰਹੀ ਹੈ। ਅਨਾਜ ਦੀਆਂ ਬੋਰੀਆਂ ਦੀ ਧਾਂਕ ਲੱਗੀ ਰਹਿੰਦੀ ਸੀ ਉਹ ਸਰੀਰਕ ਤੌਰ ਤੇ ਉੱਚੇ ਲੰਮੇ ਕੱਦ ਵਾਲੇ ਸਨ।

ਨੋਟ: ਜਿੰਨਾ ਚਿਰ ਪਿੰਡ ਚਿਤੋਂ ਵਿਚ ਚਾਚਾ ਮੋਤੀ ਰਾਮ ਤੇ ਤਾਏ ਚਾਚੇ ਜਿਊਂਦੇ ਸਨ ਉਨ੍ਹਾਂ ਚਿਰ ਮਾਤਾ ਬਿਸ਼ਨ ਕੌਰ ਪਿੰਡ ਚਿਤੋਂ ਜਾਂਦੀ ਰਹੀ ਹੈ। ਮੈਂ ਛੋਟਾ ਜਿਹਾ ਹੁੰਦਾ ਸੀ ਕਿ ਮੇਰੇ ਪਿਤਾ ਜੀ ਜਦੋਂ ਜਲੰਧਰ ਤੋਂ ਆਉਂਦੇ ਸਨ ਤਾਂ ਇਕ ਰਾਤ ਪਿੰਡ ਚਿਤੋਂ ਜ਼ਰੂਰ ਰਹਿੰਦੇ ਸਨ। ਇਹ ਲੋਕ ਕਹਾਵਤ ਹੈ ਕਿ:

"ਆਉਣ ਪੇਕਿਆਂ ਤੋਂ ਠੰਢੀਆਂ ਹਵਾਵਾਂ
ਤੇ ਵੀਰ ਮੇਰੇ ਰਹਿਣ ਵਸਦੇ"

ਜਦੋਂ ਮੈਂ ਪਿੰਡ ਚਿਤੋਂ ਦੇ ਗੇਟ 'ਤੇ ਪਹੁੰਚਿਆ ਆਪਣਾ ਮੋਟਰਸਾਈਕਲ ਖੜ ਕੀਤਾ ਤਾਂ ਮੈਂ ਭਾਵੁਕ ਹੋ ਗਿਆ ਸੀ। ਮੇਰੇ ਪੈਰ ਅੱਗੇ ਨੂੰ ਨਹੀਂ ਤੁਰਦੇ ਸਨ। ਮੈਂ ਆਪਣੇ ਮਾਤਾ ਦੇ ਪਿੰਡ ਨੂੰ ਯਾਦ ਕਰਕੇ ਰੋਣ ਲੱਗ ਪਿਆ। ਫਿਰ ਮੈਂ ਹੌਂਸਲਾ ਕਰਕੇ ਚਲ ਪਿਆ ਆਪਣੀ ਕਲਮ ਨਾਲ ਲਿਖੇ ਚੰਦ ਸ਼ਬਦਾਂ ਦੀ ਕਵਿਤਾ:

ਨਾਨਕਾ ਪਿੰਡ

(ਆਪਣੇ ਨਾਨਕੇ ਪਿੰਡ ਚਿੱਤੋਂ ਦੀ ਮਿੱਟੀ ਨੂੰ ਸੱਜਦਾ ਕਰਦਿਆਂ ਹੋਇਆਂ)

ਇਹ ਆਂਦਰਾਂ ਦੀ ਖਿੱਚ ਹੈ
ਕਿ ਮਿੱਟੀ ਦਾ ਮੋਹ
ਕਿ ਪਿੰਡ ਦੀ ਜੂਹ 'ਚ ਵੜਦਿਆਂ
ਅੰਦਰੋਂ ਅੰਦਰ
ਉੱਠਦੀ ਰਹਿੰਦੀ ਹੈ ਖੋਹ
ਪੁੱਟਦਾ ਹਾਂ ਪੈਰ
ਕਦਮ ਦੋ ਤੁਰਦਾ ਹਾਂ
ਤਾਂ ਮਿੱਟੀ ਬੋਲਦੀ ਹੈ
ਕੰਨ ਆਹਟ ਸੁਣਦੇ ਨੇ
ਨਜ਼ਰ ਮਾਂ ਦੇ ਨਕਸ਼ ਟਟੋਲਦੀ ਹੈ
ਹਰ ਬਿਰਧ ਔਰਤ ਦਾ ਚਿਹਰਾ
ਲਗਦਾ ਮੈਨੂੰ ਮਾਂ ਵਰਗਾ ਹੈ
ਠੰਢੀ ਠੰਢੀ ਛਾਂ ਵਰਗਾ ਹੈ
ਇਸ ਪਿੰਡ ਦੀਆਂ ਸਾਰੀਆਂ ਗਲੀਆਂ
ਇਸ ਪਿੰਡ ਦਾ ਵੱਡਾ ਦਰਵਾਜ਼ਾ
ਮੇਰੀ ਆਮਦ ਨੂੰ ਉਡੀਕੇ
ਹਰ ਦਮ ਮੈਨੂੰ ਦਏ ਅਵਾਜ਼ਾਂ
ਜਦ ਮੈਂ ਲੰਘਦਾ ਕੂਹਣੀ ਮੋੜ
ਸੱਥ ਵਿਚ ਖੜਾ ਖਲੋਤਾ ਬੋਹੜ
ਮੈਨੂੰ ਜਾਪੇ ਇਸ ਦਾ ਨਾਤਾ
ਆਪਣੇ ਨਾਨੇ ਦੇ ਸਾਕ ਵਰਗਾ ਹੈ
ਪਹੁ-ਫੁਟਾਲੇ ਦੇ ਪਹਿਲੇ ਵਾਕ ਵਰਗਾ ਹੈ
ਮੈਂ ਧਰਤੀ ਤੇ ਨਹੀਂ

ਮੈਂ ਮੋਹ ਦੀ ਠੰਢੀ ਛੋਹ 'ਚ ਹਾਂ
ਮਾਂ ਦੀ ਗੋਦੀ 'ਚ ਹਾਂ
ਮਿੱਟੀ ਦੇ ਮੋਹ 'ਚ ਹਾਂ
ਆਂਦਰਾਂ ਦੇ ਸਾਕ ਦੀ ਪਕੜ 'ਚ ਹਾਂ
ਲੋਰੀ ਦੀ ਟੋਹ 'ਚ ਹਾਂ
ਹੁਣ ਮੇਰੇ ਸਿਰ ਤੇ
ਬਿਰਧ ਹੱਥ ਦਾ ਛਾਇਆ ਹੈ
ਮੈਂ ਪਿੰਡ ਦੀ ਬੁੱਕਲ 'ਚ ਹਾਂ
ਇਕ ਦੋਹਤਾ ਆਪਣੀ ਮਾਂ ਦੀ
ਜਨਮ ਭੌਂ ਵੇਖਣ ਆਇਆ ਹੈ।

•

ਵੰਸ਼:- ਬਸੰਤ ਸਿੰਘ ਵੱਡੇ ਪਰਿਵਾਰ ਵਾਲਾ ਹੈ ਜਿਸ ਦੇ ਵੰਸ਼ ਵਿਚ ਤਿੰਨ ਲੜਕੀਆਂ ਤੇ ਚਾਰ ਲੜਕੇ ਹਨ।

ਲੜਕੀਆਂ: ਸਵਰਨ ਕੌਰ, ਧਰਮ ਕੌਰ ਤੇ ਅਜੀਤ ਕੌਰ ਹਨ।

ਲੜਕੇ: ਅਜੀਤ ਸਿੰਘ, ਨਿਰਮਲ ਸਿੰਘ, ਕੁਲਵਿੰਦਰ ਸਿੰਘ ਤੇ ਗੁਰਦਿਆਲ ਸਿੰਘ ਹਨ।

1. ਸਵਰਨ ਕੌਰ:- ਸਵਰਨ ਕੌਰ ਦੇ ਪਤੀ ਦਾ ਨਾਮ ਬਿਧੀ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭਾਮ ਹਨ। ਆਪ ਦੇ ਸਹੁਰੇ ਦਾ ਨਾਮ ਦਲੀਪ ਸਿੰਘ ਤੇ ਸੱਸ ਦਾ ਨਾਮ ਬੰਤੀ ਹੈ। ਦਲੀਪ ਸਿੰਘ ਦਾ ਵਪਾਰ ਬਹੁਤ ਚੰਗਾ ਸੀ ਪਰ ਉਹ ਜਵਾਨੀ ਦੀ ਉਮਰ ਵਿਚ ਹੀ ਗੁਜ਼ਰ ਗਿਆ ਸੀ। ਸੱਸ ਬੰਤੀ ਸਰੀਰਕ ਤੌਰ ਤੇ ਤਕੜੀ ਸੀ, ਜੋ ਤੁਰ ਕੇ ਭਾਮ ਤੋਂ ਪਿੰਡ ਗਗਨੌਲੀ ਆ ਜਾਂਦੀ ਸੀ। ਸਵਰਨ ਕੌਰ ਨੇ ਆਪਣੇ ਦਾਦੀ ਬਾਬੇ ਦਾ ਪਿਆਰ ਬਹੁਤ ਲਿਆ ਹੈ, ਜੋ ਮਕਾਨ ਚਾਰ ਭਰਾਵਾਂ ਦਾ ਸਾਂਝਾ ਸੀ ਉਸ ਵਿਚ ਬੰਤਾ ਸਿੰਘ ਦੇ ਦੋ ਵੱਡੇ ਲੜਕੇ ਬਾਲ ਅਵਸਥਾ ਵਿਚ ਗੁਜ਼ਰ ਗਏ ਸਨ। ਮਗਰੋਂ ਸਵਰਨ ਕੌਰ ਦਾ ਜਨਮ ਹੋਇਆ। ਵੱਡੇ ਦਲਾਨ ਵਿਚ ਸਾਰੇ ਸਵਰਨ ਕੌਰ ਨੂੰ ਲਾਡ ਲਡਾਉਂਦੇ ਸਨ। ਪਿਛਲੇ ਸਮੇਂ ਵਿਚ ਸਕੂਲ ਦੂਰ ਹੋਣ ਕਰਕੇ ਲੜਕੀਆਂ ਨੂੰ ਪੜ੍ਹਾਉਣ ਦਾ ਕੰਮ ਔਖਾ ਸੀ। ਸਵਰਨ ਕੌਰ ਨੇ ਘਰ ਹੀ ਕੈਦਾ ਮੰਗਵਾ ਕੇ ਪੰਜਾਬੀ ਲਿਖਣੀ ਸਿੱਖ ਲਈ ਸੀ। ਆਪ ਦੇ ਪਤੀ ਦਾ ਕਹਿਣਾ ਸੀ ਕਿ ਚਿੱਠੀ ਲਿਖਣੀ ਤੇ ਪੜ੍ਹਨੀ ਆਉਣੀ ਚਾਹੀਦੀ ਹੈ। ਬਿਧੀ ਸਿੰਘ ਦਸਵੀਂ ਪਾਸ ਸੀ ਤੇ ਫੁੱਟਬਾਲ ਦਾ ਚੰਗਾ ਖਿਡਾਰੀ ਸੀ। ਸਰੀਰ ਪਤਲਾ ਤੇ ਫੁਰਤੀਲਾ ਸੀ। ਬਿਧੀ ਸਿੰਘ ਪਹਿਲਾਂ ਸਿੱਖ ਰੈਜਮੈਂਟ ਵਿਚ ਭਰਤੀ ਹੋਇਆ, ਥੋੜ੍ਹੇ ਸਮੇਂ ਮਗਰੋਂ ਉਹ ਫੌਜ ਦੀ ਨੌਕਰੀ ਛੱਡ ਕੇ ਸੀ.ਆਰ.ਪੀ.ਐਫ. ਵਿਚ ਬਤੌਰ ਕਲਰਕ ਭਰਤੀ ਹੋ ਗਿਆ। ਦਿਲਬਾਗ ਸਿੰਘ ਸਪੁੱਤਰ ਅਮਰ ਸਿੰਘ ਨੂੰ ਉਸ ਨੇ ਆਪ ਫੌਜ ਵਿਚ ਭਰਤੀ ਕਰਵਾਇਆ ਹੈ। ਇਸ ਹੀ ਤਰ੍ਹਾਂ ਬਿਧੀ ਸਿੰਘ ਨੇ ਹਰਭਜਨ ਸਿੰਘ ਸਪੁੱਤਰ ਸ਼ੰਕਰ ਸਿੰਘ

ਨੂੰ 1972 ਈ: ਵਿਚ ਸੀ.ਆਰ.ਪੀ.ਐਫ. ਵਿਚ ਜੰਮੂ ਭਰਤੀ ਕਰਵਾਇਆ। ਆਪ ਦੀ ਲਿਖਾਈ ਬਹੁਤ ਸੁੰਦਰ ਸੀ। ਆਪ ਘੱਟ ਬੋਲਦੇ ਸਨ। ਸੁਭਾਅ ਥੋੜ੍ਹਾ ਰੀਜ਼ਰਵ ਸੀ। ਆਪ ਨੇ ਆਪਣੇ ਛੋਟੇ ਭਾਈ ਰਜਿੰਦਰ ਸਿੰਘ ਨੂੰ ਐਮ.ਏ. ਪੋਲੀਟੀਕਲ ਸਾਇੰਸ ਕਰਵਾਈ ਜੋ ਪੰਜਾਬ ਸਟੇਟ ਵੇਅਰ ਹਾਊਸ ਵਿਚੋਂ ਬਤੌਰ ਮੈਨੇਜਰ ਸੇਵਾਮੁਕਤ ਹੋਇਆ ਹੈ।

ਸਵਰਨ ਕੌਰ ਆਪਣੇ ਪਤੀ ਬਿਧੀ ਸਿੰਘ ਦੇ ਨਾਲ ਰਾਜਸਥਾਨ, ਆਸਾਮ, ਕਲਕੱਤਾ ਤੇ ਜੰਮੂ ਵਿਖੇ ਰਹੀ ਹੈ। ਆਪ ਦੇ ਪਹਿਲੇ ਦੋ ਬੱਚੇ ਗੁਜਰ ਗਏ ਸਨ। ਜਦੋਂ ਆਪ ਜੰਮੂ ਕਿਰਾਏ ਤੇ ਕਵਾਟਰ ਵਿਚ ਰਹਿਣ ਲੱਗੇ ਤਾਂ ਮਾਲਕ ਮਕਾਨ ਮਾਤਾ ਨੇ ਪੁੱਛਿਆ ਕਿ ਤੁਸੀਂ ਕਿੰਨੇ ਮੈਂਬਰ ਹੋ। ਸਵਰਨ ਕੌਰ ਨੇ ਕਿਹਾ ਅਸੀਂ ਦੋ ਮੈਂਬਰ ਹਾਂ ਤਾਂ ਉਸ ਮਾਤਾ ਨੇ ਕਿਹਾ ਕਿ ਅੱਛਾ ਤਿੰਨ ਹੋ ਜਾਵੋਗੇ। ਉਹ ਮਾਤਾ ਧਾਰਮਿਕ ਵਿਚਾਰਾਂ ਵਾਲੀ ਸੀ। ਉਹ ਸਵਰਨ ਕੌਰ ਨੂੰ ਜੰਮੂ ਕਿਸੇ ਮਹਾਂਪੁਰਸ਼ਾਂ ਦੇ ਕੋਲ ਲੈ ਕੇ ਜਾਂਦੀ ਸੀ। ਜਲਦੀ ਹੀ ਆਪ ਦੀ ਕੁੱਖ ਨੂੰ ਪ੍ਰਮਾਤਮਾ ਨੇ ਭਾਗ ਲਾਏ। ਆਪ ਦੇ ਗ੍ਰਹਿ ਵਿਖੇ ਕੁਲਦੀਪ ਸਿੰਘ ਧਾਰੀ ਨੇ ਪਿੰਡ ਭਾਮ ਵਿਖੇ 31-7-1971 ਨੂੰ ਜਨਮ ਲਿਆ। ਸਾਰੇ ਰਿਸ਼ਤੇਦਾਰਾਂ ਨੇ ਬਹੁਤ ਖੁਸ਼ੀਆਂ ਮਨਾਈਆਂ। ਬਿਧੀ ਸਿੰਘ ਸਵਰਨ ਕੌਰ ਨੂੰ ਪਿੰਡ ਛੱਡ ਗਿਆ ਸੀ। ਥੋੜ੍ਹੇ ਸਮੇਂ ਮਗਰੋਂ ਜੰਮੂ ਲੈ ਗਿਆ ਸੀ। ਬਿਧੀ ਸਿੰਘ ਦੇ ਦੂਜੇ ਲੜਕੇ ਦਾ ਜਨਮ ਵੰਨ-ਤਲਾਬ ਜੰਮੂ ਦਾ ਹੈ। ਉਸ ਲੜਕੇ ਦਾ ਨਾਮ ਤਰਨਜੀਤ ਸਿੰਘ ਤਾਰੀ ਜਿਸ ਦਾ ਜਨਮ 5-6-1976 ਦਾ ਹੈ। ਮੈਂ ਆਪਣੇ ਐਮ.ਏ. ਪਾਰਟ (1) ਦੇ ਪੇਪਰ ਪਾ ਕੇ ਜੰਮੂ ਚਲਾ ਗਿਆ ਸੀ। ਸਵਰਨ ਕੌਰ ਨੂੰ ਦੋ ਦਿਨ ਪਹਿਲਾਂ ਜੰਮੂ ਹਸਪਤਾਲ ਵਿਖੇ ਦਾਖਲ ਕਰਵਾ ਦਿੱਤਾ ਸੀ। ਹਸਪਤਾਲ ਤੋਂ ਨਰਸ ਕਵਾਟਰ ਵਿਚ ਆਈ ਤੇ ਦਰਵਾਜ਼ਾ ਖੜਕਾਇਆ ਕਿ ਆਪ ਦੀ ਭੈਣ ਦੇ ਕੁੱਛੜ ਲੜਕਾ ਹੈ ਜਲਦੀ ਹਸਪਤਾਲ ਪਹੁੰਚ ਜਾਵੋ। ਮੈਂ ਜਲਦੀ ਹਸਪਤਾਲ ਪਹੁੰਚ ਗਿਆ। ਨੰਨ੍ਹੇ ਲੜਕੇ ਨੂੰ ਨਹਾ ਕੇ ਕੱਪੜੇ ਪਾਏ ਹੋਏ ਸਨ। ਦਫਤਰੀ ਸਟਾਫ ਬਿਧੀ ਸਿੰਘ ਨੂੰ ਵਧਾਈਆਂ ਦੇ ਰਹੇ ਸਨ। ਲੜਕੇ ਨੂੰ ਕੁਝ ਸਮਾਂ ਬੁਖਾਰ ਦੀ ਸ਼ਿਕਾਇਤ ਰਹਿੰਦੀ ਸੀ। ਮੈਂ ਜੰਮੂ ਸ਼ਹਿਰ ਤੋਂ ਦੋ ਤਿੰਨ ਵਾਰ ਦਵਾਈ ਲੈ ਕੇ ਆਇਆ ਸੀ। ਬਿਧੀ ਸਿੰਘ ਦੀ ਬਦਲੀ ਕਲਕੱਤੇ ਦੀ ਹੋ ਗਈ ਸੀ। ਸਵਰਨ ਕੌਰ ਪਿੰਡ ਸਾਡੇ ਕੋਲ ਆ ਗਈ ਸੀ। ਲੜਕਾ ਸਰੀਰਕ ਤੌਰ ਤੇ ਵੱਡੇ ਲੜਕੇ ਕੁਲਦੀਪ ਸਿੰਘ ਨਾਲੋਂ ਤਕੜਾ ਸੀ। ਅਚਾਨਕ ਲੜਕਾ ਫਿਰ ਬੁਖਾਰ ਦੀ ਲਪੇਟ ਵਿਚ ਆ ਗਿਆ। ਇਕ ਦੋ ਵਾਰ ਸਾਹਰੀ ਪਿੰਡ ਤੋਂ ਦਵਾਈ ਲਿਆਂਦੀ। ਇਕ ਦਿਨ ਸ਼ਾਮ ਨੂੰ ਲੜਕੇ ਦੀ ਸਿਹਤ ਕੁਝ ਹੋਰ ਖਰਾਬ ਹੋ ਗਈ। ਮੈਂ ਕਾਲਜ ਤੋਂ ਆਇਆ ਹੀ ਸੀ ਕਿ ਸਵਰਨ ਕੌਰ ਨੇ ਕਿਹਾ ਕਾਕਾ! ਲੜਕਾ ਕੁਝ ਬਿਮਾਰ ਹੈ। ਅਸੀਂ ਪਹਿਲਾਂ ਡੇਰਾ ਬਾਬ ਮਾਹਨ ਦਾਸ ਮੱਥਾ ਟੇਕਿਆ ਫਿਰ ਡਾ. ਸਾਗਰ ਦੇ ਕੋਲ ਗਏ। ਲੜਕਾ ਹੱਥਾਂ ਵਿਚੋਂ ਨਿਕਲ-ਨਿਕਲ ਕੇ ਜਾਂਦਾ ਸੀ। ਡਾ. ਦੇ ਚੈੱਕ ਕਰਦੇ-ਕਰਦੇ ਲੜਕੇ ਦੇ ਸੁਆਸ ਨਿਕਲ ਗਏ। ਡਾ. ਨੇ ਕਿਹਾ ਲੜਕਾ ਪੂਰਾ ਹੋ ਗਿਆ ਹੈ। ਸਵਰਨ ਕੌਰ ਨੇ ਰੋਣਾ ਸ਼ੁਰੂ ਕਰ ਦਿੱਤਾ। ਮੈਂ ਲੜਕਾ ਆਪ ਮੋਢੇ ਲਾ ਲਿਆ ਤਾਂ ਪਿੰਡ ਨੂੰ ਰੋਂਦੇ-ਰੋਂਦੇ ਚੱਲ ਪਏ। ਦੀਵਾਲੀ ਦਾ ਲਾਗਾ ਸੀ। ਮਕਾਨਾਂ ਨੂੰ ਲਿੱਪਣ ਤੇ ਸੁਆਰਨ ਦਾ

ਕੰਮ ਚੱਲ ਰਿਹਾ ਸੀ। ਜਦੋਂ ਪਿੰਡ ਵਿਚ ਇਸ ਘਟਨਾ ਦਾ ਪਤਾ ਲੱਗਾ ਤਾਂ ਸਾਰੇ ਸੋਗ ਦੀ ਲਹਿਰ ਦੌੜ ਗਈ। ਪਿੰਡ ਭਾਮ ਸੁਨੇਹਾ ਭੇਜਿਆ ਗਿਆ। ਪਿੰਡ ਭਾਮ ਤੋਂ ਦਾਦੀ ਬੰਤੀ, ਚਾਚਾ-ਚਾਚੀ ਸਵੇਰ ਸਾਰ ਹੀ ਪਹੁੰਚ ਗਏ ਸਨ। ਬੜੇ ਹੀ ਜਿਗਰੇ ਨਾਲ ਲੜਕੇ ਨੂੰ ਦਫਨ ਕੀਤਾ ਗਿਆ। ਪਰਿਵਾਰ ਦੇ ਛੋਟੇ ਬੱਚੇ ਵੀ ਭੂਆ ਨਾਲ ਵਿਰਲਾਪ ਕਰਦੇ ਸਨ। ਇਹ ਘਟਨਾ 15-10-1976 ਦੀ ਹੈ।

ਥੋੜ੍ਹੇ ਸਮੇਂ ਮਗਰੋਂ ਬਿਧੀ ਸਿੰਘ ਨੇ ਸੀ.ਆਰ.ਪੀ.ਐਫ. ਦੀ ਨੌਕਰੀ ਛੱਡ ਦਿੱਤੀ ਸੀ। ਉਸ ਦੇ ਛੋਟੇ ਭਾਈ ਜਸਪਾਲ ਸਿੰਘ ਨੇ ਕਿਹਾ ਅਸੀਂ ਰਲ ਕੇ ਵਪਾਰ ਕਰਾਂਗੇ। ਉਹ ਪਸ਼ੂਆਂ ਦਾ ਵਪਾਰ ਕਰਦਾ ਸੀ। ਦੋ ਚਾਰ ਸਾਲ ਵਪਾਰ ਠੀਕ ਚੱਲਦਾ ਰਿਹਾ। ਉਸ ਦਾ ਭਾਈ ਸ਼ਰਾਬ ਦਾ ਆਦੀ ਸੀ ਨਾਲ ਬਿਧੀ ਸਿੰਘ ਨੂੰ ਵੀ ਲਾ ਲਿਆ। ਅਸੀਂ ਸਵਰਨ ਕੌਰ ਨੂੰ ਪਿੰਡ ਲੈ ਆਂਦਾ। ਲੜਕਾ ਕੁਲਦੀਪ ਸਿੰਘ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਦਾ ਸੀ। ਫਿਰ ਦਸਵੀਂ ਜਮਾਤ ਸ. ਹ. ਸਕੂਲ ਸਾਹਰੀ ਤੋ ਕੀਤੀ। 10+2 ਸ਼ਾਮ ਚੁਰਾਸੀ ਤੋਂ ਕੀਤੀ। ਆਈ.ਟੀ.ਆਈ. ਹੁਸ਼ਿਆਰਪੁਰ ਤੋਂ ਕੀਤੀ। ਸਵਰਨ ਕੌਰ ਦੀ ਸੱਸ ਬੰਤੀ ਕਦੇ-ਕਦੇ ਮਿਲਣ ਆਉਂਦੀ ਸੀ। ਬਿਧੀ ਸਿੰਘ ਵੀ ਕਦੇ-ਕਦੇ ਆਉਂਦਾ ਸੀ। ਉਹ ਮੇਰੇ ਕੋਲ ਸ.ਹ. ਸਕੂਲ ਹਾਰਟਾ ਵਿਖੇ ਵੀ ਆਉਂਦਾ ਸੀ। ਉਸਨੇ ਕਿਹਾ ਕਿ ਮੇਰਾ ਕੰਮ ਕਲਕੱਤੇ ਦਾ ਬਣਦਾ ਹੈ। ਮੈਂ ਕਲਕੱਤੇ ਚਲੇ ਜਾਣਾ ਹੈ। ਮੈਂ ਉਸ ਲਈ ਘਰੋਂ ਬਿਸਤਰਾ ਤੇ ਹੋਰ ਸਮਾਨ ਤਿਆਰ ਕੀਤਾ ਤਾਂ ਜਲੰਧਰ ਜਾ ਕੇ ਆਪ ਗੱਡੀ ਚੜ੍ਹਾ ਕੇ ਆਇਆਂ। ਦੋ ਹਫਤੇ ਮਗਰੋਂ ਬਿਧੀ ਸਿੰਘ ਕਲਕੱਤੇ ਤੋਂ ਵਾਪਸ ਆ ਗਿਆ ਤੇ ਕਹਿਣ ਲੱਗਾ ਕਿ ਫੈਕਟਰੀ ਵਿਚ ਪੁਰਾਣੇ ਵਰਕਰ ਰੱਖ ਲਏ ਹਨ। ਉਹ ਪਿੰਡ ਭਾਮ ਮਾਤਾ ਦੇ ਮੰਦਰ ਵਿਚ ਕੰਮ ਕਰਦਾ ਰਿਹਾ। ਕੁਝ ਸਮੇਂ ਮਗਰੋਂ ਉਸ ਦੀ ਸਿਹਤ ਵੀ ਖਰਾਬ ਰਹਿਣ ਲੱਗੀ। ਮੈਨੂੰ ਦੁਪਹਿਰ ਸਮੇਂ ਹਾਰਟਾ ਸਕੂਲ ਵਿਖੇ ਸੁਨੇਹਾ ਆਇਆ ਕਿ ਬਿਧੀ ਸਿੰਘ ਬਿਮਾਰ ਹੈ ਤੁਸੀਂ ਪਿੰਡ ਭਾਮ ਆ ਜਾਵੋ। ਮੈਂ ਜਦੋਂ ਗਿਆ ਤਾਂ ਡਾਕਟਰ ਟੀਕਾ ਲਗਾ ਰਿਹਾ ਸੀ। ਉਸਨੇ ਦਵਾਈ ਦਿੱਤੀ ਤੇ ਕਿਹਾ ਠੀਕ ਹੋ ਜਾਵੇਗਾ। ਮੈਂ ਸ਼ਾਮ ਨੂੰ ਘਰ ਆ ਗਿਆ ਪਰ ਜਦੋਂ ਸਕੂਲ ਨੂੰ ਤਿਆਰ ਹੋ ਰਿਹਾ ਸੀ ਤਾਂ ਲੜਕੇ ਭਾਮ ਤੋਂ ਆ ਗਏ ਕਿ ਤਾਇਆ ਜੀ ਤੜਕਸਾਰ ਮਿਤੀ 19-9-1989 ਨੂੰ ਪੂਰੇ ਹੋ ਗਏ। ਫਿਰ ਅਸੀਂ ਸਾਰਾ ਪਰਿਵਾਰ ਭਾਮ ਗਏ। ਸਸਕਾਰ ਤੋਂ ਮਗਰੋਂ ਪਿੰਡ ਆ ਗਏ। ਸਵਰਨ ਕੌਰ ਤੇ ਲੜਕਾ ਕੁਲਦੀਪ ਸਿੰਘ ਉਥੇ ਰਹੇ। ਮਿਤੀ 4-11-1989 ਨੂੰ ਭੋਗ ਪਾਇਆ ਗਿਆ। ਮੈਂ, ਅਜੀਤ ਸਿੰਘ, ਸਵਰਨ ਕੌਰ ਦਾ ਦਿਉਰ ਰਜਿੰਦਰ ਸਿੰਘ ਤੇ ਹੋਰ ਮੈਂਬਰ ਕਹਿੰਦੇ ਸਨ ਕਿ ਸਵਰਨ ਕੌਰ ਸਾਡੇ ਕੋਲ ਪਿੰਡ ਭਾਮ ਰਹੇ। ਪਰ ਸਵਰਨ ਕੌਰ ਤੇ ਲੜਕੇ ਨੇ ਕਿਹਾ ਅਸੀਂ ਪਿੰਡ ਗਗਨੌਲੀ ਹੀ ਰਹਿਣਾ ਹੈ। ਸਵਰਨ ਕੌਰ ਦੀ ਸੱਸ ਚਾਰ ਸਾਲ ਮਗਰੋਂ ਮਿਤੀ 6-12-1993 ਨੂੰ ਸਵਰਗ ਸੁਧਾਰ ਗਈ ਸੀ। ਅਸੀਂ ਉਸ ਦੇ ਸਸਕਾਰ ਤੇ ਭੋਗ 'ਤੇ ਵੀ ਗਏ। ਮੇਲ ਮਿਲਾਪ ਚੱਲਦਾ ਰਿਹਾ। ਕੁਲਦੀਪ ਸਿੰਘ ਵੱਡਾ ਹੋ ਗਿਆ। ਉਸ ਨੂੰ ਮਕਾਨ ਬਣਾ ਕੇ ਪਿੰਡ ਗਗਨੌਲੀ ਵਿਖੇ ਦੇ ਦਿੱਤੇ ਗਏ। ਮਿਤੀ 28-6-2001 ਨੂੰ ਉਸ ਦੀ ਸ਼ਾਦੀ

ਅਹਿਰਾਣਾ ਕਲਾਂ ਵਿਖੇ ਸੁਰਜੀਤ ਕੌਰ ਨਾਲ ਹੋਈ। ਕੁਲਦੀਪ ਸਿੰਘ ਦਾ ਇਕ ਲੜਕਾ ਹਰਜੀਤ ਸਿੰਘ ਹੈ ਜੋ ਪੰਜਵੀਂ ਜਮਾਤ ਵਿਚ ਪੜ੍ਹਦਾ ਹੈ। ਕੁਲਦੀਪ ਸਿੰਘ ਪਹਿਲਾਂ ਪਿੰਡ ਦਿਉਵਾਲ ਫੈਕਟਰੀ ਵਿਚ ਕੰਮ ਕਰਦਾ ਸੀ ਤੇ ਫਿਰ ਫੈਕਟਰੀ ਕਪੂਰਥਲੇ ਚਲੀ ਗਈ। ਹੁਣ ਕਪੂਰਥਲੇ ਫੈਕਟਰੀ ਵਿਚ ਕੰਮ ਕਰਦਾ ਹੈ। ਸਵਰਨ ਕੌਰ ਨੂੰ ਬਾਬਾ ਚਰਨ ਸਿੰਘ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੀ ਹੈ। ਝਾੜੂ ਦੀ ਸੇਵਾ ਕਰਦੀ ਹੈ। ਧਾਰਮਿਕ ਪ੍ਰਵਿਰਤੀ ਵਾਲੀ ਹੈ। ਸਵਰਨ ਕੌਰ ਦਾ ਆਪਣੀ ਦਾਦੀ ਖੇਮੀ ਦੇਵੀ ਤੇ ਤਾਇਆ ਮੁਨਸ਼ੀ ਨਾਲ ਬਹੁਤ ਪਿਆਰ ਸੀ। ਤਾਇਆ ਜੀ ਮਹੀਨੇ ਵਿਚ ਇਕ ਵਾਰ ਜ਼ਰੂਰ ਭਾਮ ਦਾ ਚੱਕਰ ਲਾ ਆਉਂਦੇ ਸਨ।

2. ਧਰਮ ਕੌਰ:- ਆਪ ਦੇ ਪਤੀ ਦਾ ਨਾਮ ਕਰਮ ਸਿੰਘ ਹੈ ਤੇ ਸਹੁਰੇ ਜ਼ਿਲ੍ਹਾ ਜਲੰਧਰ ਦੇ ਪਿੰਡ ਧਦਿਆਲ ਹਨ। ਆਮ ਕਰਕੇ ਇਨ੍ਹਾਂ ਪਿੰਡਾਂ ਨੂੰ ਕੌਹਜੇ ਧਦਿਆਲ ਕਿਹਾ ਜਾਂਦਾ ਹੈ। ਧਰਮ ਕੌਰ ਦੇ ਸਹੁਰੇ ਦਾ ਨਾਮ ਭੁੱਲਾ ਸਿੰਘ ਤੇ ਸੱਸ ਦਾ ਨਾਮ ਧੰਨ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਖੋਵਾਲ ਹਨ। ਭੁੱਲਾ ਸਿੰਘ ਦੀ ਉਸ ਸਮੇਂ ਸਰਦਾਰੀ ਸੀ ਜਿਸ ਦੇ ਚਾਰ ਲੜਕੇ- ਉਜਾਗਰ ਸਿੰਘ, ਕਰਮ ਸਿੰਘ, ਸੁਰਜਨ ਸਿੰਘ ਤੇ ਸਾਧੂ ਸਿੰਘ ਹਨ। ਵੱਡਾ ਪੁੱਤਰ ਖੇਤੀਬਾੜੀ ਕਰਦਾ ਸੀ। ਛੋਟੇ ਤਿੰਨ ਫੌਜ ਵਿਚ ਨੌਕਰੀ ਕਰਦੇ ਸਨ। ਆਪ ਦੀ 7 ਖੇਤ ਜ਼ਮੀਨ ਦੇ ਵਿਚ ਸਿੰਚਾਈ ਵਾਸਤੇ ਮੋਟਰ ਲੱਗੀ ਹੋਈ ਹੈ। ਕਰਮ ਸਿੰਘ 1965 ਈ: ਵਿਚ ਬਤੌਰ ਸੂਬੇਦਾਰ ਪੈਨਸ਼ਨ ਆਇਆ ਸੀ। ਇਨ੍ਹਾਂ ਆਪਣੀ ਨੌਕਰੀ ਪੂਰੀ ਨਹੀਂ ਕੀਤੀ। ਇਨ੍ਹਾਂ ਦੇ ਵੱਡੇ ਭਾਈ ਉਜਾਗਰ ਸਿੰਘ ਦੀ ਬੇਵਕਤ ਮੌਤ ਹੋ ਗਈ ਸੀ ਜਿਸ ਕਰਕੇ ਆਪ ਦੇ ਪਿਤਾ ਨੇ ਆਪ ਨੂੰ ਘਰ ਵਾਪਸ ਬੁਲਾ ਲਿਆ। ਆਪ 1947 ਤੋਂ ਪਹਿਲਾਂ ਫੌਜ ਵਿਚ ਭਰਤੀ ਹੋਏ ਸਨ। ਆਪ ਕਈ ਵਾਰ ਦੱਸਦੇ ਹੁੰਦੇ ਸਨ ਕਿ ਅਸੀਂ ਦੂਜੀ ਸੰਸਾਰ ਜੰਗ ਸਮੇਂ ਬਸਰਾ, ਬਗਦਾਦ, ਇਰਾਨ ਤੇ ਈਰਾਕ ਵਿਖੇ ਨੌਕਰੀ ਕੀਤੀ ਹੈ। ਦੇਸ਼ ਦੀ ਅਜ਼ਾਦੀ ਮਗਰੋਂ ਆਪ ਨੇ 1962 ਤੇ 1965 ਦੀ ਜੰਗ ਲੜੀ ਹੈ। ਆਪਣੀ ਨੌਕਰੀ ਦੌਰਾਨ ਆਪ ਕਸ਼ਮੀਰ, ਮੇਰਟ ਕੈਂਟ, ਫਿਰੋਜ਼ਪੁਰ, ਪਾਣੀਪਤ, ਕਰਨਾਲ, ਨੀਲੋਖੇੜੀ, ਹਰਿਆਣਾ ਪ੍ਰਾਂਤ ਤੇ ਕਿਰਕੀ ਪੂਨਾ ਵਿਖੇ ਰਹੇ। ਧਰਮ ਕੌਰ ਵੀ ਆਪ ਦੇ ਨਾਲ ਰਹੀ। ਆਪ ਦੇ ਲੜਕੇ ਕੁਲਵੰਤ ਸਿੰਘ ਦਾ ਜਨਮ ਨੀਲੋਖੇੜੀ ਹਰਿਆਣਾ ਪ੍ਰਾਂਤ ਦਾ ਹੈ।

ਸ਼ਖ਼ਸ਼ੀਅਤ:- ਕਰਮ ਸਿੰਘ ਇਕ ਚੰਗੀ ਸ਼ਖ਼ਸ਼ੀਅਤ ਦੇ ਮਾਲਕ ਸਨ। ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣਾ, ਅੰਮ੍ਰਿਤ ਵੇਲੇ ਉੱਠ ਕੇ ਖੇਤੀਬਾੜੀ ਦੇ ਕੰਮ ਵਿਚ ਲੱਗ ਜਾਣਾ। ਆਪ ਨੇ ਕਿਸੇ ਸਕੂਲ ਦੀ ਪੜ੍ਹਾਈ ਨਹੀਂ ਕੀਤੀ ਹੈ। ਆਪ ਤਿੰਨ ਭਾਸ਼ਾਵਾਂ ਜਾਣਦੇ ਸਨ। ਪੰਜਾਬੀ, ਹਿੰਦੀ ਤੇ ਅੰਗਰੇਜ਼ੀ। ਇਹ ਪੜ੍ਹਾਈ ਆਪ ਨੇ ਫੌਜ ਵਿਚ ਜਾ ਕੇ ਕੀਤੀ ਹੈ। ਵੱਡੇ-ਵੱਡੇ ਅਫ਼ਸਰਾਂ ਨਾਲ ਆਪ ਚੰਗੀ ਅੰਗਰੇਜ਼ੀ ਬੋਲ ਲੈਂਦੇ ਸਨ। ਆਪ ਡੇਰਾ ਸੱਚਖੰਡ ਬੱਲਾਂ, ਜਲੰਧਰ ਦੇ ਸ਼ਰਧਾਲੂ ਹਨ। ਆਪ ਨੂੰ ਸੰਤ

ਬਾਬਾ ਸਰਵਣ ਦਾਸ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ, ਜਿਸ ਸਮੇਂ ਆਪ ਨੇ ਆਪਣੇ ਖੇਤਾਂ ਵਿਚ ਮੋਟਰ ਦਾ ਕੁਨੈਕਸ਼ਨ ਲਿਆ ਤਾਂ ਸੰਤ ਬਾਬਾ ਸਰਵਣ ਦਾਸ ਮਹਾਰਾਜ ਜੀ ਨੇ ਬਟਨ ਦਬਾ ਕੇ ਮੋਟਰ ਨੂੰ ਚਾਲੂ ਕੀਤਾ। ਕਰਮ ਸਿੰਘ ਜਦ ਵੀ ਪਿੰਡ ਗਗਨੌਲੀ ਆਉਂਦਾ ਤਾਂ ਸਾਰਿਆਂ ਨੂੰ ਬੜੇ ਪਿਆਰ ਸਤਿਕਾਰ ਨਾਲ ਮਿਲਦੇ ਸਨ। ਆਪ ਦਾ ਸੁਭਾਅ ਜ਼ਿਆਦਾ ਕਰਕੇ ਗਾਲੜੀ ਸੀ। ਗੱਲਾਂ ਕਰਦੇ-ਕਰਦੇ ਆਪ ਆਪਣਾ ਕੰਮ ਕਰਨਾ ਭੁੱਲ ਜਾਂਦੇ ਸਨ। ਆਪ ਜਦ ਵੀ ਗੱਲ ਕਰਦੇ ਤਾਰੀਕ-ਮਹੀਨਾ ਤੇ ਸੰਨ ਦੇ ਨਾਲ ਕਰਦੇ ਸਨ। ਜਿਵੇਂ ਇਹ ਗੱਲ 15 ਮਾਰਚ 1947 ਦੀ ਹੈ। ਇਹ 1955 ਦੀ ਹੈ ਆਦਿ। ਵਡੇਰੀ ਉਮਰ ਵਿਚ ਆਪ ਦੀ ਸਿਹਤ ਖਰਾਬ ਰਹਿਣ ਲੱਗੀ। ਆਪ ਦੇ ਬੇਟੇ ਕੁਲਵੰਤ ਸਿੰਘ ਨੇ ਆਪ ਨੂੰ ਡੀ.ਐਮ.ਸੀ. ਲੁਧਿਆਣਾ ਤੇ ਮਿਲਟਰੀ ਹਸਪਤਾਲ ਜਲੰਧਰ ਛਾਉਣੀ ਆਦਿ ਵਿਖੇ ਦਾਖਲ ਕਰਵਾਇਆ ਫਿਰ ਆਪ ਜਲਦੀ ਹੀ ਕਮਜ਼ੋਰ ਹੁੰਦੇ ਚਲੇ ਗਏ। ਆਪ ਨੇ ਪੈਨਸ਼ਨ ਆ ਕੇ ਆਪਣੇ ਪਰਿਵਾਰ ਦਾ ਬਹੁਤ ਧਿਆਨ ਰੱਖਿਆ ਹੈ। ਸਾਰਾ ਪਿੰਡ ਆਪ ਨੂੰ ਸੂਬੇਦਾਰ ਕਹਿ ਕੇ ਬੁਲਾਉਂਦਾ ਸੀ। ਮੈਂ ਉਨ੍ਹਾਂ ਨਾਲ ਬਹੁਤ ਵਾਰ ਸਾਕਾਚਾਰੀ ਵਿਚ ਜਾਂਦਾ ਰਿਹਾ ਹਾਂ। ਆਪ ਆਪਣੀ ਮਾਤਲੋਕ ਦੀ ਯਾਤਰਾ ਕਰਦੇ ਹੋਏ ਮਿਤੀ 7-10-2005 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਆਪ ਦਾ ਸ਼ਰਧਾਂਜਲੀ ਸਮਾਗਮ ਆਪ ਦੇ ਬੇਟੇ ਕੁਲਵੰਤ ਸਿੰਘ ਨੇ ਚੰਗੀ ਤਰ੍ਹਾਂ ਕੀਤਾ। ਆਪ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਜਾਪ ਕਰਵਾਏ ਗਏ।

ਧਰਮ ਕੌਰ ਆਪ ਦੇ ਨਾਲ ਫੌਜ ਵਿਚ ਵੱਖ-ਵੱਖ ਥਾਵਾਂ ਤੇ ਰਹੀ ਹੈ। ਆਪ ਵੀ ਫੌਜ ਦੀਆਂ ਬੀਤੇ ਸਮੇਂ ਦੀਆਂ ਗੱਲਾਂ ਸੁਣਾਉਂਦੀ ਹੁੰਦੀ ਹੈ। ਧਰਮ ਕੌਰ ਨੂੰ ਸ. ਬੰਤਾ ਸਿੰਘ ਨੇ ਗੋਦ ਲਿਆ ਸੀ। ਜਦੋਂ ਉਸ ਦੇ ਪਹਿਲੇ ਦੋ ਬੇਟੇ ਗੁਜਰ ਗਏ ਸਨ। ਫਿਰ ਰਾਮ ਸਿੰਘ ਤੇ ਰੇਸ਼ਮ ਸਿੰਘ ਦਾ ਜਨਮ ਹੋਇਆ।

ਵੰਸ਼:- ਆਪ ਦੇ ਵੰਸ਼ ਵਿਚ ਇਕਲੌਤਾ ਬੇਟਾ ਕੁਲਵੰਤ ਸਿੰਘ ਹੈ। ਇਸ ਦਾ ਜਨਮ ਨੀਲੋਖੇੜੀ ਹਰਿਆਣਾ ਪ੍ਰਾਂਤ ਦਾ ਹੈ। ਸਕੂਲ ਦੀ ਪੜ੍ਹਾਈ ਪਿੰਡ ਤੇ ਸ਼ਾਮ ਚੁਰਾਸੀ ਦੀ ਹੈ। ਕੁਲਵੰਤ ਸਿੰਘ ਦਾ ਬਹੁਤਾ ਬਚਪਨ ਆਪਣੇ ਨਾਨਕੇ ਪਿੰਡ ਬੀਤਿਆ ਹੈ। ਆਪ ਸਰੀਰ ਦੇ ਪਤਲੇ ਤੇ ਫੁਰਤੀਲੇ ਹਨ। ਪਿੰਡ ਗਗਨੌਲੀ ਵਿਖੇ ਆਪ ਨੇ ਆਪਣੇ ਤੋਂ ਵਡੇਰੀ ਉਮਰ ਦੇ ਸਾਥੀਆਂ ਨੂੰ ਕੁਸ਼ਤੀ ਵਿਚ ਹਰਾਇਆ ਹੈ ਜਿਨ੍ਹਾਂ ਨੂੰ ਮੈਂ ਤਕੜਾ ਗਿਣਦਾ ਸੀ ਜਿਵੇਂ ਪਰਮਜੀਤ ਸਿੰਘ ਤਨੂੰਲੀ, ਜਸਵੰਤ ਸਿੰਘ ਸਪੁੱਤਰ ਦਿਲਬਾਗ ਸਿੰਘ ਆਦਿ।

ਨੌਕਰੀ:- ਕੁਲਵੰਤ ਸਿੰਘ ਨੂੰ ਸ. ਰਾਮ ਸਿੰਘ ਨੇ ਕਿਰਕੀ ਪੂਨਾ ਵਿਖੇ ਏਅਰਫੋਰਸ ਵਿਚ ਭਰਤੀ ਕਰਵਾਇਆ ਹੈ। ਕੁਲਵੰਤ ਸਿੰਘ ਨੂੰ ਸਾਰੇ ਪਿਆਰ ਨਾਲ ਪੱਪੂ ਆਖਦੇ ਹਨ। ਆਪ ਪੰਜ ਸਾਲ ਕਿਰਕੀ ਪੂਨਾ ਵਿਖੇ ਰਹੇ। ਫਿਰ ਬਦਲ ਕੇ ਆਦਮਪੁਰ ਆ ਗਏ। ਹੁਣ ਇਥੇ ਹੀ ਨੌਕਰੀ ਕਰਦੇ ਹਨ।

ਵਿਆਹ:- ਕੁਲਵੰਤ ਸਿੰਘ ਦਾ ਵਿਆਹ ਮਿਤੀ 18-11-1992 ਨੂੰ ਸਰਬਜੀਤ ਕੌਰ ਨਾਲ ਹੋਇਆ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਜੌੜੇ ਹਨ ਤੇ ਉਸ ਦਾ

ਪਿਤਾ ਵੀ ਬਤੌਰ ਕੈਪਟਨ ਪੈਨਸ਼ਨ ਆਇਆ ਹੈ। ਕੁਲਵੰਤ ਸਿੰਘ ਦੇ ਦੋ ਬੇਟੇ ਕਰਨਦੀਪ ਸਿੰਘ ਤੇ ਅਮਨਦੀਪ ਸਿੰਘ ਹਨ ਦੋਵੇਂ ਪੜ੍ਹ ਰਹੇ ਹਨ।

ਧਰਮ ਕੌਰ ਨੂੰ ਸੂਬੇਦਾਰ ਕਰਮ ਸਿੰਘ ਦੀ ਪੈਨਸ਼ਨ ਮਿਲਦੀ ਹੈ। ਕੁਲਵੰਤ ਸਿੰਘ ਤੇ ਸਰਬਜੀਤ ਕੌਰ ਦੋਵੇਂ ਧਰਮ ਕੌਰ ਦੀ ਸੇਵਾ ਬੜੇ ਪਿਆਰ ਸਤਿਕਾਰ ਨਾਲ ਕਰਦੇ ਹਨ।

3. ਅਜੀਤ ਕੌਰ :- ਅਜੀਤ ਕੌਰ ਦੇ ਪਤੀ ਦਾ ਨਾਮ ਪਾਖਰ ਸਿੰਘ ਹੈ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਬੀਬੀ ਹਨ। ਆਪ ਦੇ ਸਹੁਰੇ ਦਾ ਨਾਮ ਠਾਕਰ ਸਿੰਘ ਤੇ ਸੱਸ ਦਾ ਨਾਮ ਚਿੰਤ ਕੌਰ ਹੈ। ਠਾਕਰ ਸਿੰਘ ਘਰੇਲੂ ਕੰਮ ਦਾ ਬਹੁਤ ਕਾਰੀਗਰ ਸੀ ਜਿਵੇਂ ਕਿਸੇ ਨੇ ਦੱਸਿਆ ਕਿ ਉਹ ਜਰੈਤੀ ਚੁੱਭੇ ਦਾ ਬਹੁਤ ਮਾਹਰ ਸੀ। ਪਿੰਡ ਦੇ ਬਹੁਤ ਲੋਕ ਗੰਨਿਆਂ ਦੀ ਪਿੜਾਈ ਸਮੇਂ ਉਸ ਪਾਸੋਂ ਗੁੜ ਕੱਢਣ ਸਮੇਂ ਚੁੱਭਾ ਬਣਾਉਂਦੇ ਸਨ। ਠਾਕਰ ਸਿੰਘ 1970 ਈ: ਵਿਚ ਸੁਰਗਵਾਸ ਹੋ ਗਏ ਸਨ। ਮਾਤਾ ਚਿੰਤ ਕੌਰ ਸਰੀਰ ਦੀ ਬਹੁਤ ਉੱਚੀ ਲੰਮੀ ਤੇ ਚੰਗੀ ਸਿਹਤ ਵਾਲੀ ਸੀ। ਆਪ ਲੰਮੀ ਉਮਰ ਭੋਗ ਕਿ ਮਿਤੀ 8-05-2000 ਸੁਰਗਵਾਸ ਹੋਈ ਤੇ ਭੋਗ 21-5-2000 ਨੂੰ ਪਾਇਆ ਗਿਆ।

ਭਰਤੀ ਹੋਣਾ:- ਪਾਖਰ ਸਿੰਘ ਪਹਿਲਾਂ ਘਰੇਲੂ ਕੰਮ ਕਰਦਾ ਸੀ ਫਿਰ ਕਿਸੇ ਦੇ ਕਹਿਣ ਤੇ ਫੌਜ ਵਿਚ (ਗਰਿਫ) ਵਿਚ ਭਰਤੀ ਹੋ ਗਿਆ। ਆਪ ਫੌਜ ਦੀ 24 ਸਾਲ ਨੌਕਰੀ ਕਰਨ ਉਪਰੰਤ ਬਤੌਰ ਹਵਾਲਦਾਰ ਪੈਨਸ਼ਨ ਆਏ ਹਨ। ਪਾਖਰ ਸਿੰਘ ਨੇ ਬਹੁਤ ਹਿਸਾਬ ਨਾਲ ਆਪਣੀ ਜ਼ਿੰਦਗੀ ਬਿਤਾਈ ਹੈ। ਕਦੇ ਕਿਸੇ ਵਿਅਕਤੀ ਪਾਸੋਂ ਪੈਸਾ ਉਧਾਰ ਨਹੀਂ ਮੰਗਿਆ ਹੈ। ਆਪਣਾ ਥਾਂ ਮੁੱਲ ਲੈ ਕੇ ਆਪਣੇ ਮਕਾਨ ਬਣਾਏ ਹਨ। ਆਪ ਨੇ ਵੀ ਫੌਜ ਵਿਚ ਭਰਤੀ ਹੋ ਕੇ ਹੀ ਪੜ੍ਹਨਾ ਲਿਖਣਾ ਸਿੱਖਿਆ ਹੈ। ਆਪ ਆਪਣੀ ਸਰਵਿਸ ਦੇ ਦੌਰਾਨ ਦੇਸ਼ ਦੇ ਵੱਖ-ਵੱਖ ਥਾਵਾਂ ਜਿਵੇਂ ਰਾਜਸਥਾਨ, ਲੇਹ, ਲਦਾਖ, ਜੰਮੂ-ਕਸ਼ਮੀਰ, ਕਲਕੱਤਾ, ਆਸਾਮ, ਸਿਲੀਗੁੜੀ ਤੇ ਕਾਲੇ ਪਾਣੀ ਵਿਖੇ ਰਹੇ।

ਪਾਖਰ ਸਿੰਘ ਨੇ ਜਿਥੇ ਆਪਣੇ ਪਰਿਵਾਰ ਦੀ ਪਰਵਰਿਸ਼ ਕੀਤੀ ਹੈ, ਉੱਥੇ ਆਪਣੇ ਭਰਾਵਾਂ ਦੇ ਪਰਿਵਾਰ ਦੀ ਵੀ ਦੇਖਭਾਲ ਕੀਤੀ ਹੈ। ਆਪਣੀ ਦਾਦੀ ਰਾਧੀ ਦੀ ਬਹੁਤ ਸੇਵਾ ਕੀਤੀ ਹੈ। ਆਪ ਕੰਮ ਵਿਚ ਵਿਸ਼ਵਾਸ ਕਰਦੇ ਹਨ। ਮੀਆਂ ਬੀਬੀ ਡੇਰਾ ਬਿਆਸ ਦੇ ਸ਼ਰਧਾਲੂ ਹਨ। ਆਪ ਨੂੰ ਬਾਬਾ ਚਰਨ ਸਿੰਘ ਜੀ ਮਹਾਰਾਜ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ। ਪਾਖਰ ਸਿੰਘ ਨੇ ਪੈਨਸ਼ਨ ਆ ਕੇ ਕਰਿਆਨੇ ਦੀ ਦੁਕਾਨ ਕੀਤੀ ਹੈ ਤੇ ਆਪਣੇ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਹਨ। ਆਪਣੇ ਪਰਿਵਾਰ ਲਈ ਬਹੁਤ ਕੁਝ ਬਣਾਇਆ ਹੈ।

ਵੰਸ਼:- ਪਾਖਰ ਸਿੰਘ ਦੀਆਂ ਦੋ ਲੜਕੀਆਂ ਤੇ ਦੋ ਲੜਕੇ ਹਨ।

1. ਸੁਖਵਿੰਦਰ ਕੌਰ:- ਆਪ ਦੇ ਪਤੀ ਦਾ ਨਾਮ ਸੰਤੋਖ ਸਿੰਘ ਹੈ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਿਆਣੇ ਲਾਗੇ ਪਿੰਡ ਕੁੱਤਵਪੁਰ ਹਨ। ਸੰਤੋਖ ਸਿੰਘ ਵੀ ਸਾਬਕਾ ਫੌਜੀ ਹੈ। ਹੁਣ ਆਪ ਵੀ ਗੱਡੀ ਚਲਾਉਂਦਾ ਹੈ। ਆਪ ਦੇ ਚਾਰ ਲੜਕੇ ਤੇ ਇਕ ਲੜਕੀ ਹੈ। ਦੋ ਲੜਕੇ ਵਿਦੇਸ਼ ਵਿਚ ਹਨ। ਸੁਖਵਿੰਦਰ ਕੌਰ ਦੀ ਸ਼ਾਦੀ 22-10-1978

ਦੀ ਹੈ।

2. **ਕਮਲੇਸ਼ ਕੌਰ**:- ਕਮਲੇਸ਼ ਕੌਰ ਦੇ ਪਤੀ ਦਾ ਨਾਮ ਚਰਨਜੀਤ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਡੱਫਰ ਹਨ। ਚਰਨਜੀਤ ਸਿੰਘ ਤੇ ਕਮਲੇਸ਼ ਕੌਰ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਚਰਨਜੀਤ ਸਿੰਘ ਆਪਣੀ ਦੁਕਾਨ ਕਰਦਾ ਹੈ। ਆਪ ਦੇ ਚਾਰ ਲੜਕੇ ਤੇ ਇਕ ਲੜਕੀ ਹੈ।

ਪਾਖਰ ਸਿੰਘ ਦੇ ਲੜਕੇ: ਸਦਾ ਰਾਮ, ਕਮਲਜੀਤ ਸਿੰਘ

1. **ਸਦਾ ਰਾਮ**:- ਸਦਾ ਰਾਮ ਨੇ ਪਹਿਲਾਂ ਹੋਮਗਾਰਡ ਵਿਚ ਨੌਕਰੀ ਕੀਤੀ ਹੈ। ਹੁਣ ਪੰਜਾਬ ਪੁਲਿਸ ਵਿਚ ਬਤੌਰ ਹਵਾਲਦਾਰ ਨੌਕਰੀ ਕਰ ਰਿਹਾ ਹੈ। ਆਪ ਦੇ ਸਹੁਰਾ ਸਾਹਿਬ ਨਸੀਬ ਸਿੰਘ ਵੀ ਪੰਜਾਬ ਪੁਲਿਸ ਵਿਚ ਸਨ। ਆਪ ਦਾ ਮੰਗਣਾ 31-8-1988 ਤੇ ਸ਼ਾਦੀ 2-2-1989 ਦਿਨ ਬੁੱਧਵਾਰ ਰਣਜੀਤ ਕੌਰ ਨਾਲ ਹੋਈ ਹੈ। ਸਦਾ ਰਾਮ ਬਹੁਤ ਸ਼ਰੀਫ ਸੁਭਾਅ ਦਾ ਹੈ।

ਵੰਸ਼:- ਸਦਾ ਰਾਮ ਦੀ ਇਕ ਲੜਕੀ ਸੁਮਨ ਦੇਵੀ ਤੇ ਦੋ ਲੜਕੇ ਹਨ।

ਲੜਕੀ:- ਸੁਮਨ ਦੇਵੀ ਨੇ ਗਰੈਜੂਏਸ਼ਨ ਪਾਸ ਕਰਨ ਉਪਰੰਤ ਭਾਸ਼ਾ ਵਿਭਾਗ ਤੋਂ ਪੰਜਾਬੀ ਤੇ ਅੰਗਰੇਜ਼ੀ ਦੀ ਸ਼ਾਰਟਹੈਂਡ ਦਾ ਕੋਰਸ ਕੀਤਾ ਹੈ। P.G.D.C.A. ਵੀ ਕਰ ਲਈ ਹੈ।

ਲੜਕੇ:- ਸੰਦੀਪ ਸਿੰਘ, ਹਰਪ੍ਰੀਤ ਸਿੰਘ

1. **ਸੰਦੀਪ ਸਿੰਘ**:- ਸੰਦੀਪ ਸਿੰਘ ਨੇ +2 ਪਾਸ ਕਰਨ ਉਪਰੰਤ ਭਾਸ਼ਾ ਵਿਭਾਗ ਹੁਸ਼ਿਆਰਪੁਰ ਤੋਂ ਪੰਜਾਬੀ ਤੇ ਅੰਗਰੇਜ਼ੀ ਦੀ ਸ਼ਾਰਟਹੈਂਡ ਪਾਸ ਕੀਤੀ ਹੈ। ਪ੍ਰਾਈਵੇਟ ਤੌਰ ਤੇ ਪੜ੍ਹ ਰਿਹਾ ਹੈ। ਇਸ ਸਮੇਂ ਤਹਿਸੀਲ ਹੁਸ਼ਿਆਰਪੁਰ ਵਿਚ ਨਾਇਬ ਤਹਿਸੀਲਦਾਰ ਦੇ ਰੀਡਰ ਦੇ ਨਾਲ ਜ਼ਮੀਨ ਨਾਲ ਸਬੰਧਤ ਸਾਰਾ ਕੰਮ ਕੰਪਿਊਟਰ ਨਾਲ ਕਰਦਾ ਹੈ। ਆਪਣੇ ਕੰਮ ਦਾ ਮਾਹਰ ਹੈ।

2. **ਹਰਪ੍ਰੀਤ ਸਿੰਘ**:- ਇਸ ਲੜਕੇ ਨੇ ਦਸਵੀਂ ਪਾਸ ਕਰਨ ਉਪਰੰਤ ਆਈ.ਟੀ.ਆਈ. ਹੁਸ਼ਿਆਰਪੁਰ ਤੋਂ ਏ.ਸੀ. ਦਾ ਕੋਰਸ ਕੀਤਾ ਹੈ। ਅੱਜਕੱਲ ਡੁਬਈ ਵਿਚ ਕੰਮ ਕਰ ਰਿਹਾ ਹੈ। ਦੋਵੇਂ ਲੜਕੇ ਕਿਸੇ ਮਾੜੀ ਆਦਤ ਦਾ ਸ਼ਿਕਾਰ ਨਹੀਂ ਹਨ। ਸਦਾ ਰਾਮ ਨੇ ਪੁਰਾਣੇ ਮਕਾਨ ਢਾਹ ਕੇ ਵਧੀਆ ਦੋ ਮੰਜ਼ਲਾ ਕੋਠੀ ਪਾਈ ਹੈ।

ਕਮਲਜੀਤ ਸਿੰਘ:- ਪਾਖਰ ਸਿੰਘ ਦਾ ਦੂਜਾ ਲੜਕਾ ਕਮਲਜੀਤ ਸਿੰਘ ਹੈ ਜਿਸ ਨੇ ਦਸਵੀਂ ਪਾਸ ਕਰਨ ਉਪਰੰਤ ਪਿੰਡ ਦੇ ਠੇਕੇਦਾਰ ਅਜੀਤ ਸਿੰਘ ਦੇ ਕੋਲੋਂ ਮੈਸਨ ਦਾ ਕੰਮ ਕਰਨਾ ਸਿੱਖ ਲਿਆ ਹੈ। ਅਜੀਤ ਸਿੰਘ ਕੋਠੀਆਂ ਬਣਾਉਣ ਦਾ ਬਹੁਤ ਮਾਹਰ ਹੈ। ਕਮਲਜੀਤ ਸਿੰਘ ਚਾਰ ਵਾਰੀ ਡੁਬਈ ਵੀ ਗਿਆ ਹੈ। ਆਪ ਦੀ ਸ਼ਾਦੀ 9-10-1991 ਈ: ਵਿਚ ਸੀਤਲ ਕੌਰ ਨਾਲ ਹੋਈ ਹੈ, ਜਿਸ ਦੇ ਪੇਕੇ ਬਸੀ ਦੌਲਤ ਖਾਂ ਹੁਸ਼ਿਆਰਪੁਰ ਹਨ। ਕਮਲਜੀਤ ਸਿੰਘ ਅਚਾਨਕ ਪੀਲੀਏ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ। ਵੱਖ-ਵੱਖ ਹਸਪਤਾਲਾਂ 'ਚ ਇਲਾਜ ਕਰਵਾਇਆ ਗਿਆ ਪਰ ਠੀਕ ਨਹੀਂ ਹੋਇਆ। ਕਮਲਜੀਤ

ਸਿੰਘ ਭਰ ਜਵਾਨੀ ਉਮਰ 30 ਸਾਲ ਮਿਤੀ 6-10-2000 ਨੂੰ ਸ਼ਾਮ ਦੇ ਚਾਰ ਵਜੇ ਡੀ.ਐਮ.ਸੀ. ਲੁਧਿਆਣਾ ਵਿਖੇ ਪ੍ਰਾਣ ਤਿਆਗ ਗਿਆ। ਇਸ ਦੀ ਬੇਵਕਤੀ ਮੌਤ ਨਾਲ ਸਾਰੇ ਪਿੰਡ ਵਿਚ ਸੋਗ ਦੀ ਖ਼ਬਰ ਫੈਲ ਗਈ। ਮਿਤੀ 7-10-2000 ਨੂੰ ਦੁਸ਼ਹਿਰੇ ਵਾਲੇ ਦਿਨ ਦਾਗ ਦਿੱਤਾ ਗਿਆ। ਕਮਲਜੀਤ ਸਿੰਘ ਬਹੁਤ ਉੱਚਾ ਲੰਮਾ ਤੇ ਸੋਹਣਾ ਸੁਨੱਖਾ ਨੌਜਵਾਨ ਸੀ।

ਵੰਸ਼:- ਕਮਲਜੀਤ ਸਿੰਘ ਦਾ ਇਕ ਲੜਕਾ-ਲੜਕੀ ਹੈ।

ਲੜਕਾ:- ਪਵਨ ਕੁਮਾਰ ਸਨੀ ਹੈ ਜਿਸ ਨੇ ਦਸਵੀਂ ਪਾਸ ਕਰਨ ਉਪਰੰਤ ਏ.ਸੀ. ਦਾ ਕੋਰਸ ਹੁਸ਼ਿਆਰਪੁਰ ਤੋਂ ਕੀਤਾ ਹੈ। ਇਕ ਦੋ ਵਾਰ ਸਿੰਘਾਪੁਰ ਦਾ ਟੂਰ ਲਾ ਆਇਆ ਹੈ।

ਲੜਕੀ:- ਪੂਜਾ +2 ਪਾਸ ਕਰਨ ਉਪਰੰਤ ਨਰਸਿੰਗ ਦਾ ਕੋਰਸ ਕਰ ਰਹੀ ਹੈ। ਲੜਕੀ ਪੜਨ ਨੂੰ ਹੁਸ਼ਿਆਰ ਹੈ।

ਪਾਖਰ ਸਿੰਘ ਨੂੰ ਸਦਮਾ

ਨੋਟ: ਪਾਖਰ ਸਿੰਘ ਦੀ ਧਰਮ ਪਤਨੀ ਅਜੀਤ ਕੌਰ ਸ਼ੂਗਰ ਦੀ ਮਰੀਜ ਸੀ, ਜਿਸਦਾ ਇਲਾਜ ਚੱਲਦਾ ਰਿਹਾ। ਪਾਖਰ ਸਿੰਘ ਨੇ ਮਹਿੰਗੇ ਤੋਂ ਮਹਿੰਗਾ ਇਲਾਜ ਕਰਵਾਇਆ ਹੈ। ਪਰ ਪਰਮਾਤਮਾ ਨੂੰ ਮਨਜ਼ੂਰ ਨਾ ਹੋਇਆ। ਅਜੀਤ ਕੌਰ ਦਿਲ ਦੀ ਸਾਫ਼ ਤੇ ਸ਼ਰੀਕੇ ਭਾਈਚਾਰੇ ਵਿਚ ਮਿਲ ਕੇ ਰਹਿੰਦੀ ਸੀ। ਕਦੇ ਕਿਸੇ ਨਾਲ ਕੋਈ ਲੜਾਈ ਝਗੜਾ ਨਹੀਂ ਕੀਤਾ। ਆਪ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੀ ਹੋਈ 17-7-2015 ਨੂੰ ਤੜਕਸਾਰ ਗੁਰੂ ਚਰਨਾਂ 'ਚ ਜਾ ਬਿਰਾਜੀ। ਸਾਰੇ ਪਰਿਵਾਰ ਨੇ ਬਹੁਤ ਸੇਵਾ ਕੀਤੀ ਸੀ। ਆਪ ਦੇ ਨਮਿਤ ਮਿਤੀ 29-7-2015 ਨੂੰ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਤੇ ਆਈਆਂ ਸੰਗਤਾਂ ਨੂੰ ਗੁਰੂ ਕੇ ਅਟੁੱਟ ਲੰਗਰ ਵਰਤਾਏ ਗਏ।

ਪਾਖਰ ਸਿੰਘ ਹੁਣ ਜ਼ਿਆਦਾ ਸਮਾਂ ਪ੍ਰਮਾਤਮਾ ਦੇ ਸਿਮਰਨ ਵਿਚ ਲਗਾਉਂਦੇ ਹਨ।

ਸ. ਬਸੰਤ ਸਿੰਘ ਦੇ ਲੜਕੇ

1. ਅਜੀਤ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਨਸੀਬ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਾਪੁਰ ਚਲੁੱਪਰ ਹਨ। ਆਪ ਦਾ ਵਿਚੋਲਾ ਮੁਨਸ਼ੀ ਬੈਂਸ ਤੇ ਦਿਵਾਨ ਸਿੰਘ ਰਾਪੁਰ ਸਨ। ਅਜੀਤ ਸਿੰਘ ਤੋਂ ਇਕ ਛੋਟਾ ਲੜਕਾ ਸੀ ਜੋ ਬਚਪਨ ਵਿਚ ਹੀ ਗੁਜਰ ਗਿਆ ਸੀ। ਅਜੀਤ ਸਿੰਘ ਆਪਣੀਆਂ ਤਿੰਨ ਭੈਣਾਂ ਤੋਂ ਛੋਟਾ ਹੋਣ ਕਰਕੇ ਇਸ ਨੂੰ ਮਾਤਾ ਪਿਤਾ ਤੇ ਭੈਣਾਂ ਦਾ ਜ਼ਿਆਦਾ ਪਿਆਰ ਮਿਲਿਆ ਹੈ।

ਪੜ੍ਹਾਈ:- ਅਜੀਤ ਸਿੰਘ ਨੇ ਮੁੱਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਸਾਹਰੀ ਤੋਂ ਪ੍ਰਾਪਤ ਕੀਤੀ। ਆਪ ਨੇ ਦਸਵੀਂ ਜਮਾਤ 1959 'ਚ ਸ੍ਰੀ ਹਰਗੋਬਿੰਦ ਸਿੰਘ ਹਾਈ ਸਕੂਲ ਨਸਰਾਲੇ ਤੋਂ ਪਾਸ ਕੀਤੀ। ਉਸ ਸਮੇਂ ਨਸਰਾਲਾ ਸਕੂਲ ਸਰਕਾਰੀ ਨਹੀਂ

ਸੀ। ਆਪ ਦੇ ਦਸਵੀਂ ਜਮਾਤ ਦੇ ਸਹਿਪਾਠੀ ਜਗਤਾਰ ਸਿੰਘ ਸਪੁੱਤਰ ਹਜ਼ਾਰਾ ਸਿੰਘ ਸਨ। ਪਿਛਲੇ ਸਮੇਂ ਵਿਚ ਮਿਡਲ ਤੇ ਦਸਵੀਂ ਜਮਾਤ ਦੀ ਬਹੁਤ ਕਦਰ ਸੀ। ਸਕੂਲ ਦੂਰ ਹੋਣ ਕਰਕੇ ਤੇ ਗਰੀਬੀ ਕਰਕੇ ਆਮ ਬੱਚੇ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਸਨ। ਆਪ ਦਾ ਦਸਵੀਂ ਦਾ ਸੈਂਟਰ ਖਾਲਸਾ ਹਾਈ ਸਕੂਲ ਪੁਰਹੀਰਾਂ ਹੁਸ਼ਿਆਰਪੁਰ ਸੀ।

ਕੰਮ ਦੀ ਤਲਾਸ਼:- ਰੋਜ਼ੀ-ਰੋਟੀ ਵਾਸਤੇ ਆਪ ਆਪਣੇ ਪਿਤਾ ਦੇ ਕੋਲ ਜਲੰਧਰ ਚਲੇ ਗਏ। ਉਥੇ ਆਪ ਲਾਲਾ ਚਮਨ ਲਾਲ ਦੇ ਕਾਰਖਾਨੇ ਵਿਚ ਰਾਤ ਵੇਲੇ ਕੰਮ ਕਰਦੇ ਤੇ ਦਿਨ ਵੇਲੇ ਟਾਈਪ ਸਿੱਖਦੇ ਸਨ। ਇਨ੍ਹਾਂ ਲਾਲਿਆਂ ਦਾ ਬਰਤਨ ਬਣਾਉਣ ਦਾ ਕਾਰਖਾਨਾ ਹਿਮਾਚਲ ਦੇ ਜ਼ਿਲ੍ਹਾ ਸੋਲਨ ਵਿਚ ਸੀ। ਇਥੇ ਵੀ ਅਜੀਤ ਸਿੰਘ ਨੇ ਕੰਮ ਕੀਤਾ ਹੈ। ਥੋੜ੍ਹਾ ਸਮਾਂ ਆਪ ਨੇ ਨਸਰਾਲੇ ਚੋਅ ਉੱਪਰ ਵੀ ਕੰਮ ਕੀਤਾ ਹੈ। ਨਸਰਾਲੇ ਵਾਲੇ ਚੋਅ ਦੇ ਦੋਵੇਂ ਪਾਸੇ ਬੰਨ੍ਹ ਬਣਾਏ ਗਏ। ਪਿੰਡ ਅਜੜਾਮ ਦੇ ਚੜ੍ਹਦੇ ਪਾਸੇ ਬੰਨ੍ਹ ਤੇ ਦਰਖਤ ਲਗਾਏ ਗਏ। ਬੇਲਦਾਰ ਦੀ ਛੰਨ ਬੰਨ੍ਹ ਉਪਰ ਬਣੀ ਹੋਈ ਸੀ। ਬੰਨ੍ਹ ਦੇ ਉਪਰ ਨਲਕਾ ਲੱਗਾ ਹੋਇਆ ਸੀ। ਬੇਲਦਾਰ ਬਹਿੰਗੀ ਨਾਲ ਦਰਖਤਾਂ ਨੂੰ ਪਾਣੀ ਪਾਉਂਦਾ ਹੁੰਦਾ ਸੀ। ਅਜੀਤ ਸਿੰਘ ਦੇ ਨਾਲ ਆਪ ਦਾ ਛੋਟਾ ਭਾਈ ਨਿਰਮਲ ਸਿੰਘ ਵੀ ਸੀ। ਆਪ ਦੋਵੇਂ ਜਣੇ ਪਿੰਡ ਘੜਿਆਲੇ ਆਪਣੀ ਮਾਸੀ ਦੇ ਕੋਲ ਰਹਿੰਦੇ ਸਨ। ਇਹ ਚੋਅ ਨਸਰਾਲਾ, ਅਜੜਾਮ, ਡਰੋਲੀ, ਪਾਸ਼ਟਾ ਤੋਂ ਹੁੰਦਾ ਹੋਇਆ ਫਗਵਾੜੇ ਵਾਲੀ ਵੇਈਂ ਵਿਚ ਪਾਇਆ ਗਿਆ। ਮਾਸੜ ਭਗਤ ਸਿੰਘ ਵੀ ਬੰਨ੍ਹ ਉਪਰ ਕੰਮ ਕਰਦਾ ਸੀ।

ਭਰਤੀ ਹੋਣਾ:- ਇਸ ਹੀ ਸਮੇਂ ਦੇ ਦੌਰਾਨ ਪਿੰਡ ਹੁਸੈਨਪੁਰ ਦਾ ਜੀਤ ਸਿੰਘ ਇਸ ਨੂੰ ਮਿਲਿਆ ਤੇ ਕਹਿਣ ਲੱਗਾ ਭਾਈ ਸਾਹਿਬ ਫੌਜ ਦੀ ਭਰਤੀ ਚੱਲ ਰਹੀ ਹੈ। ਆਪ ਉਸ ਦੇ ਨਾਲ ਜਲੰਧਰ ਛਾਉਣੀ ਚਲੇ ਗਏ। ਆਪ ਮਿਤੀ 5-11-1963 ਨੂੰ ਪੰਜ ਸਿਖਲਾਈ ਰਜਮੈਂਟ ਵਿਚ ਭਰਤੀ ਹੋ ਗਏ। ਆਪ ਦਾ ਫੌਜ ਦਾ ਨੰਬਰ 4443476 ਹੈ।

ਆਪਣੀ ਸਰਵਿਸ ਦੇ ਦੌਰਾਨ ਆਪ ਮੇਰਠ ਛਾਉਣੀ, ਛੰਬ ਜੋੜੀਆਂ, ਬਿਹਾਰ ਵਿਚ ਗਯਾ, ਪਟਨਾ, ਅੰਬਾਲਾ, ਕਲਕੱਤਾ, ਬੰਬਈ, ਯੂ.ਪੀ. ਵਿਚ ਫਤਹਿਗੜ੍ਹ ਸਿੱਖ ਸੈਂਟਰ, ਜੰਮੂ ਵੈਸਟਰਨ ਕਮਾਂਡ ਸ਼ਿਮਲਾ ਵਿਖੇ ਨੌਕਰੀ ਕੀਤੀ ਹੈ। ਆਪਣੀ ਫੌਜ ਦੀ ਨੌਕਰੀ ਦੇ ਦੌਰਾਨ ਆਪ ਨੇ ਆਪਣੇ ਛੋਟੇ ਭਰਾਵਾਂ ਦੀਆਂ ਵਿਆਹ ਸ਼ਾਦੀਆਂ ਕੀਤੀਆਂ ਤੇ ਪੱਕੇ ਮਕਾਨ ਬਣਾਏ।

ਮਾਤਾ ਬਿਸ਼ਨ ਕੌਰ ਦੀ ਸੇਵਾ:- ਮਾਤਾ ਬਿਸ਼ਨ ਕੌਰ ਦੀ ਸਿਹਤ ਕੁਝ ਖਰਾਬ ਹੋ ਗਈ। ਅਜੀਤ ਸਿੰਘ ਨਵੰਬਰ 1972 ਈ: ਵਿਚ ਛੁੱਟੀ ਆਏ ਸਨ। ਜਦੋਂ ਆਪ ਨੇ ਮਾਤਾ ਨੂੰ ਬਿਮਾਰ ਦੇਖਿਆ ਤਾਂ ਬਹੁਤ ਗਹਿਰਾ ਦੁੱਖ ਮਹਿਸੂਸ ਕੀਤਾ। ਪਹਿਲਾਂ ਪਹਿਲ ਮਾਤਾ ਬਿਸ਼ਨ ਕੌਰ ਨੂੰ ਬੁਖਾਰ ਦੀ ਸ਼ਿਕਾਇਤ ਸੀ। ਜਦੋਂ ਆਪ ਛੁੱਟੀ ਕੱਟ ਕੇ ਗਏ ਤਾਂ ਨਿਰਮਲ ਸਿੰਘ ਛੁੱਟੀ ਆ ਗਿਆ ਸੀ। ਸਿਆਲ ਰੁੱਤੇ ਕੋਲ਼ੇ ਦੀ ਅੰਗੀਠੀ ਮਘਦੀ ਰਹਿੰਦੀ ਸੀ। ਪਿੰਡ ਦੇ ਸਾਰੇ ਆਦਮੀ ਸਵੇਰੇ ਤੇ ਸ਼ਾਮ ਖ਼ਬਰ ਨੂੰ ਆਉਂਦੇ ਸਨ। ਸਾਡੇ ਤਾਏ ਧੰਨਾ ਸਿੰਘ ਨੇ ਕਿਹਾ ਕਿ "ਬਿਸੀਏ ਆਪ ਦਾ ਤਾਂ ਸ਼ਾਹੀ ਇਲਾਜ ਹੋ ਰਿਹਾ ਹੈ। ਐਨਾ ਕੋਈ

ਕਰਾ ਨਹੀਂ ਸਕਦਾ। ਆਰਾਮ ਦੇਣਾ ਪ੍ਰਮਾਤਮਾ ਦੇ ਬਸ ਹੈ ਦਿਲ ਨਹੀਂ ਛੱਡਣਾ।" ਆਪ ਫੌਜ ਵਿਚੋਂ ਜਲਦੀ ਆ ਗਏ ਸਨ। ਫੌਜ ਵਿਚੋਂ ਆਪ ਨੂੰ ਛੁੱਟੀ ਨਹੀਂ ਮਿਲੀ ਸੀ। ਆਪ ਨੇ ਕਿਹਾ ਮੇਰੀ ਮਾਤਾ ਬਿਮਾਰ ਹੈ। ਮੈਂ ਘਰ ਜ਼ਰੂਰ ਜਾਣਾ ਹੈ। ਫੌਜ ਦਾ ਇਕ ਕਰਮਚਾਰੀ ਪਿੰਡ ਦੇ ਸਰਪੰਚ ਮਹਿੰਦਰ ਸਿੰਘ ਦੇ ਕੋਲ ਤਫਤੀਸ਼ ਕਰਨ ਆਇਆ ਕਿ ਵਾਕਿਆ ਹੀ ਅਜੀਤ ਸਿੰਘ ਦੀ ਮਾਤਾ ਬਿਮਾਰ ਹੈ। ਸਰਪੰਚ ਮਹਿੰਦਰ ਸਿੰਘ ਨੇ ਮੈਨੂੰ ਸੱਦਿਆ ਤੇ ਮੈਂ ਦਸ ਦਿੱਤਾ ਕਿ ਉਹ ਮਿਤੀ 18-4-1973 ਨੂੰ ਸੁਰਗਵਾਸ ਹੋ ਗਈ ਹੈ। ਫਿਰ ਉਹ ਕਰਮਚਾਰੀ ਤਫਤੀਸ਼ ਕਰਕੇ ਚਲਾ ਗਿਆ।

ਪੁੱਤਰ ਦੀ ਦਾਤ:- ਵਿਆਹ ਤੋਂ ਬਹੁਤ ਸਮੇਂ ਮਗਰੋਂ ਆਪ ਦੇ ਗ੍ਰਹਿ ਵਿਖੇ ਮਿਤੀ 20-8-1975 ਦਿਨ ਬੁੱਧਵਾਰ ਨੂੰ ਪੁੱਤਰ ਦਾ ਜਨਮ ਹੋਇਆ, ਜਿਸ ਦਾ ਨਾਮ ਪ੍ਰਤਾਪ ਸਿੰਘ ਰੱਖਿਆ ਗਿਆ। ਪ੍ਰਤਾਪ ਸਿੰਘ ਦਾ ਜਨਮ ਸਾਡੇ ਤਾਇਆ ਤੁਲਸੀ ਦਾਸ ਦੇ ਅਸ਼ੀਰਵਾਦ ਨਾਲ ਹੋਇਆ। ਮੈਂ ਹੁਸ਼ਿਆਰਪੁਰ ਕਾਲਜ ਤੋਂ ਪੜ੍ਹ ਕੇ ਆਇਆ ਹੀ ਸੀ ਕਿ ਦੋ ਚਾਰ ਘਰਾਂ ਦੀਆਂ ਸਿਆਣੀਆਂ ਆਈਆਂ ਕਿ ਕਾਕਾ ਨਸੀਬ ਕੌਰ ਦਾ ਕੀ ਹਾਲ ਹੈ। ਇਸ ਦਿਨ ਬਾਰਿਸ਼ ਬਹੁਤ ਹੋ ਰਹੀ ਸੀ। ਪਿਤਾ ਬਸੰਤ ਸਿੰਘ ਪਹਿਲਾਂ ਹੀ ਆਪ ਦੀ ਚਿੱਠੀ ਲੈ ਕੇ ਨਸੀਬ ਕੌਰ ਦੇ ਭਰਾਵਾਂ ਨਾਲ ਮਿਲਟਰੀ ਛਾਉਣੀ ਹਸਪਤਾਲ ਜਲੰਧਰ ਪਹੁੰਚੇ ਹੋਏ ਸਨ। ਮੈਂ ਤੇ ਮੇਰੀ ਭਰਜਾਈ ਜੋਗਿੰਦਰ ਕੌਰ ਸ਼ਾਮ ਨੂੰ ਬਾਰਸ਼ ਪੈਂਦੀ ਦੇ ਵਿਚ ਹੀ ਪਿੰਡ ਰਾਪੁਰ ਪਹੁੰਚੇ ਪਰ ਜਲੰਧਰ ਤੋਂ ਅਜੇ ਕੋਈ ਨਹੀਂ ਆਇਆ ਸੀ। ਮੈਂ ਰਾਤ ਨੂੰ ਪਿੰਡ ਰਾਪੁਰ ਦੇ ਦੋ ਬੰਦਿਆਂ ਦੇ ਨਾਲ ਟੈਲੀਫੂਨ ਦਫ਼ਤਰ ਸ਼ਾਮ ਚੁਰਾਸੀ ਪਹੁੰਚਿਆ। ਅਸੀਂ ਟੈਲੀਫੂਨ ਕੀਤਾ ਪਰ ਜਵਾਬ ਨਾ ਮਿਲਿਆ। ਸਵੇਰ ਸਾਰ ਨਸੀਬ ਕੌਰ ਦਾ ਵੱਡਾ ਭਾਈ ਪ੍ਰੀਤਮ ਸਿੰਘ ਘਰ ਆਇਆ ਉਸ ਨੇ ਦੱਸਿਆ ਕਿ ਤੁਹਾਨੂੰ ਬਹੁਤ-ਬਹੁਤ ਵਧਾਈਆਂ। ਸਾਡੀ ਭੈਣ ਦੇ ਲੜਕਾ ਹੋਇਆ ਹੈ। ਸਾਰਿਆਂ ਨੇ ਵਧਾਈਆਂ ਦਿੱਤੀਆਂ। ਅਸੀਂ ਪਿੰਡ ਪਹੁੰਚ ਕੇ ਸਾਰਿਆਂ ਨੂੰ ਦੱਸਿਆ ਤਾਂ ਹਰ ਕੋਈ ਆਖਦਾ ਸੀ ਕਿ ਨਸੀਬ ਕੌਰ ਨੇ ਮਾਤਾ ਬਿਸ਼ਨ ਕੌਰ ਦੀ ਬਹੁਤ ਸੇਵਾ ਕੀਤੀ ਹੈ। ਪ੍ਰਮਾਤਮਾ ਨੇ ਸੁਣ ਲਈ ਹੈ ਤੇ ਪੁੱਤਰ ਦੀ ਦਾਤ ਦਿੱਤੀ ਹੈ।

ਨਸੀਬ ਕੌਰ ਨੂੰ ਦਾਖ਼ਲ ਕਰਨ ਤੋਂ ਪਹਿਲਾਂ ਡਾਕਟਰ ਨੇ ਦੱਸਿਆ ਕਿ ਵੱਡਾ ਓਪਰੇਸ਼ਨ ਹੋਣਾ ਹੈ, ਹੋ ਸਕੇ ਤਾਂ ਇਕ ਜੀਵ ਬਚੇਗਾ ਅਸੀਂ ਕੋਸ਼ਿਸ਼ ਪੂਰੀ ਕਰਾਂਗੇ। ਜਦੋਂ ਨਸੀਬ ਕੌਰ ਦੀਆਂ ਕੰਨਾਂ ਦੀਆਂ ਵਾਲੀਆਂ ਲੁਹਾ ਲਈਆਂ ਤਾਂ ਫਾਰਮ 'ਤੇ ਵਾਰਸ ਬਸੰਤ ਸਿੰਘ ਦੇ ਦਸਤਖ਼ਤ ਕਰਵਾ ਲਏ। ਨਸੀਬ ਕੌਰ ਨੇ ਲੇਟਣ ਤੋਂ ਪਹਿਲਾਂ ਕਿਹਾ, "ਭਾਈਆ ਜੀ ਹੋਰ ਤਾਂ ਠੀਕ ਹੈ ਮੈਂ ਗੁਰਦਿਆਲ ਸਿੰਘ ਨੂੰ ਮਿਲਣਾ ਚਾਹੁੰਦੀ ਹਾਂ।" ਜਦੋਂ ਮੈਨੂੰ ਇਹ ਸ਼ਬਦ ਉਸ ਦੇ ਭਾਈ ਨੇ ਦੱਸੇ ਤਾਂ ਮੈਂ ਰੋਣ ਲੱਗ ਪਿਆ। ਲੜਕਾ ਹੋਣ ਤੋਂ ਪਹਿਲਾਂ ਮੈਂ ਆਪ ਗੁਸਲਖਾਨੇ ਵਿਚ ਪਾਣੀ ਦੀ ਬਾਲਟੀ ਭਰ ਕੇ ਰੱਖਦਾ ਸੀ। ਸਾਨੂੰ ਬਹੁਤ-ਬਹੁਤ ਖੁਸ਼ੀ ਸੀ ਜਦੋਂ ਅਜੀਤ ਸਿੰਘ ਨੂੰ ਇਸ ਸਬੰਧੀ ਟੈਲੀਗ੍ਰਾਮ ਕੀਤੀ ਗਈ ਤਾਂ ਅਜੀਤ ਸਿੰਘ ਦੋ ਮਹੀਨੇ ਦੀ ਛੁੱਟੀ ਆ ਗਿਆ। ਇਕ ਮਹੀਨੇ ਮਗਰੋਂ ਨਸੀਬ ਕੌਰ ਨੂੰ

ਛਾਉਣੀ ਹਸਪਤਾਲ ਜਲੰਧਰ ਤੋਂ ਛੁੱਟੀ ਮਿਲੀ ਸੀ।

ਪੈਨਸ਼ਨ ਆਉਣਾ:- ਅਜੀਤ ਸਿੰਘ 24 ਸਾਲ ਦੀ ਬੇਦਾਗ ਸੇਵਾ ਕਰਨ ਉਪਰੰਤ ਬਤੌਰ ਸੂਬੇਦਾਰ 1988 'ਚ ਪੈਨਸ਼ਨ ਆਏ। ਮੈਂ ਇਨ੍ਹਾਂ ਦੇ ਕੋਲ ਫੌਜ ਵਿਚ ਕਈ ਵਾਰ ਗਿਆ ਸੀ। ਆਪ ਨੇ ਪੈਨਸ਼ਨ ਆ ਕੇ ਆਪਣੇ ਮਕਾਨ ਸੰਵਾਰੇ ਸਨ। ਘਰ ਵਿਚ ਦੁੱਧ ਵਾਸਤੇ ਮੱਝਾਂ ਰੱਖਣੀਆਂ ਸ਼ੁਰੂ ਕੀਤੀਆਂ। ਜਿਸ ਨਾਲ ਘਰ ਵਿਚ ਦੁੱਧ ਦੀ ਲਹਿਰ ਬਹਿਰ ਹੁੰਦੀ ਸੀ। ਦੋ ਵੇਲੇ ਪੱਠੇ ਲੈ ਕੇ ਆਉਣਾ। ਪਸ਼ੂਆਂ ਦਾ ਪੱਠਾ-ਦੱਥਾ ਕਰਨ ਵਿਚ ਦਿਨ ਲੰਘ ਜਾਂਦਾ। ਵੈਸੇ ਵੀ ਆਪ ਦੋ ਵਕਤ ਸੈਰ ਕਰਦੇ ਹਨ। ਆਪਣੇ ਸਰੀਰ ਦੀ ਸਾਂਭ ਸੰਭਾਲ ਰੱਖਦੇ ਹਨ। ਆਪ ਮੀਆਂ ਬੀਬੀ ਦੋਹਾਂ ਨੂੰ ਬਾਬਾ ਚਰਨ ਸਿੰਘ ਜੀ ਬਿਆਸ ਵਾਲਿਆਂ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ। ਰੋਜ਼ ਸਵੇਰ ਨੂੰ ਅਖ਼ਬਾਰ ਪੜ੍ਹਨੀ, ਟੀ.ਵੀ. ਤੋਂ ਖ਼ਬਰਾਂ ਸੁਣਨੀਆਂ ਆਪ ਦਾ ਸ਼ੁਗਲ ਹੈ।

ਜੂਨ 2008 ਵਿਚ ਪੰਚਾਇਤ ਦੀਆਂ ਹੋਈਆਂ ਚੋਣਾਂ ਵਿਚ ਆਪ 2008 ਤੋਂ 2013 ਤੱਕ ਪਿੰਡ ਗਗਨੌਲੀ ਦੇ ਪੰਚ ਰਹੇ। ਪੰਚਾਇਤ ਦੇ ਕਈ ਮਸਲੇ ਸਨ ਜਿਨ੍ਹਾਂ ਦੇ ਨਿਪਟਾਰੇ ਲਈ ਆਪ ਸਰਪੰਚ ਮਨਜੀਤ ਕੌਰ ਨਾਲ ਹੁਸ਼ਿਆਰਪੁਰ ਜਾਂਦੇ ਰਹੇ।

ਜੋ ਮਕਾਨ ਆਪ ਨੇ ਮਾਰਚ 1969 ਵਿਚ ਬਣਾਏ ਸਨ ਉਨ੍ਹਾਂ ਨੂੰ ਢਾਹ ਕੇ ਆਪ ਨੇ ਨਵੀਂ ਦਿਖ ਦਿੱਤੀ ਹੈ। ਲੈਂਟਰ ਪਾ ਕੇ ਨਵੀਂ ਕੋਠੀ ਤਿਆਰ ਕੀਤੀ ਹੈ। ਲਾਗਲੇ ਪਿੰਡ ਹੁਸੈਨਪੁਰ ਦਾ ਮਿਸਤਰੀ ਜਗਦੀਸ਼ ਸਿੰਘ ਵਧੀਆ ਮਿਸਤਰੀ ਹੈ। ਇਸ ਦਾ ਉਦਘਾਟਨ ਮਿਤੀ 6-9-1915 ਦਿਨ ਐਤਵਾਰ ਕੀਤਾ ਹੈ।

ਵੰਸ਼:- ਆਪ ਦਾ ਇਕ ਲੜਕਾ ਪ੍ਰਤਾਪ ਸਿੰਘ ਹੈ ਜੋ ਬੀ.ਏ. ਪਾਸ ਹੈ। ਅਤਿ ਦਾ ਸ਼ਰੀਫ ਲੜਕਾ ਹੈ। ਜੋ ਨਸਰਾਲੇ ਕਲੀਨ ਪਲਾਂਟ ਫੈਕਟਰੀ ਵਿਚ ਬਤੌਰ ਸੁਪਰਵਾਈਜ਼ਰ ਕੰਮ ਕਰਦਾ ਹੈ। ਕੰਪਿਊਟਰ ਕੋਰਸ ਵੀ ਕੀਤਾ ਹੈ। ਇਸ ਸਮੇਂ ਸੋਨਾਲੀਕਾ ਫੈਕਟਰੀ 'ਚ ਬਤੌਰ ਸੁਪਰਵਾਈਜ਼ਰ ਡਿਊਟੀ ਕਰ ਰਿਹਾ ਹੈ।

ਵਿਆਹ:- ਪ੍ਰਤਾਪ ਸਿੰਘ ਦਾ ਵਿਆਹ ਇੰਦਰਜੀਤ ਕੌਰ ਨਾਲ ਮਿਤੀ 29-3-2004 ਨੂੰ ਹੋਇਆ ਹੈ। ਇੰਦਰਜੀਤ ਕੌਰ ਦੇ ਪੇਕੇ ਬਹਾਦਰਪੁਰ ਭਾਈਆਂ ਹੁਸ਼ਿਆਰਪੁਰ ਹਨ। ਇੰਦਰਜੀਤ ਕੌਰ ਨੇ ਸਿਲਾਈ-ਕਢਾਈ ਦਾ ਕੋਰਸ ਕੀਤਾ ਹੋਇਆ ਹੈ। ਘਰ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਿਆ ਹੋਇਆ ਹੈ। ਘਰ ਵਿਚ ਆਏ ਗਏ ਮਹਿਮਾਨ ਦੀ ਠੀਕ ਆਓ ਭਗਤ ਕਰਦੀ ਹੈ।

ਵੰਸ਼: ਲੜਕਾ-ਲੜਕੀ।

ਲੜਕੇ ਦਾ ਨਾਮ ਮਨਪ੍ਰੀਤ ਸਿੰਘ ਹੈ। ਲੜਕੀ ਦਾ ਨਾਮ ਦਮਨਪ੍ਰੀਤ ਕੌਰ ਹੈ। ਦੋਵੇਂ ਭੈਣ ਭਰਾ ਟਰੂ ਲਾਈਟ ਹਾਈ ਸਕੂਲ ਨਸਰਾਲਾ ਵਿਖੇ ਪੜ੍ਹ ਰਹੇ ਹਨ। ਇਸ ਸਕੂਲ ਨੂੰ ਵਕੀਲ ਦਾ ਸਕੂਲ ਕਿਹਾ ਜਾਂਦਾ ਹੈ, ਜੋ ਦਸਵੀਂ ਜਮਾਤ ਦਾ ਮੇਰਾ ਸਹਿਪਾਠੀ ਹੈ।

ਨੋਟ: ਸ. ਅਜੀਤ ਸਿੰਘ ਦੀ ਸਿਹਤ ਤਾਂ ਠੀਕ ਠਾਕ ਹੈ। ਪਰ ਜੀਵਨ ਸਾਥੀ ਨਸੀਬ ਕੌਰ 8-9-2009 ਨੂੰ ਸਦੀਵੀ ਵਿਛੋੜਾ ਦੇ ਗਈ ਸੀ। ਉਸ ਨੂੰ ਸ਼ੂਗਰ ਦੀ

ਬਿਮਾਰੀ ਸੀ। ਅਜੀਤ ਸਿੰਘ ਸਮੇਂ-ਸਮੇਂ 'ਤੇ ਨਸੀਬ ਕੌਰ ਦਾ ਇਲਾਜ ਕਰਵਾਉਂਦਾ ਰਿਹਾ ਪਰ ਜਦੋਂ ਪ੍ਰਮਾਤਮਾ ਦੀ ਚਿੱਠੀ ਆ ਜਾਂਦੀ ਹੈ ਤਾਂ ਵਸਦੇ-ਰਸਦੇ ਪਰਿਵਾਰ ਨੂੰ ਛੱਡ ਕੇ ਜਾਣਾ ਪੈਂਦਾ ਹੈ। ਇਹੀ ਵਿਧੀ ਵਿਧਾਨ ਹੈ।

2. ਨਿਰਮਲ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਜੋਗਿੰਦਰ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜੱਲੋਵਾਲ ਖਨੂਰ ਹਨ। ਆਪ ਦੀ ਮੰਗਣੀ ਰਾਮ ਸਿੰਘ ਦੇ ਨਾਲ ਹੀ ਹੋ ਗਈ ਸੀ ਪਰ ਵਿਆਹ ਮਗਰੋਂ ਹੋਇਆ।

ਨਿਰਮਲ ਸਿੰਘ ਨੇ ਸ.ਹ. ਸਕੂਲ ਸਾਹਰੀ ਤੋਂ 8ਵੀਂ ਜਮਾਤ ਪਾਸ ਕੀਤੀ। ਆਪ ਸਰੀਰਕ ਤੌਰ ਤੇ ਤਕੜੇ ਸਨ। ਉਸ ਸਮੇਂ ਰਾਮਦਾਸੀਆ ਸਿੱਖ ਜ਼ਿਆਦਾ ਕਰਕੇ ਫੌਜ ਵਿਚ ਭਰਤੀ ਹੁੰਦੇ ਸਨ। ਆਪ ਲੁਧਿਆਣੇ ਜਾ ਕੇ 11-8-1962 ਵਿਚ ਭਰਤੀ ਹੋਏ। ਆਪ ਦੇ ਨਾਲ ਗੁਲਜਾਰ ਸਿੰਘ ਸਪੁੱਤਰ ਸੰਤਾ ਸਿੰਘ ਵੀ ਗਿਆ ਸੀ ਜੋ ਡਾਕਟਰੀ ਵਿੱਚੋਂ ਰਹਿ ਗਿਆ ਸੀ। ਆਪ ਭਰਤੀ ਹੋ ਕੇ ਮਹਾਂਰਾਸ਼ਟਰ ਦੇ ਸ਼ਹਿਰ ਕਿਰਕੀ ਪੂਨਾ ਵਿਖੇ ਗਏ। ਆਪ ਬੱਚਾ ਪਾਰਟੀ ਵਿਚ ਭਰਤੀ ਹੋਏ ਸਨ। ਭਰਤੀ ਕਰਨ ਵਾਲਾ ਸ. ਜਗਤ ਸਿੰਘ ਸੂਬੇਦਾਰ ਸੀ ਜੋ ਸ਼ਰੀਕੇ ਭਾਈਚਾਰੇ ਵਿੱਚੋਂ ਸਾਡਾ ਮਾਮਾ ਲੱਗਦਾ ਸੀ। ਆਪ ਨੇ ਫੌਜ ਵਿਚ ਜਾ ਕੇ ਦਸਵੀਂ ਪੱਧਰ ਦੀ ਪੜ੍ਹਾਈ ਕੀਤੀ, ਜਿਸ ਨਾਲ ਆਪ ਨੂੰ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਦਾ ਗਿਆਨ ਹੋ ਗਿਆ। ਜਦੋਂ ਆਪ ਨੇ ਛੁੱਟੀ ਆਉਣਾ ਹੁੰਦਾ ਤਾਂ ਆਪ ਦੀ ਦਿੱਤੀ ਤਾਰੀਖ ਮੁਤਾਬਕ ਅਸੀਂ ਰੇਲਵੇ ਸਟੇਸ਼ਨ ਨਸਰਾਲਾ ਵਿਖੇ ਪਹੁੰਚ ਜਾਂਦੇ। ਸਾਨੂੰ ਆਪਣੇ ਭਰਾਵਾਂ ਦੇ ਆਉਣ ਦੀ ਬਹੁਤ ਖੁਸ਼ੀ ਹੁੰਦੀ। ਜਦੋਂ ਫੌਜੀ ਛੁੱਟੀ ਕੱਟ ਕੇ ਜਾਂਦੇ ਸਨ ਤਾਂ ਘਰ ਸੁੰਨਾ-ਸੁੰਨਾ ਲੱਗਦਾ ਸੀ। ਜਿਸ ਦਿਨ ਜਾਣਾ ਹੁੰਦਾ ਤਾਂ ਵੀ ਅਸੀਂ ਵਿਹੜੇ ਦੇ ਲੜਕੇ ਇਕੱਠੇ ਹੋ ਕੇ ਰੇਲਵੇ ਸਟੇਸ਼ਨ ਨਸਰਾਲਾ ਵਿਖੇ ਬਿਸਤਰਾ ਲੈ ਕੇ ਛੱਡਣ ਜਾਂਦੇ। ਕਈ ਵਾਰ ਫੌਜੀ ਕਣਕ ਜਾਂ ਮੱਕੀ ਦੇ ਸੀਜਨ 'ਤੇ ਛੁੱਟੀ ਆਉਂਦੇ ਸਨ। ਉਸ ਸਮੇਂ ਪਰਿਵਾਰ ਖੇਤੀ ਕਰਦਾ ਸੀ। ਥੋੜ੍ਹਾ ਸਮਾਂ ਪਰਿਵਾਰ ਨੇ ਰਲ ਕੇ ਮੂੰਗਫਲੀ ਦੀ ਖੇਤੀ ਕੀਤੀ। ਸਾਡਾ ਚਾਚਾ ਸ਼ੰਕਰ ਸਿੰਘ ਸਾਰੇ ਘਰਾਂ ਦੀ ਜ਼ਮੀਨ ਵਾਹੁੰਦੇ ਸਨ। ਕਈ ਸਾਲ ਪਿੰਡ ਦੀ ਪੰਚਾਇਤ ਦੀ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦੇ ਰਹੇ। ਚਾਰ ਘਰਾਂ ਦਾ ਵੱਡਾ ਸਾਂਝਾ ਘਰ ਸੀ। ਆਏ ਗਏ ਰਿਸ਼ਤੇਦਾਰ ਦੀ ਵੀ ਬਹੁਤ ਆਓ ਭਗਤ ਹੁੰਦੀ ਸੀ। ਉਹ ਸਮਾਂ ਚੰਗਾ ਸੀ।

ਵਿਆਹ:- ਨਿਰਮਲ ਸਿੰਘ ਦਾ ਵਿਆਹ 14-10-1970 ਕੱਤਕ 29 ਦਾ ਸੀ। ਆਪ ਦਾ ਵਿਆਹ ਪਹਿਲਾਂ ਤਹਿ ਕਰ ਦਿੱਤਾ ਗਿਆ ਸੀ। ਆਪ ਨੂੰ ਹੁਸ਼ਿਆਰਪੁਰ ਤੋਂ ਟੈਲੀਗ੍ਰਾਮ ਕੀਤੀ ਗਈ। ਆਪ ਵਿਆਹ ਤੋਂ ਥੋੜ੍ਹੇ ਦਿਨ ਪਹਿਲਾਂ ਪਹੁੰਚੇ ਸਨ। ਉਸ ਸਮੇਂ ਜਨੇਤਾਂ ਰਾਤ ਰੱਖਣ ਦਾ ਰਿਵਾਜ਼ ਸੀ। ਸਵਰਨ ਸਿੰਘ ਨਸਰਾਲਾ ਦੀ ਟਰਾਲੀ ਤੇ ਕਾਰ ਜਨੇਤ ਵਾਸਤੇ ਸਨ। ਇਸ ਵਿਆਹ ਵਿਚ ਮੋਹਨ ਸਿੰਘ ਸਪੁੱਤਰ ਸਾਧੂ ਸਿੰਘ ਜੋ ਇੰਗਲੈਂਡ ਤੋਂ ਪਹਿਲੀ ਵਾਰ ਛੁੱਟੀ ਆਇਆ ਸੀ ਉਹ ਵੀ ਬਰਾਤ ਗਿਆ ਸੀ।

ਗੇਮਾਂ:- ਫੌਜ ਵਿਚ ਆਪ ਕੰਪਨੀ ਦੀ ਤਰਫ਼ ਤੋਂ ਬੌਕਸਿੰਗ ਖੇਡਦੇ ਸਨ। ਕਈ

ਵਾਰ ਆਪ ਜੇਤੂ ਰਹੇ। ਸਾਡੇ ਘਰ ਬੌਕਸਿੰਗ ਦਾ ਕਲਰ ਜੋ ਕੋਟ 'ਤੇ ਲੱਗਦਾ ਹੈ (1966-67) ਮੇਰੇ ਪਾਸ ਹੈ ਚਾਂਦੀ ਦੇ ਗਲਾਸ ਹਨ। ਆਪ ਦਾ ਗੇਮਾਂ ਵਿਚ ਹਿੱਸਾ ਲੈਣ ਦਾ ਮਕਸਦ ਸੀ ਕਿ ਮੈਂ ਸੇਵਾਮੁਕਤ ਹੋ ਕੇ ਕਿਸੇ ਕਾਲਜ ਵਿਚ ਬੌਕਸਿੰਗ ਦੀ ਗੇਮ ਤਿਆਰ ਕਰਾਵਾਂਗਾ। ਇਸ ਮਕਸਦ ਨਾਲ ਆਪ ਨੇ ਸ਼ਿਮਲੇ ਕੋਰਸ ਕੀਤਾ। ਪਰ ਆਪ ਗੁਰਦੁਆਰਾ ਸਾਹਿਬ ਰੋਜ਼ ਜਾਂਦੇ ਸਨ। ਪਾਠੀ ਇਕ ਮਹੀਨੇ ਦੀ ਛੁੱਟੀ ਚਲਾ ਗਿਆ। ਅਫ਼ਸਰ ਸਾਹਿਬਾਨ ਨੇ ਆਪ ਦੀ ਡਿਊਟੀ ਗੁਰੂ ਘਰ ਲਗਾ ਦਿੱਤੀ ਫਿਰ ਆਪ ਇਸ ਪਾਸੇ ਧਿਆਨ ਦੇਣ ਲੱਗੇ। ਆਪਣੀ ਫੌਜ ਦੀ ਨੌਕਰੀ ਦੌਰਾਨ ਆਪ ਨੇ ਕਿਰਕੀ ਪੂਨਾ, ਜੰਮੂ-ਕਸ਼ਮੀਰ, ਅਖਨੂਰ ਸੰਭ ਜੌੜੀਆਂ, ਆਸਾਮ ਬਗੈਰਾ ਨੌਕਰੀ ਕੀਤੀ। ਪੈਨਸ਼ਨ ਆਉਣ ਤੋਂ ਪਹਿਲਾਂ ਆਪ ਨੇ ਹੁਸ਼ਿਆਰਪੁਰ ਤੋਂ ਇਕ ਸਾਲ ਦਾ ਆਈ.ਟੀ.ਆਈ. ਦਾ ਕੋਰਸ (ਟ੍ਰੇਡ ਕਾਰਪੇਂਟਰ) ਪਾਸ ਕੀਤਾ। ਆਪ 24 ਸਾਲ ਦੀ ਨੌਕਰੀ ਕਰਨ ਉਪਰੰਤ ਬੰਬੇ ਇੰਜੀਨੀਅਰ ਗਰੁੱਪ ਨੰ: 1564178 ਕਿਰਕੀ ਪੂਨਾ ਤੋਂ ਬਤੌਰ ਹਵਾਲਦਾਰ (1986) ਪੈਨਸ਼ਨ ਆਏ।

ਡੇਰਾ ਬਾਬਾ ਮਾਹਨ ਦਾਸ ਸਾਹਰੀ:- 108 ਸੰਤ ਸੇਵਾ ਦਾਸ ਸਾਹਰੀ ਨੂੰ ਆਪ ਦੇ ਬਾਰੇ ਪਤਾ ਲੱਗਾ ਤਾਂ ਬਾਬਾ ਜੀ ਨੇ ਆਪਣੇ ਜਥੇ ਨਾਲ ਰਲਾ ਲਿਆ। ਸੰਤ ਬਾਬਾ ਸੇਵਾ ਦਾਸ ਦੇ ਸਮੇਂ ਆਪ ਡੇਰੇ ਦੇ ਹੈੱਡ ਗ੍ਰੰਥੀ ਰਹੇ। ਬਾਬਾ ਜੀ ਆਪ ਨੂੰ ਨਿਰਮਲ ਸਿੰਘ ਨਿਰਮਲ ਕਹਿ ਕੇ ਬੁਲਾਉਂਦੇ ਸਨ। ਸੰਤ ਬਾਬਾ ਸੇਵਾ ਦਾਸ ਜੀ 1-12-2010 ਨੂੰ ਅੰਮ੍ਰਿਤ ਵੇਲੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਬ੍ਰਹਮਲੀਨ ਹੋ ਗਏ ਸਨ। ਉਨ੍ਹਾਂ ਤੋਂ ਮਗਰੋਂ ਵੀ ਆਪ ਡੇਰੇ ਦੇ ਧਾਰਮਿਕ ਸਮਾਗਮ ਕਰਦੇ ਆ ਰਹੇ ਹਨ।

ਜਦੋਂ ਆਪ ਜੰਮੂ ਤੋਂ ਕੁਝ ਦੂਰੀ ਤੇ ਪਲਾਂਹਵਾਲੀ ਸਨ ਤਾਂ ਮੈਂ ਆਪ ਦੇ ਕੋਲ ਜੂਨ 1976 ਤੇ ਦਸੰਬਰ 1978 ਈ: ਵਿਚ ਗਿਆ ਸੀ। ਜਨਵਰੀ 1979 ਦਾ ਸਾਲ ਮੈਨੂੰ ਉਥੋਂ ਹੀ ਚੜ੍ਹਿਆ ਸੀ। ਇਸ਼ਨਾਨ ਪਾਨ ਕਰਨ ਤੋਂ ਮਗਰੋਂ ਮੈਂ ਗੁਰਦੁਆਰਾ ਸਾਹਿਬ ਮੱਥਾ ਟੇਕਿਆ ਤੇ ਪ੍ਰਸਾਦ ਲੈ ਕੇ ਬਰਿਕਫਾਸਟ ਕੀਤਾ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕੀ ਗੁਰਵਿੰਦਰ ਕੌਰ ਤੇ ਤਿੰਨ ਲੜਕੇ ਬਲਵੀਰ ਸਿੰਘ, ਸਤਨਾਮ ਸਿੰਘ ਤੇ ਕਰਮਜੀਤ ਸਿੰਘ ਲਾਡੀ ਹਨ।

1. ਬਲਵੀਰ ਸਿੰਘ:- ਆਪ ਦੀ ਸ਼ਾਦੀ ਮਿਤੀ 15-12-2000 ਨੂੰ ਸਤਵਿੰਦਰ ਕੌਰ ਨਾਲ ਹੋਈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕੱਦ-ਪੰਡੋਰੀ ਹਨ। ਬਲਵੀਰ ਸਿੰਘ ਨੇ +2 ਪਾਸ ਕੀਤੀ ਹੈ। 1992 ਤੋਂ ਬਲਵੀਰ ਸਿੰਘ ਡੁਬਈ ਵਿਚ ਬਤੌਰ ਸਕਿਊਰਟੀ ਗਾਰਡ ਨੌਕਰੀ ਕਰ ਰਿਹਾ ਹੈ। ਡੁਬਈ ਜਾਣ ਤੋਂ ਪਹਿਲਾਂ ਆਪ ਘਰ ਦਾ ਡੱਟ ਕੇ ਕੰਮਕਾਰ ਕਰਦਾ ਸੀ। ਬਲਵੀਰ ਸਿੰਘ ਨੇ +2 ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਸ਼ਾਮ ਚੁਰਾਸੀ ਤੋਂ ਪਾਸ ਕੀਤੀ ਹੈ।

ਵੰਸ਼:- ਬਲਵੀਰ ਸਿੰਘ ਦੀ ਇਕ ਲੜਕੀ ਤਰਨਜੀਤ ਕੌਰ ਤੇ ਲੜਕਾ ਹਰਸਵੀਰ ਸਿੰਘ ਹੈ। ਦੋਵੇਂ ਨਸਰਾਲੇ ਨਿਊ ਲਾਈਟ ਹਾਈ ਸਕੂਲ ਵਿਚ ਪੜ੍ਹਦੇ ਹਨ।

2. ਸਤਨਾਮ ਸਿੰਘ:- ਆਪ ਦੀ ਸ਼ਾਦੀ 28-4-2007 ਨੂੰ ਅਰਚਨਾ ਨਾਲ ਹੋਈ ਹੈ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪਟਆੜੀਆਂ ਵਿਖੇ ਹਨ। ਅਰਚਨਾ ਦਾ ਘਰੇਲੂ ਨਾਮ ਗੁਰਕੰਵਲ ਕੌਰ ਰੱਖਿਆ ਹੈ। ਸਤਨਾਮ ਸਿੰਘ ਨੇ ਸ. ਹਾਈ ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਇਕ ਸਾਲ ਦਾ ਕੋਰਸ ਆਈ.ਟੀ.ਆਈ. ਹੁਸ਼ਿਆਰਪੁਰ ਤੋਂ ਕੀਤਾ ਹੈ। ਆਪ ਚਾਚਾ ਰੂੜ ਸਿੰਘ ਦੇ ਦਾਮਾਦ ਪ੍ਰੀਤਮ ਸਿੰਘ ਦੇ ਨਾਲ ਦੋ ਤਿੰਨ ਸਾਲ ਕਲਕੱਤੇ ਰਹੇ। ਇਸ ਤੋਂ ਮਗਰੋਂ ਪ੍ਰੀਤਮ ਸਿੰਘ ਨੇ ਮੱਧ ਪ੍ਰਦੇਸ਼ 'ਚ ਜ਼ਮੀਨ ਲਈ ਹੈ ਫਿਰ ਆਪ ਮੱਧ ਪ੍ਰਦੇਸ਼ ਵਿਚ ਵੀ ਰਹੇ। ਸਤਨਾਮ ਸਿੰਘ ਵੀ ਦੋ ਵਾਰ ਡੁਬਈ ਗਿਆ ਹੈ। ਹੁਣ ਵੀ ਜਾਣ ਦੀ ਤਿਆਰੀ ਵਿਚ ਹੈ। ਆਪ ਨੇ 14-8-2014 ਨੂੰ ਸਿੰਘਾਪੁਰ ਦਾ ਟੂਰ ਵੀ ਲਾਇਆ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਦੀਪਕਾ ਤੇ ਜੀਤੀਕਾ ਹਨ। ਪੜ੍ਹ ਰਹੀਆਂ ਹਨ। ਸਤਨਾਮ ਸਿੰਘ ਵੀ ਨਸਰਾਲੇ ਫੈਕਟਰੀ ਵਿਚ ਡਿਊਟੀ ਕਰ ਰਿਹਾ ਹੈ।

ਕਰਮਜੀਤ ਸਿੰਘ:- ਆਪ ਨੇ ਸ..ਹ. ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਆਪ ਪੇਂਟਰ ਦਾ ਵਧੀਆ ਕੰਮਕਾਰ ਕਰਦੇ ਹਨ। ਨਿਰਮਲ ਸਿੰਘ ਅਤਿ ਦਾ ਸ਼ਰੀਫ ਤੇ ਨੇਕ ਇਨਸਾਨ ਹੈ। ਸੰਤ ਬਾਬਾ ਸੇਵਾ ਸਿੰਘ ਦੇ ਜਿਥੇ ਵੀ ਧਾਰਮਿਕ ਸਮਾਗਮ ਹੁੰਦੇ ਸਨ। ਉਹ ਨਿਰਮਲ ਸਿੰਘ ਨੂੰ ਹੀ ਭੇਜਦੇ ਸਨ। ਇਲਾਕੇ ਵਿਚ ਆਪ ਦਾ ਨਾਮ ਹੈ।

ਕੁਲਵਿੰਦਰ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਸੁਰਿੰਦਰ ਪਾਲ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੂਰੇ ਜੱਟਾਂ ਹਨ। ਜਦੋਂ ਆਪ ਦੂਜੀ ਛੁੱਟੀ ਆਏ ਸਨ ਤਾਂ ਆਪ ਦਾ ਮੰਗਣਾ ਮਿਤੀ 6-1-1971 ਤੇ ਵਿਆਹ 10-10-1972 ਦਾ ਹੈ। ਇਸ ਰਿਸ਼ਤੇ ਵਿਚ ਰੋਲ ਅਦਾ ਕਰਨ ਵਾਲੇ ਸੂਬੇਦਾਰ ਕਰਮ ਸਿੰਘ ਧਦਿਆਲ ਸਨ। ਸੁਰਿੰਦਰ ਪਾਲ ਕੌਰ ਦਾ ਨਾਨਕਾ ਪਿੰਡ ਕੰਧਾਲਾ ਸ਼ੇਖਾ ਹੈ। ਆਪ ਦਾ ਸਕਾ ਮਾਮਾ ਸ੍ਰੀ ਦਰਸ਼ਨ ਕੁਮਾਰ ਕਮਿਸ਼ਨਰ ਸੀ। ਇਸ ਪਰਿਵਾਰ ਦੇ ਪੰਜ ਮੈਂਬਰ ਉੱਚ ਅਹੁਦਿਆਂ 'ਤੇ ਨਿਯੁਕਤ ਹਨ।

ਬਚਪਨ:- ਕੁਲਵਿੰਦਰ ਸਿੰਘ ਦਾ ਬਚਪਨ ਵਾਲਾ ਜੀਵਨ ਕੁਝ ਫਿਕਰ ਰਹਿਤ ਸੀ। ਆਪ ਦਾ ਸੁਭਾਅ ਹਾਸਾ-ਮਜ਼ਾਕ ਕਰਨ ਵਾਲਾ ਸੀ। ਇਸ ਉਮਰ ਵਿਚ ਜ਼ਿਆਦਾ ਮੌਜ ਮਸਤੀਆਂ ਹੀ ਕੀਤੀਆਂ ਹਨ।

ਪੜ੍ਹਾਈ:- ਆਪ ਨੇ ਸਰਕਾਰੀ ਮਿਡਲ ਸਕੂਲ ਸਾਹਰੀ ਤੋਂ ਮਿਡਲ ਪ੍ਰੀਖਿਆ ਪਾਸ ਕੀਤੀ। ਇਸ ਸਕੂਲ ਵਿਚ ਆਪ ਹਾਕੀ ਦੇ ਚੰਗੇ ਖਿਡਾਰੀ ਰਹੇ। ਸਾਹਰੀ ਸਕੂਲ ਦੀ ਹਾਕੀ ਦੀ ਟੀਮ ਹਮੇਸ਼ਾ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਹੁੰਦੀ ਸੀ। ਫਿਰ ਆਪ ਸਰਕਾਰੀ ਹਾਈ ਸਕੂਲ ਨਸਰਾਲਾ ਵਿਖੇ ਦਾਖਲ ਹੋ ਗਏ। ਇਥੇ ਵੀ ਆਪ ਹਾਕੀ ਖੇਲਦੇ ਸਨ। ਭਰਤੀ ਹੋਣ ਸਮੇਂ ਆਪ ਦੇ ਕੋਲ ਬਹੁਤ ਸਾਰੇ ਸਰਟੀਫਿਕੇਟ ਸਨ। ਕਈ ਵਾਰ ਆਪ ਭਰਤੀ ਹੋਏ ਸਨ। ਆਪ ਨੇ ਘਰ ਆ ਕੇ ਫਿਰ ਕਹਿਣਾ ਮੈਂ ਇਸ ਪਾਸੇ ਭਰਤੀ ਨਹੀਂ ਹੋਣਾ। ਇਸ ਪਾਸੇ ਹੋਣਾ ਹੈ। ਅੰਤ ਆਪ ਬੰਬੇ ਇੰਜੀਨੀਅਰ ਗਰੁੱਪ ਵਿਚ 18-6-1968

ਨੂੰ ਭਰਤੀ ਹੋ ਗਏ। ਆਪ ਦਾ ਨੰਬਰ 1537189 ਹੈ। ਆਪ ਭਰਤੀ ਹੋ ਕੇ ਕਿਰਕੀ ਪੂਨੇ ਵਿਖੇ ਗਏ। ਇਸ ਪਿੰਡ ਦੇ ਤਕਰੀਬਨ ਸਾਰੇ ਨੌਜਵਾਨ ਭਰਤੀ ਹੋ ਕੇ ਕਿਰਕੀ ਪੂਨਾ (ਮਹਾਂਰਾਸ਼ਟਰ) ਵਿਖੇ ਆਪਣੀ ਪਹਿਲੀ ਟਰੇਨਿੰਗ 'ਤੇ ਗਏ ਸਨ। ਸਾਰਿਆਂ ਦੇ ਘਰਾਂ ਵਿਚ ਰਕਰੂਟੀ ਕਰਦਿਆਂ ਦੀਆਂ ਫੋਟੋ ਆਮ ਕਰਕੇ ਬੁਲੇਟ ਮੋਟਰਸਾਈਕਲ ਵਾਲੀਆਂ ਹਨ। ਆਪ 1969 ਈ: ਵਿਚ ਪਹਿਲੀ ਵਾਰ ਛੁੱਟੀ ਆਏ। ਛੁੱਟੀ ਆ ਕੇ ਫੌਜੀ ਦਾ ਕੰਮ ਸਾਕਾਚਾਰੀ ਵਿਚ ਮਿਲਣਾ ਹੁੰਦਾ ਸੀ। ਇਸ ਤੋਂ ਇਲਾਵਾ ਘਰਦਿਆਂ ਦੇ ਨਾਲ ਘਰੇਲੂ ਕੰਮਕਾਰ ਵਿਚ ਹੱਥ ਵਟਾਉਣਾ ਹੁੰਦਾ ਸੀ। ਆਪ ਨੇ ਆਪਣੀ ਛੁੱਟੀ ਦੌਰਾਨ ਫਿਲਿਪਸ ਦਾ ਰੇਡੀਓ, ਕੈਮਰਾ, ਪੈਰਾਡਾਈਜ਼ ਸਟੋਵ ਤੇ ਟਾਈਮ ਪੀਸ ਘਰ ਲਿਆਂਦੇ ਸਨ। 1974 ਈ: ਵਿਚ ਪਲਾਟ ਵਿਚ ਨਵਾਂ ਨਲਕਾ ਲਗਵਾਇਆ ਸੀ। ਆਪ ਜੰਮੂ ਕਸ਼ਮੀਰ, ਚੰਡੀਗੜ੍ਹ, ਆਸਾਮ, ਕਲਕੱਤਾ ਤੇ ਜ਼ਿਆਦਾ ਕਰਕੇ ਕਿਰਕੀ ਪੂਨਾ ਵਿਖੇ ਰਹੇ। ਜਦੋਂ ਆਪ ਕਸ਼ਮੀਰ ਵਿਚ ਹੁੰਦੇ ਤਾਂ ਛੁੱਟੀ ਆਉਣ ਸਮੇਂ ਘਰ ਵਾਸਤੇ ਸੇਬਾਂ ਦੀ ਪੇਟੀ ਜ਼ਰੂਰ ਲਿਆਉਂਦੇ ਹੁੰਦੇ ਸਨ। ਕਸ਼ਮੀਰ ਤੋਂ ਗਰਮ ਸ਼ਾਲ ਤੇ ਬਦਾਮ ਵੀ ਲੈ ਕੇ ਆਉਂਦੇ ਸਨ। ਆਪ ਦੀ ਸਰਵਿਸ ਦੌਰਾਨ ਸੁਰਿੰਦਰਪਾਲ ਕੌਰ ਵੀ ਆਪ ਦੇ ਨਾਲ ਚੰਡੀਗੜ੍ਹ ਤੇ ਕਿਰਕੀ ਪੂਨਾ ਵਿਖੇ ਰਹੀ ਹੈ।

ਪੈਨਸ਼ਨ:- ਜੂਨ 1990 ਈ: ਵਿਚ ਆਪ ਬਤੌਰ ਹਵਾਲਦਾਰ ਪੈਨਸ਼ਨ ਹੈੱਡਕੁਆਟਰ ਕਿਰਕੀ ਪੂਨਾ ਤੋਂ ਆਏ। ਮੈਂ ਵੀ ਗਰਮੀਆਂ ਦੀਆਂ ਛੁੱਟੀਆਂ ਵਿਚ ਪਰਿਵਾਰ ਸਮੇਤ ਆਪ ਦੇ ਕੋਲ ਗਿਆ ਸੀ। ਮੇਰੇ ਨਾਲ ਭੈਣ ਸਵਰਨ ਕੌਰ ਵੀ ਗਈ ਸੀ। ਅਸੀਂ ਕਿਰਕੀ ਪੂਨਾ ਵਿਖੇ ਪੁਰਾਣੇ ਫੌਜ ਦੇ ਦਫ਼ਤਰ, ਫੌਜ ਦੀਆਂ ਵਰਦੀਆਂ ਵਾਲੀਆਂ ਫੋਟੋ ਵੇਖੀਆਂ, ਚਿੜੀਆਂ ਘਰ ਵੇਖਿਆ, ਰਾਤ ਦੇ ਸਮੇਂ ਦੋ ਫ਼ਿਲਮਾਂ ਵੀ ਦੇਖੀਆਂ। ਆਉਣ ਸਮੇਂ ਅਸੀਂ ਮਨਵਾੜ ਤੋਂ ਨੰਦੇੜ ਹਜ਼ੂਰ ਸਾਹਿਬ ਗਏ। ਹਜ਼ੂਰ ਸਾਹਿਬ ਦੇ ਸਾਰੇ ਗੁਰਦੁਆਰੇ ਦੇਖੇ। ਉਸ ਸਮੇਂ ਬਾਰਸ਼ਾਂ ਸ਼ੁਰੂ ਹੋ ਗਈਆਂ ਸਨ। ਮਹਾਂਰਾਸ਼ਟਰ ਸਟੇਟ ਵਿਚ ਉਸ ਸਮੇਂ ਪਿਆਜ 50 ਪੈਸੇ ਕਿਲੋ ਸੀ। ਨਾਰੀਅਲ ਬਹੁਤ ਸਸਤਾ ਸੀ। ਉਹ ਲੋਕ ਨਾਰੀਅਲ ਦੇ ਤੇਲ ਦੀ ਵਰਤੋਂ ਘਰੇਲੂ ਵਰਤੋਂ ਵਾਸਤੇ ਵੀ ਕਰਦੇ ਹਨ। ਗੱਡੀ ਦੀ ਲਾਈਨ ਦੇ ਨਾਲ-ਨਾਲ ਕੇਲੇ ਦੇ ਬਾਗ ਤੇ ਮੂੰਗਫਲੀ ਖੇਤਾਂ ਵਿਚ ਬੀਜੀ ਹੋਈ ਆਮ ਨਜ਼ਰ ਆਉਂਦੀ ਸੀ।

ਕੁਲਵਿੰਦਰ ਸਿੰਘ ਨੇ ਪੈਨਸ਼ਨ ਆ ਕੇ ਘਰ ਦਾ ਕੰਮਕਾਰ ਹੀ ਕੀਤਾ ਹੈ। ਦੁਬਾਰਾ ਕੋਈ ਸਰਕਾਰੀ ਨੌਕਰੀ ਨਹੀਂ ਕੀਤੀ। ਥੋੜ੍ਹਾ ਸਮਾਂ ਹੀਰੋ ਹਾਂਡਾ ਫੈਕਟਰੀ ਦਿੱਲੀ ਵਿਖੇ ਬਤੌਰ ਸਕਿਉਰਟੀ ਗਾਰਡ ਦੀ ਨੌਕਰੀ ਕੀਤੀ ਹੈ। ਜ਼ਿਆਦਾ ਸਮਾਂ ਆਪ ਨੇ ਡੇਰਾ ਬਿਆਸ ਦੀ ਸੇਵਾ ਵਿਚ ਬਿਤਾਇਆ ਹੈ। ਆਪ ਮੀਆਂ ਬੀਬੀ ਦੋਹਾਂ ਨੂੰ ਬਾਬਾ ਚਰਨ ਸਿੰਘ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ। ਜੋ ਵਾਕ ਤਾਇਆ ਤੁਲਸੀ ਦਾਸ ਜੀ ਨੇ ਆਪ ਨੂੰ ਦਿੱਤਾ ਸੀ ਕਿ ਮੈਂ ਅੱਜ ਆਪ ਨੂੰ ਹਵਾਲਦਾਰ ਬਣਾ ਦਿੱਤਾ ਹੈ। ਠੀਕ ਆਪ ਬਤੌਰ ਹਵਾਲਦਾਰ ਪੈਨਸ਼ਨ ਆਏ।

ਵੰਸ਼:- ਆਪ ਦੀਆਂ ਤਿੰਨ ਬੇਟੀਆਂ ਤੇ ਦੋ ਬੇਟੇ ਹਨ।

ਬੇਟੀਆਂ: ਸਰਬਜੀਤ ਕੌਰ, ਹਰਦੀਪ ਕੌਰ ਤੇ ਜਸਵੀਰ ਕੌਰ ਹਨ।

1. **ਸਰਬਜੀਤ ਕੌਰ**:- ਆਪ ਨੇ +2 ਪਾਸ ਕੀਤੀ ਹੈ। ਆਪ ਦੀ ਸ਼ਾਦੀ ਪਰਮਜੀਤ ਸਿੰਘ ਖਾਨਪੁਰ ਸਹੋਤਾ ਨਾਲ ਹੋਈ ਹੈ। ਪਰਮਜੀਤ ਸਿੰਘ ਨੇ ਤਿੰਨ ਸਾਲ ਡੁਬਈ ਵਿਚ ਬਤੌਰ ਸਕਿਊਰਟੀ ਗਾਰਡ ਨੌਕਰੀ ਕੀਤੀ ਹੈ। ਸਰਬਜੀਤ ਕੌਰ ਦੀਆਂ ਦੋ ਬੇਟੀਆਂ- ਪ੍ਰਭਜੀਤ ਕੌਰ ਤੇ ਜਸ਼ਨਪ੍ਰੀਤ ਕੌਰ ਹਨ। ਪਰਮਜੀਤ ਸਿੰਘ ਹੁਣ ਆਪਣੀ ਗੱਡੀ ਚਲਾਉਂਦਾ ਹੈ।

2. **ਹਰਦੀਪ ਕੌਰ**:- ਆਪ ਦੇ ਪਤੀ ਦਾ ਨਾਮ ਬਲਵਿੰਦਰ ਸਿੰਘ ਤੇ ਸਹੁਰੇ ਲਿੱਦੜਾ ਹਨ। ਬਲਵਿੰਦਰ ਸਿੰਘ ਪੰਜਾਬ ਪੁਲੀਸ ਵਿਚ ਬਤੌਰ ਹਵਾਲਦਾਰ ਨੌਕਰੀ ਕਰਦਾ ਹੈ। ਮੁਹੱਲਾ ਰਵਿਦਾਸ ਨਗਰ, ਹੁਸ਼ਿਆਰਪੁਰ ਵਿਖੇ ਆਪਣੀ ਕੋਠੀ ਪਾਈ ਹੈ।

ਵੰਸ਼:- ਆਪ ਦੇ ਦੋ ਬੇਟੇ ਗਗਨਦੀਪ ਸਿੰਘ ਤੇ ਸਾਹਿਲ ਹਨ ਜੋ ਪੜ੍ਹ ਰਹੇ ਹਨ।

3. **ਜਸਵੀਰ ਕੌਰ**:- ਆਪ ਨੇ ਕੰਪਿਊਟਰ ਕੋਰਸ ਕਰਕੇ ਐਮ.ਏ. ਪੰਜਾਬੀ ਪਾਸ ਕੀਤੀ। ਇਸ ਉਪਰੰਤ ਬਿਊਟੀ ਪਾਰਲਰ ਦਾ ਕੋਰਸ ਵੀ ਕੀਤਾ ਹੈ। ਘਰੇਲੂ ਕੰਮਕਾਰ ਵੀ ਬਹੁਤ ਲਗਨ ਨਾਲ ਕਰਦੀ ਹੈ।

ਲੜਕੇ: ਜਗਤਾਰ ਸਿੰਘ, ਨਰਿੰਦਰ ਸਿੰਘ

1. **ਜਗਤਾਰ ਸਿੰਘ**:- ਜਗਤਾਰ ਸਿੰਘ ਨੇ +2 ਪਾਸ ਕਰਨ ਉਪਰੰਤ ਦੋ ਸਾਲ ਕਾਲਜ ਵਿਚ ਲਗਾਏ ਹਨ। ਆਪ ਦੇ ਕੰਮ ਦਾ ਇਤਿਹਾਸ ਲੰਮਾ ਹੈ। ਹੁਸ਼ਿਆਰਪੁਰ ਵਿਖੇ ਕੰਪਿਊਟਰ ਕੋਰਸ ਕੀਤਾ। ਮੈਡੀਕਲ ਸਟੋਰ 'ਤੇ ਦਵਾਈਆਂ ਦਾ ਗਿਆਨ ਹਾਸਲ ਕੀਤਾ। ਪਿੰਡ ਨਸਰਾਲਾ ਵਿਖੇ ਡਾ. ਅਵਤਾਰ ਸਿੰਘ ਐਮ.ਡੀ. ਤੋਂ ਡਾਕਟਰੀ ਦੀ ਟਰੇਨਿੰਗ ਲਈ ਅਤੇ ਥੋੜ੍ਹਾ ਸਮਾਂ ਰੇਲਵੇ ਸਟੇਸ਼ਨ ਨਸਰਾਲੇ ਦੇ ਚਰਨਜੀਤ ਸਿੰਘ ਗੋਗੀ ਦੇ ਨਾਲ ਡਾਕਟਰੀ ਦਾ ਕੰਮ ਕੀਤਾ। ਹੋਰ ਵੀ ਇਕ ਦੋ ਥਾਵਾਂ 'ਤੇ ਕੰਮ ਕੀਤਾ।

ਇਸ ਤੋਂ ਉਪਰੰਤ ਪਿੰਡ ਦੇ ਲੜਕੇ ਲੱਕੀ ਦੇ ਨਾਲ ਮਿਤੀ 15-10-1999 ਨੂੰ ਇਟਲੀ ਵਾਸਤੇ ਦਿੱਲੀ ਚਲੇ ਗਏ। ਆਪ ਦੀ 17-10-1992 ਦੀ ਫਲਾਈਟ ਸੀ ਪਰ ਏਜੰਟ ਨੇ ਧੋਖਾ ਕੀਤਾ ਆਪ ਜਾ ਨਹੀਂ ਸਕੇ। ਦਿੱਲੀ ਤੋਂ ਵਾਪਸ ਆ ਕੇ ਆਪ ਨੇ ਤਾਰਾਗੜ੍ਹ ਆਪਣੀ ਕਲੀਨਿਕ ਖੋਲ੍ਹ ਲਈ ਜੋ ਬਹੁਤ ਚਲਦੀ ਸੀ। ਇਸ ਦੇ ਨਾਲ ਆਪ ਨੇ ਪਿੰਡ ਨਸਰਾਲਾ ਦੇ ਹਰਮੇਲ ਸਿੰਘ ਨਾਲ R.C.M ਕੰਪਨੀ ਜੁਆਇਨ ਕਰ ਲਈ। ਇਸ ਕੰਪਨੀ ਵਿਚ ਆਪ ਨੇ ਬਹੁਤ ਮਿਹਨਤ ਕੀਤੀ। ਪਰ R.C.M ਕੰਪਨੀ ਟੈਕਸ ਨਾ ਦੇਣ ਕਾਰਨ ਥੋੜ੍ਹੇ ਸਮੇਂ ਲਈ ਬੰਦ ਹੋ ਗਈ। ਆਪ ਨੂੰ ਹੁਣ ਕੰਮ ਦਾ ਤਜਰਬਾ ਆ ਗਿਆ ਸੀ। ਫਿਰ ਆਪ ਨੇ HORIZAN BAZZAR ਕੰਪਨੀ ਵਿਚ ਕੰਮ ਕਰਨਾ ਸ਼ੁਰੂ ਕੀਤਾ। ਦੋ ਸਾਲ ਮਗਰੋਂ ਕੁਝ ਧਨਾਢ ਆਦਮੀਆਂ ਨੇ ਮਿਲ ਕੇ ਨਵੀਂ ਕੰਪਨੀ STAR SHINE ਬਣਾ ਲਈ ਜਿਸ ਦਾ ਦਫਤਰ ਫਗਵਾੜੇ ਹੈ। ਇਸ ਕੰਪਨੀ ਵਿਚ ਆਪ ਨੇ ਐਨਾਂ ਕੰਮ ਕੀਤਾ ਕਿ ਕੰਪਨੀ ਨੇ ਆਪ ਨੂੰ ਇਨਾਮ ਵਜੋਂ 9-2-2014 ਨੂੰ ਟਾਟਾ

ਵਿਸਟਾ ਕਾਰ ਦਿੱਤੀ। ਇਸ ਸਮਾਗਮ ਦੇ ਮੁੱਖ ਮਹਿਮਾਨ ਸੁਖਵੀਰ ਸਿੰਘ ਬਾਦਲ ਡਿਪਟੀ ਮੁੱਖ ਮੰਤਰੀ ਪੰਜਾਬ ਸਨ। ਇਸ ਸਮਾਗਮ ਵਿਚ ਦਰਸ਼ਨ ਸਿੰਘ ਦਿਉਵਾਲ, ਬਲਵਿੰਦਰ ਸਿੰਘ ਟੈਂਟੀ, ਗੁਰਪ੍ਰੀਤ ਸਿੰਘ ਗੋਪੀ, ਨਰਿੰਦਰ ਸਿੰਘ ਤੇ ਆਪ ਦੀ ਧਰਮ ਪਤਨੀ ਸੋਨੀਆ ਹਾਜ਼ਰ ਸਨ। ਇਸ ਤੋਂ ਉਪਰੰਤ ਆਪ ਨੇ ਡਗਾਣਾ ਰੋਡ ਹੁਸ਼ਿਆਰਪੁਰ ਵਿਖੇ ਆਪਣਾ ਗੁਰੂ ਕ੍ਰਿਪਾ ਸ਼ਾਪਿੰਗ ਪੁਆਇੰਟ ਜਨਰਲ ਸਟੋਰ ਖੋਲ੍ਹਿਆ ਹੈ ਜਿਸ ਦਾ ਉਦਘਾਟਨ ਮਿਤੀ 11-6-2014 ਦਿਨ ਬੁੱਧਵਾਰ ਕੀਤਾ ਹੈ। ਇਸ ਸਮੇਂ ਆਪ SUN MARK ਕੰਪਨੀ ਵਿਚ ਕੰਮ ਕਰਦੇ ਹਨ, ਜਿਸ ਵਿਚੋਂ ਆਪ ਨੇ ਬਹੁਤ ਮੁਨਾਫਾ ਕਮਾਇਆ ਹੈ। ਆਪ ਨੂੰ ਬਿਜਨਸ ਕਰਨ ਦੀ ਵਿਧੀ ਚੰਗੀ ਤਰ੍ਹਾਂ ਆ ਗਈ ਹੈ। ਕਿਸੇ ਵਿਅਕਤੀ ਨੂੰ ਕਿਵੇਂ ਗਾਈਡ ਕਰਨਾ ਇਹ ਢੰਗ ਤਰੀਕਾ ਆਪ ਨੇ ਚੰਗੀ ਤਰ੍ਹਾਂ ਸਮਝ ਲਿਆ ਹੈ। ਆਪਣੀ ਜਵਾਨੀ ਵਿਚ ਪੁੱਜ ਕੇ ਪੈਸਾ ਕਮਾਇਆ ਤੇ ਖਰਚ ਕੀਤਾ ਹੈ। ਜ਼ਿੰਦਗੀ ਦਾ ਚੰਗਾ ਬੇਸ ਬਣ ਗਿਆ ਹੈ।

ਵਿਆਹ:- ਆਪ ਦਾ ਵਿਆਹ ਮੋਨੀਆ ਨਾਲ ਮਿਤੀ 27-03-2007 ਨੂੰ ਫਗਵਾੜੇ ਦੇ ਕੇ.ਜੀ. ਰਿਜਾਰਟ ਵਿਖੇ ਹੋਇਆ ਹੈ। ਸਹੁਰਾ ਪਰਿਵਾਰ ਨੇ ਇਸ ਵਿਚ ਬਹੁਤ ਖਰਚ ਕੀਤਾ ਸੀ। ਦੂਜੇ ਦਿਨ ਪਰਿਵਾਰ ਵਲੋਂ ਸਾਰੇ ਪਿੰਡ ਨੂੰ ਰਿਸੈਪਸ਼ਨ ਪਾਰਟੀ ਤੇ ਦਾਅਵਤ ਦਿੱਤੀ ਗਈ। ਆਪ ਦਾ ਸਹੁਰਾ ਪਰਿਵਾਰ ਅਮਰੀਕਾ ਵਿਚ ਰਹਿ ਰਿਹਾ ਹੈ। ਸਹੁਰਾ ਪਰਿਵਾਰ ਦੀ ਇਕ ਕਨਾਲ ਵਿਚ ਤਿੰਨ ਮੰਜ਼ਿਲਾਂ ਆਲੀਸ਼ਾਨ ਕੋਠੀ ਹੈ। ਮੋਨੀਆ ਤਿੰਨ ਵਾਰ ਵਿਜਟਰ ਵੀਜ਼ੇ 'ਤੇ ਇੰਗਲੈਂਡ ਜਾ ਆਈ ਹੈ।

3 ਜੂਨ 2013 ਦੀਆਂ ਹੋਈਆਂ ਪੰਚਾਇਤ ਚੋਣਾਂ ਵਿਚ ਮੋਨੀਆ ਵਾਰਡ ਨੰਬਰ 4 ਵਿਚੋਂ ਪੰਚ ਚੁਣੀ ਗਈ ਹੈ। ਜਗਤਾਰ ਸਿੰਘ ਟੂਰਾ ਸਪੋਰਟਸ ਕਲੱਬ ਦਾ ਪ੍ਰਧਾਨ ਹੈ। ਐਂਟੀ ਕੁਰੱਪਸ਼ਨ ਸੋਸਾਇਟੀ ਹੁਸ਼ਿਆਰਪੁਰ ਦਾ ਮੈਂਬਰ ਹੈ। ਪਿੰਡ ਤੇ ਸਾਕਾਚਾਰੀ ਵਿਚ ਚੰਗਾ ਅਸਰ ਰਸੂਖ ਹੈ।

ਵੰਸ਼:- ਆਪ ਦੇ ਗ੍ਰਹਿ ਵਿਖੇ ਮਿਤੀ 19-7-2014 ਦਿਨ ਸ਼ਨਿੱਚਰਵਾਰ ਨੂੰ ਬੇਟੀ ਹਰਸਿਮਰਨ ਕੌਰ ਨੇ ਜਨਮ ਲਿਆ। ਪਿੰਡ ਵਾਸੀਆਂ ਤੇ ਸਾਰੇ ਰਿਸ਼ਤੇਦਾਰਾਂ ਨੇ ਵਧਾਈਆਂ ਦਿੱਤੀਆਂ। ਇਸ ਸਬੰਧੀ ਪਿੰਡ ਗਗਨੌਲੀ ਤੋਂ ਪਰਿਵਾਰ ਮਿਤੀ 3-9-14 ਦਿਨ ਬੁੱਧਵਾਰ ਨੂੰ ਫਗਵਾੜੇ ਘਿਓ ਦੇ ਕੇ ਆਇਆ। ਬੇਟੀ ਚੰਗੀ ਚੁਸਤ ਹੈ। ਮੋਨੀਆ ਲੜਕੀ ਨੂੰ ਲੈ ਕੇ 9-4-2014 ਨੂੰ ਪਿੰਡ ਗਗਨੌਲੀ ਆਈ। ਸਾਰਿਆਂ ਨੇ ਚਾਅ ਲਾਡ ਕੀਤਾ। ਲੜਕੀ ਦੀ ਲੋਹੜੀ ਵੀ ਪਾਈ ਗਈ।

2. ਨਰਿੰਦਰ ਸਿੰਘ:- ਨਰਿੰਦਰ ਸਿੰਘ ਨੇ ਮੁੱਢਲੀ ਸਿੱਖਿਆ ਸ. ਪ੍ਰਾਇਮਰੀ ਸਕੂਲ ਗਗਨੌਲੀ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਸ.ਹ. ਸਕੂਲ ਸਾਹਰੀ ਤੋਂ ਪ੍ਰਾਪਤ ਕੀਤੀ। +2 ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਤੋਂ ਪਾਸ ਕੀਤੀ। ਫਿਰ ਕੁਝ ਕੰਮ ਕਰਦਾ ਰਿਹਾ। ਫਿਰ ਬੀ.ਏ. ਦੀ ਡਿਗਰੀ ਆਪ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਆਪ ਨੇ ਨਸਰਾਲਾ ਫੈਕਟਰੀ ਵਿਚ ਵੀ ਕੰਮ ਕੀਤਾ ਤੇ

ਇਸ ਦੇ ਨਾਲ ਆਪ ਨੇ ਕੰਪਿਊਟਰ ਦੀ M.C.A ਦੀ ਡਿਗਰੀ ਵੀ ਕੀਤੀ ਹੈ। ਕਲੀਨ ਪਲਾਸਟਿਕ ਫੈਕਟਰੀ ਨਸਰਾਲਾ ਵਿਚ ਅਕਾਊਂਟਸ ਦਾ ਕੰਮ ਮਿਲ ਗਿਆ। ਫੈਕਟਰੀ ਦੇ ਇੰਚਾਰਜ ਜੱਸਲ ਸਾਹਿਬ ਨੇ ਆਪ ਨੂੰ ਫੈਕਟਰੀ ਵਿਚ ਸੁਪਰਵਾਈਜ਼ਰ ਦੇ ਤੌਰ ਤੇ ਵੀ ਰੱਖਿਆ ਹੋਇਆ ਸੀ। ਫੈਕਟਰੀ ਵਿਚ ਸਾਰੇ ਕੰਮ ਕਰਨ ਵਾਲੇ ਵਰਕਰਾਂ ਦੀਆਂ ਤਨਖਾਹਾਂ ਵੀ ਤਿਆਰ ਕਰਦਾ ਹੈ।

ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਤੇ ਜਪੁਜੀ ਸਾਹਿਬ ਦਾ ਪਾਠ ਕਰਨਾ ਆਪ ਦਾ ਹਰ ਰੋਜ਼ ਦਾ ਇਹ ਪਵਿੱਤਰ ਕਰਮ ਹੈ। ਨਰਿੰਦਰ ਸਿੰਘ ਕਿਸੇ ਵੀ ਮਾੜੀ ਆਦਤ ਦਾ ਸ਼ਿਕਾਰ ਨਹੀਂ ਹੈ। ਹੁਣ ਤੱਕ ਜ਼ਿੰਦਗੀ ਚੰਗੀ ਬਿਤਾਈ ਹੈ।

ਸੋਨਾਲੀਕਾ ਹਾਜ਼ਰੀ:- ਪ੍ਰਮਾਤਮਾ ਨੇ ਕ੍ਰਿਪਾ ਕੀਤੀ ਆਪ ਨੂੰ ਸੋਨਾਲੀਕਾ ਫੈਕਟਰੀ ਹੁਸ਼ਿਆਰਪੁਰ-ਜਲੰਧਰ ਰੋਡ 'ਤੇ ਪੱਕੀ ਨੌਕਰੀ ਮਿਲ ਗਈ। ਇਥੇ ਵੀ ਆਪ ਦਾ ਕੰਮ ਹਿਸਾਬ-ਕਿਤਾਬ ਦਾ ਹੈ। ਆਪ ਇਸ ਕੰਮ ਦੇ ਮਾਹਰ ਹਨ। ਆਪ ਡੇਰਾ ਬਿਆਸ ਦੇ ਸ਼ਰਧਾਲੂ ਹਨ। ਮਿਤੀ 5-11-2014 ਦਿਨ ਬੁੱਧਵਾਰ ਆਪ ਨੂੰ ਬਾਬਾ ਗੁਰਿੰਦਰ ਸਿੰਘ ਢਿੱਲੋਂ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ।

ਵਿਆਹ:- ਆਪ ਦੀ ਸ਼ਾਦੀ ਸੁਖਵੀਰ ਕੌਰ ਵਾਸੀ ਸ਼ੇਰਪੁਰ ਗਲਿੰਡ (ਹੁਸ਼ਿਆਰਪੁਰ) ਨਾਲ ਮਿਤੀ 19-10-2015 ਦਿਨ ਸੋਮਵਾਰ ਹੀਰਾ ਪੈਲੇਸ ਨੇੜੇ ਜੀ.ਈ.ਐਸ. ਕਾਲਜ ਵਿਖੇ ਹੋਈ। ਆਪ ਦਾ ਸਹੁਰਾ ਪਰਿਵਾਰ ਬਹੁਤ ਮਿਲਣਸਾਰ ਹੈ। ਬਰਾਤ ਦੀ ਚੰਗੀ ਸੇਵਾ ਕੀਤੀ। ਸੁਖਵੀਰ ਕੌਰ ਬੀ.ਏ. ਬੀ.ਐੱਡ ਪਾਸ ਹੈ। ਵਿਆਹ ਦੇ ਮੁੱਖ ਵਿਚੋਲਾ ਸਾਹਿਬ ਦਰਸ਼ਨ ਸਿੰਘ ਦਿਉਵਾਲ ਤੇ ਬਲਵੀਰ ਸਿੰਘ ਸੁਭਾਸ਼ ਨਗਰ ਹੁਸ਼ਿਆਰਪੁਰ ਹਨ।

4. **ਗੁਰਦਿਆਲ ਸਿੰਘ:-** ਗੁਰਦਿਆਲ ਸਿੰਘ ਸ. ਬਸੰਤ ਸਿੰਘ ਦਾ ਸਾਰਿਆਂ ਤੋਂ ਛੋਟਾ ਲੜਕਾ ਹੈ। ਮੈਂ ਆਪਣੇ ਬਚਪਨ ਦੀਆਂ ਯਾਦਾਂ ਨੂੰ ਆਪਣੇ ਮਨ ਵਿਚ ਸੋਚਦਾ ਰਹਿੰਦਾ ਹਾਂ, ਜਿਸ ਦਿਨ ਤੋਂ ਹੋਸ਼ ਸੰਭਾਲੀ ਹੋਵੇਗੀ ਉਹ ਤਾਂ ਯਾਦ ਨਹੀਂ ਹੈ। ਸਾਨੂੰ ਸਕੂਲ ਵਿਚ ਕੌਣ ਦਾਖਲ ਕਰਵਾਉਣ ਗਿਆ ਹੋਵੇਗਾ। ਐਨਾ ਯਾਦ ਹੈ ਕਿ ਮੈਂ ਆਪਣੀ ਮਾਤਾ ਨਾਲ [illegible] ਰਿਹਾ ਹਾਂ। ਮੇਰੀ ਵੱਡੀ ਭੈਣ ਮੈਨੂੰ ਦੱਸਦੀ ਹੁੰਦੀ ਹੈ ਕਿ ਤੇਰੇ ਕੇਸ ਰੱਖੇ ਹੋਏ ਸਨ ਤੇ ਤੇਰੇ ਵਾਲ਼ ਵਾਹ ਕੇ ਚੰਗੀ ਤਰ੍ਹਾਂ ਗੁੱਟੀ ਕੀਤੀ ਜਾਂਦੀ ਸੀ। ਮੈਨੂੰ ਆਪਣੇ ਵੱਡੇ ਭਾਈ ਅਜੀਤ ਸਿੰਘ ਦੇ ਮੁਕਲਾਵੇ ਦਾ ਪਤਾ ਹੈ ਕਿ ਅਮਰ ਸਿੰਘ ਯੂ.ਪੀ. ਵਾਲਾ ਸਾਡੀ ਭੂਆ ਦਾ ਲੜਕਾ ਸਿਆਲ ਰੁੱਤੇ ਪਿੰਡ ਆਇਆ ਸੀ। ਉਹ ਵੀ ਪਿੰਡ ਰਾਪੁਰ ਵਿਆਹਿਆ ਹੋਇਆ ਸੀ। ਅਗਲੀ ਗੱਲ ਪਿੰਡ ਗਗਨੌਲੀ ਨੂੰ ਬੋਹੜਾਂ-ਪਿੱਪਲਾਂ ਵਾਲਾ ਪਿੰਡ ਕਿਹਾ ਜਾਂਦਾ ਹੈ। ਪਿੰਡ ਦੇ ਛੱਪੜ ਦੇ ਲਾਗੇ ਬਹੁਤ ਸਾਰੀਆਂ ਖਜੂਰਾਂ ਦੇ ਦਰਖਤ ਸਨ ਜੇ ਕੋਈ ਰਿਸ਼ਤੇਦਾਰ ਆਉਂਦਾ ਤਾਂ ਉਸ ਨੂੰ ਬਹੁਤ ਸਾਰੀਆ ਖਜੂਰਾਂ ਦੇ ਗੁੱਛੇ ਵੱਢ ਕੇ ਦੇ ਦਿੱਤੇ ਜਾਂਦੇ ਸਨ। ਭਰਵੀਆਂ ਬਰਸਾਤਾਂ ਲੱਗਦੀਆਂ ਸਨ। ਸ. ਮੇਹਰ ਸਿੰਘ ਦੀ ਹਵੇਲੀ ਤੇ ਛੱਪੜ ਇਕ ਹੋ ਜਾਂਦੇ ਸਨ। ਪਹਿਲੀ ਬਰਸਾਤ ਜਦ ਲਗਦੀ ਸੀ

ਤਾਂ ਪਿੰਡ ਦੀ ਚੋਈ ਵੇਖਣ ਜਾਣਾ। ਬਹੁਤ ਸਾਰੇ ਸਾਥੀ ਚੋਈ ਵਿਚ ਨਹਾਉਣ ਦਾ ਮਜ਼ਾ ਵੀ ਲੈਂਦੇ ਸਨ। ਜਦੋਂ ਘਰਦਿਆਂ ਨੂੰ ਪਤਾ ਲੱਗਣਾ ਤਾਂ ਉਹ ਸਾਨੂੰ ਡਾਂਟਦੇ ਵੀ ਸਨ। ਸਾਡੇ ਤਾਇਆ ਬੰਤਾ ਸਿੰਘ ਨੇ ਕਹਿਣਾ ਇਹ ਚੋਈ ਹਮੇਸ਼ਾ ਵਗਦੀ ਹੁੰਦੀ ਸੀ। ਗਰਮੀਆਂ ਦੇ ਦਿਨਾਂ ਵਿਚ ਕਣਕਾਂ ਦੀ ਗਹਾਈ ਸਮੇਂ ਪਸ਼ੂਆਂ ਨੂੰ ਪਾਣੀ ਇਥੋਂ ਹੀ ਪਿਲਾਇਆ ਜਾਂਦਾ ਸੀ।

ਪੜ੍ਹਾਈ:- ਮੈਂ ਆਪਣੀ ਮੁੱਢਲੀ ਸਿੱਖਿਆ ਸਰਕਾਰੀ ਮਿਡਲ ਸਕੂਲ ਸਾਹਰੀ ਤੋਂ ਪ੍ਰਾਪਤ ਕੀਤੀ ਹੈ। ਮੇਰੇ ਸਾਥੀ ਮੱਸਾ ਸਿੰਘ, ਭਜਨ ਸਿੰਘ ਤੇ ਗੁਰਮੇਲ ਸਿੰਘ ਹਨ। ਪ੍ਰਾਇਮਰੀ ਤੱਕ ਇਕ ਹੀ ਅਧਿਆਪਕ ਓਮ ਪ੍ਰਕਾਸ਼ ਸੀ ਜੋ ਹਿਮਾਚਲ ਦੇ ਜ਼ਿਲ੍ਹਾ ਊਨਾ ਦਾ ਰਹਿਣ ਵਾਲਾ ਸੀ। ਉਸ ਵਕਤ ਜ਼ਿਲ੍ਹਾ ਊਨਾ ਹੁਸ਼ਿਆਰਪੁਰ ਦੀ ਤਹਿਸੀਲ ਸੀ। ਸਕੂਲ ਵਿਚ ਉਸ ਸਮੇਂ ਤਿੰਨ ਅਧਿਆਪਕਾਂ ਦੀ ਚੜ੍ਹਤ ਸੀ। ਪਹਿਲੇ ਨੰਬਰ ਤੇ ਕਾਂਸ਼ੀ ਰਾਮ, ਦੂਜੇ ਨੰਬਰ ਤੇ ਸੂਰਮ ਸਿੰਘ ਜੋ ਆਮ ਕਰਕੇ ਪੀਲੀ ਪਗੜੀ ਬੰਨ੍ਹਦਾ ਸੀ ਤੇ ਪਗੜੀ ਵਿਚ ਤੁਰਲਾ ਰੱਖਦਾ ਸੀ। ਇਨ੍ਹਾਂ ਨੂੰ ਆਮ ਕਰਕੇ ਤੁਰਲੇ ਵਾਲਾ ਕਿਹਾ ਜਾਂਦਾ ਸੀ। ਮੁੱਖ ਅਧਿਆਪਕ ਸ. ਗੁਰਮੇਲ ਸਿੰਘ ਸਨ ਜਿਨ੍ਹਾਂ ਦਾ ਸਕੂਲ 'ਤੇ ਪੂਰਾ ਕੰਟਰੋਲ ਸੀ। ਛੇਵੀਂ ਜਮਾਤ ਵਿਚ ਸਾਨੂੰ ਅੰਗਰੇਜ਼ੀ ਮੈਡਮ ਪੜ੍ਹਾਉਂਦੀ ਸੀ ਜੋ ਪਿੰਡ ਅਜਰਾਮ ਤੋਂ ਆਉਂਦੀ ਸੀ। ਕਾਂਸ਼ੀ ਰਾਮ ਮਾਸਟਰ ਦਾ ਸੁਭਾਅ ਜਿਥੇ ਸਖ਼ਤ ਸੀ ਉਥੇ ਉਹ ਆਪਣੀ ਜਮਾਤ ਦੇ ਬੱਚਿਆਂ ਨਾਲ ਕਈ ਵਾਰ ਖੇਡਦਾ ਵੀ ਹੁੰਦਾ ਸੀ। ਉਹ ਪਿੰਡਾਂ ਵਿਚ ਨਵੇਂ ਬੱਚਿਆਂ ਦੇ ਦਾਖਲੇ ਸਬੰਧੀ ਜਾਂਦਾ ਸੀ। ਪਿੰਡ ਦਾ ਡਾਕਖਾਨਾ ਉਸ ਦੇ ਕੋਲ ਹੁੰਦਾ ਸੀ। ਜਦੋਂ ਉਹ ਸਾਡੇ ਪਿੰਡ ਤੇ ਹੁਸੈਨਪੁਰ ਨੂੰ ਜਾਂਦਾ ਸੀ ਤਾਂ ਦੋ ਲੜਕੇ ਉਨ੍ਹਾਂ ਦੇ ਨਾਲ ਜਾਂਦੇ ਸਨ ਜਿਨ੍ਹਾਂ ਉਨ੍ਹਾਂ ਦੀ ਛੋਟੀ ਜੇਹੀ ਸੰਦੂਕੜੀ ਸਿਰ 'ਤੇ ਚੁੱਕੀ ਹੁੰਦੀ ਸੀ। ਆਸੇ ਪਾਸੇ ਦੇ ਪਿੰਡਾਂ ਵਿਚ ਕਾਂਸ਼ੀ ਰਾਮ ਦਾ ਨਾਮ ਸੀ।

ਅੱਠਵੀਂ ਜਮਾਤ ਵਿਚ ਕੁਝ ਸਟਾਫ ਮੈਂਬਰ ਨਵੇਂ ਆਏ ਸਨ ਜਿਵੇਂ ਅਵਤਾਰ ਸਿੰਘ ਪਿੰਡ ਘੜਿਆਲਾ (ਜਲੰਧਰ) ਤੋਂ ਆਉਂਦਾ ਸੀ। ਉਹ ਸਾਨੂੰ ਅੰਗਰੇਜ਼ੀ ਪੜ੍ਹਾਉਂਦਾ ਸੀ। ਐਫ.ਐਮ.ਜੈੱਡ ਚੌਧਰੀ ਹਿਸਾਬ ਪੜ੍ਹਾਉਂਦਾ ਸੀ। ਜਦੋਂ ਬੋਰਡ ਦੇ ਉੱਪਰ ਕੋਈ ਸਵਾਲ ਹੱਲ ਕਰਨਾ ਹੁੰਦਾ ਤਾਂ ਉੱਤਰ ਲਿਖਣ ਸਮੇਂ ਕਿਸੇ ਲੜਕੇ ਦੀ ਸ਼ਕਲ ਬਣਾ ਦਿੰਦਾ ਸੀ ਕਹਿਣਾ ਉੱਤਰ ਦਾ ਬਣ ਗਿਆ ਪੁੱਤਰ। ਮੈਡਮ ਸੁਭਾਸ਼ ਨਕਰਾ ਜਲੰਧਰ ਤੋਂ ਰੇਲਗੱਡੀ 'ਤੇ ਆਉਂਦੀ ਸੀ। ਉਹ ਡਰਾਇੰਗ ਕਰਾਉਂਦੀ ਸੀ। ਛੁੱਟੀ ਵੇਲੇ ਸਾਡੇ ਨਾਲ ਜਾਂਦੀ ਸੀ। ਸਾਹਰੀ ਦੇ ਟਿੱਬਿਆਂ ਦੇ ਬੂਝੇ ਚੜ੍ਹੇ ਹੁੰਦੇ ਸਨ। ਕੱਚੀਆਂ ਸੜਕਾਂ ਸਨ। ਸਮਾਜਿਕ ਸਿੱਖਿਆ ਮੁੱਖ ਅਧਿਆਪਕ ਗੁਰਮੇਲ ਸਿੰਘ ਪੜ੍ਹਾਉਂਦਾ ਸੀ।

ਖੇਡਾਂ:- ਸਾਹਰੀ ਮਿਡਲ ਸਕੂਲ ਦੀਆਂ ਖੇਡਾਂ ਵਿਚ ਹਾਕੀ ਮਸ਼ਹੂਰ ਸੀ। ਕਈ ਵਾਰ ਇਸ ਸਕੂਲ ਦੀ ਹਾਕੀ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਹੁੰਦੀ ਸੀ। ਹਾਕੀ ਖਿਡਾਉਣ ਲਈ ਕੁਲਵੀਰ ਸਿੰਘ ਤੇ ਮਾਸਟਰ ਸੂਰਮ ਸਿੰਘ ਸਨ। ਮਾਸਟਰ ਸੂਰਮ ਸਿੰਘ ਸਾਰੇ ਖਿਡਾਰੀਆਂ ਨੂੰ ਖਾਣ ਪੀਣ ਵਾਸਤੇ ਚੰਗੀ ਸੇਵਾ ਕਰਦਾ ਸੀ। ਜਿਹੜੇ ਬੱਚੇ ਮੈਚ ਦੇਖਣ

ਜਾਂਦੇ ਉਨ੍ਹਾਂ ਸਾਰਿਆਂ ਨੂੰ ਦੋ-ਦੋ ਕੇਲੇ ਜ਼ਰੂਰ ਦਿੱਤੇ ਜਾਂਦੇ ਸਨ। ਸੂਰਮ ਸਿੰਘ ਖਿਡਾਰੀਆਂ ਪਾਸੋਂ ਖੇਡਾਂ ਤੋਂ ਮਗਰੋਂ ਹਾਕੀਆਂ ਵਾਪਸ ਨਹੀਂ ਲੈਂਦਾ ਸੀ। ਪਿੰਡ ਗਗਨੌਲੀ ਤੋਂ ਬਹੁਤ ਸਾਰੇ ਲੜਕੇ ਹਾਕੀ ਖੇਡਦੇ ਸਨ। ਅੱਠਵੀਂ ਜਮਾਤ ਦਾ ਸਾਡਾ ਸੈਂਟਰ ਬਸੀ ਦੌਲਤ ਖਾਂ ਸੀ ਅਸੀਂ ਤੁਰ ਕੇ ਹੀ ਪੇਪਰ ਪਾਉਣ ਜਾਂਦੇ ਸੀ।

ਦਸਵੀਂ ਜਮਾਤ:- ਮਿਡਲ ਪ੍ਰੀਖਿਆ ਪਾਸ ਕਰਨ ਉਪਰੰਤ ਸਰਕਾਰੀ ਹਾਈ ਸਕੂਲ ਨਸਰਾਲਾ ਵਿਚ ਨੌਵੀਂ ਜਮਾਤ ਵਿਚ ਦਾਖਲ ਹੋ ਗਏ। ਪਿੰਡ ਦੇ ਤਿੰਨ ਸਾਥੀ ਦਸਵੀਂ ਜਮਾਤ ਵਿਚ ਸਨ- ਸੋਹਣ ਸਿੰਘ, ਕੁਲਦੀਪ ਸਿੰਘ ਤੇ ਅਵਤਾਰ ਸਿੰਘ। ਇਹ ਸਮਾਂ ਬੀਤਦੇ ਦਾ ਪਤਾ ਨਹੀਂ ਲੱਗਾ। ਇਸ ਸਕੂਲ ਦੇ ਹਰਮਨ ਪਿਆਰੇ ਅਧਿਆਪਕ ਧਿਆਨ ਸਿੰਘ ਧਾਮੀ, ਸ੍ਰੀ ਹੇਮ ਰਾਜ, ਕੁਲਦੀਪ ਵਸ਼ਿਸ਼ਟ, ਦਇਆ ਸਾਗਰ ਹਾਂਡਾ ਤੇ ਮੁੱਖ ਅਧਿਆਪਕ ਸ. ਮੱਘਰ ਸਿੰਘ ਤੇ ਕਿਸ਼ੋਰੀ ਲਾਲ ਆਦਿ ਸਨ। ਮੱਘਰ ਸਿੰਘ ਸਾਇੰਸ ਲਈ, ਹੇਮ ਰਾਜ ਅੰਗਰੇਜ਼ੀ, ਕਿਸ਼ੋਰੀ ਲਾਲ ਹਿਸਾਬ ਲਈ ਮਸ਼ਹੂਰ ਸਨ। ਸਾਨੂੰ ਹਿਸਾਬ ਤਰਸੇਮ ਸਿੰਘ ਪੜ੍ਹਾਉਂਦਾ ਸੀ, ਜੋ ਪਿੰਡ ਕਡਿਆਣੇ ਤੋਂ ਆਉਂਦਾ ਸੀ। ਇਸ ਸਕੂਲ ਵਿਚ ਸਾਡਾ ਕਿਸੇ ਨੇ ਓਵਰ ਟਾਈਮ ਨਹੀਂ ਲਗਾਇਆ ਸੀ। ਆਪਣੇ ਸਿਰ 'ਤੇ ਹੀ ਦਸਵੀਂ ਪਾਸ ਕੀਤੀ ਹੈ। ਇਸ ਸਕੂਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 500 ਸਾਲਾ ਜਨਮ ਦਿਹਾੜਾ ਮਨਾਇਆ ਗਿਆ। ਸਕੂਲ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਅਸੀਂ ਪਾਠੀਆਂ ਦੀ ਸੇਵਾ ਲਈ ਦੋ ਦਿਨ ਸਕੂਲ ਵਿਚ ਰਹੇ।

ਦਸਵੀਂ ਦਾ ਨਤੀਜਾ:- ਜਦੋਂ ਪਤਾ ਲੱਗਾ ਕਿ ਦਸਵੀਂ ਜਮਾਤ ਦਾ ਨਤੀਜਾ ਆ ਗਿਆ ਹੈ ਤਾਂ ਮੈਂ ਆਪਣਾ ਨਤੀਜਾ ਸੁਣਨ ਲਈ ਸਕੂਲ ਗਿਆ। ਸਾਡਾ ਸੀ ਸੈਕਸ਼ਨ ਸੀ। ਨਸਰਾਲੇ ਰੇਲਵੇ ਸਟੇਸ਼ਨ ਦੇ ਕੁਲੀ ਦਾ ਲੜਕਾ ਸਾਡੇ ਨਾਲ ਪੜ੍ਹਦਾ ਸੀ। ਉਹ ਰਸਤੇ ਵਿਚ ਮਿਲਿਆ। ਉਸਨੇ ਦੱਸਿਆ ਕਿ ਤੁਹਾਡੇ ਸੈਕਸ਼ਨ ਵਿਚੋਂ 27 ਲੜਕੇ ਪਾਸ ਹਨ। ਨਤੀਜੇ ਦਾ ਰਿਕਾਰਡ ਮਾਸਟਰ ਹੇਮ ਰਾਜ ਕੋਲ ਹੈ। ਹੇਮ ਰਾਜ ਪਿੰਡ ਨਸਰਾਲੇ ਦਾ ਰਹਿਣ ਵਾਲਾ ਸੀ। ਉਸ ਨੇ ਮੇਰਾ ਨਾਮ ਤੇ ਰੋਲ ਨੰਬਰ ਪੁੱਛਿਆ ਫਿਰ ਉਸ ਨੇ ਦੱਸਿਆ ਕਿ ਤੂੰ ਪਾਸ ਹੈਂ। ਮੇਰੇ ਨਾਲ ਦੇ ਸਾਥੀ ਫੇਲ੍ਹ ਸਨ। ਅਸੀਂ ਉਸ ਦਿਨ ਮੂੰਗਫਲੀ ਬੀਜਣੀ ਸੀ। ਜਦੋਂ ਮੈਂ ਵਾਪਸ ਘਰ ਆਇਆ ਤਾਂ ਮੇਰੇ ਚਾਚੇ ਦੇ ਲੜਕੇ ਹਰਭਜਨ ਸਿੰਘ ਦੇ ਸਿਰ 'ਤੇ ਮੂੰਗਫਲੀ ਦੇ ਬੀਜ ਦੀ ਬੋਰੀ ਸੀ ਉਸ ਨੇ ਪੁੱਛਿਆ, "ਨਤੀਜਾ ਕਿਸ ਤਰ੍ਹਾਂ ਰਿਹਾ? ਮੈਂ ਕਿਹਾ ਪਾਸ ਹੋ ਗਿਆ ਹਾਂ।" ਮੈਂ ਵੀ ਰੋਟੀ ਖਾ ਕੇ ਖੇਤ ਵਿਚ ਪਹੁੰਚ ਗਿਆ। ਸਾਰਾ ਦਿਨ ਪੜ੍ਹਾਈ ਬਾਰੇ ਗੱਲਬਾਤ ਹੁੰਦੀ ਰਹੀ।

ਕਾਲਜ ਵਿਚ ਦਾਖਲਾ:- ਮੈਨੂੰ ਹੁਸ਼ਿਆਰਪੁਰ ਦੇ ਕਾਲਜ ਬਾਰੇ ਬਹੁਤਾ ਪਤਾ ਨਹੀਂ ਸੀ। ਮੈਨੂੰ ਮਾਹਿਲਪੁਰ ਦੇ ਬੱਸ ਅੱਡੇ 'ਤੇ ਪਿੰਡ ਦਾ ਲੜਕਾ ਜੀਤ ਸਿੰਘ ਮਿਲਿਆ। ਮੈਂ ਉਸ ਨੂੰ ਪੁੱਛਿਆ ਕਿ ਡੀ.ਏ.ਵੀ. ਕਾਲਜ ਕਿਸ ਪਾਸੇ ਪੈਂਦਾ ਹੈ। ਉਹ ਮੇਰੇ ਨਾਲ ਚੱਲ ਪਿਆ। ਮੈਂ ਕਾਲਜ ਵਿਚੋਂ ਪ੍ਰੌਸਪੈਕਟ ਲੈ ਕੇ ਦਾਖਲਾ ਫਾਰਮ ਭਰ ਦਿੱਤਾ। ਫਾਰਮ ਦੇ ਉੱਪਰ ਗਾਰਡੀਅਨ ਦੇ ਦਸਤਖ਼ਤ ਜੀਤ ਸਿੰਘ ਤੋਂ ਕਰਵਾ ਲਏ। ਮੈਂ ਕਿਹਾ ਇਥੇ ਅਜੀਤ

ਸਿੰਘ ਲਿਖ ਦਿਓ ਉਸ ਕਿਹਾ, "ਮੇਰਾ ਨਾਮ ਅਜਮੀਤ ਸਿੰਘ ਹੈ। ਮੈਂ ਅਜਮੀਤ ਸਿੰਘ ਹੀ ਲਿਖਣਾ ਹੈ।" ਮੇਰਾ ਕਾਲਜ ਦਾ ਰੋਲ ਨੰਬਰ 307 ਸੀ। ਮੈਂ ਕਾਲਜ ਵਿਚ ਪਹਿਲਾਂ ਹੀ ਦਾਖਲਾ ਲੈ ਲਿਆ ਸੀ। ਹਰ ਵਿਦਿਆਰਥੀ ਨੂੰ ਕਾਲਜ ਜਾਣ ਦਾ ਬਹੁਤ ਚਾਅ ਹੁੰਦਾ ਹੈ। ਪਿੰਡ ਦੇ ਲੜਕੇ ਅਵਤਾਰ ਸਿੰਘ, ਸੋਹਣ ਸਿੰਘ ਤੇ ਕੁਝ ਹੋਰ ਸਾਥੀ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਫੇਲ੍ਹ ਹੋ ਕੇ ਮੇਰੇ ਨਾਲ ਗਿਆਰਵੀਂ ਜਮਾਤ ਵਿਚ ਦਾਖਲ ਹੋ ਗਏ। ਅਸੀਂ ਸਾਰੇ ਰੇਲਗੱਡੀ ਰਾਹੀਂ ਹੁਸ਼ਿਆਰਪੁਰ ਨੂੰ ਜਾਂਦੇ ਸੀ। ਸਾਰਿਆਂ ਨੇ ਕਾਲਜ ਨੂੰ ਤੁਰ ਕੇ ਜਾਣਾ। ਬਹੁਤ ਸਾਰੇ ਲੜਕੇ ਆਦਮਪੁਰ ਤੇ ਸ਼ਾਮ ਚੁਰਾਸੀ ਦੇ ਪਿੰਡਾਂ ਦੇ ਰੇਲ ਰਾਹੀਂ ਆਉਂਦੇ ਸਨ। ਇਕ ਹਫਤਾ ਸਾਰੀਆਂ ਘੰਟੀਆਂ ਨਹੀਂ ਲੱਗ ਸਕੀਆਂ। ਕੋਈ ਘੰਟੀ ਕਿਸੇ ਕਮਰੇ ਵਿਚ ਲੱਗਦੀ ਸੀ। ਕੋਈ ਕਿਤੇ ਲੱਗਦੀ ਸੀ।

ਐਨ.ਸੀ.ਸੀ.:- ਕਾਲਜ ਦੇ ਵਿਚ ਐਨ.ਸੀ.ਸੀ. ਲਾਜ਼ਮੀ ਸੀ। ਉਸ ਸਮੇਂ ਬੀ.ਏ. ਦੀ ਡਿਗਰੀ ਨਹੀਂ ਦਿੱਤੀ ਜਾਂਦੀ ਸੀ ਜਿੰਨਾ ਚਿਰ ਕਿਸੇ ਨੇ ਦੋ ਸਾਲ ਐਨ.ਸੀ.ਸੀ. ਨਾ ਰੱਖੀ ਹੋਵੇ। ਜਿਸ ਵਿਅਕਤੀ ਨੇ ਫੌਜ ਵਿਚ ਭਰਤੀ ਹੋਣਾ ਹੋਵੇ ਉਸ ਵਾਸਤੇ ਐਨ.ਸੀ.ਸੀ. ਦਾ (ਸੀ) ਸਰਟੀਫਿਕੇਟ ਬਹੁਤ ਸਹਾਇਕ ਹੁੰਦਾ ਸੀ। ਜਿਸ ਦਿਨ ਸਾਨੂੰ ਸਾਮਾਨ ਦਿੱਤਾ ਤਾਂ ਦੋ ਕਮੀਜਾਂ, ਪੱਗੜੀਆਂ, ਪੈਂਟਾਂ ਤੇ ਬੂਟ ਵਗੈਰਾ ਦਿੱਤੇ ਗਏ। ਐਨ.ਸੀ.ਸੀ. ਹਫਤੇ ਵਿਚ ਦੋ ਦਿਨ ਹੁੰਦੀ ਸੀ। ਕਾਲਜ ਲੱਗਣ ਤੋਂ ਪਹਿਲਾਂ ਇਸ ਦੀ ਪਰੇਡ ਹੁੰਦੀ ਸੀ। ਵਰਦੀ ਪਹਿਨ ਕੇ ਕਾਲਜ ਦਾ ਵਿਦਿਆਰਥੀ ਇਕ ਫੌਜੀ ਜਵਾਨ ਹੀ ਲੱਗਦਾ ਸੀ। ਜਦੋਂ ਪੱਗੜੀ 'ਤੇ ਕਲਗੀ ਲੱਗੀ ਹੁੰਦੀ ਤਾਂ ਵਿਦਿਆਰਥੀ ਫੌਜੀ ਜਰਨੈਲ ਹੀ ਲੱਗਦਾ ਸੀ।

ਕਾਲਜ ਦੀਆਂ ਕੁਝ ਖਾਸ ਯਾਦਾਂ:- ਇਨ੍ਹਾਂ ਯਾਦਾਂ ਵਿਚੋਂ ਇਕ ਘਟਨਾ ਕਿਸੇ ਦਰਜੀ ਦੇ ਸਬੰਧ ਵਿਚ ਹੈ। ਕਾਲਜ ਦੇ ਬਾਹਰ ਆਮ ਕਰਕੇ ਦੁਕਾਨਦਾਰਾਂ ਦੇ ਖੋਖੇ ਹੀ ਸਨ ਜਿਨ੍ਹਾਂ ਵਿਚ ਚਾਹ ਦੀ ਦੁਕਾਨ, ਮੋਚੀ, ਦਰਜ਼ੀ ਤੇ ਸਾਈਕਲ ਮਿਸਰਤੀ ਆਦਿ ਸਨ। ਮੈਂ ਇਕ ਪੈਂਟ ਦੀ ਫਿਟਿੰਗ ਦਰਜੀ ਪਾਸੋਂ ਕਰਵਾਉਣੀ ਸੀ। ਮੈਂ ਉਸ ਨੂੰ ਪੈਂਟ ਪਾ ਕੇ ਦਿਖਾ ਦਿੱਤੀ। ਉਸ ਨੇ ਆਪਣੇ ਹਿਸਾਬ ਨਾਲ ਨਿਸ਼ਾਨੀ ਲਗਾ ਲਈ। ਮੈਂ ਉਸ ਦੇ ਕਹਿਣ ਮੁਤਾਬਿਕ ਤੀਸਰੇ ਦਿਨ ਸਵੇਰ ਸਾਰ ਹੀ ਉਸ ਦੇ ਕੋਲ ਗਿਆ। ਮੈਂ ਪੁੱਛਿਆ ਜਨਾਬ ਪੈਂਟ ਠੀਕ ਕਰ ਦਿੱਤੀ ਹੈ। ਉਸ ਨੇ ਜਵਾਬ ਦਿੱਤਾ, "ਅੰਦਰ ਆ ਕੇ ਪਾ ਕੇ ਦੇਖ ਲਵੋ।" ਮੈਂ ਆਪਣੀ ਪੈਂਟ ਬਾਹਰ ਖੋਲ੍ਹ ਕੇ ਬੈਂਚ 'ਤੇ ਰੱਖ ਦਿੱਤੀ ਤੇ ਠੀਕ ਕੀਤੀ ਪੈਂਟ ਪਾ ਕੇ ਦੇਖ ਲਈ। ਮੈਂ ਕਿਹਾ, "ਛੁੱਟੀ ਵੇਲੇ ਆ ਕੇ ਲੈ ਜਾਵਾਂਗਾ।" ਮੈਂ ਆਪਣੀ ਬਾਹਰ ਖੋਲ੍ਹੀ ਪੈਂਟ ਬਾਹਰ ਖੜ ਕੇ ਪਾ ਲਈ ਤੇ ਕਾਲਜ ਘੰਟੀ ਲਗਾਉਣ ਚਲਾ ਗਿਆ। ਉਹ ਦਰਜ਼ੀ ਵੈਸੇ ਅੰਮ੍ਰਿਤਧਾਰੀ ਸਿੱਖ ਸੀ। ਉਹ ਦਰਜ਼ੀ ਦੇ ਕੰਮ ਦੇ ਨਾਲ ਡੀਪੂ ਦਾ ਕੰਮ ਵੀ ਕਰਦਾ ਸੀ। ਜਦੋਂ ਮੈਂ ਅੰਦਰ ਆਪਣੀ ਪੈਂਟ ਪਾ ਕੇ ਦੇਖ ਰਿਹਾ ਸੀ ਤਾਂ ਇਕ ਨੌਜਵਾਨ ਨੇ ਉਸ ਨੂੰ ਪੈਸੇ ਗਿਣਦੇ ਦੇਖ ਲਿਆ। ਦਰਜੀ ਨੇ ਪੈਸੇ ਗਿਣ ਕੇ ਆਪਣੀ ਝੱਗੀ ਵਿਚ ਪਾ ਕੇ ਦਰਵਾਜ਼ੇ 'ਤੇ ਟੰਗ ਦਿੱਤੀ। ਉਸ ਨੌਜਵਾਨ ਨੇ ਬਲੇਡ ਨਾਲ ਆਪਣੀ ਪੈਂਟ ਦੀ ਤਰਪਾਈ

ਉਦੇੜ ਦਿੱਤੀ ਤੇ ਉਸ ਨੂੰ ਕਿਹਾ ਕਿ ਮੈਂ ਜਲਦੀ ਵਿਚ ਹਾਂ ਤੁਸੀਂ ਮੇਰੀ ਪੈਂਟ ਦੀ ਤਰਪਾਈ ਕਰ ਦਿਓ। ਮੈਂ ਰੇਲਗੱਡੀ ਫੜ ਕੇ ਜਲੰਧਰ ਜਾਣਾ ਹੈ। ਮੈਂ ਕਾਲਜ ਵਾਪਸ ਆ ਕੇ ਕਲਾਸ ਲਗਾ ਲਈ। ਜਦੋਂ ਘੰਟੀ ਮੁੱਕਣ ਵਾਲੀ ਸੀ। ਦਰਜੀ ਕਲਾਸ ਰੂਮ ਦੇ ਬਾਹਰ ਖੜਾ ਸੀ। ਉਸ ਦੇ ਨਾਲ ਇਕ ਪ੍ਰੋਫੈਸਰ ਤੇ ਹੋਰ ਲੜਕੇ ਸਨ। ਮੈਂ ਖਿੜਕੀ ਵਿਚੋਂ ਦੇਖਿਆ ਕਿ ਕੋਈ ਗੱਲ ਹੈ ਦਰਜ਼ੀ ਕਿਉਂ ਆਇਆ ਹੈ? ਮੈਂ ਘੰਟੀ ਵੱਜਦੇ ਸਾਰ ਹੀ ਬਾਹਰ ਆਇਆ ਤਾਂ ਪ੍ਰੋਫੈਸਰ ਕੇਸਰ ਦਾਸ ਨੇ ਕਿਹਾ, "ਕਾਕਾ! ਇਹ ਦਰਜ਼ੀ ਸਾਡੇ ਪਾਸ ਆਇਆ ਹੈ ਤੇ ਕਹਿੰਦਾ ਹੈ ਕਿ ਲੜਕੇ ਨੇ ਮੇਰੇ ਪੰਜ ਸੌ ਰੁ: ਚੋਰੀ ਕੀਤੇ ਹਨ।" ਮੈਂ ਉਨ੍ਹਾਂ ਨੂੰ ਜਦੋਂ ਸਾਰੀ ਗੱਲ ਦੱਸ ਦਿੱਤੀ ਤਾਂ ਉਨ੍ਹਾਂ ਕਿਹਾ ਲੜਕਾ ਕਿਸ ਤਰ੍ਹਾਂ ਦਾ ਸੀ। ਮੈਂ ਕਿਹਾ ਉਸ ਦੇ ਮੂੰਹ 'ਤੇ ਮਾਤਾ ਦੇ ਦਾਗ ਹਨ ਤੇ ਰੰਗ ਗੋਰਾ ਹੈ। ਸਾਈਕਲ ਮਿਸਤਰੀ ਸੋਹਣ ਸਿੰਘ ਨੇ ਕਿਹਾ ਉਹ ਜੇਬ ਕਤਰਾ ਪਿੰਡ ਬਜਵਾੜੇ ਦਾ ਹੈ। ਸੋਹਣ ਸਿੰਘ ਪ੍ਰੋਫੈਸਰ ਸਾਹਿਬ ਦੇ ਮੋਟਰਸਾਈਕਲ 'ਤੇ ਬੈਠ ਕੇ ਰੇਲਵੇ ਸਟੇਸ਼ਨ ਪਹੁੰਚੇ। ਉਨ੍ਹਾਂ ਉਥੇ ਉਸ ਨੂੰ ਦੇਖ ਲਿਆ। ਉਸਦੇ ਹੱਥ ਵਿਚ ਅਟੈਚੀ ਸੀ। ਪ੍ਰੋਫੈਸਰ ਨੇ ਗਲੋਂ ਫੜ ਕੇ ਦੋ ਥੱਪੜ ਮਾਰੇ ਤਾਂ ਪੁੱਛਿਆ ਤੂੰ ਪੈਸੇ ਚੋਰੀ ਕੀਤੇ ਹਨ? ਉਹ ਜਲਦੀ ਹੀ ਮਨ ਗਿਆ। ਉਸ ਦੇ ਕੋਲੋਂ 500 ਰੁ: ਲੈ ਕੇ ਉਹ ਜਲਦੀ ਕਾਲਜ ਆ ਗਏ। ਜੇਬ ਕਤਰੇ ਨੇ ਸਾਰੀ ਗੱਲ ਉਨ੍ਹਾਂ ਨੂੰ ਦੱਸ ਦਿੱਤੀ ਕਿ ਇਹ ਦਰਜ਼ੀ ਪੈਸੇ ਗਿਣਦਾ ਮੈਂ ਦੇਖ ਲਿਆ। ਮੈਂ ਆਪਣੀ ਪੈਂਟ ਬਲੇਡ ਨਾਲ ਉਦੇੜ ਦਿੱਤੀ। ਜਦੋਂ ਇਹ ਠੀਕ ਕਰਨ ਲੱਗਾ ਤਾਂ ਮੈਂ ਪੈਸੇ ਦਰਵਾਜ਼ੇ 'ਤੇ ਟੰਗੀ ਝੱਗੀ ਵਿਚੋਂ ਕੱਢ ਲਏ। ਕਾਲਜ ਸਟਾਫ ਤੇ ਸਾਥੀਆਂ ਨੇ ਦਰਜ਼ੀ ਦੀ ਬਹੁਤ ਖਿਚਾਈ ਕੀਤੀ। ਉਨ੍ਹਾਂ ਪਹਿਲਾਂ ਹੀ ਉਸ ਨੂੰ ਦੱਸ ਦਿੱਤਾ ਸੀ ਕਿ ਇਹ ਲੜਕਾ ਇਸ ਪ੍ਰਕਾਰ ਦਾ ਨਹੀਂ ਹੈ। ਦਰਜ਼ੀ ਸਾਰਿਆਂ ਪਾਸੋਂ ਮਾਫ਼ੀ ਮੰਗ ਕੇ ਗਿਆ। ਪ੍ਰੋਫੈਸਰ ਕੇਸਰ ਦਾਸ ਨੇ ਕਿਹਾ, "ਅੱਗੋਂ ਤੋਂ ਪੈਸੇ ਸਾਰਿਆਂ ਦੇ ਸਾਹਮਣੇ ਨਹੀਂ ਗਿਣਨੇ ਹਨ।"

ਦੂਜੀ ਘਟਨਾ:- ਇਹ ਘਟਨਾ ਚੋਣ ਸਬੰਧੀ ਹੈ। ਕਾਲਜ ਆਮ ਕਰਕੇ ਚੋਣਾਂ ਹੁੰਦੀਆਂ ਹਨ। ਬਹੁਤ ਸਾਰੇ ਲੜਕੇ ਇਨ੍ਹਾਂ ਚੋਣਾਂ ਵਿਚ ਆਪਣੇ ਸਾਥੀ ਖੜ੍ਹੇ ਕਰਦੇ ਹਨ। ਕਈ ਵਾਰ ਲੜਾਈ ਝਗੜਾ ਵੀ ਹੋ ਜਾਂਦਾ ਹੈ। ਸਾਡੀ ਜਮਾਤ ਦੇ ਵਿਚੋਂ ਸਾਥੀਆਂ ਨੇ ਮੈਨੂੰ ਖੜ੍ਹਾ ਕਰ ਦਿੱਤਾ। ਇਕ ਦੋ ਲੜਕਿਆਂ ਨੇ ਵੀ ਆਪਣਾ ਨਾਮ ਚੋਣ ਵਾਸਤੇ ਦੇ ਦਿੱਤਾ। ਪਰ ਜਦੋਂ ਵੋਟਾਂ ਦੀ ਗਿਣਤੀ ਹੋਈ ਤਾਂ ਮੈਂ ਸਾਰਿਆਂ ਤੋਂ ਵੱਧ ਵੋਟਾਂ ਪ੍ਰਾਪਤ ਕੀਤੀ। ਸਾਥੀਆਂ ਨੇ ਤੇ ਪ੍ਰੋਫੈਸਰ ਸਾਹਿਬਾਨਾਂ ਨੇ ਵਧਾਈਆਂ ਦਿੱਤੀਆਂ। ਸਾਰਾ ਦਿਨ ਖੁਸ਼ੀ ਵਾਲਾ ਮਾਹੌਲ ਰਿਹਾ।

ਤੀਜੀ ਘਟਨਾ:- ਇਹ ਘਟਨਾ ਕਾਲਜ ਦੇ ਵਿਚ ਕਿਸੇ ਖਾਸ ਧਾਰਮਿਕ ਪ੍ਰੋਗਰਾਮ ਦੀ ਹੈ। ਇਹ ਪ੍ਰੋਗਰਾਮ ਕਾਲਜ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਤ ਸੀ। ਮੈਂ ਤਾਂ ਕਾਲਜ ਵਿਚ ਪੰਜਾਬੀ ਗੀਤ ਦਿਨ ਬਾਰ 'ਤੇ ਗਾਉਂਦਾ ਸੀ। ਇਹ ਮੇਰਾ ਬਚਪਨ ਦਾ ਸੁਭਾਅ ਸੀ। ਕਾਲਜ ਸਟਾਫ ਤੇ ਸਾਥੀਆਂ ਨੇ ਪ੍ਰੋਗਰਾਮ ਉਲੀਕ ਲਿਆ। ਉਹ ਮੇਰੇ ਪਾਸ ਆਏ ਤੇ ਕਹਿਣ ਲੱਗੇ, "ਤੁਸੀਂ ਵੀ ਪ੍ਰੋਗਰਾਮ ਵਿਚ ਭਾਗ ਲੈਣਾ ਹੈ।" ਮੈਂ

ਕਿਹਾ, "ਮੈਨੂੰ ਤਾਂ ਕੋਈ ਸਾਜ ਵਗੈਰਾ ਨਹੀਂ ਆਉਂਦਾ। ਮੇਰਾ ਭਾਗ ਲੈਣਾ ਮੁਸ਼ਕਿਲ ਹੈ।" ਮਿੱਥੇ ਸਮੇਂ ਅਨੁਸਾਰ ਪ੍ਰੋਗਰਾਮ ਸ਼ੁਰੂ ਹੋਇਆ। ਇਸ ਸਬੰਧੀ ਗਰਾਊਂਡ ਵਿਚ ਸ਼ਾਮਿਆਨਾ ਵਗੈਰਾ ਲਗਾ ਦਿੱਤਾ ਗਿਆ। ਸਪੀਕਰ ਆਦਿ ਵੀ ਲੱਗ ਗਏ। ਪ੍ਰੋਗਰਾਮ ਦੀ ਆਰੰਭਤਾ ਸ਼ੁਰੂ ਹੋ ਗਈ। ਪਰ ਪ੍ਰੋਫੈਸਰ ਜਾਤ-ਪਾਤ ਦੁਆਲੇ ਹੀ ਫਸੇ ਰਹੇ। ਕਾਲਜ ਦੀ ਸਟੇਜ ਹਿੱਲ ਗਈ ਸੀ। ਮੈਂ ਬੈਠਾ-ਬੈਠਾ ਵਿਚਾਰ ਕਰ ਰਿਹਾ ਸੀ ਕਿ ਸਟੇਜ 'ਤੇ ਜਾਵਾਂ ਜਾਂ ਨਾ ਜਾਵਾਂ। ਮੈਂ ਆਪਣੇ ਮਜਬੂਤ ਮਨ ਨਾਲ ਸਟੇਜ 'ਤੇ ਚੜ੍ਹ ਗਿਆ ਤੇ ਕਿਹਾ, "ਮੈਨੂੰ ਟਾਈਮ ਦਿਓ।" ਸਟੇਜ ਸਕੱਤਰ ਪ੍ਰੋ. ਮਹਿੰਦਰਾ ਨੇ ਕਿਹਾ, "ਕਿੰਨਾ ਪੰਜ ਮਿੰਟ।" ਮੈਂ ਕਿਹਾ ਜਿੰਨਾ ਮਰਜੀ। ਮਾਈਕ ਮੇਰੇ ਮੋਹਰੇ ਕਰ ਦਿੱਤਾ ਗਿਆ। ਮੈਂ ਕਿਸੇ ਫਾਰਮਲ ਸ਼ਬਦਾਂ ਤੋਂ ਬਿਨਾਂ ਸਿੱਧਾ ਬੋਲਣਾ ਸ਼ੁਰੂ ਕਰ ਦਿੱਤਾ।

"ਆਇਆ ਕਿਉਂ ਤੇ ਕਦੋਂ ਸੀ ਕਦ ਆਇਆ
ਵਰਕੇ ਫੋਲਿਆਂ ਇਤਿਹਾਸ ਫਿਰ ਦੱਸਦਾ ਏ
ਮਾਘੀ ਪੁੰਨਿਆ ਦਾ ਸੋਹਣਾ ਚੰਨ ਆਇਆ
ਸੰਨ ਬਿਕਰੀ 1360 ਦਾ ਏ।"

ਜੋ ਪੰਡਾਲ ਖਾਲੀ ਹੋਇਆ ਸੀ ਹੁਣ ਉਹ ਜਲਦੀ ਹੀ ਭਰ ਗਿਆ। ਸਟੇਜ ਇਕਦਮ ਜੰਮ ਗਈ ਸੀ। ਇਥੋਂ ਤੱਕ ਚਾਹ ਬਣਾਉਣ ਵਾਲੇ ਸਾਰੇ ਹਲਵਾਈਆਂ ਨੂੰ ਮੈਂ ਪੰਡਾਲ ਵਿਚ ਬੈਠੇ ਦੇਖਿਆ। ਜਦੋਂ ਮੈਂ 20 ਮਿੰਟ ਬੋਲਿਆ ਤਾਂ ਪ੍ਰਿੰਸੀਪਲ ਆਰ.ਪੀ. ਸ਼ਰਮਾ ਨੇ ਹੱਥ ਖੜਾ ਕਰਕੇ ਸਮਾਂ-ਸਮਾਪਤੀ ਦਾ ਇਸ਼ਾਰਾ ਕੀਤਾ। ਮੈਂ ਫਤਹਿ ਬੁਲਾ ਕੇ ਹੇਠਾਂ ਬੈਠਣ ਲੱਗਾ ਤਾਂ ਸਟਾਫ ਮੈਂਬਰਾਂ ਨੇ ਬਾਹੋਂ ਫੜ ਕੇ ਸਟੇਜ 'ਤੇ ਬਿਠਾਇਆ। ਪ੍ਰਿੰਸੀਪਲ ਸਾਹਿਬਾਨ ਨੇ ਇਸੇ ਪ੍ਰੋਗਰਾਮ ਵਿਚੋਂ ਪਹਿਲਾ ਇਨਾਮ ਮੇਰੇ ਹਿੱਸੇ ਪਾਇਆ। ਜਦੋਂ ਉਨ੍ਹਾਂ ਕਿਹਾ ਕਿ ਜਿਸ ਪ੍ਰਕਾਰ ਦਾ ਭਾਸ਼ਨ ਇਸ ਲੜਕੇ ਨੇ ਦਿੱਤਾ ਹੈ ਮੈਂ ਸਾਰੇ ਕਾਲਜ ਵਲੋਂ, ਵਿਦਿਆਰਥੀਆਂ ਵੱਲੋਂ ਇਸ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਇਸ ਨੇ ਸਾਰੇ ਪ੍ਰੋਗਰਾਮ ਨੂੰ ਚਾਰ ਚੰਨ ਲਾਏ ਹਨ। ਜਦੋਂ ਕਾਲਜ ਦਾ ਇਨਾਮ ਵੰਡ ਸਮਾਰੋਹ ਹੋਇਆ ਤਾਂ ਮੈਨੂੰ ਇਹ ਇਨਾਮ ਦਿੱਤਾ ਗਿਆ, ਜਿਸ ਵਿਚ ਸਰਟੀਫਿਕੇਟ, ਚਾਰ ਅੰਗਰੇਜ਼ੀ ਦੀਆਂ ਕਿਤਾਬਾਂ ਦਾ ਸੈੱਟ ਦਿੱਤਾ ਗਿਆ। ਸਾਰੇ ਪ੍ਰੋਫੈਸਰ ਹੈਰਾਨ ਸਨ ਕਿ ਇਹ ਲੜਕਾ ਪੰਜਾਬੀ ਗਾਇਕ ਹੈ ਪਰ ਇਸ ਦੀ ਇਸ ਕਲਾ ਦਾ ਸਾਨੂੰ ਕੋਈ ਗਿਆਨ ਨਹੀਂ ਸੀ। ਹੁਸ਼ਿਆਰਪੁਰ ਦੇ ਦੋਹਾਂ ਕਾਲਜਾਂ ਵਿਚ ਮੇਰੇ ਨਾਮ ਦੀ ਚਰਚਾ ਹੋਈ।

ਬੀ.ਏ. ਪਾਸ ਕਰਨ ਉਪਰੰਤ ਮੈਂ ਜਦ ਵੀ ਕਾਲਜ ਜਾਣਾ ਤਾਂ ਸਬੰਧਤ ਕਾਲਜ ਸਟਾਫ ਤੇ ਹੋਰ ਸਾਥੀਆਂ ਨੇ ਖੁਸ਼ ਹੋ ਕੇ ਮਿਲਣਾ।

ਬੀ.ਐੱਡ ਕਰਨੀ:- ਮੈਂ ਪੜ੍ਹਦੇ ਸਮੇਂ ਇਸ ਕੋਰਸ ਬਾਰੇ ਨਹੀਂ ਸੋਚਿਆ ਸੀ। ਥੋੜ੍ਹੇ ਦਿਨ ਪਹਿਲਾਂ ਅਵਤਾਰ ਸਿੰਘ ਸਪੁੱਤਰ ਗੁਰਬਚਨ ਸਿੰਘ ਕਾਹਰੀ ਮੇਰੇ ਪਾਸ ਆਇਆ ਤੇ ਕਹਿਣ ਲੱਗਾ ਕਿ ਮੈਂ ਬੀ.ਐੱਡ ਦਾ ਫਾਰਮ ਭਰ ਕੇ ਦੇ ਦਿੱਤਾ ਹੈ। ਤੁਸੀਂ ਵੀ ਫਾਰਮ ਭਰ ਕੇ ਦੇ ਦੇਵੋ। ਇੰਟਰਵਿਊ ਦਾ ਸਮਾਂ ਸਿਰਫ਼ ਇਕ ਹਫਤਾ ਰਹਿੰਦਾ ਸੀ। ਮੈਂ ਆਪਣੇ ਪ੍ਰੋਫੈਸਰ

ਅਜੀਤ ਸਿੰਘ ਅਰੋੜਾ ਦੇ ਕੋਲ ਗਿਆ। ਮੈਂ ਕਿਹਾ, "ਸਰ ਜੀ ਮੈਂ ਫੌਜ ਵਿਚ ਭਰਤੀ ਹੋ ਜਾਵਾਂ ਜਾਂ ਬੀ.ਐੱਡ ਕਰਾਂ। ਉਨ੍ਹਾਂ ਸਲਾਹ ਦਿੱਤੀ, "ਸਰਦਾਰ ਜੀ ਤੁਸੀਂ ਰੱਬ ਨੂੰ ਮੰਨਣ ਵਾਲੇ ਹੋ। ਬੀ.ਐੱਡ ਦਾ ਫਾਰਮ ਭਰ ਕੇ ਦਿਓ।" ਮੇਰੇ ਕੋਲ ਸਾਰੇ ਜ਼ਰੂਰੀ ਦਸਤਾਵੇਜ਼ ਸਨ। ਮੈਂ ਫਾਰਮ ਭਰ ਕੇ ਦੇ ਦਿੱਤਾ। ਇਕ ਵਿਅਕਤੀ ਦੇ ਕੋਲ ਗਿਆ ਜਿਸ ਕਿਹਾ ਕਿ ਤੂੰ ਅਰਾਮ ਨਾਲ ਘਰ ਬੈਠ ਜਾਹ, ਤੂੰ ਇੰਟਰਵਿਊ ਤੋਂ ਇਕ ਦਿਨ ਪਹਿਲਾਂ ਮੇਰੇ ਕੋਲ ਆਉਣਾ। ਦੋ ਦਿਨ ਲਿਸਟ ਨਾ ਲੱਗੀ। ਤੀਸਰੇ ਦਿਨ ਸ਼ਾਮ ਵੇਲੇ ਲਿਸਟ ਲੱਗੀ ਤਾਂ ਲਿਸਟ ਵਿਚ ਮੇਰਾ ਪੰਜਵਾਂ ਨੰਬਰ ਸੀ। ਜਿਵੇਂ ਉਨ੍ਹਾਂ ਨੇ ਮੈਨੂੰ ਗਾਈਡ ਕੀਤਾ ਮੈਂ ਉਨ੍ਹਾਂ ਦਾ ਨਾਮ ਲੈ ਕੇ ਫੀਸ ਜਮਾਂ ਕਰਵਾ ਕੇ ਰਸੀਦ ਪ੍ਰਾਪਤ ਕਰ ਲਈ। ਘਰ ਵਾਸਤੇ ਲੱਡੂ ਲੈ ਲਏ। ਬਹੁਤ ਸਾਰੇ ਸਾਥੀ ਇਸੇ ਕੋਰਸ ਤੋਂ ਬਾਂਝੇ ਰਹਿ ਗਏ ਸਨ।

ਬੀ.ਐੱਡ ਕਾਲਜ ਦਾ ਪਹਿਲਾ ਦਿਨ:- ਇਕ ਦਰਜਾ ਚਾਰ ਮੁਲਾਜ਼ਮ ਸਾਡੇ ਵਾਸਤੇ ਮੇਜ਼ ਕੁਰਸੀਆਂ ਸਾਫ਼ ਕਰ ਰਹੀ ਸੀ। ਅਸੀਂ ਸਾਰਿਆਂ ਨੇ ਉਸ ਦੀ ਮਦਦ ਕੀਤੀ। ਪ੍ਰੋਫੈਸਰ ਦਰਸ਼ਨ ਸ਼ਰਮਾ ਨੇ ਸਾਨੂੰ ਸਾਰਿਆਂ ਨੂੰ ਸੰਬੋਧਨ ਕੀਤਾ। ਇਸ ਕੋਰਸ ਬਾਰੇ ਸਾਰੀ ਜਾਣਕਾਰੀ ਦਿੱਤੀ ਤੇ ਨਾਲ ਹੀ ਵਿਸ਼ਿਆਂ ਦੀ ਚੋਣ ਕਿਵੇਂ ਕਰਨੀ ਹੈ ਦੱਸ ਦਿੱਤਾ। ਸਾਰੀ ਗੱਲਬਾਤ ਦੱਸਣ ਤੋਂ ਮਗਰੋਂ ਉਨ੍ਹਾਂ ਕਿਹਾ ਤੁਹਾਡੇ ਵਿਚੋਂ ਕੋਈ ਲੜਕਾ ਪੰਜਾਬੀ ਗੀਤ ਦੇ ਨਾਲ ਸਟੇਜ਼ 'ਤੇ ਆਪਣੀ ਹਾਜਰੀ ਲਗਵਾਏ। ਸਭ ਤੋਂ ਪਹਿਲਾਂ ਰਾਣਾ ਨਾਂ ਦੇ ਲੜਕੇ ਨੇ ਗੀਤ ਗਾਇਨ ਕੀਤਾ ਫਿਰ ਮੈਂ ਸਟੇਜ਼ 'ਤੇ ਗਿਆ। ਮੈਂ ਦੋ ਗੀਤਾਂ ਦਾ ਗਾਇਨ ਕੀਤਾ। ਉਸ ਨੇ ਵੀ ਦੋ ਗੀਤ ਗਾਇਨ ਕੀਤੇ ਫਿਰ ਸਟੇਜ਼ ਖਾਲੀ ਹੋ ਗਈ। ਫਿਰ ਮੈਂ ਤੀਜਾ ਗੀਤ ਗਾਇਨ ਕੀਤਾ ਤੇ ਕਿਹਾ, "ਸਾਰਾ ਕਾਲਜ ਇਕ ਪਾਸੇ ਤੇ ਗੁਰਦਿਆਲ ਸਿੰਘ ਇਕ ਪਾਸੇ।" ਵਾਰੋ ਵਾਰੀ ਆਈ ਜਾਵੇ। ਤਾੜੀਆਂ ਨਾਲ ਹਾਲ ਗੂੰਜ ਉੱਠਿਆ। ਇਸ ਤਰ੍ਹਾਂ ਦਿਨ ਬਾਰ ਤੇ ਰੰਗਾਰੰਗ ਪ੍ਰੋਗਰਾਮ ਚੱਲਦਾ ਰਿਹਾ।

ਸਾਰੇ ਕਾਲਜ ਨੂੰ ਗਰੁੱਪਾਂ ਵਿਚ ਵੰਡ ਕਿ ਇਸ ਦੇ ਹਾਊਸ ਬਣਾ ਦਿੱਤੇ ਗਏ ਸਨ ਜਿਵੇਂ ਗਾਂਧੀ ਹਾਊਸ, ਟੈਗੋਰ ਹਾਊਸ ਆਦਿ। ਕਿਸੇ-ਕਿਸੇ ਦਿਨ ਅਸੀਂ ਛੁੱਟੀ ਵਾਲੇ ਦਿਨ ਵੀ ਕਾਲਜ ਜਾ ਕੇ ਸਫ਼ਾਈ ਕਰਦੇ ਸੀ। ਖਾਸ ਕਰਕੇ ਫੁੱਲਾਂ ਦੀਆਂ ਕਿਆਰੀਆਂ ਬਗੈਰਾ ਦੀ ਗੁੱਡ-ਗੁਡਾਈ ਕਰਨੀ। ਇਨ੍ਹਾਂ ਗਰੁੱਪਾਂ ਅਨੁਸਾਰ ਸਵੇਰ ਦੀ ਸਭਾ ਵਿਚ ਹਰ ਗਰੁੱਪ ਦੀ ਪ੍ਰਤੀਨਿਧਤਾ ਹੁੰਦੀ ਸੀ। ਬਹੁਤ ਸਾਰੇ ਲੜਕੇ ਤੇ ਲੜਕੀਆਂ ਨੇ ਆਪਣੀ ਸਮਝ ਅਨੁਸਾਰ ਭਾਸ਼ਨ ਤਿਆਰ ਕਰਕੇ ਸਭਾ ਵਿਚ ਪੇਸ਼ ਕੀਤਾ ਸੀ। ਇਕ ਦਿਨ ਇਕ ਲੜਕਾ ਜੋ ਸੰਸਕ੍ਰਿਤ ਦਾ ਗਿਆਤਾ ਸੀ। ਉਸ ਨੇ ਆਪਣਾ ਭਾਸ਼ਨ ਸਵੇਰ ਦੀ ਸਭਾ ਵਿਚ ਦਿੱਤਾ। ਉਹ ਘਰ ਤੋਂ ਧੋਤੀ ਪਹਿਨ ਕੇ ਆਇਆ ਸੀ। ਸਿਰ 'ਤੇ ਟੋਪੀ ਤੇ ਗਲ਼ ਵਿਚ ਮਾਲਾ ਪਾਈ ਹੋਈ ਸੀ। ਜਦੋਂ ਉਹ ਸੰਸਕ੍ਰਿਤ ਦੇ ਸਲੋਕ ਬੋਲ ਰਿਹਾ ਸੀ ਤਾਂ ਸਾਰਾ ਹਾਲ ਹਾਸੇ ਨਾਲ ਗੂੰਜ ਉੱਠਿਆ। ਉਹ ਇਵੇਂ ਭਾਸ਼ਨ ਕਰਦਾ ਸੀ ਜਿਵੇਂ ਉਹ ਕਿਸੇ ਮੰਦਰ ਵਿਚ ਬੈਠਾ ਹੋਵੇ। ਅਗਲੇ ਹਫਤੇ ਸਾਡੇ ਗਰੁੱਪ ਦੀ ਵਾਰੀ ਸੀ। ਮੇਰੇ ਸਾਥੀਆਂ ਨੇ ਕਿਹਾ ਹੁਣ ਤੁਹਾਡੀ ਵਾਰੀ ਹੈ। ਮੈਂ ਹਾਂ ਕਰ ਦਿੱਤੀ। ਆਪਣੀ ਸਮਝ ਮੁਤਾਬਕ ਸਮੇਂ ਨੂੰ

ਮੁੱਖ ਰੱਖ ਕੇ ਮੈਂ ਆਪਣਾ ਲੈਕਚਰ ਤਿਆਰ ਕਰ ਲਿਆ। ਕਲਾਸ ਇੰਚਾਰਜ ਪ੍ਰੋ. ਮੰਗਤ ਰਾਮ ਸਾਹਨੀ ਨੇ ਕਿਹਾ ਮੇਰੇ ਪਾਸੋਂ ਤਿਆਰੀ ਕਰਵਾ ਕੇ ਜਾਣਾ। ਮੇਰੇ ਸਾਥੀ ਅਵਤਾਰ ਸਿੰਘ ਨੇ ਕਿਹਾ ਕਿ ਤੁਸੀਂ ਗੁਰਦਿਆਲ ਸਿੰਘ ਦੀ ਤਿਆਰੀ ਨਹੀਂ ਕਰਵਾ ਸਕਦੇ ਕਿਉਂਕਿ ਇਸ ਨੇ ਪਹਿਲਾਂ ਹੀ ਕਾਫੀ ਮੱਲਾਂ ਮਾਰੀਆਂ ਹਨ। ਉਨ੍ਹਾਂ ਫਿਰ ਕਿਹਾ, "ਕਿਤੇ ਪੰਜਾਬੀ ਗੀਤ ਨਾ ਸੁਣਾ ਦੇਵੀਂ।" ਮੈਂ ਕਿਹਾ, "ਹਜ਼ੂਰ ਜੋ ਕੁਝ ਹੋਵੇਗਾ ਚੰਗਾ ਹੋਵੇਗਾ।" ਹਾਲ ਵਿਚ ਸਵੇਰ ਦੀ ਪ੍ਰਾਰਥਨਾ ਤੋਂ ਬਾਅਦ ਪ੍ਰੋ. ਦਰਸ਼ਨ ਸ਼ਰਮਾ ਨੇ ਮੇਰਾ ਨਾਮ ਅਨਾਊਂਸ ਕੀਤਾ। ਮੈਂ ਸਟੇਜ 'ਤੇ ਪ੍ਰਮਾਤਮਾ ਦਾ ਨਾਮ ਲੈ ਕੇ ਹਾਜ਼ਰ ਹੋਇਆਂ। ਸਾਰਿਆਂ ਦੇ ਮਾਣ-ਸਨਮਾਨ ਵਿਚ ਦੋ ਸ਼ਬਦ ਕਹਿਣ ਤੋਂ ਮਗਰੋਂ ਮੈਂ ਆਪਣਾ ਲੈਕਚਰ ਦੇਣਾ ਸ਼ੁਰੂ ਕੀਤਾ। ਪ੍ਰਮਾਤਮਾ ਹੀ ਪੱਤ ਰੱਖਦਾ ਹੈ ਕਿ ਹਾਲ ਵਿਚ ਕਿਸੇ ਨੇ ਵੀ ਚੂੰ ਵੀ ਨਹੀਂ ਕੀਤੀ। ਸਾਹਨੀ ਸਾਹਿਬ ਨੇ ਕਿਹਾ, "ਵੈਰੀ ਗੁੱਡ ਗੁਰਦਿਆਲ ਸਿੰਘ। ਸਾਰਾ ਸਟਾਫ ਤੇ ਮੇਰੇ ਸਾਥੀ ਖੁਸ਼ ਹਨ। ਸਾਰਾ ਦਿਨ ਜਿੰਨੀਆਂ ਘੰਟੀਆਂ ਲੱਗੀਆਂ ਸਾਰਿਆਂ ਨੇ ਮੇਰੀ ਸਿਫ਼ਤ ਕੀਤੀ।

ਸਵੇਰ ਦੀ ਸਭਾ ਤੋਂ ਮਗਰੋਂ ਪੜ੍ਹਾਈ ਸ਼ੁਰੂ ਹੋਈ। ਪਹਿਲੀ ਘੰਟੀ ਮਨੋਵਿਗਿਆਨ ਦੀ ਸੀ। ਇਹ ਵਿਸ਼ਾ ਮੈਡਮ ਸ਼ਕੁੰਤਲਾ ਸੈਣੀ ਪੜ੍ਹਾਉਂਦੀ ਸੀ। ਜਦੋਂ ਉਸਨੇ ਕਲਾਸ ਰੂਮ ਵਿਚ ਕਦਮ ਰੱਖਿਆ ਹੀ ਸੀ ਤਾਂ ਹੱਸ ਕੇ ਕਿਹਾ, "All the Staff members have confidance that Mr. Gurdial Singh well spoke today. I really appreciate you." ਇਨ੍ਹਾਂ ਸ਼ਬਦਾਂ ਤੋਂ ਮਗਰੋਂ ਉਨ੍ਹਾਂ ਕਿਹਾ ਸਾਰੇ ਸਟਾਫ ਨੇ ਤੇਰੀ ਸਿਫ਼ਤ ਕੀਤੀ ਹੈ। ਸਾਰਾ ਸਾਲ ਜਦੋਂ ਕੋਈ ਸਮਾਗਮ ਹੁੰਦਾ ਮੈਂ ਹਾਜ਼ਰੀ ਭਰਦਾ ਰਿਹਾ।

ਕਾਲਜ ਦੇ ਸਟਾਫ ਮੈਂਬਰ ਪ੍ਰਿੰਸੀਪਲ ਸ੍ਰੀ ਰੁਲੀਆ ਰਾਮ, ਪ੍ਰੋ. ਸਾਹਿਬਾਨ ਸ੍ਰੀ ਦਰਸ਼ਨ ਸ਼ਰਮਾ, ਪੀ.ਸੀ. ਸ਼ਰਮਾ, ਜਤਿੰਦਰ ਸਿੰਘ ਸੈਣੀ, ਮੈਡਮ ਸ਼ਕੁੰਤਲਾ ਸੈਣੀ, ਟੀ.ਆਰ. ਸ਼ਰਮਾ ਉਹ ਚਿੱਟੀ ਪੱਗੜੀ ਬੰਨਦੇ ਸਨ। ਮੈਡਮ ਵਿਜੈ ਵਚਿੱਤਰ ਆਦਿ। ਇਸ ਕੋਰਸ ਦੌਰਾਨ ਸਾਨੂੰ ਅੰਮ੍ਰਿਤਸਰ ਤੇ ਹੋਰ ਸਥਾਨ 'ਤੇ ਲਿਜਾਇਆ ਗਿਆ।

ਇਕ ਦਿਨ ਕੁਝ ਸਟਾਫ ਮੈਂਬਰਾਂ ਨੇ ਕਿਹਾ ਗੁਰਦਿਆਲ ਸਿੰਘ ਸਾਨੂੰ ਕੋਈ ਵਧੀਆ ਗੀਤ ਸੁਣਾਓ। ਹਾਲ ਵਿਚ ਮੇਰੇ ਸਾਥੀ ਵੀ ਸਨ। ਇਕ ਦੋ ਸਾਥੀਆਂ ਨੇ ਗੀਤ ਵੀ ਗਾਇਨ ਕੀਤੇ। ਕੁਝ ਲੜਕੇ ਆ ਰਹੇ ਸਨ ਤੇ ਕੁਝ ਜਾ ਰਹੇ ਸਨ। ਮੈਂ ਸਾਰੇ ਹਾਲ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ ਤੇ ਕਿਹਾ ਜਿਸ ਜਾਣਾ ਹੈ ਉਹ ਜਾ ਸਕਦਾ ਹੈ। ਮੈਂ ਕਿਹਾ ਅੱਜ ਮੈਨੂੰ ਤਿੰਨ ਗੀਤ ਆਉਂਦੇ ਹਨ। ਤੁਸੀਂ ਜਿਹੜਾ ਕਹੋਗੇ ਮੈਂ ਸੁਣਾ ਦੇਵਾਂਗਾ। ਮੈਂ ਕਿਹਾ ਕਿ ਇਕ ਪਾਸੇ ਮੇਰੇ ਸਾਥੀ ਲੜਕੇ ਹਨ। ਦੂਜੇ ਪਾਸੇ ਲੜਕੀਆਂ ਤੇ ਮੈਡਮਾਂ ਹਨ ਜੋ ਗੀਤ ਉਨ੍ਹਾਂ ਪਸੰਦ ਕੀਤਾ ਉਸਦੇ ਬੋਲ ਸਨ:

"ਪਾ ਕੇ ਕੱਜਲੇ ਦੀ ਧਾਰੀ ਨੈਣ ਕਰ ਲੈ ਕਟਾਰੀ
ਅੱਜ ਹਾਣੀਆਂ ਗਲੀ 'ਚ ਗੇੜਾ ਮਾਰ ਵੇ
ਵੇ ਮੈਂ ਸੱਚੀ ਮੁੱਚੀ ਹੋ ਗਈ ਮੁਟਿਆਰ ਵੇ।"

ਇਹ ਗੀਤ ਉਨ੍ਹਾਂ ਨੇ ਕਈ ਵਾਰੀ ਸੁਣਿਆ। ਕੋਰਸ ਦਾ ਸਮਾਂ ਵੀ ਬੀਤਦਾ ਜਾ ਰਿਹਾ ਸੀ। ਆਰਟ ਤੇ ਕਰਾਫਟ ਪ੍ਰੋ. ਟੀ.ਆਰ. ਸ਼ਰਮਾ ਨੇ ਕਿਹਾ ਹਰ ਵਿਦਿਆਰਥੀ ਨੇ 25 ਸ਼ੀਟਾਂ ਚਿੱਤਰ ਕਲਾ ਦੀਆਂ ਤਿਆਰ ਕਰਨੀਆਂ ਹਨ। ਇਸ ਕਾਲਜ ਵਿਚ ਕਰਾਫ਼ਟ ਦਾ ਕੰਮ ਚਮੜੇ ਦਾ ਸੀ। ਭੇਡ ਦੀ ਖਲ਼ ਤੋਂ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਸਨ। ਬਹੁਤ ਮਿਹਨਤ ਕਰਨੀ ਪੈਂਦੀ ਸੀ। ਸਪਰਿਟ ਰੰਗ ਭਰਨੇ ਹੁੰਦੇ ਸਨ। ਇਸ ਕੋਰਸ ਵਿਚ ਦੋ ਵਾਰ ਟੀਚਿੰਗ ਪ੍ਰੈਕਟਿਸ ਸ. ਹਾਈ ਸਕੂਲ ਘੰਟਾਘਰ ਵਿਖੇ ਲੱਗੀ ਸੀ। ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਕਣਕਾਂ ਦੀ ਕਟਾਈ ਤੋਂ ਪਹਿਲਾਂ ਸਾਡੇ ਪੇਪਰ ਪੈ ਚੁੱਕੇ ਸਨ। ਸਾਨੂੰ ਸਾਰੇ ਵਿਦਿਆਰਥੀਆਂ ਨੂੰ ਕਾਲਜ ਸੱਦ ਕੇ ਰੋਜ਼ਗਾਰ ਦਫਤਰ ਵਿਚ ਨਾਮ ਦਰਜ ਕਰਵਾਉਣ ਲਈ ਪ੍ਰੋਵੀਜ਼ਨਲ ਸਰਟੀਫਿਕੇਟ ਦੇ ਦਿੱਤੇ ਸਨ। ਦੋ ਮਹੀਨੇ ਮਗਰੋਂ ਨਤੀਜਾ ਆ ਗਿਆ। ਫਿਰ ਅਸਲ ਸਰਟੀਫਿਕੇਟ ਲੈ ਕੇ ਰੋਜ਼ਗਾਰ ਦਫਤਰ ਵਿਖੇ ਸਾਰੇ ਪਰੂਫ ਜਮਾਂ ਕਰਵਾ ਦਿੱਤੇ ਗਏ।

ਐਮ.ਏ. ਵਿਚ ਦਾਖਲਾ:- ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਐਮ.ਏ. ਦੀਆਂ ਕਲਾਸਾਂ ਸਾਂਝੀਆਂ ਲੱਗਦੀਆਂ ਸਨ। ਅੱਧਾ ਸਟਾਫ ਡੀ.ਏ.ਵੀ. ਕਾਲਜ ਦਾ ਹੁੰਦਾ ਤਾਂ ਅੱਧਾ ਸਟਾਫ ਸਰਕਾਰੀ ਕਾਲਜ ਦਾ ਹੁੰਦਾ ਸੀ ਪਰ ਸਾਡੇ ਸਮੇਂ ਇਹ ਸਾਂਝਾਪਨ ਖਤਮ ਹੋ ਗਿਆ ਸੀ। ਐਮ.ਏ. ਪੋਲ ਸਾਇੰਸ ਵਿਚ ਦਾਖਲੇ ਵਾਸਤੇ ਫਾਰਮ ਜਮਾਂ ਕਰਵਾ ਦਿੱਤਾ ਸੀ। ਪਰ ਭਰੋਸਾ ਨਹੀਂ ਸੀ ਕਿ ਦਾਖਲ ਹੋ ਸਕੀਏ। ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਸਾਡੇ ਪਾਸ ਹੁਣ ਸੀਟਾਂ ਪੂਰੀਆਂ ਹਨ। ਪ੍ਰੋ. ਗੁਰਬਚਨ ਸਿੰਘ ਥਾਪਰ ਨੇ ਕਿਹਾ ਕਿ ਹੁਣ ਤਾਰੀਕ ਲੰਘ ਚੁੱਕੀ ਹੈ ਜੇ ਯੂਨੀਵਰਸਿਟੀ ਆਗਿਆ ਦਿੰਦੀ ਹੈ ਤਾਂ ਦਾਖ਼ਲ ਹੋ ਸਕਦੇ ਹੋ। ਉਸ ਸਮੇਂ ਸਿੱਖਿਆ ਮੰਤਰੀ ਚੌਧਰੀ ਗੁਰਮੇਲ ਸਿੰਘ ਸੀ। ਇਕ ਰਾਤ ਮੈਂ ਚੰਡੀਗੜ੍ਹ ਰਿਹਾ। ਉਨ੍ਹਾਂ ਕਿਹਾ ਜਾਓ ਦਾਖਲਾ ਮਿਲ ਜਾਵੇਗਾ। ਮੇਰੇ ਕਾਲਜ ਪਹੁੰਚਣ ਤੋਂ ਪਹਿਲਾਂ ਮੇਰੀ ਪਰਮਿਸ਼ਨ ਆ ਚੁੱਕੀ ਸੀ ਤੇ ਮੈਂ ਦਾਖ਼ਲ ਹੋ ਕੇ ਬੜੀ ਖੁਸ਼ੀ ਮਨਾਈ।

ਐਮ.ਏ. ਪੋਲੀਟੀਕਲ ਸਾਇੰਸ ਵਿਚ ਵਿਦਿਆਰਥੀਆਂ ਦੀ ਕਾਫੀ ਗਿਣਤੀ ਸੀ। ਜਦੋਂ ਕਿਤਾਬਾਂ ਨੂੰ ਵੇਖਿਆ ਤਾਂ ਡਰ ਲੱਗਦਾ ਸੀ ਕਿ ਕਿਵੇਂ ਪੜ੍ਹਾਈ ਕਰਨੀ ਹੈ। ਐਮ.ਏ. ਦਾ ਮੀਡੀਅਮ ਅੰਗਰੇਜ਼ੀ ਸੀ। ਅੰਤਰਰਾਸ਼ਟਰੀ ਕਾਨੂੰਨ ਨੂੰ ਪੜ੍ਹਨਾ, ਬਾਹਰਲੇ ਦੇਸ਼ਾਂ ਦੇ ਸੰਵਿਧਾਨ ਨੂੰ ਪੜ੍ਹਨਾ, ਰਾਜਨੀਤਕ ਵਿਗਿਆਨੀਆਂ ਨੂੰ ਪੜ੍ਹਨਾ ਬੜਾ ਔਖਾ ਸੀ।

ਖਾਸ ਗੱਲ ਸਾਰੇ ਪ੍ਰੋ. ਆਪਣਾ ਲੈਕਚਰ ਲਿਖ ਕੇ ਲਿਆਉਂਦੇ ਸਨ ਪਰ ਪ੍ਰਿੰ. ਕੇ.ਐਸ. ਬੇਰੀ ਪਹਿਲੀ ਘੰਟੀ Western Thought ਦੀ ਜੁਬਾਨੀ ਲਗਾਉਂਦਾ ਸੀ। ਦਫਤਰ ਦਾ ਪੀਅਨ ਹਾਜ਼ਰੀ ਰਜਿਸਟਰ ਫੜ ਕੇ ਮਗਰ ਹੁੰਦਾ ਸੀ ਸਾਹਿਬ ਮੋਹਰੇ ਹੁੰਦੇ ਸਨ। ਕੋਈ ਵੀ ਪ੍ਰੋ. ਪੂਰਾ ਸਲੇਬਸ ਨਹੀਂ ਕਰਾਉਂਦਾ ਸੀ। ਜੇ 15 Thinkers ਸਨ ਤਾਂ ਅੱਧੇ ਹੀ ਉਹ ਪੜ੍ਹਾਉਂਦੇ ਸਨ ਬਾਕੀ ਆਪ ਹੀ ਤਿਆਰ ਕਰਨੇ ਪੈਂਦੇ ਸਨ।

ਇਸ ਕਾਲਜ ਵਿਚ ਵੀ ਆਪਣਾ ਰੰਗਾਰੰਗ ਪ੍ਰੋਗਰਾਮ ਚੱਲਦਾ ਰਿਹਾ। ਲੋਹੜੀ ਵਾਲੇ ਦਿਨ ਸਾਰਿਆਂ ਨੇ ਪੈਸੇ ਇਕੱਠੇ ਕਰਕੇ ਲੋਹੜੀ ਮਨਾਈ। ਧੂਣਾ ਵੀ ਲਾਇਆ

ਗਿਆ। ਮੈਡਮ ਕੁਲਦੀਪ ਕੋਹਲੀ ਨੇ ਕਿਹਾ ਕਿ ਇਹ ਸੀਜਨਲ ਤਿਉਹਾਰ ਹਨ। ਕੁਝ ਗਰਮੀ ਵਿਚ ਆ ਜਾਂਦੇ ਹਨ ਕੁਝ ਸਰਦੀ ਵਿਚ ਆ ਜਾਂਦੇ ਹਨ। ਪ੍ਰੋ. ਗੁਰਬਚਨ ਸਿੰਘ ਥਾਪਰ ਨੇ ਲੋਹੜੀ ਤੇ ਮਾਘੀ ਦੇ ਸਬੰਧ ਵਿਚ ਵਿਚਾਰ ਸਾਂਝੇ ਕੀਤੇ। ਮੈਂ ਇਕ ਪੰਜਾਬੀ ਗੀਤ ਗਾਇਨ ਕੀਤਾ। ਥੋੜ੍ਹਾ ਸਮਾਂ ਮੈਂ ਮਾਘੀ ਦੇ ਉਤਸਵ ਤੇ ਬੋਲਿਆ।

"ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰ ਇਸਨਾਨ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥

ਇਨ੍ਹਾਂ ਦੋ ਲਾਈਨਾਂ ਦਾ ਮੈਂ ਥੋੜ੍ਹਾ ਵਿਖਿਆਨ ਕੀਤਾ ਕਿ ਇਹ ਲਾਈਨਾਂ ਕੀ ਸੰਕੇਤ ਕਰਦੀਆਂ ਹਨ। ਇਸ ਮਹੀਨੇ ਦਾ ਮਹੱਤਵ ਹੈ ਕਿ ਸੰਤ-ਮਹਾਂਪੁਰਸ਼ਾਂ ਦੀ ਸੰਗਤ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਦੀ ਚਰਨ ਧੂੜ ਵਿਚ ਇਸ਼ਨਾਨ ਕਰਨਾ ਚਾਹੀਦਾ ਹੈ ਕਿਉਂਕਿ ਮਾਘ ਦਾ ਮਹੀਨਾ ਤੀਰਥਾਂ ਸਰੋਵਰਾਂ 'ਤੇ ਨਹਾਉਣ ਦਾ ਹੈ। ਇਸ਼ਨਾਨ ਤੋਂ ਮਗਰੋਂ ਹਰੀ ਦਾ ਨਾਮ ਧਿਆਉਣਾ ਚਾਹੀਦਾ ਹੈ ਤੇ ਸਾਰਿਆਂ ਨੂੰ ਦਾਨ ਵੀ ਹਰੀ ਦੇ ਨਾਮ ਦਾ ਕਰਨਾ ਚਾਹੀਦਾ ਹੈ। ਪੰਜਾਬ ਵਿਚ ਮਾਘੀ ਮੁਕਤਸਰ ਦੀ ਮਸ਼ਹੂਰ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਟੁੱਟੀ ਗੰਢੀ ਸੀ। 40 ਸਿੱਖ ਜੋ ਬੇਦਾਵਾ ਦੇ ਕੇ ਚਲੇ ਗਏ ਸਨ ਤਾਂ ਆਖਰੀ ਯੁੱਧ ਵਿਚ ਆ ਕੇ ਹਾਜ਼ਰ ਹੋ ਗਏ ਸਨ। ਜਦੋਂ ਮਹਾਂ ਸਿੰਘ ਦੇ ਪ੍ਰਾਣ ਨਹੀਂ ਨਿਕਲ ਰਹੇ ਸਨ ਤੇ ਅੱਖਾਂ ਦੇ ਮੋਹਰੇ ਲਿਖਿਆ ਆਉਂਦਾ ਸੀ 'ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ' ਜਦੋਂ ਗੁਰੂ ਸਾਹਿਬ ਨੇ ਜੰਗੇ ਮੈਦਾਨ ਵਿਚ ਲੰਮੇ ਪਏ ਨੂੰ ਦੇਖਿਆ ਤਾਂ ਉਸ ਦਾ ਸਿਰ ਆਪਣੇ ਪੱਟਾਂ 'ਤੇ ਰੱਖ ਕੇ ਕਿਹਾ, ਦਸ ਸਿੱਖਾ ਕੀ ਮੰਗਦਾ ਹੈ? ਉਨ੍ਹਾਂ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੋ ਬੇਦਾਵਾ ਤੁਹਾਡੇ ਕੋਲ ਹੈ ਤਾਂ ਪਾੜ ਦਿਓ। ਗੁਰੂ ਜੀ ਨੂੰ ਪਤਾ ਸੀ ਕਿ ਮੇਰੇ ਪੁੱਤਰਾਂ ਨੇ ਆਉਣਾ ਹੈ।

ਕਈ ਕਠਿਨਾਈਆਂ ਵਿਚੋਂ ਹੁੰਦੇ ਹੋਏ ਮੈਂ ਐਮ.ਏ. ਪਾਸ ਕਰ ਲਈ ਤੇ ਨਾਲ ਹੀ ਸੰਕਲਪ ਕੀਤਾ ਕਿ ਹੁਣ ਅੱਗੇ ਨਹੀਂ ਪੜ੍ਹਨਾ ਹੈ।

ਸਰਕਾਰੀ ਨੌਕਰੀ ਪ੍ਰਾਪਤ ਕਰਨਾ:- "ਸਰਕਾਰੀ ਮਿਡਲ ਸਕੂਲ ਪਦਰਾਣਾ" (13-12-1979 ਤੋਂ 27-5-80)। ਜਦੋਂ ਬੱਚੇ ਪੜ੍ਹ ਜਾਂਦੇ ਹਨ ਤਾਂ ਮਾਂ ਬਾਪ ਦੀ ਦਿਲੀ ਇੱਛਾ ਹੁੰਦੀ ਹੈ ਕਿ ਸਾਡੇ ਬੱਚਿਆਂ ਨੂੰ ਸਰਕਾਰੀ ਨੌਕਰੀ ਮਿਲ ਜਾਵੇ ਤੇ ਫਿਰ ਇਨ੍ਹਾਂ ਦੇ ਵਿਆਹ ਸ਼ਾਦੀਆਂ ਕਰ ਦੇਈਏ। 13-12-1979 ਦਿਨ ਵੀਰਵਾਰ ਨੂੰ ਮੈਨੂੰ ਸਰਕਾਰੀ ਮਿਡਲ ਸਕੂਲ ਪਦਰਾਣਾ ਗੜ੍ਹਸ਼ੰਕਰ ਰੋਡ 'ਤੇ ਪੈਂਦੇ ਇਸ ਪਿੰਡ ਵਿਚ ਬਤੌਰ ਐਸ.ਐਸ ਮਾਸਟਰ ਦੀ ਅਸਾਮੀ ਤੇ ਨੌਕਰੀ ਮਿਲ ਗਈ। ਅੱਜ ਸਾਡੇ ਪਰਿਵਾਰ ਦਾ ਪ੍ਰੋਗਰਾਮ ਕੁਝ ਹੋਰ ਕੰਮ ਕਰਨ ਦਾ ਸੀ। ਇਸ ਕੰਮ ਲਈ ਮਜ਼ਦੂਰਾਂ ਨੂੰ ਵੀ ਕਿਹਾ ਹੋਇਆ ਸੀ। ਮੇਰੇ ਭਾਈ ਨਿਰਮਲ ਸਿੰਘ ਨੇ ਕਿਹਾ ਤੂੰ ਅੱਜ ਆਪਣੇ ਦਫਤਰ ਨਾ ਜਾਵੀਂ ਇਕ ਦਿਨ ਰੁੱਕ ਕੇ ਚਲਾ ਜਾਵੀਂ। ਮੈਂ ਕਿਹਾ ਮੈਂ ਜਲਦੀ ਵਾਪਸ ਆ ਜਾਵਾਂਗਾ। ਅਜੇ ਮੈਂ ਦਫਤਰ ਦੇ ਬਰਾਂਡੇ ਵਿਚ ਬੈਠਾ ਹੀ ਸੀ ਕਿ ਡੀਲਿੰਗ ਕਲਰਕ ਨਿਰਮਲ ਸਿੰਘ ਨੇ ਮੈਨੂੰ ਆਵਾਜ਼ ਮਾਰੀ ਤੇ ਕਿਹਾ, "ਇਨ੍ਹਾਂ ਚਿੱਠੀਆਂ ਤੇ ਦਸਤਖ਼ਤ ਕਰ ਦਿਓ। ਇਹ ਦੋ

ਚਿੱਠੀਆਂ ਹਨ। ਇਕ ਤੂੰ ਆਪਣੇ ਕੋਲ ਰੱਖਣੀ ਹੈ ਤੇ ਇਕ ਸਕੂਲ ਵਿਚ ਦੇਣੀ ਹੈ।" ਉਸ ਨੇ ਮੈਨੂੰ ਮਗਰਲੇ ਦਰਵਾਜ਼ੇ ਦੀ ਭੇਜ ਦਿੱਤਾ ਤੇ ਕਿਹਾ ਕਿ ਤੇਰੇ ਪਾਸੋਂ ਪਾਰਟੀ ਮੰਗਣਗੇ। ਮੈਂ ਸਰਕਾਰੀ ਹਾਈ ਸਕੂਲ ਘੰਟਾਘਰ ਤੋਂ ਇਕ ਮੈਡਮ ਤੋਂ ਪੁੱਛਿਆ ਉਸ ਕਿਹਾ, ਇਹ ਸਕੂਲ ਫਗਵਾੜਾ ਰੋਡ 'ਤੇ ਪੈਂਦਾ ਹੈ। ਬੱਸ ਸਟੈਂਡ ਮੈਨੂੰ ਕੰਡਕਟਰ ਨੇ ਦੱਸਿਆ ਇਹ ਬੱਸ ਗੜ੍ਹਸ਼ੰਕਰ ਜਾਣੀ ਹੈ। ਇਹ ਸਕੂਲ ਪੱਦੀ ਸੂਰਾ ਸਿੰਘ ਦੇ ਲਾਗੇ ਹੈ। ਮੈਂ ਤੈਨੂੰ ਬਿਲਕੁਲ ਨੇੜੇ ਉਤਾਰ ਦੇਵਾਂਗਾ। ਮੈਂ ਬੱਸ ਤੋਂ ਉਤਰ ਗਿਆ। ਕਿਸੇ ਆਉਂਦੇ ਵਿਅਕਤੀ ਨੂੰ ਪੁੱਛਿਆ ਸਕੂਲ ਇਧਰ ਹੈ ਉਸਨੇ ਕਿਹਾ ਬਿਲਕੁਲ ਪੱਕੀ ਸੜਕ ਦੇ ਉੱਪਰ ਹੈ। ਮੈਂ ਸਕੂਲ ਪਹੁੰਚ ਕੇ ਸਾਰੇ ਸਟਾਫ ਨੂੰ ਰਸਮੀ ਤੌਰ ਤੇ ਸਤਿ ਸ੍ਰੀ ਅਕਾਲ ਬੁਲਾਈ। ਉਨ੍ਹਾਂ ਕਿਹਾ ਬਹੁਤ ਚੰਗਾ ਹੋ ਗਿਆ ਹੈ ਕਿ ਬੱਚੇ ਅੰਗਰੇਜ਼ੀ ਤੇ ਸਮਾਜਿਕ ਦੀ ਘੰਟੀ ਵਿਹਲੇ ਰਹਿੰਦੇ ਸਨ। ਜਿਵੇਂ ਮੁੱਖ ਅਧਿਆਪਕ ਨੇ ਮੈਨੂੰ ਕਿਹਾ ਮੈਂ ਆਪਣੀ ਹਾਜ਼ਰੀ ਰਿਪੋਰਟ ਲਿਖ ਦਿੱਤੀ। ਹਾਜ਼ਰੀ ਰਜਿਸਟਰ 'ਤੇ ਮੈਂ ਹਾਜ਼ਰੀ ਲਗਾ ਦਿੱਤੀ। ਮੈਂ ਸਕੂਲ ਵਾਸਤੇ ਇਕ ਮਠਿਆਈ ਦਾ ਡੱਬਾ ਲੈ ਗਿਆ ਸੀ। ਚਾਹ ਦਾ ਕੱਪ ਪੀਤਾ। ਦੋ ਘੰਟੇ ਰੁਕਿਆ ਤਾਂ ਮੈਂ ਆ ਗਿਆ। ਹੁਸ਼ਿਆਰਪੁਰ ਆ ਕੇ ਘਰ ਵਾਸਤੇ ਲੱਡੂ ਲਏ। ਬੱਸ ਫੜ ਕੇ ਮੈਂ ਨਸਰਾਲੇ ਆ ਪਹੁੰਚਾ। ਖੁਸ਼ੀ ਵਿਚ ਮੈਨੂੰ ਪਿੰਡ ਦੀ ਦੂਰੀ ਬਹੁਤ ਹੀ ਨੇੜੇ ਲੱਗੀ। ਜਦੋਂ ਮੈਂ ਘਰ ਜਾ ਕੇ ਦੱਸਿਆ ਤਾਂ ਸਾਰਾ ਪਰਿਵਾਰ ਬਹੁਤ ਖੁਸ਼ ਹੋਇਆ। ਮੈਂ ਫਿਰ ਸਵੇਰ ਦੀ ਤਿਆਰੀ ਵਿਚ ਲੱਗ ਗਿਆ। ਦੋ ਤਿੰਨ ਵਰਦੀਆਂ ਬੈਗ ਵਿਚ ਪਾ ਲਈਆਂ। ਮੈਂ ਤਿੰਨ ਦਿਨ ਆਪਣੀ ਭੂਆ ਦੀ ਲੜਕੀ ਅਮਰ ਕੌਰ ਦੇ ਕੋਲ ਸੈਲਾ ਖੁਰਦ ਰਿਹਾ। ਫਿਰ ਮੈਂ ਆਪਣਾ ਵੱਖਰਾ ਕਮਰਾ ਪਿੰਡ ਦਦਿਆਲ ਵਿਚ ਲੈ ਲਿਆ। ਇਥੇ ਵੀ ਭੂਆ ਦੀ ਧੀ ਪਰਮਿੰਦਰ ਕੌਰ ਸੀ। ਮੈਂ ਅਲੱਗ ਕੋਠੀ ਵਿਚ ਰਹਿੰਦਾ ਸੀ। ਰੋਟੀ ਉਨ੍ਹਾਂ ਦੇ ਕੋਲ ਖਾਂਦਾ ਸੀ। ਪੰਜ ਛੇ ਮਹੀਨੇ ਦਾ ਸਮਾਂ ਕਿਵੇਂ ਬੀਤ ਗਿਆ ਪਤਾ ਨਹੀਂ ਲੱਗਾ। ਮੈਂ ਸਕੂਲ ਵਿਚ ਜਲਦੀ ਚਲਾ ਜਾਂਦਾ ਸੀ। ਬੱਚਿਆਂ ਨੂੰ ਪੀ.ਟੀ. ਤੇ ਪ੍ਰਾਥਨਾ ਕਰਾਉਂਦਾ ਸੀ। ਸ਼ਾਮ ਵੇਲੇ ਅੰਗਰੇਜ਼ੀ ਦਾ ਓਵਰ ਟਾਈਮ ਲਗਾਉਂਦਾ ਸੀ। ਅੱਠਵੀਂ ਜਮਾਤ ਦੇ ਪੇਪਰ ਫਰਵਰੀ ਦੇ ਅਖੀਰ ਵਿਚ ਹੁੰਦੇ ਹਨ। ਮੈਂ ਵੱਧ ਤੋਂ ਵੱਧ ਘੰਟੀਆਂ ਲਗਾਉਂਦਾ ਸੀ। ਪਦਰਾਣਾ ਰਾਜਪੂਤਾਂ ਦਾ ਪਿੰਡ ਹੈ। ਵੈਸੇ ਸਾਰੀਆਂ ਜਾਤੀਆਂ ਦੇ ਲੋਕ ਇਥੇ ਰਹਿੰਦੇ ਹਨ। ਕੁਝ ਘਰ ਰਾਜਪੂਤਾਂ ਦੇ ਡੇਰਾ ਬਿਆਸ ਦੇ ਸ਼ਰਧਾਲੂ ਸਨ ਜਿਨ੍ਹਾਂ ਨਾਲ ਬਹੁਤ ਮੇਲ ਮਿਲਾਪ ਰਿਹਾ। ਬਾਬੂ ਰਾਮ ਰਾਜਪੂਤ ਕਿਸੇ ਵੇਲੇ ਸਕੂਲ ਆ ਜਾਂਦਾ ਤਾਂ ਸਟਾਫ ਨਾਲ ਰੂਹਾਨੀਅਤ ਦੀਆਂ ਡੂੰਘੀਆਂ ਗੱਲਾਂ ਕਰਦਾ। ਬਾਬੂ ਰਾਮ ਦੀ ਧਰਮ ਪਤਨੀ ਵੀ ਬਹੁਤ ਨਿੱਘੇ ਸੁਭਾਅ ਦੀ ਸੀ। ਅੱਧੀ ਛੁੱਟੀ ਵੇਲੇ ਕਿਤੇ-ਕਿਤੇ ਗੀਤ ਸੰਗੀਤ ਚੱਲਦਾ ਸੀ। ਅਸੀਂ ਸਾਰੇ ਬਾਬੂ ਰਾਮ ਨੂੰ ਬਾਬਾ ਜੀ ਕਹਿ ਕੇ ਬੁਲਾਉਂਦੇ ਸੀ। ਸਮਾਂ ਬੀਤਦਾ ਗਿਆ। ਮੈਂ ਆਪਣੀ ਜਮਾਤ ਨੂੰ ਪੇਪਰਾਂ ਦੀ ਤਿਆਰੀ ਲਈ ਬਿਲਕੁਲ ਤਿਆਰ ਕਰ ਦਿੱਤਾ ਸੀ। ਸਕੂਲ ਵਿਚ ਸਫ਼ਾਈ ਸੇਵਕਾਂ ਨੇ ਇਕ ਦਿਨ ਕਿਹਾ, "ਮਾਸਟਰ ਜੀ, ਜਿਸ ਦਿਨ ਦੇ ਤੁਸੀਂ ਇਥੇ ਆਏ ਹੋ ਗਲੀਆਂ ਦੇ ਕੱਖ ਵੀ ਆਪ ਦੀ ਸਿਫਤ ਕਰਦੇ ਹਨ।" ਆਪ ਤੋਂ ਪਹਿਲਾਂ ਸਕੂਲ ਦੀਆਂ ਕਈ

ਸ਼ਿਕਾਇਤਾਂ ਹੋ ਚੁੱਕੀਆਂ ਹਨ। ਮਿਡਲ ਸਕੂਲ ਵਿਚ ਮੁੱਖ ਅਧਿਆਪਕਾ ਸ੍ਰੀਮਤੀ ਗਿਆਨ ਕੌਰ, ਸਾਇੰਸ ਮਾਸਟਰ ਸੋਹਣ ਸਿੰਘ, ਹਿੰਦੀ ਸ੍ਰੀਮਤੀ ਪ੍ਰੇਮ ਲਤਾ, ਡਰਾਇੰਗ ਟੀਚਰ ਪਰਮਿੰਦਰ ਕੌਰ ਤੇ ਪੀਅਨ ਪਰਮਜੀਤ ਸਿੰਘ ਐਨਾ ਹੀ ਸਟਾਫ ਸੀ। ਜਦੋਂ ਅੱਠਵੀਂ ਜਮਾਤ ਦਾ ਨਤੀਜਾ ਆਇਆ ਤਾਂ ਅੰਗਰੇਜ਼ੀ ਵਿਚੋਂ ਕਈ ਲੜਕਿਆਂ ਦੇ 70-80% ਨੰਬਰ ਆਏ। ਅਗਲੇਰੀ ਜਮਾਤ ਵਿਚ ਦਾਖ਼ਲ ਹੋਣ ਸਮੇਂ ਹੋਰ ਬੱਚਿਆਂ ਨੂੰ ਵੀ ਇਨ੍ਹਾਂ ਨਾਲ ਦਾਖਲ ਕਰਕੇ ਜਦੋਂ ਸੈਕਸ਼ਨ ਬਣਾਏ ਤਾਂ ਪਦਰਾਣਾ ਸਕੂਲ ਦੇ ਵਿਦਿਆਰਥੀ ਜੋ ਪ੍ਰਸ਼ਨ ਪੁੱਛਣ ਉਸ ਦਾ ਜਵਾਬ ਝੱਟ ਲਿਖ ਦੇਣ। ਸਰਕਾਰੀ ਹਾਈ ਸਕੂਲ ਪੱਖੋਵਾਲ ਬੀਹੜਾ ਦੇ ਸਬੰਧਤ ਅਧਿਆਪਕ ਜਰਨੈਲ ਸਿੰਘ ਨੇ ਪੁੱਛਿਆ ਕਿ ਹੁਣ ਤੁਹਾਨੂੰ ਕੌਣ ਪੜ੍ਹਾਉਂਦਾ ਹੈ ਅੱਗੇ ਤਾਂ ਲੜਕੇ ਕਮਜ਼ੋਰ ਹੁੰਦੇ ਸਨ। ਉਨ੍ਹਾਂ ਮੇਰਾ ਨਾਮ ਲਿਆ। ਮੈਂ ਬੱਚਿਆਂ ਦੇ ਨਾਲ ਸੈਂਟਰ ਜਾਂਦਾ ਸੀ। ਬਹੁਤ ਸਾਰੇ ਸਾਥੀ ਛੁੱਟੀ ਵੇਲੇ ਗੀਤ ਸੁਣ ਕੇ ਜਾਂਦੇ ਸਨ। ਸਕੂਲ ਛੱਡਣ ਤੋਂ ਪਹਿਲਾਂ ਮੈਂ ਬਾਬਾ ਬਾਬੂ ਰਾਮ ਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਮਿਲ ਕੇ ਆਇਆਂ। ਫਿਰ ਵੀ ਮਿਲਦਾ ਰਹਿੰਦਾ ਹਾਂ। ਮਈ 2009 ਦੀਆਂ ਹੋਈਆਂ ਪਾਰਲੀਮੈਂਟ ਦੀਆਂ ਚੋਣਾਂ ਵਿਚ ਮੇਰੀ ਬਤੌਰ ਪ੍ਰਜਾਡਿੰਗ ਅਫ਼ਸਰ ਡਿਊਟੀ ਇਸ ਹੀ ਪਿੰਡ ਵਿਚ ਲੱਗ ਗਈ। ਪੁਲਿਸ ਦੇ ਨੌਜਵਾਨ ਵੀ ਮੇਰੇ ਵਿਦਿਆਰਥੀ ਸਨ। ਸਾਰੇ ਪਰਿਵਾਰਾਂ ਦਾ ਹਾਲਚਾਲ ਪੁੱਛਿਆ। 27-5-1980 ਨੂੰ ਦੁਪਹਿਰ ਤੋਂ ਪਹਿਲਾਂ ਫਾਰਗ ਹੋ ਕੇ ਜ਼ਿਲ੍ਹਾ ਸਿੱਖਿਆ ਦਫਤਰ ਸੈਕੰਡਰੀ ਪਹੁੰਚ ਗਿਆ। ਫਿਰ ਮੇਰੇ ਆਰਡਰ ਸ. ਮਿਡਲ ਸਕੂਲ ਕੰਧਾਲਾ ਜੱਟਾਂ, ਹੁਸ਼ਿਆਰਪੁਰ ਦੇ ਹੋ ਗਏ।

ਸਰਕਾਰੀ ਮਿਡਲ ਸਕੂਲ ਕੰਧਾਲਾ ਜੱਟਾਂ:- ਸਬੰਧਤ ਕਲਰਕ ਨਿਰਮਲ ਸਿੰਘ ਨੇ ਮੇਰੇ ਆਰਡਰਾਂ ਦੀ ਰਿਪੋਰਟ ਤਿਆਰ ਕਰ ਦਿੱਤੀ ਸੀ। ਮੈਂ ਹਾਜ਼ਰੀ 28-5-1980 ਨੂੰ ਦਿੱਤੀ ਸੀ। ਮੈਂ ਮੁੱਖ ਅਧਿਆਪਕ ਜਗੀਰ ਸਿੰਘ ਨੂੰ ਕਿਹਾ ਕਿ ਮੈਨੂੰ ਦਫਤਰ ਵਲੋਂ ਇਹ ਕਿਹਾ ਗਿਆ ਹੈ ਕਿ ਤੂੰ ਸਵੇਰ ਨੂੰ 27-5-1980 ਨੂੰ ਹੀ ਆਪਣੀ ਹਾਜ਼ਰੀ ਲਗਵਾਉਣੀ ਹੈ ਪਰ ਉਹ ਨਾ ਮੰਨਿਆ। ਇਕ ਮਹੀਨੇ ਦਾ ਸਮਾਂ ਮੈਂ ਇੱਥੇ ਬਤੀਤ ਕੀਤਾ। ਖਾਸ ਗੱਲ ਇਹ ਹੈ ਕਿ ਇਕ ਪੰਜਾਬੀ ਅਧਿਆਪਕਾ ਗੁਰਮਿੰਦਰ ਕੌਰ ਨੇ ਪੁੱਛਿਆ, "ਤੁਸੀਂ ਸਵੇਰ ਨੂੰ ਕਿੰਨੇ ਵਜੇ ਤੁਰਦੇ ਹੋ? ਮੈਂ ਕਿਹਾ, "ਸਾਢੇ ਪੰਜ ਵਜੇ।" ਉਨ੍ਹਾਂ ਇਕ ਸਲਾਹ ਦਿੱਤੀ ਕਿ ਤੁਸੀਂ ਰਾਤ ਨੂੰ ਚੌਂਕੀਦਾਰ ਦੇ ਕੋਲ ਰਹਿ ਲਿਆ ਕਰੋ ਤੇ ਐਤਵਾਰ ਘਰ ਚਲੇ ਗਏ। ਸਵੇਰ ਦੀ ਰੋਟੀ ਮੈਂ ਲਿਆਵਾਂਗੀ ਤੇ ਸ਼ਾਮ ਦੀ ਰੋਟੀ ਮੇਰੇ ਲੜਕੇ ਲੈ ਕੇ ਆਉਣਗੇ। ਤੁਸੀਂ ਉਨ੍ਹਾਂ ਨੂੰ ਅੰਗਰੇਜ਼ੀ ਪੜ੍ਹਾ ਦਿਆ ਕਰੋ। ਉਨ੍ਹਾਂ ਮੰਜੇ ਬਿਸਤਰੇ ਦਾ ਪ੍ਰਬੰਧ ਕਰ ਦਿੱਤਾ। ਸ਼ਾਮ ਨੂੰ ਮੈਂ ਹੋਰ ਬੱਚਿਆਂ ਨੂੰ ਵੀ ਪੜ੍ਹਾ ਦਿੰਦਾ ਸੀ। ਇਥੇ ਵੀ ਚੰਗਾ ਵਕਤ ਲੰਘ ਗਿਆ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਗਾਲਾ:- ਮੈਂ ਸ. ਮਿ. ਸਕੂਲ ਕੰਧਾਲਾਂ ਜੱਟਾਂ ਤੋਂ 23-6-1980 ਨੂੰ ਬਾਅਦ ਦੁਪਹਿਰ ਫਾਰਗ ਹੋਇਆ ਤੇ 24-6-1980 ਨੂੰ ਸ.ਸੀ.ਸੈ. ਸਕੂਲ ਭੰਗਾਲਾ ਪਠਾਨਕੋਟ ਰੋਡ ਤੇ ਹਾਜ਼ਰ ਹੋਇਆਂ। ਇਸ ਸਕੂਲ ਦਾ ਪ੍ਰਿੰਸੀਪਲ ਸ. ਜੀਵਾ ਸਿੰਘ ਸੀ ਜੋ ਬਹੁਤ ਚੰਗੇ ਸੁਭਾਅ ਦਾ ਸੀ। ਸਕੂਲ ਵਿਚ ਉਸ

ਦਿਨ ਇਕ ਪਾਰਟੀ ਦਾ ਪ੍ਰੋਗਰਾਮ ਸੀ। ਜਿਸ ਅਧਿਆਪਕ ਨੂੰ ਮੈਂ ਫਾਰਗ ਕੀਤਾ ਉਹ ਪਾਰਟੀ ਦਾ ਪ੍ਰਬੰਧ ਕਰ ਰਿਹਾ ਸੀ। ਉਸ ਦਾ ਨਾਮ ਹੁਸ਼ਿਆਰ ਸਿੰਘ ਸੀ। ਜਦੋਂ ਮੈਂ ਹਾਜ਼ਰੀ ਰਿਪੋਰਟ ਲਿਖ ਦਿੱਤੀ ਤਾਂ ਹਾਜ਼ਰੀ ਲਗਾ ਲਈ ਤਾਂ ਬਹੁਤੇ ਸਟਾਫ਼ ਮੈਂਬਰਾਂ ਨੇ ਕਿਹਾ, "ਇਹ ਪਾਰਟੀ ਉਸ ਦੇ ਭਾਗਾਂ ਵਿਚ ਨਹੀਂ ਸੀ।" ਇਸ ਦਿਨ ਹੀ ਗਰਮੀਆਂ ਦੀਆਂ ਛੁੱਟੀਆਂ ਹੋਈਆਂ ਸਨ। ਨਵੇਂ ਭਰਤੀ ਹੋਏ ਅਧਿਆਪਕਾਂ ਨੂੰ ਸਕੂਲਾਂ ਵਿਚ ਹਾਜ਼ਰ ਹੋਣ ਦੇ ਹੁਕਮ ਸਨ। ਮੈਂ ਤਿੰਨ ਦਿਨ ਸਕੂਲ ਵਿਚ ਹਾਜ਼ਰ ਰਿਹਾ। ਇਥੇ ਵੀ ਮੈਂ ਚੌਂਕੀਦਾਰ ਬਨਾਰਸੀ ਦਾਸ ਦੇ ਕੋਲ ਹੀ ਰਿਹਾ। ਮੈਂ ਉਸ ਨੂੰ ਕਿਹਾ ਕਿ ਮੈਂ ਰੋਟੀ ਪਕਾਉਣੀ ਨਹੀਂ ਜਾਣਦਾ ਹਾਂ। ਰਾਸ਼ਨ ਮੇਰਾ ਹੋਵੇਗਾ ਰੋਟੀ ਤੂੰ ਤਿਆਰ ਕਰਨੀ ਹੈ। ਚੌਂਕੀਦਾਰ ਬਹੁਤ ਚੁਸਤ ਸੀ ਉਸ ਦਾ ਨਾਮ ਬਨਾਰਸੀ ਦਾਸ ਸੀ ਜੋ ਤਲਵਾੜੇ ਦੇ ਇਲਾਕਾ ਦਾ ਸੀ। ਅੱਧੀ ਛੁੱਟੀ ਵੇਲੇ ਕਈ ਸਟਾਫ ਮੈਂਬਰ ਉਸ ਪਾਸੋਂ ਅਚਾਰ ਜ਼ਰੂਰ ਲੈਂਦੇ ਸਨ। ਚੌਥੇ ਦਿਨ ਪ੍ਰਿੰਸੀਪਲ ਜੀਵਾ ਸਿੰਘ ਸਕੂਲ ਆਏ ਤੇ ਬਨਾਰਸੀ ਦਾਸ ਨੂੰ ਪੁੱਛਿਆ ਕਿ ਗੁਰਦਿਆਲ ਸਿੰਘ ਕਿੱਥੇ ਹੈ? ਉਸ ਦੱਸਿਆ ਕਿ ਉਹ ਦਸਵੀਂ ਜਮਾਤ ਦੇ ਕੁਝ ਲੜਕਿਆਂ ਨੂੰ ਪੜ੍ਹਾਉਂਦਾ ਹੈ। ਜਦੋਂ ਮੈਂ ਦਫਤਰ ਆਇਆ ਤਾਂ ਪ੍ਰਿੰਸੀਪਲ ਜੀਵਾ ਸਿੰਘ ਨੇ ਕਿਹਾ, "ਗੁਰਦਿਆਲ ਸਿੰਘ ਤੂੰ ਅੱਜ ਹੀ ਘਰ ਚਲਾ ਜਾਹ, ਵਿੱਚ-ਵਿੱਚ ਆ ਕੇ ਹਾਜ਼ਰੀ ਲਗਾ ਜਾਵੀਂ। ਦਫ਼ਤਰ ਖੁੱਲ੍ਹਾ ਹੋਵੇਗਾ।" ਠੀਕ ਮੈਂ ਇਸ ਤਰ੍ਹਾਂ ਕੀਤਾ। ਮੈਂ ਪਿੰਡ ਤੋਂ ਆਪਣੇ ਕੱਪੜੇ, ਬਿਸਤਰਾ ਤੇ ਹੋਰ ਸਾਮਾਨ ਲੈ ਕੇ ਰੇਲ ਗੱਡੀ ਰਾਹੀਂ ਸਟੇਸ਼ਨ ਪਹੁੰਚਿਆ। ਮੈਂ ਨਸਰਾਲੇ ਸਟੇਸ਼ਨ ਤੋਂ ਰੇਲ ਫੜ ਕੇ ਜਲੰਧਰ ਤੋਂ ਪਠਾਨਕੋਟ ਨੂੰ ਜਾਣ ਵਾਲੀ ਰੇਲ ਫੜ ਕੇ ਭੰਗਾਲੇ ਪੁੱਜਾ।

ਭੰਗਾਲਾ ਦਾ ਸਾਰਾ ਇਲਾਕਾ ਝੋਨੇ ਵਾਲਾ ਹੈ। ਇਧਰ ਛੋਟੀਆਂ-ਛੋਟੀਆਂ ਨਹਿਰਾਂ ਹਨ ਜੋ ਨਹਿਰ ਤਲਵਾੜਾ ਡੈਮ ਤੋਂ ਨਿਕਲਦੀ ਹੈ ਉਸ ਵਿਚੋਂ ਕਈ ਛੋਟੀਆਂ ਨਹਿਰਾਂ ਕੱਢੀਆਂ ਹਨ। ਦੂਜੀ ਗੱਲ ਇਸ ਇਲਾਕੇ ਵਿਚ ਦੁਪਹਿਰ ਵੇਲੇ ਹਰ ਘਰ ਵਿਚ ਦਾਲ ਚੌਲ ਖਾਣ ਨੂੰ ਮਿਲਦਾ ਹੈ। ਲੋਕ ਮਿਲਣਸਾਰ ਹਨ। ਬਰਸਾਤੀ ਮੌਸਮ ਵਿਚ ਬਹੁਤ ਬਾਰਸ਼ਾਂ ਹੁੰਦੀਆਂ ਹਨ। ਇਕ ਦਿਨ ਭਾਰਾ ਮੀਂਹ ਪੈਣ ਕਰਕੇ ਪ੍ਰਿੰ. ਜੀਵਾ ਸਿੰਘ ਨੇ ਸਕੂਲ ਵਿਚ ਛੁੱਟੀ ਕਰ ਦਿੱਤੀ ਸੀ। ਸਾਰਾ ਸਟਾਫ ਇਕ ਖੁੱਲ੍ਹੇ ਹਾਲ ਵਿਚ ਬੈਠ ਗਿਆ। ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਪ੍ਰਿੰਸੀਪਲ ਨੇ ਕਿਹਾ ਅੱਜ ਅਸੀਂ ਸਾਵਣ ਮਹੀਨਾ ਮਨਾਉਣਾ ਹੈ। ਸਾਰੇ ਹੀ ਸਾਥੀਆਂ ਨੇ ਕੋਈ ਨਾ ਕੋਈ ਗੀਤ, ਕਹਾਣੀ ਜਾਂ ਜੋ ਤੁਹਾਨੂੰ ਚੰਗਾ ਲੱਗਾ ਜ਼ਰੂਰ ਸੁਨਾਉਣਾ ਹੈ। ਪੰਜ ਛੇ ਅਧਿਆਪਕ ਆਪਣੀ ਹਾਜ਼ਰੀ ਲਗਾ ਚੁੱਕੇ ਸਨ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਦੋ ਗੀਤ ਸੁਣਾਏ। ਦੂਜਾ ਗੀਤ ਸੀ 'ਗਿਧਿਆਂ ਦੀ ਰਾਣੀਏ ਨੀ ਗਿਧੇ ਵਿਚ ਆ'। ਇਸ ਗੀਤ ਦੇ ਨਾਲ ਮੈਂ ਸਟਾਫ ਦਾ ਗਿੱਧਾ ਪੁਆ ਦਿੱਤਾ। ਉਸ ਦਿਨ ਤੋਂ ਜਦੋਂ ਵੀ ਕੋਈ ਪਾਰਟੀ ਹੁੰਦੀ ਤਾਂ ਮੈਨੂੰ ਗੀਤ ਜ਼ਰੂਰ ਸੁਨਾਉਣਾ ਪੈਂਦਾ। ਦਸਵੀਂ ਜਮਾਤ ਦੀ ਸਮਾਜਿਕ ਸਿੱਖਿਆ ਤੇ ਹੋਰ ਜਮਾਤਾਂ ਦੀ ਅੰਗਰੇਜ਼ੀ ਵੀ ਮੇਰੇ ਕੋਲ ਸੀ। ਛੁੱਟੀਆਂ ਤੋਂ ਮਗਰੋਂ ਮੈਨੂੰ ਚੌਂਕੀਦਾਰ ਨੇ ਕਮਰਾ ਕਿਰਾਏ ਤੇ ਲੈ ਦਿੱਤਾ ਸੀ। ਇਹ

ਭੰਗਾਲਾ ਰਾ ਦਾ ਕਰਕੇ ਵੀ ਮਸ਼ਹੂਰ ਹੈ। ਇਕ ਨੂੰ ਨਵਾਂ ਭੰਗਾਲਾ ਕਹਿੰਦੇ ਹਨ। ਇਕ ਨੂੰ ਪੁਰਾਣਾ ਭੰਗਾਲਾ ਕਹਿੰਦੇ ਹਨ। ਪਿੰਡ ਪਦਰਾਣੇ ਜਦੋਂ ਮੈਂ ਪੜ੍ਹਾਉਂਦਾ ਸੀ ਤਾਂ ਇਕ ਡਾਕਟਰ ਪਨੂੰਪਾਲ ਰਾਜੂ ਤੇ ਇਕ ਲੜਕਾ ਹਰਭਜਨ ਸਿੰਘ ਕੁਕੜਾਂ ਬੀਹੜਾਂ ਮੇਰੇ ਪਾਸ ਆਉਂਦੇ ਸਨ ਜੋ ਸੋਹਨ ਸਿੰਘ ਸਾਇੰਸ ਮਾਸਟਰ ਦੇ ਦੋਸਤ ਸਨ। ਫਿਰ ਮੇਰੇ ਨਾਲ ਵੀ ਘੁਲ ਮਿਲ ਗਏ। ਡਾ. ਰਾਜੂ ਦਾ ਜੀਜਾ ਭੰਗਾਲੇ ਡਾਕਖਾਨੇ ਵਿਚ ਲੱਗਾ ਹੋਇਆ ਸੀ। ਉਸ ਨੂੰ ਸਰਕਾਰੀ ਕਵਾਟਰ ਮਿਲਿਆ ਹੋਇਆ ਸੀ। ਉਸ ਦਾ ਆਪਣਾ ਮਕਾਨ ਨਵੇਂ ਭੰਗਾਲੇ ਵਿਚ ਸੀ ਉਸ ਨੇ ਮੈਨੂੰ ਆਪਣਾ ਮਕਾਨ ਮੁਫ਼ਤ ਵਜੋਂ ਦੇ ਦਿੱਤਾ। ਬਨਾਰਸੀ ਚੌਂਕੀਦਾਰ ਕਦੇ-ਕਦੇ ਆ ਕੇ ਰੋਟੀ ਪਕਾ ਜਾਂਦਾ ਨਾਲੇ ਖਾ ਜਾਂਦਾ। ਉਸ ਨੇ ਮੈਨੂੰ ਇਕ ਸਟੋਵ ਤੇ ਕੁਝ ਹੋਰ ਬਰਤਨ ਬਾਜ਼ਾਰ ਵਿਚੋਂ ਲੈ ਕੇ ਦਿੱਤੇ ਸਨ।

ਮੈਂ ਭੰਗਾਲੇ ਵਿਚ ਰਹਿੰਦਿਆਂ ਇਕ ਦੋ ਵਰਦੀਆਂ ਨਵੀਆਂ ਸਮਾਈਆਂ ਸਨ। ਇਕ ਦਰਜੀ ਨੇ ਇਕ ਨਵਾਂ ਰੁਮਾਲ ਪੀਕੋ ਕਰਕੇ ਮੈਨੂੰ ਦਿੱਤਾ, ਜਿਸ ਨੂੰ ਮੈਂ ਸਕੂਲ ਲੈ ਗਿਆ। ਉਹ ਰੁਮਾਲ ਇਕ ਸਾਥੀ ਅਧਿਆਪਕ ਦੇ ਹੱਥ ਆ ਗਿਆ ਤਾਂ ਮੈਨੂੰ ਮਖੌਲ ਕਰਨ ਲੱਗਾ। ਮੈਂ ਸਵੇਰ ਸਾਰ ਤਾਂ ਰੁਮਾਲ ਦਾ ਜਵਾਬ ਨਾ ਦਿੱਤਾ। ਦੋ ਘੰਟੀਆਂ ਲਗਾਉਣ ਮਗਰੋਂ ਮੇਰਾ ਪੀਰੀਅਡ ਵਿਹਲਾ ਸੀ। ਬੱਦਲਵਾਈ ਦੇ ਖੁਸ਼ਗਵਾਰ ਮੌਸਮ ਵਿਚ ਅਚਾਨਕ ਮੈਂ ਪੰਜ ਸੱਤ ਲਾਈਨਾਂ ਲਿਖ ਲਈਆਂ ਜਿਸ ਨੇ ਮੈਨੂੰ ਕਵੀ ਬਣਾਇਆ। ਪਹਿਲਾਂ ਤਾਂ ਮੈਂ ਗਾਇਕੀ ਹੀ ਕਰਦਾ ਸੀ। ਕਵਿਤਾ ਦੇ ਬੋਲ ਸਨ: 'ਮਿੱਤਰ ਦਰਜੀ ਸੂਟ ਸਿਉਂਦਿਆਂ, ਇਕ ਰਮਾਲ ਵੀ ਸਿਉਂਤਾ'

ਜਦੋਂ ਮੈਂ ਇਹ ਕਵਿਤਾ ਡਾ. ਰਾਜੂ ਨਾਲ ਸਾਂਝੀ ਕੀਤੀ ਤਾਂ ਉਸ ਨੇ ਮੈਨੂੰ ਬਹੁਤ ਉਤਸ਼ਾਹਿਤ ਕੀਤਾ ਕਿ ਇਹ ਤੇਰੀ ਬਹੁਤ ਵੱਡੀ ਪ੍ਰਾਪਤੀ ਹੈ। ਮੈਂ ਡਾਕਟਰ ਹਾਂ ਪਰ ਮੈਂ ਇਹ ਕਵਿਤਾ ਲਿਖ ਨਹੀਂ ਸਕਦਾ। ਫਿਰ ਮੈਂ ਇਸ ਕਵਿਤਾ ਦਾ ਸਿਰਲੇਖ 'ਪ੍ਰੇਮ ਦੀ ਗਲੀ' ਰੱਖਿਆ।

ਪ੍ਰੇਮ ਦੀ ਗਲੀ

ਮਿੱਤਰ ਦਰਜ਼ੀ ਸੂਟ ਸਿਉਂਦਿਆਂ
ਇਕ ਰੁਮਾਲ ਵੀ ਸਿਉਂਤਾ
ਵਿਹਲੇ ਬਹਿ ਫੁੱਲ ਪੱਤੀਆਂ ਕੱਢੀਆਂ
ਲਾਈਆਂ ਬਹੁਤ ਪ੍ਰੀਤਾਂ
ਸੂਟ ਬੂਟ ਦਾ ਠਾਠ ਵੇਖ ਕੇ
ਕਰਨ ਤਰੀਫਾਂ ਯਾਰ
ਸੋਨੇ ਉੱਤੇ ਵਾਂਗ ਸੁਹਾਗੇ
ਸੱਜ ਰਹੀ ਦਸਤਾਰ
ਗੱਜ ਵਜਾ ਕੇ ਮੰਗਣ ਦਾਅਵਤ

ਹੋ ਕੇ 'ਕੱਠੇ ਸਾਰੇ
ਹੱਥ ਵਿਚ ਮੇਰੇ ਰੁਮਾਲ ਵੇਖ ਕੇ
ਲਾਉਣ ਕਿਆਫੇ ਭਾਰੇ
ਕੋਈ ਆਖੇ ਮਸਲਾ ਦਿਲ ਦਾ
ਸੱਜਣ ਦੀ ਨਿਸ਼ਾਨੀ
ਹਰ ਕੋਈ ਸੂਹਾਂ ਕੱਢੀ ਜਾਵੇ
ਆਨੀ ਕਿਸੇ ਬਹਾਨੀ
'ਗੁਰਦਿਆਲ ਸਿੰਘ' ਮੋੜਾ ਪਾ ਕੇ
ਇਕੋ ਗੱਲ ਸੁਣਾਈ
ਇਸ਼ਕ-ਮੁਸ਼ਕ ਦੀ ਕਥਾ-ਕਥੋਲੀ
ਮੇਰੇ ਹਿੱਸੇ ਨਾ ਆਈ
ਪਰ ਇਸ਼ਕ ਇਬਾਦਤ ਰੱਬ ਸੱਚੇ ਦੀ
ਜੇ ਰਹਿਮਤ ਤਾਂ ਪਾਈਏ
ਧਰਕੇ ਸੀਸ ਤਲੀ ਤੇ ਤੁਰੀਏ।
ਗਲੀ ਪ੍ਰੇਮ ਦੀ ਜਾਈਏ।

•

ਦੂਜੀ ਕਵਿਤਾ ਉਸ ਸਮੇਂ ਦੀ ਹੈ ਜਦੋਂ ਮੈਂ ਇਸ ਸਕੂਲ ਤੋਂ ਫ਼ਾਰਗ ਹੋ ਕੇ ਆਪਣੇ ਨਵੇਂ ਸਟੇਸ਼ਨ 'ਤੇ ਜਾਣਾ ਸੀ। ਮੈਡਮ ਹਰਦੀਪ ਕੌਰ ਆਪਣੀ ਪਰਸੂਤਾ ਛੁੱਟੀ 'ਤੇ ਸੀ। ਉਸ ਦੇ ਦੋ ਬੇਟੀਆਂ ਤੋਂ ਮਗਰੋਂ ਬੇਟਾ ਹੋਇਆ ਸੀ। ਸਟਾਫ ਨੇ ਕਹਿਣਾ ਤੁਸੀਂ ਇਥੇ ਹੀ ਰੈਗੂਲਰ ਹੋ ਜਾਣਾ ਹੈ। ਉਸ ਨੇ ਬਿਨਾਂ ਤਨਖਾਹ ਛੁੱਟੀ ਲੈ ਲੈਣੀ ਹੈ। ਪਰ ਹਰਦੀਪ ਕੌਰ ਇਕ ਦਿਨ ਪਹਿਲਾਂ ਆ ਕੇ ਮੈਨੂੰ ਦੱਸ ਗਈ ਕਿ ਕੱਲ੍ਹ ਮੈਂ ਬਾਅਦ ਦੁਪਹਿਰ ਆਵਾਂਗੀ। ਤੁਸੀਂ ਆਪਣੀ ਤਿਆਰੀ ਕਰ ਲਓ। ਜਦੋਂ ਹਰਦੀਪ ਕੌਰ ਮੇਰੇ ਨਾਲ ਗੱਲਬਾਤ ਕਰ ਰਹੀ ਸੀ ਤਾਂ ਦਸਵੀਂ ਜਮਾਤ ਦਾ ਲੜਕਾ ਮੇਰੇ ਪਾਸ ਆਇਆ ਤਾਂ ਕਹਿਣ ਲੱਗਾ ਮੈਡਮ ਕਿਵੇਂ ਸਕੂਲ ਆਈ ਹੈ? ਮੈਂ ਕਿਹਾ ਕੱਲ੍ਹ ਨੂੰ ਮੈਂ ਤੁਹਾਨੂੰ ਅਲਵਿਦਾ ਆਖ ਜਾਣੀ ਹੈ। ਅੱਜ ਤੁਹਾਡੀ ਮੇਰੀ ਆਖਰੀ ਘੰਟੀ ਹੈ। ਮੈਂ ਕਮਰੇ ਵਿਚ ਕੁਝ ਮਿੰਟਾਂ ਮਗਰੋਂ ਪਹੁੰਚਾ। ਜਦੋਂ ਮੈਂ ਕਲਾਸ ਰੂਮ ਵਿਚ ਦਾਖਲ ਹੋਇਆਂ ਤਾਂ ਮੇਰੀ ਸਾਰੀ ਜਾਮਤ ਲੜਕੇ-ਲੜਕੀਆਂ ਰੋ ਰਹੇ ਸਨ। ਮੈਂ ਵੀ ਰੋਣ ਲੱਗ ਪਿਆ। ਵਿਦਿਆਰਥੀਆਂ ਨਾਲ ਕੋਈ ਗੱਲਬਾਤ ਨਾ ਕਰ ਸਕਿਆ। ਇਸ ਤਰ੍ਹਾਂ ਕਰਦੇ-ਕਰਦੇ ਘੰਟੀ ਵੱਜ ਗਈ। ਮੈਂ ਹੱਥ ਜੋੜ ਕੇ ਬਾਹਰ ਆ ਗਿਆ। ਮੇਰੇ ਤੋਂ ਮਗਰੋਂ ਪ੍ਰਿੰਸੀਪਲ ਜੀਵਾ ਸਿੰਘ ਘੰਟੀ ਲਗਾਉਣ ਗਿਆ ਤਾਂ ਜਦੋਂ ਉਸ ਨੇ ਵੇਖਿਆ ਕਿ ਸਾਰੀ ਜਮਾਤ ਰੋਂਦੀ ਹੈ ਤਾਂ ਉਹ ਵੀ ਵਾਪਸ ਆ ਕੇ ਕਹਿਣ ਲੱਗਾ ਕਿ ਸਾਨੂੰ ਇਸ ਸਕੂਲ ਵਿਚ ਨੌਕਰੀ ਕਰਦਿਆਂ ਦਸ ਸਾਲ ਬੀਤ ਗਏ ਹਨ ਪਰ ਅਸੀਂ ਇਸ ਪ੍ਰਕਾਰ ਦਾ ਮਾਹੌਲ ਪਹਿਲਾਂ ਕਦੇ ਨਹੀਂ ਵੇਖਿਆ ਜੋ ਅੱਜ ਗੁਰਦਿਆਲ ਸਿੰਘ ਦੇ ਜਾਣ

ਤੇ ਹੋਇਆ ਹੈ। ਛੁੱਟੀ ਵੇਲੇ ਫਿਰ ਕੁਝ ਲੜਕੇ ਮਿਲੇ ਪਰ ਅੱਖਾਂ ਨਮ ਹੀ ਰਹੀਆਂ। ਮੈਂ ਆਪਣੇ ਕਮਰੇ ਵਿਚ ਜਾ ਕੇ ਆਪਣਾ ਸਾਮਾਨ ਬੰਨ੍ਹ ਰਿਹਾ ਸੀ, ਨਾਲੇ ਜਾਣ ਬਾਰੇ ਸੋਚ ਰਿਹਾ ਸੀ। ਰੋਟੀ ਤਿਆਰ ਕਰਨ ਸਮੇਂ ਮੈਂ ਆਪਣੇ ਸਕੂਲ ਦੇ ਮਾਹੌਲ ਨੂੰ ਮੁੱਖ ਰੱਖ ਕੇ ਮਨ ਨਾਲ ਗੱਲਾਂ ਕਰ ਰਿਹਾ ਸੀ ਕਿ ਕਵਿਤਾ ਬਣ ਗਈ, ਜਿਸਦੇ ਬੋਲ ਹੇਠ ਲਿਖੇ ਹਨ। ਇਹ ਕਵਿਤਾ ਮੈਂ ਉਸ ਸਮੇਂ ਕਹੀ ਜਦੋਂ ਸਟਾਫ ਨੇ ਮੈਨੂੰ ਪਾਰਟੀ ਲਈ ਬੁਲਾਇਆ। ਇਸ ਦਿਨ ਹੀ ਮੈਂ ਕਮਰੇ ਵਿਚੋਂ ਆਪਣਾ ਸਾਮਾਨ ਲੈ ਕੇ ਰੇਲ ਗੱਡੀ ਰਾਹੀਂ ਜਾਣਾ ਸੀ। ਗੱਡੀ ਦੀ ਲਾਈਨ ਸਕੂਲ ਦੇ ਨਜ਼ਦੀਕ ਹੀ ਲੰਘਦੀ ਹੈ। ਵਿਦਿਆਰਥੀਆਂ ਨੇ ਸਾਮਾਨ ਲਿਆ ਕੇ ਰੇਲਵੇ ਸਟੇਸ਼ਨ 'ਤੇ ਰੱਖ ਦਿੱਤਾ। ਜਦੋਂ ਮੇਰੀ ਗੱਡੀ ਸਕੂਲ ਦੇ ਕੋਲੋਂ ਦੀ ਲੰਘੀ ਤਾਂ ਸਾਰੇ ਵਿਦਿਆਰਥੀ ਤੇ ਕੁਝ ਸਟਾਫ ਮੈਂਬਰ ਹੱਥ ਹਿਲਾ ਕੇ ਅਲਵਿਦਾ ਆਖ ਰਹੇ ਸਨ। ਜਿਵੇਂ ਅਸੀਂ ਆਪਣੇ ਖਾਸ ਦੋਸਤ ਨੂੰ ਤੋਰਨ ਸਮੇਂ ਆਪਣੇ ਹੱਥ ਹਿਲਾ ਕੇ ਅਲਵਿਦਾ ਦਾ ਇਸ਼ਾਰਾ ਕਰਦੇ ਹਾਂ।

ਵਿਛੋੜਾ

ਸੁੰਨਾ-ਸੁੰਨਾ, ਜਾਪਦਾ ਸਕੂਲ ਅੱਜ ਸਾਨੂੰ ਸਾਰਾ
ਪਤਾ ਜਦੋਂ ਲੱਗਾ ਮੈਨੂੰ ਹਰਦੀਪ ਕੌਰ ਦੇ ਆਉਣੇ ਦਾ
ਆਖਦੀਆਂ ਸੀ ਮੈਡਮਾਂ ਮੰਨਦਾ ਨਹੀਉਂ ਪਤੀ ਉਹਦਾ
ਦਿੰਦਾ ਨਹੀਉਂ ਹੁਕਮ ਸਕੂਲੇ ਉਹਨੂੰ ਜਾਣੇ ਦਾ
ਜਿਸ ਦੇ ਘਰ ਵਿਚ ਦੁਨੀਆਂ ਦੀ ਸਾਂਝ ਆਵੇ
ਕਿਉਂ ਲਾਲਚ ਕਰੇ ਉਹੋ ਪੈਸੇ ਨੂੰ ਕਮਾਉਣੇ ਦਾ
ਦੋ ਤਿੰਨ ਮਹੀਨੇ ਜੇ ਤਨਖਾਹ ਤੋਂ ਬਗੈਰ ਛੁੱਟੀ ਲੈਂਦੀ
ਘੱਟ ਨਹੀਂ ਸੀ ਜਾਣਾ ਪੈਸਾ ਜੋੜਿਆ ਖਜ਼ਾਨੇ ਦਾ
ਔਰਤਾਂ ਦੀ ਜਾਣੋ ਨੀਤ ਨਹੀਂ ਦਲੇਰ ਹੁੰਦੀ
ਆਖਿਆ ਹੈ ਬੋਲ ਸੱਚ ਕਿਸੇ ਸਿਆਣੇ ਦਾ
ਸਹੀ ਦਿਲੋਂ ਚਾਂਵਦਾ ਸੀ ਬੱਚਿਆਂ ਦੀ ਪੜ੍ਹਾਈ ਹੋਵੇ
ਜੇ ਨਾ ਪਤਾ ਹੁੰਦਾ ਮੈਨੂੰ ਐਨੀ ਛੇਤੀ ਬਦਲ ਜਾਣੇ ਦਾ
ਰੋਂਦੀਆਂ ਸੀ ਕੰਧਾਂ ਨਾਲੇ ਰੋਂਦੀ ਸੀ ਕਲਾਸ ਮੇਰੀ
ਕੰਮ ਖਤਮ ਕੀਤਾ ਜਦੋਂ ਉਨ੍ਹਾਂ ਨੂੰ ਪੜ੍ਹਾਉਣੇ ਦਾ
ਛਮ ਛਮ ਅੱਖੀਆਂ 'ਚੋਂ ਡੁਲਦਾ ਸੀ ਨੀਰ ਮੇਰੇ
ਪਤਾ ਜਦੋਂ ਲੱਗਾ ਮੈਨੂੰ ਐਥੋਂ ਬਦਲ ਜਾਣੇ ਦਾ
ਸਟਾਫ ਮੈਂਬਰਾਂ ਦੇ ਵੀ ਜਾਣੋ ਚਿਹਰੇ ਤੇ ਉਦਾਸੀ ਛਾਈ
ਵਿਛੜ ਗਿਆ ਯਾਰ ਹੀਰ ਰਾਂਝੇ ਨੂੰ ਸੁਣਾਉਣੇ ਦਾ
'ਗੁਰਦਿਆਲ ਸਿੰਘ' ਕਿਉਂ ਐਵੇਂ ਦਿਲ ਨੂੰ ਤੂੰ ਥੋੜਾ ਕਰੇਂ
ਕਰ ਦੇਵੇ ਹੁਕਮ ਕਿਤੇ ਮਾਲਕ ਫਿਰ ਇਸ ਪਾਸੇ ਆਉਣੇ ਦਾ।

ਮੈਂ ਫ਼ਾਰਗ ਹੋ ਕੇ ਹੁਸ਼ਿਆਰਪੁਰ ਪਹੁੰਚ ਗਿਆ ਤਾਂ ਮੇਰੇ ਆਰਡਰ ਸਰਕਰੀ ਹਾਈ ਸਕੂਲ ਰਾਜਪੁਰ ਭਾਈਆਂ ਦੇ ਹੋ ਗਏ।

ਸਰਕਾਰੀ ਹਾਈ ਸਕੂਲ ਰਾਜਪੁਰ ਭਾਈਆਂ (27-10-1980 ਤੋਂ17-11-1980):- ਮੈਂ ਭੰਗਾਲਾ ਸਕੂਲ ਤੋਂ ਫ਼ਾਰਗ ਹੋ ਕੇ ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਹੁਸ਼ਿਆਰਪੁਰ ਪਹੁੰਚ ਗਿਆ। ਡੀਲਿੰਗ ਕਲਰਕ ਨੇ ਮੇਰੇ ਆਰਡਰ ਸਰਕਾਰੀ ਹਾਈ ਸਕੂਲ ਰਾਜਪੁਰ ਭਾਈਆਂ ਦੇ ਕਰ ਦਿੱਤੇ। ਸਕੂਲ ਵਿਚ ਛੁੱਟੀ ਹੋ ਗਈ ਸੀ। ਮੈਂ ਪਿੰਡ ਪਹੁੰਚ ਕੇ ਪਿੰਡ ਦੇ ਇਕ ਮਾਸਟਰ ਰਸ਼ਪਾਲ ਸਿੰਘ ਨੂੰ ਮਿਲ ਕੇ ਦਸ ਦਿੱਤਾ ਕਿ ਮੈਂ ਆਉਣ ਵਿਚ ਲੇਟ ਹੋ ਗਿਆ ਹਾਂ। ਦੋ ਦਿਨ ਸਕੂਲ ਬੰਦ ਰਿਹਾ ਗੇਮਾਂ ਚੱਲਦੀਆਂ ਸਨ। ਮੈਂ ਹਾਈ ਸਕੂਲ ਖੁਆਸ ਪੁਰਹੀਰਾਂ ਹੁਸ਼ਿਆਰਪੁਰ ਵਿਖੇ ਮੁੱਖ ਅਧਿਆਪਕ ਸੈਫ ਸਾਹਿਬ ਨੂੰ ਮਿਲ ਕੇ ਸਾਰੀ ਗੱਲ ਦੱਸ ਦਿੱਤੀ। ਤੀਸਰੇ ਦਿਨ ਸਕੂਲ ਲੱਗਾ। ਸਵੇਰ ਦੀ ਸਭਾ ਤੋਂ ਮਗਰੋਂ ਮੈਂ ਦਫ਼ਤਰ ਜਾ ਕੇ ਗੱਲਬਾਤ ਕੀਤੀ ਤੇ ਆਰਡਰ ਦਿਖਾ ਦਿੱਤੇ। ਕਰਮਜੀਤ ਸਿੰਘ ਤੇ ਹੰਸ ਰਾਜ ਮਾਸਟਰ ਨੇ ਇਸ ਵਿਚ ਮੇਰੀ ਮੱਦਦ ਕੀਤੀ ਕਿ ਸੈਫ ਸਾਹਿਬ ਗੁਰਦਿਆਲ ਸਿੰਘ ਦੀ ਬਰੇਕ ਨਹੀਂ ਪਾਉਣੀ ਹੈ। 27-10-1980 ਨੂੰ ਦੁਪਹਿਰ ਤੋਂ ਪਹਿਲਾਂ ਹਾਜ਼ਰ ਕਰਵਾਉਣਾ ਹੈ। ਵਿਅਕਤੀ ਆਪਣੀ ਕਾਰ ਲੈ ਕੇ ਵੀ ਜਲਦੀ ਪਹੁੰਚ ਸਕਦਾ ਹੈ। ਮੁੱਖ ਅਧਿਆਪਕ ਨੇ ਕਿਹਾ ਕਾਕਾ! ਕਿਹੜੀ ਜਮਾਤ ਪੜ੍ਹਾਓਗੇ। ਮੈਂ ਕਿਹਾ ਜਿਹੜੀ ਮਰਜੀ ਉਨ੍ਹਾਂ ਇਹ ਵੀ ਕਿਹਾ ਮੇਰੀ ਜਮਾਤ ਵੀ ਪੜ੍ਹਾਉਣੀ ਹੈ। ਮੈਂ ਕਿਹਾ ਜੀ ਜ਼ਰੂਰ। ਮੈਂ ਆਪਣੀ ਹਾਜ਼ਰੀ ਰਿਪੋਰਟ ਲਿਖ ਕੇ ਹਾਜ਼ਰ ਹੋ ਗਿਆ।

ਮੇਰੇ ਕੋਲ ਅੱਠਵੀਂ ਜਮਾਤ ਦੀ ਅੰਗਰੇਜ਼ੀ ਸੀ, ਜਿਸ ਵਿਚ ਸੈਫ਼ ਸਾਹਿਬ ਦਾ ਲੜਕਾ ਪੜ੍ਹਦਾ ਸੀ। ਥੋੜ੍ਹੇ ਦਿਨਾਂ ਤੋਂ ਮਗਰੋਂ ਸੈਫ ਸਾਹਿਬ ਨੇ ਕਿਹਾ, "ਮੈਂ ਆਪਣੇ ਲੜਕੇ ਨੂੰ ਰਾਤ ਨੂੰ ਅੰਗਰੇਜ਼ੀ ਪੜ੍ਹਾਉਣ ਲੱਗਾ ਤਾਂ ਉਸ ਨੇ ਕਿਹਾ, "ਡੈਡੀ ਤੁਸੀਂ ਉਸ ਪ੍ਰਕਾਰ ਪੜਾਓ ਜਿਸ ਪ੍ਰਕਾਰ ਸਰਦਾਰ ਮਾਸਟਰ ਪੜ੍ਹਾਉਂਦਾ ਹੈ?" ਮੈਂ ਇਸ ਸਕੂਲ ਵਿਚ ਸਿਰਫ਼ 22 ਦਿਨ ਰਿਹਾ। ਤਲਵਾੜੇ ਦੇ ਲਾਗੇ ਪਿੰਡ ਭੰਬੋਤਾੜ ਤੋਂ ਬਦਲ ਕੇ ਅਧਿਆਪਕ ਬਲਵੀਰ ਸਿੰਘ ਆ ਗਿਆ ਸੀ ਜੋ ਰੈਗੂਲਰ ਸੀ। ਸੈਫ ਸਾਹਿਬ ਨੂੰ ਮੇਰੇ ਜਾਣ ਦਾ ਦੁੱਖ ਹੋਇਆ। ਉਹ ਮੇਰੇ ਨਾਲ ਡੀ.ਈ.ਓ. ਦਫਤਰ ਹੁਸ਼ਿਆਰਪੁਰ ਵਿਖੇ ਗਏ। ਫਿਰ ਮੇਰੇ ਆਰਡਰ ਡੀਲਿੰਗ ਕਲਰਕ ਨਿਰਮਲ ਸਿੰਘ ਨੇ ਸ. ਹਾ. ਸਕੂਲ ਜੰਡੋਲੀ ਦੇ ਕਰ ਦਿੱਤੇ। ਮੇਰੀ ਬਰੇਕ ਨਹੀਂ ਪਈ। ਜਦੋਂ ਮੈਂ ਆਪਣਾ ਰੈਗੂਲਰ ਕੇਸ ਤਿਆਰ ਕੀਤਾ ਤਾਂ ਸੈਫ ਸਾਹਿਬ ਨੇ ਮੇਰਾ ਕੰਮ ਤੇ ਵਤੀਰਾ "Work and conduck" ਬਹੁਤ ਵਧੀਆ ਢੰਗ ਨਾਲ ਲਿਖਿਆ।

ਸਰਕਾਰੀ ਹਾਈ ਸਕੂਲ ਜੰਡੋਲੀ (17-11-1980- 20-5-1981):- ਮੈਂ ਸਵੇਰੇ ਆਪਣੇ ਪਿੰਡ ਤੋਂ ਜੰਡੋਲੀ ਨੂੰ ਚਲ ਪਿਆ। ਮੈਂ ਸਾਈਕਲ ਤੇ ਗਿਆ। ਚੱਬੇਵਾਲ ਦੇ ਕੋਲ ਪਿੰਡ ਬਸੀ ਕਲਾਂ ਹੈ। ਉਸ ਤੋਂ ਅੱਗੇ ਫਿਰ ਥੋੜ੍ਹੀ ਚੜ੍ਹਾਈ ਚੜ੍ਹ ਕੇ ਪਿੰਡ ਜੰਡੋਲੀ ਆਉਂਦਾ ਹੈ। ਪਿੰਡ ਦਾ ਸਕੂਲ ਪਿੰਡ ਦੇ ਚੜ੍ਹਦੇ ਪਾਸੇ ਹੈ। ਉਸ ਸਮੇਂ ਸਰਦੀਆਂ ਨੂੰ

ਸਕੂਲ 9.15 ਤੇ ਲੱਗਦਾ ਸੀ। ਛੁੱਟੀ ਸ਼ਾਮ ਨੂੰ 4 ਵਜੇ ਹੁੰਦੀ ਸੀ। ਸਿਆਲ ਮਹੀਨੇ ਮੀਂਹ ਵਿਚ ਪਹੁੰਚਣਾ ਬੜਾ ਔਖਾ ਸੀ। ਰਸਤੇ ਵਿੱਚ ਚਿੱਕੜ-ਗਾਰਾ ਬਹੁਤ ਹੁੰਦਾ ਸੀ। ਫਿਰ ਮੈਂ ਕਮਰਾ ਕਿਰਾਏ 'ਤੇ ਲੈ ਲਿਆ। ਥੋੜ੍ਹੇ ਦਿਨ ਜੰਡੋਲੀ ਰਹਿਣ ਤੋਂ ਮਗਰੋਂ ਮੈਂ ਕਮਰਾ ਭੁਲੇਆਲ ਰਾਠਾਂ ਵਿਖੇ ਲਿਆ ਜੋ ਸਾਰਾ ਮਕਾਨ ਖਾਲੀ ਸੀ। ਬਿਜਲੀ ਦਾ ਪ੍ਰਬੰਧ ਪਿੰਡ ਦੇ ਸਰਪੰਚ ਨੇ ਹੀ ਕਰ ਦਿੱਤਾ ਸੀ। ਸਕੂਲ ਮੁੱਖ ਅਧਿਆਪਕਾ ਸ੍ਰੀਮਤੀ ਊਸ਼ਾ ਕਿਰਨ ਹੁਸ਼ਿਆਰਪੁਰ ਤੋਂ ਆਉਂਦੀ ਸੀ। ਬਹੁਤ ਸਾਰੇ ਸਟਾਫ ਮੈਂਬਰ ਹੁਸ਼ਿਆਰਪੁਰ ਤੋਂ ਆਉਂਦੇ ਸਨ। ਚੱਬਵਾਲ ਅੱਡੇ ਵਿਚ ਆਪਣੇ ਸਾਈਕਲ ਰੱਖੇ ਹੋਏ ਸਨ।

ਜਦੋਂ ਮੈਂ ਜੰਡੋਲੀ ਗਿਆ ਤਾਂ ਥੋੜ੍ਹੇ ਦਿਨਾਂ ਮਗਰੋਂ ਸ੍ਰੀ ਗੁਰੂ ਨਾਨਕ ਦੇਵ ਦਾ ਜਨਮ ਦਿਨ ਸੀ। ਪਿੰਡ ਪੰਚਾਇਤ ਨੇ ਸਕੂਲ ਨੂੰ ਇਸ ਸਬੰਧੀ ਲਿਖਤੀ ਸੰਦੇਸ਼ ਭੇਜਿਆ ਹੋਇਆ ਸੀ। ਮੈਡਮ ਊਸ਼ਾ ਕਿਰਨ ਨੇ ਕਿਹਾ- ਗੁਰਦਿਆਲ ਸਿੰਘ ਬੱਚੇ ਤਿਆਰ ਕਰੋ ਤਾਂ ਪਰਸੋਂ ਨੂੰ ਇਸ ਪ੍ਰੋਗਰਾਮ ਤੇ ਜਾਣਾ ਹੈ। ਬੱਚਿਆਂ ਵਿਚ ਕੁਝ ਬੱਚੇ ਚੰਗੇ ਸਨ ਜਿਨ੍ਹਾਂ ਦੀ ਆਵਾਜ਼ ਵਧੀਆ ਸੀ। ਬੱਚਿਆਂ ਤੋਂ ਮਗਰੋਂ ਮੈਂ ਥੋੜ੍ਹਾ ਸਮਾਂ ਬੋਲਿਆ। ਪਿੰਡ ਪੰਚਾਇਤ ਨੇ ਬਹੁਤ ਸਾਰਾ ਮਾਣ ਦਿੱਤਾ। ਜੋ ਪੈਸੇ ਸਾਨੂੰ ਬਣੇ ਮੈਂ ਉਨ੍ਹਾਂ ਪੈਸਿਆਂ ਦੇ ਨਾਲ ਬੱਚਿਆਂ ਨੂੰ ਕਾਪੀਆਂ ਤੇ ਪੈੱਨ ਲੈ ਦਿੱਤੇ। ਸਵੇਰ ਦੀ ਸਭਾ ਵਿਚ ਮੈਡਮ ਊਸ਼ਾ ਕਿਰਨ ਨੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਇਕ ਕਾਪੀ ਤੇ ਇੱਕ-ਇੱਕ ਪੈੱਨ ਦੇ ਦਿੱਤਾ। ਇਸ ਨਾਲ ਹੋਰ ਲੜਕੇ ਵੀ ਪ੍ਰਭਾਵਿਤ ਹੋਏ। ਮੈਡਮ ਨੇ ਸਾਨੂੰ ਸਾਰਿਆਂ ਨੂੰ ਸ਼ਾਬਾਸ਼ ਦਿੱਤੀ।

ਇਸ ਤੋਂ ਮਗਰੋਂ ਦਸੰਬਰ ਟੈਸਟ ਦਾ ਸਮਾਂ ਆ ਗਿਆ। ਪੇਪਰਾਂ ਦਾ ਇੰਚਾਰਜ ਮਾਸਟਰ ਮਦਨ ਗੋਪਾਲ ਸੀ। ਉਹ ਹਰ ਰੋਜ਼ ਮੇਰੀ ਡਿਊਟੀ ਹੀ ਲਗਾ ਦਿੰਦਾ ਸੀ। ਵੈਸੇ ਵੀ ਨਵੇਂ-ਨਵੇਂ ਰੰਗਰੂਟਾਂ ਨੂੰ ਹਰ ਥਾਂ ਜ਼ਿਆਦਾ ਵਰਤਿਆ ਜਾਂਦਾ ਹੈ। ਜੰਡੋਲੀ ਪਿੰਡ ਬਹੁਤ ਵੱਡਾ ਹੈ। ਇਸ ਦੇ ਚਾਰ ਭਾਗ ਹਨ-ਜੰਡੋਲੀ, ਝੁੱਗੀਆਂ, ਤਾਲਪੁਰ, ਖੱਦਰਾਂ ਤੇ ਬਾਗ। ਕਿਸੇ ਸਮੇਂ ਇਹ ਮੁਹੱਲੇ ਸਨ ਪਰ ਪਿੰਡ ਝੁੱਗੀਆਂ ਦੀ ਹੁਣ ਆਪਣੀ ਪੰਚਾਇਤ ਹੈ। ਤਾਲਪੁਰ ਦਾ ਸੁਖਵਿੰਦਰ ਸਿੰਘ ਸੋਨੀ, ਜੰਡੋਲੀ ਦਾ ਰਾਜਾ ਸਿੰਘ, ਖੱਦਰਾਂ ਦਾ ਕਾਲਾ ਸਿੰਘ, ਭੁੱਲੇਵਾਲ ਰਾਠਾਂ ਦਾ ਬਲਵਿੰਦਰ ਸਿੰਘ, ਹਰਦੇਵ ਸਿੰਘ ਆਦਿ ਵਿਦਿਆਰਥੀ ਹੁਸ਼ਿਆਰ ਸਨ। ਸੁਖਵਿੰਦਰ ਸਿੰਘ ਸੋਨੀ ਦੀ ਆਵਾਜ਼ ਬਹੁਤ ਵਧੀਆ ਸੀ। ਮੈਂ ਉਸ ਦਾ ਨਾਮ ਬੀਬਾ ਰੱਖ ਦਿੱਤਾ- ਭਾਵ ਨਰਿੰਦਰ ਬੀਬਾ ਵਰਗੀ ਆਵਾਜ਼ ਸੀ, ਜੋ ਇਸ ਵੇਲੇ ਚੰਡੀਗੜ੍ਹ ਪੁਲਿਸ ਵਿਚ ਬਤੌਰ ਹਵਾਲਦਾਰ ਨੌਕਰੀ ਕਰ ਰਿਹਾ ਹੈ। ਇਸ ਦਾ ਇਕ ਸਾਥੀ ਬਲਵਿੰਦਰ ਸਿੰਘ ਤਾਜੇਵਾਲ ਵੀ ਇਸ ਦੇ ਨਾਲ ਹੈ। ਸਟਾਫ ਵਿਚੋਂ ਟਹਿਲ ਸਿੰਘ ਡੀ.ਪੀ. ਕਾਲੇਵਾਲ ਭਗਤਾਂ ਸਨ ਜਿਨ੍ਹਾਂ ਦਾ ਸੁਭਾਅ ਬਹੁਤ ਚੰਗਾ ਸੀ। 2008 ਦੀਆਂ ਪੰਚਾਇਤ ਚੋਣਾਂ ਵਿਚ ਮੇਰੇ ਨਾਲ ਭੂੰਗਾ ਬਲਾਕ ਵਿਚ ਡਿਊਟੀ ਦਿੱਤੀ ਹੈ। ਇਹ ਇਲਾਕਾ ਮਟਰਾਂ ਵਾਸਤੇ ਬਹੁਤ ਮਸ਼ਹੂਰ ਸੀ। ਆਪਣੀ ਸਬਜ਼ੀ ਬਹੁਤ ਘੱਟ ਲੈਣੀ ਪੈਂਦੀ ਸੀ। ਬਦਲੀਆਂ ਦੇ ਦੌਰਾਨ ਮੈਂ ਆਪਣੀ ਬਦਲੀ ਲਈ ਦੋ ਤਿੰਨ ਸਟੇਸ਼ਨ ਭਰ ਕੇ ਦਿੱਤੇ

ਉਸ ਸਮੇਂ ਹਾਰਟਾ ਸਕੂਲ ਮਿਡਲ ਤੋਂ ਹਾਈ ਸਕੂਲ ਹੋਇਆ ਸੀ। ਨਵਾਂ ਸਾਲ 1981 ਮੈਨੂੰ ਜੰਡੋਲੀ ਵਿਚ ਚੜ੍ਹ ਗਿਆ ਸੀ। ਮਾਰਚ ਦੀਆਂ ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਕੱਢਣ ਤੋਂ ਮਗਰੋਂ ਨਵੀਆਂ ਕਲਾਸਾਂ ਚੜ੍ਹ ਗਈਆਂ ਤੇ ਪੜ੍ਹਾਈ ਚਾਲੂ ਹੋ ਗਈ ਸੀ। ਇਨ੍ਹਾਂ ਬਦਲੀਆਂ ਵਿਚ ਮੇਰੀ ਬਦਲੀ ਸਰਕਾਰੀ ਹਾਈ ਸਕੂਲ ਹਾਰਟਾ ਦੀ ਹੋ ਗਈ।

ਸਰਕਾਰੀ ਹਾਈ ਸਕੂਲ ਹਾਰਟਾ (20-5-1981 ਤੋਂ 24-2-1990) :- ਮੈਂ ਦੁਪਹਿਰ ਤੋਂ ਪਹਿਲਾਂ 20-5-1981 ਨੂੰ ਜੰਡੋਲੀ ਸਕੂਲ ਤੋਂ ਫਾਰਗ ਹੋ ਕੇ ਸਰਕਾਰੀ ਹਾਈ ਸਕੂਲ ਹਾਰਟਾ ਵਿਖੇ ਪਹੁੰਚ ਗਿਆ। ਮੇਰੇ ਤੋਂ ਪਹਿਲਾਂ ਮੁੱਖ ਅਧਿਆਪਕ ਚਮਨ ਲਾਲ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਸ.ਹ. ਸਕੂਲ ਕੱਸੋਆਣਾ ਤੋਂ ਬਦਲ ਕੇ ਇਥੇ ਹਾਜ਼ਰ ਹੋ ਗਏ ਸਨ। ਉਨ੍ਹਾਂ ਦਾ ਪਿੰਡ ਬਜਰਾਵਰ ਸੀ। ਇਸ ਹੀ ਦਿਨ ਇਕ ਹੋਰ ਅਧਿਆਪਕ ਸ. ਹਾਈ ਸਕੂਲ ਧਮਾਈ ਗੜ੍ਹਸ਼ੰਕਰ ਤੋਂ ਬਦਲ ਕੇ ਹਾਜ਼ਰ ਹੋ ਗਿਆ ਸੀ। ਹੌਲੀ-ਹੌਲੀ ਹੋਰ ਸਟਾਫ ਮੈਂਬਰ ਆ ਗਏ। ਮੈਂ ਥੋੜ੍ਹੇ ਦਿਨ ਭੂਲੇਵਾਲ ਰਾਠਾਂ ਤੋਂ ਹੀ ਆਉਂਦਾ ਰਿਹਾ। ਨੌਂਵੀਂ ਤੇ ਦਸਵੀਂ ਜਮਾਤ ਲਈ ਦੋ ਕਮਰੇ ਨਵੀਂ ਪੰਚਾਇਤ ਨੇ ਬਣਾਏ ਸਨ। ਛੋਟੀਆਂ ਜਮਾਤਾਂ ਦਰੱਖਤਾਂ ਹੇਠਾਂ ਹੀ ਬਹਿੰਦੀਆਂ ਸਨ। ਨਵੀਂ ਬਿਲਡਿੰਗ ਦਾ ਕੰਮ ਹੌਲੀ-ਹੌਲੀ ਚੱਲਦਾ ਰਿਹਾ। ਪੰਚਾਇਤ ਨੇ ਆਪਣੇ ਅਸਰ ਰਸੂਖ ਨਾਲ ਹੋਰ ਕਮਰੇ ਤਿਆਰ ਕਰ ਦਿੱਤੇ ਸਨ। ਸਰਪੰਚ ਜਗਤ ਸਿੰਘ, ਸਾਬਕਾ ਸਰਪੰਚ ਅਮਰ ਸਿੰਘ ਤੇ ਕਰਮ ਚੰਦ ਆਦਿ ਖਾਸ ਸਨ। ਇਸ ਹੀ ਪਿੰਡ ਦਾ ਇਕ ਦਾਨੀ ਸੱਜਣ ਸ੍ਰੀ ਖੁਸ਼ੀ ਰਾਮ ਜਿਸ ਦਾ ਛੋਟਾ ਜਿਹਾ ਢਲਾਈ ਦਾ ਕਾਰਖਾਨਾ ਸਟੇਟ (SBI) ਬੈਂਕ ਹੁਸ਼ਿਆਰਪੁਰ ਦੇ ਕੋਲ ਹੈ।

ਇਸ ਸਕੂਲ ਦੀ ਪਹਿਲੀ ਦਸਵੀਂ ਦੀ ਸਾਲਾਨਾ ਪ੍ਰੀਖਿਆ ਦਾ ਕੇਂਦਰ ਸ. ਹਾਈ ਸਕੂਲ ਰਾਜਪੁਰ ਭਾਈਆਂ ਸੀ। ਮੈਂ ਦਸਵੀਂ ਜਮਾਤ ਨੂੰ ਸਮਾਜਿਕ ਸਿੱਖਿਆ ਪੜ੍ਹਾਉਂਦਾ ਸੀ। ਬਹੁਤ ਸਾਰਾ ਸਲੇਬਸ ਮੈਂ ਆਪ ਲਿਖ ਕੇ ਤਿਆਰ ਕੀਤਾ। ਪੇਪਰਾਂ ਦੇ ਲਾਗੇ ਮੈਂ ਓਵਰ ਟਾਈਮ ਵੀ ਲਗਾਉਂਦਾ ਸੀ। ਪੇਪਰਾਂ ਦੇ ਲਾਗੇ ਦੋ ਛੁੱਟੀਆਂ ਸਨ। ਮੈਂ ਸਕੂਲ ਜਾ ਕੇ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ। ਜਿਸ ਦਿਨ ਦਸਵੀਂ ਜਮਾਤ ਦਾ ਸਮਾਜਿਕ ਦਾ ਪੇਪਰ ਸੀ ਉਸ ਦਿਨ ਮੁੱਖ ਅਧਿਆਪਕ ਚਮਨ ਲਾਲ ਦੀ ਧਰਮ ਪਤਨੀ ਹਰਜੀਤ ਕੌਰ ਮੁੱਖ ਅਧਿਆਪਕ ਅਬਜ਼ਰਵਰ ਸੀ। ਪੇਪਰ ਖਤਮ ਹੋਣ ਤੋਂ ਪਹਿਲਾਂ ਉਸ ਨੇ ਦੱਸਿਆ ਕਿ ਮੈਂ ਸਾਰਾ ਸੈਂਟਰ ਚੈਕ ਕੀਤਾ ਹੈ ਸਿਰਫ ਤੇਰਾ ਨਤੀਜਾ ਸੌ ਫੀਸਦੀ ਹੋਵੇਗਾ। ਉਨ੍ਹਾਂ ਦਾ ਵਾਕ ਸੱਚ ਹੋਇਆ। ਮੇਰੇ 36 ਦੇ 36 ਬੱਚੇ ਪਾਸ ਸਨ। ਰਾਜਪੁਰ ਭਾਈਆਂ ਦਾ ਆਪਣਾ ਨਤੀਜਾ 65% ਸੀ। ਮੁੱਖ ਅਧਿਆਪਕ ਧਿਆਨ ਸਿੰਘ ਧਾਮੀ ਸੀ ਜਿਸ ਪਾਸੋਂ ਮੈਂ ਨਸਰਾਲੇ ਪੜ੍ਹਿਆ ਸੀ। ਆਸੇ ਪਾਸੇ ਦੇ ਸਕੂਲਾਂ ਵਿਚ ਮੇਰੇ ਨਤੀਜੇ ਦੀ ਬਹੁਤ ਚਰਚਾ ਹੋਈ।

ਇਸ ਤੋਂ ਮਗਰੋਂ ਮੇਰੇ ਕੋਲ ਬਹੁਤ ਸਾਰੀਆਂ ਜਮਾਤਾਂ ਦੀ ਅੰਗਰੇਜ਼ੀ ਹੀ ਰਹੀ ਹੈ। ਜੋ ਲੜਕਾ/ਲੜਕੀ ਛੇਵੀਂ ਜਮਾਤ ਵਿਚ ਹੁੰਦਾ ਸੀ ਉਸ ਦੀ ਸਿਫਾਰਸ਼ ਪਹਿਲਾਂ ਹੀ ਆ ਜਾਂਦੀ ਸੀ ਕਿ ਅੰਗਰੇਜ਼ੀ ਗੁਰਦਿਆਲ ਸਿੰਘ ਫੁੱਲ ਦੇ ਕੋਲ ਹੋਣੀ ਚਾਹੀਦੀ ਹੈ। ਇਕ

ਵਾਰੀ ਡਰਾਇੰਗ ਮਾਸਟਰ ਜਰਨੈਲ ਸਿੰਘ ਫੁਗਲਾਣਾ ਨੇ ਆਪਣੀ ਭਤੀਜੀ ਹਰਦੀਪ ਕੌਰ ਨੂੰ ਮੇਰੇ ਸ਼ੈਕਸ਼ਨ ਵਿਚ ਕਰ ਦਿੱਤਾ ਤੇ ਹਰੀ ਰਾਮ ਮਾਸਟਰ ਦੀ ਲੜਕੀ ਮੋਹਨਜੀਤ ਕੌਰ ਨੂੰ ਦੂਜੇ ਸੈਕਸ਼ਨ ਵਿਚ ਕਰ ਦਿੱਤਾ। ਹਰੀ ਰਾਮ ਮਾਸਟਰ ਸਵੇਰ ਨੂੰ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਲੜਕੀ ਨੇ ਰਾਤ ਰੋਟੀ ਨਹੀਂ ਖਾਧੀ ਹੈ। ਮੈਂ ਆਪਣੀ ਲੜਕੀ ਤੁਹਾਡੇ ਸੈਕਸ਼ਨ ਵਿਚ ਕਰਨੀ ਹੈ। ਹਰੀ ਰਾਮ ਦੀਆਂ ਲੜਕੀਆਂ ਤੇ ਲੜਕਾ ਮੇਰੇ ਸੈਕਸ਼ਨ ਵਿਚ ਹੀ ਰਹੇ। ਲੜਕੀਆਂ ਤੇ ਲੜਕਾ ਸਰਕਾਰੀ ਨੌਕਰੀ ਕਰਦੇ ਹਨ।

ਇਸ ਸਕੂਲ ਵਿਚ ਬੱਚਿਆਂ ਦੀਆਂ ਦੌੜਾਂ ਤੇ ਵਾਲੀਬਾਲ ਪਿਆਰਾ ਸਿੰਘ ਮਾਸਟਰ ਤਿਆਰ ਕਰਵਾਉਂਦੇ ਸਨ। ਵੈਸੇ ਤਾਂ ਅੱਧੀ ਛੁੱਟੀ ਵੇਲੇ ਸਾਰੇ ਅਧਿਆਪਕ ਖੇਡਦੇ ਸਨ। ਪਿਆਰਾ ਸਿੰਘ ਨੇ ਮੈਨੂੰ ਵਾਲੀਬਾਲ ਖੇਡਣ ਦਾ ਸ਼ੌਂਕ ਪਾਇਆ ਸੀ। ਜੋਨ ਦੀਆਂ ਖੇਡਾਂ ਵਿਚ ਸਰਦਾਰੀ ਸਰਕਾਰੀ ਹਾਈ ਸਕੂਲ ਹਾਰਟੇ ਦੀ ਹੁੰਦੀ ਸੀ। 1986 ਈ: ਵਿਚ ਅਸੀਂ ਜੋਨ ਖੇਡਾਂ ਵਿਚ ਸ. ਹਾਈ ਸਕੂਲ ਸਾਂਧਰੇ ਨੂੰ ਖੋ-ਖੋ ਵਿਚ ਹਰਾਇਆ ਸੀ। ਜ਼ਿਲ੍ਹੇ ਦੀਆਂ ਖੇਡਾਂ ਟਾਂਡੇ ਹੋਈਆਂ ਸਨ। ਮੈਂ ਰਾਮ ਆਸਰਾ ਡੀ.ਪੀ. ਦੇ ਨਾਲ ਕਈ ਦਿਨ ਟਾਂਡੇ ਰਿਹਾ। ਸਾਡੀ ਖੋ-ਖੋ ਦੀ ਟੀਮ ਜੇਤੂ ਰਹੀ। ਇਸ ਸਾਲ ਦੀ ਦਸਵੀਂ ਜਮਾਤ ਦੀ ਵਿਦਾਇਗੀ ਪਾਰਟੀ ਜੋ 6-3-1986 ਨੂੰ ਸੀ, ਉਸ ਦਾ ਵਿਦਾਇਗੀ ਭਾਸ਼ਨ ਜਦ ਮੈਂ ਲਿਖਿਆ ਤਾਂ ਅਖੀਰ ਵਿਚ ਚੰਦ ਲਾਈਨਾਂ ਕਵਿਤਾ ਦੀਆਂ ਲਿਖ ਦਿੱਤੀਆਂ। ਵਿਦਾਇਗੀ ਭਾਸ਼ਨ ਅਮਰੀਕ ਸਿੰਘ ਨੇ ਪੜ੍ਹਿਆ ਸੀ। ਮੈਂ ਚੰਗੀ ਤਿਆਰੀ ਕਰਾਈ ਸੀ। ਇਸ ਜਮਾਤ ਨੂੰ ਮੈਂ ਸੱਤਵੀਂ ਤੋਂ ਲੈ ਕੇ ਦਸਵੀਂ ਤੱਕ ਪੜ੍ਹਾਇਆ ਸੀ। ਕਵਿਤਾ ਦੇ ਬੋਲ:

"ਬਾਬਲ ਤੇਰੇ ਸ਼ਹਿਰ ਵਿਚੋਂ, ਅਸੀਂ ਪ੍ਰਾਹੁਣੇ ਹੋ ਚੱਲੇ"

ਵਿਦਾਇਗੀ

ਬਾਬਲ ਤੇਰੇ ਸ਼ਹਿਰ ਵਿਚੋਂ,
ਅਸੀਂ ਪ੍ਰਾਹੁਣੇ ਹੋ ਚਲੇ।
ਜੰਮੇ ਪਲੇ ਤੇਰੀ ਗੋਦ ਅੰਦਰ,
ਅੰਤ ਨੂੰ ਵਿਦਾ ਹੋ ਚਲੇ।
ਇਥੇ ਬਸ ਨਹੀਂ ਕਿਸੇ ਦਾ,
ਕੋਈ ਰੋਕ ਨਾ ਸਕਦਾ ਭਾਣੇ ਨੂੰ
ਮਨ ਦੀਆਂ ਸੱਧਰਾਂ ਪੂਰੀਆਂ ਕੀਤੀਆਂ
ਇਥੋਂ ਜੀਅ ਨੀ ਕਰਦਾ ਜਾਣੇ ਨੂੰ
ਨਿੱਕੇ ਨਿੱਕੇ ਫੁੱਲ ਬਣ ਆਏ ਸਾਂ
ਤੇਰੇ ਬਾਗ਼ ਅੰਦਰ
ਮਾਲੀ ਨੇ ਪਾਣੀ ਪਾ ਪਾ ਕੇ,
ਸਾਨੂੰ ਜੋਬਨ ਤੇ ਕਰ ਦਿੱਤਾ

ਇਹ ਵਕਤ ਹੀ ਐਸਾ ਭਾਰੂ ਹੈ
ਜਿਸ ਨੇ ਵਿਛੋੜਾ ਹੀ ਪਾ ਦਿੱਤਾ।
ਹੋਰ ਨਿੱਕੇ ਨਿੱਕੇ ਫੁੱਲ ਆਵਣਗੇ
ਜੋ ਸਵਾਰਨਗੇ ਤੇਰੀ ਫੁੱਲਵਾੜੀ ਨੂੰ
ਪਰ ਮਾਲੀ ਨੂੰ ਇਹ ਬੇਨਤੀ ਹੈ
ਕਿਤੇ ਭੁੱਲ ਨਾ ਜਾਵੇ ਪਾਣੀ ਨੂੰ
ਧੁੱਪ, ਕੱਕਰ ਹੁੰਦਿਆਂ ਵੀ
ਉਹ ਖਿੜਨਗੇ ਪੂਰੇ ਜੋਬਨ ਤੇ
ਇਸ ਵਿਚ ਸ਼ਾਨ ਹੈ ਬਾਗ਼ ਦੇ ਮਾਲੀ ਦੀ
ਜੋ ਕਰਦਾ ਇਸ ਦੀ ਰਖਵਾਲੀ ਹੈ।

•

ਜਿੰਨਾ ਸਮਾਂ ਮੈਂ ਇਥੇ ਰਿਹਾ ਸੱਭਿਆਚਾਰਕ ਸਰਗਰਮੀਆਂ ਮੇਰੇ ਕੋਲ ਹੀ ਰਹੀਆਂ। ਮੈਂ ਖੇਡਾਂ ਵਿਚ ਵੀ ਹਿੱਸਾ ਲੈਂਦਾ ਸੀ। ਹਾਰਟੇ ਤੇ ਬਡਲੇ ਦੇ ਕੁਝ ਪਰਿਵਾਰ ਸਨ ਜਿਨ੍ਹਾਂ ਦੀ ਸਕੂਲ ਨੂੰ ਦੇਣ ਸੀ, ਬੱਚੇ ਵੀ ਚੰਗੇ ਸਨ। ਸ. ਜਗਤ ਸਿੰਘ ਸਰਪੰਚ ਤੇ ਸਾਬਕਾ ਸਰਪੰਚ ਅਮਰ ਸਿੰਘ ਬਹੁਤ ਚੰਗੇ ਤੇ ਸਕੂਲ ਨੂੰ ਸਮਰਪਿਤ ਸਨ। ਰਤਨ ਸਿੰਘ ਵਪਾਰੀ ਦਾ ਭਰਾ ਜੋ ਇੰਗਲੈਂਡ ਵਿਚ ਸੀ ਉਸ ਨੇ ਮੁੱਖ ਅਧਿਆਪਕ ਚਮਨ ਲਾਲ ਨੂੰ ਚੈੱਕ ਬੁੱਕ ਦੇ ਦਿੱਤੀ ਤੇ ਕਿਹਾ ਜਿੰਨੇ ਮਰਜੀ ਪੈਸੇ ਭਰ ਲਵੋ। ਉਸ ਸਮੇਂ ਮਾਸਟਰਾਂ ਦੀਆਂ ਤਨਖਾਹਾਂ ਵੀ ਘੱਟ ਸਨ। ਉਨ੍ਹਾਂ ਦਸ ਹਜ਼ਾਰ ਰੁ: ਸਕੂਲ ਨੂੰ ਦਾਨ ਦਿੱਤਾ। ਪਿੰਡ ਬਡਲਾ ਦੇ ਸਰਪੰਚ ਭੀਮ ਸਿੰਘ ਉਹ ਵੀ ਸਕੂਲ ਦਾ ਧਿਆਨ ਰੱਖਦੇ ਸਨ। ਇਥੋਂ ਦੇ ਵਸਨੀਕ ਬੀਰ ਸਿੰਘ ਜਿਸ ਦੇ 3 ਲੜਕੇ ਤੇ 2 ਲੜਕੀਆਂ ਇਸ ਸਕੂਲ ਤੋਂ ਪੜ੍ਹੀਆਂ ਚੰਗਾ ਪਰਿਵਾਰ ਸੀ। ਹੋਰ ਲੜਕੇ ਜਸਕਰਨ ਸਿੰਘ, ਰਣਜੋਧ ਸਿੰਘ, ਸੁਰਿੰਦਰ ਸਿੰਘ ਰਾਣਾ, ਕੇਸਰ ਸਿੰਘ ਤੇ ਕਿਸ਼ਨ ਸਿੰਘ ਆਦਿ। ਬੀਰ ਸਿੰਘ ਦਾ ਲੜਕਾ ਮਝੈਲ ਸਿੰਘ ਜਿਸ ਨੇ ਮਾਰਚ 1986 ਵਿਚ ਦਸਵੀਂ ਪਾਸ ਕੀਤੀ ਬਹੁਤ ਚੰਗਾ ਵਿਦਿਆਰਥੀ ਸੀ। ਪਿੰਡ ਹਾਰਟੇ ਦੇ ਸੁਰਿੰਦਰ ਸਿੰਘ ਤੇ ਮਲਕੀਤ ਸਿੰਘ ਵਾਲੀਬਾਲ ਦੇ ਚੰਗੇ ਖਿਡਾਰੀ ਸਨ। ਜਿਸ ਦਿਨ ਬਾਰਸ਼ ਹੁੰਦੀ ਹੋਵੇ ਤਾਂ ਮਾਸਟਰ ਤਰਸੇਮ ਸਿੰਘ ਪਹਿਲਾਂ ਹੀ ਸੁਨੇਹਾ ਭੇਜ ਦਿੰਦਾ ਸੀ ਕਿ ਅੱਜ ਸਾਡੇ ਪਾਸ ਰਹਿਣਾ ਹੈ। ਲੜਕਾ ਇਕਬਾਲ ਸਿੰਘ ਵੀ ਚੰਗਾ ਸੀ। ਓਮ ਪ੍ਰਕਾਸ਼ ਤੇ ਧਰਮ ਪਾਲ ਦੋਵੇਂ ਭਰਾ ਪੜ੍ਹਾਈ ਵਿਚ ਚੰਗੇ ਸਨ। ਤਰਸੇਮ ਸਿੰਘ ਦੇ ਦੋ ਲੜਕੇ ਤੇ ਲੜਕੀਆਂ ਮੇਰੇ ਕੋਲੋਂ ਪੜ੍ਹੇ ਸਨ। ਮੁੱਖ ਅਧਿਆਪਕ ਚਮਨ ਲਾਲ ਵੀ ਸਕੂਲ ਤੇ ਸਟਾਫ ਤੇ ਹਰ ਤਰ੍ਹਾਂ ਪਕੜ ਸੀ। ਜਦੋਂ ਉਹ ਛੁੱਟੀ 'ਤੇ ਹੁੰਦੇ ਤਾਂ ਮੈਂ ਸਕੂਲ ਦਾ ਧਿਆਨ ਰੱਖਦਾ ਸੀ। ਉਨ੍ਹਾਂ ਦੀ ਹਿਸਾਬ ਦੀ ਘੰਟੀ ਵਿਚ ਦਸਵੀਂ ਜਮਾਤ ਨੂੰ ਅੰਗਰੇਜ਼ੀ ਪੜ੍ਹਾਉਂਦਾ ਸੀ।

ਰੈਗੂਲਰ ਹੋਣਾ:- ਪੰਜਾਬ ਸਰਕਾਰ ਨੇ ਸਾਨੂੰ 22-10-1982 ਤੋਂ ਰੈਗੂਲਰ ਕਰ ਦਿੱਤਾ ਸੀ। ਆਰਡਰ ਜੂਨ 1984 ਵਿਚ ਆਏ ਸਨ।

ਪਦ ਉੱਨਤੀ ਲੈਕਚਰਾਰ:- ਸਤੰਬਰ 1989 ਈ: ਵਿਚ ਅਸੀਂ ਕੁਝ ਸਾਥੀਆਂ ਨੇ ਪੱਦ ਉੱਨਤੀ ਵਾਸਤੇ ਕੇਸ ਡੀ.ਪੀ.ਈ. ਸੈਕੰਡਰੀ ਚੰਡੀਗੜ੍ਹ ਭੇਜੇ ਸਨ। ਪਹਿਲੀ ਲਿਸਟ ਵਿਚ ਮੇਰਾ ਨਾਮ ਨਹੀਂ ਆਇਆ ਸੀ। ਸਰਕਾਰ ਨੇ ਪਿਛਲੇ ਪੰਜ ਸਾਲਾਂ ਦੇ ਨਤੀਜੇ ਮੰਗੇ ਸਨ੍ਹ ਪਰ ਮੈਂ ਪਿਛਲੇ ਅੱਠ ਸਾਲਾਂ ਦੇ ਨਤੀਜੇ ਲਗਾਏ ਸਨ। ਇਸ ਸਬੰਧੀ ਦੂਜੀ ਲਿਸਟ 22-2-1990 ਨੂੰ ਹੁਸ਼ਿਆਰਪੁਰ ਆ ਗਈ ਸੀ। ਇਸ ਹੀ ਦਿਨ ਪਿੰਡ ਵਿਚ ਹਜ਼ਾਰਾ ਸਿੰਘ ਯੂ.ਪੀ. ਵਾਲੇ ਦੀ ਪੋਤੀ ਦੀ ਬਰਾਤ ਆਈ ਹੋਈ ਸੀ। ਜਨੇਤ ਨੂੰ ਚਾਹ ਪਿਆਉਣ ਤੋਂ ਮਗਰੋਂ ਮੈਂ ਆਪਣੇ ਆਰਡਰਾਂ ਦਾ ਪਤਾ ਕਰਨ ਲਈ ਹੁਸ਼ਿਆਰਪੁਰ ਗਿਆ। ਡੀਲਿੰਗ ਕਲਰਕ ਸੁਨੀਤਾ ਕਪੂਰ ਰੋਟੀ ਖਾ ਰਹੀ ਸੀ। ਮੈਂ ਸਤਿ ਸ੍ਰੀ ਅਕਾਲ ਕਰਕੇ ਬਾਹਰ ਆ ਗਿਆ। ਜਦੋਂ ਮੈਂ ਗਿਆ ਤਾਂ ਉਸ ਨੇ ਕਿਹਾ ਆਪ ਦੇ ਆਰਡਰ ਆ ਗਏ ਹਨ। ਇਕ ਕੇਸ ਸਾਨੂੰ ਤਿਆਰ ਕਰਕੇ ਦਿਓ। ਮੈਂ ਵਕੀਲਾਂ ਬਾਜ਼ਾਰ ਤੋਂ ਲੋੜੀਂਦੇ ਕਾਗਜ਼ਾਤ ਲਏ ਤੇ ਘਰ ਆ ਕੇ ਤਿਆਰ ਕਰਨ ਲੱਗਾ। ਮੁੱਖ ਅਧਿਆਪਕ ਚਮਨ ਲਾਲ ਬਦਲ ਕੇ ਨਾਰੇ ਚਲੇ ਗਏ ਸਨ। ਮੈਂ ਉਨ੍ਹਾਂ ਪਾਸੋ ਉਨ੍ਹਾਂ ਦੇ ਸਮੇਂ ਦੇ ਸਾਰੇ ਕਾਗਜ਼ ਤਸਦੀਕ ਕਰਵਾਏ ਤੇ ਕੇਸ ਮੁਕੰਮਲ ਕਰਕੇ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਹੁਸ਼ਿਆਰਪੁਰ ਨੂੰ ਦੇ ਦਿੱਤਾ। ਆਰਡਰ ਇੰਨਡੋਰਸ ਹੋ ਕੇ ਕਾਪੀ ਮਿਲ ਗਈ। ਸਵੇਰ ਨੂੰ ਜਨਮ ਅਸ਼ਟਮੀ ਸੀ। ਮੈਂ ਹਾਰਟੇ ਸਕੂਲ ਤੋਂ ਫ਼ਾਰਗੀ ਤਿਆਰ ਕਰਵਾ ਲਈ ਸੀ।

24-2-1990 ਨੂੰ ਮੈਂ ਸਵੇਰ ਸਾਰ ਹੀ ਤਲਵਾੜੇ ਦੀ ਬੱਸ ਹੁਸ਼ਿਆਰਪੁਰ ਤੋਂ ਲੈ ਲਈ ਤੇ ਫਿਰ ਉਥੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਗੜ੍ਹ ਸਿਕਰੀ ਵਿਖੇ ਦਸ ਵਜੇ ਦੇ ਕਰੀਬ ਪਹੁੰਚ ਗਿਆ। ਪ੍ਰਿੰਸੀਪਲ ਦੀ ਪੋਸਟ ਤੇ ਮੁੱਖ ਅਧਿਆਪਕਾ ਕ੍ਰਿਸ਼ਨਾ ਸਾਗਰ ਗਾਂਧੀ ਕੰਮ ਕਰ ਰਹੀ ਸੀ। ਉਹ ਉਸ ਸਮੇਂ ਛੁੱਟੀ ਤੇ ਸੀ। ਮੈਥ ਲੈਕਚਰਾਰ ਬਲਦੇਵ ਸਿੰਘ ਨੇ ਮੈਨੂੰ ਹਾਜ਼ਰ ਕਰਵਾਇਆ। ਉਸ ਦਿਨ ਮੈਂ ਲੇਟ ਘਰ ਪੁੱਜਾ। ਰਾਮਗੜ੍ਹ ਸਿਕਰੀ ਮੈਨੂੰ ਚੰਡੀਗੜ੍ਹ ਜਿੰਨਾ ਦੂਰ ਲੱਗਾ, ਜਿਸ ਦੇ ਨਾਲ ਬਿਲਕੁਲ ਹਿਮਾਚਲ ਲਗਦਾ ਹੈ। ਹਿਮਾਚਲ ਦੇ ਬਹੁਤ ਸਾਰੇ ਪਿੰਡਾਂ ਦੇ ਲੜਕੇ ਸਾਡੇ ਕੋਲ ਪੜ੍ਹਦੇ ਸਨ। ਗਿਆਰਵੀਂ ਜਮਾਤ ਵੀ ਉਸ ਸਮੇਂ ਬੋਰਡ ਦੀ ਸੀ। ਸਾਲਾਨਾ ਪ੍ਰੀਖਿਆਵਾਂ ਦਾ ਸਮਾਂ ਬਿਲਕੁਲ ਨੇੜੇ ਸੀ। ਮੈਂ ਥੋੜ੍ਹੇ ਦਿਨ ਜਾ ਕੇ ਆਪਣੀ ਡਿਊਟੀ ਪਹਿਲਾਂ ਸ. ਹ. ਸਕੂਲ ਸਾਂਧਰਾ ਵਿਖੇ ਬਤੌਰ ਨਿਗਰਾਨ ਲਗਵਾ ਲਈ। ਫਿਰ 10+1, +2 ਦੀਆਂ ਪ੍ਰੀਖਿਆਵਾਂ ਵਿਚ ਡਿਊਟੀ ਕੀਤੀ। ਅੱਤਵਾਦ ਦਾ ਦੌਰ ਹੋਣ ਕਰਕੇ ਨਕਲ ਦਾ ਜ਼ੋਰ ਸੀ। ਸਾਰੇ ਸੈਂਟਰਾਂ 'ਤੇ ਬੀ.ਐਸ.ਐਫ. ਤਾਇਨਾਤ ਸੀ। ਬੱਚਿਆਂ ਦਾ ਐਨਾ ਰਸ਼ ਸੀ ਕਿ ਪੇਪਰ ਸੀਲ ਕਰਨ ਸਮੇਂ ਸ਼ਾਮ ਪੈ ਜਾਂਦੀ ਸੀ। ਇਸੇ ਹੀ ਤਰ੍ਹਾਂ ਦੂਜੇ ਸਾਲ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਸ਼ਾਮ ਚੁਰਾਸੀ ਵਿਖੇ ਡਿਊਟੀ ਲੱਗ ਗਈ ਜੋ ਬਾਖੂਬੀ ਨਿਭਾਈ।

ਮੁੱਖ.ਅਧਿਆਪਕਾ ਕ੍ਰਿਸ਼ਨਾ ਸਾਗਰ ਗਾਂਧੀ ਆਪਣੀ ਛੁੱਟੀ ਕੱਟਣ ਤੋਂ ਮਗਰੋਂ ਸਕੂਲ ਹਾਜ਼ਰ ਹੋ ਗਈ ਸੀ। ਪੰਜਾਬ ਸਰਕਾਰ ਨੇ ਕਿਹਾ ਜੇ ਪਹਿਲਾਂ ਸੇਵਾਮੁਕਤ ਹੋਣਾ ਹੈ ਤਾਂ ਤਿੰਨ ਮਹੀਨੇ ਲਗਾਤਾਰ ਹਾਜ਼ਰ ਹੋਣਾ ਪਵੇਗਾ। ਉਨ੍ਹਾਂ ਆਪਣਾ ਪੈਨਸ਼ਨ ਦਾ ਕੇਸ

ਤਿਆਰ ਕਰਕੇ ਭੇਜ ਦਿੱਤਾ। ਉਨ੍ਹਾਂ ਦੇ ਪਤੀ ਤਲਵਾੜਾ ਪੌਂਗ ਡੈਮ 'ਤੇ ਇੰਜੀਨੀਅਰ ਸਨ। ਉਹ ਪਦ-ਉੱਨਤ ਹੋ ਕੇ ਚੰਡੀਗੜ੍ਹ ਚਲੇ ਗਏ। ਉਥੋਂ ਹੀ ਸੇਵਾਮੁਕਤ ਹੋ ਗਏ। ਉਨ੍ਹਾਂ ਨੂੰ ਦਿੱਲੀ ਫਲੈਟ ਮਿਲ ਗਿਆ। ਮੈਡਮ ਬਿਨਾਂ ਤਨਖਾਹ ਤੋਂ ਛੁੱਟੀ ਲੈਂਦੀ, ਜਿਸ ਨਾਲ ਸਟਾਫ ਨੂੰ ਤਨਖਾਹ ਮਿਲਣ ਵਿਚ ਦੇਰੀ ਹੋ ਜਾਂਦੀ। ਮੈਡਮ ਦੀ ਵਿਦਾਇਗੀ ਪਾਰਟੀ ਤੋਂ ਕੁਝ ਦਿਨ ਪਹਿਲਾਂ ਹੀ ਪੀ.ਟੀ.ਏ. ਕਮੇਟੀ ਦੀ ਮੀਟਿੰਗ ਕੀਤੀ ਗਈ। ਇਸ ਕਮੇਟੀ ਵਿਚ ਮੈਡਮ ਕ੍ਰਿਸ਼ਨਾ ਸਾਗਰ ਗਾਂਧੀ ਨੂੰ ਕਾਫੀ ਨੀਵਾਂ ਦਿਖਾਇਆ ਗਿਆ। ਸਰਪੰਚ ਪਿੰਡ ਝੁਰੇੜਾ ਨੇ ਕਿਹਾ, "ਅਸੀਂ ਇਨ੍ਹਾਂ ਨੂੰ ਪਾਰਟੀ ਕਰੀਏ ਤਾਂ ਕਿਵੇਂ ਕਰੀਏ। ਇਸ ਨੇ ਸਕੂਲ ਦਾ ਭੱਠਾ ਬਿਠਾ ਦਿੱਤਾ ਹੈ।" ਮੈਂਬਰਾਂ ਵਾਸਤੇ ਚਾਹ ਆ ਗਈ। ਕ੍ਰਿਸ਼ਨਾ ਸਾਗਰ ਗਾਂਧੀ ਨੇ ਰੋਂਦੇ ਹੋਏ ਕਿਹਾ ਕਿ ਮੇਰੇ ਵਾਸਤੇ ਕੋਈ ਪਾਰਟੀ ਨਾ ਕੀਤੀ ਜਾਵੇ। ਮੈਂ ਚਾਹ ਦਾ ਕੱਪ ਪੀਣਾ ਸੀ ਤੁਹਾਡੇ ਨਾਲ ਪੀ ਲਿਆ ਹੈ। ਇਸ ਪਾਰਟੀ ਵਿਚ ਦੋ ਤਿੰਨ ਸਕੂਲ ਬੁਲਾਏ ਗਏ। ਸਮਾਗਮ ਦੇ ਆਰੰਭ ਵਿਚ ਰਾਮ ਸਿੰਘ ਮਾਸਟਰ ਨੇ ਸਕੂਲ ਦੀ ਆਮਦਨ ਤੇ ਖਰਚ ਦਾ ਵੇਰਵਾ ਪੜ੍ਹ ਕੇ ਸੁਣਾਇਆ। ਉਨ੍ਹਾਂ ਕਿਹਾ ਜਿਨ੍ਹਾਂ ਨੇ ਭਾਗ ਲੈਣਾ ਹੈ ਆਪਣਾ ਨਾਮ ਲਿਖਵਾ ਦਿਓ। ਮੈਂ ਆਪਣਾ ਨਾਮ ਜਦ ਲਿਖਵਾਇਆ ਤੇ ਕਿਹਾ ਕਿ ਮੈਂ ਦੋ ਘੰਟੇ ਬੋਲਣਾ ਹੈ। ਰਾਮ ਸਿੰਘ ਨੇ ਸੁਣ ਕੇ ਹੈਰਾਨੀ ਪ੍ਰਗਟ ਕੀਤੀ। ਪਹਿਲੇ ਰਾਊਂਡ ਵਿਚ ਮੈਂ ਗੁਰਦਾਸ ਮਾਨ ਦਾ ਗੀਤ ਉੱਚੀ ਸੁਰ ਵਿਚ ਗਾਇਨ ਕੀਤਾ। ਗੀਤ ਦੇ ਬੋਲ "ਕੁਝ ਦਿਨ ਹੋਰ ਹਾਂ ਮਹਿਮਾਨ ਤੇਰੇ ਦੋਸਤਾ, ਫਿਰ ਤੈਨੂੰ ਆਖਰੀ ਸਲਾਮ ਮੇਰੇ ਦੋਸਤਾ"

ਮੇਰੇ ਤੋਂ ਮਗਰੋਂ ਮੁੱਖ ਅਧਿਆਪਕ ਪ੍ਰਾਇਮਰੀ ਹਰਦੁਆਰੀ ਲਾਲ ਜੀ ਬੋਲੇ, "ਕਿੰਨਾ ਸ਼ਾਹੀ ਠਾਠ ਹੈ ਲੋਕਾਂ ਨੂੰ ਨੌਕਰੀ ਮਿਲਦੀ ਨਹੀਂ ਇਹ ਨੌਕਰੀ ਛੱਡ ਕੇ ਜਾ ਰਹੀ ਹੈ।" ਮੈਥ ਲੈਕਚਰਾਰ ਬਲਦੇਵ ਸਿੰਘ ਨੇ ਕਿਹਾ, "ਸਰਦਾਰ ਜੀ ਜਵਾਬ ਦਿਓ?" ਮੈਂ ਉੱਠ ਕੇ ਜਵਾਬ ਦਿੱਤਾ। ਮੈਂ ਕਿਹਾ, "ਹੁਣੇ-ਹੁਣੇ ਪ੍ਰਾਇਮਰੀ ਦੇ ਮੁੱਖ ਅਧਿਆਪਕ ਨੇ ਆਪਣੇ ਤੰਗ ਦਾਇਰੇ ਵਿਚੋਂ ਘਸੇ ਪਿਟੇ ਵਿਚਾਰ ਪੇਸ਼ ਕੀਤੇ ਹਨ, ਜੋ ਸ਼ੋਭਨੀਕ ਨਹੀਂ ਹਨ।" ਇਨ੍ਹਾਂ ਸ਼ਬਦਾਂ ਦਾ ਉਲੱਥਾ ਇਸ ਪ੍ਰਕਾਰ ਹੈ:

"ਜੇਕਰ ਸਿਫਤ ਨੀ ਉਸ ਦੀ ਕਰਨ ਜੋਗਾ
ਫੁੱਲ ਵੇਖ ਕੇ ਸੋਹਣਾ ਐਵੇਂ ਤੋੜੀਦਾ ਨਹੀਂ
ਹੱਕ ਆਪਣਾ ਖਾ ਕੇ ਸ਼ੁਕਰ ਕਰੀਏ
ਐਵੇਂ ਦੂਜੇ ਦਾ ਖੂਨ ਨਿਚੋੜੀ ਦਾ ਨਹੀਂ
ਜੇਕਰ ਕਿਸੇ ਦੇ ਨਾਲ ਨਹੀਂ ਮਿਲਣ ਜੋਗਾ
ਐਵੇਂ ਮਿਲਦਿਆਂ ਤਾਈਂ ਵਿਛੋੜੀ ਦਾ ਨਹੀਂ
ਬਾਂਹੋਂ ਪਕੜ ਜੇ ਪਾਰ ਨਹੀਂ ਲਾਉਣ ਜੋਗਾ
ਧੱਕਾ ਦੇ ਕੇ ਰੁੜੇ ਨੂੰ ਰੋੜ੍ਹੀ ਦਾ ਨਹੀਂ
ਹੁੰਦਾ ਵਿਚ ਜਹਾਨ ਦੇ ਉਹ ਉੱਚਾ

ਜੋ ਨੀਵਿਆਂ ਦਾ ਕਰੇ ਸਤਿਕਾਰ ਮਨੁੱਖਤਾ
ਜੂਨਾਂ ਸਾਰੀਆਂ 'ਚੋਂ ਸਰਦਾਰ ਹੈ ਤੂੰ
ਜੇਕਰ ਕਰੇ ਨਾਲ ਪਿਆਰ ਮਨੁੱਖਤਾ।"

ਮੈਂ ਕਿਹਾ ਇਨ੍ਹਾਂ ਸ਼ਬਦਾਂ ਤੋਂ ਵੱਧ ਕੇ ਮੈਂ ਕੁਝ ਕਹਿ ਨਹੀਂ ਸਕਦਾ। ਫਿਰ ਕਿਸੇ ਨੇ ਬਾਗੀ ਸੁਰ ਨਹੀਂ ਅਪਣਾਈ। ਸਮਾਗਮ ਠੀਕ ਚੱਲਣ ਲੱਗਾ। ਜਦੋਂ ਸਟਾਫ ਮੈਂਬਰਾਂ ਨੇ ਪੀ.ਟੀ.ਏ. ਦੀ ਮੀਟਿੰਗ ਵਿਚ ਮੈਡਮ ਨੂੰ ਰੁਆ ਦਿੱਤਾ ਸੀ ਤਾਂ ਮੈਂ ਉਸ ਦਿਨ ਬੱਸ ਦਾ ਸਫ਼ਰ ਕਰਦੇ ਹੋਏ ਨੇ ਕਵਿਤਾ ਲਿਖੀ ਸੀ, ਜੋ ਇਸ ਸਮਾਗਮ ਵਿਚ ਬੋਲਣੀ ਸੀ। ਮੈਡਮ ਕ੍ਰਿਸ਼ਨਾ ਸਾਗਰ ਗਾਂਧੀ ਇਹ ਕਵਿਤਾ ਸੁਣ ਕੇ ਖੁਸ਼ ਹੋਈ ਤੇ ਮੈਨੂੰ 500 ਰੁ: ਇਨਾਮ ਵਜੋਂ ਦਿੱਤੇ ਤੇ ਖ਼ੂਬ ਤਾੜੀਆਂ ਵੱਜੀਆਂ। ਕਵਿਤਾ ਦੇ ਬੋਲ:

ਸੇਵਾ ਮੁਕਤੀ

(ਪ੍ਰਿੰ: ਮੈਡਮ ਕ੍ਰਿਸ਼ਨਾ ਸਾਗਰ ਗਾਂਧੀ ਦੀ ਸੇਵਾ ਮੁਕਤੀ 'ਤੇ)

(20-7-1990)

ਆਓ ਸਾਰੇ ਇਕੱਠੇ ਹੋ ਕੇ
ਵਿਦਾ ਕਰੀਏ ਵੱਡਿਆਂ ਤਾਈਂ।
ਮਿਲਣਾ, ਵਿਛੜਨਾ, ਹੱਸਣਾ, ਰੋਣਾ
ਇਹ ਸਮੇਂ ਦਾ ਦਸਤੂਰ ਪਿਆਰੇ
ਚੰਗਾ ਕਰਮ ਕੀਤਿਆਂ ਸਭ ਕੁਝ ਮਿਲਦਾ
ਬੇੜਾ ਲਗਦਾ ਤਦ ਪਾਰ ਕਿਨਾਰੇ
ਪਰ ਮਿਲਦਾ ਮੌਕਾ ਕਰਮਾ ਵਾਲਿਆਂ
ਵਾਰ ਦਿੰਦੇ ਕਈ ਜ਼ਿੰਦਾਂ ਪਿਆਰੇ
ਇਸ ਘੜੀ ਤੋਂ ਸਦਕੇ ਜਾਈਏ,
ਦਿਲ ਕਰਦਾ ਹੈ ਚਾਈਂ-ਚਾਈਂ
ਆਓ ਸਾਰੇ ਇਕੱਠੇ ਹੋ ਕੇ
ਵਿਦਾ ਕਰੀਏ ਵੱਡਿਆਂ ਤਾਈਂ।

ਅਕਲ ਇਨ੍ਹਾਂ ਦੀ ਸੂਝ ਇਨ੍ਹਾਂ ਦੀ
ਹੈ ਦਰਸਾਉਂਦੀ ਰਾਹ ਅਸਾਨੂੰ
ਪਰ ਕਿਸੇ ਮਜ਼ਬੂਰੀ ਪੱਖੋਂ
ਹੋ ਜਾਵੇ ਕੋਈ ਗ਼ਲਤੀ ਕੋਈ
ਪਾਉਣੀ ਨਹੀਂ ਚਾਹੀਦੀ ਡੰਡ ਅਸਾਨੂੰ
ਫਿਰ ਪੈ ਜਾਂਦਾ ਮੁੱਲ ਅਸਾਡਾ
ਦਿਲ ਹੋ ਜਾਂਦਾ ਕਿੰਨਾ ਡਾਢਾ

ਕੱਢੀਏ ਵਿਚੋਂ ਗ਼ੈਰਤ ਤਾਈਂ
ਆਓ ਸਾਰੇ ਇਕੱਠੇ ਹੋ ਕੇ
ਵਿਦਾ ਕਰੀਏ ਵੱਡਿਆਂ ਤਾਈਂ।

ਪਰ ਅਸਾਂ ਦਿਲ ਛੋਟਾ ਕੀਤਾ
ਆਪਣੇ ਆਪ 'ਚੋਂ ਬਾਹਰ ਹੋ ਕੇ,
ਕਾਫੀ ਰੰਗ ਤਮਾਸ਼ਾ ਕੀਤਾ
ਇਸ ਗੀਤ ਨੂੰ ਸਦਾ ਭੁਲਾਓ
ਵੱਡਿਆਂ ਦਾ ਸਤਿਕਾਰ ਵਧਾਓ
ਸਤਿਕਾਰ ਕਿਸੇ ਦਾ ਮਾਣ ਕਿਸੇ ਦਾ
ਹੋ ਜਾਂਦੀ ਵਡਿਆਈ ਸਾਡੀ
ਮਨ ਨੂੰ ਸਦਾ ਨਿਮਰ ਬਣਾ ਕੇ
ਭੁੱਲ ਜਾਵਾਂਗੇ ਗਲਤੀ ਤਾਈਂ
ਆਓ ਸਾਰੇ ਇਕੱਠੇ ਹੋ ਕੇ
ਵਿਦਾ ਕਰੀਏ ਵੱਡਿਆਂ ਤਾਈਂ।

ਪ੍ਰਮਾਤਮਾ ਇਨ੍ਹਾਂ ਨੂੰ ਮੰਜ਼ਿਲ ਪਾਵੇ
ਸੰਸਥਾ ਨੂੰ ਚਾਰ ਚੰਨ ਲਗਾਵੇ
ਐਸਾ ਨਵਾਂ ਸਵੇਰਾ ਆਵੇ
ਹਰ ਕੋਈ ਹੱਸਦਾ ਇਥੇ ਆਵੇ
ਮਾਪੇ ਤੇ ਅਧਿਆਪਕ ਸੰਸਥਾ 'ਚ
ਸਭ ਤੋਂ ਜ਼ਿਆਦਾ ਪਿਆਰ ਵਧਾਵੇ
ਇਸ ਪਿਆਰ ਦੀ ਪੀਂਘ ਚੜ੍ਹਾ ਕੇ
ਝੂਟਾ ਲਈਏ ਸੁਰਗਾਂ ਤਾਈਂ
ਆਓ ਸਾਰੇ ਇਕੱਠੇ ਹੋ ਕੇ
ਵਿਦਾ ਕਰੀਏ ਵੱਡਿਆਂ ਤਾਈਂ।

ਇਹ ਹੈ ਸੱਚ ਅਖਾਣ ਪਿਆਰੇ
ਘਰ ਦਾ ਭੇਤੀ ਲੰਕਾ ਢਾਵੇ
ਸੋਚੋ ਕਦੇ ਨਾ ਐਸਾ ਪੰਗਾ
ਢਿੱਡ ਹੋਵੇਗਾ ਆਪਣਾ ਨੰਗਾ
ਦਿਮਾਗ਼ ਐਡਾ ਕਾਮਯਾਬ ਬਣਾਓ

ਘਰ ਦੀ ਗੱਲ ਘਰ 'ਚ ਨਿਪਟਾਓ
'ਗੁਰਦਿਆਲ ਗਗਨੌਲੀ' ਕਰਦਾ ਹੈ ਅਰਦਾਸ
ਸਦਾ ਰਹੀਏ ਅਸੀਂ ਖ਼ੁਸ਼ੀ ਦੇ ਨਾਲ
ਅੱਜ ਦੇ ਇਸ ਸਮਾਗਮ ਅੰਦਰ
ਯਾਦ ਰੱਖਣਾ ਅਸੀਂ ਪ੍ਰਿੰਸੀਪਲ ਮੈਡਮ ਤਾਈਂ
ਆਓ ਸਾਰੇ ਇਕੱਠੇ ਹੋ ਕੇ
ਵਿਦਾ ਕਰੀਏ ਵੱਡਿਆਂ ਤਾਈਂ।

•

ਲੈਕਚਰਾਰ ਬਲਦੇਵ ਸਿੰਘ ਨੇ ਮੈਨੂੰ ਹਾਰ ਦਿੱਤਾ ਕਿ ਮੈਡਮ ਦੇ ਗਲ਼ ਵਿਚ ਪਾ ਦਿਓ। ਦੋ ਮੈਡਮਾਂ ਨੂੰ ਵੀ ਹਾਰ ਫੜਾ ਦਿੱਤੇ, ਉਨ੍ਹਾਂ ਮੈਡਮ ਦੇ ਗਲ ਵਿਚ ਪਾ ਦਿੱਤੇ। ਕ੍ਰਿਸ਼ਨਾ ਸਾਗਰ ਗਾਂਧੀ ਨੇ ਕਿਹਾ ਮੈਂ ਕੁਝ ਨਹੀਂ ਬੋਲਣਾ ਜੋ ਬੋਲਣਾ ਸੀ ਮੇਰੇ ਸੈਕਟਰੀ ਗੁਰਦਿਆਲ ਸਿੰਘ ਨੇ ਬੋਲ ਦਿੱਤਾ ਹੈ। ਉਸ ਦਿਨ ਤੋਂ ਸਟੇਜ਼ ਮੇਰੇ ਕੋਲ ਆ ਗਈ। ਚਾਹ ਪੀਣ ਮਗਰੋਂ ਅਸੀਂ ਕੁਝ ਸਾਥੀ ਤਲਵਾੜੇ ਡੈਮ 'ਤੇ ਗਏ। ਮੈਡਮ ਦੇ ਪਤੀ ਨੇ ਮੈਨੂੰ ਸ਼ਿਪ ਵਿਚ ਬਿਠਾ ਕੇ ਸਾਰਾ ਡੈਮ ਘੁਮਾਇਆ। ਮੈਡਮਾਂ ਨੇ ਦੱਸਿਆ ਕਿ ਕ੍ਰਿਸ਼ਨਾ ਸਾਗਰ ਗਾਂਧੀ ਤੁਹਾਡੇ ਗੀਤ ਤੇ ਕਵਿਤਾ ਤੋਂ ਬਹੁਤ ਖ਼ੁਸ਼ ਹੋਈ। ਜੋ ਸਟਾਫ ਮੈਂਬਰ ਵਿਰੋਧੀ ਸੁਹਾਂ ਅਲਾਪਦੇ ਸਨ ਉਹ ਇਸ ਪਾਰਟੀ ਤੋਂ ਮਗਰੋਂ ਸ਼ਾਂਤ ਹੋ ਗਏ। ਬਹੁਤ ਸਾਰੇ ਅਧਿਆਪਕ ਆਪਸ ਵਿਚ ਲੜਦੇ ਰਹਿੰਦੇ ਸਨ। ਥੋੜ੍ਹਾ ਸਮਾਂ ਸੀਨੀਅਰ ਸੈਕੰਡਰੀ ਸਕੂਲ ਤਲਵਾੜਾ ਦੇ ਪ੍ਰਿੰਸੀਪਲ ਬਲਦੇਵ ਸਿੰਘ ਦੀ ਨਿਗਰਾਨੀ ਹੇਠ ਰਿਹਾ। ਫਿਰ ਡੀ.ਡੀ. ਪਾਵਰਾਂ ਲੈਕਚਰਾਰ ਬਲਵੀਰ ਸਿੰਘ ਨੂੰ ਮਿਲ ਗਈਆਂ ਸਨ। ਫਿਰ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਤੋਂ ਪਦ-ਉੱਨਤ ਹੋ ਕੇ ਸੋਹਣ ਸਿੰਘ ਪ੍ਰਿੰਸੀਪਲ ਬਣ ਕੇ ਆਏ। ਉਹ ਸਿਰਫ਼ ਇਸ ਅਹੁਦੇ 'ਤੇ 55 ਦਿਨ ਰਹੇ ਫਿਰ ਸੇਵਾ ਮੁਕਤ ਹੋ ਗਏ। (31-10-1990) ਉਨ੍ਹਾਂ ਦੀ ਵਿਦਾਇਗੀ ਪਾਰਟੀ ਬਿਲਕੁਲ ਸਧਾਰਨ ਸੀ। ਸੋਹਣ ਸਿੰਘ ਸਮੇਂ ਦੇ ਪਾਬੰਦ ਸਨ। ਇਨ੍ਹਾਂ ਤੋਂ ਮਗਰੋਂ ਪੀ.ਐਚ.ਡੀ. ਡਾ. ਹੇਮ ਰਾਜ ਵੋਹਰਾ ਨਵੀਆਂ ਪਦਉਨਤੀਆਂ ਵਿਚ ਪ੍ਰਿੰਸੀਪਲ ਬਣ ਕੇ ਆਏ ਸਨ। ਬਹੁਤ ਮਿੱਠਾ ਸੁਭਾਅ ਤੇ ਹੱਸਮੁੱਖ ਸਨ। ਉਨ੍ਹਾਂ ਦਾ ਵਿਸ਼ਾ ਹਿੰਦੀ ਸੀ। ਉਹ 27-2-1991 ਨੂੰ ਹਾਜ਼ਰ ਹੋਏ।

ਬੱਸ ਦਾ ਰੋਜ਼ ਦਾ ਸਫ਼ਰ ਕਰਦਿਆਂ ਇਨ੍ਹਾਂ ਰਸਤਿਆਂ ਦੀ ਇਕ ਖਾਸ ਘਟਨਾ ਹੈ। ਮੇਰੀ ਰਿਹਾਇਸ਼ ਦਸੂਹਾ ਸੀ। ਮੈਂ ਪਰਿਵਾਰ ਸਮੇਤ ਮੁਹੱਲਾ ਕੈਂਥਾਂ ਵਿਖੇ ਕਿਰਾਏ 'ਤੇ ਰਹਿੰਦਾ ਸੀ। ਦਸੰਬਰ ਦਾ ਮਹੀਨਾ ਸੀ, ਜੋ ਬੱਸ ਤਲਵਾੜੇ ਨੂੰ ਜਾਂਦੀ ਸੀ ਉਸ ਵਿਚ ਲਗਭਗ ਸਾਰੇ ਡਰਾਈਵਰ ਹੀ ਜਾਂਦੇ ਸਨ, ਜੋ ਡੈਮ 'ਤੇ ਡਿਊਟੀ ਕਰਦੇ ਸਨ। ਇਕ ਦਿਨ ਇਕ ਨੌਜਵਾਨ ਬੱਸ ਵਿਚ ਸਵਾਰ ਹੋਇਆ। ਉਸ ਦੇ ਹੱਥ ਵਿਚ ਇਕ ਡਾਇਰੀ ਸੀ। ਉਹ ਮੇਰੇ ਕੋਲ ਆ ਕੇ ਬੈਠ ਗਿਆ। ਜਦੋਂ ਬੱਸ ਕੁਝ ਦੂਰ ਗਈ ਤਾਂ ਮੈਂ ਪੁੱਛਿਆ, "ਤੁਸੀਂ ਕੀ ਕੰਮ ਕਰਦੇ ਹੋ?" ਉਨ੍ਹਾਂ ਜਵਾਬ ਦਿੱਤਾ ਕਿ, "ਮੈਂ ਨੰਦਾਚੋਰ ਕਾਲਜ ਵਿਚ

ਪੰਜਾਬੀ ਦਾ ਪ੍ਰੋਫੈਸਰ ਹਾਂ।" ਮੈਂ ਕਿਹਾ ਵੀਰ ਜੀ ਤੁਸੀਂ ਇਕ ਪੰਜਾਬੀ ਗੀਤ ਦੇ ਅਰਥ ਕਰਨੇ ਹਨ ਜੋ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦਾ ਗਾਇਆ ਹੋਇਆ ਹੈ। ਗੀਤ ਦੇ ਬੋਲ ਹਨ:

"ਅੱਸੂ ਦੇ ਮਹੀਨੇ ਵਿਚ ਛੁੱਟੀ ਆਇਆ ਫੌਜੀਆ ਵੇ
ਵਗਦਾ ਪੁਰਾ ਸੀ ਜਦੋਂ ਸਾਉਣ ਵਿਚ ਮੌਜੀਆ ਵੇ
ਨਿੱਕੀ ਨਿੱਕੀ ਪੈਂਦੀ ਸੀ ਕਣੀ ਵੇ ਮੈਂ ਜਾਂ ਮੇਰਾ ਰੱਬ
ਜਾਣਦਾ ਉਦੋਂ ਕਿੰਝ ਮੇਰੀ ਜ਼ਿੰਦ ਤੇ ਬਣੀ"

ਉਸਨੇ ਮੈਨੂੰ ਪੁੱਛਿਆ ਤੁਸੀਂ ਕੀ ਕੰਮ ਕਰਦੇ ਹੋ। ਮੈਂ ਕਿਹਾ ਮੈਂ ਡੈਮ ਤੇ ਡਰਾਈਵਰ ਹਾਂ। ਇਸ ਬੱਸ ਵਿਚ ਸਾਰੇ ਡਰਾਈਵਰ ਹੀ ਜਾਂਦੇ ਹਨ। ਜਦੋਂ ਉਸ ਨੇ ਅਰਥ ਕੀਤੇ ਤਾਂ ਮੈਂ ਕਿਹਾ ਤੁਸੀਂ 75% ਅਰਥ ਕੀਤੇ ਹਨ ਤੇ 25% ਅਰਥ ਅਧੂਰੇ ਹਨ। ਮੈਂ ਕਿਹਾ ਇਸ ਗੀਤ ਦੀ ਬੈਕ ਗਰਾਊਂਡ ਇਹ ਦਸਦੀ ਹੈ ਕਿ ਸਾਵਣ ਦੇ ਮਹੀਨੇ ਵਿਚ ਹਲਕਾ-ਹਲਕਾ ਮੀਂਹ ਪੈ ਰਿਹਾ ਸੀ। ਦੱਖਣ ਦੀ ਹਵਾ ਵਗ ਰਹੀ ਸੀ, ਜਿਸ ਨਾਲ ਨਵ-ਵਿਆਹੀ ਔਰਤ ਦੇ ਮਨ ਵਿਚ ਪਤੀ ਦਾ ਪਿਆਰ ਉਮੰਡ ਰਿਹਾ ਸੀ। ਉਸ ਨੇ ਸੋਚਿਆ ਕਿ ਇਸ ਪ੍ਰਕਾਰ ਦੇ ਮੌਸਮ ਵਿਚ ਜੇ ਫੌਜੀ ਸਾਹਿਬ ਮੇਰੇ ਕੋਲ ਹੋਣ ਤਾਂ ਬਹੁਤ ਹੀ ਚੰਗਾ ਹੋਵੇ। ਫੌਜੀ ਸਾਹਿਬ ਨੇ ਆਪਣੀ ਮਜ਼ਬੂਰੀ ਦੱਸ ਦਿੱਤੀ ਸੀ ਕਿ ਮੈਂ ਦੇਸ਼ ਦੀ ਸਰਹੱਦ 'ਤੇ ਹਾਂ ਜੋ ਹਵਾ ਮੇਰੇ ਵਾਲੇ ਪਾਸੇ ਤੋਂ ਵਗਦੀ ਹੈ ਮੈਂ ਉਸ ਰਾਹੀਂ ਤੈਨੂੰ ਪਿਆਰ ਭਰਿਆ ਸੁਨੇਹਾ ਭੇਜ ਦਿੰਦਾ ਹਾਂ। ਦੂਜੀ ਗੱਲ ਬਾਬਾ ਫਰੀਦ ਜੀ ਦਾ ਇਕ ਤੀਹ ਨੰਬਰ ਦਾ ਸੋਲਕ ਹੈ ਜੋ ਬਾਹਰੀ ਤੌਰ ਤੇ ਪਤੀ ਪਤਨੀ ਦੇ ਪਿਆਰ ਨੂੰ ਦਰਸਾਉਂਦਾ ਹੈ:

"ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ॥੩੦॥

ਬਾਬਾ ਫ਼ਰੀਦ ਜੀ ਫਰਮਾਉਂਦੇ ਹਨ ਕਿ ਮੈਂ ਅੱਜ ਆਪਣੇ ਮਾਲਕ ਨਾਲ ਨਹੀਂ ਸੁੱਤੀ। ਮੇਰੇ ਹੱਡ ਪੈਰ ਖੁਸਣ ਲੱਗ ਪਏ ਨੇ। ਤੁਸੀਂ ਉਨ੍ਹਾਂ ਛੁਟੜਾਂ ਕੋਲੋਂ ਜਾ ਕੇ ਪੁੱਛੋ, ਤੁਹਾਡੀਆਂ ਰਾਤਾਂ ਕਿਸ ਤਰ੍ਹਾਂ ਲੰਘਦੀਆਂ ਨੇ?

ਉਸ ਵਿਅਕਤੀ ਨੇ ਮੇਰੇ ਮੋਢੇ 'ਤੇ ਹੱਥ ਮਾਰ ਕੇ ਕਿਹਾ, "ਭਾਈ ਸਾਹਿਬ ਤੁਸੀਂ ਡਰਾਈਵਰ ਨਹੀਂ ਹੋ।" ਮੈਂ ਕਿਹਾ ਮੇਰਾ ਪਰਿਵਾਰ ਪੜ੍ਹਿਆ ਲਿਖਿਆ ਹੈ। ਮੈਂ ਪੰਜਾਬੀ ਬੋਲੀ ਨਾਲ ਪਿਆਰ ਕਰਦਾ ਹਾਂ।

ਅਜੇ ਹੋਰ ਸੁਣੋ। ਸ਼ਿਵ ਕੁਮਾਰ ਬਟਾਲਵੀ ਨੇ ਵੀ ਇਸ ਵੇਦਨਾ ਨੂੰ ਪ੍ਰਗਟ ਕੀਤਾ:

"ਮਾਏਂ ਨੀ ਮਾਏਂ ਮੇਰੇ ਗੀਤਾਂ ਦੇ ਨੈਣਾਂ ਵਿਚੋਂ ਬਿਰਹੋਂ ਦੀ ਰੜਕ ਪਵੇ
ਅੱਧੀ-ਅੱਧੀ ਰਾਤੀਂ ਉੱਠ ਰੋਣ ਮੋਏ ਮਿੱਤਰਾਂ ਨੂੰ, ਮਾਏਂ ਸਾਨੂੰ ਨੀਂਦ ਨਾ ਪਵੇ।"

ਇਸ ਹੀ ਭਾਵਨਾ ਨੂੰ ਪੰਜਾਬ ਦੀ ਮਸ਼ਹੂਰ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਹੋਰ ਡੂੰਘਾ ਦਰਸਾਇਆ ਹੈ:

"ਵਾਸਤਾ ਏ ਮੇਰਾ ਮੇਰੇ ਦਿਲਾਂ ਦਿਆਂ ਮਹਿਰਮਾ ਵੇ

ਫੁੱਲੀਆਂ ਕਨੇਰਾ ਘਰ ਆ
ਲੱਗੀ ਤੇਰੇ ਦੀਦ ਦੀ ਵੇ ਤਾਂਘ ਸਾਡੇ ਦੀਦਿਆਂ ਨੂੰ
ਇਕ ਘੁੱਟ ਚਾਨਣੀ ਪਿਆ।"

ਇਹ ਕਾਵਿ ਟੋਟੇ ਸੁਣ ਕੇ ਪ੍ਰੋਫੈਸਰ ਨੰਦਾਚੋਰ ਖਾਮੋਸ਼ ਹੋ ਗਏ। ਬੱਸ ਅੱਗੇ ਤੁਰਦੀ ਗਈ, ਵਾਰਤਾਲਾਪ ਚੱਲਦੀ ਰਹੀ। ਉਹ ਮੇਰੀ ਗੱਲ 'ਤੇ ਯਕੀਨ ਨਹੀਂ ਕਰ ਰਿਹਾ ਸੀ। ਮੈਂ ਕਿਹਾ ਛੱਡੋ ਦੂਜਿਆਂ ਦੀਆਂ ਸਿਫ਼ਤਾਂ ਕਰਨੀਆਂ ਕੋਈ ਆਪਣੀ ਕਵਿਤਾ ਸੁਣਾਓ। ਮੈਂ ਆਪਣੀਆਂ ਕਵਿਤਾਵਾਂ ਜੋ ਸ.ਸ.ਸ. ਭੰਗਾਲੇ ਲਿਖੀਆਂ ਸਨ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ। ਮੈਂ ਹਾਜੀਪੁਰ ਦਾ ਅੱਡਾ ਟੱਪ ਕੇ ਉਨ੍ਹਾਂ ਨੂੰ ਦਸ ਹੀ ਦਿੱਤਾ ਕਿ ਮੈਂ ਲੈਕਚਰਾਰ ਪੋਲ ਸਾਇੰਸ ਹਾਂ। ਮੇਰਾ ਸਕੂਲ ਰਾਮਗੜ੍ਹ ਸਿਕਰੀ ਹੈ। ਉਸ ਕਿਹਾ, "ਜੇ ਤੁਸੀਂ ਅੱਜ ਵਿਹਲੇ ਹੁੰਦੇ ਤਾਂ ਮੈਂ ਤੁਹਾਨੂੰ ਤਲਵਾੜਾ ਕਾਲਜ ਵਿਚ ਪੰਜਾਬੀ ਦਿਵਸ 'ਤੇ ਲੈ ਕੇ ਜਾਣਾ ਸੀ। ਤਲਵਾੜੇ ਉੱਤਰ ਕੇ ਅਸੀਂ ਇਕ ਦੂਜੇ ਨੂੰ ਅਲਵਿਦਾ ਕਹਿ ਦਿੱਤੀ।

10+1 ਗੈੱਸ ਪੇਪਰ:- ਮੈਂ 10+1 ਜਮਾਤ ਦਾ ਗੈੱਸ ਪੇਪਰ ਤਿਆਰ ਕੀਤਾ। ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰ ਧਿਆਨ ਨਾਲ ਘੋਖੇ। ਮੈਂ ਦਸ ਪ੍ਰਸ਼ਨ ਤਿਆਰ ਕੀਤੇ ਤੇ ਦੂਜੇ ਦਿਨ ਵਿਦਿਆਰਥੀਆਂ ਨੂੰ ਲਿਖਵਾ ਦਿੱਤੇ। ਇਕ ਪ੍ਰਸ਼ਨ ਅਗਜ਼ਾਮੀਨਰ ਨੇ ਤੀਸਰੀ ਵਾਰ ਰਪੀਟ ਕਰ ਦਿੱਤਾ। ਵਿਦਿਆਰਥੀਆਂ ਨੇ ਕੋਈ ਪੰਜ ਪ੍ਰਸ਼ਨ ਕਰਨੇ ਸਨ ਫਿਰ ਵੀ ਉਨ੍ਹਾਂ ਦੇ ਕੋਲ ਨੌਂ ਪ੍ਰਸ਼ਨ ਸਨ। ਪੇਪਰ ਤੋਂ ਮਗਰੋਂ ਹਰ ਵਿਦਿਆਰਥੀ ਨੇ ਕਿਹਾ, "ਪੇਪਰ ਤੁਸੀਂ ਖੁਦ ਤਿਆਰ ਕੀਤਾ ਹੈ ਜਿਸ ਪ੍ਰਕਾਰ ਤੁਸੀਂ ਲਿਖਵਾਇਆ ਉਸ ਪ੍ਰਕਾਰ ਹੀ ਲੜੀਵਾਰ ਪ੍ਰਸ਼ਨ ਆਏ ਹਨ।" ਇਕ ਲੜਕਾ ਕਰਨੈਲ ਸਿੰਘ ਜਿਸ ਨੇ ਮੈਥ ਦੇ ਨਾਲ ਪੋਲ. ਸਾਇੰਸ ਰੱਖੀ ਸੀ ਉਸ ਦੇ 90 ਨੰਬਰ ਸਨ। ਉਸ ਦਾ ਮੀਡੀਅਮ ਵੀ ਅੰਗਰੇਜ਼ੀ ਸੀ। ਜਦੋਂ ਮੈਂ ਸਰਟੀਫਿਕੇਟ ਪ੍ਰਿੰਸੀਪਲ ਸ੍ਰੀ ਹੇਮ ਰਾਜ ਵੋਹਰਾ ਨੂੰ ਦਿਖਾਇਆ ਤਾਂ ਉਹ ਬਹੁਤ ਖੁਸ਼ ਹੋਏ। ਅਗਲੇ ਸਾਲ ਕੁਝ ਵਿਦਿਆਰਥੀਆਂ ਨੇ ਪਹਿਲਾਂ ਹੋਰ ਵਿਸ਼ੇ ਰੱਖੇ ਸਨ ਪਰ ਮਗਰੋਂ ਸਾਰਿਆਂ ਨੇ ਪੋਲ. ਸਾਇੰਸ ਰੱਖ ਲਈ।

ਰੈੱਡ ਕਰਾਸ ਮੇਲਾ:- ਰਾਮਗੜ੍ਹ ਸਿਕਰੀ ਸਕੂਲ ਵਿਖੇ ਰੈੱਡ ਕਰਾਸ ਮੇਲਾ ਲੱਗਾ, ਜਿਸ ਵਿਚ ਵਿਦਿਆਰਥੀਆਂ ਨੂੰ ਤਿਆਰ ਕੀਤਾ। ਉਨ੍ਹਾਂ ਦਾ ਫੁਰਮਾਨ ਸੀ ਕਿ ਜ਼ਿਆਦਾ ਗੀਤ ਵਧਦੀ ਹੋਈ ਜਨ ਸੰਖਿਆ, ਦਹੇਜ ਪ੍ਰਥਾ ਤੇ ਚੰਗੇ ਨਾਗਰਿਕ ਕਦਰਾਂ-ਕੀਮਤਾਂ ਤੇ ਅਧਾਰਤ ਹੋਣ। ਗਰੀਬ ਵਿਦਿਆਰਥੀਆਂ ਨੂੰ ਕੋਟੀਆਂ, ਸਵੈਟਰ ਤੇ ਬੂਟਾਂ ਦੇ ਜੋੜੇ ਵੰਡੇ ਗਏ। +2 ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਵਧੀਆ ਪੇਸ਼ ਕੀਤਾ। ਵਧਦੀ ਹੋਈ ਜਨ ਸੰਖਿਆ ਨੂੰ ਦਰਸਾਉਂਦੀਆਂ ਲਾਈਨਾਂ ਜੋ ਮੈਂ ਰੇਡੀਓ ਤੋਂ ਸੁਣਦਾ ਸੀ:

ਕਰਨ ਮਾਪਿਆਂ ਦੀ ਜ਼ਿੰਦਗੀ ਖੁਆਰ ਬਹੁਤੇ ਬੱਚੇ
ਐਨਾ ਧੰਨ ਨਹੀਉਂ ਹੁੰਦਾ ਏ ਵਰਾਨ ਹੁੰਦੇ ਬੱਚੇ
ਜਿਹੜੇ ਆਪਣੀ ਖੁਰਾਕ ਹੱਥੋਂ ਮਾਰ ਖਾ ਗਏ
ਬਹੁਤੇ ਵਧ ਗਏ ਤਾਂ ਕੌਮ ਉੱਤੇ ਭਾਰ ਹੋ ਗਏ।

ਪੰਡਤ ਨਹਿਰੂ ਦੀ ਸੌ ਸਾਲਾਂ ਜਨਮ ਸ਼ਤਾਬਦੀ:- ਇਸ ਸਬੰਧੀ ਪਹਿਲਾਂ ਟੈਸਟ ਜ਼ਿਲ੍ਹਾ ਪੱਧਰ ਤੇ ਫਿਰ ਚੰਡੀਗੜ੍ਹ ਵਿਖੇ ਹੋਇਆ, ਜਿਸ ਵਿਚ ਦੋ ਵਿਦਿਆਰਥੀ ਕਾਮਯਾਬ ਹੋਏ।

*** ਪਰਸ ਗੁੰਮ ਹੋਣਾ:-** ਇਹ ਗੱਲ ਜੁਲਾਈ 1992 ਈ: ਦੀ ਹੈ ਮੈਂ ਰੋਜ਼ ਦਸੂਹੇ ਤੋਂ ਤਲਵਾੜੇ ਵਾਸਤੇ ਬੱਸ ਫੜਦਾ ਸੀ ਤਲਵਾੜੇ ਪਹੁੰਚ ਕੇ ਫਿਰ ਰਾਮਗੜ੍ਹ ਸਿਕਰੀ ਨੂੰ ਦੌਲਤਪੁਰ ਵਾਲੀ ਬੱਸ ਬੈਠ ਕੇ ਸਕੂਲ ਆ ਜਾਂਦਾ ਸੀ। ਇਕ ਦਿਨ ਦਸੂਹੇ ਵਾਲੀ ਬੱਸ ਸਾਡਾ ਹਾਜ਼ੀਪੁਰ ਪਹੁੰਚ ਕੇ ਖਰਾਬ ਹੋ ਗਈ। ਮੈਂ ਫਿਰ ਹਾਜ਼ੀਪੁਰ ਤੋਂ ਦੁਬਾਰਾ ਤਲਵਾੜੇ ਵਾਲੀ ਬੱਸ ਬੈਠ ਗਿਆ। ਜਦੋਂ ਟਿਕਟ ਲਈ ਤਾਂ ਪਰਸ ਨੂੰ ਚੰਗੀ ਤਰ੍ਹਾਂ ਪੈਂਟ ਦੀ ਜੇਬ ਵਿਚ ਨਾ ਪਾ ਸਕਿਆ ਤੇ ਪਰਸ ਬੱਸ ਵਿਚ ਡਿੱਗ ਗਿਆ। ਮੈਂ ਤਲਵਾੜੇ ਅੱਡੇ ਪਹੁੰਚ ਕੇ ਰਾਮਗੜ੍ਹ ਸਿਕਰੀ ਵਾਲੀ ਬੱਸ ਵਿਚ ਬੈਠ ਗਿਆ। ਪਰ ਜਦੋਂ ਮੈਂ ਟਿਕਟ ਲੈਣ ਲੱਗਾ ਤਾਂ ਮੈਂ ਆਪਣਾ ਪਰਸ ਨਾ ਮਿਲਣ ਕਰਕੇ ਥੋੜਾ ਸੋਚਣ ਲੱਗਾ ਕਿ ਹੁਣ ਕੀ ਕੀਤਾ ਜਾਵੇ। ਮੈਂ ਇਕਦਮ ਕੰਡਕਟਰ ਨੂੰ ਕਿਹਾ, "ਭਾਈ ਸਾਹਿਬ! ਬੱਸ ਰੋਕ ਦਿਓ ਮੇਰਾ ਪਰਸ ਚੋਰੀ ਹੋ ਗਿਆ।" ਕੰਡਕਟਰ ਨੇ ਪੁੱਛਿਆ, ਤੁਹਾਡੇ ਪਰਸ ਦੀ ਕੀ ਨਿਸ਼ਾਨੀ ਹੈ? ਮੈਂ ਕਿਹਾ ਉਸ ਨੂੰ ਜਿਪ ਲੱਗੀ ਹੋਈ ਹੈ ਤੇ ਉਸ ਉੱਪਰ ਹੁਸ਼ਿਆਰਪੁਰ ਦੇ ਸੁਨਿਆਰੇ ਦੀ ਮੋਹਰ ਲੱਗੀ ਹੋਈ ਹੈ। ਕੰਡਕਟਰ ਨੇ ਕਿਹਾ, "ਤੁਹਾਡਾ ਪਰਸ ਅੱਡਾ ਇੰਚਾਰਜ ਦੇ ਕੋਲ ਜਮਾਂ ਹੋ ਗਿਆ ਹੈ।" ਮੈਂ ਮੁੜ ਬਸ ਫੜ ਕੇ ਤਲਵਾੜੇ ਅੱਡੇ ਆ ਗਿਆ ਤੇ ਇੰਚਾਰਜ ਨੂੰ ਆਪਣੀ ਸਾਰੀ ਗੱਲ ਦਸ ਦਿੱਤੀ। ਉਸ ਨੇ ਜਵਾਬ ਦਿੱਤਾ, "ਤੁਹਾਡਾ ਪਰਸ ਬਰਫ਼ ਦੇ ਕਾਰਖਾਨੇ ਵਿਚ ਜਮਾਂ ਹੋ ਗਿਆ ਹੈ ਇਥੋਂ ਅੱਧਾ ਕਿਲੋਮੀਟਰ 'ਤੇ ਬਰਫ਼ ਦਾ ਕਾਰਖਾਨਾ ਹੈ। ਮੈਂ ਕੁਝ ਹੀ ਕਦਮ ਤੁਰਿਆ ਤੇ ਫਿਰ ਮੈਂ ਆਪਣੇ ਮਨ ਨਾਲ ਫੈਸਲਾ ਕੀਤਾ ਕਿ ਜੇ ਮੈਂ ਬਰਫ਼ ਦੇ ਕਾਰਖਾਨੇ ਚਲਾ ਗਿਆ ਤਾਂ 10+2 ਕਲਾਸ ਦੀ ਘੰਟੀ ਲੰਘ ਜਾਣੀ ਹੈ। ਮੈਂ ਛੁੱਟੀ ਵੇਲੇ ਸਟਾਫ਼ ਨਾਲ ਬਰਫ਼ ਦੇ ਕਾਰਖਾਨੇ ਜਾਵਾਂਗਾ ਤੇ ਨਾਲੇ ਮਨ ਵਿਚ ਸੋਚ ਵਿਚਾਰ ਕਰਨ ਲੱਗਾ ਕਿ ਜੇ ਪੈਸੇ ਮੇਰੇ ਹੋਣਗੇ ਤਾਂ ਮਿਲ ਜਾਣਗੇ। ਮੈਂ ਜਲਦੀ ਨਾਲ ਬਸ ਫੜ੍ਹ ਕੇ ਰਾਮਗੜ੍ਹ ਸਿਕਰੀ ਆ ਗਿਆ ਤੇ ਸਮੇਂ ਸਿਰ ਸਾਰੀਆਂ ਘੰਟੀਆਂ ਲਗਾਈਆਂ। ਛੁੱਟੀ ਹੋਣ ਉਪਰੰਤ ਮੇਰੇ ਨਾਲ ਪ੍ਰਿੰਸੀਪਲ ਹੇਮ ਰਾਜ ਵੋਹਰਾ, ਲੈਕਚਰਾਰ ਦਿਲਬਾਗ ਸਿੰਘ ਤੇ ਬਲਦੇਵ ਸਿੰਘ ਬਰਫ਼ ਦੇ ਕਾਰਖਾਨੇ ਗਏ। ਉਸ ਮਾਲਕ ਨੇ ਪਰਸ ਤੇ ਬਾਹਰ ਸਾਰੇ ਪੈਸਿਆਂ ਦੀ ਡਿਟੇਲ ਬਣਾਈ ਹੋਈ ਸੀ। ਕਾਰਖਾਨੇ ਦੇ ਮਾਲਕ ਨੇ ਕਿਹਾ ਮੇਰੇ ਕੋਲ ਤੁਹਾਡਾ ਸਿਰਨਾਵਾਂ ਨਹੀਂ ਸੀ। ਮੈਂ ਆਪ ਦਾ ਪਰਸ ਪਾਰਸਲ ਕਰ ਦੇਣਾ ਸੀ। ਪ੍ਰਿੰਸੀਪਲ ਹੇਮ ਰਾਜ ਵੋਹਰਾ ਨੇ ਕਿਹਾ ਨਾ ਆਪ ਦੀ ਛੁੱਟੀ ਲੱਗੀ ਹੈ, ਨਾ ਕੋਈ ਘੰਟੀ ਮਿਸ ਹੋਈ ਹੈ, ਪੈਸੇ ਵੀ ਪੂਰੇ ਆਪ ਨੂੰ ਮਿਲ ਗਏ ਹਨ, ਹੋਰ ਕੀ ਚਾਹੀਦਾ ਹੈ। ਅਸੀਂ ਕਾਰਖਾਨੇ ਦੇ ਮਾਲਕ ਦਾ ਧੰਨਵਾਦ ਕੀਤਾ ਤੇ ਅੱਡੇ ਆ ਗਏ। ਮੈਂ ਕਿਹਾ ਇਹ ਸੱਚ ਹੈ ਕਿ,

"ਕਬੀਰ ਕਮਾਈ ਆਪਣੀ ਨਿਹਫਲ ਕਦੀ ਨਾ ਜਾਹ
ਸੱਤ ਸਮੁੰਦਰ ਟੱਪ ਕੇ ਫਿਰ ਮਿਲੇਗੀ ਆ।"

ਕੁਸ਼ਤੀਆਂ:- ਮੈਂ ਵਾਲੀਬਾਲ ਦਾ ਸ਼ੌਕੀਨ ਤਾਂ ਸੀ ਹੀ ਇਸ ਦੇ ਨਾਲ ਕੁਸ਼ਤੀ ਵਾਸਤੇ +2 ਦੇ ਵਿਦਿਆਰਥੀ ਤਿਆਰ ਕਰਵਾਏ। ਇਹ ਕੁਸ਼ਤੀਆਂ ਹੁਸ਼ਿਆਰਪੁਰ ਇਨਡੋਰ ਸਟੇਡੀਅਮ ਵਿਚ ਹੋਣੀਆਂ ਸਨ। ਮੇਰੇ ਨਾਲ ਬਾਬੂ ਰਾਮ ਐਸ.ਐਲ. ਆਏ ਸਨ। ਅਸੀਂ ਤਿੰਨ ਵਿਦਿਆਰਥੀ ਕੁਸ਼ਤੀ ਵਾਸਤੇ ਲਿਆਂਦੇ ਸਨ। ਤਿੰਨ ਹੀ ਜੇਤੂ ਕਰਾਰ ਦਿੱਤੇ ਗਏ।

ਬਦਲੀ:- ਬਦਲੀਆਂ ਦੇ ਦੌਰ ਵਿਚ ਮੈਂ ਆਪਣੀ ਧਰਮ ਪਤਨੀ ਸ੍ਰੀਮਤੀ ਸ਼ਕੁੰਤਲਾ ਦੇਵੀ ਦੀ ਬਦਲੀ ਥੇਂਦਾ ਚਿਪੜਾ ਤੋਂ ਸ. ਪ੍ਰਾਇਮਰੀ ਸਕੂਲ ਅਜੜਾਮ ਦੀ ਕਰਾ ਦਿੱਤੀ ਸੀ। ਉਸ ਸਮੇਂ ਦੇ ਵਿਧਾਇਕ ਸ੍ਰੀ ਧਰਮ ਪਾਲ ਸੱਭਰਵਾਲ ਪੀ.ਡਬਲਯੂ.ਡੀ. ਦੇ ਰੈਸਟ ਹਾਊਸ ਵਿਖੇ ਹੁਸ਼ਿਆਰਪੁਰ ਆਏ ਸਨ। ਉਨ੍ਹਾਂ ਨੂੰ ਮੈਂ ਬੇਨਤੀ ਕੀਤੀ ਜੋ ਉਨ੍ਹਾਂ ਪ੍ਰਵਾਨ ਕਰ ਲਈ।

ਸਾਡੇ ਤਲਵਾੜੇ ਦੇ ਨੇਤਾ ਸ੍ਰੀ ਰਮੇਸ਼ ਡੋਗਰਾ ਸਨ। ਉਨ੍ਹਾਂ ਮੇਰਾ ਬਿਨੈ ਪੱਤਰ ਇਸ ਕਰਕੇ ਨਾ-ਮਨਜ਼ੂਰ ਕਰ ਦਿੱਤਾ ਕਿ ਮੈਂ ਇਕ ਯੋਗ ਅਧਿਆਪਕ ਨੂੰ ਆਪਣੇ ਇਲਾਕੇ ਚੋਂ ਨਹੀਂ ਬਦਲਣਾ ਹੈ। 1992 ਵਿਚ ਪੰਜਾਬ ਦੀਆਂ ਰਾਜ ਪੱਧਰੀ ਖੇਡਾਂ ਤਲਵਾੜੇ ਹੋਈਆਂ ਸਨ। ਮੈਂ ਬਿਨੈ ਪੱਤਰ ਲਿਖ ਕੇ ਆਪਣੇ ਬੈਗ ਵਿਚ ਪਾ ਲਿਆ ਸੀ। ਪੰਜਾਬ ਦੇ ਸਿੱਖਿਆ ਮੰਤਰੀ ਸ੍ਰੀ ਹਰਨਾਮ ਦਾਸ ਜੌਹਰ ਉਦਘਾਟਨੀ ਸਮਾਰੋਹ 'ਤੇ ਆਏ ਸਨ। ਗੇਮਾਂ ਦੇ ਰਸਮੀ ਉਦਘਾਟਨ ਤੋਂ ਬਾਅਦ ਗੇਮਾਂ ਸ਼ੁਰੂ ਹੋ ਗਈਆਂ ਸਨ। ਜਿਸ ਪਾਸੇ ਵਾਲੀਬਾਲ ਦੇ ਮੈਚ ਆਰੰਭ ਹੋਏ ਮੈਂ ਉਸ ਪਾਸੇ ਬੈਂਚ ਨੂੰ ਸਾਫ ਕਰਕੇ ਬੈਠ ਗਿਆ। ਥੋੜ੍ਹੇ ਹੀ ਸਮੇਂ ਵਿਚ ਸਿੱਖਿਆ ਮੰਤਰੀ ਸ੍ਰੀ ਹਰਨਾਮ ਦਾਸ ਜੌਹਰ ਮੇਰੇ ਕੋਲ ਆ ਬੈਠੇ। ਉਸ ਸਮੇਂ ਉਨ੍ਹਾਂ ਨਾਲ ਕੋਈ ਗੰਨਮੈਨ ਨਹੀਂ ਸੀ। ਮੈਂ ਉੱਠ ਕੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਗੇਮਾਂ ਬਾਰੇ ਗੱਲਾਂ ਕੀਤੀਆਂ। ਥੋੜ੍ਹੇ ਸਮੇਂ ਤੋਂ ਮਗਰੋਂ ਮੈਂ ਉਨ੍ਹਾਂ ਦੀ ਭੂਮਿਕਾ ਬੰਨ੍ਹਦੇ ਹੋਏ ਆਪਣੀ ਬਦਲੀ ਸਬੰਧੀ ਗੱਲਬਾਤ ਕੀਤੀ। ਮੈਂ ਕਿਹਾ ਇਥੇ ਮੈਨੂੰ ਕੋਈ ਦੁੱਖ ਤਕਲੀਫ ਨਹੀਂ ਹੈ। ਸਿਰਫ ਖੁਸ਼ੀ-ਗ਼ਮੀ ਦੇ ਸਮੇਂ ਦੂਰੀ ਹੈ। ਦੂਜੀ ਬੇਨਤੀ ਹੈ ਕਿ ਮੈਂ ਆਪਣੇ ਪਿਤਾ ਦੀ ਬੁਢਾਪੇ ਵਿਚ ਸੇਵਾ ਕਰਨੀ ਚਾਹੁੰਦਾ ਹਾਂ। ਉਨ੍ਹਾਂ ਮੇਰਾ ਬਿਨੈ ਪੱਤਰ ਪੜ੍ਹਿਆ ਤੇ ਆਪਣੇ ਦਸਤਖ਼ਤ ਕਰ ਦਿੱਤੇ ਤੇ ਕਿਹਾ, "ਜਾਓ ਮੇਰੇ ਪੀ.ਏ. ਨੂੰ ਅਰਜੀ ਦੇ ਦਿਓ।" 18-12-1992 ਨੂੰ ਘਰੋਂ ਰਾਮਗੜ੍ਹ ਸਿਕਰੀ ਨੂੰ ਆਇਆਂ ਸੀ। ਮੇਰੀ ਬਦਲੀ ਦੇ ਆਰਡਰ 17-12-1992 ਨੂੰ ਪਹੁੰਚ ਗਏ ਸਨ। ਜਦੋਂ ਮੈਂ ਬੱਸ ਤੋਂ ਅਜੇ ਉਤਰਿਆ ਹੀ ਸੀ ਕਿ ਸਾਰੇ ਅੱਡੇ ਵਾਲਿਆਂ ਨੂੰ ਪਤਾ ਲੱਗ ਗਿਆ ਸੀ ਕਿ ਮੇਰੀ ਬਦਲੀ ਹੋ ਗਈ ਹੈ। 10+1, +2 ਦੇ ਬੱਚਿਆਂ ਦੇ ਨਾਲ ਮੈਂ ਸਾਂਝੀ ਘੰਟੀ ਲਗਾਈ। ਮਾਸਟਰ ਬਲਜੀਤ ਸਿੰਘ, ਬਾਬੂ ਰਾਮ ਤੇ ਸੁਖਦੀਪ ਸਿੰਘ ਮੇਰੇ ਖਾਸ ਦੋਸਤ ਸਨ। ਮੈਂ ਕਮਰੇ ਵਿਚ ਜਾ ਕੇ ਆਪਣਾ ਖਾਸ ਸਮਾਨ ਲੈ ਲਿਆ। ਬਾਅਦ ਦੁਪਹਿਰ ਮੈਂ ਫ਼ਾਰਗ ਹੋ ਕੇ ਤਲਵਾੜੇ ਨੂੰ ਬੱਸ ਫੜ ਲਈ। ਉਥੋਂ ਸਿੱਧੀ ਬੱਸ ਹੁਸ਼ਿਆਰਪੁਰ ਵਾਲੀ ਤੇ ਸ਼ਾਮ ਨੂੰ ਘਰ ਆ ਗਿਆ। ਮੇਰੇ ਪਿਤਾ ਜੀ ਨੇ ਕਿਹਾ ਤੁਸੀਂ ਅੱਜ ਹੀ ਘਰੋਂ ਗਏ ਸੀ। ਮੈਂ ਦੱਸਿਆ ਕਿ ਜ਼ਰੂਰੀ ਕੰਮ ਕਰਕੇ ਮੈਂ ਇਥੇ ਆਇਆ ਹਾਂ। ਮੈਂ ਰਾਤ ਹੀ ਆਪਣੀ ਹਾਜ਼ਰੀ ਰਿਪੋਰਟ ਪ੍ਰਿੰਸੀਪਲ ਰਾਜਪੁਰ ਭਾਈਆਂ ਨੂੰ ਲਿਖ ਲਈ ਸੀ।

ਸਕੂਲ ਲੱਗਣ ਤੋਂ ਮਗਰੋਂ ਮੈਂ ਦਫਤਰ ਜਾ ਕੇ ਬਦਲੀ ਦੇ ਆਰਡਰ ਪੇਸ਼ ਕਰ ਦਿੱਤੇ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜਪੁਰ ਭਾਈਆਂ:- ਮੈਂ ਇਸ ਵਿਚ ਬਤੌਰ ਲੈਕਚਰਾਰ ਪੋਲ. ਸਾਇੰਸ ਮਿਤੀ 19-12-1992 ਤੋਂ ਹਾਜ਼ਰ ਹੋਇਆਂ। ਮੇਰੇ ਸਰਕਾਰੀ ਹਾਈ ਸਕੂਲ ਹਾਰਟਾ ਦੇ ਕਈ ਵਿਦਿਆਰਥੀ ਇਸ ਸਕੂਲ ਵਿਚ 10+1, +2 ਵਿਚ ਪੜ੍ਹਦੇ ਸਨ। ਪਹਿਲਾ ਦਿਨ ਮੇਲ ਮਿਲਾਪ ਵਿਚ ਬੀਤ ਗਿਆ। ਅਜੇ ਮੈਨੂੰ ਯਕੀਨ ਨਹੀਂ ਆਉਂਦਾ ਸੀ ਕਿ ਮੈਂ ਇਥੇ ਹਾਜ਼ਰ ਹੋ ਗਿਆ ਹਾਂ। ਮੇਰੀ ਤਾਂਘ ਰਾਮਗੜ੍ਹ ਸਿਕਰੀ ਵਾਲੇ ਬੱਚਿਆਂ ਵਿਚ ਸੀ। ਸਵੇਰ ਸਾਰ ਜਦੋਂ ਮੈਂ ਉੱਠਿਆ ਤਾਂ ਅੱਖਾਂ ਵਿਚ ਅੱਥਰੂ ਆਪ ਮੁਹਾਰੇ ਵਗਣੇ ਸ਼ੁਰੂ ਹੋ ਗਏ। ਫਿਰ ਮੈਂ ਸਕੂਲ ਨੂੰ ਇਕ ਚਿੱਠੀ ਲਿਖੀ। ਉਹ ਬਲਜੀਤ ਸਿੰਘ ਨੇ ਬੱਚਿਆਂ ਨੂੰ ਪੜ੍ਹ ਕੇ ਸੁਣਾਈ ਫਿਰ ਮੈਨੂੰ ਉਨ੍ਹਾਂ ਦਾ ਖ਼ਤ ਪ੍ਰਾਪਤ ਹੋਇਆ, ਜਿਸ ਵਿੱਚ ਸਾਰੇ ਵਿਦਿਆਰਥੀਆਂ ਦਾ ਪਿਆਰ ਤੇ ਸਤਿਕਾਰ ਝਲਕਦਾ ਸੀ।

ਵਿਦਾਇਗੀ ਪਾਰਟੀ:- ਮੈਨੂੰ ਸਕੂਲ ਵੱਲੋਂ ਵਿਦਾਇਗੀ ਪਾਰਟੀ ਲਈ ਬੁਲਾਇਆ ਗਿਆ। ਮੈਨੂੰ ਦੋ ਪਾਰਟੀਆਂ ਦਿੱਤੀਆਂ ਗਈਆਂ। ਇਕ ਪਾਰਟੀ 10+1, +2 ਦੇ ਵਿਦਿਆਰਥੀਆਂ ਵਲੋਂ ਸੀ ਤੇ ਦੂਜੀ ਸਾਰੇ ਸਟਾਫ਼ ਵਲੋਂ ਸੀ। ਉਨ੍ਹਾਂ ਵਲੋਂ ਦਿੱਤੀਆਂ ਵਸਤਾਂ ਜਾਂ ਗਿਫਟ ਅਜੇ ਵੀ ਮੇਰੇ ਕੋਲ ਹਨ। ਬੱਚੇ ਕਾਫੀ ਸੂਝਵਾਨ ਹੋ ਗਏ ਸਨ, ਜੋ ਗੀਤਾਂ ਦੀ ਚੇਟਕ ਉਨ੍ਹਾਂ ਨੂੰ ਲਾਈ ਸੀ ਉਹ ਚਮਕ ਗਈ ਸੀ। ਲੜਕਾ ਮਨੋਹਰ ਸਿੰਘ, ਰਾਜੇਸ਼ ਕੁਮਾਰ, ਬਿਮਲ ਚੰਦਰ ਅਤੇ ਲੜਕੀਆਂ 'ਚ ਕੰਵਲਜੀਤ ਕੌਰ, ਮੋਨਿਕਾ ਰਾਣਾ ਤੇ ਹੋਰ ਹਾਜ਼ਰ ਸਨ। ਮੇਰੀਆਂ ਬਹੁਤ ਸਾਰੀਆਂ ਫੋਟੋ ਖਿੱਚੀਆਂ ਗਈਆਂ, ਜੋ ਮੈਨੂੰ ਸੁਖਦੀਪ ਸਿੰਘ ਨੇ ਰਾਜਪੁਰ ਭਾਈਆਂ ਵਿਖੇ ਦਿੱਤੀਆਂ ਸਨ।

ਦੂਜੀ ਪਾਰਟੀ ਜੋ ਸਾਰੇ ਸਕੂਲ ਦੀ ਸੀ। ਉਸ ਵਿਚ ਸਾਥੀ ਰਾਮੇਸ਼ ਕੰਵਰ, ਰਾਮ ਸਿੰਘ ਤੇ ਬਲਜੀਤ ਸਿੰਘ ਬੋਲੇ ਸਨ। ਪ੍ਰਿੰਸੀਪਲ ਹੇਮ ਰਾਜ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਮੈਨੂੰ ਗੁਰਦਿਆਲ ਸਿੰਘ ਦੇ ਇਸ ਸਕੂਲ ਵਿਚੋਂ ਜਾਣ ਦਾ ਐਨਾ ਦੁੱਖ ਹੈ ਕਿ ਜਿਵੇਂ ਮੇਰੇ ਜਿਸਮ ਦਾ ਅੰਗ ਕੱਟ ਕੇ ਅਲੱਗ ਕਰ ਦਿੱਤਾ ਹੋਵੇ। ਸਾਰਿਆਂ ਨੇ ਕਿਹਾ ਕਿ ਸਕੂਲ ਤੁਹਾਡੇ ਤੋਂ ਵਗੈਰ ਸੁੰਨਾ-ਸੁੰਨਾ ਲੱਗਦਾ ਹੈ। ਐਸ.ਐਲ.ਏ. ਸੁਖਦੀਪ ਸਿੰਘ ਨੇ ਕਿਹਾ ਕਿ ਹੁਣ ਮੇਰੀ ਮੌਤ ਹੈ। ਮੈਂ ਇਨ੍ਹਾਂ ਦੇ ਨਾਲ ਰਹਿੰਦਾ ਸੀ। ਸ਼ਰਾਬ ਤੇ ਹੋਰ ਐਬਾਂ ਤੋਂ ਬਚਿਆ ਸੀ ਉਸ ਨੂੰ ਮੇਰੇ ਬਦਲ ਕੇ ਜਾਣ ਦਾ ਬੜਾ ਦੁੱਖ ਹੋਇਆ ਤੇ ਉਸ ਨੂੰ ਲੈਬ ਵਿਚ ਹੀ ਬੁਖਾਰ ਚੜ੍ਹ ਗਿਆ ਸੀ। ਮੈਂ ਕਈ ਵਾਰ ਰਾਮਗੜ੍ਹ ਆਪਣੇ ਜ਼ਰੂਰੀ ਕੰਮ ਜਾਂਦਾ ਰਿਹਾ। ਜਿਸ ਦਿਨ ਮੈਂ ਪ੍ਰਿੰਸੀਪਲ ਹੇਮ ਰਾਜ ਤੋਂ ਆਪਣੀਆਂ ਸਾਲਾਨਾ ਗੁਪਤ ਰਿਪੋਰਟਾਂ (A.C.R,s) ਲਈਆਂ ਜੋ ਦਸਤਖ਼ਤ ਕਰਕੇ ਦਿੱਤੀਆਂ ਸਨ। ਇਸ ਹੀ ਤਰ੍ਹਾਂ ਪ੍ਰਿੰਸੀਪਲ ਜੀਵਾ ਸਿੰਘ ਭੰਗਾਲਾ ਨੇ ਖਾਲੀ A.C.R,s 'ਤੇ ਦਸਤਖ਼ਤ ਕਰਕੇ ਦਿੱਤੇ ਸਨ ਤੇ ਨਾਲੇ ਕਿਹਾ ਗੁਰਦਿਆਲ ਸਿੰਘ ਇਹ ਸਿਰਫ਼ ਤੇਰੇ ਲਈ ਹੈ। ਇਹ ਮੇਰਾ ਤਲਵਾੜਾ-ਰਾਮਗੜ੍ਹ ਸਿਕਰੀ ਦਾ ਸਫ਼ਰ ਸੀ।

ਮਾਰਚ 1993 ਦੀਆਂ ਸਾਲਾਨਾ ਪ੍ਰੀਖਿਆਵਾਂ ਸ਼ੁਰੂ ਹੋ ਗਈਆਂ ਸਨ। ਉਸ ਸਮੇਂ

ਨਕਲ ਦਾ ਬਹੁਤ ਰਿਵਾਜ਼ ਸੀ। ਕਈ ਸਕੂਲ ਨਕਲ ਕਰਕੇ ਬਹੁਤ ਬਦਨਾਮ ਸਨ। ਪ੍ਰਿੰਸੀਪਲ ਜਸਵੰਤ ਸਿੰਘ ਬੈਂਸ ਬਹੁਤ ਸਖ਼ਤ ਸੁਭਾਅ ਦਾ ਸੀ। ਪਰ ਸੀਨੀਅਰ ਕਲਾਸਾਂ ਦੇ ਲੜਕੇ ਫਿਰ ਵੀ ਘੱਟ ਡਰਦੇ ਸਨ। ਸਟਾਫ ਵੀ ਕੁਝ ਪਾਟੋਧਾੜ ਸੀ ਜਿਸ ਦਾ ਮੈਨੂੰ ਬਹੁਤ ਅਫ਼ਸੋਸ ਸੀ ਕਿ ਕਿਸ ਪਾਸੇ ਬੈਠਿਆਂ ਜਾਵੇ। ਹੌਲੀ-ਹੌਲੀ ਸ਼ਾਂਤੀ ਹੋ ਗਈ।

ਵਿਦਾਇਗੀ ਸਮਾਰੋਹ:- ਪ੍ਰਿੰਸੀਪਲ ਜਸਵੰਤ ਸਿੰਘ ਬੈਂਸ ਦੀ ਵਿਦਾਇਗੀ ਪਾਰਟੀ ਦਾ ਪ੍ਰਬੰਧ ਮੈਡਮ ਸੁਕੇਸ਼ ਠਾਕਰ ਤੇ ਹੰਸ ਰਾਜ ਮਾਸਟਰ ਨੇ ਕੀਤਾ ਸੀ। ਸਟੇਜ ਦਾ ਸੰਚਾਲਨ ਰਾਵਿੰਦਰ ਨਾਥ ਤੇ ਮੈਂ ਸਾਂਝੇ ਤੌਰ ਤੇ ਕੀਤਾ। ਮੈਂ ਇਸ ਪਾਰਟੀ ਵਿਚ ਵੀ ਦੋ ਗੀਤ ਗਾਇਨ ਕੀਤੇ। ਮੀਕੀ ਸਿੰਘ ਰਾਜਪੁਰ ਭਾਈਆਂ ਉਸ ਸਮੇਂ ਅੱਤੋਵਾਲ ਵਿਖੇ ਫੋਟੋਗ੍ਰਾਫੀ ਕਰਦਾ ਸੀ। ਪ੍ਰਿੰਸੀਪਲ ਜਸਵੰਤ ਸਿੰਘ ਬੈਂਸ ਦੀ ਐਲਬੰਬ ਵਿਚ ਬਹੁਤ ਸਾਰੀਆਂ ਮੇਰੀਆਂ ਫੋਟੋ ਲੱਗੀਆਂ ਹੋਈਆ ਸਨ। ਪੰਜ ਮੈਂਬਰ ਛੁੱਟੀ ਤੇ ਸਨ। ਇਹ ਪਾਰਟੀ 28-10-1994 ਨੂੰ ਸੀ। ਜਸਵੰਤ ਸਿੰਘ ਜੀ 31-10-1994 ਨੂੰ ਸੇਵਾਮੁਕਤ ਹੋਏ ਸਨ। ਫਿਰ ਸਕੂਲ ਦੀ ਕਮਾਂਡ ਸ੍ਰੀ ਚੈਨ ਕੁਮਾਰ ਪੰਜਾਬੀ ਲੈਕਚਰਾਰ ਕੋਲ ਆ ਗਈ।

ਪ੍ਰਿੰਸੀਪਲ ਜਸਵੰਤ ਸਿੰਘ ਬੈਂਸ ਦੀਆਂ ਵਿਰੋਧੀਆਂ ਵੱਲੋਂ ਬਹੁਤ ਸ਼ਿਕਾਇਤਾਂ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚ ਉਹ ਬੇਦਾਗ ਨਿਕਲੇ। ਪੀ.ਟੀ.ਏ. ਫੰਡ ਦੀ ਇਨਕੁਆਰੀ ਲਈ ਮੈਂ 10-4-1995 ਨੂੰ ਚੰਡੀਗੜ੍ਹ ਗਿਆ। ਮੈਂ ਕਿਹਾ ਕਿਸੇ ਪੈਸੇ ਦੀ ਦੁਰਵਰਤੋਂ ਨਹੀਂ ਹੋਈ ਹੈ ਤੁਸੀਂ ਆ ਕੇ ਦੇਖ ਸਕਦੇ ਹੋ, ਜੋ ਕੰਧ ਉਨ੍ਹਾਂ ਬਣਾਈ ਹੈ ਉਹ ਜ਼ਰੂਰੀ ਸੀ। ਕੁਝ ਲੋਕਾਂ ਨੂੰ ਰਸਤੇ ਦੀ ਤਕਲੀਫ ਹੈ ਅਸੀਂ ਖੇਤਾਂ ਨੂੰ ਸਿੱਧੇ ਜਾਂਦੇ ਸੀ। ਕੁਝ ਜਾਤੀ ਤੌਰ ਤੇ ਲੱਗਦੇ ਹਨ। ਸ੍ਰੀ ਗਿਆਨ ਸਿੰਘ ਡਾਇਰੈਕਟਰ ਸਾਰਾ ਕੇਸ ਸੁਣ ਕੇ ਬੋਲਿਆ ਇਹ ਸਾਰੀਆਂ ਗੱਲਾਂ ਠੀਕ ਦੱਸੀਆਂ ਹਨ। ਸ਼ਿਕਾਇਤ ਵਿਚ ਇਸ ਪ੍ਰਕਾਰ ਦੇ ਹੀ ਪ੍ਰਸ਼ਨ ਕੀਤੇ ਗਏ ਗਏ ਹਨ।

ਸ੍ਰੀ ਚੈਨ ਕੁਮਾਰ ਕਾਰਜਕਾਰੀ ਪ੍ਰਿੰਸੀਪਲ ਦੇ ਸਮੇਂ ਵਿਚ ਦੋ ਵਾਰ ਰਾਸ਼ਟਰੀ ਝੰਡਾ (26-1-1995, 15-8-1995) ਨੂੰ ਸ੍ਰੀ ਰਵਿੰਦਰ ਨਾਥ ਸ਼ਰਮਾ ਤੋਂ ਲਹਿਰਾਇਆ ਗਿਆ ਕਿਉਂਕਿ ਉਹ ਸਕੂਲ ਵਿਚ ਸਭ ਤੋਂ ਸੀਨੀਅਰ ਲੈਕਚਰਾਰ ਸਨ। ਇਸ ਸਬੰਧੀ ਗੀਤ, ਸੰਗੀਤ, ਗਿੱਧਾ ਤੇ ਨਾਟਕ "ਹਿਕ ਪਾੜ ਜ਼ਹਿਰ" ਖੇਡਿਆ ਗਿਆ।

ਫਰਵਰੀ 1995 'ਚ ਮੁੱਖ ਮੰਤਰੀ ਸ. ਬੇਅੰਤ ਸਿੰਘ ਦੀ ਸਰਕਾਰ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਸਕੂਲਾਂ ਵਿਚ ਮਨਾਇਆ ਜਾਵੇ। ਇਸ ਸਬੰਧੀ ਸਕੂਲ ਵਿਚ ਪ੍ਰਭਾਵਸ਼ਾਲੀ ਧਾਰਮਿਕ ਸਮਾਗਮ ਕੀਤਾ ਗਿਆ। ਸਕੂਲ ਵਿਚ ਹਲਵਾਈ ਲਾ ਕੇ ਕੜਾਹ ਪ੍ਰਸ਼ਾਦ ਤਿਆਰ ਕੀਤਾ ਗਿਆ। ਸਟੇਜ ਦਾ ਸੰਚਾਲਨ ਮੇਰੇ ਕੋਲ ਸੀ। ਇਸ ਸਮਾਗਮ ਵਿਚ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਿੰਸੀਪਲ ਸ੍ਰੀ ਚੈਨ ਕੁਮਾਰ ਜੀ ਨੇ ਅੰਤ ਵਿਚ ਸਾਰਿਆਂ ਦਾ ਧੰਨਵਾਦ ਕੀਤਾ।

ਸੁਪਰਡੈਂਟ:- ਸਰਕਾਰ ਨੇ ਨਕਲ ਨੂੰ ਰੋਕਣ ਲਈ ਸਬੰਧਤ ਸਕੂਲਾਂ ਨੂੰ ਹੀ ਆਦੇਸ਼ ਦਿੱਤਾ ਗਿਆ ਕਿ ਸਕੂਲ ਆਪਣੀ ਪੱਧਰ ਤੇ ਆਪਣਾ ਪ੍ਰਬੰਧ ਆਪ ਕਰਨ। ਇਸ

ਸਬੰਧੀ ਪਹਿਲਾਂ ਦਸਵੀਂ ਤੇ ਫਿਰ +2 ਜਮਾਤ ਦੇ ਬੋਰਡ ਦੇ ਪੇਪਰਾਂ ਦੇ ਸਬੰਧ ਵਿਚ ਮੈਂ ਮਿਤੀ 15-3-1996 ਤੋਂ 29-3-1996 ਤੱਕ ਬਤੌਰ ਸੁਪਰਡੈਂਟ ਦੀ ਡਿਊਟੀ ਨਿਭਾਈ। ਜਿੰਨੇ ਅਫ਼ਸਰ ਚੈਕਿੰਗ ਲਈ ਆਏ ਉਨ੍ਹਾਂ ਕਿਹਾ ਰਾਜਪੁਰ ਭਾਈਆਂ ਵਿਖੇ ਬਿਲਕੁਲ ਨਕਲ ਬੰਦ ਹੈ। ਮੇਰਾ ਆਪਣਾ ਨਤੀਜਾ ਪੋਲ. ਸਾਇੰਸ 100% ਰਿਹਾ।

ਦੇਵਰਾਜ ਪ੍ਰਿੰਸੀਪਲ (**4-7-1996 ਤੋਂ 6-8-2002**):- ਸਕੂਲ ਵਿਚ ਸ੍ਰੀ ਦੇਵ ਰਾਜ ਨੇ ਮਿਤੀ 4-7-1996 ਨੂੰ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਿਆ। ਸਕੂਲ ਦਾ ਕੰਮ ਫਿਰ ਚੰਗਾ ਚੱਲਣ ਲੱਗਾ। ਇਸ ਸਕੂਲ ਤੋਂ ਬਦਲ ਕੇ ਉਹ ਸ.ਸ.ਸ. ਸਕੂਲ ਭਾਮ ਜ਼ਿਲ੍ਹਾ ਹੁਸ਼ਿਆਰਪੁਰ ਚਲੇ ਗਏ ਸਨ। ਆਪਣੀ ਰਿਟਾਇਰਮੈਂਟ ਸ੍ਰੀ ਦੇਵ ਰਾਜ ਨੇ ਰਾਜਪੁਰ ਭਾਈਆਂ ਤੋਂ ਹੀ ਲਈ ਸੀ। ਮੁੜ ਫੇਰ ਉਹ ਇਸ ਸਕੂਲ ਵਿਚ ਆ ਗਏ ਸਨ। ਰਾਜਪੁਰ ਭਾਈਆਂ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਸ੍ਰੀ ਚੈਨ ਕੁਮਾਰ ਬਣ ਗਏ ਸਨ।

ਵਿਦਾਇਗੀ ਸਮਾਰੋਹ ਪ੍ਰਿੰਸੀਪਲ ਦੇਵ ਰਾਜ ਤੇ ਲੈਕਚਰਾਰ ਮੈਥ ਸੁਖਜੀਤ ਸਿੰਘ ਬੇਦੀ:- ਪ੍ਰਿੰਸੀਪਲ ਦੇਵ ਰਾਜ ਨੂੰ 31-3-2005 ਨੂੰ ਸਾਦਾ ਪਾਰਟੀ ਸਕੂਲ ਦੀ ਲਾਇਬ੍ਰੇਰੀ ਵਿਚ ਕਰ ਦਿੱਤੀ ਗਈ। ਵੱਡਾ ਸਮਾਗਮ ਪਿੰਡ ਰਾਜਪੁਰ ਭਾਈਆਂ ਦੇ ਹਾਲ ਵਿਚ ਕੀਤਾ। ਇਸ ਸਬੰਧੀ 11 ਬੱਚਿਆਂ ਨੇ ਭਾਗ ਲਿਆ। ਸਾਰੇ ਵਿਦਿਆਰਥੀਆਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ 'ਉੱਚੀ ਸੁੱਚੀ ਬਾਣੀ ਬਾਬੇ ਨਾਨਕ ਦੀ' ਨਾਲ ਕੀਤਾ ਗਿਆ। ਇਕ ਕਵਿਤਾ 'ਗੁਰਬਾਣੀ ਦੀ ਓਟ' ਪੜ੍ਹੀ ਗਈ। ਪੰਜਾਬੀ ਗੀਤਾਂ ਨਾਲ ਕੋਰੀਓਗ੍ਰਾਫੀ ਕੀਤੀ ਗਈ। ਮੈਂ ਇਕ ਗੀਤ ਗਾਇਨ ਕੀਤਾ। ਪੰਜਾਬੀ ਗਾਇਕ ਜਸਪ੍ਰੀਤ ਸਿੰਘ, ਦਲਜੀਤ ਸਿੰਘ, ਅਮਰਦੀਪ ਸਿੰਘ ਤੇ ਲੜਕੀਆਂ ਸਨ। ਇਸ ਸਮਾਗਮ ਵਿਚ ਪਿੰਡ ਦੀ ਪੰਚਾਇਤ, ਜੱਲੋਵਾਲ ਸਕੂਲ, ਭਾਮ, ਚਿੱਤੋਂ ਆਦਿ ਹਾਜ਼ਰ ਸਨ। ਵੀਡੀਓ ਫ਼ਿਲਮ ਬਣਾਈ ਗਈ। ਪੰਚਾਇਤ ਮੈਂਬਰਾਂ ਨੇ ਕਿਹਾ ਇਹੋ ਜਿਹਾ ਪ੍ਰੋਗਰਾਮ ਅਸੀਂ ਦੂਰਦਰਸ਼ਨ ਜਲੰਧਰ ਤੋਂ ਨਹੀਂ ਦੇਖਿਆ ਜਿਸ ਤਰ੍ਹਾਂ ਦਾ ਤੁਸੀਂ ਕੀਤਾ ਹੈ। ਸੁਖਜੀਤ ਸਿੰਘ ਬੇਦੀ ਨੇ 10 ਪੱਖੇ ਸਕੂਲ ਨੂੰ ਦਾਨ ਕੀਤੇ। ਬੱਚਿਆਂ ਦੀ ਹੌਂਸਲਾ ਅਫਜਾਈ 5000 ਰੁ: ਦੇ ਕਰੀਬ ਕੀਤੀ ਗਈ।

ਮੇਰੇ ਸਮੇਂ ਸਕੂਲ ਵਿਚ ਹੋਈਆਂ ਰਿਟਾਇਰਮੈਂਟ ਸ੍ਰੀ ਰਵਿੰਦਰ ਨਾਥ ਸ਼ਰਮਾ ਲੈਕਚਰਾਰ ਅੰਗਰੇਜ਼ੀ, ਸ੍ਰੀ ਸਾਧੂ ਸਿੰਘ ਸੰਘਾ, ਪ੍ਰਿੰਸੀਪਲ ਜਸਵੰਤ ਸਿੰਘ ਬੈਂਸ 31-10-1994 ਰਸ਼ਪਾਲ ਸਿੰਘ ਪੀ.ਟੀ.ਆਈ. ਤੇ ਗੁਰਚਰਨ ਸਿੰਘ, ਮਾਸਟਰ ਮਈ 2003 ਮਾਰਚ 2005 ਵਿਚ ਪ੍ਰਿੰਸੀਪਲ ਦੇਵ ਰਾਜ ਤੇ ਸੁਖਜੀਤ ਸਿੰਘ ਲੈਕਚਰਾਰ ਮੈਥ, ਤੀਰਥ ਸਿੰਘ ਪੰਜਾਬੀ ਮਾਸਟਰ 2006, ਹਰਬੰਸ ਸਿੰਘ ਖੇਤੀਬਾੜੀ ਮਾਸਟਰ ਤੇ ਗੁਰਨਾਮ ਸਿੰਘ ਅਟੈਂਡੈਂਟ ਵਰਕਸ਼ਾਮ 2007 ਇਸ ਤੋਂ ਮਗਰੋਂ ਸੇਵਾਮੁਕਤ ਹੋਣ ਵਾਲਿਆਂ ਦੀ ਝੜੀ ਹੀ ਲੱਗ ਗਈ ਜਿਵੇਂ ਸ੍ਰੀ ਰਾਮ ਦਾਸ ਐਸ.ਐਸ. ਮਾਸਟਰ, ਸ੍ਰੀ ਮਦਨ ਲਾਲ ਐਸ.ਐਸ. ਮਾਸਟਰ, ਸ੍ਰੀ ਚੈਨ ਕੁਮਾਰ ਲੈਕਚਰਾਰ ਪੰਜਾਬੀ ਸ੍ਰੀ ਸੋਹਣ ਲਾਲ ਐਸ.ਐਲ.ਏ. ਸ੍ਰੀਮਤੀ ਨਿਰਮਲ ਕੌਰ ਡੀ.ਪੀ. ਸ੍ਰੀ ਸਵਰਨ ਸਿੰਘ ਲੈਕਚਰਾਰ ਹਿਸਟਰੀ ਆਦਿ।

ਸ੍ਰੀ ਚੈਨ ਕੁਮਾਰ ਕਾਰਜਕਾਰੀ ਪ੍ਰਿੰਸੀਪਲ ਨੂੰ ਦੇਵ ਰਾਜ ਦੇ ਦੁਆਰਾ ਛੱਡੇ ਅਧੂਰੇ ਕੰਮ ਨੂੰ ਪੂਰਾ ਕਰਨ ਲਈ ਬਹੁਤ ਮਿਹਨਤ ਕਰਨੀ ਪਈ। ਸਮੂਹ ਸਟਾਫ ਨੇ ਬਹੁਤ ਸਾਰਾ ਸਹਿਯੋਗ ਦਿੱਤਾ।

ਕਾਰਜਕਾਰੀ ਪ੍ਰਿੰਸੀਪਲ (18-8-2008):- ਕਾਰਜਕਾਰੀ ਪ੍ਰਿੰਸੀਪਲ ਦੇ ਤੌਰ ਤੇ ਮੈਂ 18-8-2008 ਨੂੰ ਅਹੁਦਾ ਸੰਭਾਲਿਆ। ਇਸ ਸਬੰਧੀ ਡੀ.ਡੀ. ਪਾਵਰਾਂ ਸ੍ਰੀ ਬਲਵੀਰ ਸਿੰਘ ਵੋਕ. ਲੈਕਚਰਾਰ ਲੈ ਕੇ ਆਏ ਸਨ। ਬਹੁਤ ਹੀ ਮਾਨ ਸਨਮਾਨ ਨਾਲ ਮੈਨੂੰ ਕੁਰਸੀ 'ਤੇ ਬਿਠਾਇਆ ਗਿਆ। ਸਰਕਾਰੀ ਕੰਮ ਦਾ ਐਨਾ ਜ਼ੋਰ ਸੀ ਕਿ ਮੈਂ ਤਿੰਨ ਦਿਨ ਸਕੂਲ ਵਿਚ ਚਾਹ ਵੀ ਨਹੀਂ ਪੀ ਸਕਿਆ। ਵੱਡਾ ਸਕੂਲ ਹੋਣ ਕਰਕੇ ਵੱਡੀ ਜ਼ਿੰਮੇਵਾਰੀ ਸੀ। ਬਹੁਤ ਸਾਰੀਆਂ ਪੋਸਟਾਂ ਖਾਲੀ ਸਨ। ਮੈਂ ਆਪ ਦਸਵੀਂ ਜਮਾਤ ਨੂੰ ਅੰਗਰੇਜ਼ੀ ਤੇ ਸਮਾਜਿਕ ਪੜ੍ਹਾਉਂਦਾ ਸੀ। +1, +2 ਦੀ ਪੋਲ. ਸਾਇੰਸ ਤਾਂ ਮੇਰੇ ਕੋਲ ਸੀ ਹੀ ਪਰ ਇਸ ਤੋਂ ਇਲਾਵਾ ਖਾਲੀ ਘੰਟੀ ਮੈਂ ਆਪ ਲੈ ਲੈਂਦਾ ਸੀ। ਦਫ਼ਤਰੀ ਕੰਮ ਸਕੂਲ ਛੁੱਟੀ ਹੋਣ ਤੋਂ ਮਗਰੋਂ ਕਰਦਾ ਸੀ। ਇਸ ਵਿਚ ਮੈਨੂੰ ਸਮੂਹ ਸਟਾਫ ਨੇ ਬਹੁਤ ਸਹਿਯੋਗ ਦਿੱਤਾ। ਦਫਤਰੀ ਕੰਮ ਪੁਪੇਸ਼ ਕੁਮਾਰ ਕਲਰਕ ਮਨਜਿੰਦਰ ਸਿੰਘ ਕਰਦੇ ਸਨ। ਪੁਪੇਸ਼ ਕੁਮਾਰ ਕਈ ਵਾਰ ਐਤਵਾਰ ਨੂੰ ਆ ਕੇ ਵੀ ਕੰਮ ਕਰਦਾ ਸੀ। ਸਰਕਾਰੀ ਚਿੱਠੀਆਂ ਦੇ ਬਹੁਤੇ ਨਿਪਟਾਰੇ ਸ੍ਰੀ ਬਲਵੀਰ ਸਿੰਘ ਜੀ ਕਰਦੇ ਸਨ। ਮਿਡ-ਡੇ-ਮੀਲ ਦੇ ਸਬੰਧ ਵਿਚ ਨਿਰੰਕਾਰ ਸਿੰਘ, ਸੁਰਿੰਦਰ ਸਿੰਘ, ਰਮੇਸ਼ ਲਾਲ ਲੈਕਚਰਾਰ, ਵਿਨੋਦ ਕੁਮਾਰ ਤੇ ਗੁਰਮੀਤ ਕੌਰ ਲੈਕਚਰਾਰ ਕਮਰਸ ਸਹਿਯੋਗ ਦਿੰਦੇ ਸਨ। ਰਾਜਾ ਸਿੰਘ ਪੰਜਾਬੀ ਅਧਿਆਪਕ ਤੇ ਪ੍ਰਮੋਦ ਸੰਗਰ ਦਾ ਵੀ ਸਹਿਯੋਗ ਸੀ। ਸ੍ਰੀਮਤੀ ਸੁਨੀਤਾ ਕਪੂਰ ਲੈਕਚਰਾਰ ਅੰਗਰੇਜ਼ੀ ਵੀ ਕੰਮ ਵਿਚ ਮਾਹਰ ਸਨ। ਮੈਨੂੰ ਦਫਤਰ ਵਿਚ ਬੈਠਿਆਂ ਪਤਾ ਵੀ ਨਹੀਂ ਸੀ ਲਗਦਾ ਕਿ ਕਿਵੇਂ ਦਿਨ ਬੀਤ ਗਿਆ। ਸਕੂਲ ਦੇ ਵਿਕਾਸ ਵਿਚ ਮੈਂ 40,000 ਰੁ: ਆਪਣੀ ਜੇਬ ਵਿਚੋਂ ਖਰਚ ਕੀਤਾ।

ਸਭਿਆਚਾਰਕ ਸਰਗਰਮੀਆਂ:- ਸਕੂਲ ਦੇ ਵਿਦਿਆਰਥੀਆਂ ਦੇ ਜੋ ਭਾਸ਼ਣ ਮੁਕਾਬਲੇ ਹੁੰਦੇ ਉਨ੍ਹਾਂ ਦੀ ਤਿਆਰੀ ਮੈਂ ਹੀ ਕਰਵਾਉਂਦਾ ਸੀ। ਲੜਕਿਆਂ ਦਾ ਵਾਲੀਬਾਲ ਹਮੇਸ਼ਾ ਮੈਂ ਹੀ ਤਿਆਰ ਕਰਵਾਉਂਦਾ ਸੀ। ਨਵੰਬਰ 26-11-2002 ਵਿਚ ਮਾਸਟਰ ਮਨਦੀਪ ਸਿੰਘ ਯਾਦਗਾਰੀ ਪ੍ਰੋਗਰਾਮ ਨਵਾਂਸ਼ਹਿਰ ਵਿਚ ਸੁਖਜਿੰਦਰ ਸਿੰਘ +2 ਨੂੰ ਪਹਿਲਾ ਇਨਾਮ ਪ੍ਰਾਪਤ ਹੋਇਆ। ਉਸ ਦੇ ਪਿਤਾ ਨੇ ਸ਼ਾਮ ਨੂੰ ਫੂਨ ਤੇ ਕਿਹਾ ਕਿ, "ਅੱਜ ਸਾਰੇ ਪਿੰਡ ਨੇ ਮੈਨੂੰ ਵਧਾਈਆਂ ਦਿੱਤੀਆਂ ਹਨ। ਮੈਂ ਤੁਹਾਡਾ ਕਿੰਨ੍ਹਾਂ ਸ਼ਬਦਾਂ ਨਾਲ ਧੰਨਵਾਦ ਕਰਾਂ। ਪਿੰਡ ਮੋਨਾਂ ਕਲਾਂ ਵਿਚ ਮੈਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਗਰ ਕੀਰਤਨ 'ਤੇ 2003 ਵਿਚ ਗਿਆ ਸੀ ਤਾਂ ਪਿੰਡ ਦੇ ਕਈ ਲੋਕਾਂ ਨੇ ਪੁੱਛਿਆ ਕਿ ਸੈਕਟਰੀ ਨਾਲ ਤੁਸੀਂ ਪਹੁੰਚ ਕਿਵੇਂ ਕੀਤੀ ਹੈ। 5000 ਰੁ: ਸ੍ਰੀ ਗੁਰਦਿਆਲ ਸਿੰਘ ਫੁੱਲ ਨੂੰ ਦਿੱਤੇ ਜਾਣੇ ਚਾਹੀਦੇ ਹਨ। ਇਹ ਲੜਕਾ ਫਿਰ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਦਾਖਲ ਹੋਇਆ ਤੇ ਪੰਜਾਬੀ ਸਾਹਿਤ ਸਭਾ ਦਾ ਪ੍ਰਧਾਨ ਚੁਣਿਆ ਗਿਆ। ਇਹ ਲੜਕਾ ਐਮ.ਏ. ਐਮ. ਫਿਲ ਹੈ। ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜਪੁਰ ਭਾਈਆਂ

ਵਿਖੇ ਸਰਕਾਰੀ ਨੌਕਰੀ 'ਤੇ ਹੈ, ਜਿਸ ਦਿਨ ਉਹ ਰਾਜਪੁਰ ਭਾਈਆਂ ਗਿਆ ਤਾਂ ਉਸ ਨੇ ਦੱਸਿਆ ਕਿ ਮੈਨੂੰ +1 ਦੀ ਪੋਲ. ਸਾਇੰਸ ਦਿੱਤੀ ਹੈ। ਬਹੁਤ ਵਾਰ ਨਜ਼ਾਕਤ ਅਲੀ-ਸਲਾਮਤ ਅਲੀ ਸ਼ਾਮ ਚੁਰਾਸੀ ਮੇਲੇ 'ਤੇ ਆਪਣੇ ਵਿਦਿਆਰਥੀ ਗਿੱਧੇ ਤੇ ਭੰਗੜੇ ਲਈ ਲੈ ਕੇ ਜਾਂਦਾ ਰਿਹਾ ਹਾਂ। ਇਸ ਹੀ ਤਰ੍ਹਾਂ ਨਾਟਕ ਆਦਿ ਵਿਚ ਮਾਣ ਸਨਮਾਨ ਪ੍ਰਾਪਤ ਕਰਦੇ ਰਹੇ। ਆਪਣਾ ਲਿਖਿਆ ਨਾਟਕ 'ਹੁਣ ਜਾਗ ਉੱਠੀ ਹੈ ਨਾਰੀ' ਬਹੁਤ ਸਾਰੀਆਂ ਸਟੇਜਾਂ 'ਤੇ ਖੇਡਿਆ ਗਿਆ। ਦਸੰਬਰ 1992 ਤੋਂ 31-3-2010 ਤੱਕ ਦੀਆਂ ਸੱਭਿਆਚਾਰਕ ਸਰਗਰਮੀਆਂ ਮੇਰੇ ਕੋਲ ਹੀ ਰਹੀਆਂ। ਮਾਸਟਰ ਹਰਬੰਸ ਸਿੰਘ ਸੰਘਾ ਦੀ ਵਿਦਾਇਗੀ ਪਾਰਟੀ ਸਮੇਂ ਕੁਝ ਸਾਥੀ ਜ਼ਿਲ੍ਹਾ ਸੰਗਰੂਰ ਤੋਂ ਆਏ ਸਨ। ਹਰਬੰਸ ਸਿੰਘ ਨੇ ਕਿਹਾ, "ਮੇਰੇ ਰਿਸ਼ਤੇਦਾਰ ਇਹ ਸਮਾਗਮ ਵੇਖ ਕੇ ਬਹੁਤ ਖੁਸ਼ ਹੋਏ।" ਇਸ ਸਮਾਗਮ ਵਿਚ ਦੋ ਗੀਤ ਮੈਂ ਆਪਣੇ ਲਿਖੇ ਸਨ ਤੇ ਆਪ ਹੀ ਗਾਇਨ ਕੀਤੇ ਸਨ। ਸਕੂਲ ਵਾਲੀਬਾਲ ਟੀਮ ਵਿਚ ਵੀ ਲੜਕੇ ਜੇਤੂ ਹੁੰਦੇ ਰਹੇ।

ਗਣਤੰਤਰ ਦਿਵਸ:- 26 ਜਨਵਰੀ 2009 ਵਿਚ ਸਰਕਾਰ ਨੇ ਕਿਹਾ ਇਹ ਦਿਨ ਸਕੂਲਾਂ ਵਿਚ ਮਨਾਇਆ ਜਾਵੇ। ਅਸੀਂ ਸਾਰੇ ਸਟਾਫ ਦੇ ਸਹਿਯੋਗ ਨਾਲ ਸਕੂਲ ਵਿਚ ਰਾਸ਼ਟਰੀ ਝੰਡਾ ਲਹਿਰਾਇਆ। ਇਸ ਸਬੰਧ ਵਿਚ ਸਟਾਫ ਤੇ ਵਿਦਿਆਰਥੀ ਨੇ ਆਪਣੇ ਵਿਚਾਰ ਵਿਅਕਤ ਕੀਤੇ ਬੱਚਿਆਂ ਨੂੰ ਲੱਡੂ ਵੰਡੇ ਗਏ।

ਟੀਚਰ ਟਰੇਨਿੰਗ ਕੈਂਪ:- ਕਿਲ੍ਹਾ ਅਨੰਦਗੜ੍ਹ ਸਰਾਂ ਅਨੰਦਪੁਰ ਸਾਹਿਬ ਵਿਖੇ ਮਿਤੀ 22-12-07 ਤੋਂ 31-12-2007 ਤੱਕ ਕੈਂਪ ਲਗਾਇਆ ਗਿਆ, ਜਿਸ ਵਿਚ ਪੂਰੇ ਪੰਜਾਬ ਵਿਚੋਂ 100 ਕੈਂਪਰ ਨੇ ਭਾਗ ਲਿਆ ਜਿਨ੍ਹਾਂ ਵਿਚ ਪ੍ਰੋਫੈਸਰ ਤੇ ਲੈਕਚਰਾਰਾਂ ਨੇ ਭਾਗ ਲਿਆ। ਹੁਸ਼ਿਆਰਪੁਰ ਵਿਚੋਂ ਮੈਂ ਹੀ ਇਕੱਲਾ ਲੈਕਚਰਾਰ ਸੀ। ਮੈਨੂੰ ਲੰਗਰ ਕਮਾਂਡਰ ਬਣਾ ਦਿੱਤਾ ਗਿਆ। ਰੋਜ਼ ਚਾਰ ਘੰਟੇ ਪੜ੍ਹਾਈ ਹੁੰਦੀ। ਰੋਜ਼ ਰਾਤ ਨੂੰ ਦੋ ਘੰਟੇ ਸਭਿਅਚਾਰਕ ਪ੍ਰੋਗਰਾਮ ਹੁੰਦਾ। ਆਖਰੀ ਦਿਨ ਮੈਂ ਵਾਰ ਗਾਇਨ ਤੇ ਪੰਜਾਬੀ ਗੀਤ ਵਿਚ ਪਹਿਲਾ ਇਨਾਮ ਪ੍ਰਾਪਤ ਕੀਤਾ। ਸਰਟੀਫਿਕੇਟ ਦੇਣ ਸਮੇਂ ਡਾਇਰੈਕਟਰ ਜਸਵੰਤ ਸਿੰਘ ਯੂਥ ਸਰਵਸਿਜ਼ ਪੰਜਾਬ ਨੇ ਕਿਹਾ ਕਿ, "ਅਸੀਂ ਫੁੱਲ ਸਾਹਿਬ ਤੁਹਾਨੂੰ ਕਿਵੇਂ ਭੁੱਲ ਸਕਦੇ ਹਾਂ।" ਬਹੁਤ ਚਿਰ ਤਾੜੀਆਂ ਵੱਜਦੀਆਂ ਰਹੀਆਂ।

ਵਣ ਮਹਾਂਉਤਸਵ:- ਮਿਤੀ 3 ਸਤੰਬਰ 2009 ਨੂੰ ਸਕੂਲ ਵਿਚ ਵਣ ਮਹਾਂਉਤਸਵ ਮਨਾਇਆ ਗਿਆ। ਪਿੰਡ ਹੁੱਕੜਾਂ ਦੇ ਜੰਮਪਲ ਤੇ ਰਾਜਪੁਰ ਭਾਈਆਂ ਦੇ ਸਾਬਕਾ ਵਿਦਿਆਰਥੀ ਰਾਮ ਦਿਆਲ ਜੋ ਹੁੱਕੜਾਂ ਬ੍ਰਦਰਜ਼ ਕਰਕੇ ਮਸ਼ਹੂਰ ਹਨ ਆਪਣੇ Awarness mission ਦੇ ਤਹਿਤ ਵੱਖ-ਵੱਖ ਥਾਵਾਂ 'ਤੇ ਵੱਖੋ-ਵੱਖ ਪ੍ਰੋਗਰਾਮ ਕਰਦੇ ਹਨ।

ਰਾਮ ਦਿਆਲ ਜੋ ਚੰਡੀਗੜ੍ਹ ਵਿਖੇ ਪੁਲਿਸ ਇੰਸਪੈਕਟਰ ਹੈ, ਨੇ ਇਕ ਹਫਤਾ ਪਹਿਲਾਂ ਫੂਨ ਤੇ ਮੇਰੇ ਨਾਲ ਸੰਪਰਕ ਕੀਤਾ ਕਿ ਗੁਰੂ ਜੀ ਮੈਂ ਆਪ ਦੇ ਸਕੂਲ ਵਿਖੇ ਵਣ ਮਹਾਂਉਤਸਵ ਦਾ ਤਿਉਹਾਰ ਮਨਾਉਣਾ ਚਾਹੁੰਦਾ ਹਾਂ। ਅਸੀਂ ਦੋਹਾਂ ਨੇ ਸਕੂਲ ਵਿਚ ਜਾ

ਕੇ ਸਾਰੇ ਸਥਾਨ ਨੂੰ ਵੇਖਿਆ ਕਿ ਕਿਥੋਂ ਤੱਕ ਸ਼ਾਮਿਆਨਾ ਲੱਗਦਾ ਹੈ। ਇਸ ਸਮਾਗਮ ਵਿਚ ਆਸੇ ਪਾਸੇ ਦੀਆਂ ਵੀਹ ਪੰਚਾਇਤਾਂ ਤੇ ਸਕੂਲਾਂ ਨੂੰ ਬੁਲਾਇਆ ਗਿਆ। ਉਸ ਦਿਨ ਸਕੂਲ ਵਿਚ ਬਹੁਤ ਭੀੜ ਸੀ। ਸਾਰੇ ਪਿੰਡਾਂ ਦੇ ਸਰਪੰਚਾਂ ਨੂੰ ਸਰੋਪੇ ਦੇ ਕੇ ਨਿਵਾਜ਼ਿਆ ਗਿਆ। ਯੋਗ ਵਿਦਿਆਰਥੀਆਂ ਨੂੰ ਕਾਪੀਆਂ ਤੇ ਵਰਦੀਆਂ ਦਿੱਤੀਆਂ ਗਈਆਂ। ਰਾਜਪੁਰ ਭਾਈਆਂ ਦੇ ਸਰਪੰਚ ਜਸਵੀਰ ਸਿੰਘ ਸੰਘਾ ਨੇ ਪੂਰਾ ਸਾਥ ਦਿੱਤਾ। ਅਸੀਂ ਵੀ ਆਪਣਾ ਹਲਵਾਈ ਲਾਇਆ ਹੋਇਆ ਸੀ। ਬਾਹਰੋਂ ਆਏ ਮਹਿਮਾਨਾਂ ਲਈ ਚਾਹ ਪਾਣੀ ਦਾ ਖਾਸ ਪ੍ਰਬੰਧ ਸੀ। ਸਕੂਲਾਂ ਦੇ ਹਰੇਕ ਵਿਦਿਆਰਥੀ ਨੂੰ ਜਾਣ ਵੇਲੇ ਇਕ-ਇਕ ਬੂਟਾ ਦਿੱਤਾ ਗਿਆ। 2008 ਵਿਚ ਰਾਮ ਦਿਆਲ ਨੇ ਨਵੋਦਿਆ ਸਕੂਲ ਫਲਾਹੀ ਵਿਚ ਇਹ ਤਿਉਹਾਰ ਮਨਾਇਆ ਸੀ। ਮੇਰਾ ਪੂਰਾ ਸਤਿਕਾਰ ਕੀਤਾ। ਇਸ ਪ੍ਰੋਗਰਾਮ ਦੀ ਸ਼ੁਰੂਆਤ ਮੇਰੀ ਕਵਿਤਾ 'ਗੁਰਬਾਣੀ ਦੀ ਓਟ' ਨਾਲ ਹੋਈ। ਫਿਰ ਵੱਖ-ਵੱਖ ਬੁਲਾਰਿਆਂ ਇਸ ਸਬੰਧੀ ਆਪਣੇ ਸਿੱਖਿਆਦਾਇਕ ਭਾਸ਼ਨ ਦਿੱਤੇ। ਜਸਵੀਰ ਸਿੰਘ ਸੰਘਾ ਸਰਪੰਚ ਰਾਜਪੁਰ ਭਾਈਆਂ ਨੇ ਵੀ ਆਪਣੀ ਹਾਜ਼ਰੀ ਲਗਵਾਈ। ਜਸਵੀਰ ਸਿੰਘ ਨੇ ਸਕੂਲ ਵਾਸਤੇ 300 ਥਾਲ, ਗਲਾਸ ਤੇ ਚਮਚ ਦਿੱਤੇ। ਇਸ ਤੋਂ ਪਹਿਲਾਂ ਮਨਦੀਪ ਸਿੰਘ ਹੁੱਕੜਾਂ ਨੇ ਮਿਡ-ਡੇ-ਮੀਲ ਦੇ ਸਾਰੇ ਵੱਡੇ ਬਰਤਨ ਖਰੀਦ ਕੇ ਦਿੱਤੇ। ਇਕ ਵਿਅਕਤੀ ਮਹਿੰਦਰ ਸਿੰਘ ਨੇ 25000 ਰੁ: ਦਾ ਕੂਲਰ ਸਕੂਲ ਨੂੰ ਭੇਂਟ ਕੀਤਾ। ਇਨ੍ਹਾਂ ਸਾਰੇ ਦਾਨੀ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ। ਸਕੂਲ ਸਟਾਫ ਦੇ ਬਹੁਤ ਸਾਰੇ ਮੈਂਬਰਾਂ ਦਾ ਸਤਿਕਾਰ ਕੀਤਾ ਗਿਆ। ਸਾਰਿਆਂ ਨੇ ਕਿਹਾ ਕਿ ਸਮਾਗਮ ਵਧੀਆ ਸੀ। ਅਸੀਂ ਸਕੂਲ ਵਿਚ ਹਰ ਵਾਰ ਬਰਸਾਤ ਰੁੱਤੇ ਬੂਟੇ ਲਗਾਉਂਦੇ ਰਹੇ।

ਪ੍ਰਿੰਸੀਪਲ ਬਣਨਾ:- ਅਸੀਂ ਬਹੁਤ ਸਾਰੇ ਲੈਕਚਰਾਰ ਕੋਰਟ ਰਾਹੀਂ 15-2-2010 ਤੋਂ ਪ੍ਰਿੰਸੀਪਲ ਬਣੇ। ਸਾਡੇ ਨਾਲ ਦੇ ਬਹੁਤ ਸਾਰੇ ਸਾਥੀ ਸੇਵਾ ਮੁਕਤ ਹੋ ਗਏ ਸਨ। ਮੈਂ 13 ਸਾਲ ਲੇਟ ਪ੍ਰਿੰਸੀਪਲ ਬਣਿਆਂ। ਮੈਂ ਸਰਕਾਰੀ ਨਿਯਮਾਂ ਅਨੁਸਾਰ 31-3-2010 ਨੂੰ ਸੇਵਾਮੁਕਤ ਹੋ ਗਿਆ ਸੀ। ਪ੍ਰਿੰਸੀਪਲ ਬਲਵੀਰ ਸਿੰਘ ਨੇ ਇਕ ਵਧੀਆ ਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ। ਇਸ ਸਮਾਗਮ ਵਿਚ ਮੈਂ ਤੇ ਮੇਰੀ ਧਰਮ ਪਤਨੀ ਸ੍ਰੀਮਤੀ ਸ਼ਕੁੰਤਲਾ ਦੇਵੀ ਤੇ ਪਰਿਵਾਰਕ ਮੈਂਬਰ ਹਾਜ਼ਰ ਸਨ। ਰਾਜਾ ਸਿੰਘ ਪੱਟੀ ਨੇ ਇਸ ਸਮਾਗਮ ਸਬੰਧੀ ਬੱਚਿਆਂ ਹੀ ਤਿਆਰੀ ਕਰਵਾਈ ਹੋਈ ਸੀ, ਜਿੱਥੇ ਮੈਂ 40000 ਰੁ: ਪਹਿਲਾਂ ਸਕੂਲ ਵਿਚ ਖਰਚ ਕੀਤਾ ਸੀ। ਇਸ ਵਾਰ ਮੈਂ 5000 ਰੁ: ਸਕੂਲ ਨੂੰ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਲਿਖਣ ਸਮੱਗਰੀ ਤੇ 500 ਰੁ: ਦਿੱਤਾ। ਮੈਂ ਆਪਣੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਾਏ। 108 ਸੰਤ ਸੇਵਾ ਦਾਸ ਸਾਹਰੀ ਜੀ ਨੇ ਭੋਗ ਸਮੇਂ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਇਸ ਸਮਾਗਮ ਵਿਚ ਮੇਰੇ ਪਿੰਡ ਦਾ ਸਾਰਾ ਸ਼ਰੀਕਾ ਭਾਈਚਾਰਾ ਤੇ ਨਿੱਘੇ ਰਿਸ਼ਤੇਦਾਰ ਆਏ ਤੇ ਮੁਹੱਲਾ ਗੁਰੂ ਗੋਬਿੰਦ ਸਿੰਘ ਹੁਸ਼ਿਆਰਪੁਰ ਵਾਲੇ ਸਾਰੇ ਸ਼ਾਮਲ ਸਨ।

ਪੁਨਰ ਨਿਯੁਕਤੀ:- ਸਰਵ ਸਿੱਖਿਆ ਅਭਿਆਨ ਤਹਿਤ ਇਕ ਐਡ ਅਜੀਤ

ਅਖ਼ਬਾਰ ਵਿਚ ਆਈ ਕਿ ਸੇਵਾਮੁਕਤ ਪ੍ਰਿੰਸੀਪਲ ਹੋਵੇ, ਉਮਰ 60 ਸਾਲ ਤੋਂ ਘੱਟ ਹੋਵੇ, ਤਨਖਾਹ 30000 ਰੁ: ਹਜ਼ਾਰ ਪ੍ਰਤੀ ਮਹੀਨਾ 500 ਰੁ: ਮੋਬਾਇਲ ਭੱਤਾ ਦਿੱਤਾ ਜਾਵੇਗਾ। ਮੈਂ ਇਸ ਸਬੰਧੀ ਫਾਰਮ ਭਰ ਦਿੱਤਾ। ਮੈਂ ਆਪਣੇ ਸਾਰੇ ਵਿਸ਼ੇਸ਼ ਗੁਣ ਲਿਖੇ ਸਨ। ਨਾਲ ਆਪਣੀਆਂ ਤਿੰਨ ਐਮ.ਏ. ਪਾਸ ਕਰਨ ਦੀਆਂ ਡਿਗਰੀਆਂ ਲਗਾ ਦਿੱਤੀਆਂ। ਦੋ ਐਮ.ਏ. ਮੈਂ ਰਾਜਪੁਰ ਭਾਈਆਂ ਵਿਖੇ ਕੀਤੀਆਂ ਸਨ। ਐਮ.ਏ. ਪੰਜਾਬੀ ਤੇ ਐਮ.ਏ. ਇਤਿਹਾਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀਆਂ। ਮੈਨੂੰ ਉਪਰੋਕਤ ਅਸਾਮੀ ਲਈ ਚੰਡੀਗੜ੍ਹ ਸੱਦਿਆ ਗਿਆ। ਮੈਂ ਦੋ ਦਿਨ ਪਹਿਲਾਂ ਹੀ ਫੈਸਲਾ ਕੀਤਾ ਕਿ ਹੁਣ ਨੌਕਰੀ ਨਹੀਂ ਕਰਨੀ ਹੈ। ਲੜਕੀ ਭੁਪਿੰਦਰਜੀਤ ਕੌਰ ਅੰਮ੍ਰਿਤਸਰ ਐਮ.ਫਿਲ ਵਿਚ ਦਾਖਲ ਹੋ ਗਈ। ਲੜਕਾ ਗੁਰਪ੍ਰੀਤ ਸਿੰਘ ਆਪਣੀ ਮਕੈਨੀਕਲ ਇੰਜੀਨੀਅਰ ਦੀ ਡਿਗਰੀ ਕਰਦਾ ਸੀ। ਧਰਮ ਪਤਨੀ ਬਤੌਰ ਮੁੱਖ ਅਧਿਆਪਕ ਸਰਕਾਰੀ ਐਲੀਮੈਂਟਰੀ ਸਕੂਲ ਅਹਿਰਾਣਾ ਕਲਾਂ ਵਿਖੇ ਪਦਉੱਨਤ ਹੋ ਕੇ ਗਈ ਸੀ। ਮੈਂ ਸਾਰੀ ਸੋਚ ਵਿਚਾਰ ਕਰਨ ਤੋਂ ਮਗਰੋਂ ਆਪਣਾ ਫੈਸਲਾ ਬਦਲ ਲਿਆ ਕਿ ਹੁਣ ਨੌਕਰੀ ਨਹੀਂ ਕਰਨੀ। ਮੈਂ ਨੌਕਰੀ ਕਰਨ ਲੱਗਾ ਤਾਂ ਘਰ ਦੀ ਦੇਖਭਾਲ ਕੌਣ ਕਰੇਗਾ। ਲੋਹੜੀ ਵਾਲੇ ਦਿਨ ਮੈਂ ਡੇਰਾ ਬਿਆਸ ਸੀ। ਧੁੰਦ ਬਹੁਤ ਪਈ ਹੋਈ ਸੀ। ਡੇਰਾ ਬਿਆਸ ਵਿਖੇ ਮੈਨੂੰ ਫੂਨ ਆਇਆ ਕਿ ਗੁਰਦਿਆਲ ਸਿੰਘ ਜੀ ਤੁਸੀਂ ਅੱਜ ਇੰਟਰਵਿਊ ਤੇ ਆ ਰਹੇ ਹੋ। ਮੈਂ ਜਵਾਬ ਦਿੱਤਾ ਕਿ ਮੈਂ ਡੇਰਾ ਬਿਆਸ ਵਿਖੇ ਨੌਕਰੀ ਲੈ ਲਈ ਹੈ। ਮੈਂ ਨਹੀਂ ਆਉਣਾ। ਉਸ ਵਿਅਕਤੀ ਨੇ ਜਵਾਬ ਦਿੱਤਾ ਕਿ ਵੈਸੇ ਮੈਂ ਵੀ ਡੇਰਾ ਬਿਆਸ ਦਾ ਸ਼ਰਧਾਲੂ ਹਾਂ। ਜੇ ਵਿਚਾਰ ਹੈ ਤਾਂ ਇਸ ਅਸਾਮੀ ਲਈ ਜ਼ਰੂਰ ਚੰਡੀਗੜ੍ਹ ਆਵੋ।

ਨਾਮਦਾਨ:- ਮੇਰਾ ਪਰਿਵਾਰ ਡੇਰਾ ਬਿਆਸ ਦਾ ਸ਼ਰਧਾਲੂ ਹੈ। ਮੈਂ ਵੀ ਆਪਣੇ ਬਚਪਨ ਤੋਂ ਡੇਰਾ ਬਿਆਸ ਜਾਂਦਾ ਹਾਂ। ਆਪਣੀ ਜਵਾਨੀ ਵੇਲੇ ਸੇਵਾ ਵੀ ਕਰਦਾ ਰਿਹਾ ਹਾਂ। 5-11-1995 ਨੂੰ ਮੈਨੂੰ ਤੇ ਮੇਰੀ ਧਰਮ ਪਤਨੀ ਦੋਹਾਂ ਨੂੰ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਪਾਸੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ। ਇਸ ਦਿਨ ਅਸੀਂ ਆਪਣੇ ਪਿੰਡ ਦੇ ਅੱਠ ਮੈਂਬਰ ਸਾਂ ਜਿਨ੍ਹਾਂ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਹੋਈ ਹੈ।

ਪਰਿਵਾਰਕ ਵੇਰਵਾ:- ਮੇਰਾ ਵਿਆਹ 3-7-1985 ਨੂੰ ਸ੍ਰੀਮਤੀ ਸ਼ਕੁੰਤਲਾ ਦੇਵੀ ਨਾਲ ਪਿੰਡ ਮੜੂਲੀ ਬ੍ਰਾਹਮਣਾ ਵਿਖੇ ਹੋਇਆ। ਪ੍ਰਿੰਸੀਪਲ ਚਮਨ ਲਾਲ ਜੀ ਮੇਰੀ ਜਨੇਤ ਵਿਚ ਸ਼ਾਮਲ ਸਨ। ਮੇਰੇ ਸਹੁਰਾ ਸਾਹਿਬ ਦਰਸ਼ਨ ਰਾਮ ਖੇਤੀਬਾੜੀ ਦੇ ਨਾਲ ਪਸ਼ੂਆਂ ਦਾ ਵਪਾਰ ਕਰਦੇ ਸਨ। ਉਸ ਸਮੇਂ ਉਨ੍ਹਾਂ ਉੱਪਰ ਪ੍ਰਮਾਤਮਾ ਦੀ ਕਿਰਪਾ ਸੀ ਕਿ ਜਿਸ ਕੰਮ ਨੂੰ ਹੱਥ ਪਾਉਂਦੇ ਸਨ ਫਤਹਿ ਹੁੰਦਾ ਸੀ। ਉਨ੍ਹਾਂ ਆਪਣੇ ਛੋਟੇ ਭਰਾਵਾਂ ਨੂੰ ਪੜ੍ਹਾ ਕੇ ਸਰਕਾਰੀ ਨੌਕਰੀਆਂ 'ਤੇ ਲਗਾਇਆ। ਆਪਣੇ ਵੱਡੇ ਪਰਿਵਾਰ ਦੀ ਪਾਲਣਾ ਕੀਤੀ। ਯਾਦ ਸ਼ਕਤੀ ਐਨੀ ਸੀ ਕਿ ਬੀਤੇ ਸਮੇਂ ਦੀ ਹਰ ਗੱਲ ਵਿਸਥਾਰ ਨਾਲ ਕਰਦੇ ਹਨ।

ਸਰਕਾਰੀ ਨੌਕਰੀ:- ਸ੍ਰੀਮਤੀ ਸ਼ਕੁੰਤਲਾ ਦੇਵੀ ਦੀ ਇਕ ਦੋ ਵਾਰ ਇੰਟਰਵਿਊ ਹੋਈ। ਪਹਿਲਾਂ ਲੁਧਿਆਣਾ ਤੇ ਫਿਰ ਫਿਰੋਜ਼ਪੁਰ। ਫਿਰੋਜ਼ਪੁਰ ਵਿਖੇ ਜਿਸ ਅਫ਼ਸਰ ਨੇ

ਇੰਟਰਵਿਊ ਲਈ ਬਿਨਾਂ ਕਿਸੇ ਸਿਫਾਰਸ਼ ਤੋਂ ਹਰ ਯੋਗ ਕਰਮਚਾਰੀ ਨੂੰ ਨੌਕਰੀ ਦਿੱਤੀ। ਸ਼ਕੁੰਤਲਾ ਦੇਵੀ ਮੈਰਿਟ ਦੇ ਬੇਸ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਚੋਂ ਪਹਿਲੇ ਨੰਬਰ 'ਤੇ ਸੀ। ਸਾਰੀਆਂ ਫਾਰਮੈਲਟੀਜ਼ ਕਰਨ ਤੋਂ ਪਹਿਲਾਂ ਸਰਕਾਰੀ ਪ੍ਰਾਇਮਰੀ ਸਕੂਲ ਥੇਂਦਾ ਚਿਪੜਾ (ਦਸੂਹਾ ਰੋਡ) ਹੁਸ਼ਿਆਰਪੁਰ ਵਿਖੇ 10-2-1989 ਨੂੰ ਹਾਜਰੀ ਦਿੱਤੀ। ਜੂਨ 1992 ਵਿਚ ਬਦਲ ਕੇ ਸਰਕਾਰੀ ਪ੍ਰਾਇਮਰੀ ਸਕੂਲ ਅਜੜਾਮ ਹਾਜ਼ਰ ਹੋਏ। ਇਥੋਂ ਬਦਲ ਕੇ ਤਨੂੰਲੀ ਫਿਰ ਰਹੀਮਪੁਰ ਹੁਸ਼ਿਆਰਪੁਰ ਤੇ ਇਥੋਂ ਪਦਉੱਨਤ ਹੋ ਕੇ ਸਰਕਾਰੀ ਪ੍ਰਾਇਮਰੀ ਸਕੂਲ ਅਹਿਗਣਾਂ ਕਲਾਂ (ਹੁਸ਼ਿਆਰਪੁਰ) ਬਤੌਰ ਮੁੱਖ ਅਧਿਆਪਕ ਹਾਜ਼ਰ ਹੋਏ। ਮੇਰੇ ਪਿਤਾ ਜੀ ਬਿਰਧ ਸਨ। ਉਨ੍ਹਾਂ ਦੀ ਬਹੁਤ ਸੇਵਾ ਕੀਤੀ। ਘਰ ਆਏ ਹਰ ਮਹਿਮਾਨ ਦਾ ਚੰਗੀ ਤਰ੍ਹਾਂ ਆਦਰ ਮਾਣ ਕੀਤਾ ਜਾਂਦਾ ਹੈ। ਘਰ ਦੀ ਸਾਂਭ ਸੰਭਾਲ ਇਨ੍ਹਾਂ ਦੇ ਸਿਰ 'ਤੇ ਹੈ।

ਵੰਸ਼:- ਲੜਕੀ ਭੁਪਿੰਦਰਜੀਤ ਕੌਰ

ਲੜਕਾ: ਗੁਰਪ੍ਰੀਤ ਸਿੰਘ

ਭੁਪਿੰਦਰਜੀਤ ਕੌਰ:- ਆਪ ਦਾ ਜਨਮ 27-11-1987 ਨਾਨਕਾ ਪਿੰਡ ਮੜੂਲੀ ਬ੍ਰਾਹਮਣਾ ਅੰਮ੍ਰਿਤ ਵੇਲੇ ਦਾ ਹੈ। ਮੁੱਢਲੀ ਪੜ੍ਹਾਈ ਪਿੰਡ ਗਗਨੌਲੀ ਤੋਂ ਪ੍ਰਾਪਤ ਕੀਤੀ। ਪੰਜਵੀਂ ਦੀ ਪ੍ਰੀਖਿਆ ਵਿਚੋਂ ਭੁਪਿੰਦਰਜੀਤ ਕੌਰ ਬਲਾਕ 2 ਏ, ਹੁਸ਼ਿਆਰਪੁਰ ਵਿਚੋਂ ਪਹਿਲੇ ਨੰਬਰ 'ਤੇ ਆਈ, ਜਿਥੇ ਸਕੂਲ ਦਾ ਨਾਮ ਰੋਸ਼ਨ ਕੀਤਾ, ਉਥੇ ਮਾਤਾ ਪਿਤਾ ਤੇ ਸਮਾਜ ਨੂੰ ਵੀ ਮਾਣ ਬਖਸ਼ਿਆ। ਮਿਡਲ ਪ੍ਰੀਖਿਆ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਪਹਿਲੇ ਦਰਜੇ ਵਿਚ ਕੀਤੀ ਤੇ ਸਾਰੇ ਸਕੂਲ ਵਿਚੋਂ ਪਹਿਲੇ ਨੰਬਰ ਤੇ ਆਈ ਸੀ। ਮੁੱਖ ਅਧਿਆਪਕ ਹੰਸ ਰਾਜ ਨੇ ਜਦੋਂ ਸਲਾਨਾ ਇਨਾਮ ਵੰਡ ਸਮਾਰੋਹ ਕੀਤਾ ਤਾਂ ਸਾਨੂੰ ਸੱਦਾ ਪੱਤਰ ਭੇਜਿਆ। ਐਸ.ਡੀ.ਐਮ. ਹੁਸਿਆਰਪੁਰ ਸ੍ਰੀ ਪਰਮਜੀਤ ਸਿੰਘ ਨੇ ਮੈਡਲ ਗਲ਼ ਵਿਚ ਪਾਇਆ।

ਭੁਪਿੰਦਰਜੀਤ ਨੇ +2 ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਤੋਂ ਕੀਤੀ। ਬੀ.ਏ. ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਤੇ ਬੀ.ਐੱਡ. ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਤੋਂ ਪਾਸ ਕੀਤੀ। ਐਮ.ਏ. ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪਾਸ ਕੀਤੀ। ਘਰੇਲੂ ਪ੍ਰੀਖਿਆ ਦਸੰਬਰ 2010 ਐਮ.ਏ. ਪੋਲ. ਸਾਇੰਸ ਵਿਚ ਪਹਿਲਾ ਇਨਾਮ ਪ੍ਰਾਪਤ ਕੀਤਾ। ਮਈ 2011 ਵਿਚ ਐਮ.ਏ. ਫਾਈਨਲ, ਟੀ.ਈ.ਟੀ. ਤੇ ਐਮ. ਫਿਲ. ਲਈ ਟੈਸਟ ਪਾਸ ਕੀਤਾ। ਐਮ. ਫਿਲ ਵਿਚ ਕੁੱਲ ਵੀਹ ਸੀਟਾਂ ਸਨ। ਐਮ. ਫਿਲ ਵਿਚ ਦਾਖਲਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਦਾਖਲਾ ਮਿਲ ਗਿਆ। ਇਸ ਕੋਰਸ ਵਿਚ ਭੁਪਿੰਦਰਜੀਤ ਕੌਰ ਨੂੰ ਯੂਨੀਵਰਸਿਟੀ ਵਲੋਂ ਫੈਲੋਸ਼ਿਪ ਦਿੱਤੀ ਗਈ।

ਸਰਕਾਰੀ ਨੌਕਰੀ:- 11-10-2013 ਵਿਚ ਭੁਪਿੰਦਰਜੀਤ ਕੌਰ ਨੂੰ ਸਰਕਾਰੀ ਨੌਕਰੀ ਮਿਲ ਗਈ। ਇਸ ਸਮੇਂ ਭੁਪਿੰਦਰਜੀਤ ਕੌਰ ਬਤੌਰ ਹਿੰਦੀ ਮਿਸਟ੍ਰੈਸ ਸਰਕਾਰੀ

ਹਾਈ ਸਕੂਲ ਸ਼ੇਰਗੜ੍ਹ ਵਿਖੇ ਪੜ੍ਹਾ ਰਹੀ ਹੈ।

ਭੁਪਿੰਦਰਜੀਤ ਕੌਰ ਦੀ ਸ਼ਾਦੀ:- ਭੁਪਿੰਦਰਜੀਤ ਕੌਰ ਦੀ ਸ਼ਾਦੀ ਸ. ਮਨਿੰਦਰ ਸਿੰਘ ਸਪੁੱਤਰ ਸ. ਸੇਵਾ ਸਿੰਘ ਵਾਸੀ ਮੁਹੱਲਾ ਨਿਊ ਫਤਹਿਗੜ੍ਹ ਹੁਸ਼ਿਆਰਪੁਰ ਨਾਲ ਮਿਤੀ 7-11-2016 ਨੂੰ ਦਿਨ ਸੋਮਵਾਰ ਨੂੰ ਮਨੀਲਾ ਪੈਲੇਸ, ਫਗਵਾੜਾ ਰੋਡ ਹੁਸ਼ਿਆਰਪੁਰ ਨਾਲ ਹੋਈ।

ਗੁਰਪ੍ਰੀਤ ਸਿੰਘ:- ਆਪ ਦਾ ਜਨਮ 17-11-1990 ਨੂੰ ਅੰਮ੍ਰਿਤ ਵੇਲੇ ਦਾ ਹੈ। ਇਸ ਨੇ ਵੀ ਮੁੱਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਗਗਨੋਲੀ ਤੋਂ ਪ੍ਰਾਪਤ ਕੀਤੀ ਹੈ। ਗੁਰਪ੍ਰੀਤ ਸਿੰਘ ਵੀ ਪੰਜਵੀਂ ਦੀ ਪ੍ਰੀਖਿਆ ਵਿਚੋਂ ਬਲਾਕ 2 ਏ, ਹੁਸ਼ਿਆਰਪੁਰ ਵਿਚੋਂ ਪਹਿਲੇ ਨੰਬਰ ਤੇ ਆਇਆ। ਦਸਵੀਂ ਜਮਾਤ ਹਰਿਕ੍ਰਿਸ਼ਨ ਪਬਲਿਕ ਸਕੂਲ ਹੁਸ਼ਿਆਰਪੁਰ ਤੋਂ ਅੰਗਰੇਜ਼ੀ ਮੀਡੀਅਮ ਵਿਚ ਪਾਸ ਕੀਤੀ। ਫਿਰ ਬਾਰ੍ਹਵੀਂ ਜਮਾਤ ਨਾਨ ਮੈਡੀਕਲ ਡੀ.ਏ.ਵੀ. ਸਕੂਲ ਤੋਂ ਪਾਸ ਕੀਤੀ। ਹੁਣ ਵਿਦੇਸ਼ ਜਾਣ ਦੀ ਤਿਆਰੀ ਵਿਚ ਹੈ।

ਮਕੈਨੀਕਲ ਇੰਜੀਨੀਰਿੰਗ:- ਪੰਡਿਤ ਜਗਤ ਰਾਮ ਜੇ.ਆਰ. ਬਹੁਤਕਨੀਕੀ ਕਾਲਜ ਹੁਸ਼ਿਆਰਪੁਰ ਤੋਂ ਡਿਪਲੋਮਾ ਤੇ ਡਿਗਰੀ ਇਸ ਹੀ ਕਾਲਜ ਤੋਂ ਪਾਸ ਕੀਤੀ। ਦੋਹਾਂ ਬੱਚਿਆਂ ਨੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ। ਲੜਕੇ ਤੇ ਲੜਕੀ ਦਾ ਦਾਖਲਾ ਹਰ ਕਾਲਜ ਵਿਚ ਮੈਰਿਟ ਬੇਸ ਤੇ ਹੁੰਦਾ ਸੀ।

ਪਿੰਡ ਤੋਂ ਹੁਸ਼ਿਆਰਪੁਰ ਆਉਣ ਦਾ ਮੇਰਾ ਸੁਪਨਾ ਸਾਕਾਰ ਹੋ ਗਿਆ ਹੈ। ਮੈਂ ਆਪਣੇ ਪਰਿਵਾਰ ਤੋਂ ਖੁਸ਼ ਹਾਂ। ਪ੍ਰਮਾਤਮਾ ਕਰੇ ਸਾਰਿਆਂ ਦੇ ਬੱਚੇ ਮਿਹਨਤੀ ਤੇ ਆਗਿਆਕਾਰੀ ਹੋਣ। ਇਹ ਮੇਰੀ ਜ਼ਿੰਦਗੀ ਦਾ ਸੰਖੇਪ ਵੇਰਵਾ ਹੈ ਜੋ ਮੈਂ ਬਿਆਨ ਕੀਤਾ ਹੈ।

ਸ: ਰੂੜ ਸਿੰਘ

ਸ. ਰੂੜ ਸਿੰਘ ਦੀ ਧਰਮ ਪਤਨੀ ਦਾ ਨਾਮ ਧੰਨ ਕੌਰ ਸੀ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਲੜੋਈ ਸਨ। ਮੀਆਂ ਬੀਬੀ ਦੋਹਾਂ ਦਾ ਰੰਗ ਗੋਰਾ ਸੀ। ਰੂੜ ਸਿੰਘ ਦੇ ਵੱਡੇ ਭਾਈ ਬੰਤਾ ਸਿੰਘ ਨੇ ਦੱਸਿਆ ਕਿ ਮੈਂ ਪਾਕਿਸਤਾਨ (ਬਾਰ) ਵਿਚ ਰਹਿੰਦਿਆਂ ਧੰਨ ਕੌਰ ਨੂੰ ਬਚਪਨ ਵਿਚ ਦੇਖਿਆ ਹੈ। ਧੰਨ ਕੌਰ ਦੇ ਪਿਤਾ ਨੂੰ ਕੁਝ ਉੱਚਾ ਬੋਲਣ ਦੀ ਆਦਤ ਸੀ।

ਜ਼ਿੰਦਗੀ ਦਾ ਸਫਰ:- ਸ. ਰੂੜ ਸਿੰਘ ਨੇ ਵੀ ਪਿੰਡ ਗਗਨੌਲੀ ਵਿਖੇ ਰਹਿੰਦਿਆਂ ਥੋੜਾ ਖੇਤੀਬਾੜੀ ਦਾ ਕੰਮ ਕੀਤਾ ਹੈ। ਇਸ ਦੇ ਨਾਲ ਆਪ ਨੇ ਵੀ ਕੱਪੜਾ ਬੁਨਣ ਦਾ ਕੰਮ ਕੀਤਾ ਹੈ।

ਜਲੰਧਰ ਆਉਣਾ:- ਲਾਲਾ ਚਮਨ ਲਾਲ ਕਾਹਰੀ ਦੇ ਨਾਲ ਆਪ ਜਲੰਧਰ ਆ ਗਏ। ਇਥੇ ਆ ਕੇ ਆਪ ਨੇ ਵਕੀਲ ਜਗਨ ਨਾਥ ਮਿੱਤਲ ਦੇ ਕਾਰਖਾਨੇ ਵਿਚ ਕੰਮ ਕਰਨਾ ਸ਼ੁਰੂ ਕੀਤਾ। ਪਹਿਲਾਂ ਇਹ ਕਾਰਖਾਨਾ ਛੋਟਾ ਸੀ ਫਿਰ ਇਹ ਵੱਡਾ ਹੋ ਗਿਆ।

ਰਾਮਾ ਮੰਡੀ:- ਸ. ਰੂੜ ਸਿੰਘ ਨੇ ਰਾਮਾ ਮੰਡੀ ਜਲੰਧਰ ਵਿਖੇ ਸੀਰੇ ਦਾ ਕੰਮ ਕੀਤਾ ਜੋ ਖੰਡ ਮਿੱਲਾ ਤੋਂ ਆਉਂਦਾ ਸੀ। ਉਸ ਨੂੰ ਡਰੰਮਾਂ ਵਿਚ ਭਰ ਕੇ ਫਿਰ ਵੇਚਿਆ ਜਾਂਦਾ ਸੀ। ਲਾਗਲੇ ਪਿੰਡ ਹੁਸੈਨਪੁਰ ਦੇ ਗੁਲਜਾਰੀ ਤੇ ਰੱਖਾ ਸਿੰਘ ਗੱਡਾ ਵਾਹੁੰਦੇ ਸਨ। ਉਨ੍ਹਾਂ ਕਈ ਵਾਰ ਰੂੜ ਸਿੰਘ ਦੀ ਗੱਲ ਕੀਤੀ ਹੈ ਕਿ ਅਸੀਂ ਸੀਰੇ ਦੇ ਡਰੰਮ ਜਲੰਧਰ ਤੋਂ ਲੱਦ ਕੇ ਹੁਸ਼ਿਆਰਪੁਰ ਲੈ ਕੇ ਆਉਂਦੇ ਸੀ।

ਕਪਾਹ ਵੇਲਣੀਆਂ:- ਰੂੜ ਸਿੰਘ ਫਿਰ ਰਾਮਾ ਮੰਡੀ ਤੋਂ ਲਾਡੋਵਾਲੀ ਰੋਡ, ਜਲੰਧਰ ਆ ਗਏ। ਇਥੇ ਲਾਲਾ ਜਗਨ ਨਾਥ ਨੇ ਸਭ ਤੋਂ ਪਹਿਲਾਂ ਕਪਾਹ ਵੇਲਣੀਆਂ ਲਾਈਆਂ ਤੇ ਕੰਮ ਸ਼ੁਰੂ ਕੀਤਾ।

ਤੇਲ ਵਾਲੇ ਕੋਹਲੂ:- ਇਸ ਤੋਂ ਮਗਰੋਂ ਉਨ੍ਹਾਂ ਨੇ ਨਾਲ ਹੀ ਤੇਲ ਵਾਲੇ ਬੀਜਾਂ ਦੇ ਕੋਹਲੂ ਲਗਾ ਲਏ ਜਿਨ੍ਹਾਂ ਵਿਚ ਹਰ ਤਰ੍ਹਾਂ ਦੇ ਤੇਲ ਕੱਢੇ ਜਾਂਦੇ ਸਨ ਜਿਵੇਂ ਸਰ੍ਹੋਂ, ਤਾਰਾ ਮੀਰਾ, ਅਲਸੀ, ਤਿਲ, ਨਾਰੀਅਲ ਤੇ ਰਿੰਡੀ ਆਦਿ। ਹੌਲੀ-ਹੌਲੀ ਕੰਮ ਦਾ ਵਾਧਾ ਹੁੰਦਾ ਗਿਆ।

ਜਲੰਧਰ ਵਿਚ ਪੱਕੇ ਤੌਰ ਤੇ ਰਹਿਣਾ:- ਰੂੜ ਸਿੰਘ 1947 ਤੋਂ ਮਗਰੋਂ ਪੱਕੇ ਤੌਰ ਤੇ ਜਲੰਧਰ ਸ਼ਹਿਰ ਵਿਚ ਰਹਿਣ ਲੱਗਾ। ਫਿਰ ਆਪ ਨੇ ਆਪਣੇ ਵੱਡੇ ਭਾਈ ਬਸੰਤ ਸਿੰਘ ਨੂੰ

ਵੀ ਆਪਣੇ ਕੋਲ ਸੱਦ ਲਿਆ। ਰੂੜ ਸਿੰਘ ਦੇ ਕੋਲ ਦੋ ਚੁਬਾਰੇ ਸਨ ਜਿਨ੍ਹਾਂ ਵਿਚ ਉਹ ਪਰਿਵਾਰ ਸਮੇਤ ਰਹਿੰਦਾ ਰਿਹਾ। ਇਥੇ ਆਪ ਸਿਰਫ ਪਾਣੀ ਦਾ ਬਿੱਲ ਤੇ ਬਿਜਲੀ ਦਾ ਬਿੱਲ ਦਿੰਦੇ ਸਨ। ਇਸ ਦਾ ਹੇਠਲਾ ਥਾਂ ਵੀ ਆਪ ਦੇ ਕੋਲ ਸੀ। ਇਸ ਥਾਂ ਦਾ ਇੰਤਕਾਲ ਨਹੀਂ ਹੋਇਆ ਸੀ। ਥਾਂ ਦਾ ਮਾਲਕ ਮਰ ਚੁੱਕਾ ਸੀ। ਕਿਸੇ ਹੋਰ ਆਦਮੀ ਨੇ ਦਾਅਵਾ ਕੀਤਾ ਕਿ ਇਹ ਥਾਂ ਮੇਰਾ ਹੈ। ਪਰ ਉਸ ਪਾਸ ਇਸ ਥਾਂ ਦਾ ਕੋਈ ਵੀ ਸਬੂਤ ਨਹੀਂ ਸੀ। ਰੂੜ ਸਿੰਘ ਦੇ ਪਾਸ ਪਾਣੀ ਤੇ ਬਿਜਲੀ ਦੇ ਸਾਰੇ ਬਿੱਲ ਸਨ। ਇਹ ਸਾਰਾ ਥਾਂ 2005 ਵਿਚ ਆਪ ਦੇ ਨਾਮ ਚੜ੍ਹ ਗਿਆ। ਮਕਾਨ ਦੇ ਦੱਖਣ ਦੇ ਪਾਸੇ ਇਕ ਪਲਾਟ ਸੀ, ਜਿਸ ਵਿਚ ਸਬਜ਼ੀ ਵਗੈਰਾ ਲਗਾਉਂਦੇ ਸਨ। ਰੂੜ ਸਿੰਘ ਦਾ ਭਾਈ ਆਪਣੇ ਅਲੱਗ ਮਕਾਨ ਵਿਚ ਰਹਿੰਦਾ ਸੀ ਪਰ ਕੰਮ ਇਕ ਹੀ ਕਾਰਖਾਨੇ ਵਿਚ ਕਰਦੇ ਸਨ।

ਤਨਖਾਹ:- ਮੈਂ ਰੂੜ ਸਿੰਘ ਦੀ ਲੜਕੀ ਪ੍ਰਕਾਸ਼ ਕੌਰ ਨੂੰ 1-06-2015 ਨੂੰ ਜਲੰਧਰ ਮਿਲਣ ਗਿਆ ਤਾਂ ਇਨ੍ਹਾਂ ਨੇ ਮੈਨੂੰ ਪੁਰਾਣੇ ਰਜਿਸਟਰ ਦਿਖਾਏ ਜੋ 1958 ਦੇ ਸਨ ਜੋ ਉਰਦੂ ਵਿਚ ਸਨ। ਰੂੜ ਸਿੰਘ ਨੂੰ 75 ਰੁ: ਮਹੀਨਾ ਤਨਖਾਹ ਮਿਲਦੀ ਸੀ। ਰਜਿਸਟਰ ਤੇ ਰਸੀਦੀ ਟਿਕਟ ਲਗਾ ਕੇ ਅੰਗੂਠਾ ਲੱਗਾ ਹੋਇਆ ਸੀ। ਥਾਂ ਦਾ ਕੇਸ ਚੱਲਦੇ ਸਮੇਂ ਰੂੜ ਸਿੰਘ ਨੇ ਸਾਰੇ ਕੇਸ ਅਦਾਲਤ ਵਿਚ ਪੇਸ਼ ਕੀਤੇ।

ਲਾਲਾ ਜਗਨ ਨਾਥ ਨੇ ਆਪਣੇ ਕਾਰਖਾਨੇ ਵਿਚ ਵਾਧਾ ਕੀਤਾ। ਤੇਲ ਵਾਲੇ ਬੀਜਾਂ ਤੋਂ ਇਲਾਵਾ ਇਥੇ ਸਾਬਣ ਲਗਾ ਤੇ ਖੱਲ਼ ਬਣਨ ਲੱਗੀ। ਦੱਸਿਆ ਜਾਂਦਾ ਹੈ ਕਿ ਇਸ ਕਾਰਖਾਨੇ ਵਿਚ ਬਿਜਲੀ ਦੀਆਂ 16 ਮੋਟਰਾਂ ਚਲਦੀਆਂ ਸਨ। ਇੱਥੇ ਬਹੁਤ ਸਾਰੇ ਮਿਸਤਰੀ ਤੇ ਮਜ਼ਦੂਰ ਕੰਮ ਕਰਦੇ ਸਨ। ਕਾਰਖਾਨੇ ਵਾਸਤੇ ਕੱਚਾ ਮਾਲ ਬਾਹਰਲੇ ਸੂਬਿਆਂ ਤੋਂ ਆਉਂਦਾ ਸੀ ਤੇ ਬਣਿਆ ਮਾਲ ਬਾਹਰ ਜਾਂਦਾ ਸੀ।

ਜਦੋਂ ਸ. ਰੂੜ ਸਿੰਘ ਨੇ ਆਪਣੇ ਕੰਮ ਵਿਚ ਮੁਹਾਰਤ ਹਾਸਲ ਕਰ ਲਈ ਤਾਂ ਫਿਰ ਆਪ ਦੀ ਤਨਖਾਹ ਵਧਾ ਦਿੱਤੀ ਗਈ। ਤਨਖਾਹ ਤੋਂ ਇਲਾਵਾ ਕਾਰਖਾਨੇ ਦੇ ਮਾਲਕ ਦਿਨ ਤਿਉਹਾਰ 'ਤੇ ਆਪ ਦਾ ਸਤਿਕਾਰ ਕਰਦੇ ਸਨ। ਆਪ ਦਿਨ ਵੇਲੇ ਕੰਮ ਕਰਦੇ ਸਨ। ਆਪ ਦਾ ਭਾਈ ਬਸੰਤ ਸਿੰਘ ਰਾਤ ਸਮੇਂ ਕਾਰਖਾਨੇ ਦੀ ਦੇਖ-ਰੇਖ ਕਰਦਾ ਸੀ। ਦੱਸਿਆ ਜਾਂਦਾ ਹੈ ਕਿ ਕਾਰਖਾਨੇ ਵਿਚ ਦੋਹਾਂ ਭਰਾਵਾਂ ਦੀ ਸਰਦਾਰੀ ਸੀ।

ਜਿੰਨਾ ਚਿਰ ਆਪ ਦਾ ਸਰੀਰ ਕੰਮ ਕਰਦਾ ਰਿਹਾ ਆਪ ਕਾਰਖਾਨੇ ਵਿਚ ਕੰਮ ਕਰਦੇ ਰਹੇ। ਵਡੇਰੀ ਉਮਰ ਵਿਚ ਆਪ ਸਿਰਫ਼ ਦਫ਼ਤਰ ਵਿਚ ਬਹਿੰਦੇ ਸਨ। ਬਾਹਰੋਂ ਆਏ ਵਿਅਕਤੀ ਨੂੰ ਡੀਲ ਕਰਦੇ ਸਨ। ਆਪ ਦੀ ਇਮਾਨਦਾਰੀ ਨੂੰ ਦੇਖਦੇ ਹੋਏ ਕਾਰਖਾਨੇ ਦੇ ਮਾਲਕਾਂ ਨੇ ਆਪ ਨੂੰ ਘਰ ਬੈਠਿਆਂ ਪੈਨਸ਼ਨ ਦੇ ਰੂਪ ਵਿਚ ਤਨਖਾਹ ਦਿੱਤੀ ਹੈ, ਜਦੋਂ ਸਰੀਰ ਬਿਲਕੁਲ ਕਮਜ਼ੋਰ ਹੋ ਗਿਆ ਸੀ। ਜਿੰਨਾ ਚਿਰ ਆਪ ਜਿਉਂਦੇ ਰਹੇ ਆਪ ਪਿੰਡ ਆ ਕੇ ਮਿਲ ਜਾਂਦੇ ਸਨ। ਪਿੰਡ ਦੇ ਸ਼ਰੀਕੇ ਭਾਈ ਚਾਰੇ ਦੇ ਲੋਕ ਵੀ ਜਦੋਂ ਜਲੰਧਰ ਜਾਂਦੇ ਸਨ ਤਾਂ ਆਪ ਨੂੰ ਮਿਲ ਕੇ ਆਉਂਦੇ ਸਨ। ਮੈਂ ਆਪਣੇ ਪਿੰਡ ਦੇ ਕਿਸੇ ਵੀ ਆਦਮੀ ਤੋਂ ਆਪ ਬਾਰੇ ਕੋਈ ਮਾੜੀ ਚੰਗੀ ਨਹੀਂ ਸੁਣੀ ਹੈ।

ਆਪ ਦਾ ਅੰਤਮ ਸਮਾਂ:- ਵਡੇਰੀ ਉਮਰ ਵਿਚ ਆਪ ਨੇ ਕਾਰਖਾਨੇ ਦਾ ਕੰਮ ਛੱਡ ਦਿੱਤਾ ਸੀ। ਵੈਸੇ ਆਪ ਫਿਰਦੇ ਤੁਰਦੇ ਸਨ। ਜਦੋਂ ਅਸੀਂ ਮਿਲਣ ਜਾਣਾ ਤਾਂ ਆਪ ਪਿੰਡ ਤੇ ਜਲੰਧਰ ਸ਼ਹਿਰ ਦੀਆਂ ਸਾਰੀਆਂ ਗੱਲਾਂ ਸਾਡੇ ਨਾਲ ਕਰਦੇ ਸਨ। ਆਪ ਮੀਆਂ ਬੀਬੀ ਦੋਵੇਂ ਡੇਰਾ ਬਿਆਸ ਦੇ ਸ਼ਰਧਾਲੂ ਸਨ। ਆਪ ਨੂੰ ਬਾਬਾ ਸਾਵਣ ਸਿੰਘ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਸੀ। ਦਿਨ ਵਾਰ 'ਤੇ ਆਪ ਡੇਰਾ ਬਿਆਸ ਜਾਂਦੇ ਸਨ।

ਧੰਨ ਕੌਰ ਦੀ ਮੌਤ:- ਆਪ ਦੀ ਧਰਮ ਪਤਨੀ ਧੰਨ ਕੌਰ ਦਾ ਚੰਗਾ ਪ੍ਰਭਾਵ ਸੀ। ਇਨ੍ਹਾਂ ਨੂੰ ਵੀ ਉੱਚਾ ਬੋਲਣ ਦੀ ਆਦਤ ਸੀ। ਆਂਢ-ਗੁਆਂਢ ਵਿਚ ਬੜੇ ਸਤਿਕਾਰ ਨਾਲ ਰਹਿੰਦੇ ਸਨ। ਜਿਊਂਦੇ ਜੀਅ ਆਪ ਨੇ ਵੀ ਬਹੁਤ ਲਗਨ ਨਾਲ ਕੰਮ ਕੀਤਾ। ਆਪ ਬਹੁਤ ਸਫਾਈ ਪ੍ਰੇਮੀ ਸਨ। ਆਪ ਦੀ ਤਿਆਰ ਕੀਤੀ ਰੋਟੀ ਇਵੇਂ ਲੱਗਦੀ ਸੀ ਜਿਵੇਂ ਹੁਣੇ ਹੀ ਤਿਆਰ ਕੀਤੀ ਹੋਵੇ। ਆਪ ਦੁਆਰਾ ਪਾਏ ਗਏ ਵੱਖ-ਵੱਖ ਆਚਾਰ (ਅੰਬ, ਨਿੰਬੂ, ਢੇਊ) ਆਦਿ ਤਿੰਨ ਸਾਲ ਦੇ ਮਰਤਵਾਨਾਂ ਵਿਚ ਪਾਏ ਤਾਜ਼ਾ ਲੱਗਦੇ ਸਨ। ਗੱਲਾਂ ਕਰਦੇ ਸਮੇਂ ਕਦੇ-ਕਦੇ ਹਾਸਾ ਮਜ਼ਾਕ ਵੀ ਕਰ ਲੈਂਦੇ ਸਨ। ਸਰੀਰ ਤਿਆਗਣ ਤੋਂ ਪਹਿਲਾਂ ਆਪ ਥੋੜ੍ਹਾ ਕਮਜ਼ੋਰ ਹੋ ਗਏ ਸਨ। ਆਪ ਆਪਣੀ ਸੁਆਸਾਂ ਰੂਪੀ ਪੂੰਜੀ ਨੂੰ ਭੋਗਦੇ ਹੋਏ ਮਿਤੀ 28-5-1993 ਨੂੰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਦੇ ਨਮਿਤ ਭੋਗ ਦੀ ਰਸਮ 5-6-1993 ਨੂੰ ਅਦਾ ਕੀਤੀ ਗਈ। ਆਪ ਦੇ ਸਸਕਾਰ ਤੇ ਭੋਗ ਵਾਲੇ ਦਿਨ ਸਮੂਹ ਰਿਸ਼ਤੇਦਾਰ ਪਿੰਡ ਗਗਨੋਲੀ ਤੋਂ ਸ਼ਰੀਕਾ ਭਾਈਚਾਰਾ ਗਿਆ ਹੋਇਆ ਸੀ।

ਸ. ਰੂੜ ਸਿੰਘ ਦੀ ਮੌਤ:- ਮੈਂ 27-6-2004 ਨੂੰ ਚਾਚਾ ਰੂੜ ਸਿੰਘ ਨੂੰ ਜਲੰਧਰ ਮਿਲਣ ਗਿਆ। ਆਪ ਬਿਮਾਰ ਹਾਲਤ ਵਿਚ ਲੇਟੇ ਹੋਏ ਸਨ। ਮੇਰਾ ਵੱਡਾ ਭਾਈ ਨਿਰਮਲ ਸਿੰਘ ਪਹਿਲਾਂ ਹੀ ਪਹੁੰਚ ਚੁੱਕਾ ਸੀ। ਇਨ੍ਹਾਂ ਦੀ ਲੜਕੀ ਪ੍ਰਕਾਸ਼ ਕੌਰ ਤੇ ਭਾਈ ਨਿਰਮਲ ਸਿੰਘ ਕਿਸੇ ਖਾਸ ਡਾਕਟਰ ਪਾਸੋਂ ਦਵਾਈ ਲੈ ਕੇ ਆਏ ਸਨ। ਚਾਚਾ ਜੀ ਵੈਸੇ ਗੱਲਬਾਤ ਕਰ ਰਹੇ ਸਨ। ਮੈਂ ਦੋ ਘੰਟੇ ਵਾਸਤੇ ਆਪਣੇ ਮਾਮਾ ਚੈਂਚਲ ਸਿੰਘ ਨੂੰ ਮੁਹੱਲਾ ਪ੍ਰੀਤ ਨਗਰ ਜਲੰਧਰ ਵਿਚ ਮਿਲਣ ਗਿਆ। ਮੈਂ ਉਨ੍ਹਾਂ ਦੀ ਖ਼ਬਰਸਾਰ ਲੈ ਕੇ ਵਾਪਸ ਆ ਗਿਆ ਸੀ। ਜਸਵੰਤ ਸਿੰਘ ਬਿੰਦਰ ਵੀ ਆ ਗਿਆ ਸੀ। ਰਾਤ ਪੈ ਚੁੱਕੀ ਸੀ ਅਸੀਂ ਸਾਰੇ ਉਨ੍ਹਾਂ ਦੇ ਕੋਲ ਗੱਲਬਾਤ ਕਰ ਰਹੇ ਸੀ। ਸ. ਰੂੜ ਸਿੰਘ ਨੂੰ ਕੰਧ ਦੇ ਸਹਾਰੇ ਨਾਲ ਬਿਠਾਇਆ ਹੋਇਆ ਸੀ। ਉਨ੍ਹਾਂ ਨੂੰ ਖਾਣ ਵਾਸਤੇ ਦਲੀਆ ਦਿੱਤਾ ਜੋ ਉਨ੍ਹਾਂ ਥੋੜ੍ਹਾ ਖਾਧਾ ਅਸੀਂ ਜੋ ਗੱਲ ਕਰਦੇ ਉਹ ਸਿਰ ਹਿਲਾ ਕੇ ਜਵਾਬ ਦਿੰਦੇ ਸਨ। ਸਾਰੀ ਰਾਤ ਅਸੀਂ ਵਾਰੀ-ਵਾਰੀ ਦੇਖਭਾਲ ਕਰਦੇ ਰਹੇ। ਸਵੇਰ ਸਾਰ ਅਸੀਂ ਉਨ੍ਹਾਂ ਨੂੰ ਫਿਰ ਡਾਕਟਰ ਦੇ ਕੋਲ ਲਿਜਾਣ ਦਾ ਪ੍ਰਬੰਧ ਕੀਤਾ। ਅਸੀਂ ਸਾਰਿਆਂ ਨੇ ਚਾਹ ਦੇ ਕੱਪ ਆਪਣੇ ਹੱਥ ਵਿਚ ਫੜੇ ਹੋਏ ਸਨ। ਅਜੇ ਦੋ-ਦੋ ਘੁੱਟ ਹੀ ਪੀਤੇ ਸਨ ਕਿ ਅਚਾਨਕ ਸ. ਰੂੜ ਸਿੰਘ ਨੇ ਲੰਮੇ-ਲੰਮੇ ਸਾਹ ਲੈਣੇ ਸ਼ੁਰੂ ਕੀਤੇ। ਚੰਦ ਹੀ ਮਿੰਟਾਂ ਵਿਚ ਉਹ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 27-06-2004 ਦਿਨ ਐਤਵਾਰ ਨੂੰ ਗੁਰੂ ਚਰਨਾਂ ਜਾ ਬਿਰਾਜੇ।

ਆਪਣੇ ਪ੍ਰਾਣਾਂ ਦਾ ਤਿਆਗ ਕਰਦੇ ਸਮੇਂ ਆਪ ਨੇ ਕੋਈ ਹਾਏ ਤੌਬਾ ਨਹੀਂ ਕੀਤੀ।

ਆਪ ਦੇ ਸੁਰਗਵਾਸ ਹੋਣ ਸਬੰਧੀ ਜਲਦੀ ਹੀ ਸਾਰਿਆਂ ਨੂੰ ਟੈਲੀਫੂਨ 'ਤੇ ਦੱਸ ਦਿੱਤਾ ਗਿਆ। ਚੁਬਾਰੇ ਉੱਪਰ ਸ਼ਾਮਿਆਨਾ ਲਗਾ ਦਿੱਤਾ ਗਿਆ, ਆਏ ਰਿਸ਼ਤੇਦਾਰਾਂ ਲਈ ਰੋਟੀ ਦਾ ਪ੍ਰਬੰਧ ਵੀ ਕਰ ਦਿੱਤਾ ਗਿਆ। ਆਪ ਦਾ ਦਾਮਾਦ ਕਲਕੱਤੇ ਰਹਿੰਦਾ ਸੀ ਉਨ੍ਹਾਂ ਨੂੰ ਵੀ ਫੂਨ 'ਤੇ ਦੱਸ ਦਿੱਤਾ। ਉਨ੍ਹਾਂ ਕਿਹਾ ਕਿ ਮੈਂ 29-06-04 ਨੂੰ ਪਹੁੰਚਾਂਗਾ। ਉਨ੍ਹਾਂ ਅੱਗੇ ਕਿਹਾ ਕਿ ਪਿਤਾ ਜੀ ਦੀ ਵੀਡੀਓ ਤੇ ਫੋਟੋਗ੍ਰਾਫੀ ਜ਼ਰੂਰ ਕਰਨੀ ਹੈ।

ਸਸਕਾਰ:- ਸਾਰੇ ਰਿਸ਼ਤੇਦਾਰਾਂ ਦੇ ਪਹੁੰਚਣ ਉਪਰੰਤ ਸ. ਰੂੜ ਸਿੰਘ ਦੇ ਨਵੇਂ ਬਸਤਰ ਤੇ ਸਿਰ 'ਤੇ ਪਗੜੀ ਸਜਾ ਕੇ ਅੰਤਿਮ ਯਾਤਰਾ ਦੀ ਤਿਆਰੀ ਕਰ ਦਿੱਤੀ ਸੀ। ਆਏ ਹੋਏ ਸਾਰੇ ਰਿਸ਼ਤੇਦਾਰਾਂ ਦੇ ਫੋਟੋ ਖਿੱਚੇ ਗਏ। ਗੜ੍ਹਾ ਰੋਡ, ਜਲੰਧਰ ਤੇ ਸ. ਰੂੜ ਸਿੰਘ ਦਾ ਸਸਕਾਰ ਕੀਤਾ ਗਿਆ ਉਨ੍ਹਾਂ ਦੀ ਚਿਖਾ ਨੂੰ ਅਗਨੀ ਨਿਰਮਲ ਸਿੰਘ ਨੇ ਦਿਖਾਈ। ਤੀਸਰੇ ਦਿਨ ਉਨ੍ਹਾਂ ਦੀਆਂ ਅਸਤੀਆਂ ਜਲ ਪ੍ਰਵਾਹ ਕਰਨ ਲਈ ਚੁਗ ਲਈਆਂ ਗਈਆਂ ਉਨ੍ਹਾਂ ਦਾ ਦਾਮਾਦ ਪ੍ਰੀਤਮ ਸਿੰਘ ਕਲਕੱਤੇ ਤੋਂ ਪਹੁੰਚ ਚੁੱਕਾ ਸੀ।

ਮੈਂ ਵੀ ਹੁਸ਼ਿਆਰਪੁਰ ਤੋਂ ਪੰਜ ਵਾਲੀ ਰੇਲਗੱਡੀ ਰਾਹੀਂ ਸਿੱਧਾ ਹੀ ਸ਼ਮਸ਼ਾਨਘਾਟ ਪਹੁੰਚ ਗਿਆ। ਇਨ੍ਹਾਂ ਦਿਨਾਂ ਵਿਚ ਚੋਣ ਡਿਊਟੀ ਲੱਗੀ ਹੋਈ ਸੀ। ਮੈਂ ਐਸ.ਡੀ.ਐਮ. ਪਰਮਜੀਤ ਸਿੰਘ ਨੂੰ ਦੱਸਿਆ ਕਿ ਮੇਰੇ ਚਾਚਾ ਜੀ ਜਲੰਧਰ 28-06-04 ਨੂੰ ਸੁਰਗਵਾਸ ਹੋ ਗਏ ਹਨ। ਉਨ੍ਹਾਂ ਦੇ ਨਮਿਤ ਭੋਗ ਦੀ ਰਸਮ ਅਸੀਂ ਹੀ ਕਰਨੀ ਹੈ। ਮੇਰੇ ਕੋਲ ਜਲੰਧਰ ਦੇ ਸ਼ਮਸ਼ਾਨਘਾਟ ਦੀ ਰਸੀਦ ਸੀ ਪਰ ਉਨ੍ਹਾਂ ਕਿਸੇ ਪਰੂਫ ਤੋਂ ਮੈਨੂੰ ਚੋਣ ਡਿਊਟੀ ਤੋਂ ਫ਼ਾਰਗ ਕਰ ਦਿੱਤਾ। ਅਸਤੀਆਂ ਡੇਰਾ ਬਿਆਸ ਵਿਖੇ ਦਰਿਆ 'ਚ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ।

ਭੋਗ ਦੀ ਰਸਮ:- ਸ. ਰੂੜ ਸਿੰਘ ਦੇ ਨਮਿਤ ਭੋਗ ਦੀ ਰਸਮ 10-7-2004 ਨੂੰ ਕੀਤੀ ਗਈ। ਇਸ ਸਬੰਧੀ ਸੁਖਮਨੀ ਸਾਹਿਬ ਦੇ ਜਾਪ ਕਰਨ ਉਪਰੰਤ ਰਾਗੀ ਸਿੰਘਾਂ ਦੁਆਰਾ ਰਸਭਿੰਨਾ ਕੀਰਤਨ ਕੀਤਾ ਗਿਆ। 108 ਸੰਤ ਸੁਰਿੰਦਰ ਦਾਸ ਡੇਰਾ ਬਾਬਾ ਸਰਵਣ ਦਾਸ ਬੱਲਾਂ, ਜਲੰਧਰ ਜੀ ਨੇ ਸੰਗਤਾਂ ਨੂੰ ਸੰਸਾਰ ਦੀ ਨਾਸ਼ਵਾਨਤਾ ਦੇ ਸਬੰਧ ਵਿਚ ਪ੍ਰਵਚਨ ਸਰਵਣ ਕਰਵਾਏ ਜੋ ਗ੍ਰੰਥ ਸਾਹਿਬ ਦੇ ਪੰਨਾ 793 ਤੇ ਸੂਹੀ ਰਾਗ ਵਿਚ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਫੁਰਮਾਨ ਕੀਤੇ ਹਨ।

ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਉਪਰਿ ਮਰਨਾ॥੧॥
ਮਿਲਤ ਪਿਆਰੋ ਪ੍ਰਾਨ ਨਾਥ ਕਵਨ ਭਗਤਿ ਤੇ॥
ਸਾਧ ਸੰਗਤਿ ਪਾਈ ਪਰਮ ਗਤੇ॥ ਰਹਾਉ॥ **ਅੰਗ 1293**

ਸ਼ਬਦ ਸਾਰ:- ਹੇ ਮੇਰੇ ਪ੍ਰਾਣਾਂ ਤੋਂ ਪਿਆਰੇ ਪ੍ਰਭੂ ਮੈਂ ਕਿਹੜੀ ਭਗਤੀ ਕਰਾਂ ਕਿ ਆਪ ਨਾਲ ਮਿਲਾਪ ਹੋ ਜਾਵੇ। ਗੁਰੂ ਜੀ ਫੁਰਮਾਨ ਕਰਦੇ ਹਨ ਕਿ ਇਹ ਪਰਮਗਤ ਸਾਧ ਸੰਗਤ ਵਿਚ ਬੈਠ ਕੇ ਪਾਈ ਜਾ ਸਕਦੀ ਹੈ। ਪ੍ਰਮਾਤਮਾ ਦੇ ਭਗਤ ਪ੍ਰਮਾਤਮਾ ਨਾਲ ਮਿਲਾਪ ਕਰ ਚੁੱਕੇ ਹਨ ਉਹ ਸਾਨੂੰ ਪ੍ਰਮਾਤਮਾ ਨਾਲ ਮਿਲਣ ਦੀ ਵਿਧੀ ਦੱਸਦੇ ਹਨ।

ਇਸ ਤੋਂ ਉਪਰੰਤ ਮੈਂ ਜਿਥੇ ਸ. ਰੂੜ ਸਿੰਘ ਬਾਰੇ ਵਿਚਾਰ ਵਿਅਕਤ ਕੀਤੇ, ਉੱਥੇ ਮੈਂ ਸਾਰੇ ਭਰਾਵਾਂ ਬਾਰੇ ਦੱਸਿਆ ਕਿ ਜਿਥੇ ਵੀ ਗਏ ਇਨ੍ਹਾਂ ਆਪਣਾ ਆਚਰਣ ਉੱਚਾ ਤੇ ਸੁੱਚਾ ਰੱਖਿਆ ਤੇ ਸਾਰਾ ਜੀਵਨ ਹੱਕ-ਹਲਾਲ ਦੀ ਕਮਾਈ ਕੀਤੀ। ਆਏ ਰਿਸ਼ਤੇਦਾਰਾਂ ਵਿਚ ਇਨ੍ਹਾਂ ਦਾ ਸਹੁਰਾ ਪਰਿਵਾਰ ਤੇ ਪਿੰਡ ਗਗਨੌਲੀ ਤੋਂ ਸਾਰਾ ਸਰੀਕਾ ਭਾਈਚਾਰਾ, ਭਤੀਜੇ, ਭਤੀਜੀਆਂ ਤੇ ਭਾਣਜੀਆਂ ਹਾਜ਼ਰ ਸਨ।

ਰਸਮ ਪਗੜੀ:- ਅਰਦਾਸ ਹੋਣ ਉਪਰੰਤ ਪਰਿਵਾਰਕ ਜ਼ਿੰਮੇਵਾਰੀ ਦੀ ਪੱਗੜੀ ਸਾਡੇ ਵੱਡੇ ਵੀਰ ਨਿਰਮਲ ਸਿੰਘ ਦੇ ਬੰਨ੍ਹਾਈ ਗਈ।

ਗੁਰੂ ਦੇ ਲੰਗਰ:- ਗਰਮੀ ਹੋਣ ਕਰਕੇ ਆਈਆਂ ਸੰਗਤਾਂ ਵਾਸਤੇ ਠੰਢੇ ਮਿੱਠੇ ਜਲ ਦੇ ਪ੍ਰਬੰਧ ਦੇ ਨਾਲ ਚਾਹ, ਮਿਠਾਈ, ਪਕੌੜੇ ਤੇ ਲੰਗਰ ਦਾ ਖਾਸ ਪ੍ਰਬੰਧ ਸੀ।

ਨੋਟ: ਭੋਗ ਦਾ ਸਾਰਾ ਖਰਚ ਲਾਲਾ ਜਗਨ ਨਾਥ ਦੇ ਪਰਿਵਾਰ ਨੇ ਕੀਤਾ ਤੇ ਕਿਹਾ, "ਅਸੀਂ ਹਮੇਸ਼ਾ ਰੂੜ ਸਿੰਘ ਤੇ ਉਸ ਦੇ ਪਰਿਵਾਰ ਨੂੰ ਯਾਦ ਰੱਖਾਂਗੇ। ਉਨ੍ਹਾਂ ਕਿਹਾ ਕਿ ਇਹ ਮਿਹਨਤੀ ਤੇ ਇਮਾਨਦਾਰ ਇਨਸਾਨ ਸਨ।"

ਵੰਸ਼:- ਸ. ਰੂੜ ਸਿੰਘ ਦੇ ਵੰਸ਼ ਵਿਚ ਦੋ ਲੜਕੇ ਤੇ ਇਕ ਲੜਕੀ ਹੈ।

ਲੜਕੇ: ਭੈਣ ਪ੍ਰਕਾਸ਼ ਕੌਰ ਨੇ ਦੱਸਿਆ ਕਿ ਦੋ ਲੜਕੇ ਪ੍ਰਗਾਸ਼ ਸਿੰਘ ਤੇ ਸੀਤਾ ਸਿੰਘ ਸਨ ਜੋ 7-8 ਸਾਲ ਦੇ ਹੋ ਕੇ ਗੁਜਰ ਗਏ ਸਨ।

ਲੜਕੀ:- ਇਨ੍ਹਾਂ ਤੋਂ ਮਗਰੋਂ ਪ੍ਰਕਾਸ਼ ਕੌਰ ਦਾ ਜਨਮ ਹੋਇਆ। ਦੱਸਿਆ ਜਾਂਦਾ ਹੈ ਕਿ ਪ੍ਰਕਾਸ਼ ਕੌਰ ਨੂੰ ਜਨਮ ਸਾਰ ਢੇਰ ਉੱਪਰ ਲਿਟਾਇਆ ਗਿਆ ਤੇ ਇਸ ਦਾ ਨਾਮ ਰੁਲਦੀ ਰੱਖਿਆ ਕਿ ਸਾਡੀ ਲੜਕੀ ਰੁਲ਼ ਖੁਲ੍ਹ ਕੇ ਬਚ ਜਾਵੇ। ਇਹ ਦੱਸਿਆ ਜਾਂਦਾ ਹੈ ਕਿ ਫਿਰ ਇਕ ਫਕੀਰ ਸਾਂਈ ਨੂੰ ਸਦ ਕੇ ਲਿਆਂਦਾ ਜਿਨ੍ਹਾਂ ਲੜਕੀ 'ਤੇ ਆਪਣੀ ਰਹਿਮਤ ਦਾ ਸਿਰ 'ਤੇ ਹੱਥ ਧਰਿਆ ਤੇ ਵਡੇਰੀ ਉਮਰ ਹੋਣ ਦਾ ਅਸ਼ੀਰਵਾਦ ਦਿੱਤਾ। ਜਦੋਂ ਲੜਕੀ ਨੂੰ ਸਕੂਲ ਪੜ੍ਹਨਾ ਪਾਇਆ ਤਾਂ ਲੜਕੀ ਦਾ ਨਾਮ ਪ੍ਰਕਾਸ਼ ਕੌਰ ਰੱਖਿਆ ਗਿਆ।

ਪੜ੍ਹਾਈ:- ਪ੍ਰਕਾਸ਼ ਕੌਰ ਨੇ ਜਲੰਧਰ ਦੇ ਸਕੂਲ ਤੋਂ ਆਪਣੀ ਮਿਡਲ ਪ੍ਰੀਖਿਆ ਪਾਸ ਕਰਨ ਉਪਰੰਤ ਸਿਲਾਈ ਕਢਾਈ ਦਾ ਕੰਮ ਸਿੱਖ ਲਿਆ। ਸਿਲਾਈ ਵਾਸਤੇ ਸਾਡੀ ਚਾਚੀ ਧੰਨ ਕੌਰ ਮਾਹਰ ਸੀ। ਜਿਸ ਨੇ ਆਪਣੇ ਭਾਈ ਤੋਂ ਕੱਪੜੇ ਸਿਊਣੇ ਸਿੱਖੇ ਸਨ। ਉਹ ਘਰੇਲੂ ਕੰਮ ਵਿਚ ਮਾਹਰ ਸੀ।

ਵਿਆਹ:- ਪ੍ਰਕਾਸ਼ ਕੌਰ ਦਾ ਵਿਆਹ ਸ੍ਰੀ ਪ੍ਰੀਤਮ ਸਿੰਘ ਸਪੁੱਤਰ ਮੰਗਲ ਸਿੰਘ ਪਿੰਡ ਕਰਾੜੀ, ਜ਼ਿਲ੍ਹਾ ਜਲੰਧਰ ਨਾਲ ਫਰਵਰੀ 1962 ਈ: ਵਿਚ ਹੋਇਆ। ਉਸ ਸਮੇਂ ਜਨੇਤ ਰਾਤ ਰੱਖਣ ਦਾ ਰਿਵਾਜ਼ ਸੀ। ਜਨੇਤ ਦਾ ਉਤਰਾ ਗੁਰਦੁਆਰਾ ਸਾਹਿਬ ਵਿਖੇ ਕੀਤਾ ਗਿਆ। ਇਸ ਵਿਆਹ ਵਿਚ ਸਾਡੀ ਯੂ.ਪੀ. ਤੋਂ ਭੂਆ ਫੁੱਫੜ ਤੇ ਦੋ ਤਾਇਆਂ ਦੇ ਲੜਕੇ ਆਏ ਹੋਏ ਸਨ। ਹੋਰ ਰਿਸ਼ਤੇਦਾਰ ਵੀ ਆਏ ਹੋਏ ਸਨ। ਜਨੇਤ ਗੱਡੇ ਗੱਡੀਆਂ 'ਤੇ ਆਈ ਸੀ। ਪਸ਼ੂਆਂ ਵਾਸਤੇ ਪੱਠਿਆਂ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਹੋਇਆ ਸੀ। ਦੋ

ਦਿਨ ਬਾਰਸ਼ ਹੁੰਦੀ ਰਹੀ ਜਿਸ ਨਾਲ ਸਾਰੇ ਪਾਸੇ ਚਿੱਕੜ ਹੀ ਚਿੱਕੜ ਸੀ। ਵਿਹੜੇ ਵਿਚ ਸਰਵਾੜ ਖਿਲਾਰਿਆ ਹੋਇਆ ਸੀ ਤਾਂ ਜੋ ਕਿਸੇ ਦਾ ਪੈਰ ਨਾ ਤਿਲਕ ਜਾਵੇ।

ਅਨੰਦ ਕਾਰਜ:- ਖੁੱਲ੍ਹੇ ਦਲਾਨ ਵਿਚ ਅਨੰਦ ਕਾਰਜ ਦੀ ਰਸਮ ਪਿੰਡ ਦੇ ਹੀ ਗਿਆਨੀ ਗੁਰਬਚਨ ਸਿੰਘ ਨੇ ਅਦਾ ਕੀਤੀ।

ਬਿਸਤਰਿਆਂ ਦਾ ਪ੍ਰਬੰਧ:- ਜਨੇਤ, ਨਾਨਕਾ ਮੇਲ ਤੇ ਹੋਰ ਰਿਸ਼ਤੇਦਾਰਾਂ ਲਈ ਬਿਸਤਰਿਆਂ ਦਾ ਪ੍ਰਬੰਧ ਕਰਨ ਲਈ ਗੱਡੇ ਦੀ ਵਰਤੋਂ ਕੀਤੀ ਗਈ। ਜ਼ਿਆਦਾ ਬਿਸਤਰੇ ਪਿੰਡ ਕਾਹਰੀ ਤੇ ਹੁਸੈਨਪੁਰ ਤੋਂ ਲਿਆਂਦੇ ਸਨ। ਬਹੁਤ ਸਾਰੇ ਰਿਸ਼ਤੇਦਾਰ ਆਪਣੇ ਘਰ ਦੀ ਬਣਾਈ ਛੰਨ ਵਿਚ ਆਰਾਮ ਕਰਦੇ ਸਨ। ਜਨੇਤ ਦੋ ਰਾਤਾਂ ਰਹਿਣ ਉਪਰੰਤ ਤੋਰੀ ਗਈ।

ਸਹੁਰਾ ਪਰਿਵਾਰ:- ਪ੍ਰਕਾਸ਼ ਕੌਰ ਦਾ ਸਹੁਰਾ ਪਰਿਵਰ ਚੰਗਾ ਹੈ। ਵਿਆਹ ਤੋਂ ਮਗਰੋਂ ਇਨ੍ਹਾਂ ਦੇ ਸਹੁਰਾ ਮੰਗਲ ਸਿੰਘ ਨੇ ਕਲਕੱਤੇ ਰੰਗ ਦਾ ਕਾਰਖਾਨਾ ਲਗਾ ਲਿਆ, ਜਿਸ ਵਿਚ 250 ਆਦਮੀ ਕੰਮ ਕਰਦੇ ਸਨ। ਇਸ ਉਪਰੰਤ ਪਿੰਡ ਵਿਚ ਇਨ੍ਹਾਂ ਨੂੰ ਕਲਕੱਤੇ ਵਾਲ਼ੇ ਕਹਿਣ ਲੱਗੇ। ਦੋਹਾਂ ਭਰਾਵਾਂ ਦੇ ਕੋਲ ਵਾਹੀਯੋਗ ਜ਼ਮੀਨ ਸੀ ਤੇ ਦੋਹਾਂ ਦੇ ਕੋਲ ਆਪਣੇ ਟਰੈਕਟਰ ਸਨ।

ਮੈਂ 13 ਜਨਵਰੀ 1988 ਨੂੰ ਮਾਘੀ ਵਾਲੇ ਦਿਨ ਭੈਣ ਪ੍ਰਕਾਸ਼ ਕੌਰ ਨੂੰ ਮਿਲਣ ਗਿਆ। ਡੇਰਾ ਸਰਵਣ ਦਾਸ ਜਲੰਧਰ ਵਿਖੇ ਮਾਘੀ ਦੇ ਤਿਉਹਾਰ ਦਾ ਮੇਲਾ ਬਹੁਤ ਭਰਵਾਂ ਲੱਗਦਾ ਹੈ। ਜੀਜਾ ਪ੍ਰੀਤਮ ਸਿੰਘ ਮੈਨੂੰ ਡੇਰੇ ਵਿਚ ਮਿਲ ਪਏ ਸਨ ਤਾਂ ਆਪਣੇ ਪਿੰਡ ਕਰਾੜੀ ਲੈ ਗਏ ਸਨ।

ਪਿੰਡ ਗਗਨੌਲੀ ਦਾ ਜੋ ਫੌਜੀ:- ਆਪਣੀ ਨੌਕਰੀ ਦੌਰਾਨ ਬਦਲ ਕੇ ਕਲਕੱਤੇ ਜਾਂਦਾ ਉਹ ਭੈਣ ਪ੍ਰਕਾਸ਼ ਕੌਰ ਨੂੰ ਮਿਲ ਕੇ ਜ਼ਰੂਰ ਆਉਂਦਾ। ਉਸ ਸਮੇਂ ਪਰਿਵਾਰ ਦੀ ਚੜ੍ਹਤ ਸੀ। ਹੁਣ ਪਰਿਵਾਰ ਦੇ ਕੁਝ ਮੈਂਬਰ ਅਮਰੀਕਾ ਤੇ ਕੈਨੇਡਾ ਵਿਚ ਸੈੱਟ ਹਨ। ਹੁਣ ਕਲਕੱਤੇ ਵਾਲਾ ਕਾਰਖਾਨਾ ਬੰਦ ਹੈ। ਪ੍ਰੀਤਮ ਸਿੰਘ ਹੁਣ ਮੱਧ ਪ੍ਰਦੇਸ਼ ਵਿਚ ਜ਼ਮੀਨ ਲੈ ਕੇ ਖੇਤੀ ਕਰਦੇ ਹਨ।

ਪ੍ਰੀਤਮ ਸਿੰਘ ਤੇ ਪ੍ਰਕਾਸ਼ ਕੌਰ ਨੇ ਜਿੱਥੇ ਸੱਸ ਤੇ ਸਹੁਰੇ ਦੀ ਸੇਵਾ ਕੀਤੀ ਹੈ, ਉੱਥੇ ਆਪਣੇ ਮਾਂ ਬਾਪ ਦੀ ਵੀ ਸੇਵਾ ਕੀਤੀ ਹੈ। ਭੈਣ ਪ੍ਰਕਾਸ਼ ਕੌਰ ਨੇ ਦੱਸਿਆ ਕਿ ਮੈਂ ਦਿਨ ਵਿਚ ਪਿਤਾ ਜੀ ਦੇ ਦੋ ਵਾਰ ਕੱਪੜੇ ਬਦਲ ਦਿੰਦੀ ਹਾਂ।

ਵੰਸ਼:- ਪ੍ਰੀਤਮ ਸਿੰਘ ਦੇ ਪਹਿਲਾਂ ਦੋ ਬੇਟੇ ਹੋਏ ਸਨ, ਜੋ ਪ੍ਰਮਾਤਮਾ ਨੂੰ ਪਿਆਰੇ ਹੋ ਗਏ। ਹੁਣ ਪੰਜ ਲੜਕੀਆਂ ਹਨ।

1. **ਦਵਿੰਦਰ ਕੌਰ** ਧਰਮ ਪਤਨੀ ਯਸ਼ਪਾਲ ਸਿੰਘ ਤੇ ਸਹੁਰੇ ਬੜਾ ਪਿੰਡ ਨੇੜੇ ਫਗਵਾੜੇ ਹਨ।

2. **ਜਸਵਿੰਦਰ ਕੌਰ** ਧਰਮ ਪਤਨੀ ਪਰਮਜੀਤ ਸਿੰਘ ਸਹੁਰੇ ਫਗਵਾੜੇ ਹਨ। ਦੋਵੇਂ ਸਿੱਖਿਆ ਵਿਭਾਗ ਵਿਚ ਨੌਕਰੀ ਕਰ ਰਹੇ ਹਨ। (ਵਿਆਹ 13-12-1998)

3. **ਅਨੀਤਾ** ਧਰਮ ਪਤਨੀ ਰਾਜ ਕੁਮਾਰ ਸਹੁਰੇ ਲੱਧੇਵਾਲੀ ਜਲੰਧਰ ਹਨ।

4. **ਸੁਨੀਤਾ** ਧਰਮ ਪਤਨੀ ਬਲਜੀਤ ਸਿੰਘ ਸਹੁਰੇ ਨੂਰਪੁਰ ਕੋਟਲਾ ਨੇੜੇ ਸ਼ਾਮ ਚੁਰਾਸੀ ਹੁਸ਼ਿਆਰਪੁਰ ਹਨ।

5. **ਗੀਟਾ ਕੁਮਾਰੀ** ਹੈ ਜੋ ਨੌਕਰੀ ਕਰਦੀ ਹੈ। ਇਸ ਦੀ ਸ਼ਾਦੀ ਵੀ ਕਰ ਦਿੱਤੀ ਗਈ ਹੈ।

ਪ੍ਰਕਾਸ਼ ਕੌਰ ਆਪਣੇ ਪਿਤਾ ਦੇ ਮਕਾਨ ਵਿਚ ਜਲੰਧਰ ਰਹਿ ਰਹੀ ਹੈ। ਇਸ ਦੇ ਕੋਲ ਇਕ ਲੜਕੀ ਦੇ ਬੱਚੇ ਪੜ੍ਹਦੇ ਹਨ।

ਨੋਟ: ਪ੍ਰੀਤਮ ਸਿੰਘ ਬਹੁਤ ਸਾਊ ਇਨਸਾਨ ਹੈ ਹਰ ਸਮੇਂ ਕਲਕੱਤੇ ਤੋਂ ਮਿਲਣ ਆਉਂਦਾ ਸੀ ਤਾਂ ਹਫਤਾ ਭਰ ਪਿੰਡ ਗਗਨੌਲੀ ਰਹਿੰਦਾ ਸੀ।

ਸ਼ੰਕਰ ਸਿੰਘ

ਸ. ਸ਼ੰਕਰ ਸਿੰਘ ਦੀ ਧਰਮ ਪਤਨੀ ਦਾ ਨਾਮ ਠਾਕਰੀ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਫਗਲਾਣਾ ਵਿਖੇ ਹਨ। ਸ਼ੰਕਰ ਸਿੰਘ ਆਪਣੇ ਸਾਰੇ ਭੈਣ ਭਰਾਵਾਂ ਤੋਂ ਛੋਟੇ ਹਨ। ਆਪ ਆਪਣੇ ਪਿਤਾ ਸ. ਸੁਰਜਨ ਸਿੰਘ ਦੀ ਦਸਵੀਂ ਸੰਤਾਨ ਹਨ। ਸ਼ੰਕਰ ਸਿੰਘ ਵੀ ਹੋਰ ਪਰਿਵਾਰਕ ਮੈਂਬਰਾਂ ਵਾਂਗ ਦੂਜੀ ਸੰਸਾਰ ਜੰਗ ਸਮੇਂ ਫੌਜ ਵਿਚ ਭਰਤੀ ਹੋ ਗਏ ਸਨ। ਆਪ ਦੇ ਡਿਸਚਾਰਜ ਸਰਟੀਫਿਕੇਟ ਨੂੰ ਦੇਖਣ ਉਪਰੰਤ ਪਤਾ ਚੱਲਦਾ ਹੈ ਕਿ ਆਪ 13-5-1941 ਨੂੰ ਫੌਜ ਵਿਚ ਭਰਤੀ ਹੋਏ ਸਨ ਤੇ ਆਪ ਦਾ ਫੌਜ ਦਾ ਨੰਬਰ 47336 ਹੈ। ਉਸ ਸਮੇਂ ਆਪ ਦੀ ਤਨਖਾਹ 15 ਰੁ: ਪ੍ਰਤੀ ਮਹੀਨਾ ਸੀ। ਜੰਗ ਦੇ ਦੌਰਾਨ ਆਪ ਦੇ ਖੱਬੇ ਮੋਢੇ ਵਿਚ ਗੋਲੀ ਲੱਗ ਗਈ ਸੀ, ਠੀਕ ਹੋਣ ਉਪਰੰਤ ਆਪ ਨੂੰ ਘਰ ਭੇਜ ਦਿੱਤਾ ਗਿਆ। ਆਪ ਪੱਕੇ ਸਰਜੀਕਲ ਪੈਨਸ਼ਨ ਤੇ ਸਨ। ਆਪ ਡਿਸਚਾਰਜ਼ ਹੋ ਕੇ 25-4-1945 ਨੂੰ ਘਰ ਆ ਗਏ ਉਸ ਸਮੇਂ ਆਪ ਦੀ ਉਮਰ 28 ਸਾਲ ਸੀ। ਠੀਕ ਹੋਣ ਉਪਰੰਤ ਆਪ ਦੀ ਸਰਜੀਕਲ ਪੈਨਸ਼ਨ ਬੰਦ ਹੋ ਗਈ।

ਬਾਬਾ ਸਾਵਣ ਸਿੰਘ ਦੇ ਕੋਲ ਪੇਸ਼ ਹੋਣਾ:- ਆਪ ਦਾ ਵੱਡਾ ਭਾਈ ਤੁਲਸੀ ਦਾਸ ਡੇਰਾ ਬਾਬਾ ਜੈਮਲ ਸਿੰਘ ਬਿਆਸ ਵਿਖੇ ਰਹਿੰਦਾ ਸੀ। ਉਸ ਨੇ ਆਪ ਨੂੰ ਬਾਬਾ ਸਾਵਣ ਸਿੰਘ ਦੇ ਕੋਲ ਪੇਸ਼ ਕੀਤਾ ਤੇ ਬੇਨਤੀ ਕੀਤੀ ਕਿ ਬਾਬਾ ਜੀ ਇਨ੍ਹਾਂ ਦੀ ਸਰਜੀਕਲ ਪੈਨਸ਼ਨ ਬੰਦ ਹੋ ਗਈ ਹੈ। ਛੋਟੇ-ਛੋਟੇ ਬੱਚੇ ਹਨ ਕ੍ਰਿਪਾ ਕਰੋ ਕਿ ਪੈਨਸ਼ਨ ਲੱਗ ਜਾਵੇ। ਬਾਬਾ ਜੀ ਨੇ ਆਸ਼ੀਰਵਾਦ ਦਿੱਤਾ ਤੇ ਕਿਹਾ, "ਪੈਨਸ਼ਨ ਲੱਗ ਜਾਵੇਗੀ। ਉਸ ਸਮੇਂ ਦੀ ਲੱਗੀ ਪੈਨਸ਼ਨ ਆਪ ਨੂੰ ਅੰਤ ਸਮੇਂ ਤੱਕ ਮਿਲਦੀ ਰਹੀ। ਆਪ ਮੀਆਂ ਬੀਬੀ ਨੂੰ ਨਾਮਦਾਨ ਦੀ ਬਖਸ਼ਿਸ਼ ਬਾਬਾ ਸਾਵਣ ਸਿੰਘ ਤੋਂ ਹੋਈ ਸੀ। ਆਪ ਨੇ ਫੌਜ ਵਿਚ ਜਾ ਕੇ ਅੰਗਰੇਜ਼ੀ, ਹਿੰਦੀ ਲਿਖਣੀ ਸਿਖ ਲਈ ਸੀ। ਸ਼ੰਕਰ ਸਿੰਘ ਦੀ ਫੌਜ ਦੀ ਕਿਤਾਬ ਦੇਖੀ ਹੈ ਜੋ 1943 ਦੀ ਲਖਨਊ ਦੀ ਛਪੀ ਹੋਈ ਸੀ। ਕਿਤਾਬ ਦਾ ਨਾਮ ROYAL-BOMBAY SAPPERA AND MINORA ਪ੍ਰੈਸ ਨਵਲ ਕਿਸ਼ੋਰ ਹੈ। ਲੇਖਕ ਹਰੀ ਰਾਮ ਭਾਰਗਵ ਹੈ।

ਬਿਮਾਰ ਹੋਣਾ:- ਘਰ ਦੇ ਮੈਂਬਰਾਂ ਨੇ ਦੱਸਿਆ ਹੈ ਕਿ ਆਪ ਇਕ ਵਾਰ ਬਹੁਤ ਬਿਮਾਰ ਹੋ ਗਏ ਸਨ। ਆਪ ਨੂੰ ਪੇਟ ਰੋਗ ਸੀ। ਇਹ ਬਿਮਾਰੀ ਏਨੀ ਵੱਧ ਗਈ ਸੀ ਕਿ ਆਪ ਬਹੁਤ ਕਮਜ਼ੋਰ ਹੋ ਗਏ ਸਨ। ਸ. ਨਿਰੰਜਨ ਸਿੰਘ ਥਿਆੜਾ ਨੇ ਦੱਸਿਆ ਕਿ ਪਿੰਡ

ਦੇ ਸਾਰੇ ਲੋਕੀ ਆਪਣੀ ਰੋਟੀ ਜਲਦੀ ਪਕਾ ਲੈਂਦੇ ਸਨ ਕਿ ਸ਼ੰਕਰ ਸਿੰਘ ਦਾ ਕੋਈ ਪਤਾ ਨਹੀਂ ਹੈ ਕਿ ਕਦੋਂ ਪੂਰਾ ਹੋ ਜਾਵੇ। ਆਪ ਦੇ ਭਾਈ ਬੰਤਾ ਸਿੰਘ ਆਪ ਦਾ ਇਲਾਜ ਡਾ. ਮਝੈਲ ਸਿੰਘ ਹੁਸ਼ਿਆਰਪੁਰ ਤੋਂ ਕਰਵਾਉਂਦੇ ਸਨ। ਇਹ ਡਾਕਟਰ ਉਸ ਸਮੇਂ ਹੁਸ਼ਿਆਰਪੁਰ ਦਾ ਮਸ਼ਹੂਰ ਡਾਕਟਰ ਸੀ। ਆਪ ਦੇ ਭਾਈ ਆਪ ਨੂੰ ਮੰਜੇ 'ਤੇ ਪਾ ਕੇ ਹੁਸ਼ਿਆਰਪੁਰ ਲੈ ਕੇ ਜਾਂਦੇ ਸਨ। ਮਝੈਲ ਸਿੰਘ ਪਾਸੋਂ ਆਪ ਠੀਕ ਨਾ ਹੋਏ ਫਿਰ ਡਾਕਟਰ ਹੋਰ ਬਦਲਿਆ ਗਿਆ। ਮੁੜ ਫੇਰ ਡਾ. ਮਝੈਲ ਸਿੰਘ ਨੂੰ ਬੇਨਤੀ ਕੀਤੀ ਕਿ ਪਿਆਲਿਆਂ ਦਾ ਮੁੱਲ ਨੂਠੇ ਲੈ ਗਏ ਹਨ। ਗਰੀਬ ਆਦਮੀ ਹਾਂ ਤਰਸ ਕਰੋ। ਸਾਡੇ ਭਾਈ ਸ਼ੰਕਰ ਸਿੰਘ ਨੂੰ ਠੀਕ ਕਰ ਦਿਓ। ਉਪਰੋਕਤ ਸ਼ਬਦ ਉਨ੍ਹਾਂ ਦੇ ਭਾਈ ਸ. ਬੰਤਾ ਸਿੰਘ ਨੇ ਡਾ. ਮਝੈਲ ਸਿੰਘ ਨੂੰ ਕਹੇ।

ਪ੍ਰਮਾਤਮਾ ਦੀ ਕ੍ਰਿਪਾ ਹੋਈ ਆਪ ਠੀਕ ਹੋ ਗਏ। ਆਪ ਅੱਠ ਭਾਈ ਸਨ। ਇਨ੍ਹਾਂ ਭਰਾਵਾਂ ਵਿਚ ਸਿਤਾਰਾ ਸ. ਬੰਤਾ ਸਿੰਘ ਦਾ ਚਮਕ ਦਾ ਸੀ। ਉਹ ਹੀ ਸਾਰੇ ਪਰਿਵਾਰ ਦਾ ਧੁਰਾ ਸੀ।

ਹੋਰ ਕੰਮ:- ਪਰਿਵਾਰ ਦਾ ਮੁਢਲਾ ਕੰਮ ਤਾਂ ਖੇਤੀ ਕਰਨਾ ਸੀ। ਕੁਝ ਮੈਂਬਰ ਇਧਰ ਖੇਤੀ ਕਰਦੇ ਸਨ। ਕੁਝ ਬਾਰ (ਪਾਕਿਸਤਾਨ) ਦੀ ਧਰਤੀ ਤੇ 85 ਚੱਕ ਜ਼ਿਲ੍ਹਾ ਲਾਇਲਪੁਰ ਵਿਚ ਖੇਤੀ ਦਾ ਕੰਮ ਕਰਦੇ ਸਨ। ਜਦੋਂ ਸਾਰੇ ਭਰਾ ਅਲੱਗ-ਅਲੱਗ ਹੋ ਗਏ ਤਾਂ ਫਿਰ ਸਾਰਿਆਂ ਨੇ ਕੱਪੜਾ ਬੁਣਨ ਦਾ ਕੰਮ ਕੀਤਾ ਹੈ। ਪਿਛਲੇ ਸਮੇਂ ਵਿਚ ਸਿਲਕ ਦਾ ਕੰਮ ਚੱਲਦਾ ਸੀ। ਮੈਂ ਜਦੋਂ ਵੀ ਕਿਸੇ ਪਿੰਡ ਵਿਚ ਜਾਂਦਾ ਸੀ ਤਾਂ ਬਹੁਤ ਸਾਰੇ ਘਰਾਂ ਵਿਚ ਖੱਦਰ ਭੰਡਾਰ ਦਾ ਕੱਪੜਾ ਬੁਣਿਆ ਜਾਂਦਾ ਸੀ। ਇਹ ਕੰਮ ਸਾਰੇ ਪਰਿਵਾਰ ਦੇ ਮੈਂਬਰ ਰਲ ਕੇ ਕਰ ਲੈਂਦੇ ਸਨ।

ਖੇਤੀ ਕਰਨਾ:- ਮੇਰੀ ਸੁਰਤ ਵਿਚ ਸ਼ੰਕਰ ਸਿੰਘ ਨੇ ਖੇਤੀ ਦਾ ਕੰਮ 1964-1965 ਦੇ ਕਰੀਬ ਮੁੜ ਸ਼ੁਰੂ ਕੀਤਾ ਜੋ ਅਖੀਰ ਤਕ ਚਲਦਾ ਰਿਹਾ। ਆਪ ਨੇ ਸਭ ਤੋਂ ਪਹਿਲਾਂ ਪਿੰਡ ਦੇ ਨਾਜ਼ਰ ਸਿੰਘ ਦੀ ਜ਼ਮੀਨ ਅੱਧ ਤੇ ਵਾਹੁਣੀ ਸ਼ੁਰੂ ਕੀਤੀ। ਫਿਰ ਖੇਤੀ ਦਾ ਕੰਮ ਵਧਦਾ ਗਿਆ ਫਿਰ ਕੁਝ ਜ਼ਮੀਨ ਮਾਮਲੇ ਤੇ ਲੈ ਕੇ ਵੀ ਖੇਤੀ ਹੁੰਦੀ ਰਹੀ। 1969-70 ਵਿਚ ਕੁਝ ਸਾਲ ਮੂੰਗਫਲੀ ਦੀ ਖੇਤੀ ਕੀਤੀ। ਪਿੰਡ ਦੀ ਸਾਂਝੀ ਜ਼ਮੀਨ ਜਿਸ ਨੂੰ ਪੰਚਾਇਤ ਰਕਬਾ ਕਿਹਾ ਜਾਂਦਾ ਹੈ। ਮਾਮਲੇ 'ਤੇ ਲੈਂਦੇ ਰਹੇ ਜੋ ਤਕਰੀਬਨ ਦਸ ਖੇਤ ਹਨ ਕੁਝ ਜ਼ਮੀਨ ਇਨ੍ਹਾਂ ਦੇ ਭਰਾਵਾਂ ਦੀ ਸੀ। ਇਸ ਕੰਮ ਵਿਚ ਸਾਰਾ ਪਰਿਵਾਰ ਆਪ ਦੇ ਨਾਲ ਕੰਮ ਕਰਦਾ ਸੀ। ਫੌਜੀ ਭਾਈ ਵਾਰੋ ਵਾਰੀ ਫ਼ਸਲ ਦੇ ਸੀਜ਼ਨ 'ਤੇ ਛੁੱਟੀ ਆ ਜਾਂਦੇ ਸਨ। ਉਸ ਸਮੇਂ ਵਾਰਸ਼ਾਂ ਚੰਗੀਆਂ ਹੋ ਜਾਂਦੀਆਂ ਸਨ ਤੇ ਫ਼ਸਲ ਵੀ ਚੰਗੀ ਹੋ ਜਾਂਦੀ ਸੀ। ਘਰ ਆਏ ਗਏ ਰਿਸ਼ਤੇਦਾਰਾਂ ਨੂੰ ਵੀ ਮੂੰਗਫਲੀ ਦਿੱਤੀ ਜਾਂਦੀ ਸੀ। ਕਣਕ-ਮੱਕੀ ਦੇ ਨਾਲ ਕਮਾਦ, ਕਪਾਹ ਤੇ ਹੋਰ ਫ਼ਸਲਾਂ ਵੀ ਬੀਜੀਆਂ ਜਾਂਦੀਆਂ ਸਨ। ਕਮਾਦ ਦੇ ਸੀਜਨ ਤੇ ਗੁੜ ਤੇ ਸ਼ੱਕਰ ਨੂੰ ਮਿੱਟੀ ਦੇ ਬਣਾਏ ਭੜੋਲਿਆਂ ਵਿਚ ਰੱਖ ਕੇ ਬੰਦ ਕਰ ਦਿੱਤਾ ਜਾਂਦਾ ਸੀ। ਘਰ ਦੀ ਕਪਾਹ ਦੀਆਂ ਰਜਾਈਆਂ-ਬਿਸਤਰੇ ਤਿਆਰ ਕੀਤੇ ਜਾਂਦੇ ਸਨ। ਘਰ ਦੀ ਅਲਸੀ ਦੀਆਂ ਸਿਆਲ ਰੁੱਤੇ ਪਿੰਨੀਆਂ ਪਾਈਆਂ ਜਾਂਦੀਆਂ ਸਨ। ਇਸ ਤਰ੍ਹਾਂ

ਖੇਤੀ ਕਰਨ ਨਾਲ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ।

ਮਹਿਮਾਨ ਨਿਵਾਜ਼ੀ:- ਉਸ ਸਮੇਂ ਘਰ ਵਿਚ ਸਾਰੀਆਂ ਬਰਕਤਾਂ ਸਨ। ਆਏ ਮਹਿਮਾਨਾਂ ਦੀ ਚੰਗੀ ਆਓ-ਭਗਤ ਹੁੰਦੀ ਸੀ। ਘਰ ਵਿਚ ਮੱਝਾਂ, ਗਾਵਾਂ ਦਾ ਲਵੇਰਾ ਹੁੰਦਾ ਸੀ। ਘਰ ਦਾ ਗੁੜ ਹੁੰਦਾ ਸੀ। ਹਰ ਤਰ੍ਹਾਂ ਦੀ ਮੌਜ ਸੀ। ਦਲਾਨ ਜੋ ਚਾਰ ਘਰਾਂ ਦਾ ਸਾਂਝਾ ਸੀ ਆਏ ਮਹਿਮਾਨ ਨੂੰ ਇਹ ਪਤਾ ਨਹੀਂ ਲੱਗਦਾ ਸੀ ਕਿ ਰੋਟੀ ਮੈਨੂੰ ਕਿਸ ਘਰ ਤਾਂ ਆਈ ਹੈ। ਇਕ-ਦੂਜੇ ਮਹਿਮਾਨ ਨੂੰ ਰੋਟੀ ਦਿੱਤੀ ਜਾਂਦੀ ਸੀ। ਇਹ ਬਰਕਤਾਂ ਤੇ ਰੌਣਕਾਂ ਹੁਣ ਕਿਸੇ ਘਰ ਨਹੀਂ ਮਿਲਦੀਆਂ। ਦਿਨ ਵਾਰ ਤੇ ਭੂਆ ਫੁੱਫੜ ਤੇ ਹੋਰ ਜਵਾਈ ਭਾਈ ਆਏ ਹੁੰਦੇ ਸਨ ਤਾਂ ਬਹੁਤ ਰੌਣਕ ਹੁੰਦੀ ਸੀ। ਸਾਂਝੇ ਦਲਾਨ ਵਿਚ ਸਾਡੀਆਂ ਤਾਈਆਂ-ਚਾਚੀਆਂ ਅੰਮ੍ਰਿਤ ਵੇਲੇ ਉੱਠ ਪੈਂਦੀਆਂ ਸਨ। ਸਾਡੇ ਸਕੂਲ ਕਾਲਜ ਜਾਣ ਤੋਂ ਪਹਿਲਾਂ ਲੱਸੀ ਰਿੜਕੀ ਜਾਣੀ, ਪਸ਼ੂਆਂ ਦੀ ਸਾਂਭ-ਸੰਭਾਲ ਦਾ ਕੰਮ ਤੇ ਘਰ ਦੀ ਸਫਾਈ ਤੇ ਰੋਟੀ ਪਾਣੀ ਦਾ ਕੰਮ ਮੁੱਕ ਜਾਂਦਾ ਸੀ। ਸ. ਸ਼ੰਕਰ ਸਿੰਘ ਨੇ ਫਿਰ ਆਪਣੀ ਜ਼ਮੀਨ ਮੁੱਲ ਲੈ ਕੇ ਉਸ ਵਿਚ ਆਪਣਾ ਟਿਊਬਵੈੱਲ ਲਗਾ ਲਿਆ ਤੇ ਖੇਤੀ ਨਿਰੰਤਰ ਚਲਦੀ ਆ ਰਹੀ ਹੈ।

1965 ਦੀ ਘਟਨਾ:- ਪਿੰਡ ਵਿਚ ਬਰਸਾਤੀ ਪਾਣੀ ਨੂੰ ਲੈ ਕਰ ਲੜਾਈ ਝਗੜਾ ਹੋਇਆ ਜਿਸ ਵਿਚ ਕੁਝ ਲੋਕਾਂ ਦੇ ਸੱਟਾਂ ਵੀ ਲੱਗੀਆਂ ਪਰ ਆਪ ਨੇ ਵਿਰੋਧੀ ਪਾਰਟੀ ਨੂੰ ਪਿੱਛੇ ਧੱਕ ਦਿੱਤਾ। ਇਸ ਤੋਂ ਪਤਾ ਲੱਗਾ ਕਿ ਆਪ ਵਾਕਿਆ ਹੀ ਸਾਬਕਾ ਸੈਨਿਕ ਸਨ। ਇਸ ਘਟਨਾ ਦਾ ਜ਼ਿਕਰ ਮੈਂ ਪਹਿਲਾਂ ਕਰ ਦਿੱਤਾ ਹੈ। ਆਪ ਤੜਕਸਾਰ ਹੀ ਹੱਲ ਜੋੜ ਲੈਂਦੇ ਸਨ। ਜਦੋਂ ਮੂੰਗਫਲੀ ਦੇ ਸੀਜਨ ਤੇ ਖੇਤਾਂ ਵਿਚ ਕੁਝ ਪਰਿਵਾਰਕ ਮੈਂਬਰ ਟੈਂਟ ਲੈ ਕੇ ਰਹਿੰਦੇ ਸਨ। ਆਪ ਰਾਤ ਨੂੰ ਟਾਰਚ ਲੈ ਕੇ ਖੇਤਾਂ ਵਿਚ ਫੇਰਾ ਮਾਰ ਕੇ ਆਉਂਦੇ ਸਨ। ਆਪ ਨੇ ਜੀਵਨ ਵਿਚ ਕਈ ਉਤਰਾਅ-ਚੜ੍ਹਾਅ ਦੇਖੇ ਪਰ ਆਪ ਨੇ ਕਦੇ ਦਿਲ ਨਹੀਂ ਛੱਡਿਆ।

ਠਾਕਰੀ ਦੀ ਮੌਤ:- ਆਪ ਦੀ ਧਰਮ ਪਤਨੀ ਠਾਕਰੀ ਦੀ ਮੌਤ ਇਕ ਛਾਤੀ ਦੇ ਫੋੜੇ ਦੇ ਕਾਰਨ ਹੋਈ ਹੈ। ਇਸ ਫੋੜੇ ਦਾ ਇਲਾਜ ਕਰਾਉਂਦੇ ਰਹੇ ਪਰ ਮਗਰੋਂ ਡਾਕਟਰ ਨੇ ਦੱਸਿਆ ਕਿ ਇਹ ਕੈਂਸਰ ਦਾ ਰੂਪ ਧਾਰ ਗਿਆ, ਜਿਸ ਨਾਲ ਠਾਕਰੀ ਦੇਵੀ ਦੀ ਸਿਹਤ ਦਿਨ-ਬ-ਦਿਨ ਕਮਜ਼ੋਰ ਹੁੰਦੀ ਗਈ। ਠਾਕਰੀ ਦੇਵੀ ਨੇ ਮਿਤੀ 23-11-1984 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕੀਤੀ ਤੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ ਠਾਕਰੀ ਦੇਵੀ ਦੇ ਪਰਿਵਾਰ ਨੇ ਵੀ ਆਪ ਨੂੰ ਵੱਡੀ ਕਰਕੇ ਵਿਦਾ ਕੀਤਾ। ਆਪ ਦ ਅਰਥੀ ਨੂੰ ਫੁੱਲਾਂ ਨਾਲ ਸਜਾਇਆ ਗਿਆ।

ਸ਼ੰਕਰ ਸਿੰਘ ਦੀ ਮੌਤ:- ਆਪ ਆਪਣੀ ਧਰਮ ਪਤਨੀ ਠਾਕਰੀ ਦੇਵੀ ਤੋਂ 2 ਸਾਲ ਮਗਰੋਂ ਪੂਰੇ ਹੋਏ ਸਨ। ਆਪ ਦੇ ਫੌਜ ਦੇ ਡਿਸਚਾਰਜ ਸਰਟੀਫਿਕੇਟ ਦੇ ਅਨੁਸਾ ਆਪ ਦੀ ਉਮਰ 91 ਸਾਲ ਬਣਦੀ ਹੈ। ਸ਼ੰਕਰ ਸਿੰਘ ਨੇ ਆਪਣੇ ਵਾਸਤੇ ਹਮੇਸ਼ਾ ਚੰਗ ਖੁਰਾਕ ਦਾ ਪ੍ਰਬੰਧ ਕੀਤਾ। ਗਰਮੀ ਸਰਦੀ ਵਿਚ ਆਪ ਖਾਣ ਵਾਸਤੇ ਕੋਈ ਨਾ ਕੋਈ

ਚੀਜ਼ ਜ਼ਰੂਰ ਤਿਆਰ ਕਰਦੇ ਸਨ। ਲਵੇਰਾ ਆਪ ਦੇ ਘਰ ਹਮੇਸ਼ਾ ਰਹਿੰਦਾ ਸੀ। ਇਸ ਤੋਂ ਇਲਾਵਾ ਡਾਕਟਰ ਪਾਸੋਂ ਕੋਈ ਨਾ ਕੋਈ ਤਾਕਤ ਵਾਲੀ ਦਵਾਈ ਦੀ ਜ਼ਰੂਰ ਵਰਤੋਂ ਕਰਦੇ ਸਨ। ਆਪ ਦੇ ਪੁੱਤ ਤੇ ਪੋਤੇ ਆਪ ਦਾ ਖਾਸ ਖਿਆਲ ਰੱਖਦੇ ਸਨ। ਵਡੇਰੀ ਉਮਰ ਵਿਚ ਵੀ ਆਪ ਹੱਥ ਵਿਚ ਸੋਟਾ ਫੜ ਕੇ ਖੇਤਾਂ ਵੱਲ ਫੇਰਾ ਮਾਰ ਕੇ ਆਉਂਦੇ ਸਨ। ਆਪ ਆਮ ਪਗੜੀ ਨਹੀਂ ਬੰਨਦੇ ਸਨ ਸਗੋਂ ਸ਼ੀਸ਼ੇ ਨਾਲ ਵਧੀਆ ਪਗੜੀ ਬੰਨਦੇ ਸਨ ਜਿਸ ਦੇ 9-10 ਵਾਰ ਹੁੰਦੇ ਸਨ। ਸਰੀਰ ਤਿਆਗਣ ਸਮੇਂ ਸ਼ੰਕਰ ਸਿੰਘ ਨੇ ਦੋ ਤਿੰਨ ਦਿਨ ਪਹਿਲਾਂ ਕੁਝ ਤਕਲੀਫ਼ ਪਾਈ ਹੈ। ਮਿਤੀ 16-9-2008 ਨੂੰ ਆਪ ਲੰਮੀ ਉਮਰ ਭੋਗ ਕੇ ਬ੍ਰਹਮਲੀਨ ਹੋਏ। 18-9-2008 ਨੂੰ ਆਪ ਦੀਆਂ ਅਸਤੀਆਂ ਡੇਰਾ ਬਿਆਸ ਵਿਖੇ ਜਲ ਪਵਾਹ ਕੀਤੀਆਂ ਗਈਆਂ ਤੇ ਆਪ ਦੇ ਨਮਿਤ ਸੁਖਮਨੀ ਸਾਹਿਬ ਦੇ ਭੋਗ ਮਿਤੀ 24-9-2008 ਨੂੰ ਪਾਏ ਗਏ। ਸੰਗਤਾਂ ਵਾਸਤੇ ਚਾਹ ਪਾਣੀ ਤੇ ਲੰਗਰ ਦਾ ਖਾਸ ਪ੍ਰਬੰਧ ਸੀ। ਪਰਿਵਾਰ ਜ਼ਿੰਮੇਵਾਰੀ ਦੀ ਪੱਗੜੀ ਆਪ ਦੇ ਛੋਟੇ ਲੜਕੇ ਹਰਭਜਨ ਸਿੰਘ ਦੇ ਸਿਰ ਬੰਨ੍ਹਾਈ ਗਈ।

ਮਾਮੇ ਗਰੀਬ ਦਾਸ ਦੀ ਹਾਜ਼ਰੀ:- ਭੋਗ ਸਮੇਂ ਹਰਭਜਨ ਸਿੰਘ ਦੇ ਮਾਮਾ ਪਿੰਡ ਫੁਗਲਾਣੇ ਤੋਂ ਆਏ ਹੋਏ ਸਨ ਉਨ੍ਹਾਂ ਦੱਸਿਆ ਕਿ ਮੇਰਾ ਜਨਮ 1927 ਈ: ਦਾ ਹੈ। ਮੈਂ ਉਰਦੂ ਦੀਆਂ ਪੰਜ ਜਮਾਤਾਂ ਪਾਸ ਹਾਂ। ਮੈਂ ਛੋਟਾ ਹੁੰਦਾ ਪਿੰਡ ਗਗਨੌਲੀ ਵਿਖੇ ਰਹਿੰਦਾ ਰਿਹਾ ਹਾਂ। ਉਸ ਸਮੇਂ ਪਿੰਡ ਬਹੁਤ ਛੋਟਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਮੈਨੂੰ ਸਾਰੇ ਪਿੰਡ ਦੇ ਘਰਾਂ ਬਾਰੇ ਪਤਾ ਹੈ। ਗਰੀਬ ਦਾਸ ਸਾਡੇ ਸਤਿਕਾਰਯੋਗ ਤਾਇਆ ਤੁਲਸੀ ਦਾਸ ਦੇ ਖਾਸ ਸੇਵਕ ਸਨ। ਉਨ੍ਹਾਂ ਦੇ ਆਸ਼ੀਰਵਾਦ ਨਾਲ ਆਪ ਦੇ ਘਰ ਪੰਜ ਪੁੱਤਰਾਂ ਨੇ ਜਨਮ ਲਿਆ। ਗਰੀਬ ਦਾਸ ਇਸ ਘਰ ਦੇ ਖਾਸ ਮਹਿਮਾਨ ਹੁੰਦੇ ਸਨ। ਸਿਆਲ ਰੁੱਤੇ ਆਪ ਇਕ ਦੋ ਰਾਤਾਂ ਪਿੰਡ ਰਹਿ ਜਾਂਦੇ ਸਨ। ਸਾਰੇ ਭਾਣਜੇ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ।

ਵੰਸ਼:- ਸ਼ੰਕਰ ਸਿੰਘ ਦੇ ਵੰਸ਼ ਵਿਚ ਪੰਜ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਪਿਆਰਾ ਸਿੰਘ, ਸੰਸਾਰ ਸਿੰਘ, ਬਚਨ ਸਿੰਘ, ਰਤਨ ਸਿੰਘ ਤੇ ਹਰਭਜਨ ਸਿੰਘ

ਨੋਟ: ਪਿਆਰਾ ਸਿੰਘ ਤੇ ਛੋਟੀ ਲੜਕੀ ਦੀ ਮੌਤ ਬਚਪਨ ਵਿਚ ਹੋ ਗਈ ਸੀ। ਪਿਆਰਾ ਸਿੰਘ 10 ਕੁ ਸਾਲ ਦਾ ਸੀ ਇਸ ਦਾ ਨਾਨਾ ਮਿਲਣ ਆਇਆ। ਪਿਆਰਾ ਸਿੰਘ ਨੇ ਕਿਹਾ ਕਿ ਮੈਂ ਵੀ ਨਾਨਕੇ ਜਾਣਾ ਹੈ। ਪਿਆਰਾ ਸਿੰਘ ਜਾਣ ਸਮੇਂ ਰਸਤਾ ਭੁੱਲ ਗਿਆ ਦੱਸਿਆ ਜਾਂਦਾ ਹੈ ਕਿ ਆਪ ਦੀ ਮੌਤ ਕਦੋਂ ਹੋਈ ਹੈ। ਸ਼ੰਕਰ ਸਿੰਘ ਦੀ ਆਪਣੀ ਡਾਇਰੀ ਵਿਚ ਲਿਖਿਆ ਹੈ ਕਿ ਪਿਆਰਾ ਸਿੰਘ ਦੀ ਮੌਤ 1952 ਈ: ਵਿਚ ਹੋਈ ਹੈ।

ਸੰਸਾਰ ਸਿੰਘ:- ਸੰਸਾਰ ਸਿੰਘ ਦਾ ਜਨਮ ਨਾਨਕਾ ਪਿੰਡ ਫੁਗਾਲਾਣੇ ਦਾ ਹੈ। ਇਸ ਦੇ ਮਾਮੇ ਗਰੀਬ ਦਾਸ ਨੇ ਦੱਸਿਆ ਕਿ ਇਸ ਦੀ ਪਾਲਣਾ ਸਾਡੀ ਮਾਤਾ ਨੇ ਕੀਤੀ ਹੈ। ਸੰਸਾਰ ਸਿੰਘ ਆਪਣੇ ਨਾਨਕਾ ਪਿੰਡ ਕਈ ਵਾਰ ਜਾਂਦਾ ਹੁੰਦਾ ਸੀ। ਕਿਤੇ-ਕਿਤੇ

ਕੰਮਕਾਰ ਵਿਚ ਜ਼ਿਆਦਾ ਦਿਨ ਵੀ ਰੁਕ ਜਾਂਦਾ ਸੀ।

ਵਿਆਹ:- ਸੰਸਾਰ ਸਿੰਘ ਦੀ ਸ਼ਾਦੀ ਨਹੀਂ ਹੋਈ। ਸੁਣਿਆ ਹੈ ਕਿ ਆਪ ਦੀ ਪਹਿਲੀ ਮੰਗਣੀ ਪਿੰਡ ਭੁੰਗਰਨੀ ਵਿਖੇ ਕੀਤੀ ਗਈ ਪਰ ਰਿਸ਼ਤਾ ਧੁਰ ਨਾ ਚੜ੍ਹਿਆ। ਇਸ ਤੋਂ ਮਗਰੋਂ 14-2-1969 ਨੂੰ ਸੰਸਾਰ ਸਿੰਘ ਤੇ ਹਰਭਜਨ ਸਿੰਘ ਦਾ ਮੰਗਣਾ ਪਿੰਡ ਮੇਘੋਵਾਲ ਗੰਜਿਆਂ ਵਿਖੇ ਕੀਤਾ ਗਿਆ। ਇਹ ਰਿਸ਼ਤਾ ਘਰਾਂ ਵਿਚੋਂ ਉਜਾਗਰ ਸਿੰਘ ਨੇ ਕੀਤਾ ਸੀ ਪਰ ਇਹ ਵੀ ਕਿਸ ਬਿਧ ਧੁਰ ਨਹੀਂ ਚੜ੍ਹਿਆ। ਸਾਡੇ ਤਾਏ ਬੰਤੇ ਨੇ ਕਈ ਯਤਨ ਕੀਤੇ ਪਰ ਸੰਸਾਰ ਸਿੰਘ ਨੇ ਪਰਿਵਾਰ ਦੀ ਸੇਵਾ ਹੀ ਕਰਨੀ ਸੀ। ਬਚਪਨ ਵਿਚ ਆਪ ਨੇ ਆਪਣਾ ਸਮਾਂ ਭਾਵੇਂ ਖੇਡਣ ਕੁੱਦਣ ਵਿਚ ਬਿਤਾਇਆ ਹੋਵੇਗਾ ਪਰ ਜਦੋਂ ਦਾ ਮੈਂ ਉਸ ਨੂੰ ਵੇਖਿਆ ਹੈ ਕਿ ਖੇਤੀਬਾੜੀ ਦਾ ਸਾਰਾ ਕੰਮ ਉਸ ਉੱਪਰ ਨਿਰਭਰ ਕਰਦਾ ਸੀ। ਅੰਮ੍ਰਿਤ ਵੇਲੇ ਪਸ਼ੂਆਂ ਦਾ ਅੱਗਾ ਤੱਗਾ ਕਰਕੇ ਆਪਣਾ ਕੱਪੜਾ ਬੁਨਣ ਦਾ ਕੰਮ ਕਰਦਾ ਸੀ। ਇਸ ਤੋਂ ਇਲਾਵਾ ਮਜ਼ਦੂਰੀ ਵੀ ਕਰ ਲੈਂਦਾ ਸੀ।

ਪਾਸ ਬੁੱਕ:- 1972 ਈ: ਵਿਚ ਆਪ ਨੇ ਕੁਝ ਪੈਸੇ ਨਾਨਕਾ ਪਿੰਡ ਰਹਿ ਕੇ ਜੋੜੇ ਤੇ ਡਾਕਖਾਨੇ ਦੀ ਪਾਸ ਬੁੱਕ ਬਣਾ ਲਈ। ਹੌਲੀ-ਹੌਲੀ ਆਪ ਪੈਸੇ ਜੋੜਦੇ ਗਏ। ਉਨ੍ਹਾਂ ਪੈਸਿਆਂ ਵਿਚੋਂ ਇਕ ਵੀ ਪੈਸਾ ਆਪ ਨੇ ਖਰਚ ਨਹੀਂ ਕੀਤਾ। ਆਪ ਦੇ ਪਿਤਾ ਸ਼ੰਕਰ ਸਿੰਘ ਨੇ ਆਪ ਨੂੰ ਹਿੱਸੇ ਆਉਂਦਾ ਪਲਾਟ ਵੀ ਦਿੱਤਾ ਸੀ ਕਿ ਸੰਸਾਰ ਸਿੰਘ ਆਪਣਾ ਇਥੇ ਵੱਖਰਾ ਮਕਾਨ ਬਣਾ ਲਵੇਗਾ ਪਰ ਆਪ ਅਜਿਹਾ ਕਰਕੇ ਰਾਜੀ ਨਹੀਂ ਸੀ। ਆਪ ਕਦੇ-ਕਦੇ ਆਪਣੇ ਨਾਨਕਾ ਪਿੰਡ ਚਲਾ ਜਾਂਦਾ ਜਾਂ ਆਪਣੀ ਭੈਣ ਹਰਭਜਨ ਕੌਰ ਦੇ ਪਿੰਡ ਤਾਰਾਗੜ੍ਹ ਚਲਾ ਜਾਂਦਾ, ਥੋੜ੍ਹਾ ਸਮਾਂ ਆਪਣੇ ਭਾਈ ਰਤਨ ਸਿੰਘ ਦੇ ਨਾਲ ਰਿਹਾ। ਥੋੜ੍ਹਾ ਸਮਾਂ ਬਚਨ ਸਿੰਘ ਦੇ ਨਾਲ ਰਿਹਾ ਫਿਰ ਮੁੜ ਕੇ ਆਪਣੇ ਛੋਟੇ ਭਾਈ ਹਰਭਜਨ ਸਿੰਘ ਤੇ ਆਪਣੇ ਪਿਤਾ ਦੇ ਨਾਲ ਰਿਹਾ।

ਆਸਥਾ:- ਸੰਸਾਰ ਸਿੰਘ ਦੀ ਆਸਥਾ ਬਾਬਾ ਬਾਲਕ ਨਾਥ ਵਿਚ ਸੀ। ਆਪ ਨੂੰ ਕਦੇ-ਕਦੇ ਬਾਬਾ ਜੀ ਦੀ ਹਵਾ ਆ ਜਾਂਦੀ ਸੀ ਤਾਂ ਸਾਡੀ ਤਾਈ ਰਾਮ ਕੌਰ ਆ ਕੇ ਪਿਆਰ ਦਿੰਦੀ ਸੀ ਤੇ ਮੱਥਾ ਟਿਕਾਉਂਦੀ ਸੀ। ਇਸ ਘਟਨਾ ਨੂੰ ਮੈਂ ਬਚਪਨ ਵਿਚ ਦੇਖਿਆ ਹੈ। ਜਦੋਂ ਚੇਤ ਮਹੀਨੇ ਬਾਬਾ ਬਾਲਕ ਨਾਥ ਦਾ ਸੰਗ ਜਾਂਦਾ ਤਾਂ ਆਪ ਵੀ ਹਾਜਰੀ ਭਰਨ ਲਈ ਜਾਂਦੇ ਸਨ। ਉਸ ਸਮੇਂ ਬਹੁਤੇ ਲੋਕ ਤੁਰ ਕੇ ਹੀ ਜਾਂਦੇ ਸਨ। ਦੂਜੀ ਆਸਥਾ ਪਿੰਡ ਜੰਡੀ ਨੇੜੇ ਰੰਧਾਵਾ ਬਰੋਟਾ ਸੰਤ ਜਗੀਰ ਸਿੰਘ ਦੇ ਘਰ ਵਿਚ ਬਣੇ ਸਥਾਨ ਤੇ ਸੀ। ਮੈਂ ਇਕ ਵਾਰ ਆਪ ਦੇ ਨਾਲ ਜੰਡੀ ਗਿਆ ਸੀ। ਬਾਬਾ ਜਗੀਰ ਸਿੰਘ ਉੱਚੇ ਲੰਮੇ ਸਨ। ਆਪ ਬਾਬਾ ਬਡਭਾਗ ਸਿੰਘ ਦੇ ਮੇਲੇ 'ਤੇ ਜਾਂਦੇ ਸਨ। ਪੂਰਨਮਾਸੀ ਤੇ ਰਾਤ ਦੇ ਸਮੇਂ ਚੌਂਕੀ ਲਗਦੀ ਸੀ। ਕੁਝ ਪਾਠੀ ਸਹਿਬਾਨ ਗੁਰਬਾਣੀ ਦਾ ਕੀਰਤਨ ਕਰਦੇ ਸਨ।

ਡੇਰਾ ਬਾਬਾ ਮਾਹਨ ਦਾਸ ਸਾਹਰੀ:- ਬਾਬਾ ਮਾਹਨ ਦਾਸ ਦਾ ਪਿੰਡ ਸਾਹਰੀ ਵਿਖੇ 16 ਭਾਦੋਂ ਨੂੰ ਸਾਲਾਨਾ ਜੋੜ ਮੇਲਾ ਲੱਗਦਾ ਹੈ। ਸੰਸਾਰ ਸਿੰਘ ਇਸ ਮੇਲੇ 'ਤੇ ਵੀ ਜਾਂਦਾ

ਸੀ।

ਬਾਬਾ ਈਸ਼ਰ ਦਾਸ ਕਾਹਰੀ:- ਇਥੇ ਮੇਲਾ 17 ਭਾਦੋਂ ਨੂੰ ਲਗਦਾ ਹੈ। ਬਾਕੀ ਸਾਥੀਆਂ ਨਾਲ ਇਥੇ ਵੀ ਜਾਂਦਾ ਸੀ।

ਹੋਲਾ ਮਹੱਲਾ:- ਡੇਰਾ ਬਾਬਾ ਗੁਰੂ ਲਾਲ ਦਾਸ ਸਾਹਰੀ ਵਿਖੇ ਹੋਲੇ ਮਹੱਲੇ ਤੇ ਚਾਰ ਚੌਂਕੀਆਂ ਤੇ ਚਾਰ ਰਾਸਾਂ ਪੈਂਦੀਆਂ ਹਨ। ਇਸ ਮੇਲੇ 'ਤੇ ਵੀ ਉਹ ਜਾਂਦਾ ਸੀ। ਕਦੇ-ਕਦੇ ਬਹੁਤ ਸਾਰੇ ਸਾਥੀ ਆ ਕੇ ਮੇਰੇ ਕਮਰੇ ਵਿਚ ਇਕੱਠੇ ਹੋ ਜਾਂਦੇ ਸਨ ਤਾਂ ਸੰਸਾਰ ਸਿੰਘ ਰਾਤ ਸਮੇਂ ਰਾਸ ਦੇਖਣ ਵੀ ਜਾਂਦਾ ਸੀ। ਇਸ ਤੋਂ ਇਲਾਵਾ ਉਸ ਨੇ ਕਦੇ ਕੋਈ ਪ੍ਰੋਗਰਾਮ ਨਹੀਂ ਵੇਖਿਆ ਹਰ ਵਕਤ ਕੰਮ ਨਾਲ ਵਿਹਾਰ ਸੀ।

ਮੌਤ:- ਆਪ ਦੀ ਮੌਤ 12-3-2000 ਦਿਨ ਐਤਵਾਰ ਨੂੰ ਹੋਈ ਹੈ। 24-3-2000 ਨੂੰ ਆਪ ਦੀ ਰਸਮ ਕਿਰਿਆ ਸੀ।

ਬਚਨ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਚੰਨਣ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਰਾਣੀ ਦੀ ਭੱਠੀ ਹਨ। ਬਚਨ ਸਿੰਘ ਦਾ ਵਿਆਹ ਤਾਂ ਬਹੁਤ ਪਹਿਲਾ ਹੋ ਗਿਆ ਸੀ ਪਰ ਮੁਕਲਾਵਾ 1965 ਦੇ ਲਾਗੇ ਹੋਇਆ ਹੈ। ਬਚਨ ਸਿੰਘ ਤੇ ਸੰਸਾਰ ਸਿੰਘ ਕੱਪੜਾ ਬੁਨਣ ਦੇ ਮਾਹਰ ਸਨ। ਘਰ ਦਾ ਖੇਤੀਬਾੜੀ ਦਾ ਕੰਮ ਵੀ ਚਾਰੇ ਭਾਈ ਰਲ ਕੇ ਕਰ ਲੈਂਦੇ ਸਨ। ਬਚਨ ਸਿੰਘ ਦੀ ਜ਼ਿੰਦਗੀ ਵੀ ਮਿਹਨਤ ਮੁਸ਼ੱਕਤ ਵਿਚ ਬੀਤੀ ਹੈ। ਜੀਵਨ ਵਿਚ ਆਰਾਮ ਘੱਟ ਹੀ ਕੀਤਾ ਹੈ।

ਪਰਿਵਾਰ ਤੋਂ ਵੱਖ ਹੋਣਾ:- ਬਚਨ ਸਿੰਘ 1971 ਈ: ਵਿਚ ਪਰਿਵਾਰ ਤੋਂ ਵੱਖ ਹੋ ਗਏ ਸਨ। ਆਪ ਦੇ ਚਾਚਾ ਰੂੜ ਸਿੰਘ ਜਲੰਧਰ ਵਾਲੇ ਦੇ ਮਕਾਨ ਵਿਚ ਰਹਿੰਦੇ ਸਨ। ਥੋੜਾ ਸਮਾਂ ਆਪ ਨੇ ਅੱਡਾ ਕਠਾਰ ਵਿਖੇ ਪਾਵਰਾ 'ਚ ਕੱਪੜਾ ਬੁਨਣ ਦਾ ਕੰਮ ਵੀ ਕੀਤਾ।

ਨਾਗਪੁਰ ਜਾਣਾ:- ਬਚਨ ਸਿੰਘ ਪਿੰਡ ਦੇ ਮੰਗਲ ਸਿੰਘ ਦੇ ਨਾਲ ਨਾਗਪੁਰ ਮਹਾਰਾਸ਼ਟਰ ਵਿਖੇ 1977-78 ਵਿਚ ਭੱਠੇ 'ਤੇ ਗਏ। ਆਪ ਇਕ ਸਾਲ ਮਗਰੋਂ ਆਏ ਸਨ। ਫਿਰ ਆ ਕੇ ਆਪਣਾ ਕੱਪੜਾ ਬੁਨਣ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਬਚਨ ਸਿੰਘ ਨੇ ਮਿਹਨਤ ਕਰਕੇ ਮੇਰੇ ਮਕਾਨ ਦੇ ਮਗਰ ਪਹਿਲਾਂ 20-10-1988 ਨੂੰ ਇਕ ਕਮਰਾ ਫਿਰ ਦੂਜਾ ਕਮਰਾ 31-3-1996 ਨੂੰ ਬਣਾ ਲਿਆ। ਆਪ ਫਿਰ ਘਰ ਵਿਚ ਲਵੇਰਾ ਵੀ ਰੱਖਣ ਲੱਗੇ। ਵਿਆਹ ਸ਼ਾਦੀ ਵਿਚ ਬਚਨ ਸਿੰਘ ਸਬਜ਼ੀ ਭਾਜੀ ਤੇ ਖੱਟਾ ਬਣਾਉਣ ਦੇ ਮਾਹਰ ਸਨ। ਅੱਜ ਉਹ ਕੰਮ ਨਹੀਂ ਹੈ। ਚਾਟੀਆਂ ਨੂੰ ਤੜਕਾ ਲਾਲ ਮਿਰਚ ਤੇ ਆਟੇ ਦੇ ਬੂਰੇ ਦਾ ਲਗਾਇਆ ਜਾਂਦਾ ਸੀ ਫਿਰ ਉਸ ਵਿਚ ਲੱਸੀ ਪਾਈ ਜਾਂਦੀ ਸੀ। ਵਿਆਹ ਸ਼ਾਦੀ 'ਤੇ ਫੁੱਲਕੇ ਪਕਾਉਣ ਲਈ ਭੱਠੀ ਵੀ ਤਿਆਰ ਕਰਦਾ ਸੀ।

ਆਸਥਾ:- ਆਪ ਦਾ ਸੁਭਾਅ ਆਪਣੇ ਭਾਈ ਸੰਸਾਰ ਸਿੰਘ ਵਾਲਾ ਹੀ ਹੈ। ਕਿਰਤ ਕਰਨੀ ਪੈਸਾ ਜੋੜ ਕੇ ਰੱਖਣਾ ਆਪ ਵੀ ਪਿੰਡ ਕਾਹਰੀ ਤੇ ਸਾਹਰੀ ਦੇ ਸਥਾਨਿਕ ਮੇਲਿਆਂ ਤੋਂ ਇਲਾਵਾ ਕਿਤੇ-ਕਿਤੇ ਦੁਸ਼ਹਿਰਾ ਵੇਖਣ ਹੁਸ਼ਿਆਰਪੁਰ ਜਾਂਦਾ ਸੀ।

ਡੇਰਾ ਸੱਚਖੰਡ ਬੱਲਾਂ:- ਡੇਰਾ ਸੱਚਖੰਡ ਬੱਲਾਂ ਵਿਖੇ ਮਾਘੀ ਦਾ ਭਰਵਾਂ ਮੇਲਾ ਲੱਗਦਾ ਹੈ। ਇਹ ਸਥਾਨ ਆਪ ਦੇ ਸਹੁਰੇ ਪਿੰਡ ਰਾਣੀ ਦੀ ਭੱਠੀ ਦੇ ਨੇੜੇ ਪੈਂਦਾ ਹੈ। ਆਪ ਮੀਆਂ-ਬੀਬੀ ਮਾਘੀ ਤੇ ਡੇਰਾ ਬਾਬਾ ਸਰਵਣ ਦਾਸ ਬੱਲਾਂ ਜਾਂਦੇ ਸਨ

ਮੌਤ:- ਬਚਨ ਸਿੰਘ ਦੀ ਮੌਤ ਮਿਤੀ ਮਈ 2004 ਵਿਚ ਹੋਈ ਹੈ। ਕੁਝ ਦਿਨ ਪਹਿਲਾਂ ਆਪ ਬਿਮਾਰ ਰਹੇ ਸਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਨੇ ਕ੍ਰਮਵਾਰ ਮਿਤੀ 30-1-1968 ਤੇ 10-5-1974 ਨੂੰ ਜਨਮ ਲਿਆ। ਪਹਿਲੀ ਲੜਕੀ ਛੇ ਕੁ ਮਹੀਨੇ ਦੀ ਹੋ ਕੇ ਗੁਜ਼ਰ ਗਈ ਸੀ। ਦੂਜੀ ਲੜਕੀ 30 ਸਾਲ ਦੀ ਉਮਰ ਭੋਗ ਕੇ ਮਿਤੀ 19-8-2003 ਨੂੰ ਪੂਰੀ ਹੋ ਗਈ ਸੀ। ਇਸ ਦਾ ਨਾਮ ਬਲਵੀਰ ਕੌਰ ਸੀ। ਆਮ ਕਰਕੇ ਘਰ ਦੇ ਇਸ ਨੂੰ ਮੱਟੀ ਕਹਿ ਕੇ ਬੁਲਾਉਂਦੇ ਸਨ। ਮੱਟੀ ਸਾਰੇ ਘਰਾਂ ਵਿਚ ਜਾ ਆਉਂਦੀ ਸੀ। ਉਹ ਸੰਤ ਸੁਭਾਅ ਦੀ ਸੀ।

ਲੜਕਾ:- ਹਰਮੇਲ ਸਿੰਘ ਦਾ ਜਨਮ ਮਿਤੀ 11-7-1979 ਈ: ਦਾ ਹੈ। ਮਿਡਲ ਪ੍ਰੀਖਿਆ ਪਾਸ ਹੈ। ਹਰਮੇਲ ਸਿੰਘ ਨੇ ਫਿਰ ਬਿਜਲੀ ਦਾ ਕੰਮ ਸਿੱਖ ਲਿਆ। ਇਸ ਤੋਂ ਇਲਾਵਾ ਡੁਬਈ ਦਾ ਸੀਜਨ ਵੀ ਲਾਇਆ ਹੈ।

ਹਰਮੇਲ ਸਿੰਘ ਦੀ ਧਰਮ ਪਤਨੀ ਦਾ ਨਾਮ ਕਾਂਤਾ ਰਾਣੀ ਹੈ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਹਰੀਪੁਰ ਨੇੜੇ ਆਦਮਪੁਰ ਹਨ। ਕਾਂਤਾ ਰਾਣੀ ਆਸ਼ਾ ਵਰਕਰ ਹੈ।

ਵੰਸ਼:- ਆਪ ਦਾ ਇਕ ਲੜਕਾ ਤੇ ਲੜਕੀ ਹੈ।

ਲੜਕਾ: ਗੁਰਸ਼ਰਨ ਹੈ।

ਲੜਕੀ: ਜਸਮੀਨ ਹੈ।

ਦੋਵੇਂ ਬੱਚੇ ਪੜ੍ਹ ਰਹੇ ਹਨ।

4. ਰਤਨ ਸਿੰਘ:- ਰਤਨ ਸਿੰਘ ਦੀ ਧਰਮ ਪਤਨੀ ਦਾ ਨਾਮ ਹਰਨਾਮ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੱਗਰਾਂ ਹਨ। ਆਪ ਦੀ ਸ਼ਾਦੀ 27-10-1968 ਈ: ਦੀ ਹੈ। ਆਪ ਦੀ ਜਨੇਤ ਵਾਸਤੇ ਪਿੰਡ ਦੇ ਮਹਿੰਦਰ ਸਿੰਘ ਸਰਪੰਚ ਦੀ ਟਰਾਲੀ ਗਈ ਸੀ। ਉਸ ਸਮੇਂ ਤੋਂ ਵਿਆਹ ਇਕ ਹੀ ਦਿਨ ਵਿਚ ਹੋ ਜਾਂਦੇ ਸਨ। ਬਰਾਤ ਨੂੰ ਰਾਤ ਰੱਖਣ ਦਾ ਰਿਵਾਜ ਘੱਟ ਗਿਆ ਸੀ। ਤਾਇਆ ਧਨੀ ਤੇ ਤਾਇਆ ਮੁਨਸ਼ੀ ਦਰੀਆਂ ਝਾੜ ਕੇ ਟਰਾਲੀ ਵਿਚ ਬੈਠਣ ਵਾਸਤੇ ਵਿਛਾਅ ਰਹੇ ਸਨ। ਕਿਸੇ ਨੇ ਕਿਹਾ ਸਾਡੇ ਬਜ਼ੁਰਗ ਸਫ਼ਾਈ ਪਸੰਦ ਹਨ। ਰਤਨ ਸਿੰਘ ਮਿਡਲ ਪ੍ਰੀਖਿਆ ਪਾਸ ਹੈ। ਆਪ ਨੇ ਜ਼ਿੰਦਗੀ ਵਿਚ ਬਹੁਤ ਸੰਘਰਸ਼ ਕੀਤਾ ਹੈ। ਅੱਜ ਦਾ ਨੌਜਵਾਨ ਮੋਟਰਸਾਈਕਲ ਜਾਂ ਸਕੂਟਰ ਤੋਂ ਬਿਨਾ ਹੁਸ਼ਿਆਰਪੁਰ ਨਹੀਂ ਜਾਂਦਾ। ਰਤਨ ਸਿੰਘ ਨੇ ਦੂਰ-ਦੂਰ ਤੱਕ ਨੌਕਰੀ ਸਾਈਕਲ 'ਤੇ ਕੀਤੀ ਹੈ। ਆਪਣੀ ਨੌਕਰੀ ਦੇ ਨਾਲ ਆਪ ਘਰ ਅਤੇ ਖੇਤੀਬਾੜੀ ਦਾ ਕੰਮ ਵੀ ਕਰਾਉਂਦੇ ਸਨ।

ਸਰਕਾਰੀ ਨੌਕਰੀ:- ਰਤਨ ਸਿੰਘ ਮਿਤੀ 2-3-1968 ਨੂੰ ਪੰਜਾਬ ਰਾਜ ਬਿਜਲੀ ਬੋਰਡ ਵਿਚ ਨੌਕਰੀ ਵਿਚ ਆਏ। ਉਸ ਸਮੇਂ ਆਪ ਨੂੰ 150 ਰੁ: ਮਹੀਨਾ ਤਨਖਾਹ ਮਿਲਦੀ ਸੀ। ਆਪ 100 ਰੁ: ਆਪਣੇ ਪਿਤਾ ਨੂੰ ਦਿੰਦੇ ਸਨ ਅਤੇ 50 ਰੁ: ਆਪਣੇ ਕੋਲ ਰੱਖਦੇ ਸਨ। ਆਪ ਦੇ ਨਾਲ ਹੋਰ ਵਿਅਕਤੀ ਵੀ ਭਰਤੀ ਹੋਏ ਪਰ ਉਹ ਜਲਦੀ ਹਟ ਗਏ।

ਰੈਗੂਲਰ ਭਰਤੀ:- ਰਤਨ ਸਿੰਘ 13-01-1976 ਨੂੰ ਬਿਜਲੀ ਮਹਿਕਮੇ ਵਿਚ ਰੈਗੂਲਰ ਹੋ ਗਏ ਸਨ ਫਿਰ ਆਪ ਨੂੰ ਪੂਰੀ ਤਨਖਾਹ ਮਿਲਣ ਲੱਗੀ।

ਅਲੱਗ ਹੋਣਾ:- ਰਤਨ ਸਿੰਘ ਅਪ੍ਰੈਲ 1973 ਈ: ਵਿਚ ਪਰਿਵਾਰ ਤੋਂ ਅਲੱਗ ਹੋ ਗਏ ਸਨ। ਆਪ ਨੇ ਜ਼ਿਆਦਾ ਸਮਾਂ ਨੌਕਰੀ ਚੱਬੇਵਾਲ ਕੀਤੀ ਹੈ। ਅੱਠ ਸਾਲ ਆਪ ਆਪਣੇ ਸਹੁਰਾ ਪਰਿਵਾਰ ਵਿਚ ਰਹੇ। ਫਿਰ ਆਪ ਨੇ ਪੈਸੇ ਜੋੜ ਕੇ ਆਪਣੇ ਵਾਸਤੇ 1975 ਈ: ਵਿਚ ਇਕ ਕਮਰਾ ਤਿਆਰ ਕੀਤਾ। ਹੌਲੀ-ਹੌਲੀ ਮਕਾਨ ਦਾ ਵਾਧਾ ਕੀਤਾ।

ਜੂਨ 1987 ਈ: ਵਿਚ ਰਤਨ ਸਿੰਘ ਨੇ ਇਕ ਕਨਾਲ ਪਲਾਟ ਲੈ ਕੇ ਉੱਥੇ ਮਕਾਨ ਉਸਾਰੀ ਕਰਨੀ ਸ਼ੁਰੂ ਕੀਤੀ ਜੋ ਹੁਣ ਪੂਰੀ ਤਰ੍ਹਾਂ ਮੁਕੰਮਲ ਹੈ।

ਸੇਵਾ ਮੁਕਤ:- ਸਰਕਾਰੀ ਰਿਕਾਰਡ ਅਨੁਸਾਰ ਆਪ ਦੀ ਜਨਮ ਮਿਤੀ 10-12-1947 ਈ: ਦੀ ਹੈ। ਆਪ 37 ਸਾਲ ਦੀ ਨੌਕਰੀ ਪੂਰੀ ਕਰਨ ਉਪਰੰਤ ਮਿਤੀ 31-3-2005 ਨੂੰ ਬਤੌਰ ਲਾਇਨਮੈਨ ਸੇਵਾ ਮੁਕਤ ਹੋਏ। ਆਪ ਪਿੰਡ ਵਿਚ ਪਹਿਲੇ ਆਦਮੀ ਹਨ ਜਿਨ੍ਹਾਂ ਪਿੰਡ ਵਿਚ ਆਪਣੀ ਰਿਟਾਇਰਮੈਂਟ ਵੇਲੇ ਡੀ.ਜੇ. ਲਗਾ ਕੇ ਖੁਸ਼ੀ ਮਨਾਈ। ਸਾਰੇ ਸਰੀਕੇ ਭਾਈਚਾਰੇ ਤੇ ਰਿਸ਼ਤੇਦਾਰਾਂ ਨੂੰ ਚਾਹ ਪਾਰਟੀ ਦੇ ਕੇ ਨਿਵਾਜ਼ਿਆ ਹੈ। ਹੋਰ ਸਾਥੀ ਵੱਡੇ-ਵੱਡੇ ਰੈਂਕ ਲੈ ਕੇ ਆਏ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਸੇਵਾ ਨਵਿਰਤੀ ਦੀ ਵਿਅਕਤੀ ਨੂੰ ਵਿਆਹ ਤੋਂ ਵੀ ਜ਼ਿਆਦਾ ਖੁਸ਼ੀ ਹੁੰਦੀ ਹੈ। ਪ੍ਰਮਾਤਮਾ ਹਰ ਵਿਅਕਤੀ ਦੇ ਭਾਗਾਂ ਵਿਚ ਇਹ ਦਿਨ ਜ਼ਰੂਰ ਲਿਆਵੇ।

ਵੰਸ਼:- ਰਤਨ ਸਿੰਘ ਦੇ ਵੰਸ਼ ਵਿਚ ਇਕ ਲੜਕੀ ਤੀਰਥ ਕੌਰ ਤੇ ਦੋ ਲੜਕੇ ਹਨ- ਦਿਲਾਵਰ ਸਿੰਘ ਤੇ ਕੁਲਵੰਤ ਸਿੰਘ।

ਤੀਰਥ ਕੌਰ:- ਤੀਰਥ ਕੌਰ ਦਸਵੀਂ ਪਾਸ ਹੈ। ਪੇਕੇ ਘਰ ਵਿਚ ਲੜਕੀ ਨੇ ਡਟ ਕੇ ਕੰਮ ਕੀਤਾ ਹੈ। ਆਪ ਦੇ ਪਤੀ ਦਾ ਨਾਮ ਮੱਖਣ ਸਿੰਘ ਤੇ ਸਹੁਰੇ ਪਿੰਡ ਹਰਮੋਇਆ ਹਨ।

ਵੰਸ਼:- ਆਪ ਦੇ ਦੋ ਲੜਕੇ ਹਨ- ਦਵਿੰਦਰ ਸਿੰਘ ਤੇ ਪਰਮਿੰਦਰ ਸਿੰਘ। ਆਪ ਦੇ ਪਿਤਾ ਰਤਨ ਸਿੰਘ ਨੇ ਆਪ ਨੂੰ ਸਹੁਰਾ ਪਿੰਡ ਵਿਖੇ ਕੋਠੀ ਬਣਾ ਕੇ ਦਿੱਤੀ ਹੈ।

1. **ਦਿਲਾਵਰ ਸਿੰਘ:-** ਦਿਲਾਵਰ ਸਿੰਘ ਦਾ ਜਨਮ ਨਾਨਕਾ ਪਿੰਡ ਚੱਗਰਾ ਵਿਖੇ ਮਿਤੀ 29-9-1974 ਨੂੰ ਹੋਇਆ। ਆਪ ਨੂੰ ਘਰ 'ਚ ਜੁਗਨੂੰ ਕਹਿ ਕੇ ਬੁਲਾਉਂਦੇ ਹਨ। ਰਤਨ ਸਿੰਘ ਨੇ ਦੱਸਿਆ ਕਿ ਜਿਸ ਦਿਨ ਇਸ ਦਾ ਜਨਮ ਹੋਇਆ ਮੈਂ 'ਜੁਗਨੂੰ' ਫ਼ਿਲਮ ਦੇਖ ਕੇ ਆਇਆ ਸੀ ਤਾਂ ਇਸ ਦਾ ਨਾਮ ਜੁਗਨੂੰ ਰੱਖਿਆ ਹੈ।

ਵਿਆਹ:- ਆਪ ਦਾ ਵਿਆਹ 23-1-2005 ਨੂੰ ਸੋਨੀਆ ਨਾਲ ਹੁਸ਼ਿਆਰਪੁਰ

ਦੇ ਮੁਹੱਲਾ ਰਹੀਮਪੁਰ ਵਿਖੇ ਹੋਇਆ। ਦਿਲਾਵਰ ਸਿੰਘ ਨੇ ਮਿਡਲ ਪੱਧਰ ਦੀ ਪੜ੍ਹਾਈ ਪਾਸ ਕੀਤੀ ਹੈ। ਆਪਣੇ ਜੀਵਨ ਦਾ ਬਹੁਤ ਸਾਰਾ ਸਮਾਂ ਨਾਨਕਾ ਪਿੰਡ ਵਿਖੇ ਬਿਤਾਇਆ ਹੈ। ਦਿਲਾਵਰ ਸਿੰਘ ਰਾਜ ਮਿਸਤਰੀ ਦਾ ਵਧੀਆ ਕੰਮ ਕਰਦਾ ਹੈ। ਆਪਣਾ ਵਧੀਆ ਮਕਾਨ ਬਣਾਇਆ ਹੈ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਚੰਦਨ ਤੇ ਇਕ ਲੜਕੀ ਮੰਜਨਾ ਹੈ। ਦੋਵੇਂ ਪੜ੍ਹ ਰਹੇ ਹਨ।

2. **ਕੁਲਵੰਤ ਸਿੰਘ:-** ਆਪ ਦਾ ਜਨਮ 18-9-1976 ਦਾ ਹੈ। ਰਤਨ ਸਿੰਘ ਦੇ ਤਿੰਨ ਹੀ ਬੱਚਿਆਂ ਦਾ ਜਨਮ ਨਾਨਕਾ ਪਿੰਡ ਦਾ ਹੈ। ਆਪ ਦੇ ਘਰਦਿਆਂ ਨੇ ਆਪ ਦਾ ਛੋਟਾ ਨਾਮ ਕਾਲੀ ਰੱਖਿਆ ਹੈ। ਆਪ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਕੀਤੀ ਹੈ। ਪੜ੍ਹਾਈ ਤੋਂ ਮਗਰੋਂ ਆਪ ਨੇ ਤਰਖਾਣਾ ਕੰਮ ਸਿੱਖ ਲਿਆ ਹੈ। ਇਸ ਸਮੇਂ ਪਿੰਡ ਦੀਆਂ ਕੋਠੀਆਂ ਵਿਚ ਸਾਰਾ ਕੰਮ ਇਸ ਨੇ ਕੀਤਾ ਹੈ। 2-3 ਸਾਲ ਡੁਬਈ ਵਿਚ ਵੀ ਲਗਾਏ ਹਨ। ਹੁਣ ਹਰ ਤਰ੍ਹਾਂ ਆਪਣੇ ਕੰਮ ਦਾ ਮਾਹਰ ਹੈ। ਇਸ ਦੇ ਨਾਲ ਹੀ ਆਪ ਦੇ ਕੋਲ ਹੋਰ ਕਾਰੀਗਰ ਕੰਮ ਕਰਦੇ ਹਨ।

ਵੰਸ਼:- ਆਪ ਦੇ ਦੋ ਲੜਕੇ ਤੇ ਇਕ ਲੜਕੀ ਹੈ।

ਲੜਕੇ: ਅਕਾਸ਼ਦੀਪ ਸਿੰਘ, ਤਨਵੀਰ ਸਿੰਘ

ਲੜਕੀ: ਗਗਨਦੀਪ ਕੌਰ।

ਸਾਰੇ ਬੱਚੇ ਪੜ੍ਹ ਰਹੇ ਹਨ।

5. **ਹਰਭਜਨ ਸਿੰਘ:-** ਹਰਭਜਨ ਸਿੰਘ ਸ਼ੰਕਰ ਸਿੰਘ ਦਾ ਪੰਜਵਾਂ ਲੜਕਾ ਹੈ। ਸਰਕਾਰੀ ਰਿਕਾਰਡ ਅਨੁਸਾਰ ਆਪ ਦੀ ਜਨਮ ਮਿਤੀ 3-01-1949 ਹੈ। ਆਪ ਨੇ ਮਿਡਲ ਪੱਧਰ ਦੀ ਪੜ੍ਹਾਈ ਕੀਤੀ ਹੈ। ਆਪ ਦਾ ਜ਼ਿਆਦਾ ਧਿਆਨ ਖੇਤੀਬਾੜੀ ਵਿਚ ਸੀ ਕਈ ਸਾਲ ਆਪ ਘਰੇਲੂ ਕੰਮਕਾਰ ਕਰਦੇ ਰਹੇ। ਸ. ਬਸੰਤ ਸਿੰਘ ਦੇ ਦਾਮਾਦ ਬਿਧੀ ਸਿੰਘ ਨੇ ਆਪ ਨੂੰ ਆਪਣੇ ਕੋਲ ਵੰਨ ਤਲਾਬ (C.R.P.F) ਜੰਮੂ ਰੱਖਿਆ। ਉਸ ਉਪਰੰਤ ਹਰਭਜਨ ਸਿੰਘ ਨੂੰ ਆਈ.ਜੀ ਦੀ ਸਿਫਾਰਸ਼ ਨਾਲ ਜੰਮੂ ਸੀ.ਆਰ.ਐਫ. ਵਿਚ ਭਰਤੀ ਕਰਵਾ ਦਿੱਤਾ। ਅੱਜ ਬੀ.ਏ., ਐਮ.ਏ. ਪਾਸ ਲੜਕੇ ਬੇਰੁਜ਼ਗਾਰ ਘੁੰਮ ਰਹੇ ਹਨ। ਸਰਕਾਰਾਂ ਦੇ ਕੋਲ ਉਨ੍ਹਾਂ ਵਾਸਤੇ ਰੋਜ਼ਗਾਰ ਦੇ ਬਹੁਤ ਘੱਟ ਮੌਕੇ ਹਨ। ਹਰਭਜਨ ਸਿੰਘ ਸਰਕਾਰੀ ਤੌਰ ਤੇ ਮਿਤੀ 28-5-1972 ਨੂੰ ਸੀ.ਆਰ.ਪੀ.ਐਫ. ਵਿਚ ਬਤੌਰ ਸਿਪਾਹੀ ਭਰਤੀ ਹੋਏ।

ਪਿੰਡ ਤੋਂ ਜਾਣਾ:- ਜਿਸ ਦਿਨ ਆਪ ਨੇ ਪਿੰਡ ਤੋਂ ਆਪਣਾ ਬਿਸਤਰਾ ਲੈ ਕੇ ਜਾਣਾ ਸੀ। ਮੈਂ ਆਪ ਨੂੰ ਚਾਚਾ ਸ਼ੰਕਰ ਸਿੰਘ ਦੇ ਨਾਲ ਰੇਲਵੇ ਸਟੇਸ਼ਨ ਨਸਰਾਲਾ ਵਿਖੇ ਗੱਡੀ ਚੜ੍ਹਾਉਣ ਗਿਆ। ਇਸ ਦੇ ਨਾਲ ਹੀ ਆਪ ਨੇ ਮੈਨੂੰ ਕਿਹਾ ਕਿ ਤੁਸੀਂ ਮੈਨੂੰ ਪਿੰਡ ਦਾ ਅੰਗਰੇਜ਼ੀ ਵਿਚ ਸਿਰਨਾਵਾਂ ਲਿਖ ਦਿਓ। ਆਪ ਦਾ ਪਿਤਾ ਸ. ਸ਼ੰਕਰ ਸਿੰਘ ਵੀ ਆਪ ਨੂੰ ਕੁਝ ਗੱਲਾਂ ਸਮਝਾ ਰਿਹਾ ਸੀ। ਜਿਸ ਸਮੇਂ ਬਿਧੀ ਸਿੰਘ ਛੁੱਟੀ ਆਉਂਦੇ ਸਨ ਤਾਂ

ਉਹ ਪਿੰਡ ਦੋ-ਚਾਰ ਦਿਨ ਰਹਿੰਦੇ ਸਨ। ਹਰਭਜਨ ਸਿੰਘ ਉਨ੍ਹਾਂ ਦੀ ਖਾਸ ਖਿਦਮਤਦਾਰੀ ਕਰਦਾ ਸੀ। ਭਰਤੀ ਹੋਣ ਨਾਲ ਇਸ ਦੇ ਜੀਵਨ ਦੀ ਰਫਤਾਰ ਤੇਜ਼ ਹੋ ਗਈ। ਜਦੋਂ ਆਪ ਪਹਿਲੀ ਵਾਰ ਛੁੱਟੀ ਆਏ ਤਾਂ ਆਪਣੀ ਰੰਗਰੂਟੀ ਬਾਰੇ ਬਹੁਤ ਸਾਰੀਆਂ ਗੱਲਾਂ ਸਾਡੇ ਨਾਲ ਸਾਂਝੀਆਂ ਕਰਦੇ ਸਨ।

ਵਿਆਹ:- ਆਪ ਦਾ ਵਿਆਹ ਮਿਤੀ 17-10-1973 ਨੂੰ ਸ੍ਰੀਮਤੀ ਰੇਸ਼ਮ ਕੌਰ ਨਾਲ ਹੋਇਆ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਰਾਣੀ ਦੀ ਭੱਠੀ ਨੇੜੇ ਕਾਲਾ ਬੱਕਰਾ ਹਨ। ਰੇਸ਼ਮ ਕੌਰ ਤੇ ਚੰਨਣ ਕੌਰ ਦੋਵੇਂ ਸਕੀਆਂ ਭੈਣਾ ਹਨ। ਬਚਨ ਸਿੰਘ ਤੇ ਹਰਭਜਨ ਸਿੰਘ ਸਕੇ ਭਰਾ ਹਨ। ਆਪ ਦੀ ਬਰਾਤ ਦੇ ਵਾਸਤੇ ਟਰਾਲੀ ਸਵਰਨ ਸਿੰਘ ਨਸਰਾਲਾ ਦੀ ਸੀ। ਉਸ ਸਮੇਂ ਵਿਆਹ ਸਾਦਾ ਹੀ ਸਨ। ਹਰਭਜਨ ਸਿੰਘ ਨੇ ਆਪਣੇ ਮਾਤਾ ਪਿਤਾ ਦੀ ਬਹੁਤ ਸੇਵਾ ਕੀਤੀ ਹੈ। ਸ਼ੰਕਰ ਸਿੰਘ ਦੀ ਚੱਲ ਤੇ ਅਚੱਲ ਜਾਇਦਾਦ ਹਰਭਜਨ ਸਿੰਘ ਦੇ ਨਾਮ ਹੈ। ਪਿਤਾ ਸ਼ੰਕਰ ਸਿੰਘ ਦੇ ਭੋਗ ਸਮੇਂ 24-9-2008 ਨੂੰ ਜ਼ਿੰਮੇਵਾਰੀ ਦੀ ਪਗੜੀ ਹਰਭਜਨ ਸਿੰਘ ਦੇ ਸਿਰ ਤੇ ਬੰਨ੍ਹਾਈ ਗਈ ਸੀ।

ਸੇਵਾ ਮੁਕਤ:- ਹਰਭਜਨ ਸਿੰਘ ਨੇ 35 ਸਾਲ ਬੇਦਾਗ ਸੇਵਾ ਕੀਤੀ ਹੈ। ਆਪ ਉੱਨਤੀ ਕਰਦੇ ਹੋਏ ਮਿਤੀ 31-12-2007 ਨੂੰ ਬਤੌਰ ਹਵਾਲਦਾਰ ਪੈਨਸ਼ਨ ਆਏ। ਆਪਣੇ ਮਕਾਨ ਤਾਂ ਹਰਭਜਨ ਸਿੰਘ ਨੇ ਆਪਣੀ ਸਰਵਿਸ ਦੇ ਦੌਰਾਨ ਹੀ ਬਣਾ ਲਏ ਸਨ ਅਤੇ ਰਹਿੰਦਾ ਕੰਮ ਪੈਨਸ਼ਨ ਆ ਕੇ ਕੀਤਾ ਹੈ। ਆਪਣੇ ਪਿਤਾ ਭਰਾ ਸੰਸਾਰ ਸਿੰਘ ਦੇ ਸਹਿਯੋਗ ਨਾਲ ਆਪਣੀ ਜ਼ਮੀਨ ਖਰੀਦੀ ਜਿਸ ਵਿਚ ਪਾਣੀ ਦਾ ਪ੍ਰਬੰਧ ਕੀਤਾ। ਆਪ ਵੀ ਆਪਣੇ ਭਰਾਵਾਂ ਵਾਂਗ ਕਿਰਤ ਨੂੰ ਪਹਿਲ ਦਿੰਦੇ ਹਨ ਆਪਣੇ ਕੰਮਕਾਰ ਵਿਚ ਵਿਅਸਥ ਰਹਿੰਦੇ ਹਨ। ਸਵੇਰ ਤੇ ਸ਼ਾਮ ਗੁਰੂ ਘਰ ਦੀ ਸੇਵਾ ਵੀ ਕਰਦੇ ਹਨ। ਆਪ ਵੀ ਡੇਰਾ ਬਿਆਸ ਦੇ ਸ਼ਰਧਾਲੂ ਹਨ। ਆਪ ਮੀਆਂ ਬੀਬੀ ਨੂੰ ਨਾਮਦਾਨ ਦੀ ਬਖਸ਼ਿਸ਼ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੁਆਰਾ 5-11-1995 ਨੂੰ ਹੋਈ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਤੇ ਦੋ ਲੜਕੇ ਹਨ।

1. **ਅਮਰਜੀਤ ਕੌਰ**:- ਅਮਰਜੀਤ ਕੌਰ ਦਸਵੀਂ ਪਾਸ ਹੈ। ਆਪ ਦੇ ਪਤੀ ਦਾ ਨਾਮ ਜਸਵਿੰਦਰ ਸਿੰਘ ਹੈ, ਜੋ ਪੰਜਾਬ ਪੁਲਿਸ ਵਿਚ ਬਤੌਰ ਹਵਾਲਦਾਰ ਡਿਊਟੀ ਕਰ ਰਹੇ ਹਨ ਤੇ ਪਿੰਡ ਮਾਣਕ ਢੇਰੀ, ਜ਼ਿਲ੍ਹਾ ਹੁਸ਼ਿਆਰਪੁਰ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ- ਹਰਕੰਵਲ ਸਿੰਘ ਤੇ ਹਰਜਸ਼ਨ ਸਿੰਘ ਹਨ।

2. **ਸੁਖਵੀਰ ਕੌਰ**:- ਆਪ ਨੇ 10+2 ਪਾਸ ਕੀਤੀ ਹੈ। ਆਪ ਦੀ ਸ਼ਾਦੀ 16-12-2012 ਨੂੰ ਲਖਵੀਰ ਸਿੰਘ ਪਤਾਰਾ, ਜਲੰਧਰ ਨਾਲ ਨਸਰਾਲਾ ਪੈਲੇਸ ਵਿਖੇ ਹੋਈ ਹੈ।

ਵੰਸ਼:- ਆਪ ਦਾ ਇਕ ਲੜਕਾ ਹਿਮਨਵੀਰ ਸਿੰਘ ਹੈ।

1. **ਮਨਜੀਤ ਸਿੰਘ**:- ਆਪ ਦੀ ਜਨਮ ਮਿਤੀ 22-9-1981 ਹੈ। ਆਪ ਨੇ

10+2 ਪਾਸ ਕੀਤੀ ਹੈ ਤੇ ਉਪਰੰਤ ਖੇਤੀਬਾੜੀ ਦਾ ਕੰਮ ਕਰਦੇ ਰਹੇ। ਫਿਰ ਆਪ ਵਰਕ ਪਰਮਿਟ ਨਾਲ ਦੋ ਵਾਰ ਆਸਟ੍ਰੇਲੀਆ ਗਏ। ਮਨਜੀਤ ਸਿੰਘ ਦੀ ਸ਼ਾਦੀ 6-11-2013 ਨੂੰ ਹਰਜਿੰਦਰ ਕੌਰ ਪੇਕੇ ਪਿੱਪਲਾਂਵਾਲਾ, ਸ਼ੰਕਰ ਪੈਲੇਸ ਜੀ.ਟੀ ਰੋਡ ਜਲੰਧਰ ਵਿਖੇ ਹੋਈ ਹੈ। ਮਨਜੀਤ ਸਿੰਘ ਦਾ ਸੁਭਾਅ ਚੰਗਾ ਹੈ।

2. ਅਮਰੀਕ ਸਿੰਘ:- ਇਸ ਦਾ ਜਨਮ 19-7-1987 ਦਾ ਹੈ ਤੇ 10+2 ਪਾਸ ਕਰਨ ਉਪਰੰਤ ਕੰਪਿਊਟਰ ਕੋਰਸ ਕੀਤਾ ਹੈ। ਹੁਣ ਆਪਣਾ ਕੰਮ ਕਰ ਰਿਹਾ ਹੈ।

ਨੋਟ: ਹਰਭਜਨ ਸਿੰਘ ਨੇ ਸਮੇਂ ਸਿਰ ਆਪਣੀ ਕਬੀਲਦਾਰੀ ਨੂੰ ਨਿਪਟਾ ਲਿਆ ਹੈ। ਦੋਵੇਂ ਲੜਕੇ ਆਗਿਆਕਾਰੀ ਤੇ ਮਿਹਨਤੀ ਹਨ।

ਹਰਭਜਨ ਕੌਰ:- ਸ਼ੰਕਰ ਸਿੰਘ ਦੀ ਲੜਕੀ ਦਾ ਨਾਮ ਹਰਭਜਨ ਕੌਰ ਹੈ। ਹਰਭਜਨ ਕੌਰ ਨੂੰ ਮੇਰੇ ਨਾਲ ਸਰਕਾਰੀ ਮਿਡਲ ਸਕੂਲ ਸਾਹਰੀ ਵਿਖੇ ਪੜ੍ਹਨਾ ਪਾਇਆ ਸੀ। ਪਰ ਘਰ ਵਿਚ ਘਰੇਲੂ ਖੇਤੀਬਾੜੀ ਦਾ ਕੰਮਕਾਰ ਹੋਣ ਕਰਕੇ ਇਸ ਨੂੰ ਪੜ੍ਹਾਈ ਤੋਂ ਹਟਾ ਲਿਆ ਗਿਆ। ਭਾਵੇਂ ਘਰ ਵਿਚ ਦੋ ਭਰਜਾਈਆਂ ਸਨ ਪਰ ਭੈਣ ਹਰਭਜਨ ਕੌਰ ਆਪਣੀ ਮਾਤਾ ਦੇ ਨਾਲ ਡੱਟ ਕੇ ਘਰ ਦਾ ਕੰਮਕਾਰ ਕਰਦੀ ਸੀ ਘਰ ਦੀ ਸਾਫ ਸਫਾਈ ਹੋਰ ਰਸੋਈ ਦਾ ਕੰਮ ਜਲਦੀ ਕਰ ਲੈਂਦੀ ਸੀ। ਖੇਤੀਬਾੜੀ ਦਾ ਕੰਮ ਹੋਣ ਕਰਕੇ ਹਰ ਵਕਤ ਚੁੱਲ੍ਹਾ ਤਪਦਾ ਰਹਿੰਦਾ ਸੀ। ਪ੍ਰਾਹੁਣਚਾਰੀ ਵੀ ਬਹੁਤ ਹੁੰਦੀ ਸੀ। ਹਾੜ੍ਹੀ ਸਾਉਣੀ ਘਰ ਵਿਚ ਬਹੁਤ ਕੰਮ ਹੁੰਦਾ ਸੀ। ਜਦੋਂ ਮੈਂ ਕਾਲਜ ਪੜ੍ਹਦਾ ਸੀ ਤਾਂ ਜੇਕਰ ਸਾਡੀ ਰੋਟੀ ਲੇਟ ਹੋਣੀ ਤਾਂ ਭੈਣ ਹਰਭਜਨ ਕੌਰ ਨੇ ਕਹਿਣਾ ਭਾਜੀ ਰੋਟੀ ਤਿਆਰ ਹੈ ਖਾ ਲਵੋ। ਮੇਰਾ ਰੇਲ ਗੱਡੀ ਦਾ ਟਾਈਮ ਹੋ ਜਾਂਦਾ ਸੀ। ਮੈਂ ਮਿਥੇ ਵਕਤ ਤੇ ਘਰੋਂ ਚਲ ਪੈਂਦਾ ਸੀ।

ਵਿਆਹ:- ਹਰਭਜਨ ਕੌਰ ਦਾ ਵਿਆਹ ਮਿਤੀ 18-06-1978 ਨੂੰ ਬਲਵੀਰ ਸਿੰਘ ਪਿੰਡ ਤਾਰਾਗੜ੍ਹ ਨਾਲ ਹੋਇਆ। ਅਨੰਦ ਕਾਰਜ ਦੀ ਰਸਮ ਪਿੰਡ ਪਿਆਲਾਂ ਦੇ ਪਾਠੀ ਹਰਨਾਮ ਸਿੰਘ ਦੁਆਰਾ ਕੀਤੀ ਗਈ। ਉਸ ਸਮੇਂ ਦੇ ਅਨੁਸਾਰ ਸਾਡੇ ਚਾਚੇ ਸ਼ੰਕਰ ਸਿੰਘ ਨੇ ਦਾਜ ਚੰਗਾ ਦਿੱਤਾ ਤੇ ਆਈ ਬਰਾਤ ਦੀ ਚੰਗੀ ਆਓ ਭਗਤ ਕੀਤੀ।

ਵੰਸ਼:- ਆਪ ਦੇ ਵੰਸ਼ ਵਿਚ ਲੜਕੀ ਬਲਵਿੰਦਰ ਕੌਰ ਹੈ। ਦੋ ਲੜਕੇ ਬੀਰਬਲ ਤੇ ਸੋਮ ਪ੍ਰਕਾਸ਼ ਹਨ। ਆਪ ਦਾ ਸਹੁਰਾ ਜਗਤ ਸਿੰਘ ਪਿੰਡ ਦਾ ਸਰਪੰਚ ਰਹਿ ਚੁੱਕਾ ਹੈ। ਹੁਣ ਆਪ ਦਾ ਜੇਠ ਪਿੰਡ ਦਾ ਸਰਪੰਚ ਹੈ। ਆਪ ਦਾ ਪਤੀ ਬਲਵੀਰ ਸਿੰਘ ਕਈ ਵਾਰ ਅਫਰੀਕਾ ਜਾ ਚੁੱਕਾ ਹੈ। ਸਹੁਰਾ ਪਰਿਵਾਰ ਵੀ ਖੇਤੀ ਕਰਦਾ ਹੈ। ਘਰ ਦੀ ਜ਼ਮੀਨ ਜਾਇਦਾਦ ਹੈ। ਘਰ ਵਿਚ ਹਰ ਤਰ੍ਹਾਂ ਦੀਆਂ ਬਰਕਤਾਂ ਹਨ।

ਸੁਰਜਨ ਸਿੰਘ ਦੀਆਂ ਲੜਕੀਆਂ ਬੰਤੀ-ਧੰਤੀ

ਬੰਤੀ:- ਬੰਤੀ ਤਾਇਆ ਬੰਤਾ ਸਿੰਘ ਤੋਂ ਛੋਟੀ ਸੀ। ਬੰਤੀ ਦੇ ਪਤੀ ਦਾ ਨਾਮ ਬਲਵੰਤ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੱਬੇਵਾਲ ਹਨ। ਬਲਵੰਤ ਸਿੰਘ ਦੇ ਪਿਤਾ ਦਾ ਨਾਮ ਗਣੇਸ਼ਾ ਤੇ ਮਾਤਾ ਦਾ ਨਾਮ ਸ਼ਿਆਮੀ ਸੀ। ਬਲਵੰਤ ਸਿੰਘ ਦੇ ਭਾਈ ਦਾ ਨਾਮ ਭਾਗ ਸਿੰਘ ਸੀ ਜਿਸ ਨੇ ਸ਼ਾਦੀ ਨਹੀਂ ਕਰਾਈ। ਉਹ ਕਦੇ ਯੂ.ਪੀ.

ਚਲਾ ਜਾਂਦਾ ਕਦੇ ਪੰਜਾਬ ਆ ਜਾਂਦਾ ਸੀ ਪਰ ਭਾਗ ਸਿੰਘ ਦੀ ਮੌਤ ਯੂ.ਪੀ. ਵਿਚ ਹੋਈ ਹੈ। ਆਪ ਦੋਵੇਂ ਭਰਾ ਬਹੁਤ ਲੰਮੇ ਕੱਦ ਵਾਲੇ ਤੇ ਜਵਾਨ ਸਨ।

ਬਲਵੰਤ ਸਿੰਘ ਯੂ.ਪੀ. ਜਾਣ ਤੋਂ ਪਹਿਲਾਂ ਠੇਕੇਦਾਰੀ ਕਰਦਾ ਸੀ। ਕਦੇ-ਕਦੇ ਲੱਕੜਾਂ ਦਾ ਵਪਾਰ ਵੀ ਕਰ ਲੈਂਦੇ ਸਨ। ਆਪ ਦਾ ਪਿਤਾ ਕੱਪੜਾ ਬੁਣਦਾ ਸੀ। ਇਸਦੇ ਨਾਲ ਉਹ ਪਸ਼ੂਆਂ ਦਾ ਦੇਸੀ ਦਵਾਈਆਂ ਨਾਲ ਇਲਾਜ ਕਰਦਾ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਗਣੇਸ਼ਾ ਸਿੰਘ ਸੁਰਗਵਾਸ ਹੋ ਗਏ ਸਨ ਤੇ ਆਪ ਦੇ ਭੋਗ 'ਤੇ ਸਾਰੇ ਰਿਸ਼ਤੇਦਾਰਾਂ ਨੂੰ ਸੱਦਾ ਪੱਤਰ ਭੇਜੇ ਗਏ ਸਨ। ਪਰ ਰਾਤ ਤੋਂ ਭਾਰੀ ਬਾਰਿਸ਼ ਹੋ ਰਹੀ ਸੀ। ਸਾਰੇ ਚੋਅ ਚੜ੍ਹੇ ਹੋਏ ਸਨ ਜੋ ਵਿਅਕਤੀ ਪਿੰਡ ਗਗਨੌਲੀ ਤੋਂ ਗਏ ਸਨ ਉਹ ਸ਼ਾਮ ਨੂੰ ਹੀ ਆਪਣੀ ਹਾਜ਼ਰੀ ਭਰ ਸਕੇ। ਇਹ ਗੱਲ 1963 ਦੇ ਕਰੀਬ ਦੀ ਹੈ।

ਯੂ.ਪੀ. ਜਾਣਾ:- 1951 ਈ: ਵਿਚ ਬਲਵੰਤ ਸਿੰਘ ਸਮੇਤ ਪਰਿਵਾਰ ਯੂ.ਪੀ. ਚਲਾ ਗਿਆ ਜਿਥੇ ਉਨ੍ਹਾਂ ਜੰਗਲ ਸਾਫ ਕਰਕੇ 70 ਖੇਤ ਜ਼ਮੀਨ ਵਾਹੀਯੋਗ ਬਣਾਈ। ਸਾਡੀ ਭੂਆ ਦੇ ਭਤੀਜੇ ਪਹਿਲਾਂ ਹੀ ਯੂ.ਪੀ. ਚਲੇ ਗਏ ਸਨ ਇਨ੍ਹਾਂ ਸਾਰਿਆਂ ਦੇ ਘਰ ਇਕੱਠੇ ਹਨ ਜਿਨ੍ਹਾਂ ਨੂੰ ਪੰਜਾਬੀਆਂ ਦੇ ਘਰ ਕਿਹਾ ਜਾਂਦਾ ਹੈ। ਬਲਵੰਤ ਸਿੰਘ ਸਾਈਕਲ ਚਲਾ ਲੈਂਦੇ ਸਨ। ਆਪਣੀ ਮਾਤਾ ਸ਼ਿਆਮੀ ਦੇਵੀ ਨੂੰ ਬਲਵੰਤ ਸਿੰਘ ਪਿੰਡ ਗਗਨੌਲੀ ਮਿਲਾ ਕੇ ਦੂਜੇ ਦਿਨ ਸਾਈਕਲ 'ਤੇ ਬਿਠਾ ਕੇ ਨਸਰਾਲੇ ਸਟੇਸ਼ਨ ਤੇ ਲੈ ਗਿਆ। ਇਥੋਂ ਉਨ੍ਹਾਂ ਨੇ ਜਲੰਧਰ ਵਾਸਤੇ ਰੇਲ ਗੱਡੀ ਫੜਨੀ ਸੀ। ਮਾਤਾ ਯੂ.ਪੀ. ਵਿਚ ਹੀ ਸੁਰਗਵਾਸ ਹੋਈ ਹੈ।

ਡੇਰਾ ਬਿਆਸ ਜਾਣਾ:- ਫੁੱਫੜ ਬਲਵੰਤ ਸਿੰਘ ਨੇ ਇਕ ਰਾਤ ਮੈਨੂੰ ਦੱਸਿਆ ਕਿ ਮੈਂ ਜਵਾਨੀ ਵਿਚ ਕੁਝ ਸਾਥੀਆਂ ਨਾਲ ਮਾੜੀ ਆਦਤ ਦਾ ਸ਼ਿਕਾਰ ਸੀ। ਆਪਣੇ ਜਵਾਨੀ ਦੇ ਦੌਰ ਵਿਚ ਡਰ ਭੈਅ ਨਹੀਂ ਸੀ। ਜੀਵਨ ਵਿਚ ਇਕ ਘਟਨਾ ਐਸੀ ਘਟੀ ਕਿ ਸਾਨੂੰ ਡਰ ਸੀ ਕਿ ਕਿਤੇ ਸਾਡੀ ਪੈੜ ਫੜੀ ਨਾ ਜਾਵੇ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਹੁਣ ਸਾਨੂੰ ਬਚਾਅ ਲੈ ਮੈਂ ਮੁੜ ਅਜਿਹਾ ਕੰਮ ਨਹੀਂ ਕਰਾਂਗਾ। ਮੇਰੀ ਅਰਦਾਸ ਸੁਣੀ ਗਈ। ਰਾਤ ਨੂੰ ਭਾਰੀ ਬਾਰਿਸ਼ ਹੋਈ ਸਾਡੇ ਪੈੜ-ਚਿੰਨ ਪਾਣੀ ਨਾਲ ਲੁਕ ਗਏ। ਉਸ ਦਿਨ ਤੋਂ ਮੈਂ ਮਾਸ, ਆਂਡਾ, ਸ਼ਰਾਬ ਤੇ ਹੋਰ ਮਾੜੀਆਂ ਆਦਤਾਂ ਛੱਡ ਦਿੱਤੀਆਂ। ਮੈਂ ਜਲਦੀ ਡੇਰਾ ਬਿਆਸ ਦਾ ਸ਼ਰਧਾਲੂ ਬਣ ਗਿਆ।

ਭੰਡਾਰੇ ਤੇ ਪੱਕੀ ਸੇਵਾ:- ਸ. ਬਲਵੰਤ ਸਿੰਘ ਨੇ ਭੰਡਾਰੇ ਸਮੇਂ ਡੇਰਾ ਬਿਆਸ ਵਿਚ ਪੱਕੀ ਸੇਵਾ ਲਈ ਹੋਈ ਸੀ। ਉਹ ਹਮੇਸ਼ਾ ਛਬੀਲ ਦੀ ਸੇਵਾ ਕਰਦੇ ਸਨ। ਕਦੇ-ਕਦੇ ਸਾਨੂੰ ਡੇਰਾ ਬਿਆਸ ਵਿਚ ਮਿਲ ਪੈਂਦੇ ਸਨ। ਜਦੋਂ ਉਹ ਡੇਰਾ ਬਿਆਸ ਆਉਂਦੇ ਤਾਂ ਭੂਆ ਫੁੱਫੜ ਦੋਵੇਂ ਪਿੰਡ ਗਗਨੌਲੀ ਦੋ ਰਾਤਾਂ ਰਹਿ ਕੇ ਜਾਂਦੇ। ਬਲਵੰਤ ਸਿੰਘ ਏਨਾ ਜ਼ਿਆਦਾ ਪੜ੍ਹੇ ਹੋਏ ਤਾਂ ਨਹੀਂ ਸਨ ਪਰ ਡੇਰੇ ਜਾਣ ਕਰਕੇ ਬਹੁਤ ਗਿਆਨਵਾਨ ਹੋ ਗਏ ਸਨ। ਉਹ ਜਦੋਂ ਵੀ ਪਿੰਡ ਗਗਨੌਲੀ ਆਉਂਦੇ ਤਾਂ ਕਹਿਣਾ ਮੇਰਾ ਬਿਸਤਰਾ ਪਾੜ੍ਹੇ ਦੇ ਕਮਰੇ ਵਿਚ ਕਰਨਾ ਹੈ। ਆਪ ਬੈੱਡ 'ਤੇ ਸੌਣ ਦੀ ਬਜਾਏ ਮੰਜੇ 'ਤੇ ਸੌਣਾ ਪਸੰਦ ਕਰਦੇ

ਸਨ ਜਿਸ ਘਰ ਤੋਂ ਪਹਿਲਾਂ ਰੋਟੀ ਆ ਗਈ ਉਹ ਖਾ ਕੇ ਪ੍ਰਮਾਤਮਾ ਦਾ ਸ਼ੁਕਰ ਕਰਦੇ ਸਨ। ਇਸ ਸੁਭਾਅ ਨੂੰ ਵੇਖ ਕੇ ਆਪ ਨੂੰ ਲੋਕ ਯੂ.ਪੀ. ਵਿਚ ਦਾਤਾ ਨਾਮ ਦੇ ਸ਼ਬਦ ਨਾਲ ਬੁਲਾਉਂਦੇ ਸਨ। ਆਪ ਇਕ ਦੋ ਰਾਤਾਂ ਆਪਣੇ ਪਿੰਡ ਚੱਬੇਵਾਲ ਵੀ ਰਹਿੰਦੇ ਸਨ।

ਮੈਨੂੰ ਮਿਲਣ ਆਉਣਾ:- ਮੈਂ ਆਪਣੀ ਸਰਕਾਰੀ ਸਰਵਿਸ ਦੌਰਾਨ ਸਰਕਾਰੀ ਹਾਈ ਸਕੂਲ ਜੰਡੋਲੀ ਵਿਖੇ ਪੜ੍ਹਾਉਂਦਾ ਸੀ। ਮੈਂ ਰਹਿਣ ਵਾਸਤੇ ਕਮਰਾ ਪਿੰਡ ਭੂਲੇਵਾਲ ਰਾਠਾਂ ਵਿਖੇ ਲਿਆ ਹੋਇਆ ਸੀ। ਮੈਂ ਇਸ਼ਨਾਨ ਕਰਨ ਉਪਰੰਤ ਦੁੱਧ ਗਰਮ ਕਰ ਰਿਹਾ ਸੀ ਤੇ ਬਨੇਰੇ 'ਤੇ ਕਾਂ ਬੋਲਿਆ। ਮੈਂ ਕਿਹਾ ਕਿਸ ਪ੍ਰਾਹੁਣੇ ਨੇ ਮੇਰੇ ਪਾਸ ਆਉਣਾ ਹੈ ਉਦੋਂ ਪਤਾ ਲੱਗਾ ਜਦੋਂ ਫੁੱਫੜ ਬਲਵੰਤ ਸਿੰਘ ਨੇ ਆਣ ਦਰਵਾਜ਼ਾ ਖੜਕਾਇਆ। ਮੈਂ ਉਨ੍ਹਾਂ ਨੂੰ ਮੱਥਾ ਟੇਕਿਆ ਤੇ ਗਰਮ-ਗਰਮ ਦੁੱਧ ਪੀਣ ਨੂੰ ਦਿੱਤਾ। ਇਸ ਤੋਂ ਮਗਰੋਂ ਉਨ੍ਹਾਂ ਮੈਨੂੰ ਪਿੰਡ ਚੱਬੇਵਾਲ ਆਉਣ ਲਈ ਕਿਹਾ। ਫਿਰ ਮੈਂ ਉਨ੍ਹਾਂ ਨੂੰ ਮਿਲਣ ਗਿਆ ਤਾਂ ਮੇਰੀ ਭੂਆ ਨੇ ਮੇਰਾ ਬਹੁਤ ਚਾਅ ਲਾਡ ਕੀਤਾ। ਉਹ ਮੇਰਾ ਉਨ੍ਹਾਂ ਨੂੰ ਆਖਰੀ ਮਿਲਣਾ ਸੀ।

ਭੂਆ ਬੰਤੀ 1982 ਈ: ਵਿਚ ਸੁਰਗਵਾਸ ਹੋ ਗਈ ਸੀ। ਉਸ ਦੇ ਭੋਗ ਤੇ ਉਸ ਦੇ ਭਰਾ ਬੰਤਾ ਸਿੰਘ ਤੇ ਬਸੰਤ ਸਿੰਘ ਤੇ ਭੂਆ ਦੀਆਂ ਲੜਕੀਆਂ ਗਈਆਂ ਹੋਈਆਂ ਸਨ। ਪਿਤਾ ਬਸੰਤ ਸਿੰਘ ਨੇ ਦੱਸਿਆ ਕਿ ਜਦੋਂ ਅਸੀਂ ਯੂ.ਪੀ. ਘਰ ਵਿਚ ਪਹੁੰਚੇ ਹੀ ਸੀ ਕਿ ਸਾਡੀਆਂ ਭਾਣਜੀਆਂ ਸਾਨੂੰ ਵੇਖ ਕੇ ਰੋਣ ਲੱਗ ਪਈਆਂ। ਅਸੀਂ ਵੀ ਰੋਣ ਲੱਗ ਪਏ। ਭੈਣਾਂ ਭਰਾਵਾਂ ਦਾ ਐਸਾ ਹੀ ਪਿਆਰ ਹੁੰਦਾ ਹੈ। ਅੱਜ ਦੁਨੀਆਂ ਵਿਚ ਪਿਆਰ ਤੇ ਆਪਸੀ ਸਾਂਝ ਖਤਮ ਹੋ ਚੁੱਕੀ ਹੈ। ਪਦਾਰਥਵਾਦੀ ਸੰਸਾਰ ਵਿਚ ਸਾਨੂੰ ਪਦਾਰਥ ਨਾਲ ਜ਼ਿਆਦਾ ਪਿਆਰ ਹੈ।

ਵੰਸ਼:- ਬਲਵੰਤ ਸਿੰਘ ਵੱਡੇ ਪਰਿਵਾਰ ਵਾਲਾ ਹੈ ਜਿਸ ਦੀਆਂ ਚਾਰ ਲੜਕੀਆਂ ਤੇ ਤਿੰਨ ਲੜਕੇ ਹਨ।

ਲੜਕੇ: ਅਮਰ ਸਿੰਘ, ਪ੍ਰਗਾਸ ਸਿੰਘ ਤੇ ਪਿਆਰਾ ਸਿੰਘ

1. **ਅਮਰ ਸਿੰਘ**:- ਅਮਰ ਸਿੰਘ ਦੀ ਧਰਮ ਪਤਨੀ ਦਾ ਨਾਮ ਪਿਆਰ ਕੌਰ ਹੈ ਜਿਸ ਦੇ ਪੇਕੇ ਰਾਪੁਰ, ਹੁਸ਼ਿਆਰਪੁਰ ਹਨ। ਅਮਰ ਸਿੰਘ ਦਸਵੀਂ ਜਮਾਤ ਪਾਸ ਕਰਨ ਉਪਰੰਤ ਫੌਜ ਵਿਚ ਭਰਤੀ ਹੋ ਗਿਆ ਸੀ ਤੇ ਬਤੌਰ ਸੂਬੇਦਾਰ ਪੈਨਸ਼ਨ ਆਇਆ। ਪੈਨਸ਼ਨ ਆ ਕੇ ਉਸ ਨੇ ਜਲੰਧਰ ਸ਼ਹਿਰ ਦੇ ਮੁਹੱਲਾ ਆਬਾਦਪੁਰਾ ਵਿਚ ਬਣਿਆ ਬਣਾਇਆ ਮਕਾਨ ਮੁੱਲ ਲੈ ਲਿਆ ਤੇ ਇਸ ਨੂੰ ਨਵੀਂ ਦਿੱਖ ਦੇ ਕੇ ਕੋਠੀ ਬਣਾ ਲਈ ਹੈ। ਅਮਰ ਸਿੰਘ ਦੀ ਧਰਮ ਪਤਨੀ ਆਪਣੇ ਛੋਟੇ ਲੜਕੇ ਸੁਰਿੰਦਰ ਸਿੰਘ ਨੂੰ ਜਨਮ ਦੇਣ ਮਗਰੋਂ ਸੁਰਗਵਾਸ ਹੋ ਗਈ ਸੀ। ਫਿਰ ਅਮਰ ਸਿੰਘ ਨੇ ਦੂਜੀ ਸ਼ਾਦੀ ਵੀ ਕਰਾਈ ਸੀ ਪਰ ਉਹ ਥੋੜ੍ਹਾ ਸਮਾਂ ਵਸਣ ਉਪਰੰਤ ਤਲਾਕ ਹੋ ਗਿਆ। ਅਮਰ ਸਿੰਘ ਨੇ ਆਪਣੇ ਬੱਚਿਆਂ ਦਾ ਪਾਲਣ-ਪੋਸਣ ਆਪ ਕੀਤਾ। ਅਮਰ ਸਿੰਘ ਦੇ ਹਿੱਸੇ ਦੀ ਜ਼ਮੀਨ ਯੂ.ਪੀ. ਵਿਚ ਹੈ ਜੋ ਆਪ ਨੇ ਮਾਮਲੇ 'ਤੇ ਦਿੱਤੀ ਹੈ।

ਵੰਸ਼:- ਅਮਰ ਸਿੰਘ ਦੇ ਤਿੰਨ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਜਗੀਰ ਸਿੰਘ, ਸੁਰਿੰਦਰ ਸਿੰਘ, ਮਹਿੰਦਰ ਸਿੰਘ।

ਨੋਟ: ਸਾਡੇ ਭੂਆ ਫੁੱਫੜ ਨੇ ਅਮਰ ਸਿੰਘ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਯੂ.ਪੀ. ਵਿਚ ਹੀ ਕਰ ਦਿੱਤੀਆਂ ਹਨ। ਦੋ ਵੱਡੇ ਲੜਕੇ ਵੀ ਯੂ.ਪੀ. ਵਿਚ ਰਹਿੰਦੇ ਹਨ। ਛੋਟਾ ਲੜਕਾ ਸੁਰਿੰਦਰ ਸਿੰਘ ਅਮਰ ਸਿੰਘ ਦੇ ਕੋਲ ਰਹਿੰਦਾ ਹੈ ਜੋ ਹੁਣ ਪਰਿਵਾਰ ਵਾਲਾ ਹੈ। ਅਮਰ ਸਿੰਘ ਦੀ 2003 ਵਿਚ ਜਲੰਧਰ ਵਿਚ ਹੀ ਮੌਤ ਹੋ ਚੁੱਕੀ ਹੈ। ਘਰ ਦਾ ਮਾਲਕ ਹੁਣ ਸੁਰਿੰਦਰ ਸਿੰਘ ਹੈ।

ਪ੍ਰਗਾਸ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਹਰਬੰਸ ਕੌਰ ਹੈ। ਆਪ ਦੇ ਦੋ ਲੜਕੇ ਤੇ ਚਾਰ ਲੜਕੀਆਂ ਹਨ।

ਬਲਵੰਤ ਸਿੰਘ ਦੀਆਂ ਲੜਕੀਆਂ: ਅਮਰ ਕੌਰ, ਛਿੰਨੀ, ਦੇਵ ਕੌਰ ਤੇ ਸੱਤਿਆ ਦੇਵੀ

ਅਮਰ ਕੌਰ:- ਆਪ ਦੇ ਪਤੀ ਦਾ ਨਾਮ ਰਾਮ ਸਰਨ ਹੈ ਤੇ ਸਹੁਰੇ ਸੈਲਾ ਖੁਰਦ, ਗੜ੍ਹਸ਼ੰਕਰ ਰੋਡ 'ਤੇ ਹਨ। ਰਾਮ ਸਰਨ ਇਕ ਸਾਊ ਇਨਸਾਨ ਹੈ। ਆਪ P.W.D ਵਿਭਾਗ ਵਿਚ ਨੌਕਰੀ ਕਰਦੇ ਸਨ। ਆਪ ਦੀ 1996 ਈ: ਵਿਚ ਮੌਤ ਹੋ ਗਈ। ਆਪ ਦੀ ਨੌਕਰੀ ਵੱਡੇ ਲੜਕੇ ਸੋਮ ਪ੍ਰਕਾਸ਼ ਨੂੰ ਮਿਲ ਗਈ ਹੈ।

ਵੰਸ਼:- ਰਾਮ ਸਰਨ ਦੇ ਦੋ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਸੋਮ ਪ੍ਰਕਾਸ਼ ਤੇ ਸੁਖਦੇਵ ਸਿੰਘ।

ਸੋਮ ਪ੍ਰਕਾਸ਼ P.W.D ਤੇ ਸੁਖਦੇਵ ਸਿੰਘ ਬਿਜਲੀ ਵਿਭਾਗ ਵਿਚ ਨੌਕਰੀ ਕਰਦਾ ਹੈ।

ਛਿੰਨੀ ਦੇਵੀ:- ਆਪ ਦੇ ਪਤੀ ਦਾ ਨਾਮ ਪਾਖਰ ਸਿੰਘ ਤੇ ਸਹੁਰੇ ਵੈਦ ਕਰਤਾਰ ਸਿੰਘ ਦੇ ਪਿੰਡ ਦਦਿਆਲ ਹਨ। ਪਾਖਰ ਸਿੰਘ ਰਾਜ ਮਿਸਤਰੀ ਦਾ ਕੰਮ ਕਰਦਾ ਹੈ। ਪਹਿਲਾਂ ਪਹਿਲ ਘਰੇਲੂ ਹਾਲਾਤ ਚੰਗੇ ਨਹੀਂ ਸਨ। ਹੁਣ ਪ੍ਰਮਾਤਮਾ ਦੀ ਕ੍ਰਿਪਾ ਹੈ ਕਿ ਤਿੰਨ ਲੜਕੇ ਸਰਕਾਰੀ ਨੌਕਰੀ ਕਰਦੇ ਹਨ। ਮੈਂ ਆਪਣੀ ਮੁੱਢਲੀ ਸਰਵਿਸ ਦੇ ਸਮੇਂ ਭੈਣ ਛਿੰਨੀ ਦੇਵੀ ਦੇ ਕੋਲ ਥੋੜ੍ਹਾ ਸਮਾਂ ਰਿਹਾ ਸੀ। ਆਪ ਦਾ ਤੇ ਬੱਚਿਆਂ ਦਾ ਆਦਤ ਸੁਭਾਅ ਬਹੁਤ ਚੰਗਾ ਹੈ।

ਵੰਸ਼:- ਆਪ ਦੀ ਇਕ ਲੜਕੀ ਤੇ ਤਿੰਨ ਲੜਕੇ ਹਨ।

ਲੜਕੀ:- ਸੁਰਿੰਦਰ ਕੌਰ ਆਪ ਦੇ ਪਤੀ ਦਾ ਨਾਮ ਲਾਲ ਜੀਤ ਸਿੰਘ ਤੇ ਸਹੁਰੇ ਗੜ੍ਹਸ਼ੰਕਰ ਹਨ। ਇਨ੍ਹਾਂ ਦਾ ਇਕ ਲੜਕਾ ਤੇ ਇਕ ਲੜਕੀ ਹੈ।

ਲੜਕੇ: ਬਲਵੀਰ ਸਿੰਘ, ਸੇਵਕ ਸਿੰਘ, ਸਰਬਜੀਤ ਸਿੰਘ

1. **ਬਲਵੀਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਰੇਸ਼ਮ ਕੌਰ ਤੇ ਪੇਕੇ ਸਥਿਆਲ ਹੁਸ਼ਿਆਰਪੁਰ ਹਨ। ਬਲਵੀਰ ਸਿੰਘ ਵਾਟਰ ਸਪਲਾਈ ਵਿਚ ਸਰਕਾਰੀ ਨੌਕਰੀ ਕਰਦਾ ਹੈ।

ਵੰਸ਼:- ਬਲਵੀਰ ਸਿੰਘ ਦੇ ਵੰਸ਼ ਵਿਚ ਦੋ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਗਗਨਦੀਪ ਸਿੰਘ ਤੇ ਵਿਕਰਮ ਸਿੰਘ ਹਨ।

ਲੜਕੀਆਂ: ਪਵਨਦੀਪ ਕੌਰ ਤੇ ਅਮਨਦੀਪ ਕੌਰ ਹਨ।

2. **ਸੇਵਕ ਸਿੰਘ**:- ਸੇਵਕ ਸਿੰਘ ਦੀ ਧਰਮ ਪਤਨੀ ਦਾ ਨਾਮ ਕਮਲਜੀਤ ਕੌਰ ਤੇ ਪੇਕੇ ਸਿਰ-ਮਜਾਰਾ ਨੇੜੇ ਬਲਾਚੌਰ ਹਨ।

ਸੇਵਕ ਸਿੰਘ ਸਰਕਾਰੀ ਹਾਈ ਸਕੂਲ ਬੀਹੜਾ ਤੋਂ ਦਸਵੀਂ ਜਮਾਤ ਪਾਸ ਕਰਨ ਉਪਰੰਤ ਫੌਜ ਵਿਚ ਭਰਤੀ ਹੋ ਗਏ। ਆਪ ਬਤੌਰ ਸੂਬੇਦਾਰ ਪੈਨਸ਼ਨ ਆਏ। ਆਪ ਦੁਬਾਰਾ ਬੈਂਕ ਆਫ ਪਟਿਆਲਾ ਬੰਗਾ ਵਿਖੇ ਬਤੌਰ ਸਕਿਊਰਟੀ ਗਾਰਡ ਨੌਕਰੀ ਕਰ ਰਹੇ ਹਨ।

ਵੰਸ਼:- ਆਪ ਦਾ ਇਕ ਲੜਕਾ ਅੰਮ੍ਰਿਤਪਾਲ ਸਿੰਘ ਤੇ ਦੋ ਲੜਕੀਆਂ ਸੀਮਾ ਰਾਣੀ ਤੇ ਮੋਨੂੰ ਹਨ। ਸੇਵਕ ਸਿੰਘ ਹੱਸਮੁਖ ਹੈ ਤੇ ਹਮੇਸ਼ਾ ਪ੍ਰਮਾਤਮਾ ਨੂੰ ਯਾਦ ਰੱਖਦਾ ਹੈ।

3. **ਸਰਬਜੀਤ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਮਨਜੀਤ ਕੌਰ ਹੈ ਜਿਸ ਦੇ ਪੇਕੇ ਗੋਦਣੀਵਾਲ ਮਾਲਾ ਹਨ। ਮੈਂ ਸਰਬਜੀਤ ਸਿੰਘ ਦੀ ਬਰਾਤੀ ਗਿਆ ਸੀ। ਵਿਆਹ ਚੰਗਾ ਸੀ। ਸਰਬਜੀਤ ਸਿੰਘ ਨੇ ਵੀ ਫੌਜ ਦੀ ਨੌਕਰੀ ਕੀਤੀ ਹੈ। ਆਪ ਮਿਤੀ 11-10-2013 ਨੂੰ ਬਤੌਰ ਸੂਬੇਦਾਰ ਪੈਨਸ਼ਨ ਆਏ। ਇਸ ਦਿਨ ਮੈਂ ਡੀ.ਪੀ.ਆਈ. (ਸ) ਚੰਡੀਗੜ੍ਹ ਵਿਖੇ ਆਪਣੀ ਬੇਟੀ ਭੁਪਿੰਦਰਜੀਤ ਕੌਰ ਨਾਲ ਸਰਕਾਰੀ ਆਰਡਰ ਲੈਣ ਹਿਤ ਗਿਆ ਹੋਇਆ ਸੀ। ਸਰਬਜੀਤ ਸਿੰਘ ਨੇ ਦੁਬਾਰਾ ਨੌਕਰੀ ਕਰ ਲਈ ਹੈ। ਆਪ ਨਵਾਂਸ਼ਹਿਰ ਦੇ ਸ਼ੈਸ਼ਨ ਜੱਜ ਦੇ ਗੰਨਮੈਨ ਹਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਗੌਤਮ ਸਿੰਘ ਤੇ ਕਰਨ ਸਿੰਘ ਹਨ।

ਨੋਟ: ਪਾਖਰ ਸਿੰਘ ਦੇ ਸਾਰੇ ਲੜਕਿਆਂ ਨੇ ਹੁਣ ਨਵੇਂ ਥਾਂ ਪਲਾਟ ਲੈ ਕੇ ਆਪਣੀਆਂ ਕੋਠੀਆਂ ਬਣਾਈਆਂ ਹਨ।

ਤੀਜੀ ਲੜਕੀ ਦੇਵ ਕੌਰ ਹੈ। ਇਹ ਬਾੜੀਆਂ ਕਲਾਂ ਵਿਖੇ ਵਿਆਹੀ ਹੋਈ ਹੈ, ਜਿਸ ਦੇ ਦੋ ਲੜਕੇ ਹਨ।

ਚੌਥੀ ਲੜਕੀ ਸੱਤਿਆ ਦੇਵੀ ਦੇ ਪਤੀ ਦਾ ਨਾਮ ਦਰਸ਼ਨ ਸਿੰਘ ਹੈ। ਇਸ ਦੀ ਸ਼ਾਦੀ ਬਲਵੰਤ ਸਿੰਘ ਨੇ ਯੂ.ਪੀ. ਵਿਚ ਕਰ ਦਿੱਤੀ ਸੀ। ਆਪ ਦਾ ਇਕ ਲੜਕਾ ਤੇ ਚਾਰ ਲੜਕੀਆਂ ਹਨ। ਉਪਰੋਕਤ ਵੇਰਵੇ ਫੁੱਫੜ ਬਲਵੰਤ ਸਿੰਘ ਦੇ ਪਰਿਵਾਰ ਦੇ ਹਨ।

ਸੁਰਜਨ ਸਿੰਘ ਦੀ ਦੂਜੀ ਲੜਕੀ ਧੰਤੀ ਹੈ।

ਧੰਤੀ:- ਧੰਤੀ ਦੇ ਪਤੀ ਦਾ ਨਾਮ ਭਾਨ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਗੋਂਦਪੁਰ ਨੇੜੇ ਸਰਹਾਲਾਂ ਕਲਾਂ ਹਨ। ਆਪ ਦੇ ਸਹੁਰੇ ਦਾ ਨਾਮ ਮਾਘ ਸਿੰਘ ਤੇ ਗੋਤ ਭਾਟੀਆ ਹੈ।

ਭਾਨ ਸਿੰਘ ਦੀ ਗਗਨੌਲੀ ਵਿਖੇ ਮਹਿਮਾਨ ਨਿਵਾਜ਼ੀ:- ਫੁੱਫੜ ਭਾਨ ਸਿੰਘ ਜਦੋਂ 1970 ਈ: ਵਿਚ ਸਿੰਘਾਪੁਰ ਤੋਂ ਆਇਆ ਤਾਂ ਉਹ ਸਾਡੇ ਨਾਲ ਆਪਣੇ ਜਵਾਨੀ ਦੇ ਦਿਨਾਂ ਦੀ ਗੱਲਬਾਤ ਕਰਦਾ ਸੀ। ਉਸ ਦੱਸਿਆ ਕਿ ਮੈਂ ਤਾਂ ਤੇਰੀ ਭੂਆ ਇਥੇ 10-10

ਦਿਨ ਰਹਿ ਕੇ ਜਾਂਦੇ ਸੀ। ਘਰ ਵਿਚ ਖਾਣ-ਪੀਣ ਦੀ ਸਰੱਗੀ ਸੀ। ਸਾਡੇ ਤਾਏ ਮੁਨਸ਼ੀ ਨੇ ਵੀ ਦੱਸਣਾ ਕਿ ਭਾਨਾ ਕਣਕ ਦੇ ਸੀਜਨ 'ਤੇ ਆ ਜਾਂਦਾ ਸੀ। ਸਾਰੀ ਰਾਤ ਚਾਂਦਨੀ ਰਾਤ ਵਿਚ ਤੂੜੀ ਦੇ ਕੁੱਪ ਬੰਨ੍ਹਣੇ ਤੇ ਭਾਨ ਸਿੰਘ ਤੂੜੀ ਦਾ ਤੰਗੜ ਸਿਰ 'ਤੇ ਚੁੱਕ ਕੇ ਫੁਰਤੀ ਨਾਲ ਲੈ ਜਾਂਦਾ ਸੀ।

ਸਿੰਘਾਪੁਰ ਜਾਣਾ:- ਜਦੋਂ ਸਿੰਘਾਪੁਰ ਖੁੱਲ੍ਹੀ ਤਾਂ ਆਪ ਨੂੰ ਵਿਦੇਸ਼ ਜਾਣ ਦਾ ਮੌਕਾ ਮਿਲਿਆ। ਆਪ 1950 ਤੋਂ 1972 ਤੱਕ ਸਿੰਘਾਪੁਰ ਰਹੇ। ਆਪ ਨੇ ਦੱਸਿਆ ਕਿ ਮੈਂ ਬੰਦਰਗਾਹ ਤੇ ਡਿਊਟੀ ਕਰਦਾ ਸੀ। ਦੋ ਤਿੰਨ ਸਾਲ ਮਗਰੋਂ ਛੁੱਟੀ ਆਉਂਦਾ ਸੀ।

ਲੜਕੀਆਂ ਦੀਆਂ ਸ਼ਾਦੀਆਂ:- ਭਾਨ ਸਿੰਘ 1963 ਦੇ ਕਰੀਬ ਛੁੱਟੀ ਆਏ ਤਾਂ ਆਪ ਨੇ ਆਪਣੀਆਂ ਲੜਕੀਆਂ ਪ੍ਰਕਾਸ਼ ਕੌਰ ਤੇ ਹਰਬਲਾਸ ਕੌਰ ਦੀਆਂ ਸ਼ਾਦੀਆਂ ਕੀਤੀਆਂ। ਮੈਂ ਬਹੁਤ ਛੋਟਾ ਸੀ। ਪਿੰਡ ਗਗਨੌਲੀ ਤੇ ਯੂ.ਪੀ. ਤੋਂ ਹਜ਼ਾਰਾ ਸਿੰਘ ਤੇ ਕਰਤਾਰ ਸਿੰਘ ਆਏ ਹੋਏ ਸਨ। ਸਾਡਾ ਤਾਇਆ ਮੁਨਸ਼ੀ ਤਾਂ ਪਹਿਲਾਂ ਹੀ ਚਲਾ ਜਾਂਦਾ ਸੀ। ਇਹ ਰਿਸ਼ਤੇ ਤਾਏ ਬੰਤਾ ਸਿੰਘ ਨੇ ਕੀਤੇ ਸਨ।

1965-66 ਦੇ ਸਮੇਂ ਦੇ ਦੌਰਾਨ ਭਾਨ ਸਿੰਘ ਦੇ ਪਰਿਵਾਰ ਦੀ ਚੜ੍ਹਤ ਸੀ। ਸਾਡੇ ਭੂਆ ਦੇ ਪੁੱਤਰ ਪ੍ਰਗਾਸ਼ ਸਿੰਘ ਤੇ ਗੁਰਦਿਆਲ ਸਿੰਘ ਜਦੋਂ ਨਾਨਕਾ ਪਿੰਡ ਗਗਨੌਲੀ ਆਉਂਦੇ ਸਨ ਤਾਂ ਇਨ੍ਹਾਂ ਕੋਟ ਪੈਂਟ ਪਾਏ ਹੁੰਦੇ ਸਨ ਤੇ ਹੱਥਾਂ ਵਿਚ ਸੋਨੇ ਦੀਆਂ ਅੰਗੂਠੀਆਂ ਹੁੰਦੀਆਂ ਸਨ। ਲਵੇਰਾ ਹਰ ਸਮੇਂ ਘਰ ਵਿਚ ਹੁੰਦਾ ਸੀ।

ਘਰ ਵਿਚ ਰੇਡੀਓ:- ਭਾਨ ਸਿੰਘ ਦੇ ਘਰ ਸਿੰਘਾਪੁਰ ਦਾ ਵੱਡਾ ਰੇਡੀਓ ਸੀ। ਦੱਸਣ ਅਨੁਸਾਰ ਪਿੰਡ ਦੇ ਪਤਵੰਤੇ ਸੱਜਣ ਰਾਤ ਨੂੰ ਇਨ੍ਹਾਂ ਦੇ ਘਰ ਰੇਡੀਓ ਸੁਨਣ ਆਉਂਦੇ ਸਨ। ਇਕ ਦੋ ਵਾਰ ਇਹ ਰੇਡੀਓ ਸਾਡੇ ਗਗਨੌਲੀ ਪਿੰਡ ਵੀ ਆਇਆ ਹੈ। ਵੱਡੇ ਦਲਾਨ ਵਿਚ ਸਾਰੇ ਸ਼ਾਮ ਵੇਲੇ ਗੀਤ ਸੰਗੀਤ ਸੁਣਦੇ ਸਨ। ਛੋਟਾ ਲੜਕਾ ਗੁਰਦਿਆਲ ਸਿੰਘ ਹਫਤਾ-ਹਫਤਾ ਪਿੰਡ ਰਹਿੰਦਾ ਸੀ। ਕਦੇ-ਕਦੇ ਉਸ ਦੇ ਨਾਲ ਉਸ ਦੇ ਯਾਰ ਦੋਸਤ ਵੀ ਆਉਂਦੇ ਸਨ। ਗੁਰਦਿਆਲ ਸਿੰਘ ਕਦੇ-ਕਦੇ ਹਲਟ ਵੀ ਹੱਕਦਾ ਹੁੰਦਾ ਸੀ।

ਵੰਸ਼:- ਭਾਨ ਸਿੰਘ ਦੇ ਵੰਸ਼ ਵਿਚ ਦੋ ਲੜਕੇ ਤੇ ਦੋ ਲੜਕੀਆਂ ਹਨ।

1. **ਪ੍ਰਕਾਸ਼ ਕੌਰ:**- ਆਪ ਦੇ ਪਤੀ ਦਾ ਨਾਮ ਪੰਨੂ ਹੈ ਤੇ ਸਹੁਰੇ ਹੁਸ਼ਿਆਰਪੁਰ ਦੇ ਪਿੰਡ ਨਿਆੜੇ ਹਨ। ਆਪ ਦੇ ਸਹੁਰਾ ਗਰੀਬ ਦਾਸ ਦੀ 1968-69 ਵਿਚ ਚੜ੍ਹਤ ਸੀ। ਉਸ ਨੇ ਸਾਹਰੀ ਪਿੰਡ ਵਿਚ ਆਪਣੀ ਲੜਕੀ ਦੇ ਕੋਲ ਆਟਾ ਚੱਕੀ ਤੇ ਕਣਕ ਦੀ ਕੁਤਰਾਈ ਵਾਲੀ ਮਸ਼ੀਨ ਲਾਈ ਹੋਈ ਸੀ। ਸਾਹਰੀ ਵਾਲੇ ਮਹੰਤਾਂ ਦੀ ਜ਼ਮੀਨ ਮਾਮਲੇ ਲੈ ਕੇ ਖੇਤੀ ਕਰਦੇ ਸਨ। ਕਣਕ ਦੇ ਸੀਜਨ ਤੇ ਵੱਡੇ-ਵੱਡੇ ਲੋਕ ਗਰੀਬ ਦਾਸ ਦੇ ਕੋਲ ਮਿੰਨਤ ਕਰਦੇ। ਚੌਧਰੀ ਮੇਰੀ ਵਾਰੀ ਲਗਾ ਦਿਓ। ਮੈਂ ਭਰੀਆਂ ਢੋਅ ਲਈਆਂ ਹਨ। ਉਸ ਸਮੇਂ ਮੈਂ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ। ਇਸ ਤੋਂ ਇਲਾਵਾ ਗਰੀਬ ਦਾਸ ਬਾਗ ਖਰੀਦ ਲੈਂਦਾ ਸੀ। ਪਰਿਵਾਰ ਦੇ ਚੰਗੇ ਦਿਨ ਸਨ।

ਵੰਸ਼:- ਪੰਨੂ ਦੇ ਚਾਰ ਲੜਕੇ ਤੇ ਇਕ ਲੜਕੀ ਹੈ।

2. **ਹਰਬਲਾਸ ਕੌਰ**:- ਆਪ ਦੇ ਪਤੀ ਦਾ ਨਾਮ ਮੋਹਨ ਲਾਲ ਤੇ ਸਹੁਰੇ ਖੁਣਖੁਣਾ ਨੇੜੇ ਦਾਲੋਵਾਲ ਹਨ। ਮੋਹਨ ਲਾਲ ਹਰਿਆਣਾ ਪ੍ਰਾਂਤ ਵਿਚ ਨਹਿਰੀ ਵਿਭਾਗ ਵਿਚ ਨੌਕਰੀ ਕਰਦਾ ਸੀ। ਸੇਵਾਮੁਕਤ ਹੋ ਕੇ ਉਸ ਨੇ ਹਰਿਆਣੇ ਵਿਚ ਆਪਣਾ ਕਾਰੋਬਾਰ ਕਰ ਲਿਆ ਹੈ। ਉਸ ਦਾ ਇਕ ਲੜਕਾ ਪੰਜਾਬ ਰਹਿੰਦਾ ਹੈ। ਹਰਬਲਾਸ ਕੌਰ ਦਾ ਸੁਭਾਅ ਥੋੜ੍ਹਾ ਤਿੱਖਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਚਾਰ ਲੜਕੇ ਹਨ। ਆਪ ਦਾ ਵੱਡਾ ਲੜਕਾ ਆਪਣੇ ਜੱਦੀ ਪਿੰਡ ਖੁਣਖੁਣਾ ਰਹਿੰਦਾ ਹੈ, ਜਿਸ ਦੀ ਸ਼ਾਦੀ ਹੁਸ਼ਿਆਰਪੁਰ ਦੇ ਪਿੰਡ ਹੇੜੀਆਂ ਨੇੜੇ ਰਾਜਪੁਰ ਭਾਈਆ ਵਿਖੇ ਹੋਈ ਹੈ। ਲੜਕਾ ਤਿੰਨ ਬੱਚਿਆਂ ਦਾ ਬਾਪ ਹੈ। ਬਾਕੀ ਤਿੰਨ ਲੜਕੇ ਹਰਿਆਣਾ ਪ੍ਰਾਂਤ ਵਿਚ ਆਪਣੇ ਪਿਤਾ ਦੇ ਨਾਲ ਰਹਿੰਦੇ ਹਨ।

ਭਾਨ ਸਿੰਘ ਦੇ ਲੜਕੇ: ਪ੍ਰਕਾਸ਼ ਸਿੰਘ, ਗੁਰਦਿਆਲ ਸਿੰਘ

1. **ਪ੍ਰਕਾਸ਼ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਰੇਸ਼ਮ ਕੌਰ ਹੈ ਜਿਸ ਦੇ ਪੇਕੇ ਲਹਿਲੀ ਨੇੜੇ ਰਾਜਨੀ ਮਾਤਾ ਹਨ। ਪ੍ਰਕਾਸ਼ ਸਿੰਘ ਉੱਚਾ ਲੰਮਾ ਹੈ ਅਤੇ ਕੁਝ ਜਮਾਤਾਂ ਪਾਸ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਦੇਵ ਸਿੰਘ ਤੇ ਰਾਣਾ ਸਿੰਘ ਹਨ। ਦੇਵ ਸਿੰਘ ਡਾਕਖਾਨੇ ਵਿਚ ਨੌਕਰੀ ਕਰਦਾ ਹੈ। ਦੋਵੇਂ ਲੜਕੇ ਸ਼ਾਦੀਸ਼ੁਦਾ ਹਨ।

2. **ਗੁਰਦਿਆਲ ਸਿੰਘ**:- ਗੁਰਦਿਆਲ ਸਿੰਘ ਦੀ ਧਰਮ ਪਤਨੀ ਦਾ ਨਾਮ ਮਹਿੰਦਰ ਕੌਰ ਹੈ ਤੇ ਪੇਕੇ ਪੰਡੋਰੀ ਮਾਇਲ, ਜ਼ਿਲ੍ਹਾ ਹੁਸ਼ਿਆਰਪੁਰ ਹਨ। ਗੁਰਦਿਆਲ ਸਿੰਘ ਦਸਵੀਂ ਜਮਾਤ ਪਾਸ ਹੈ। ਆਪ ਦਾ ਆਪਣੇ ਪਿਤਾ ਭਾਨ ਸਿੰਘ ਨਾਲ ਬਹੁਤ ਪਿਆਰ ਸੀ। ਫੁੱਫੜ ਭਾਨ ਸਿੰਘ ਨੂੰ ਚਿੱਠੀ ਪੱਤਰ ਗੁਰਦਿਆਲ ਸਿੰਘ ਹੀ ਲਿਖਦਾ ਹੁੰਦਾ ਸੀ। ਗੁਰਦਿਆਲ ਸਿੰਘ ਦਾ ਸਹੁਰਾ ਪਰਿਵਾਰ ਯੂ.ਪੀ. ਵਿਚ ਰਹਿੰਦਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੀਆਂ ਤੇ ਦੋ ਲੜਕੇ ਹਨ। ਆਪ ਦਾ ਇਕ ਲੜਕਾ ਇਟਲੀ ਵਿਚ ਹੈ ਤੇ ਦੂਜਾ ਪੰਜਾਬ ਵਿਚ ਹੀ ਕੰਮ ਕਰਦਾ ਹੈ। ਗੁਰਦਿਆਲ ਸਿੰਘ ਦਾ ਪਿੰਡ ਵਿਚ ਬਹੁਤ ਅਸਰ ਰਸੂਖ ਹੈ। ਆਪ ਦੀ ਧਰਮ ਪਤਨੀ ਮਹਿੰਦਰ ਕੌਰ ਦੋ ਵਾਰ ਪਿੰਡ ਗੋਂਦਪੁਰ ਦੀ ਸਰਪੰਚ ਰਹਿ ਚੁੱਕੀ ਹੈ। ਗੁਰਦਿਆਲ ਸਿੰਘ ਡਾਕਖਾਨੇ ਦਾ ਕੰਮ ਕਰਦਾ ਹੈ।

ਭੂਆ-ਫੁੱਫੜ ਦਾ ਤੁਰ ਜਾਣਾ:- ਭੂਆ ਧੰਤੀ ਮਹੀਨਾ-ਮਹੀਨਾ ਆਪਣੇ ਪੇਕੇ ਪਿੰਡ ਗਗਨੌਲੀ ਵਿਖੇ ਆਪਣੇ ਭਰਾਵਾਂ ਦੇ ਕੋਲ ਰਹਿ ਕਰ ਜਾਂਦੀ ਸੀ। ਭੂਆ ਦਾ ਸਰੀਰ ਕੁਝ ਭਾਰਾ ਸੀ। ਥੋੜ੍ਹਾ ਬਹੁਤਾ ਕੰਮ ਕਰਦੀ ਰਹਿੰਦੀ ਸੀ। ਸਾਡੇ ਫੁੱਫੜ ਭਾਨ ਸਿੰਘ ਨੇ ਉਸ ਦੇ ਨਾਮ ਤੇ ਪੈਸੇ ਜਮਾਂ ਕਰਾਏ ਹੋਏ ਸਨ। ਸਰੀਰ ਤਿਆਗਣ ਤੋਂ ਪਹਿਲਾਂ ਕੁਝ ਚਿਰ ਬਿਮਾਰ ਰਹੀ। ਮਰਨ ਤੋਂ ਕੁਝ ਦਿਨ ਪਹਿਲਾਂ ਅਸੀਂ ਕਾਰ ਵਿਚ ਪਿੰਡ ਗੋਂਦਪੁਰ ਛੱਡ ਕੇ ਆਏ ਸੀ। ਮੈਂ ਕਿਤੇ-ਕਿਤੇ ਮਿਲਣ ਜਾਂਦਾ ਸੀ। ਮੈਂ ਸ਼ਾਮ ਨੂੰ ਆਪਣੀ ਡਿਊਟੀ ਤੋਂ ਮਗਰੋਂ

ਮਿਲਣ ਗਿਆ। ਮੱਥਾ ਟੇਕਿਆ ਤੇ ਉਸ ਨੇ ਗੱਲਬਾਤ ਕੀਤੀ। ਕੁਝ ਚਿਰ ਮਗਰੋਂ ਉਸ ਨੂੰ ਇਕ ਉਲਟੀ ਆਈ ਤੇ ਉਸ ਨੇ ਨਾਲ ਹੀ ਆਪਣੇ ਪ੍ਰਾਣ ਦੇ ਦਿੱਤੇ। ਆਪ ਦੀ ਜੀਵਨ ਲੀਲ੍ਹਾ 16-06-1982 ਨੂੰ ਪੂਰੀ ਹੋਈ ਹੈ।

ਆਪ ਦਾ ਲੜਕਾ ਪ੍ਰਕਾਸ਼ ਸਿੰਘ ਜੂਨ 1987 ਤੇ ਪਤੀ ਭਾਨ ਸਿੰਘ ਦੋ ਮਹੀਨੇ ਮਗਰੋਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾ 'ਚ ਜਾ ਬਿਰਾਜੇ ਸਨ। ਸਿੰਘਾਪੁਰ ਦੀਆਂ ਰੌਣਕਾਂ ਉਨ੍ਹਾਂ ਦੇ ਨਾਲ ਹੀ ਖਤਮ ਹੋ ਗਈਆਂ ਹਨ। ਭਾਨ ਸਿੰਘ ਦੇ ਘਰ ਨੂੰ ਸਿੰਘਾਪੁਰੀਆ ਦਾ ਘਰ ਕੇ ਦੱਸਿਆ ਜਾਂਦਾ ਸੀ। ਹਰ ਸਮੇਂ ਚੁੱਲ੍ਹਾ ਤਪਦਾ ਰਹਿੰਦਾ ਸੀ।

5. **ਹਰੀਆ**:- ਜਗੀਰ ਸਿੰਘ ਦਾ ਪੰਜਵਾਂ ਲੜਕਾ ਹਰੀਆ ਸੀ ਜਿਸ ਨੇ ਸ਼ਾਦੀ ਨਹੀਂ ਕਰਾਈ ਸੀ। ਇਸ ਵਾਰੇ ਮੈਂ ਜ਼ਿਆਦਾ ਵੇਰਵੇ ਇਕੱਠੇ ਨਹੀਂ ਕਰ ਸਕਿਆ ਕਿਉਂਕਿ ਸਾਰੇ ਸਮਕਾਲੀ ਬਜ਼ੁਰਗ ਬ੍ਰਹਮਲੀਨ ਹੋ ਚੁੱਕੇ ਹਨ। ਇਸ ਲਈ ਇਨ੍ਹਾਂ ਬਾਰੇ ਹੋਰ ਲਿਖਣਾ ਮੁਸ਼ਕਿਲ ਹੈ।

6. **ਅਰਜਨ ਸਿੰਘ**:- ਜਗੀਰ ਸਿੰਘ ਦਾ ਸਭ ਤੋਂ ਛੋਟਾ ਲੜਕਾ ਅਰਜਨ ਸਿੰਘ ਹੈ। ਆਪ ਦੀ ਧਰਮ ਪਤਨੀ ਦਾ ਨਾਮ ਬਿਸ਼ਨ ਕੌਰ/ਬਿਸੀ ਸੀ ਜਿਸ ਦੇ ਪੇਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲਾ ਨੌਧ ਸਿੰਘ ਹਨ। ਮਾਤਾ ਬਿਸ਼ਨ ਕੌਰ ਦੇ ਪਿਤਾ ਦਾ ਨਾਮ ਬੇਲੀ ਰਾਮ ਸੀ ਤੇ ਮਾਤਾ ਦਾ ਨਾਮ ਭੱਪੀ ਸੀ ਤੇ ਗੋਤ ਭੂੰਡਪਾਲ ਸੀ। ਬਿਸ਼ਨ ਕੌਰ ਦੇ ਚਾਰ ਭਰਾ ਸਨ। ਮਿਲਖੀ ਰਾਮ, ਬਤਨਾ ਰਾਮ, ਨਾਮਾ ਰਾਮ ਅਤੇ ਰੱਘਾ ਰਾਮ। ਦੋ ਭੈਣਾਂ: ਬੰਤੀ ਨੰਦਾਚੌਰ ਤੇ ਸੰਤੀ ਪਿੰਡ ਮਦਾਰਾਂ ਸਨ। ਬਤਨਾ ਰਾਮ ਦਾ ਲੜਕਾ ਮਹਿੰਦਰ ਸਿੰਘ ਸਰਪੰਚ ਹੈ। ਬਾਬਾ ਅਰਜਨ ਸਿੰਘ ਦੇ ਦਰਸ਼ਨ ਤਾਂ ਅਸੀਂ ਨਹੀਂ ਕੀਤੇ ਪਰ ਮਾਤਾ ਬਿਸ਼ਨ ਕੌਰ ਤਕਰੀਬਨ 80 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ 'ਚ ਜਾ ਬਿਰਾਜੀ ਹੈ। ਦੱਸਿਆ ਜਾਂਦਾ ਹੈ ਕਿ ਆਪ ਮੀਆਂ ਬੀਬੀ ਦੋਹਾਂ ਦੀ ਨਜ਼ਰ ਜਮਾਂਦਰੂ ਘੱਟ ਸੀ। ਸਾਡੀ ਸੁਰਤ ਵਿਚ ਮਾਤਾ ਦੀ ਨਜ਼ਰ ਬਿਲਕੁਲ ਬੰਦ ਹੋ ਗਈ ਸੀ। ਮਾਤਾ ਦਾ ਸਰੀਰ ਉੱਚਾ ਲੰਮਾ ਸੀ ਤੇ ਰੰਗ ਸਾਂਵਲਾ ਸੀ। ਚੰਗੀ ਹੋਸ਼ ਵਾਲੀ ਸੀ। ਜਦੋਂ ਕੋਈ ਘਰ ਆਵੇ ਤਾਂ ਉਨ੍ਹਾਂ ਦੇ ਜਾਣ ਤੋਂ ਮਗਰੋਂ ਸਾਨੂੰ ਕਹਿਣਾ ਕਾਕਾ ਘਰ ਦੇ ਸਾਰੇ ਬਰਤਨ ਠੀਕ ਠਾਕ ਹਨ। ਅਸੀਂ ਛੋਟੇ ਹੁੰਦੇ ਮਾਤਾ ਦੇ ਕੋਲ ਖੇਡਦੇ ਹੁੰਦੇ ਸੀ। ਮਾਤਾ ਦਾ ਪਿਆਰ ਆਪਣੀ ਜਠਾਣੀ ਖੇਮੀ ਦੇਵੀ ਨਾਲ ਸੀ। ਆਪ ਨੇ ਜਦੋਂ ਵੀ ਮਿਲਣਾ ਤਾਂ ਦੋਹਾਂ ਨੇ ਖੁਸ਼ ਹੋਣਾ। ਮਾਤਾ ਬਿਸੀ ਨੂੰ ਮੈਂ ਮਾਤਾ ਖੇਮੀ ਦੇਵੀ ਦੀ ਮਾਲਸ਼ ਕਰਦੇ ਵੀ ਦੇਖਿਆ ਹੈ। ਮਾਤਾ ਬਿਸ਼ਨ ਕੌਰ ਕਿਹਾ ਕਰਦੀ ਸੀ ਕਿ ਪਹਿਲਾਂ ਅਸੀਂ ਧਾਰਾ ਸਿੰਘ ਦਾ ਵਿਆਹ ਕਰਨਾ ਹੈ ਫਿਰ ਅਸੀਂ ਵਚਨ ਕੌਰ ਦੀ ਸ਼ਾਦੀ ਕਰਨੀ ਹੈ। ਪਰ ਮਾਤਾ ਬਿਸ਼ਨ ਕੌਰ 1965 ਦੇ ਕਰੀਬ ਪ੍ਰਮਾਤਮਾ ਨੂੰ ਪਿਆਰੀ ਹੋ ਗਈ ਸੀ।

ਅਧਰੰਗ ਦਾ ਅਟੈਕ:- ਸਰੀਰ ਤਿਆਗਣ ਤੋਂ ਪਹਿਲਾਂ ਆਪ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ। ਆਪ ਨੂੰ ਫੜ ਕੇ ਹੀ ਪਾਸਾ ਦਿਵਾਇਆ ਜਾਂਦਾ ਸੀ। ਕਣਕਾਂ

ਦੀ ਕਟਾਈ ਹੋ ਚੁੱਕੀ ਸੀ। ਆਪ ਨੇ ਜੂਨ 1965 ਦੇ ਕਰੀਬ ਆਪਣੇ ਪ੍ਰਾਣ ਤਿਆਗੇ ਸਨ।

ਭੋਗ:- ਮਾਤਾ ਦੇ ਭੋਗ ਸਮੇਂ ਸੰਤ ਮਹਿੰਦਰ ਸਿੰਘ ਮਸਤਾਨਾ ਪਿੰਡ ਆਏ ਹੋਏ ਸਨ। ਜਦੋਂ ਕੀਰਤਨ ਚੱਲ ਰਿਹਾ ਸੀ ਤਾਂ ਬੀਰ ਸਿੰਘ ਬੀਰੂ ਤੇ ਚਾਚਾ ਉਜਾਗਰ ਸਿੰਘ ਧੁੱਪ ਤੋਂ ਕੋਠੇ ਦੇ ਬਨੇਰੇ 'ਤੇ ਚਾਦਰਾਂ ਪਾ ਰਹੇ ਸਨ। ਐਨਾ ਕੁ ਮੈਨੂੰ ਯਾਦ ਹੈ। ਮਾਤਾ ਸਾਡੀ ਦਾਦੀ ਨੂੰ ਬੋਬੋ ਕਹਿ ਕੇ ਬੁਲਾਉਂਦੀ ਸੀ। ਦੋਹਾਂ ਦਾ ਗੂੜ੍ਹਾ ਪਿਆਰ ਸੀ।

ਬਾਬਾ ਅਰਜਨ ਸਿੰਘ ਦੇ ਬਾਰੇ ਵੀ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਵੀ ਅੱਖਾਂ ਦੀ ਰੋਸ਼ਨੀ ਜਲਦੀ ਚਲੀ ਗਈ। ਉਹ 1944 ਦੇ ਕਰੀਬ ਬ੍ਰਹਮਲੀਨ ਹੋਏ ਹਨ।

ਵੰਸ਼:- ਅਰਜਨ ਸਿੰਘ ਦੇ ਵੰਸ਼ ਵਿਚ ਪੰਜ ਲੜਕੀਆਂ ਤੇ ਦੋ ਲੜਕੇ ਹਨ।

ਲੜਕੀਆਂ: ਭਾਗੋ, ਅੱਕੀ, ਰਾਜੋ, ਰਾਓ ਤੇ ਮੰਗੋ

1. **ਰਾਜੋ**:- ਰਾਜੋ ਪਿੰਡ ਦੋਲੀਕੇ ਦੂਹੜੇ ਵਿਆਹੀ ਹੋਈ ਸੀ। ਉਸ ਦੇ ਸਹੁਰੇ ਦਾ ਨਾਮ ਬੀਰ ਸਿੰਘ ਬੀਰੂ ਸੀ। ਬਜ਼ੁਰਗਾਂ ਦੀ ਸੱਥ ਵਿਚ ਜਦੋਂ ਵੀ ਗੱਲ ਚੱਲਦੀ ਤਾਂ ਦੋ ਵਿਅਕਤੀਆਂ ਦਾ ਨਾਮ ਲਿਆ ਜਾਂਦਾ। ਦੂਹੜਿਆਂ ਵਾਲਾ ਬੀਰੂ ਤੇ ਭੀਲੋਵਾਲੀਆ ਮੌਲਾ ਇਹ ਦੋ ਵਿਅਕਤੀ ਮਸ਼ਹੂਰ ਸਨ।

2. **ਰਾਓ**:- ਆਪ ਦੇ ਪਤੀ ਦਾ ਨਾਮ ਚੈਂਚਲ ਸਿੰਘ ਤੇ ਸਹੁਰੇ ਕੋਟਲੀ ਅਰਾਈਆਂ ਜਲੰਧਰ ਸਨ। ਚੈਂਚਲ ਸਿੰਘ ਚੰਗਾ ਗੱਲਕਾਰ ਆਦਮੀ ਸੀ। ਉਹ 1950-1970 ਤੱਕ ਸਿੰਘਾਪੁਰ ਰਹੇ। ਆਪਣੇ ਬੱਚਿਆਂ ਲਈ ਬਹੁਤ ਸਾਰੀ ਜ਼ਮੀਨ ਜਾਇਦਾਦ ਬਣਾ ਕੇ ਗਿਆ ਹੈ। ਚੈਂਚਲ ਸਿੰਘ ਸਾਡਾ ਮਾਮਾ ਲੱਗਦਾ ਹੈ। ਚੈਂਚਲ ਸਿੰਘ ਦੇ ਤਿੰਨ ਲੜਕੇ ਤੇ ਚਾਰ ਲੜਕੀਆਂ ਹਨ।

3. **ਮੰਗੋ**:- ਇਹ ਪਿੰਡ ਨਿਆੜੇ ਵਿਆਹੀ ਹੋਈ ਸੀ। ਇਸ ਦੀਆਂ ਦੋ ਲੜਕੀਆਂ ਮਹਿੰਦਰ ਕੌਰ ਤੇ ਜੋਗਿੰਦਰ ਕੌਰ ਹਨ।

ਨੋਟ: ਭਾਗੋ ਤੇ ਅੱਕੀ ਵਿਆਹ ਤੋਂ ਪਹਿਲਾਂ ਸੁਰਗਵਾਸ ਹੋ ਗਈਆਂ ਸਨ। ਇਹ ਸਾਰੀਆਂ ਭੂਆ ਅਸੀਂ ਨਹੀਂ ਦੇਖੀਆਂ ਹਨ। ਥੋੜ੍ਹੀ-ਥੋੜ੍ਹੀ ਉਮਰ ਭੋਗ ਕੇ ਪੂਰੀਆਂ ਹੋ ਗਈਆਂ ਸਨ। ਉਜਾਗਰ ਸਿੰਘ ਸਾਰੀ ਸਾਕਾਚਾਰੀ ਨੂੰ ਮਿਲਦਾ ਰਿਹਾ ਹੈ।

• **ਲੜਕੇ**: ਸੰਤ ਬਾਬਾ ਪਿੱਪਲ ਦਾਸ ਡੇਰਾ ਸੱਚਖੰਡ ਬੱਲਾਂ, ਜਲੰਧਰ ਵਾਲੇ ਸਾਡੇ ਤਾਇਆ ਧੰਨਾ ਸਿੰਘ ਦੇ ਗੁਰੂ ਸਨ। ਉਹ ਪਿੰਡ ਗਗਨੌਲੀ ਆਉਂਦੇ ਜਾਂਦੇ ਰਹਿੰਦੇ ਸਨ। ਬਾਬਾ ਪਿੱਪਲਦਾਸ ਜੀ ਨੇ ਅਰਜਨ ਸਿੰਘ ਦਾ ਹੱਥ ਦੇਖਿਆ ਤੇ ਕਿਹਾ ਆਪ ਦੇ ਦੋ ਲੜਕੇ ਹੋਣਗੇ। ਕਿਹਾ ਜਾਂਦਾ ਹੈ "ਸਾਧੂ ਬੋਲੇ ਸਿਧ ਸੁਭਾਅ- ਸਾਧੂ ਦਾ ਬੋਲਿਆ ਬਿਰਥਾ ਨਾ ਜਾਹ" ਉਨ੍ਹਾਂ ਦੇ ਅਸ਼ੀਰਵਾਦ ਨਾਲ ਅਰਜਨ ਸਿੰਘ ਨੂੰ ਦੋ ਪੁੱਤਰਾਂ ਦੀ ਦਾਤ ਨਸੀਬ ਹੋਈ- ਮਹਿੰਗਾ ਸਿੰਘ ਤੇ ਉਜਾਗਰ ਸਿੰਘ

1. **ਮਹਿੰਗਾ ਸਿੰਘ**:- ਆਪ ਦੇ ਦੋ ਵਿਆਹ ਹੋਏ ਹਨ। ਮਹਿੰਗਾ ਸਿੰਘ ਦਾ ਪਹਿਲਾ ਵਿਆਹ ਪਿੰਡ ਮੇਘੋਵਾਲ ਗੰਜਿਆਂ, ਹੁਸ਼ਿਆਰਪੁਰ ਵਿਖੇ ਹੋਇਆ ਹੈ। ਪਰ ਆਪ ਦੀ

ਧਰਮ ਪਤਨੀ ਆਪ ਦੇ ਘਰ ਵਸੀ ਨਹੀਂ ਹੈ। ਉਸ ਦੀ ਪਹਿਲਾਂ ਹੀ ਮੌਤ ਹੋ ਗਈ ਸੀ। ਆਪ ਦਾ ਸਹੁਰਾ ਸਾਹਿਬ ਬਾਬੂ ਰਾਮ ਮੇਘੋਵਾਲ ਪਿੰਡ ਤੋਂ ਆ ਕੇ ਮਿਲਦਾ ਰਿਹਾ ਹੈ। ਮੀਆਂ ਬੀਬੀ (ਸੰਤੀ) ਦੋਵੇਂ ਲੰਮੀ ਉਮਰ ਭੋਗ ਕੇ ਬ੍ਰਹਮਲੀਨ ਹੋਏ ਹਨ।

ਆਪ ਦਾ ਦੂਜਾ ਵਿਆਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਫੁਗਲਾਣਾ ਵਿਖੇ ਛਿੰਨੀ ਦੇਵੀ ਨਾਲ ਹੋਇਆ। ਸਾਡਾ ਚਾਚਾ ਸ਼ੰਕਰ ਸਿੰਘ ਵੀ ਉਸ ਹੀ ਘਰ ਵਿਆਹਿਆ ਹੋਇਆ ਹੈ। ਇਹ ਦੋਵੇਂ ਸਾਂਢੂ ਹਨ।

ਕੰਮ:- ਮਹਿੰਗਾ ਸਿੰਘ ਨੇ ਆਪਣੇ ਭਾਈ ਉਜਾਗਰ ਸਿੰਘ ਦੇ ਨਾਲ ਲੱਕੜ ਦਾ ਕੰਮ ਕੀਤਾ ਹੈ। ਆਪ ਕੱਪੜਾ ਵੀ ਬੁਣ ਲੈਂਦੇ ਸਨ। ਆਪਣੀ ਮਰਜ਼ੀ ਨਾਲ ਕਦੇ ਕੋਈ ਕੰਮ ਨਹੀਂ ਕੀਤਾ ਜੋ ਪਰਿਵਾਰ ਕਹੇ ਉਹ ਕੰਮ ਕਰਦੇ ਸਨ। ਹਾੜੀ ਸਾਉਣੀ ਸੀਜ਼ਨ ਤੇ ਆਪ ਕਣਕ ਤੇ ਮੱਕੀ ਦੀ ਵਾਢੀ ਕਰ ਲੈਂਦੇ ਸਨ। ਕਦੇ ਆਪ ਦਾ ਭਾਈ ਉਜਾਗਰ ਸਿੰਘ ਟਾਹਲੀਆਂ ਦਾ ਸੌਦਾ ਕਰ ਲੈਂਦ ਸੀ ਤਾਂ ਮਹੀਨਾ-ਮਹੀਨਾ ਕੰਮ ਚੱਲਦਾ ਸੀ। ਹੋਰ ਪਿੰਡ ਦੇ ਆਦਮੀਆਂ ਨੂੰ ਵੀ ਕੰਮ ਮਿਲ ਜਾਂਦਾ ਸੀ।

ਆਦਤ-ਸੁਭਾਅ:- ਮਹਿੰਗਾ ਸਿੰਘ ਦਾ ਆਦਤ-ਸੁਭਾਅ ਚੰਗਾ ਸੀ। ਕਦੇ ਕਿਸੇ ਦੀ ਮਾੜੀ ਚੰਗੀ ਨਹੀਂ ਕਰਦਾ ਸੀ। ਸਾਰੇ ਇਨ੍ਹਾਂ ਨਾਲ ਹਾਸਾ ਮਜ਼ਾਕ ਕਰ ਲੈਂਦੇ ਸਨ। ਦਿਲ ਦਾ ਸਾਫ਼ ਇਨਸਾਨ ਸੀ। ਇਨ੍ਹਾਂ ਆਪਣੀ ਜ਼ਿੰਦਗੀ ਵਿਚ ਕਦੇ ਕਿਸੇ ਨਾਲ ਧੋਖਾਧੜੀ ਨਹੀਂ ਕੀਤੀ।

ਆਪ ਪੜ੍ਹੇ-ਲਿਖੇ ਤਾਂ ਨਹੀਂ ਸਨ ਪਰ ਆਪ ਰਾਤ ਨੂੰ ਲੰਮੀਆਂ-ਲੰਮੀਆਂ ਬਾਤਾਂ ਜ਼ਰੂਰ ਸੁਣਾਉਂਦੇ ਸਨ। ਕਿੱਸਾ 'ਪੂਰਨ ਭਗਤ' ਜਾਂ ਕੋਈ ਹੋਰ ਸਾਖੀ ਰਾਤ ਸਮੇਂ ਸੁਣਾਉਂਦੇ ਸਨ। ਆਮ ਕਰਕੇ ਅਸੀਂ ਇਨ੍ਹਾਂ ਨੂੰ ਸੇਠ ਕਹਿ ਕੇ ਬੁਲਾਉਂਦੇ ਸੀ।

ਮਹਿੰਗਾ ਸਿੰਘ ਥੋੜ੍ਹਾ ਬਹੁਤ ਮਸਾਜ ਦਾ ਕੰਮ ਵੀ ਕਰ ਲੈਂਦੇ ਸਨ। ਕਿਸੇ ਦੇ ਗਿੱਟੇ 'ਤੇ ਮੋਚ ਵਗੈਰਾ ਆਈ ਹੋਵੇ ਤਾਂ ਵੇਖ ਲੈਂਦੇ ਸਨ। ਦੂਜਾ ਪੇਟ ਮਲਣ ਦੇ ਮਾਹਰ ਸਨ। ਗਰਮੀ ਰੁੱਤ ਆਮ ਆਦਮੀ ਇਨ੍ਹਾਂ ਦੇ ਕੋਲ ਜਾਂਦਾ ਸੀ। ਸੇਠ ਜੀ ਮੇਰਾ ਪੇਟ ਖਰਾਬ ਹੈ ਜ਼ਰਾ ਦੇਖ ਦਿਓ। ਇਹ ਮਲ ਕੇ ਠੀਕ ਕਰ ਦਿੰਦੇ ਸਨ। ਸਾਡਾ ਤਾਇਆ ਮੁਨਸ਼ੀ ਆਪ ਦੇ ਨਾਲ ਬਹੁਤ ਹਾਸਾ ਮਜ਼ਾਕ ਕਰ ਲੈਂਦਾ ਸੀ।

ਕਦੇ-ਕਦੇ ਆਪ ਦੋਵੇਂ ਇਕੱਠੇ ਕੰਮਕਾਰ ਕਰਦੇ ਹੁੰਦੇ ਸਨ। ਮੈਂ ਆਪਣੇ ਤਾਏ ਨੂੰ ਪੁੱਛਿਆ ਕਿ ਇਨ੍ਹਾਂ ਦੋਹਾਂ ਭਰਾਵਾਂ ਦੀ ਕਿੰਨੀ ਉਮਰ ਹੈ ਤਾਂ ਤਾਏ ਨੇ ਜਵਾਬ ਦਿੱਤਾ ਕਿ ਸਾਡੇ ਦਾੜ੍ਹੀ ਮੁੱਛ ਆ ਗਈ ਸੀ ਜਦੋਂ ਇਨ੍ਹਾਂ ਦਾ ਜਨਮ ਹੋਇਆ। ਇਹ ਦੋਵੇਂ ਭਰਾ ਸਾਡੇ ਨਾਲੋਂ ਬਹੁਤ ਛੋਟੇ ਹਨ।

ਮੀਆਂ ਬੀਬੀ ਦਾ ਸਵਰਗਵਾਸ ਹੋਣਾ:- ਆਪ ਦੀ ਧਰਮ ਪਤਨੀ ਛਿੰਨੀ ਦੇਵੀ ਭਰ ਜਵਾਨੀ ਵਿਚ ਦੋ ਬੱਚਿਆਂ ਨੂੰ ਜਨਮ ਦੇਣ ਤੋਂ ਮਗਰੋਂ ਸਵਰਗਵਾਸ ਹੋ ਗਈ ਸੀ। ਆਪ ਦਾ ਲੜਕਾ ਮੱਸਾ ਸਿੰਘ ਮਹੀਨਾ ਦੋ ਮਹੀਨੇ ਦਾ ਸੀ। ਪਰਿਵਾਰ ਵਾਸਤੇ ਇਹ ਸਮਾਂ ਬਹੁਤ ਮਾੜਾ ਸੀ। ਬੱਚੇ ਕਿਸ ਤਰ੍ਹਾਂ ਪਲਣੇ ਸਨ ਪਰ ਇਨ੍ਹਾਂ ਬੱਚਿਆਂ ਦਾ ਪਾਲਣ-

ਪੋਸਣ ਚਾਚੀ ਹਰ ਕੌਰ ਨੇ ਕੀਤਾ ਹੈ।

ਮਹਿੰਗਾ ਸਿੰਘ ਦੀ ਮੌਤ:- ਮਹਿੰਗਾ ਸਿੰਘ ਆਪਣੇ ਪ੍ਰਾਣ ਤਿਆਗਣ ਤੋਂ ਪਹਿਲਾਂ ਤਕਰੀਬਨ ਇਕ ਮਹੀਨਾ ਬਿਮਾਰ ਰਹੇ ਸਨ। ਕੁਝ ਦਿਨ ਪਹਿਲਾਂ ਆਪ ਨੇ ਖਾਣਾ-ਪੀਣਾ ਛੱਡ ਦਿੱਤਾ ਸੀ। ਆਪ ਦਾ ਲੜਕਾ ਮੱਸਾ ਸਿੰਘ ਉਸ ਸਮੇਂ ਡੁਬਈ ਵਿਚ ਗਿਆ ਹੋਇਆ ਸੀ। ਘਰਵਾਲੇ ਆਪ ਦਾ ਇਲਾਜ ਕਰਵਾ ਰਹੇ ਸਨ। ਆਪ ਨੇ ਮਿਤੀ 7 ਫਰਵਰੀ 1999 ਨੂੰ ਬਾਅਦ ਦੁਪਹਿਰ ਆਪਣੇ ਸੁਆਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਆਪ ਡੇਰਾ ਸੈਦਪੁਰ ਬਾਬਾ ਰਸੀਲਾ ਰਾਮ (ਗੁਰਦਾਸਪੁਰ)ਦੇ ਸੇਵਕ ਸਨ। ਅਗਲੇ ਦਿਨ ਆਪ ਦਾ ਸਸਕਾਰ ਕੀਤਾ ਗਿਆ। ਇਨ੍ਹਾਂ ਦੇ ਭਤੀਜੇ ਪਰਮਜੀਤ ਸਿੰਘ ਨੇ ਸਾਰਾ ਕਿਰਿਆ ਕਰਮ ਦਾ ਕੰਮ ਮੱਸਾ ਸਿੰਘ ਦੇ ਮਗਰੋਂ ਆਪ ਕੀਤਾ ਹੈ।

ਵੰਸ਼:- ਮਹਿੰਗਾ ਸਿੰਘ ਦੇ ਵੰਸ਼ ਵਿਚ ਇਕ ਲੜਕੀ ਤੇ ਇਕ ਲੜਕਾ ਹੈ। ਲੜਕੀ ਵਚਨ ਕੌਰ ਤੇ ਲੜਕਾ ਮੱਸਾ ਸਿੰਘ।

ਲੜਕੀ ਵਚਨ ਕੌਰ:- ਮਹਿੰਗਾ ਸਿੰਘ ਦੇ ਦੋਹਾਂ ਬੱਚਿਆਂ ਦਾ ਪਾਲਣ ਪੋਸਣ ਸਾਡੀ ਚਾਚੀ ਹਰ ਕੌਰ ਨੇ ਕੀਤਾ ਹੈ। ਵਚਨ ਕੌਰ ਘਰ ਦਾ ਸਾਰਾ ਕੰਮ ਕਰ ਲੈਂਦੀ ਹੈ। ਉਸ ਸਮੇਂ ਘਰ ਵਿਚ ਕੱਪੜਾ ਬੁਨਣ ਦਾ ਕੰਮ ਤੇ ਪਸ਼ੂ ਰੱਖਣ ਦਾ ਕੰਮ ਹੁੰਦਾ ਸੀ। ਸਵੇਰੇ ਸ਼ਾਮ ਪਸ਼ੂਆਂ ਦਾ ਪੱਠਾ-ਦੱਥਾ ਕਰਨਾ ਆਮ ਘਰਾਂ ਦਾ ਕੰਮ ਸੀ।

ਵਿਆਹ:- ਵਚਨ ਕੌਰ ਦਾ ਵਿਆਹ ਅਜੀਤ ਸਿੰਘ ਪਿੰਡ ਨੰਗਲ ਸ਼ਹੀਦਾ ਹੁਸ਼ਿਆਰਪੁਰ ਨਾਲ ਦੇਸੀ ਭਾਦੋਂ ਮਹੀਨਾ 1969 ਈ: ਵਿਚ ਹੋਇਆ। ਅਜੀਤ ਸਿੰਘ ਉਸ ਸਮੇਂ ਫੌਜ ਵਿਚ ਭਰਤੀ ਸਨ। ਵਚਨ ਕੌਰ ਦਾ ਸਹੁਰਾ ਪੀ.ਡਬਲਿਊ.ਡੀ. ਵਿਭਾਗ ਵਿਚ ਸਰਕਾਰੀ ਨੌਕਰੀ ਕਰਦੇ ਸਨ।

ਨਾਨਕਾ ਮੇਲ:- ਇਸ ਵਿਆਹ ਵਿਚ ਤਿੰਨ ਥਾਵਾਂ ਤੋਂ ਨਾਨਕਾ ਮੇਲ ਆਇਆ ਹੋਇਆ ਸੀ। ਪਿੰਡ ਮੇਘੋਵਾਲ ਗੰਜਿਆਂ, ਪੰਡੋਰੀ ਮਾਇਲ ਨੇੜੇ ਬੁੱਲੋਵਾਲ ਤੇ ਫੁਗਲਾਣਾ ਆਦਿ। ਚਾਚਾ ਮਹਿੰਗਾ ਸਿੰਘ ਪਹਿਲਾਂ ਪਿੰਡ ਮੇਘੋਵਾਲ ਗੰਜਿਆਂ ਵਿਆਹਿਆ ਹੋਇਆ ਸੀ। ਆਪ ਦੀ ਸੱਸ ਤੇ ਸਹੁਰਾ ਸਾਹਿਬ ਆਏ ਸਨ। ਪਿੰਡ ਪੰਡੋਰੀ ਮਾਇਲ ਤੋਂ ਸਾਡੀ ਚਾਚੀ ਹਰ ਕੌਰ ਹੈ ਜਿਸ ਨੇ ਬੱਚਿਆਂ ਦੀ ਪਾਲਣਾ ਕੀਤੀ ਹੈ। ਹਰ ਕੌਰ ਦਾ ਪਰਿਵਾਰ ਵੀ ਆਇਆ ਹੋਇਆ ਸੀ। ਮਹਿੰਗਾ ਸਿੰਘ ਤੇ ਉਜਾਗਰ ਸਿੰਘ ਇਕੋ ਹੀ ਘਰ ਵਿਚ ਇਕੱਠੇ ਰਹਿੰਦੇ ਹਨ। ਪਿੰਡ ਫੁਗਲਾਣੇ ਦਾ ਨਾਨਕਾ ਮੇਲ ਬਹੁਤ ਜ਼ਿਆਦਾ ਸੀ। ਉਸ ਸਮੇਂ ਨਾਨਕਾ ਮੇਲ ਬਹੁਤ ਜ਼ਿਆਦਾ ਆਉਂਦੇ ਸਨ। ਦੋ ਦਿਨ ਪਿੰਡ ਵਿਚ ਬਹੁਤ ਰੌਣਕ ਹੁੰਦੀ ਸੀ।

ਵੰਸ਼:- ਵਚਨ ਕੌਰ ਦੀ ਇਕ ਲੜਕੀ ਤੇ ਤਿੰਨ ਲੜਕੇ ਹਨ। ਆਪੋ ਆਪਣਾ ਕੰਮ ਕਰਦੇ ਹਨ।

1. **ਮੱਸਾ ਸਿੰਘ**:- ਮੱਸਾ ਸਿੰਘ ਨੇ ਦਸਵੀਂ ਪਾਸ ਕੀਤੀ ਹੈ। ਪੜ੍ਹਾਈ ਦੇ ਨਾਲ

ਆਪ ਨੇ ਬਹੁਤ ਜ਼ਿਆਦਾ ਘਰ ਦਾ ਕੰਮਕਾਰ ਕੀਤਾ ਹੈ। ਆਪ ਨੇ ਸਰਕਾਰੀ ਨੌਕਰੀ ਵਾਸਤੇ ਕਈ ਯਤਨ ਕੀਤੇ ਪਰ ਕਾਮਯਾਬੀ ਨਹੀਂ ਮਿਲੀ। ਥੋੜ੍ਹਾ ਸਮਾਂ ਆਪ ਨੇ ਪ੍ਰਾਈਵੇਟ ਤੌਰ ਤੇ ਜਲੰਧਰ ਕੰਮ ਕੀਤਾ ਹੈ। ਬਿਜਲੀ ਵਿਭਾਗ ਵਿਚ ਵੀ ਆਰਜ਼ੀ ਤੌਰ ਤੇ ਕੰਮ ਕੀਤਾ ਹੈ। ਚਾਰ ਕੁ ਸਾਲ ਆਪ ਨੇ ਡੁਬਈ ਵਿਚ ਲਗਾਏ ਹਨ। 2004 ਤੋਂ ਆਪ ਚਾਰ ਪਿੰਡਾਂ ਦੇ ਚੌਂਕੀਦਾਰ ਹਨ। ਪਿੰਡ ਦੇ ਪੰਚ ਵੀ ਰਹਿ ਚੁੱਕੇ ਹਨ ਅਤੇ ਪਿੰਡ ਦੇ ਟਿਊਬੈੱਲ ਓਪਰੇਟਰ ਵੀ ਹਨ।

ਵਿਆਹ:- ਆਪ ਦੀ ਸ਼ਾਦੀ ਸੁਰਿੰਦਰ ਕੌਰ ਦੇ ਨਾਲ ਮਾਰਚ 1983 ਈ: ਵਿਚ ਹੋਈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਿਰਜਾਪੁਰ ਧਾਲੀਵਾਲ ਹਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਹਨ। ਹਰਪ੍ਰੀਤ ਸਿੰਘ ਤੇ ਜਸਪਾਲ ਸਿਘੰ ਜੱਸੀ ਹਨ, ਜੋ ਕਿ ਕੰਮਕਾਰ ਕਰ ਰਹੇ ਹਨ। ਆਪ ਦੇ ਵੱਡੇ ਲੜਕੇ ਹਰਪ੍ਰੀਤ ਦੀ ਸ਼ਾਦੀ 29-4-2012 ਨੂੰ ਹੋਈ ਹੈ।

2. **ਉਜਾਗਰ ਸਿੰਘ:-** ਪੜਦਾਦਾ ਜਗੀਰ ਸਿੰਘ ਦੇ ਛੇ ਲੜਕੇ ਸਨ। ਅਰਜਨ ਸਿੰਘ ਉਸ ਦਾ ਸਭ ਤੋਂ ਛੋਟਾ ਲੜਕਾ ਸੀ। ਇਸ ਹੀ ਤਰ੍ਹਾਂ ਅਰਜਨ ਸਿੰਘ ਦਾ ਸਭ ਤੋਂ ਛੋਟਾ ਲੜਕਾ ਉਜਾਗਰ ਸਿੰਘ ਦੱਸਿਆ ਜਾਂਦਾ ਹੈ ਕਿ ਜਦੋਂ ਉਜਾਗਰ ਸਿੰਘ ਛੋਟਾ ਸੀ ਤਾਂ ਕਿਸੇ ਪੰਡਤ ਨੇ ਇਸ ਦਾ ਹੱਥ ਦੇਖਿਆ ਤੇ ਕਿਹਾ, "ਇਹ ਲੜਕਾ ਵੱਡਾ ਹੋ ਕੇ ਵੱਡੇ-ਵੱਡੇ ਫੈਸਲੇ ਕਰੇਗਾ ਇਹ ਸੱਚ ਹੋਇਆ ਕਿ ਆਪ ਸਾਰੀ ਸਾਕਾਚਾਰੀ ਦਾ ਧੁਰਾ ਸਨ ਆਪ ਮਹਿੰਦਰ ਸਿੰਘ ਸਰਪੰਚ ਦੀ ਪੰਚਾਇਤ ਵਿਚ ਪੰਚ ਵੀ ਰਹੇ ਸਨ।

ਆਪ ਦੀ ਧਰਮ ਪਤਨੀ ਦਾ ਨਾਮ ਹਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਮਾਇਲ ਹਨ। ਹਰ ਕੌਰ ਕੱਦ ਦੀ ਉੱਚੀ ਲੰਮੀ ਸੀ ਤੇ ਆਮ ਬੀਬੀਆਂ ਵਿਚ ਗੱਲਕਾਰ ਸੀ। ਪੇਕਾ ਪਰਿਵਾਰ ਤੇ ਸਹੁਰਾ ਪਰਿਵਾਰ ਦੀ ਖਾਸ ਰਾਜਧਾਨੀ ਪਿੰਡ ਗਗਨੌਲੀ ਹੈ। ਜਿਥੇ ਸਾਰਾ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ। ਮੈਂ ਛੋਟੇ ਹੁੰਦੇ ਨੇ ਦੇਖਿਆ ਹੈ ਕਿ ਦੂਜੇ ਤੀਜੇ ਦਿਨ ਇਕ ਜਾਂ ਦੋ ਪ੍ਰਾਹੁਣੇ ਜ਼ਰੂਰ ਆਉਂਦੇ ਸਨ। ਮੀਆਂ ਬੀਬੀ ਆਪ ਵੀ ਤੁਰੇ ਰਹਿੰਦੇ ਸਨ।

ਬਾਪੂ ਦੀ ਕਬੀਲਦਾਰੀ:- ਉਜਾਗਰ ਸਿੰਘ ਦੀਆਂ ਪੰਜ ਭੈਣਾਂ ਸਨ ਤੇ ਇਕ ਭਰਾ ਸੀ।

ਇਨ੍ਹਾਂ ਸਾਰਿਆਂ ਦੀਆਂ ਵਿਆਹ ਸ਼ਾਦੀਆਂ ਉਜਾਗਰ ਸਿੰਘ ਨੇ ਕੀਤੀਆਂ ਜਿੱਥੇ ਆਪ ਨੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ ਹੈ ਉਥੇ ਆਪਣੇ ਭਾਈ ਮਹਿੰਗਾ ਸਿੰਘ ਦੇ ਬੱਚਿਆਂ ਦੀ ਵੀ ਪਾਲਣਾ ਕਰਕੇ ਵਿਆਹ ਸ਼ਾਦੀਆਂ ਕੀਤੀਆਂ ਹਨ।

ਕੰਮ:- ਉਜਾਗਰ ਸਿੰਘ ਆਮ ਕਰਕੇ ਵਪਾਰ ਦਾ ਕੰਮ ਕਰਦਾ ਸੀ। ਚਾਹੇ ਲੱਕੜੀਆਂ ਦਾ ਵਪਾਰ ਜਾਂ ਬਾਗ ਖਰੀਦ ਲੈਣੇ ਜਾਂ ਕਦੇ-ਕਦੇ ਕੋਈ ਪਸ਼ੂ ਵੇਚ ਖਰੀਦ ਲੈਣਾ। ਆਪ ਦਾ ਭਾਈ ਮਹਿੰਗਾ ਸਿੰਘ ਕੱਪੜਾ ਬੁਣਦਾ ਸੀ ਆਪ ਇਸ ਕੰਮ ਵਿਚ ਹੱਥ ਵਟਾਉਂਦੇ ਸਨ। ਹਾੜ੍ਹੀ ਸਾਉਣੀ ਫ਼ਸਲ ਵੀ ਬੀਜ ਲੈਂਦੇ ਸਨ। ਸਾਡੀ ਚਾਚੀ ਹਰ ਕੌਰ

ਉਸ ਨੇ ਵੀ ਸਹੁਰਾ ਘਰ ਆ ਕੇ ਰਾਤ ਦਿਨ ਕੰਮ ਕੀਤਾ ਹੈ। ਸਾਡੀਆਂ ਆਮ ਤਾਈਆਂ, ਚਾਚੀਆਂ ਵਾਂਗ ਪਸ਼ੂ ਰੱਖਣੇ, ਕਪਾਹਾਂ ਚੁਗਣੀਆਂ, ਬਾਜਰਾ ਡੁਗਣਾ ਆਦਿ। ਬਰਸਾਤ ਵਿਚ ਕਦੇ-ਕਦੇ ਰਾਮ ਸਿੰਘ ਹੁਸ਼ਿਆਰਪੁਰ ਦੀਆਂ ਮੱਝਾਂ ਚਰਾਈ 'ਤੇ ਆ ਜਾਂਦੀਆਂ ਸਨ। ਚਾਚੀ ਨੇ ਕਹਿਣਾ, "ਕਾਕਾ ਬਰਸਾਤ ਵਿਚ ਪਸ਼ੂ ਮੁਫਤ ਪਲ ਜਾਂਦੇ ਹਨ। ਅਸੀਂ ਬਰਸਾਤ ਵਿਚ ਕੀ ਕਰਨਾ ਹੈ।" ਮਾਤਾ ਹਰ ਕੌਰ ਵੀ 1998 ਈ: ਵਿਚ ਪਿੰਡ ਦੀ ਪੰਚ ਰਹੀ ਹੈ।

ਸਾਧੂ ਸਿੰਘ ਦੇ ਪਰਿਵਾਰ ਦੀ ਮਦਦ:- ਸਾਧੂ ਸਿੰਘ ਦੇ ਲੜਕੇ ਤੇ ਨੂੰਹਾਂ ਇੰਗਲੈਂਡ ਵਿਚ ਹਨ। ਉਨ੍ਹਾਂ ਸਾਰਿਆਂ ਦੇ ਪਾਸਪੋਰਟ ਬਣਾਉਣ ਤੇ ਬਾਹਰ ਭੇਜਣ ਵਿਚ ਉਜਾਗਰ ਸਿੰਘ ਨੇ ਬਹੁਤ ਮਦਦ ਕੀਤੀ ਹੈ। ਜਦੋਂ ਉਹ ਇੰਗਲੈਂਡ ਤੋਂ ਆ ਜਾਂਦੇ ਸਨ ਤਾਂ ਵੀ ਉਹ ਉਨ੍ਹਾਂ ਦੇ ਨਾਲ ਕਿਤੇ ਨਾ ਕਿਤੇ ਜ਼ਰੂਰ ਜਾਂਦੇ ਹੁੰਦੇ ਸਨ।

ਪਤੀ-ਪਤਨੀ ਦਾ ਅੰਤਮ ਸਮਾਂ:- ਪਤੀ ਉਜਾਗਰ ਸਿੰਘ ਆਪਣੀ 55 ਕੁ ਸਾਲ ਦੀ ਉਮਰ ਵਿਚ ਕੁਝ ਬਿਮਾਰ ਰਹਿਣ ਲੱਗਾ। ਆਪ ਦਵਾਈ ਖਾਂਦੇ ਸਨ, ਨਾਲ ਘਰ ਦਾ ਕੰਮ ਵੀ ਕਰਦੇ ਸਨ। 1982 ਈ: ਵਿਚ ਆਪ ਦਾ ਇਕ ਸਾਥੀ ਸੁਖਦੇਵ ਸਿੰਘ ਸੁੱਖਾ ਆਪ ਨੂੰ ਸਦੀਵੀ ਵਿਛੋੜਾ ਦੇ ਗਿਆ। ਆਪ ਨੂੰ ਇਹ ਪਤਾ ਨਹੀਂ ਸੀ ਕਿ ਮੈਂ ਵੀ ਜਲਦੀ ਚਲਾ ਜਾਵਾਂਗਾ। ਆਪ ਦਾ ਸਰੀਰ ਜ਼ਿਆਦਾ ਰੇਸ਼ਾਖੋਰਾ ਹੋ ਗਿਆ ਜਿਸ ਨਾਲ ਆਪ ਦਾ ਲੜਕਾ ਧਾਰਾ ਸਿੰਘ ਆਪ ਨੂੰ ਸਾਈਕਲ 'ਤੇ ਬਿਠਾ ਕੇ ਬਹਰ ਲੈ ਕੇ ਜਾਂਦਾ ਸੀ। ਅੰਤ ਵਿਚ ਉਜਾਗਰ ਸਿੰਘ ਨੂੰ ਡੀ.ਐਮ.ਸੀ. ਹਸਪਤਾਲ ਲੁਧਿਆਣਾ ਵਿਖੇ ਦਾਖਲ ਕਰਵਾਇਆ, ਜਿਸ ਨੇ ਖ਼ਬਰ ਲੈਣ ਜਾਣਾ ਆਖਣਾ ਜਲਦੀ ਛੁੱਟੀ ਹੋ ਜਾਣੀ ਹੈ। ਪਰ ਆਪ ਦੀ ਸਿਹਤ ਹੋਰ ਵਿਗੜਦੀ ਗਈ। ਆਪ 16-10-1982 ਨੂੰ ਹਸਪਤਾਲ ਲੁਧਿਆਣਾ ਵਿਖੇ ਪ੍ਰਮਾਤਮਾ ਨੂੰ ਪਿਆਰੇ ਹੋ ਗਏ। ਉਨ੍ਹਾਂ ਦੇ ਲੜਕੇ ਧਾਰਾ ਸਿੰਘ ਨੇ ਦੱਸਿਆ ਕਿ, "ਡਾਕਟਰ ਨੇ ਮੈਨੂੰ ਕਿਹਾ ਸੌਰੀ! ਮੈਂ ਆਪ ਦੇ ਪਿਤਾ ਨੂੰ ਬਚਾਅ ਨਹੀਂ ਸਕਿਆ।" ਇਨ੍ਹਾਂ ਦੀ ਸਿਹਤ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਗਈ ਸੀ। ਉਜਾਗਰ ਸਿੰਘ ਨੇ ਉਮਰ 55 ਕੁ ਸਾਲ ਪਾਈ ਹੈ, ਜੇ ਬਿਮਾਰ ਨਾ ਹੁੰਦੇ ਤਾਂ ਅਜੇ ਜਵਾਨ ਸਨ। ਇਨ੍ਹਾਂ ਦੇ ਸਸਕਾਰ 'ਤੇ ਸਾਰੀ ਸਾਕਾਚਾਰੀ ਆਈ ਹੋਈ ਸੀ।

ਭੋਗ:- ਆਪ ਦੇ ਨਮਿਤ ਸਹਿਜ ਪਾਠ ਦਾ ਭੋਗ ਪਾਇਆ ਗਿਆ। ਪਾਠੀ ਕਰਤਾਰ ਸਿੰਘ ਸਾਹਰੀ ਸਨ। ਇਸ ਤੋਂ ਉਪਰੰਤ ਪਾਠੀ ਸੁਰਜਨ ਸਿੰਘ ਆਦਮਵਾਲ ਨੇ ਸਤਿਸੰਗ ਕੀਤਾ ਕਿਉਂਕਿ ਆਪ ਮੀਆਂ ਬੀਬੀ ਨੂੰ ਹਜੂਰ ਮਹਾਰਾਜ ਬਾਬਾ ਚਰਨ ਸਿੰਘ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਸੀ।

ਹਰ ਕੌਰ:- ਆਪ ਦੀ ਧਰਮ ਪਤਨੀ ਹਰ ਕੌਰ ਨੇ ਪੂਰੀ ਉਮਰ ਭੋਗੀ ਹੈ ਉਹ ਆਪਣੇ ਪਤੀ ਉਜਾਗਰ ਸਿੰਘ ਤੋਂ 30 ਸਾਲ ਮਗਰੋਂ ਬ੍ਰਹਮਲੀਨ ਹੋਈ ਹੈ। ਉਸ ਨੇ ਮਗਰੋਂ ਸਾਰੀ ਕਬੀਲਦਾਰੀ ਨੂੰ ਸੁਚੱਜੇ ਢੰਗ ਨਾਲ ਚਲਾਇਆ ਹੈ। ਮਾਤਾ ਹਰ ਕੌਰ ਆਪਣਾ ਸਰੀਰ ਤਿਆਗਣ ਤੋਂ ਪਹਿਲਾਂ ਕੁਝ ਬਿਮਾਰ ਹੋ ਗਈ। ਆਪ ਦੇ ਬੇਟੇ ਪਰਮਜੀਤ ਸਿੰਘ ਨੇ

K.D.M. ਹਸਪਤਾਲ ਹੁਸ਼ਿਆਰਪੁਰ ਦਾਖਲ ਕਰਵਾਇਆ। ਠੀਕ ਹੋਣ ਉਪਰੰਤ ਘਰ ਆ ਗਈ। ਆਪ ਦੀਆਂ ਲੱਤਾਂ ਚੱਲਣੀਆਂ ਬੰਦ ਹੋ ਗਈਆਂ ਸਨ। ਪ੍ਰਮਾਤਮਾ ਜਾਣ ਵੇਲੇ ਕੋਈ ਨਾ ਕੋਈ ਬਹਾਨਾ ਤਾਂ ਜ਼ਰੂਰ ਬਣਾਉਂਦਾ ਹੈ। ਮਾਤਾ ਜੀ 12-12-2012 ਨੂੰ ਸਾਡੇ ਪਾਸੋਂ ਸਦਾ ਲਈ ਅਲੋਪ ਹੋ ਗਈ। ਇਸ ਹੀ ਦਿਨ ਆਪ ਦਾ ਸਸਕਾਰ ਕਰ ਦਿੱਤਾ ਗਿਆ।

ਭੋਗ:- ਆਪ ਦੀ ਆਤਮਿਕ ਸ਼ਾਂਤੀ ਵਾਸਤੇ ਮਿਤੀ 24-12-2012 ਨੂੰ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਲਖਵੀਰ ਸਿੰਘ ਲੱਕੀ ਖਾਨਪੁਰ ਥਿਆੜਾ ਨੇ ਕੀਰਤਨ ਦੀ ਅਰੰਭਤਾ ਕੀਤੀ। ਲਖਵੀਰ ਸਿੰਘ ਨੇ ਪੋਹ ਦਾ ਮਹੀਨਾ ਹੋਣ ਕਰਕੇ ਸਾਕਾ ਸਰਹੰਦ ਦਾ ਪ੍ਰਸੰਗ ਸੰਗਤ ਨੂੰ ਸਰਵਣ ਕਰਵਾਇਆ। ਇਸ ਸਮਾਗਮ ਵਿਚ ਸਟੇਜ ਦੀ ਸੇਵਾ ਮੈਂ ਨਿਭਾਈ। ਇਸ ਸਮਾਗਮ ਵਿਚ ਬੀ.ਜੇ.ਪੀ. ਨੇਤਾ ਵਿਜੈ ਸਾਂਪਲਾ ਜੀ ਨੇ ਵੀ ਮਾਤਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪਰਮਜੀਤ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਸੰਗਤਾਂ ਵਾਸਤੇ ਗੁਰੂ ਦੇ ਅਟੁੱਟ ਭੰਡਾਰੇ ਤਿਆਰ ਕੀਤੇ ਗਏ ਸਨ।

ਵੰਸ਼:- ਉਜਾਗਰ ਸਿੰਘ ਦੇ ਵੰਸ਼ ਵਿਚ ਤਿੰਨ ਲੜਕੇ ਹਨ ਧਾਰਾ ਸਿੰਘ, ਅਵਤਾਰ ਸਿੰਘ ਤੇ ਪਰਮਜੀਤ ਸਿੰਘ।

1. ਧਾਰਾ ਸਿੰਘ:- ਧਾਰਾ ਸਿੰਘ ਦੀ ਧਰਮ ਪਤਨੀ ਦਾ ਨਾਮ ਰਾਮ ਪਿਆਰੀ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਬੀਬੀ ਹਨ। ਇਹ ਰਿਸ਼ਤਾ ਬਾਪੂ ਭਗਤ ਸਿੰਘ ਨੇ ਕੀਤਾ ਸੀ, ਜਿਸ ਦੇ ਆਪਣੇ ਸਹੁਰੇ ਵੀ ਪੰਡੋਰੀ ਬੀਬੀ ਸਨ। ਧਾਰਾ ਸਿੰਘ ਦੇ ਸਕੂਲ ਰਿਕਾਰਡ ਅਨੁਸਾਰ ਆਪ ਦਾ ਨਾਮ ਤਾਰਾ ਚੰਦ ਹੈ। ਪਿੰਡ ਵਿਚ ਅਸੀਂ ਸਾਰੇ ਧਾਰਾ ਸਿੰਘ ਕਹਿੰਦੇ ਹਾਂ। ਧਾਰਾ ਸਿੰਘ ਨੇ ਸਰਕਾਰੀ ਹਾਈ ਸਕੂਲ ਨਸਰਾਲਾ ਤੋਂ ਦਸਵੀਂ ਪਾਸ ਕਰਨ ਉਪਰੰਤ ਹੁਸ਼ਿਆਰਪੁਰ ਤੋਂ ਆਈ.ਟੀ.ਆਈ. ਕਾਰਪੇਂਟਰ ਟ੍ਰੇਡ ਵਿਚ ਕੀਤੀ।

ਨੌਕਰੀ ਦੀ ਤਲਾਸ਼:- ਧਾਰਾ ਸਿੰਘ ਨੌਕਰੀ ਦੀ ਤਲਾਸ਼ ਵਿਚ ਆਪਣੇ ਮਾਮੇ ਭਗਤ ਸਿੰਘ ਦੀ ਲੜਕੀ ਦੇ ਕੋਲ ਦਿੱਲੀ ਗਿਆ। ਦਿੱਲੀ ਭਗਤ ਸਿੰਘ ਦਾ ਦਾਮਾਦ ਮਗਨ ਦਾਸ ਸਰਕਾਰੀ ਨੌਕਰੀ ਕਰਦਾ ਸੀ। ਧਾਰਾ ਸਿੰਘ ਇਕ ਮਹੀਨੇ ਮਗਰੋਂ ਵਾਪਸ ਪਿੰਡ ਗਗਨੌਲੀ ਆ ਗਿਆ। ਆਪ ਦੇ ਇੰਗਲੈਂਡ ਜਾਣ ਦੀ ਸੰਭਾਵਨਾ ਸੀ ਪਰ ਜਾ ਨਹੀਂ ਸਕੇ।

ਭਰਤੀ ਹੋਣਾ:- ਧਾਰਾ ਸਿੰਘ ਦੇ ਮਾਮੇ ਹਰੀ ਸਿੰਘ ਨੇ ਆਪ ਨੂੰ ਪੁਣਸ਼ ਰਜੌਰੀ (ਕਸ਼ਮੀਰ) ਵਿਚ M.E.S ਵਿਚ ਭਰਤੀ ਕਰਵਾ ਦਿੱਤਾ। ਇਸ ਮਹਿਕਮੇ ਵਿਚ ਪਹਿਲਾਂ ਆਪ ਆਰਜੀ ਤੌਰ ਤੇ ਭਰਤੀ ਹੋਏ ਸਨ। ਕੁਝ ਸਾਲਾਂ ਮਗਰੋਂ ਆਪ ਦੀ ਨੌਕਰੀ ਰੈਗੂਲਰ ਹੋ ਗਈ। ਧਾਰਾ ਸਿੰਘ ਜਦੋਂ ਵੀ ਛੁੱਟੀ ਆਉਂਦਾ ਤਾਂ ਸਾਰਿਆਂ ਨੂੰ ਬਹੁਤ ਹੀ ਪਿਆਰ ਸਤਿਕਾਰ ਨਾਲ ਮਿਲਦਾ। ਇਕ ਵਾਰ ਆਪ ਛੁੱਟੀ ਆਏ। ਮੈਂ ਪੱਠੇ ਕੁਤਰ ਰਿਹਾ ਸੀ ਪਰ ਫਿਰ ਵੀ ਆਪ ਮੈਨੂੰ ਗਲਵੱਕੜੀ ਪਾ ਕੇ ਮਿਲੇ ਇਹ ਇਨ੍ਹਾਂ ਦਾ ਵਿਸ਼ੇਸ਼ ਗੁਣ ਸੀ। ਧਾਰਾ

ਸਿੰਘ 1979 ਈ: ਵਿਚ ਰਜੌਰੀ ਤੋਂ ਬਦਲ ਕੇ ਆਦਮਪੁਰ ਆ ਗਿਆ। ਆਦਮਪੁਰ ਵਿਚ ਵੀ ਆਪ ਦਾ ਚੰਗਾ ਅਸਰ ਰਸੂਖ ਰਿਹਾ। ਆਪ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਚੁਣੇ ਗਏ। ਆਪ ਹਰ ਗੱਲ ਦੀ ਗਹਿਰਾਈ ਤਕ ਜਾਂਦੇ ਸਨ। ਕਿਸੇ ਵੇਲੇ ਆਪ ਗੱਲਬਾਤ ਵਿਚ ਏਨਾ ਮਗਨ ਹੋ ਜਾਂਦੇ ਸਨ ਕਿ ਘਰ ਦਾ ਕਰਨਯੋਗ ਕੰਮ ਵੀ ਭੁੱਲ ਜਾਂਦੇ ਸਨ। ਫਿਰ ਆਪ ਨੇ ਕਹਿਣਾ ਮੈਂ ਤਾਂ ਫਲਾਣਾ ਕੰਮ ਕਰਨਾ ਸੀ।

ਧਾਰਾ ਸਿੰਘ ਬਚਪਨ ਤੋਂ ਹੀ ਸਰੀਰਕ ਤੌਰ ਤੇ ਤਕੜੇ ਸਨ। ਉਨ੍ਹਾਂ ਮੈਨੂੰ ਦੱਸਿਆ ਕਿ ਮੈਂ ਆਪਣੀ ਮਿਡਲ ਪ੍ਰੀਖਿਆ ਦੇ ਪੇਪਰ ਦੇਣ ਉਪਰੰਤ ਨਸਰਾਲੇ ਸੈਂਡੀਸ਼ੂ ਕੰਪਨੀ ਵਿਚ ਕੰਮ ਕੀਤਾ ਹੈ। ਉਸ ਸਾਲ ਹੀ ਸਾਡੀ ਦਾਦੀ ਸੁਰਗਵਾਸ ਹੋਈ ਸੀ। ਇਸ ਕੰਮ ਨਾਲ ਮੈਂ ਆਪਣੇ ਪਿਤਾ ਦੀ ਮਾਈਕ ਸਹਾਇਤਾ ਕੀਤੀ।

ਪੱਕੇ ਮਕਾਨ ਬਣਾਉਣਾ:- ਅਗਸਤ 1979 ਈ: ਵਿਚ ਆਪ ਨੇ ਆਪਣੇ ਪਰਿਵਾਰ ਦੇ ਲਈ ਪੱਕੇ ਮਕਾਨ ਬਣਾਏ। ਇਨ੍ਹਾਂ ਮਕਾਨਾਂ ਵਿਚ ਰੌਣਕੀ ਰਾਮ ਬਾਹੋਵਾਲ ਵੀ ਕੰਮ ਕਰਾਉਂਦੇ ਸੀ। ਉਹ ਵੀ ਸਰੀਰਕ ਤੌਰ ਤੇ ਤਕੜੇ ਸਨ। ਉਹ ਵਪਾਰ ਦੇ ਕੰਮ ਵਿਚ ਵੀ ਉਜਾਗਰ ਸਿੰਘ ਦੇ ਨਾਲ ਕੰਮ ਕਰਦੇ ਸਨ।

ਪੀਅਰਲੈੱਸ ਕੰਪਨੀ:- ਧਾਰਾ ਸਿੰਘ ਨੇ ਆਪਣੀ ਧਰਮ ਪਤਨੀ ਰਾਮ ਪਿਆਰੀ ਦੇ ਨਾਮ ਪੀਅਰਲੈੱਸ ਕੰਪਨੀ ਵਿਚ ਕੰਮ ਕੀਤਾ ਤੇ ਇਸ ਕੰਮ ਵਿਚ ਆਪ ਨੇ ਦੂਰ-ਦੁਰਾਡੇ ਜਾ ਕੇ ਹੋਰ ਵਰਕਰ ਭਰਤੀ ਕੀਤੇ। ਆਪ ਨੂੰ ਇਹ ਏਜੰਸੀ ਹੁਸੀਨ ਚੰਦ ਨੰਦਗੜ੍ਹ, ਹੁਸ਼ਿਆਰਪੁਰ ਨੇ ਦਿੱਤੀ ਸੀ।

ਆਪ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਪਾਠ ਕਰਦੇ ਤੇ ਡਿਊਟੀ ਜਾਣ ਸਮੇਂ ਗੁਰੂ ਘਰ ਤੇ ਬਾਬਾ ਪੂਰਨ ਦਾਸ ਦੀ ਸਮਾਧ 'ਤੇ ਮੱਥਾ ਟੇਕ ਕੇ ਜਾਂਦੇ ਸਨ। ਡਿਊਟੀ ਤੋਂ ਆਉਣ ਸਮੇਂ ਆਪ ਅੱਡਾ ਕਠਾਰ ਵਿਚ ਡੇਰਾ ਬਾਬਾ ਸਰਵਣ ਦਾਸ ਵਿਖੇ ਮਾਮਾ ਚੈਂਚਲ ਸਿੰਘ ਦੇ ਕੋਲ ਰੁਕਦੇ ਤੇ ਕੋਈ ਗਿਆਨ ਗੋਸ਼ਟੀ ਦੇ ਪ੍ਰਵਚਨ ਕਰਦੇ ਤੇ ਸੁਣਦੇ ਸਨ। ਡਿਊਟੀ ਤੋਂ ਧਾਰਾ ਸਿੰਘ ਕਦੇ-ਕਦੇ ਰਾਤ ਨੂੰ ਬਾਰਾਂ ਵਜੇ ਵੀ ਆਉਂਦਾ ਸੀ। ਕਹਿਣਾ ਮੈਨੂੰ ਕੋਈ ਡਰ ਨਹੀਂ ਹੈ ਸਾਰੇ ਮੇਰੇ ਦੋਸਤ ਹੀ ਹਨ।

ਆਪ ਆਪਣੇ ਮਾਤਾ ਪਿਤਾ ਵਾਂਗ ਡੇਰਾ ਬਿਆਸ ਦੇ ਸ਼ਰਧਾਲੂ ਹਨ। ਆਪ ਮੇਰੇ ਭਾਈ ਕੁਲਵਿੰਦਰ ਸਿੰਘ ਦੇ ਨਾਲ ਸਮਾਂ ਮਿਲਣ ਤੇ ਸੇਵਾ 'ਤੇ ਜਾਂਦੇ ਸਨ। ਆਪ ਨੂੰ ਹਜੂਰ ਮਹਾਰਾਜ ਬਾਬਾ ਚਰਨ ਸਿੰਘ ਤੋਂ ਨਾਮਦਾਨ ਦੀ ਬਖਸ਼ਿਸ਼ ਹੋਈ ਹੈ। ਇਸ ਤੋਂ ਇਲਾਵਾ ਆਪ ਸਵਾਮੀ ਰਜਨੀਸ਼ ਓਸ਼ੋ ਦੀਆਂ ਕਿਤਾਬਾਂ ਵੀ ਪੜ੍ਹਦੇ ਸਨ। ਕਣਕਾਂ ਦੀ ਵਾਢੀ ਸਮੇਂ ਇਕ ਦੂਜੇ ਸਾਥੀ ਨਾਲ ਕਾਫੀ ਵਿਚਾਰਾਂ ਦਾ ਆਦਾਨ ਪ੍ਰਦਾਨ ਹੁੰਦਾ ਸੀ।

ਸੰਤ ਸੰਮੇਲਨ:- 15-02-1998 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ 'ਤੇ ਸੰਤ ਸੰਮੇਲਨ ਕਰਵਾਇਆ ਜਿਸ ਵਿਚ ਧਾਰਾ ਸਿੰਘ ਨੇ ਮੈਨੂੰ ਪੂਰਾ ਸਹਿਯੋਗ ਦਿੱਤਾ। ਸਾਡੇ ਪਾਸ ਪਹੁੰਚੇ ਸਾਰੇ ਮਹਾਂਪੁਰਸ਼ਾਂ ਨੂੰ ਬੈਂਡ ਵਾਜਿਆਂ ਨਾਲ ਆਪਣੇ ਘਰਾਂ ਦੀ ਪਰਿਕਰਮਾ ਕਰਵਾਈ। ਇਸ ਸਮਾਗਮ ਵਿਚ ਸਾਰੇ ਮਹਾਂਪੁਰਸ਼ ਖੁਸ਼ ਹੋਏ। ਇਸ

ਕਾਰਜ ਨੂੰ ਮੁੱਖ ਰੱਖ ਕੇ ਸਾਰੀਆਂ ਸੜਕਾਂ ਤੇ ਨਾਲੀਆਂ ਦੀ ਸਾਫ਼ ਸਫਾਈ ਕੀਤੀ ਗਈ।

ਸ਼ੜਕ ਵਿਚ ਭਰਤੀ:- ਪਿੰਡ ਦੀ ਬਾਹਰਲੀ ਸੜਕ ਜੋ ਕਾਹਰੀ ਪਿੰਡ ਨੂੰ ਜਾਂਦੀ ਹੈ ਉਸ ਵਿਚ ਭਰਤੀ ਪਾਉਣ ਦਾ ਕੰਮ ਕਈ ਦਿਨ ਚੱਲਦਾ ਰਿਹਾ। ਇਸ ਕੰਮ ਵਿਚ ਵੀ ਧਾਰਾ ਸਿੰਘ ਨੇ ਪੂਰਾ ਸਹਿਯੋਗ ਦਿੱਤਾ। ਆਪ ਕਿਸੇ ਨਾਲ ਧੋਖਾਧੜੀ ਕਰਨ ਦੇ ਵਿਚਾਰ ਵਿਚ ਨਹੀਂ ਸਨ। ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਆਪ ਮੇਰੇ ਨਾਲ ਸਲਾਹ ਮਸ਼ਵਰਾ ਕਰਦੇ ਸਨ। ਚਾਹੇ ਚੋਣਾਂ ਦਾ ਕੰਮ ਹੋਵੇ ਜਾਂ ਧਾਰਮਿਕ ਸਮਾਗਮ ਹੋਵੇ।

ਆਪ ਨੇ ਆਪਣੀ ਹਵੇਲੀ ਵਿਚ ਆਪਣੇ ਹਿੱਸੇ ਦੇ ਪਲਾਟ ਵਿਚ ਦੋ ਵੱਡੇ ਕਮਰੇ ਤਿਆਰ ਕੀਤੇ। ਆਪ ਦੇ ਮਗਰੋਂ ਆਪ ਦੇ ਬੱਚਿਆਂ ਨੇ ਉਨ੍ਹਾਂ ਮਕਾਨਾਂ ਦੇ ਅੱਗੇ ਹੋਰ ਵਾਧਾ ਕੀਤਾ ਹੈ।

ਹਾਦਸਾ:- 10 ਦਸੰਬਰ 1998 ਦੀ ਕਾਲੀ ਰਾਤ ਨੂੰ ਪਿੰਡ ਮੰਡਿਆਲਾ ਦੇ ਨੇੜੇ ਆਪ ਦਾ ਕਿਸੇ ਗੱਡੀ ਨਾਲ ਹਾਦਸਾ ਹੋ ਗਿਆ। ਧੁੰਦ ਬਹੁਤ ਪਈ ਹੋਈ ਸੀ। ਰਾਤ ਸਮੇਂ ਗਸ਼ਤ ਕਰ ਰਹੀ ਪੰਜਾਬ ਪੁਲਿਸ ਦੀ ਗੱਡੀ ਨੇ ਹਨ੍ਹੇਰੇ ਵਿਚ ਪਏ ਵਿਅਕਤੀ ਨੂੰ ਹਾਏ-ਹਾਏ ਕਰਦੇ ਵੇਖਿਆ। ਉਸ ਦੇ ਅਡੈਂਟੀਕਾਰਡ ਨੂੰ ਪੜ੍ਹਨ ਉਪਰੰਤ ਪਿੰਡ ਗਗਨੌਲੀ ਆ ਕੇ ਸੂਚਿਤ ਕੀਤਾ। ਧਾਰਾ ਸਿੰਘ ਦਾ ਭਾਈ ਪਰਮਜੀਤ ਸਿੰਘ ਤੇ ਭਤੀਜਾ ਕੁਲਵੀਰ ਸਿੰਘ ਜਲਦੀ ਨਾਲ ਉਸ ਸਥਾਨ ਤੇ ਗਏ ਤੇ ਜ਼ਖ਼ਮੀ ਹਾਲਤ ਵਿਚ ਉਸ ਨੂੰ ਹੁਸ਼ਿਆਰਪੁਰ ਹਸਪਤਾਲ ਦੇ ਐਮਰਜੈਂਸੀ ਵਿੰਗ ਵਿਚ ਐਡਮਿਟ ਕੀਤਾ। ਅਸੀਂ ਮਗਰੋਂ ਦੋ ਤਿੰਨ ਆਦਮੀ ਹੁਸ਼ਿਆਰਪੁਰ ਪਹੁੰਚ ਗਏ। ਧਾਰਾ ਸਿੰਘ ਨੂੰ ਲੁਧਿਆਣੇ ਰੈਫਰ ਕਰ ਦਿੱਤਾ ਗਿਆ ਕਿਉਂਕਿ ਉਸ ਦੇ ਸਿਰ ਵਿਚ ਬਹੁਤ ਸੱਟ ਲੱਗ ਗਈ ਸੀ। ਐਂਬੂਲੈਂਸ ਗੱਡੀ ਵਿਚ ਗੁਲੂਕੋਜ਼ ਲਗਾ ਕੇ ਡੀ.ਐਮ.ਸੀ. ਲੁਧਿਆਣਾ ਦੇ ਐਮਰਜੈਂਸੀ ਵਿੰਗ ਵਿਚ ਗੱਡੀ ਸਿੱਧੀ ਅੰਦਰ ਚਲੀ ਗਈ। ਡਾਕਟਰਾਂ ਨੇ ਜਲਦੀ ਨਾਲ ਮੰਜੇ 'ਤੇ ਲਿਟਾ ਦਿੱਤਾ ਤੇ ਹੱਥਾਂ ਵਿਚ ਦਸਤਾਨੇ ਪਾ ਕੇ ਧਾਰਾ ਸਿੰਘ ਦੇ ਸਾਰੇ ਕੱਪੜੇ ਕੈਂਚੀ ਨਾਲ ਕੱਟ ਦਿੱਤੇ ਤੇ ਉਸ ਦੀ ਸਾਹ ਰਗ 'ਤੇ ਹੱਥ ਰੱਖਿਆ। ਮੈਂ ਪੁੱਛਿਆ ਡਾਕਟਰ ਸਾਹਿਬ ਜੀ ਸਾਡੇ ਮਰੀਜ਼ ਦੀ ਕੀ ਹਾਲਤ ਹੈ। ਉਨ੍ਹਾਂ ਕਿਹਾ, "ਦਿਮਾਗ ਸੁੰਨ ਹੈ, ਸਾਹ ਸੁੰਨ ਹੈ, ਦਿਲ ਕੰਮ ਕਰ ਰਿਹਾ ਹੈ। ਇਹ ਦੋ ਘੰਟੇ ਕੰਮ ਕਰੇ ਜਾਂ ਵੱਧ ਕਰੇ ਮਰੀਜ਼ 99% ਮਰ ਚੁੱਕਾ ਹੈ। ਸਵੇਰ ਦੇ 9.00 ਦੇ ਕਰੀਬ ਉਨ੍ਹਾਂ ਨੇ ਮ੍ਰਿਤਕ ਕਰਾਰ ਦੇ ਕੇ ਲਾਸ਼ ਮ੍ਰਿਤਕ ਦੇਹ ਸੰਭਾਲ ਵਿਚ ਰੱਖ ਦਿੱਤੀ। ਅਸੀਂ ਨਸਰਾਲਾ ਚੌਂਕੀ ਨੂੰ ਫੋਨ ਕਰਕੇ ਸੱਦਿਆ। ਆਦਮਪੁਰ ਹਵਾਈ ਅੱਡੇ ਤੋਂ ਕਰਮਚਾਰੀ ਗੱਡੀ ਵਿਚ ਪਹੁੰਚ ਚੁੱਕੇ ਸਨ। ਸਾਰੇ ਕਾਗਜ ਤਿਆਰ ਕਰਨ ਉਪਰੰਤ ਧਾਰਾ ਸਿੰਘ ਦੀ ਮ੍ਰਿਤਕ ਦੇਹ ਸਿਵਲ ਹਸਪਤਾਲ ਹੁਸ਼ਿਆਰਪੁਰ ਪਹੁੰਚ ਗਈ। ਸਵੇਰੇ ਸੀਨੀਅਰ ਫਾਰਮਾਸਿਸਟ ਰੁਲੀਆ ਰਾਮ ਨੇ ਇਨ੍ਹਾਂ ਦਾ ਪੋਸਟ ਮਾਰਟਮ ਕਰਵਾਇਆ। ਮੈਂ ਕਿਹਾ ਜ਼ਿਆਦਾ ਚੀਰ ਫਾੜ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਸਿਰਫ਼ ਦੇਖਣਾ ਹੈ ਕਿ ਜ਼ਖ਼ਮ ਕਿੰਨਾ ਡੂੰਘਾ ਹੈ। ਹੁਸ਼ਿਆਰਪੁਰ ਇਸ਼ਨਾਨ ਕਰਵਾ ਕੇ ਨਵਾਂ ਕਮੀਜ਼ ਪਜਾਮਾ ਪਾ ਦਿੱਤਾ ਗਿਆ। ਆਪ ਦੀ ਡੈੱਡ ਬੋਡੀ ਪਿੰਡ ਗਗਨੌਲੀ ਪਹੁੰਚ ਗਈ। ਆਪ ਦੇ ਸੋਗ ਨੂੰ ਦੇਖਦੇ

ਹੋਏ ਸਾਰੇ ਰਿਸ਼ਤੇਦਾਰ, ਸਰਕਾਰੀ ਕਰਮਚਾਰੀ ਤੇ ਪਿੰਡ ਦੇ ਸਾਰੇ ਲੋਕ ਸੜਕਾਂ ਵਿਚ ਖੜ੍ਹੇ ਸਨ। ਮਾਤਾ ਦੇ ਵੈਣ ਤੇ ਹੋਰ ਪਰਿਵਾਰ ਦਾ ਵਿਰਲਾਪ ਦੇਖੇ ਨਹੀਂ ਜਾਂਦੇ ਸਨ। ਸ਼ਾਮ ਦੇ ਸਮੇਂ ਆਪ ਦਾ ਸਸਕਾਰ ਕਰ ਦਿੱਤਾ ਗਿਆ। ਸਾਰੇ ਵਿਅਕਤੀ ਗੁਰਦੁਆਰਾ ਸਾਹਿਬ ਵਿਖੇ ਅਫਸੋਸ 'ਤੇ ਬੈਠੇ ਸਨ। M.E.S. ਵਿਭਾਗ ਦੇ ਕਰਮਚਾਰੀਆਂ ਨੇ ਧਾਰਾ ਸਿੰਘ ਦੀ ਪਤਨੀ ਨੂੰ ਸਸਕਾਰ ਸਬੰਧੀ ਖਰਚੇ ਦਾ ਚੈੱਕ ਦਿੱਤਾ ਤੇ ਰਾਮ ਪਿਆਰੀ ਦੇ ਦਸਤਖ਼ਤ ਕਰਵਾ ਲਏ ਗਏ।

ਸ਼ਰਧਾਂਜਲੀ ਸਮਾਗਮ:- 23-12-1998 ਨੂੰ ਖੁੱਲ੍ਹੇ ਵਿਹੜੇ ਵਿਚ ਆਪ ਦੇ ਸਬੰਧ ਵਿਚ ਸਤਿਸੰਗ ਕਰਵਾ ਕੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਤਿਸੰਗ ਸੁਆਮੀ ਜੀ ਮਹਾਰਾਜ ਦੀ ਪਵਿੱਤਰ ਬਾਣੀ ਸਾਰ ਵਚਨ ਵਿਚੋਂ, *"ਧਾਮ ਆਪਨੇ ਚਲੋ ਭਾਈ, ਪਰਾਏ ਦੇਸ਼ ਕਿਉਂ ਰਹਿਨਾ"* ਦਾ ਕੀਤਾ ਗਿਆ।

ਰਸਮ ਪਗੜੀ:- ਸਤਿਸੰਗ ਤੋਂ ਮਗਰੋਂ ਰੀਤ ਅਨੁਸਾਰ ਨਾਨਕਿਆਂ ਦੀ ਪਗੜੀ ਧਾਰਾ ਸਿੰਘ ਦੇ ਵੱਡੇ ਲੜਕੇ ਜਸਵੀਰ ਸਿੰਘ ਦੇ ਸਿਰ 'ਤੇ ਰੱਖੀ ਗਈ। ਫਿਰ ਧਾਰਾ ਸਿੰਘ ਦਾ ਮਾਮਾ ਹਰੀ ਸਿੰਘ ਆਪਣੀ ਪਗੜੀ ਲਿਆਇਆ ਸੀ। ਉਹ ਪੱਗ ਵੀ ਲੈ ਲਈ ਗਈ। ਇਸ ਸੋਗ ਸਮਾਗਮ ਵਿਚ ਰਿਸ਼ਤੇਦਾਰ, ਸਰੀਕਾਂ ਭਾਈਚਾਰੇ ਤੋਂ ਇਲਾਵਾ ਮਹਿਕਮੇ ਦੇ ਸਰਕਾਰੀ ਕਰਮਚਾਰੀ ਵੀ ਪਹੁੰਚੇ ਹੋਏ ਸਨ ਜਿਨ੍ਹਾਂ ਆਪਣੇ ਵਲੋਂ ਧਾਰਾ ਸਿੰਘ ਦੇ ਪਰਿਵਾਰ ਦੀ ਮਾਇਕ ਸਹਾਇਤਾ ਕੀਤੀ। ਇਸ ਤੋਂ ਮਗਰੋਂ ਮੈਂ ਇਸ ਸੋਗ ਸਭਾ ਨੂੰ ਸੰਬੋਧਨ ਕੀਤਾ ਤੇ ਸਮੂਹ ਰਿਸ਼ਤੇਦਾਰਾਂ ਨੂੰ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਦੀ ਮਦਦ ਕਰਨ ਦੀ ਬੇਨਤੀ ਕੀਤੀ। ਸਰਕਾਰੀ ਕਰਮਚਾਰੀਆਂ ਨੂੰ ਧਾਰਾ ਸਿੰਘ ਦੇ ਲੜਕੇ ਜਸਵੀਰ ਸਿੰਘ ਨੂੰ M.E.S ਵਿਭਾਗ ਵਿਚ ਨੌਕਰੀ ਦੇਣ ਦੀ ਬੇਨਤੀ ਕੀਤੀ।

ਵਿਆਹ:- ਧਾਰਾ ਸਿੰਘ ਦਾ ਵਿਆਹ 12-06-1972 ਨੂੰ ਰਾਮ ਪਿਆਰੀ ਵਾਸੀ ਪੰਡੋਰੀ ਬੀਬੀ (ਹੁਸ਼ਿਆਰਪੁਰ) ਨਾਲ ਹੋਇਆ। ਅਨੰਦ ਕਾਰਜ ਸਮੇਂ ਲਾਵਾਂ ਦਾ ਸਤਿਸੰਗ ਹੀ ਕੀਤਾ ਗਿਆ। ਇਹ ਉਜਾਗਰ ਸਿੰਘ ਦੇ ਲੜਕੇ ਦਾ ਪਹਿਲਾ ਵਿਆਹ ਸੀ ਜੋ ਬਹੁਤ ਧੂਮਧਾਮ ਨਾਲ ਹੋਇਆ। ਇਸ ਜਨੇਤ ਵਿਚ ਆਪਣੇ ਪਿੰਡ ਦੇ ਰਾਣਿਆਂ ਦੀ ਜੀਪ ਵੀ ਗਈ ਸੀ। ਸਪੀਕਰ ਸਵਰਨ ਸਿੰਘ ਦਿਓਵਾਲ ਤੇ ਬਰਾਤ ਵਾਸਤੇ ਟਰਾਲੀ ਸਵਰਨ ਸਿੰਘ ਨਸਰਾਲਾ ਦੀ ਸੀ। ਬਰਾਤ ਬਹੁਤ ਸੀ। ਮਾਮਾ ਚੈਂਚਲ ਸਿਘ ਕੋਟਲੀ ਤੇ ਉਸ ਦਾ ਲੜਕਾ ਮਨਜੀਤ ਸਿੰਘ ਵੀ ਹਾਜ਼ਰ ਸਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਤੇ ਤਿੰਨ ਲੜਕੇ ਹਨ ਪਰ ਵੱਡੀ ਲੜਕੀ 8-5-2008 ਨੂੰ ਗੁਜ਼ਰ ਗਈ ਸੀ।

ਦੂਜੀ ਲੜਕੀ:- ਸੁਖਵਿੰਦਰ ਕੌਰ ਹੈ ਜੋ ਬੀ.ਏ. ਪਾਸ ਹੈ। ਪੜ੍ਹਾਈ ਦੇ ਨਾਲ ਘਰੇਲੂ ਕੰਮ ਵਿਚ ਹਰ ਤਰ੍ਹਾਂ ਸੁਚੇਤ ਹੈ। ਇਸ ਦੀ ਸ਼ਾਦੀ (27-2-16) ਸੱਗੀ ਪੈਲੇਸ ਫਗਵਾੜਾ ਰੋਡ, ਹੁਸ਼ਿਆਰਪੁਰ ਵਿਖੇ ਬੜੇ ਧੂਮਧਾਮ ਨਾਲ ਗੁਰਦੀਪ ਸਿੰਘ ਕੋਟਲੀ ਅਰਾਈਆਂ (ਜਲੰਧਰ) ਨਾਲ ਹੋਈ। ਇਸ ਵਿਆਹ ਵਿਚ ਕੇਂਦਰੀ ਕੈਬਨਿਟ ਮੰਤਰੀ ਸ੍ਰੀ ਵਿਜੇ ਸਾਂਪਲਾ

ਵੀ ਆਏ ਸਨ।

ਲੜਕੇ: ਜਸਵੀਰ ਸਿੰਘ, ਬਲਵਿੰਦਰ ਸਿੰਘ, ਕੁਲਵੰਤ ਸਿੰਘ

1. **ਜਸਵੀਰ ਸਿੰਘ**:- ਜਸਵੀਰ ਸਿੰਘ ਨੇ ਜਗਤਾਰ ਸਿੰਘ ਦੇ ਨਾਲ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਸਾਹਰੀ ਤੇ +2 ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਤੋਂ ਪਾਸ ਕੀਤੀ ਹੈ। ਆਪ ਦਾ ਜਨਮ 25-6-1978 ਦਿਨ ਐਤਵਾਰ ਸਿਵਲ ਹਸਪਤਾਲ ਸ਼ਾਮ 9.00 ਦਾ ਹੈ। ਜਣੇਪੇ ਤੋਂ ਮਗਰੋਂ ਰਾਮ ਪਿਆਰੀ 28-6-1978 ਨੂੰ ਠੀਕ ਠਾਕ ਪਿੰਡ ਗਗਨੌਲੀ ਆ ਗਈ ਸੀ। ਇਸ ਮਹੀਨੇ ਪਿੰਡ ਵਿਚ ਅੱਠ ਲੜਕਿਆਂ ਨੇ ਜਨਮ ਲਿਆ। ਹਾੜ ਮਹੀਨਾ 1978 ਭਾਗਾਂ ਵਾਲਾ ਸੀ।

ਕੰਮ:- ਜਸਵੀਰ ਸਿੰਘ ਆਪਣੇ ਸਾਥੀ ਜਗਤਾਰ ਸਿੰਘ ਦੇ ਨਾਲ ਹੁਸ਼ਿਆਰਪੁਰ ਮੈਡੀਕਲ ਸਟੋਰ 'ਤੇ ਕੰਮ ਕਰਨ ਲੱਗਾ। ਇਸ ਤੋਂ ਮਗਰੋਂ ਅਵਤਾਰ ਹਸਪਤਾਲ ਨਸਰਾਲਾ ਵਿਖੇ ਡਾ. ਅਵਤਾਰ ਸਿੰਘ ਐਮ.ਡੀ. ਪਾਸੋਂ ਡਾਕਟਰੀ ਸਿੱਖਣ ਲੱਗ ਪਏ। ਪਿਛਲੇ ਦੋ ਸਾਲਾਂ ਤੋਂ ਜਸਵੀਰ ਸਿੰਘ ਨੂੰ ਬਾਬਾ ਮਾਹਨ ਦਾਸ ਇੰਸਟੀਚਿਊਟ ਆਫ ਆਫ ਨਰਸਿੰਗ ਕਾਲਜ ਸਾਹਰੀ ਵਿਖੇ ਨੌਕਰੀ ਮਿਲ ਗਈ ਹੈ। ਆਪ ਇਸ ਕਾਲਜ ਵਿਚ ਡਾਇਰੈਕਟਰ ਦੇ ਸਹਿਯੋਗੀ ਹਨ। ਇਸ ਤੋਂ ਇਲਾਵਾ ਜਸਵੀਰ ਸਿੰਘ ਧਾਰਮਿਕ ਤੇ ਸਮਾਜਿਕ ਕੰਮਾਂ ਵਿਚ ਵੀ ਬਹੁਤ ਦਿਲਚਸਪੀ ਰੱਖਦੇ ਹਨ। ਗੁਰੂ ਘਰ ਨਾਲ ਜੁੜੇ ਹੋਏ ਹਨ ਸਵੇਰੇ ਤੇ ਸ਼ਾਮ ਗੁਰੂ ਘਰ ਨਤਮਸਤਕ ਹੁੰਦੇ ਹਨ।

2. **ਬਲਵਿੰਦਰ ਸਿੰਘ**:- ਆਪ ਦਾ ਜਨਮ 8-9-1982 ਦਿਨ ਬੁੱਧਵਾਰ ਅੰਮ੍ਰਿਤ ਵੇਲੇ ਦਾ ਹੈ। ਬਲਵਿੰਦਰ ਸਿੰਘ ਨੇ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਦੋਵੇਂ ਭਾਈ ਹਾੜੀ ਤੇ ਸਾਉਣੀ ਘਰੇਲੂ ਕੰਮ ਡੱਟ ਕੇ ਕਰਦੇ ਰਹੇ। ਘਰ ਵਿਚ ਲਵੇਰਾ ਆਮ ਰਹਿੰਦਾ ਹੈ।

ਰਾਜਨੀਤੀ ਵਿਚ ਸ਼ਾਮਿਲ ਹੋਣਾ:- ਪਿਛਲੇ ਪੰਜ ਸਾਲਾਂ ਤੋਂ ਆਪ ਬੀ.ਜੇ.ਪੀ. ਐਸ.ਸੀ. ਸੈੱਲ ਦੇ ਵਾਈਸ ਜ਼ਿਲ੍ਹਾ ਪ੍ਰਧਾਨ ਹਨ। ਆਪ ਨੂੰ ਇਸ ਖੇਤਰ ਵਿਚ ਜੋੜਨ ਵਾਲੇ ਮਨਜੀਤ ਸਿੰਘ ਵਾਸੀ ਤੱਲਣ ਜਲੰਧਰ ਹਨ। ਇਸ ਕਰਕੇ ਆਪ ਦਾ ਪੁਲਿਸ ਪ੍ਰਸ਼ਾਸਨ ਨਾਲ ਸਿੱਧਾ ਸੰਪਰਕ ਹੈ। ਆਪ ਆਪਣੇ ਅਸਰ-ਰਸੂਖ ਨਾਲ ਜਨਤਾ ਦੇ ਕਾਰਜ ਕਰਵਾਉਂਦੇ ਹਨ। ਸ੍ਰੀ ਵਿਜੇ ਸਾਂਪਲਾ ਬੀ.ਜੇ.ਪੀ. ਮੈਂਬਰ ਲੋਕ ਸਭਾ ਨੂੰ 2014 ਵਿਚ ਹੋਈਆਂ ਚੋਣਾਂ ਵਿਚ ਦੋਹਾਂ ਨੇ ਕਾਫੀ ਮਦਦ ਕੀਤੀ ਹੈ। ਜੋ ਹੁਣ 8-4-2016 ਨੂੰ ਪੰਜਾਬ ਭਾਜਪਾ ਦੇ ਪ੍ਰਧਾਨ ਚੁਣੇ ਗਏ।

ਪਿੰਡ ਦੇ ਸਰਪੰਚ:- 3-6-2013 ਨੂੰ ਹੋਈਆਂ ਪੰਚਾਇਤ ਚੋਣਾਂ ਵਿਚ ਆਪ ਪਿੰਡ ਦੇ ਸਰਪੰਚ ਚੁਣੇ ਗਏ। ਚੋਣਾਂ ਤੋਂ ਪਹਿਲਾਂ ਆਮ ਇਜਲਾਸ ਵਿਚ ਆਪ ਨੂੰ ਪਿੰਡ ਦਾ ਬਹੁਤ ਮਤ ਪ੍ਰਾਪਤ ਹੋ ਗਿਆ ਸੀ। ਚੋਣ ਜਿੱਤਣ ਤੋਂ ਮਗਰੋਂ ਆਪ ਬਾਬਾ ਸਤਪਾਲ ਸਿੰਘ ਸਾਹਰੀ ਦੇ ਸਾਰੀ ਪੰਚਾਇਤ ਨਾਲ ਨਤਮਸਤਕ ਹੋਏ ਤੇ ਗੁਰੂ ਘਰ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਪ ਮੁੱਖ ਮੰਤਰੀ ਸੁਖਵੀਰ ਸਿੰਘ ਬਾਦਲ ਨੇ 6-8-13 ਦਿਨ ਮੰਗਲਵਾਰ

ਦਾਣਾ ਮੰਡੀ ਹੁਸ਼ਿਆਰਪੁਰ ਵਿਖੇ ਸਰਕਾਰੀ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ। ਆਪ ਦੇ ਨਾਲ ਸਾਰੇ ਪੰਚ, ਜੋਗਿੰਦਰ ਸਿੰਘ ਜਿੰਦੋ, ਕਿਸ਼ਨ ਸਿੰਘ ਆਦਿ ਹਾਜ਼ਰ ਸਨ। ਪਿੰਡ ਗਗਨੋਲੀ ਦਾ ਲਹਿੰਦੇ ਪਾਸੇ ਦਾ ਪਾਣੀ ਦਾ ਨਿਕਾਸ ਮਹਿੰਦਰ ਸਿੰਘ ਸਰਪੰਚ ਦੇ ਸਮੇਂ ਦਾ ਰੁਕਿਆ ਹੋਇਆ ਸੀ ਉਹ ਆਪ ਨੇ ਅਪ੍ਰੈਲ 2016 ਵਿਚ ਪੂਰਾ ਕਰ ਦਿੱਤਾ। ਪਿੰਡ ਦੇ ਵਿਕਾਸ ਦੇ ਕੰਮਾਂ ਤੋਂ ਇਲਾਵਾ ਆਪ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਪਿੰਡ ਦੇ ਨੌਜਵਾਨਾਂ ਦੇ ਸਹਿਯੋਗ ਨਾਲ ਬੜੇ ਧੂਮਧਾਮ ਨਾਲ ਮਨਾਉਂਦੇ ਹਨ। ਇਸ ਸਮਾਗਮ ਵਿਚ ਕੀਰਤਨ ਕਰਨ ਵਾਲੇ ਜੱਥਿਆਂ ਤੋਂ ਇਲਾਵਾ ਸੰਤ ਮਹਾਂਪੁਰਸ਼ਾਂ ਨੂੰ ਵੀ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ।

3. **ਕੁਲਵੰਤ ਸਿੰਘ**:- ਇਹ ਧਾਰਾ ਸਿੰਘ ਦਾ ਸਭ ਤੋਂ ਛੋਟਾ ਲੜਕਾ ਹੈ, ਜਿਸ ਨੇ ਪੜ੍ਹਾਈ ਤੋਂ ਮਗਰੋਂ ਖੇਡਾਂ ਨੂੰ ਪਹਿਲ ਦਿੱਤੀ ਹੈ। ਆਪ ਆਪਣੀ ਮਾਂ-ਖੇਡ ਕਬੱਡੀ ਨਾਲ ਜ਼ਿਆਦਾ ਪਿਆਰ ਕਰਦੇ ਹਨ। ਆਪ ਨੇ ਕਈ ਓਪਨ ਦੇ ਮੈਚ ਖੇਡੇ ਹਨ ਤੇ ਅਨੇਕਾਂ ਮਾਨ-ਸਨਮਾਨ ਹਾਸਲ ਕੀਤੇ ਹਨ।

ਧਾਰਾ ਸਿੰਘ ਦਾ ਸਾਰਾ ਪਰਿਵਾਰ ਚੰਗਾ ਹੈ। ਕਿਸੇ ਮਾੜੀ ਆਦਤ ਦਾ ਸ਼ਿਕਾਰ ਨਹੀਂ ਹੈ। ਸਾਰੇ ਲੜਕੇ ਆਪਣੀ ਮਾਤਾ ਦੇ ਹੁਕਮ ਦੀ ਪਾਲਣਾ ਕਰਦੇ ਹਨ।

* 2. **ਅਵਤਾਰ ਸਿੰਘ**:- ਅਵਤਾਰ ਸਿੰਘ ਨੇ ਮਿਡਲ ਪ੍ਰੀਖਿਆ ਸਾਹਰੀ, ਮੈਟ੍ਰਿਕ ਸਰਕਾਰੀ ਹਾਈ ਸਕੂਲ ਨਸਰਾਲਾ ਤੋਂ ਪਾਸ ਕੀਤੀ। ਇਸ ਨੇ ਤਿੰਨ ਸਾਲ ਕਾਲਜ ਵਿਚ ਲਾਏ ਸਨ ਪਰ ਗਿਆਰਵੀਂ ਜਮਾਤ ਹੀ ਪਾਸ ਹੋਈ। ਇਸ ਦੇ ਨਾਲ ਦੇ ਸਾਥੀ ਵੀ ਕਾਲਜ ਤੋਂ ਹਟ ਗਏ ਸਨ। ਇਸ ਤੋਂ ਮਗਰੋਂ ਆਪ ਘਰੇਲੂ ਕੰਮਕਾਰ ਕਰਦੇ ਰਹੇ। ਪੇਪਰ ਦੇਣ ਮਗਰੋਂ ਆਪ ਹਰ ਸਾਲ ਕਣਕ ਦੀ ਵਾਢੀ ਜ਼ਰੂਰ ਕਰਦੇ ਸਨ। ਸਰੀਰਕ ਤੌਰ ਤੇ ਤਕੜੇ ਸਨ।

ਵਿਆਹ:- ਆਪ ਦੀ ਧਰਮ ਪਤਨੀ ਦਾ ਨਾਮ ਗੁਰਮੀਤ ਕੌਰ ਹੈ ਤੇ ਪੇਕੇ ਪਿੰਡ ਡਰੋਲੀ, ਜਲੰਧਰ ਹਨ। ਆਪ ਦੀ ਮੰਗਣੀ ਨੌਵੀਂ ਜਮਾਤ ਵਿਚ ਪੜ੍ਹਦੇ ਦੀ ਹੀ ਮਿਤੀ 30-10-1968 ਨੂੰ ਹੋ ਗਈ ਸੀ ਤੇ ਵਿਆਹ 8-7-1973 ਨੂੰ ਹੋਇਆ। ਇਸ ਤੋਂ ਮਗਰੋਂ ਘਰ ਦਾ ਕੰਮ ਡਟ ਕੇ ਕੀਤਾ।

ਡੁਬਈ ਜਾਣਾ:- ਉਸ ਸਮੇਂ ਡੁਬਈ ਜਾਣ ਦਾ ਰੁਝਾਨ ਬਹੁਤ ਸੀ। ਪੰਜਾਬ ਵਿਚੋਂ ਬਹੁਤ ਸਾਰੇ ਸਾਥੀ ਅਰਬ ਦੇਸਾਂ ਵਿਚ ਗਏ ਹੋਏ ਸਨ। ਬਹੁਤ ਲੋਕਾਂ ਦੀ ਏਜੰਟਾਂ ਦੁਆਰਾ ਖੱਜਲ ਖੁਆਰੀ ਬਹੁਤ ਹੁੰਦੀ ਰਹੀ। ਸੰਸਾਰ ਸਿੰਘ ਤੇ ਅਵਤਾਰ ਸਿੰਘ ਨੇ ਇਕੱਠਿਆਂ ਹੀ ਪਾਸਪੋਰਟ ਬਣਾਏ ਸਨ। ਦੋਹਾਂ ਦਾ ਇਕ ਹੀ ਏਜੰਟ ਰੈਸੀਵਾਲ ਦਾ ਗਰਧਾਰਾ ਸਿੰਘ ਸੀ। ਬਹੁਤ ਵਾਰ ਆਪ ਦਿੱਲੀ ਤੋਂ ਵਾਪਸ ਆਉਂਦੇ ਰਹੇ। ਦਿੱਲੀ ਵਿਚ ਇਕ ਵਾਰ ਆਪ ਦਾ ਸਮਾਨ ਵੀ ਚੋਰੀ ਹੋ ਗਿਆ ਸੀ। 1975 ਈ: ਵਿਚ ਆਪ ਨੂੰ ਸਫ਼ਲਤਾ ਪ੍ਰਾਪਤ ਹੋਈ। ਆਪ ਨੇ ਤਿੰਨ ਸੀਜਨ ਡੁਬਈ ਦੇ ਲਾਏ ਹਨ। ਪਿੰਡ ਆ ਕੇ ਅਵਤਾਰ ਸਿੰਘ ਨੇ ਆਪਣੇ ਰਹਿਣ ਵਾਸਤੇ ਆਪਣਾ ਪੱਕਾ ਮਕਾਨ ਬਣਾਇਆ। ਇਸ ਦੇ ਨਾਲ ਹੀ ਸੜਕ ਦੇ ਪਾਸੇ

ਕਰਿਆਨੇ ਦੀ ਹੱਟੀ ਪਾ ਲਈ। ਇਸ ਤੋਂ ਇਲਾਵਾ ਦੁੱਧ ਦਾ ਕੰਮ ਵੀ ਕੀਤਾ ਹੈ। ਜਲਦੀ ਹੀ ਆਪ ਦੀ ਸਿਹਤ ਖਰਾਬ ਰਹਿਣ ਲੱਗੀ। ਦੂਰ-ਦੂਰ ਤੋਂ ਦਵਾਈਆਂ ਖਾਧੀਆਂ। ਆਪ ਦੇ ਭਾਈ ਪਰਮਜੀਤ ਸਿੰਘ ਨੇ ਕਈ ਵਾਰ ਆਪ ਨੂੰ ਸੰਤ ਬਾਬਾ ਸਰਵਣ ਦਾਸ ਦੇ ਹਸਪਤਾਲ ਕਠਾਰ ਵਿਖੇ ਦਾਖਲ ਕਰਵਾਇਆ। ਹੁਸ਼ਿਆਰਪੁਰ ਸਤੀਸ਼ ਅਗਰਵਾਲ ਦੇ ਕੋਲ ਲੈ ਕੇ ਜਾਂਦੇ ਸਨ। ਇਕ ਵਾਰ ਆਪ ਦਾ ਸੋਨਾਲੀਕਾ ਫੈਕਟਰੀ ਦੇ ਕੋਲ ਕਾਰ ਨਾਲ ਹਾਦਸਾ ਵੀ ਹੋ ਗਿਆ ਸੀ। ਆਪ ਦੀ ਸਿਹਤ ਨੂੰ ਠੀਕ ਕਰਨ ਵਾਸਤੇ ਪਰਿਵਾਰ ਨੇ ਬਹੁਤ ਯਤਨ ਕੀਤਾ ਪਰ ਪ੍ਰਮਾਤਮਾ ਨੂੰ ਮਨਜ਼ੂਰ ਨਾ ਹੋਇਆ। ਆਪ ਦੀ ਬਿਮਾਰੀ ਤੀਜੀ ਸਟੇਜ ਵਿਚ ਪਹੁੰਚ ਚੁੱਕੀ ਸੀ। ਅਵਤਾਰ ਸਿੰਘ ਨੇ 19-7-1999 ਨੂੰ ਬਾਅਦ ਦੁਪਹਿਰ ਆਪਣੀ ਸੰਸਾਰਿਕ ਯਾਤਰਾ ਪੂਰੀ ਕੀਤੀ ਤੇ ਗੁਰੂ ਚਰਨਾਂ 'ਚ ਜਾ ਬਿਰਾਜੇ। ਆਪ ਨੇ ਸਿਰਫ਼ 52 ਕੁ ਸਾਲ ਉਮਰ ਪਾਈ ਹੈ।

ਸਸਕਾਰ:- 20-7-1999 ਨੂੰ ਆਪ ਦਾ ਸਸਕਾਰ ਕੀਤਾ ਗਿਆ। ਭਾਰੀ ਬਾਰਿਸ਼ ਹੋ ਰਹੀ ਸੀ। ਰਤਨ ਸਿੰਘ ਲਾਇਨਮੈਨ ਦੇ ਕੋਲ ਲੋਹੇ ਦੀਆਂ ਟੀਨਾਂ ਸਨ ਜਿਨ੍ਹਾਂ ਦੀ ਆਰਜੀ ਤੌਰ ਤੇ ਸ਼ੈੱਡ ਬਣਾਈ ਗਈ ਤਾਂ ਸਸਕਾਰ ਕੀਤਾ ਗਿਆ। ਭੋਗ ਦੀ ਰਸਮ 4-8-1999 ਨੂੰ ਕੀਤੀ ਗਈ।

ਵੰਸ਼:- ਅਵਤਾਰ ਸਿੰਘ ਦੇ ਵੰਸ਼ ਵਿਚ ਦੋ ਲੜਕੀਆਂ ਤੇ ਦੋ ਲੜਕੇ ਹਨ।

1. **ਚਰਨਜੀਤ ਕੌਰ**:- ਚਰਨਜੀਤ ਕੌਰ ਦੀ ਸ਼ਾਦੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਗੀਹਲੇ ਕੀਤੀ ਸੀ। ਉਹ ਦੋ ਬੱਚਿਆਂ ਦੇ ਜਨਮ ਤੋਂ ਮਗਰੋਂ ਸੰਖੇਪ ਬਿਮਾਰੀ ਨਾਲ ਪੂਰੀ ਹੋ ਗਈ ਸੀ।

2. **ਸਰਬਜੀਤ ਕੌਰ**:- ਸਰਬਜੀਤ ਕੌਰ ਧਰਮ ਪਤਨੀ ਰਾਕੇਸ਼ ਕੁਮਾਰ ਤੇ ਸਹੁਰੇ ਕਠਾਰ ਹੁਸ਼ਿਆਰਪੁਰ ਹਨ। ਇਹ ਲੜਕੀ ਇਟਲੀ ਵਿਚ ਰਹਿ ਰਹੀ ਹੈ।

ਲੜਕੇ: ਕੁਲਵੀਰ ਸਿੰਘ, ਸੁਰਜੀਤ ਸਿੰਘ

1. **ਕੁਲਵੀਰ ਸਿੰਘ**:- ਕੁਲਵੀਰ ਸਿੰਘ ਦੀ ਧਰਮ ਪਤਨੀ ਦਾ ਨਾਮ ਰਜਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਾਣਕ ਢੇਰੀ ਹਨ। ਕੁਲਵੀਰ ਸਿੰਘ ਨੇ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਥੋੜ੍ਹਾ ਸਮਾਂ ਆਪ ਨੇ ਪੰਜਾਬ ਹੋਮ ਗਾਰਡ ਵਿਚ ਨੌਕਰੀ ਕੀਤੀ ਤੇ ਫਿਰ ਆਪ ਜਲਦੀ ਹੀ ਪੰਜਾਬ ਪੁਲਿਸ ਵਿਚ ਭਰਤੀ ਹੋ ਗਏ। ਹੁਣ ਆਪ ਬਤੌਰ ਹਵਾਲਦਾਰ ਹੁਸ਼ਿਆਰਪੁਰ ਨੌਕਰੀ ਕਰ ਰਹੇ ਹਨ। ਕੁਲਵੀਰ ਸਿੰਘ ਨੇ ਆਪਣੇ ਵਿਆਹ ਤੋਂ ਪਹਿਲਾਂ ਪਹਿਲੇ ਮਕਾਨ ਢਾਅ ਕੇ ਆਪਣੀ ਚੰਗੀ ਕੋਠੀ ਬਣਾਈ ਹੈ।

ਵੰਸ਼:- ਕੁਲਵੀਰ ਸਿੰਘ ਦੇ ਵੰਸ਼ ਵਿੱਚ ਦੋ ਸੁੰਦਰ ਬੇਟੇ ਹਨ।

ਸੁਖਵੀਰ ਸਿੰਘ ਅਤੇ ਸਿਮਰਪ੍ਰੀਤ ਸਿੰਘ

2. **ਸੁਰਜੀਤ ਸਿੰਘ**:- ਸੁਰਜੀਤ ਸਿੰਘ ਨੇ ਵੀ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਪਾਸ ਕੀਤੀ ਹੈ। ਇਸ ਮਗਰੋਂ ਘਰੇਲੂ ਕੰਮ ਹੀ ਕਰ ਰਿਹਾ ਹੈ। ਵਿਦੇਸ਼

ਜਾਣਾ ਚਾਹੁੰਦਾ ਹੈ ਜੇ ਪ੍ਰਮਾਤਮਾ ਨੇ ਸੁਪਨਾ ਸਾਕਾਰ ਕੀਤਾ। ਰੋਜ਼ੀ ਰੋਟੀ ਵਾਸਤੇ ਤੇ ਕੁਝ ਨਾ ਕੁਝ ਜ਼ਰੂਰ ਕਰਨਾ ਪੈਂਦਾ ਹੈ।

* 3. **ਪਰਮਜੀਤ ਸਿੰਘ:-** ਉਜਾਗਰ ਸਿੰਘ ਦਾ ਸਭ ਤੋਂ ਛੋਟਾ ਲੜਕਾ ਪਰਮਜੀਤ ਸਿੰਘ ਹੈ। ਆਪ ਨੇ ਦਸਵੀਂ ਪੱਧਰ ਦੀ ਪੜ੍ਹਾਈ ਕੀਤੀ ਹੈ। ਥੋੜ੍ਹਾ ਸਮਾਂ ਆਪ ਨੇ ਘਰੇਲੂ ਕੰਮਕਾਰ ਕੀਤਾ ਹੈ। ਜਲਦੀ ਹੀ ਆਪ 20 ਕੁ ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਹੋ ਕੇ ਕਿਰਕੀ ਪੂਨਾ ਮਹਾਂਰਾਸ਼ਟਰਾ ਚਲੇ ਗਏ। ਜਦੋਂ ਮੈਂ ਜੁਲਾਈ 1990 ਈ: ਵਿਚ ਆਪਣੇ ਭਾਈ ਕੁਲਵਿੰਦਰ ਸਿੰਘ ਦੇ ਕੋਲ ਗਿਆ ਤਾਂ ਆਪ ਕਿਰਕੀ ਪੂਨਾ ਵਿਖੇ ਹੀ ਨੌਕਰੀ ਕਰ ਰਹੇ ਸਨ। ਆਪ 1995 ਈ: ਵਿਚ ਬਤੌਰ ਹਵਾਲਦਾਰ ਪੈਨਸ਼ਨ ਆ ਗਏ।

ਵਿਆਹ:- ਆਪ ਦਾ ਵਿਆਹ ਮਨਜੀਤ ਕੌਰ ਨਾਲ 11-3-1981 ਨੂੰ ਪਿੰਡ ਰਸੂਲਪੁਰ ਜਲੰਧਰ ਵਿਖੇ ਹੋਇਆ। ਆਪ ਦਾ ਪਰਿਵਾਰ ਵੀ 1982 ਈ: ਵਿਚ ਆਪ ਦੇ ਨਾਲ ਫੌਜ ਵਿਚ ਗਿਆ ਸੀ।

ਪੈਨਸ਼ਨ ਤੋਂ ਬਾਅਦ ਨੌਕਰੀ:- ਥੋੜ੍ਹਾ ਸਮਾਂ ਤਾਂ ਆਪ ਨੇ ਘਰੇਲੂ ਕੰਮਕਾਰ ਹੀ ਕੀਤਾ ਹੈ। ਸਭ ਤੋਂ ਪਹਿਲਾਂ ਪਿੰਡ ਦਿਓਵਾਲ ਫੈਕਟਰੀ ਵਿਚ ਬਹੁਤ ਸਮਾਂ ਕੰਮ ਕੀਤਾ ਹੈ। ਮੇਰਾ ਭਾਣਜਾ ਵੀ ਆਪ ਦੇ ਨਾਲ ਕੰਮ ਕਰਦਾ ਰਿਹਾ। ਫਿਰ ਇਹ ਫੈਕਟਰੀ ਕਪੂਰਥਲੇ ਚਲੀ ਗਈ ਫਿਰ ਆਪ ਸੋਨਾਲੀਕਾ, ਜਲੰਧਰ ਰੋਡ ਫੈਕਟਰੀ ਵਿਚ ਬਤੌਰ ਸਕਿਊਰਟੀ ਗਾਰਡ ਡਿਊਟੀ ਕਰਨ ਲੱਗੇ। ਇਸ ਤੋਂ ਹਟ ਕੇ ਮਹਾਵੀਰ ਸਪਿਨਿੰਗ ਮਿੱਲ ਪੁਰਹੀਰਾ, ਹੁਸ਼ਿਆਰਪੁਰ ਵਿਖੇ ਬਤੌਰ ਸਕਿਊਰਟੀ ਗਾਰਡ ਡਿਊਟੀ ਕੀਤੀ। ਆਪ ਇਸ ਫੈਕਟਰੀ ਵਿਚੋਂ 10-07-2014 ਨੂੰ ਸੇਵਾ ਮੁਕਤ ਹੋਏ ਤੇ ਸ਼ਾਮ ਨੂੰ ਸਰੀਕੇ ਭਾਈਚਾਰੇ ਨੂੰ ਚਾਹ ਪਾਰਟੀ ਕੀਤੀ।

ਪਰਿਵਾਰ ਦੀ ਜ਼ਿੰਮੇਵਾਰੀ:- ਪਰਮਜੀਤ ਸਿੰਘ ਨੇ ਆਪਣੇ ਪਿਤਾ ਦੀ ਕਬੀਲਦਾਰੀ ਨੂੰ ਬਾਖ਼ੂਬੀ ਨਿਭਾਇਆ ਹੈ। 1982 ਈ: ਵਿਚ ਆਪ ਦੇ ਪਿਤਾ ਦੀ ਮੌਤ ਹੋ ਗਈ ਸੀ। ਦਸੰਬਰ 1998 ਵਿਚ ਆਪ ਦੇ ਵੱਡੇ ਵੀਰ ਧਾਰਾ ਸਿੰਘ ਦੀ ਮੌਤ ਫਿਰ ਜੁਲਾਈ 1999 ਵਿਚ ਆਪ ਤੋਂ ਵੱਡੇ ਅਵਤਾਰ ਸਿੰਘ ਦੀ ਮੌਤ ਤੇ ਫਿਰ 7-2-1999 ਨੂੰ ਆਪ ਦੇ ਤਾਏ ਮਹਿੰਗਾ ਸਿੰਘ ਦੀ ਮੌਤ ਹੋ ਗਈ ਸੀ। ਇਸ ਤੋਂ ਮਗਰੋਂ 12-12-2012 ਨੂੰ ਆਪ ਦੀ ਮਾਤਾ ਹਰ ਕੌਰ ਪ੍ਰਮਾਤਮਾ ਨੂੰ ਪਿਆਰੀ ਹੋ ਗਈ ਸੀ। ਏਨੇ ਸਦਮੇ ਪਰਮਜੀਤ ਸਿੰਘ ਨੇ ਆਪਣੇ ਤਨ 'ਤੇ ਹੰਢਾਏ ਹਨ। ਆਪਣੀ ਮਾਤਾ ਦੇ ਜਿਊਂਦਿਆਂ ਹੀ ਆਪ ਨੇ ਸਾਰੀ ਕਬੀਲਦਾਰ ਦਾ ਬੋਝ ਸੰਭਾਲ ਲਿਆ ਸੀ। ਆਪ ਦੇ ਮਾਤਾ-ਪਿਤਾ ਦੀ ਸਾਂਝ ਦੂਰ-ਦੂਰ ਤੱਕ ਸੀ ਇਨ੍ਹਾਂ ਮੋਹ ਦੀਆਂ ਤੰਦਾਂ ਨੂੰ ਪਰਮਜੀਤ ਸਿੰਘ ਹੋਰ ਪਕੇਰਾ ਕਰਦਾ ਹੋਇਆ ਆਪਣੀ ਤੋਰੇ ਤੁਰਿਆ ਜਾ ਰਿਹਾ ਹੈ।

ਧਾਰਾ ਸਿੰਘ ਦੇ ਸਦਮੇ ਤੋਂ ਮਗਰੋਂ ਆਪ ਨੇ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਆਪਣੇ ਗ੍ਰਿਹ ਵਿਖੇ ਮਿਤੀ 19-9-1999 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤਰ ਬਾਣੀ ਦੇ ਭੋਗ ਪਾਏ। ਪਰਮਜੀਤ ਸਿੰਘ ਨੇ ਆਪਣੀ ਮਾਤਾ ਹਰ ਕੌਰ ਦੀ

ਬਹੁਤ ਸੇਵਾ ਕੀਤੀ ਅਤੇ ਹਰ ਵਕਤ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ।

ਮਨਜੀਤ ਕੌਰ ਦਾ ਸਰਪੰਚ ਬਣਨਾ:- ਜੂਨ 2008 ਵਿਚ ਪੰਚਾਇਤ ਦੀਆਂ ਚੋਣਾਂ ਹੋਈਆਂ ਸਨ ਜਿਨ੍ਹਾਂ ਵਿਚ ਜਰਨੈਲ ਸਿੰਘ ਦੀ ਧਰਮ ਪਤਨੀ ਸੁਰਿੰਦਰ ਕੌਰ ਸਰਪੰਚ ਚੁਣੀ ਗਈ ਪਰ ਉਸ ਦੀ ਅਚਾਨਕ ਮੌਤ ਹੋ ਗਈ ਸੀ। ਇਸ ਤੋਂ ਮਗਰੋਂ ਮਨਜੀਤ ਕੌਰ ਧਰਮ ਪਤਨੀ ਪਰਮਜੀਤ ਸਿੰਘ ਨੇ ਬਾਕੀ ਰਹਿੰਦਾ ਸਮਾਂ ਸਰਪੰਚ ਦੇ ਅਹੁਦੇ 'ਤੇ ਕੰਮ ਕੀਤਾ। ਆਪ ਨੇ ਇਸ ਸਮੇਂ ਦੇ ਦੌਰਾਨ ਪਿੰਡ ਵਿਚ ਦੋ ਵੱਡੇ ਟਿਊਬਵੈੱਲ ਲਗਾਏ ਗਏ। ਪਿੰਡ ਦੀਆਂ ਗਲੀਆਂ ਨਾਲੀਆਂ ਨੂੰ ਬਣਾਇਆ ਗਿਆ। ਪਰਮਜੀਤ ਸਿੰਘ ਆਪਣੇ ਤੋਂ ਹਰ ਵੱਡੇ ਵਿਅਕਤੀ ਨੂੰ ਭਾਜੀ ਕਰਕੇ ਬੁਲਾਉਂਦੇ ਹਨ।

ਵੰਸ਼:- ਪਰਮਜੀਤ ਸਿੰਘ ਦੇ ਵੰਸ਼ ਵਿਚ ਦੋ ਲੜਕੀਆਂ- ਨਰਿੰਦਰ ਕੌਰ ਤੇ ਹਰਜਿੰਦਰ ਕੌਰ ਹਨ। ਲੜਕੇ- ਗੁਰਜੀਤ ਸਿੰਘ, ਅਮਨਦੀਪ ਸਿੰਘ।

1. **ਨਰਿੰਦਰ ਕੌਰ**:- ਨਰਿੰਦਰ ਕੌਰ ਦੀ ਸ਼ਾਦੀ ਪਵਨ ਕੁਮਾਰ ਵਾਸੀ ਮੁਰਾਦਪੁਰ ਨਰਿਆਲਾ ਨਾਲ ਮਿਤੀ 2-01-2010 ਨੂੰ ਸੱਗੀ ਪੈਲੇਸ, ਹੁਸ਼ਿਆਰਪੁਰ ਵਿਖੇ ਹੋਈ। ਇਹ ਸ਼ਾਦੀ ਪਰਮਜੀਤ ਸਿੰਘ ਦੀ ਪਹਿਲੀ ਸ਼ਾਦੀ ਸੀ, ਜਿਸ ਵਿਚ ਪਰਮਜੀਤ ਸਿੰਘ ਨੇ ਬਹੁਤ ਖਰਚ ਕੀਤਾ। 3 ਜਨਵਰੀ 2010 ਨੂੰ ਪਰਿਵਾਰਕ ਮੈਂਬਰਾਂ ਨਾਲ ਮੈਂ ਵੀ ਗਿਆ ਸੀ। ਸਾਡੇ ਕੁੜਮਾਂ ਨੇ ਸਾਡੀ ਚੰਗੀ ਆਓ ਭਗਤ ਕੀਤੀ।

2. **ਹਰਜਿੰਦਰ ਕੌਰ**:- ਇਸ ਲੜਕੀ ਨੇ +2 ਕਰਨ ਉਪਰੰਤ ਕੰਪਿਊਟਰ ਦੀ ਐਮ.ਸੀ. ਏ. ਕੀਤੀ ਹੈ। ਇਹ ਲੜਕੀ ਐਲ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਬਸੀ ਦੌਲਤ ਖਾਂ ਹੁਸ਼ਿਆਰਪੁਰ ਵਿਖੇ ਕੰਪਿਊਟਰ ਅਧਿਆਪਕ ਦੇ ਤੌਰ 'ਤੇ ਸਰਵਿਸ ਕਰ ਰਹੀ ਹੈ। ਇਸ ਲੜਕੀ ਦੀ ਸ਼ਾਦੀ 25-3-2015 ਦਿਨ ਬੁੱਧਵਾਰ ਕਿੰਗਜ਼ ਰਿਜਾਰਟ ਨਸਰਾਲਾ, ਹੁਸ਼ਿਆਰਪੁਰ ਵਿਖੇ ਹੋਈ ਤੇ ਸਹੁਰੇ ਨੰਦਾਚੋਰ ਹਨ। ਪਰਿਵਾਰ ਮੈਂਬਰਾਂ ਨਾਲ ਮੈਂ ਤਾਂ ਕੁਲਵਿੰਦਰ ਸਿੰਘ ਵੀ 26-3-15 ਨੂੰ ਲੜਕੀ ਦੇ ਸਹੁਰੇ ਪਿੰਡ ਨੰਦਾਚੋਰ ਗਏ ਸੀ।

1. **ਗੁਰਜੀਤ ਸਿੰਘ**:- ਇਸ ਲੜਕੇ ਨੇ +2 ਪਾਸ ਕੀਤੀ ਹੈ। ਇਸ ਤੋਂ ਉਪਰੰਤ ਜੇ.ਸੀ.ਵੀ. ਦੀ ਟਰੇਨਿੰਗ ਲੈ ਕੇ ਡੁਬਈ ਚਲਾ ਗਿਆ। ਦੋ ਵਾਰ ਛੁੱਟੀ ਆਇਆ ਹੈ। ਕੰਮਕਾਰ ਠੀਕ ਠਾਕ ਚੱਲ ਰਿਹਾ ਹੈ। ਆਪ ਦੀ ਸ਼ਾਦੀ 2-10-2016 ਨੂੰ ਸੋਨੀਆ ਨਾਲ ਡਰੀਮ ਪੈਲੇਸ ਜਲੰਧਰ ਨਾਲ ਹੋਈ।

2. **ਅਮਨਦੀਪ ਸਿੰਘ**:- ਅਮਨਦੀਪ ਸਿੰਘ ਨੇ +2 ਪਾਸ ਕਰਨ ਉਪਰੰਤ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਡੱਲੇਵਾਲ ਹੁਸ਼ਿਆਰਪੁਰ ਤੋਂ ਕੀਤਾ ਹੈ। ਹੁਣ ਇਹ ਲੜਕਾ ਨੌਕਰੀ ਕਰ ਰਿਹਾ ਹੈ। ਇਹ ਵੇਰਵੇ ਉਜਾਗਰ ਸਿੰਘ ਸਪੁੱਤਰ ਅਰਜਨ ਸਿੰਘ ਦੇ ਹਨ।

ਮੁਸਲਮਾਨ ਗੁੱਜਰਾਂ ਦੇ ਘਰ

ਗੁਗੂ ਜੱਟ ਦਾ ਵਸਾਇਆ ਹੋਇਆ ਪਿੰਡ ਗਗਨੌਲੀ ਹੈ। ਇਸ ਵਿਚ ਬਾਕੀ ਜਾਤਾਂ ਤਾਂ ਬਾਹਰੋਂ ਆ ਕੇ ਵਸੀਆਂ ਸਨ। ਜਿਵੇਂ ਰਾਮਦਾਸੀਆ ਸਿੱਖ, ਤਰਖਾਣ, ਲੁਹਾਰ, ਗੁੱਜਰ ਤੇ ਪੰਡਤ ਆਦਿ। ਮੁਸਲਮਾਨ ਗੁੱਜਰਾਂ ਦੀਆਂ ਥੋੜ੍ਹੀਆਂ-ਥੋੜ੍ਹੀਆਂ ਜ਼ਮੀਨਾਂ ਸਨ ਤੇ ਪਿੰਡ ਵਿਚ ਰਲ ਮਿਲ ਕੇ ਰਹਿੰਦੇ ਸਨ। ਇਨ੍ਹਾਂ ਗੁੱਜਰਾਂ ਵਿਚੋਂ ਕੁਝ ਖੇਤੀ ਕਰਦੇ ਸਨ, ਕੁਝ ਮਜ਼ਦੂਰੀ ਕਰਦੇ ਸਨ। ਕਈਆਂ ਦੇ ਕੋਲ ਮੱਝਾਂ, ਗਾਵਾਂ ਤੇ ਬੱਕਰੀਆਂ ਸਨ ਜਿਨ੍ਹਾਂ ਦਾ ਦੁੱਧ ਉਹ ਵੇਚਦੇ ਸਨ। ਜਦੋਂ 1947 ਵਿਚ ਦੇਸ਼ ਦਾ ਬਟਵਾਰਾ ਹੋਇਆ ਤੇ ਪਿੰਡ ਵਿਚ ਵਸਦੇ ਮੁਸਲਮਾਨਾਂ ਨੂੰ ਪੰਜਾਬ ਦੇ ਹੋਰ ਮੁਸਲਮਾਨਾਂ ਵਾਂਗ ਪਿੰਡ ਦੇ ਵਿਚੋਂ ਜਾਣਾ ਪਿਆ। ਉਨ੍ਹਾਂ ਦੇ ਜਾਣ ਮਗਰੋਂ ਪਿੰਡ ਦੇ ਵਿਚ ਮੁਸਲਮਾਨ ਪਰਿਵਾਰਾਂ ਦੀ ਕੋਈ ਨਿਸ਼ਾਨੀ ਜਾਂ ਧਾਰਮਿਕ ਸਥਾਨ ਨਹੀਂ ਹੈ ਜਿਸ ਨੂੰ ਅਸੀਂ ਆਖ ਸਕਦੇ ਹਾਂ ਕਿ ਇਹ ਫਲਾਣੇ ਮੁਸਲਮਾਨ ਪੀਰ ਦੀ ਖਾਨਗਾਹ ਹੈ ਜਾਂ ਕੋਈ ਮਸੀਤ ਹੈ। ਪਿੰਡ ਵਿਚ ਸਿਰਫ਼ ਇਕ ਖੂਹੀ ਹੈ ਜੋ ਲੰਬੜਦਾਰ ਗੁਲਜਾਰ ਸਿੰਘ ਦੇ ਘਰ ਦੇ ਸਾਹਮਣੇ ਹੈ ਜਿਸ ਨੂੰ ਸਾਰੇ ਪਿੰਡ ਦੇ ਲੋਕ ਉਮਰੀ ਗੁਜਰੀ ਦੀ ਖੂਹੀ ਕਹਿ ਕੇ ਦੱਸਦੇ ਹਨ। ਇਸ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਦੇ ਘਰ ਪਿੰਡ ਦੇ ਚੜ੍ਹਦੇ ਪਾਸੇ ਸਨ। ਇਹ ਵੀ ਕਿਹਾ ਜਾਂਦਾ ਸੀ ਕਿ ਇਸ ਖੂਹੀ ਦਾ ਪਾਣੀ ਬਹੁਤ ਠੰਢਾ ਹੈ। ਅੱਜ ਇਸ ਉਪਰ ਨਲਕਾ ਲਗਾ ਦਿੱਤਾ ਗਿਆ ਹੈ। ਬਜ਼ੁਰਗਾਂ ਪਾਸੋਂ ਇਹ ਵੀ ਸੁਣਿਆ ਹੈ ਕਿ ਇਹ ਲੋਕ ਵੀ ਆਏ ਦਿਨ ਵਾਰ ਮਨਾਉਂਦੇ ਸਨ। ਜਿਵੇਂ ਈਦ-ਬਕਰੀਦ ਆਦਿ ਪਰ ਦਿਨ ਵਾਰ ਤੇ ਜਿੱਥੇ ਉਹ ਨਮਾਜ਼ ਪੜ੍ਹਦੇ ਸਨ ਉਸ ਨਾਲ ਸਬੰਧਤ ਕੋਈ ਮਸੀਤ ਜਾਂ ਈਦਗਾਹ ਨਹੀਂ ਹੈ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਮੁਸਲਮਾਨਾਂ ਦੀਆਂ ਮਸੀਤਾਂ ਵਿਚ ਗੁਰੂ ਘਰ ਬਣੇ ਹੋਏ ਹਨ ਜਾਂ ਮੁਸਲਮਾਨ ਫਕੀਰਾਂ ਦੀਆਂ ਖੂਬਸੂਰਤ ਮਜਾਰਾਂ ਹਨ ਜਿਵੇਂ ਸ਼ਾਮੀ ਸ਼ਾਹ ਸ਼ਾਮ ਚੁਰਾਸੀ, ਮੰਢਾਲੀ ਸ਼ਰੀਫ, ਲਾਲ ਬਾਦਸ਼ਾਹ ਨਕੋਦਰ ਅਤੇ ਸਾਈਂ ਖਾਕੀ ਸ਼ਾਹ ਚਿਸਤੀ ਪੰਡੋਰੀ ਬੀਬੀ ਹੁਸ਼ਿਆਰਪੁਰ। ਮੁਸਲਮਾਨ ਪਰਿਵਾਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

*** 1. ਖੈਰੂ ਗੁੱਜ਼ਰ**

ਵੰਸ਼: ਚਾਰ ਲੜਕੀਆਂ ਤੇ ਇਕ ਜਵਾਈ ਗੌਰੀ ਮੁਹੰਮਦ

ਲੜਕੀਆਂ:- ਅਜਮਤੇ, ਕਰਮਤੇ, ਰਾਣੀ ਤੇ ਸਵਾਣੀ

ਆਪ ਦੀ ਧਰਮ ਪਤਨੀ ਦਾ ਨਾਮ ਮੁਕਾਬਰੀ ਸੀ ਤੇ ਚਾਰ ਲੜਕੀਆਂ ਸਨ।

ਇਨ੍ਹਾਂ ਦਾ ਇਕ ਜਵਾਈ ਗੌਰੀ ਮੁਹੰਮਦ ਸੀ ਜੋ ਪਿੰਡ ਵਿਚ ਇਨ੍ਹਾਂ ਦੇ ਪਾਸ ਰਹਿੰਦਾ ਸੀ। ਆਪ ਮੀਆਂ ਬੀਬੀ ਦੋਵੇਂ ਚੰਗੇ ਆਦਤ ਸੁਭਾਅ ਦੇ ਸਨ। ਪਿੰਡ ਵਿਚ ਸਾਰਿਆਂ ਨਾਲ ਰਲ ਮਿਲ ਕੇ ਰਹਿੰਦੇ ਸਨ। ਜਦੋਂ ਪਾਕਿਸਤਾਨ ਬਣਿਆ ਤਾਂ ਖੇਰੂ ਗੁੱਜ਼ਰ ਛੇ ਮਹੀਨੇ ਮਗਰੋਂ ਪਾਕਿਸਤਾਨ ਨੂੰ ਗਿਆ। ਪਿੰਡ ਦੇ ਲੋਕਾਂ ਨੇ ਪਿਆਰ-ਸਤਿਕਾਰ ਨਾਲ ਰੱਖਿਆ ਤੇ ਕਿਸੇ ਕਿਸਮ ਦੀ ਕੋਈ ਆਂਚ ਨਹੀਂ ਆਉਣ ਦਿੱਤੀ।

* 2. **ਫੱਲ੍ਹਾ ਤੇ ਘੁਕੂ**:- ਇਹ ਦੋਵੇਂ ਸਕੇ ਭਰਾ ਸਨ ਫੱਲ੍ਹਾ ਛੜਾ ਸੀ ਤੇ ਇਸ ਦਾ ਸੁਭਾਅ ਮਜ਼ਾਕੀਆਂ ਸੀ।

ਘੁਕੂ:- ਵੰਸ਼: ਇਕ ਲੜਕਾ ਗਾਮਾ ਸੀ।

ਘੁਕੂ ਦੀ ਧਰਮ ਪਤਨੀ ਦਾ ਨਾਮ ਬਰਕਤੇ ਸੀ। ਜੋ ਚੰਗੇ ਆਦਤ ਸੁਭਾਅ ਦੀ ਸੀ। ਪਿੰਡ ਦੀਆਂ ਸਿਆਣੀਆਂ ਸੁਆਣੀਆਂ ਉਸ ਦਾ ਆਮ ਕਰਕੇ ਨਾਮ ਲੈਂਦੀਆਂ ਰਹਿੰਦੀਆਂ ਸਨ। ਕਾਕਾ! ਬਹੁਤ ਚੰਗੇ ਆਦਤ ਸੁਭਾਅ ਵਾਲੀ ਸੀ। ਕਿਸੇ ਨਾਲ ਕਦੇ ਕੋਈ ਫਾਲਤੂ ਗੱਲ ਨਹੀਂ ਕਰਦੀ ਸੀ। ਆਪ ਦਾ ਇਕ ਲੜਕਾ ਸੀ, ਜਿਸ ਦਾ ਨਾਮ ਗਾਮਾ ਸੀ।

* 3. **ਮੁਗਲਾ**

ਵੰਸ਼:- ਤਿੰਨ ਲੜਕੇ- ਰਹਿਮਾ, ਰਹਿਮਤ ਅਲੀ ਤੇ ਅੱਲ੍ਹੀ

ਲੜਕੀਆਂ:- ਰਹਿਮਤੇ ਤੇ ਅਜਮਤੇ

ਆਪ ਦੀ ਧਰਮ ਪਤਨੀ ਦਾ ਨਾਮ ਉਮਰੀ ਸੀ, ਜਿਸ ਨੂੰ ਆਮ ਕਰਕੇ ਉਮਰੀ ਗੁਜਰੀ ਕਰਕੇ ਯਾਦ ਕੀਤਾ ਜਾਂਦਾ ਹੈ। ਉਮਰੀ ਗੁਜ਼ਰੀ ਫੱਲ੍ਹੇ ਤੇ ਘੁਕੂ ਦੀ ਭੈਣ ਸੀ, ਜੋ ਖੂਹੀ ਆਪ ਨੇ ਪਿੰਡ ਵਿਚ ਬਣਾਈ ਸੀ ਉਸ ਨੂੰ ਉਮਰੀ ਗੁਜ਼ਰੀ ਦੀ ਖੂਹੀ ਕਹਿ ਕੇ ਯਾਦ ਕੀਤਾ ਜਾਂਦਾ ਹੈ। ਆਪ ਦੇ ਤਿੰਨ ਲੜਕੇ ਰਹਿਮਾ, ਰਹਿਮਤ ਅਲੀ ਤੇ ਅੱਲ੍ਹੀ ਅਤੇ ਦੋ ਲੜਕੀਆਂ ਸਨ- ਰਹਿਮਤੇ ਤੇ ਅਜਮਤੇ।

ਸਾਂਈ ਤੇ ਭਾਗੇ ਦੇ ਖੇਤਾਂ ਵਿਚ ਇਕ ਅੰਬ ਦਾ ਦਰਖੱਤ ਹੈ ਜਿਸ ਨੂੰ ਉਮਰੀ ਗੁਜ਼ਰੀ ਨੇ ਘੜਿਆਂ ਦੇ ਨਾਲ ਪਾਣੀ ਪਾ ਕੇ ਪਾਲ਼ਿਆ ਸੀ ਅੱਜ ਉਹ ਅੰਬ ਵਾਲਾ ਖੇਤ ਪਿਆਰਾ ਸਿੰਘ ਦੇ ਪਾਸ ਹੈ। ਅੰਬ ਅਜੇ ਵੀ ਲਗਦੇ ਹਨ ਪਰ ਅੰਬ ਲਗਾਉਣ ਵਾਲੇ ਨਹੀਂ ਹਨ। ਪਰ ਯਾਦਾਂ ਕਾਇਮ ਹਨ। ਸਾਡੀ ਤਾਈ ਭਾਗ ਕੌਰ ਕਈ ਵਾਰ ਇਹ ਦੱਸਿਆ ਕਰਦੀ ਸੀ ਕਿ ਇਸ ਅੰਬ ਨੂੰ ਉਮਰੀ ਗੁਜਰੀ ਨੇ ਘੜਿਆ ਨਾਲ ਪਾਣੀ ਢੋਅ ਕੇ ਪਾਲਿਆ ਹੈ।

* 4. **ਦੌਲੂ ਗੁੱਜ਼ਰ**

ਵੰਸ਼:- ਫਿਰੋਜ਼ਦੀਨ, ਫਜ਼ਲ ਅਤੇ ਮੇਹਰੂ

ਫਿਰੋਜ਼ਦੀਨ ਦੇ ਵੰਸ਼ 'ਚ ਲੜਕਾ ਨਜ਼ੀਰ ਅਤੇ ਲੜਕੀ ਨਜ਼ੀਰਾਂ ਸਨ।

ਫਿਰੋਜ਼ਦੀਨ ਦੀ ਧਰਮ ਪਤਨੀ ਦਾ ਨਾਮ ਨਿਆਜੋ ਸੀ ਜਿਸ ਦੀ ਸੰਤਾਨ ਇਕ ਲੜਕਾ ਤੇ ਲੜਕੀ ਸੀ।

* 5. ਫਜ਼ਲ

ਵੰਸ਼:- ਦੋ ਲੜਕੀਆਂ-ਨੀਰਾਂ ਅਤੇ ਪੀਰਾਂ

ਆਪ ਦੀ ਧਰਮ ਪਤਨੀ ਦਾ ਨਾਮ ਬਸ਼ੀਰਾ ਸੀ ਜਿਸ ਦੀ ਸੰਤਾਨ ਉਪਰੋਕਤ ਦੋ ਲੜਕੀਆਂ ਸਨ। ਮੀਆਂ ਬੀਬੀ ਚੰਗੇ ਮਿਲਣਸਾਰ ਸਨ। ਹਰ ਸਮੇਂ ਆਪਣੇ ਕੰਮ ਵਿਚ ਮਗਨ ਰਹਿੰਦੇ ਸਨ।

* 6. ਮੇਹਰੂ

ਵੰਸ਼: ਲੜਕਾ: ਬਸ਼ੀਰ, ਲੜਕੀ: ਸੁੰਦਰੀ

ਆਪ ਦੀ ਧਰਮ ਪਤਨੀ ਦਾ ਨਾਮ ਸੁਲਤਾਨੇ ਸੀ, ਜਿਸ ਦੀ ਗੋਦ ਵਿਚ ਇਕ ਲੜਕਾ ਤੇ ਲੜਕੀ ਸੀ। ਛੋਟਾ ਪਰਿਵਾਰ ਸੀ ਦਿਨ ਵਾਰ ਤੇ ਪਿੰਡ ਦੇ ਲੋਕਾਂ ਨੂੰ ਦਾਵਤ ਦਿੰਦੇ ਸਨ।

* 7. ਮੌਲਾ ਗੁੱਜ਼ਰ

ਵੰਸ਼: ਲੜਕਾ: ਫਤਹਿਦੀਨ।

ਆਪ ਦੀ ਧਰਮ ਪਤਨੀ ਦਾ ਨਾਮ ਨਿਆਮਤੇ ਸੀ। ਇਸ ਵਿਅਕਤੀ ਨੂੰ ਪਿੰਡ ਵਿਚ ਜਦ ਵੀ ਯਾਦ ਕੀਤਾ ਜਾਂਦਾ ਹੈ ਤਾਂ ਮੌਲਾ ਗੁੱਜ਼ਰ ਕਰਕੇ ਹੀ ਯਾਦ ਕੀਤਾ ਜਾਂਦਾ ਹੈ। ਕਦੇ ਮੌਲਾ ਕਰਕੇ ਨਹੀਂ। ਇਸ ਨਾਮ ਦਾ ਇਕ ਵਿਅਕਤੀ ਹੁਸ਼ਿਆਰਪੁਰ ਦੇ ਪਿੰਡ ਭੀਲੋਵਾਲ ਦਾ ਹੈ ਜੋ ਬਹੁਤ ਗੱਲਕਾਰ ਵਿਅਕਤੀ ਸੀ ਪੁਰਾਣੇ ਬਜ਼ੁਰਗ ਜਦ ਵੀ ਕੋਈ ਕਬੀਲਦਾਰੀ ਦੀ ਗੱਲ ਕਰਦੇ ਸਨ ਤਾਂ ਭੀਲੋਵਾਲੀਆ ਮੌਲਾ ਕਹਿ ਕੇ ਯਾਦ ਕਰਦੇ ਸਨ। ਆਪ ਦਾ ਇਕ ਲੜਕਾ ਫਤਹਿਦੀਨ ਸੀ ਆਪ ਖੇਤੀ ਦਾ ਕੰਮ ਕਰਦੇ ਸਨ। ਆਪ ਦੇ ਪਾਸ 10 ਖੇਤ ਜ਼ਮੀਨ ਸੀ। ਪਿੰਡ ਦੇ ਸਾਰੇ ਲੋਕਾਂ ਨਾਲ ਆਪ ਦਾ ਮੇਲ ਮਿਲਾਪ ਚੰਗਾ ਸੀ। ਇਸ ਕਰਕੇ ਹੀ ਆਪ ਨੂੰ ਹੁਣ ਵੀ ਯਾਦ ਕੀਤਾ ਜਾਂਦਾ ਹੈ। ਪਿੰਡ ਵਿਚ ਗਰੀਬ ਆਦਮੀ ਦੀ ਮਦਦ ਵੀ ਕਰਦਾ ਸੀ।

* 8. ਦੀਨਾ

ਵੰਸ਼: ਲੜਕਾ: ਪੀਰੂ

ਪੀਰੂ ਵੰਸ਼: ਦੋ ਲੜਕੇ ਲੱਖਾ ਅਤੇ ਫੱਲਾ

ਆਪ ਦੀ ਧਰਮ ਪਤਨੀ ਦੇ ਨਾਮ ਬਾਰੇ ਪਤਾ ਨਹੀਂ ਚਲ ਸਕਿਆ। ਆਪ ਦੇ ਦੋ ਲੜਕੇ ਲੱਖਾ ਤੇ ਫੱਲਾ ਸਨ।

ਆਪ ਦੀ ਧਰਮ ਪਤਨੀ ਦੇ ਨਾਮ ਬਾਰੇ ਪਤਾ ਨਹੀਂ ਚਲ ਸਕਿਆ। ਆਪ ਦੇ ਦੋ ਲੜਕੇ ਲੱਖਾ ਤੇ ਫੱਲਾ ਸਨ। ਆਪ ਵੀ ਮਿਲਣਸਾਰ ਆਦਮੀ ਸੀ। ਸਿਆਲ ਰੁੱਤੇ ਸੀਜਨ ਤੇ ਟੋਕਰੇ ਬਣਾਉਂਦਾ ਸੀ। ਵਿਹਲੇ ਸਮੇਂ ਮਜ਼ਦੂਰੀ ਕਰਦਾ ਸੀ। ਇਸ ਪ੍ਰਕਾਰ ਉਹ ਹੱਕ-ਹਲਾਲ ਦੀ ਕਮਾਈ ਕਰਦਾ ਸੀ। ਪਿੰਡ ਵਿਚ ਆਪਣੀ ਇਮਾਨਦਾਰੀ ਲਈ ਪ੍ਰਸਿੱਧ ਸੀ।

* 9. ਮੌਲਾ

ਵੰਸ਼: ਲੜਕਾ ਫਤਿਹਦੀਨ

ਲੜਕੀਆਂ: ਗਫੂਰਾਂ, ਬਸ਼ੀਰਾ ਤੇ ਸਮੀਦਾ

* 9. **ਫਤਹਿਦੀਨ**:- ਆਪ ਦੇ ਪਿਤਾ ਦਾ ਨਾਮ ਮੌਲਾ ਤੇ ਮਾਤਾ ਦਾ ਨਾਮ ਰਹਿਮਤੇ ਸੀ। ਆਪ ਦੀ ਧਰਮ ਪਤਨੀ ਦਾ ਨਾਮ ਬਰਕਤੇ ਸੀ। ਆਪ ਦੀਆਂ ਤਿੰਨ ਲੜਕੀਆਂ ਗਫੂਰਾ, ਬਸ਼ੀਰਾ ਤੇ ਸਮੀਦਾ ਸਨ। ਆਪ ਦਾ ਲੜਕਾ ਕੋਈ ਨਹੀਂ ਸੀ। ਆਪ ਦੀ ਖੇਤੀਬਾੜੀ ਚੰਗੀ ਸੀ। ਘਰ ਵਿਚ ਮੱਝਾਂ ਤੇ ਗਾਵਾਂ ਦਾ ਲਵੇਰਾ ਹੁੰਦਾ ਸੀ। ਗੁਜ਼ਾਰਾ ਚੰਗਾ ਸੀ।

* 10. **ਫਿਰੋਜ਼ਦੀਨ**:- ਆਪ ਦੇ ਮਾਤਾ ਪਿਤਾ ਤੇ ਪਰਿਵਾਰ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ। ਐਨਾ ਜ਼ਰੂਰ ਹੈ ਕਿ ਆਪ ਖੇਤੀਬਾੜੀ ਦਾ ਕੰਮ ਕਰਦੇ ਸਨ। ਪਿੰਡ ਵਿਚ ਇਨ੍ਹਾਂ ਦਾ ਦਬਦਬਾ ਸੀ। ਖੇਤੀ ਦਾ ਕੰਮ ਚੰਗਾ ਹੋਣ ਕਰਕੇ ਆਰਥਿਕ ਹਾਲਤ ਚੰਗੀ ਸੀ।

* 11. **ਮੁਸਲਮਾਨਾਂ ਦਾ ਨਾਇਕ ਨਬੀਆ ਗੁੱਜ਼ਰ**:- ਜਦੋਂ ਦੀ ਸ੍ਰਿਸ਼ਟੀ ਬਣੀ ਹੈ ਉਦੋਂ ਤੋਂ ਦੋ ਧਾਰਨਾਵਾਂ ਚਲੀਆਂ ਆ ਰਹੀਆਂ ਹਨ। ਅਛਾਈ ਤੇ ਬੁਰਾਈ, ਨੇਕੀ ਤੇ ਬਦੀ। ਕੁਝ ਲੋਕ ਚੰਗੇ ਕੰਮਾਂ ਕਰਕੇ ਜਾਣੇ ਜਾਂਦੇ ਹਨ। ਕੁਝ ਮਾੜੇ ਕੰਮਾਂ ਕਰਕੇ ਜਾਣੇ ਜਾਂਦੇ ਹਨ। ਇਸੇ ਤਰ੍ਹਾਂ ਨਬੀਆ ਗੁੱਜ਼ਰ ਮਾੜੇ ਕੰਮਾਂ ਕਰਕੇ ਜਾਣਿਆ ਜਾਂਦਾ ਹੈ। ਨਬੀਆ ਗੁੱਜ਼ਰ ਛੜਾ ਸੀ। ਸਰੀਰਕ ਤੌਰ ਤੇ ਤਕੜਾ ਸੀ। ਇਹ ਆਪਣੇ ਖੇਤੀਬਾੜੀ ਦੇ ਧੰਦੇ ਤੋਂ ਇਲਾਵਾ ਭੇਡਾਂ, ਬੱਕਰੀਆਂ ਵੀ ਪਾਲਦਾ ਸੀ। ਇਨ੍ਹਾਂ ਦਾ ਦੁੱਧ ਵੇਚਦਾ ਸੀ। ਇਹ ਆਪਣੇ ਪਾਸ ਇਕ ਲੰਮਾ ਢਾਂਗਾ ਰੱਖਦਾ ਸੀ। ਇਹ ਕਦੇ-ਕਦੇ ਰਾਤ ਨੂੰ ਵੀ ਬੱਕਰੀਆਂ ਚਾਰਦਾ ਸੀ। ਰਾਤ ਦੇ ਸਮੇਂ ਇਹ ਪਿੰਡ ਖਨੌੜੇ ਤੱਕ ਬੱਕਰੀਆਂ ਚਾਰਦਾ ਚਲਾ ਜਾਂਦਾ ਸੀ। ਇਸ ਨੇ ਬੱਕਰੀਆਂ ਇਸ਼ਾਰੇ 'ਤੇ ਲਾਈਆਂ ਹੋਈਆਂ ਸਨ। ਜੇ ਇਹ ਆਪ ਦੌੜਦਾ ਸੀ ਤਾਂ ਬੱਕਰੀਆਂ ਵੀ ਇਸ ਦੇ ਨਾਲ ਦੌੜ ਪੈਂਦੀਆ ਸਨ। ਲੋਕ ਇਸ ਤੋਂ ਬਹੁਤ ਦੁਖੀ ਸਨ। ਲੋਕਾਂ ਦੇ ਗੁੱਸੇ ਦਾ ਉਸ ਵੇਲੇ ਸਿਖਰ ਹੋ ਜਾਂਦਾ ਜਦੋਂ ਇਹ ਉਨ੍ਹਾਂ ਦੀ ਪੱਕੀ ਫ਼ਸਲ ਦਾ ਨੁਕਸਾਨ ਕਰਦਾ ਸੀ। ਲੋਕ ਇਸ ਤੋਂ ਡਰਦੇ ਸਨ। ਇਕ ਬਜ਼ੁਰਗ ਨੇ ਦੱਸਿਆ ਕਿ ਕਣਕ ਦੀ ਫ਼ਸਲ ਪੱਕਣ ਵਾਲੀ ਸੀ। ਇਹ ਬੱਕਰੀਆਂ ਚਾਰ ਰਿਹਾ ਸੀ। ਇਸ ਨੂੰ ਮਿਲਖਾ ਸਿੰਘ ਦੇ ਵੱਡੇ ਭਰਾ ਦਾਸ ਰਾਮ ਨੇ ਕਿਹਾ, "ਨਬੀਆ ਇਕ ਘਰ ਤਾਂ ਡੈਣ ਵੀ ਛੱਡ ਲੈਂਦੀ ਹੈ। ਰੱਬ ਦੇ ਵਾਸਤੇ ਪੱਕੀ ਫ਼ਸਲ ਦਾ ਨੁਕਸਾਨ ਨਾ ਕਰ। ਪਰ ਉਹ ਆਪਣੀ ਆਦਤ ਤੋਂ ਮਜ਼ਬੂਰ ਸੀ।

ਇਕ ਦਿਨ ਉਸ ਦੇ ਮਾੜੇ ਕੰਮਾਂ ਦਾ ਅੰਤ ਹੋਣਾ ਸੀ। ਮੌਤ ਉਸ ਦੇ ਸਿਰ 'ਤੇ ਮਡਰਾ ਰਹੀ ਸੀ। ਉਹ ਪਿੰਡ ਦੇ ਉੱਤਰ ਦੇ ਪਾਸੇ ਵਰਿਆਮੇ ਦਲੀਪੇ ਦੇ ਖੂਹ ਤੇ ਬੱਕਰੀਆਂ ਚਾਰ ਰਿਹਾ ਸੀ। ਉਸ ਨੂੰ ਵਰਿਆਮੇ ਨੇ ਬੱਕਰੀਆਂ ਚਾਰਨ ਤੋਂ ਰੋਕਿਆ। ਨਬੀਏ ਨੇ ਆਪਣੇ ਲੰਮੇ ਢਾਂਗੇ ਨਾਲ ਵਰਿਆਮੇ 'ਤੇ ਵਾਰ ਕੀਤਾ। ਵਰਿਆਮੇ ਦੀ ਧਰਮ ਪਤਨੀ ਬਸੰਤ ਕੌਰ ਨੇ ਇਸ ਲੜਾਈ ਨੂੰ ਖੂਹ 'ਤੇ ਬਣੇ ਚੁਬਾਰੇ 'ਚੋਂ ਦੇਖਿਆ। ਬਸੰਤ ਕੌਰ ਨੇ ਕੋਲ ਖੜੇ ਬੇਲੀ ਦੇ ਲੜਕੇ ਰੱਖੇ ਨੂੰ ਕਿਹਾ, "ਦੇਖ! ਬਾਹਰ ਲੜਾਈ ਹੋ ਰਹੀ ਹੈ। ਆਪਣੇ ਤਾਏ

ਨੂੰ ਬਚਾਅ।" ਰੱਖੇ ਨੇ ਝੱਟ ਚੁਬਾਰੇ 'ਚੋਂ ਕਿਰਪਾਨ ਲਿਆਂਦੀ ਤੇ ਨਬੀਏ ਦੇ ਸਿਰ ਵਿਚ ਜ਼ੋਰ ਨਾਲ ਮਾਰ ਦਿੱਤੀ। ਨਬੀਆ ਅਜੇ ਵੀ ਢਾਂਗਾ ਘੁੰਮਾ ਰਿਹਾ ਸੀ। ਪਰ ਥੋੜ੍ਹੀ ਦੇਰ ਮਗਰੋਂ ਗਸ਼ ਖਾ ਕੇ ਧਰਤੀ ਤੇ ਡਿਗ ਪਿਆ। ਮੌਤ ਨੇ ਉਸ ਨੂੰ ਨਿਗਲ ਲਿਆ ਤੇ ਇਸ ਤਰ੍ਹਾਂ ਉਸ ਦੇ ਮਾੜੇ ਕੰਮਾਂ ਦਾ ਅੰਤ ਹੋ ਗਿਆ। ਉਸ ਦੀ ਮੌਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਦੂਰ-ਦੂਰ ਤੱਕ ਫੈਲ ਗਈ। ਲੋਕਾਂ ਨੇ ਸੁੱਖ ਦਾ ਸਾਹ ਲਿਆ। ਅੱਤ ਖ਼ੁਦੀ ਖ਼ੁਦਾ ਦਾ ਵੈਰ ਹੁੰਦਾ ਹੈ। ਪਿੰਡ ਦੇ ਬਜ਼ੁਰਗਾਂ ਦੇ ਦੱਸਣ ਅਨੁਸਾਰ ਇਹ ਘਟਨਾ 1940 ਈ: ਦੀ ਹੈ। ਹੁਸ਼ਿਆਰਪੁਰ ਤੋਂ ਪੁਲਿਸ ਆਈ ਉਸ ਨੇ ਸਾਰੀ ਘਟਨਾ ਦੀ ਤਫਤੀਸ਼ ਕੀਤੀ ਅਤੇ ਬੇਲੀ ਦੇ ਲੜਕੇ ਰੱਖੇ ਨੂੰ ਹੱਥਕੜੀ ਲਾ ਕੇ ਹੁਸ਼ਿਆਰਪੁਰ ਲੈ ਗਈ। ਨਬੀਏ ਗੁੱਜ਼ਰ ਤੇ ਮੁਸਲਮਾਨ ਭਰਾਵਾਂ ਨੇ ਕਿਹਾ, "ਸਾਡਾ ਹੀਰੋ ਮਰ ਗਿਆ ਹੈ। ਹੁਣ ਸਾਨੂੰ ਪਿੰਡ ਦੇ ਲੋਕਾਂ ਨਾਲ ਮਿਲ ਕੇ ਚੱਲਣਾ ਪਵੇਗਾ।"

ਨਬੀਏ ਨੂੰ ਕਬਰ ਵਿਚ ਸਪੁਰਦੇ ਖਾਕ ਕਰਨ ਸਮੇਂ ਉਸ ਦੀ ਅੰਤਰ ਆਤਮਾ ਦੀ ਆਵਾਜ਼ ਨੇ ਕਿਹਾ:

ਬੱਕਰੀਆਂ ਚਾਰ ਕੇ ਫ਼ਸਲ ਦਾ ਨੁਕਸਾਨ ਕੀਤਾ
ਜਿਸ ਦਾ ਫਲ਼ ਮੈਂ ਅੱਜ ਪਾਇਆ ਜੀ
ਕਦੇ ਮੌਤ ਨੂੰ ਮੈਂ ਨਾ ਯਾਦ ਰੱਖਾਂ
ਅੱਜ ਮੌਤ ਨੇ ਆਣ ਢਾਇਆ ਜੀ
ਅੱਤ ਖੁਦੀ-ਖੁਦਾ ਦਾ ਵੈਰ ਹੁੰਦਾ
ਇਹ ਸਬਕ ਮੈਂ ਅੱਜ ਪਾਇਆ ਜੀ
ਕਦੇ ਧਰਤੀ ਤੇ ਨਹੀਂ ਸੀ ਪੈਰ ਲੱਗਦਾ
ਅੱਜ ਧਰਤੀ ਤੇ ਮੈਨੂੰ ਲਟਾਇਆ ਜੀ
ਦੁਆ ਕਰੋ ਤੇ ਬਖਸ਼ ਦਿਓ ਗੁਨਾਹ ਮੇਰੇ
ਜਦੋਂ ਕਬਰ 'ਚ ਮੈਨੂੰ ਦਫਨਾਇਆ ਜੀ।

-ਪ੍ਰਿੰ. ਗੁਰਦਿਆਲ ਸਿੰਘ ਫੁੱਲ

ਰੱਖਾ ਸਿੰਘ ਨੂੰ ਜੇਲ੍ਹ ਭੇਜਿਆ ਗਿਆ। ਦੂਜੀ ਸੰਸਾਰ ਜੰਗ (1939-1945) ਸਮੇਂ ਅੰਗਰੇਜ਼ ਸਰਕਾਰ ਨੇ ਸਾਰੇ ਨੌਜਵਾਨ ਕੈਦੀ ਫੌਜ ਵਿਚ ਭਰਤੀ ਕਰ ਲਏ। 1947 ਵਿਚ ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਸਰਕਾਰ ਨੇ ਉਨ੍ਹਾਂ ਦੀ ਸਜ਼ਾ ਖਤਮ ਕਰਕੇ ਸਾਰੇ ਕੈਦੀਆਂ ਨੂੰ ਰਿਹਾ ਕਰ ਦਿੱਤਾ। ਜੇਲ੍ਹ 'ਚੋਂ ਰਿਹਾ ਹੋ ਕੇ ਜਦੋਂ ਰੱਖਾ ਸਿੰਘ ਪਿੰਡ ਆ ਗਿਆ ਤਾਂ ਉਹ ਫਿਰ ਜ਼ਿਆਦਾ ਸਮਾਂ ਪਿੰਡ ਨਹੀਂ ਰਿਹਾ ਨਾ ਤੇ ਕੋਈ ਘਰੇਲੂ ਕੰਮਕਾਰ ਕੀਤਾ। ਉਹ ਫਿਰ ਸਾਧ ਹੋ ਗਿਆ। ਘੰਟਾ ਘਰ ਬਾਲਮੀਕ ਮੁਹੱਲੇ ਦੇ ਨੌਜਵਾਨਾਂ ਨੇ ਉਨ੍ਹਾਂ ਨੂੰ ਆਪਣਾ ਗੁਰੂ ਬਣਾਇਆ। ਹੁਸ਼ਿਆਰਪੁਰ ਵਿਚ ਘੰਟਾਘਰ ਦੇ ਲਹਿੰਦੇ ਪਾਸੇ ਬਾਲਮੀਕ ਮੁਹੱਲੇ ਵਿਚ ਉਸ ਦੀ ਪੱਕੀ ਕਬਰ ਬਣੀ ਹੋਈ ਹੈ। ਉਸ ਸਮੇਂ ਦੇ ਸਾਬਕਾ ਫੌਜੀਆਂ ਨੇ ਦੱਸਿਆ ਕਿ ਸਾਨੂੰ 15 ਰੁ: ਤਨਖਾਹ ਮਿਲਦੀ ਸੀ। 10 ਰੁਪਏ ਘਰ ਭੇਜੇ

ਜਾਂਦੇ ਸਨ। 5 ਰੁਪਏ ਆਪਣੇ ਕੋਲ ਖਰਚ ਲਈ ਰੱਖਦੇ ਸੀ। ਬਹੁਤ ਸਾਰੇ ਸੈਨਿਕ ਪੈਨਸ਼ਨ ਆ ਗਏ। ਸਿੱਖ ਪਲਟਨਾਂ ਤੋੜ ਦਿੱਤੀਆਂ ਗਈਆਂ। ਭਾਰਤ ਸਰਕਾਰ ਨੇ ਕਿਹਾ ਕਿ ਹੁਣ ਸਾਨੂੰ ਬਹੁਤੀ ਫੌਜ ਦੀ ਲੋੜ ਨਹੀਂ ਹੈ।

ਮੁਸਲਮਾਨਾਂ ਦਾ ਦਬਦਬਾ ਕਿਉਂ ਸੀ?:- ਮੈਂ ਪਿੰਡ ਗਗਨੌਲੀ ਦੇ ਇਤਿਹਾਸ ਸਬੰਧੀ ਜੋ ਜਾਣਕਾਰੀ ਇਕੱਠੀ ਕੀਤੀ ਹੈ ਉਸ ਵਿਚ ਇਕ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਪਿੰਡ ਵਿਚ ਮੁਸਲਮਾਨਾਂ 'ਚ ਬਹੁਤ ਏਕਤਾ ਸੀ। ਇਸ ਕਰਕੇ ਸਾਰੇ ਲੋਕ ਇਨ੍ਹਾਂ ਤੋਂ ਡਰਦੇ ਸਨ। ਇਹ ਵੀ ਪਤਾ ਲੱਗਾ ਹੈ ਕਿ ਪਿੰਡ ਦੇ ਕਈ ਘਰਾਂ ਦੀ ਜ਼ਮੀਨ ਧੱਕੇ ਨਾਲ ਵਾਹੁੰਦੇ ਸਨ। ਸਾਰੇ ਮੁਸਲਮਾਨ ਗੁੱਜ਼ਰਾਂ ਦਾ ਨੇਤਾ ਨਬੀਆ ਸੀ ਜੋ ਸਰੀਰਕ ਤੌਰ ਤੇ ਬਹੁਤ ਤਕੜਾ ਸੀ ਤੇ ਕਿਸੇ ਕੋਲੋਂ ਡਰਦਾ ਨਹੀਂ ਸੀ। 1947 ਤੋਂ ਪਹਿਲਾਂ ਪਿੰਡ ਵਿਚ ਇਨ੍ਹਾਂ ਦੀ ਸਰਦਾਰੀ ਸੀ। ਇਸ ਕਰਕੇ ਹੀ ਮੁਸਲਮਾਨਾਂ ਦਾ ਆਪਸੀ ਪਿਆਰ ਤੇ ਏਕਤਾ ਸੀ।

ਦੇਸ਼ ਦੀ ਵੰਡ ਅਤੇ ਸਾਡਾ ਪਿੰਡ

1947 ਈ: ਵਿਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਪੰਜਾਬ ਦੇ ਕਈ ਪਿੰਡਾਂ ਵਿਚ ਅਕਸਰ ਲੁੱਟਖੋਹ ਤੇ ਕਤਲੋਗਾਰਦ ਦੀਆਂ ਵਾਰਦਾਤਾਂ ਸ਼ੁਰੂ ਹੋ ਗਈਆਂ। ਪਰ ਪਿੰਡ ਗਗਨੌਲੀ ਦੇ ਲੋਕਾਂ ਨੇ ਆਪਣੀ ਭਾਈਚਾਰਕ ਸਾਂਝ ਉਸੇ ਤਰ੍ਹਾਂ ਹੀ ਕਾਇਮ ਰੱਖੀ ਜਿਸ ਤਰ੍ਹਾਂ ਪਹਿਲਾਂ ਸੀ। ਪਿੰਡ ਵਿਚ ਕੋਈ ਖ਼ੂਨ-ਖਰਾਬਾ ਨਹੀਂ ਹੋਣ ਦਿੱਤਾ। ਸਰਦਾਰ ਨਿਰੰਜਣ ਸਿੰਘ ਨੇ ਦੱਸਿਆ ਕਿ ਸਾਹਰੀ ਪਿੰਡ ਦੇ ਲੋਕ ਪਿੰਡ ਵਿਚ ਆ ਕੇ ਕਈ ਵਾਰ ਖੱਪ ਕਰਦੇ ਸਨ। ਇਨ੍ਹਾਂ ਰੌਲਿਆ ਨੂੰ ਵੇਖਦੇ ਹੋਏ ਤਰਖਾਣਾਂ ਦੇ ਚੁਬਾਰੇ ਵਿਚ ਘੜਿਆਲ ਬੰਨ੍ਹਿਆਂ ਹੋਇਆ ਸੀ। ਪਿੰਡ ਦੀ ਸੱਥ ਵਿਚ ਇਹ ਗੱਲ ਪਾਸ ਹੋ ਗਈ ਕਿ ਜਦੋਂ ਘੜਿਆਲ ਖੜਕੇ ਤਾਂ ਸਮਝੋ ਖ਼ਤਰਾ ਹੈ, ਅਸੀਂ ਇਕਦਮ ਸਾਰੇ ਇਕੱਠੇ ਹੋ ਜਾਈਏ ਤਾਂ ਬਾਹਰੋਂ ਆਏ ਡਕੈਤਾਂ ਦਾ ਪਿੱਛਾ ਕਰੀਏ।

ਉਸ ਸਮੇਂ ਪੰਜਾਬ ਦੇ ਕਈ ਪਿੰਡਾਂ ਤੇ ਸ਼ਹਿਰਾਂ ਵਿਚ ਅੱਗਾਂ ਲਾਈਆਂ ਗਈਆਂ ਤੇ ਖ਼ੂਨੀ ਵਾਰਦਾਤਾਂ ਹੋਈਆਂ ਹੁਸ਼ਿਆਰਪੁਰ ਜ਼ਿਲ੍ਹੇ ਦਾ ਪਿੰਡ ਖਨੌੜਾ ਹੈ ਜਿੱਥੇ ਮੁਸਲਮਾਨਾਂ ਦਾ ਸਰਕਾਰੀ ਕੈਂਪ ਲੱਗਾ ਹੋਇਆ ਸੀ। ਆਸੇ-ਪਾਸੇ ਦੇ ਪਿੰਡਾਂ ਦੇ ਮੁਸਲਮਾਨ ਪਰਿਵਾਰਾਂ ਨੂੰ ਸਰਕਾਰੀ ਕੈਂਪ ਵਿਚ ਰੱਖਿਆ ਹੋਇਆ ਸੀ ਤਾਂ ਕਿ ਕੋਈ ਅਣਸੁਖਾਵੀ ਘਟਨਾ ਨਾ ਘਟੇ। ਇਨ੍ਹਾਂ ਮੁਸਲਮਾਨ ਪਰਿਵਾਰਾਂ ਨੂੰ ਸਰਕਾਰੀ ਪੁਲਿਸ ਕਾਫ਼ਲਿਆਂ ਦੇ ਰੂਪ ਵਿਚ ਆਪ ਲੈ ਕੇ ਜਾਂਦੀ ਸੀ। ਲਾਗੇ ਪਿੰਡਾਂ ਤੋਂ ਰੋਟੀ ਪਾਣੀ ਦਾ ਪ੍ਰਬੰਧ ਕੀਤਾ ਜਾਂਦਾ ਸੀ।

1947 ਦੀ ਵੰਡ ਸਮੇਂ ਪਿੰਡ ਦਾ ਚੌਂਕੀਦਾਰ ਘੁਕੂ ਸੀ। ਪਿੰਡ ਦਾ ਨੰਬਰਦਾਰ ਨਿੱਕਾ ਸਿੰਘ ਸੀ। ਪਿੰਡ ਦਾ ਪਟਵਾਰੀ ਬਾਬੂ ਰਾਮ ਸੀ ਜੋ ਹਰਿਆਣੇ ਦਾ ਰਹਿਣ ਵਾਲਾ ਸੀ। ਪਿੰਡ ਦਾ ਪਟਵਾਰਖਾਨਾ ਸਰਦਾਰ ਮੇਹਰ ਸਿੰਘ ਦੀ ਹਵੇਲੀ ਵਿਚ ਸੀ ਜੋ ਉਨ੍ਹਾਂ ਦੀ ਮੌਤ 16-1-1983 ਤੇ ਉਸ ਦੇ ਪੁੱਤਰ ਸੋਹਣ ਸਿੰਘ ਦੀ ਮੌਤ 3-2-1988 ਤੋਂ ਮਗਰੋਂ ਪਿੰਡ ਨਸਰਾਲੇ ਚਲਾ ਗਿਆ ਸੀ।

ਨੋਟ: ਪਿੰਡ ਦਾ ਇਤਿਹਾਸ ਸ. ਨਿਰੰਜਣ ਸਿੰਘ ਨੇ ਮਿਤੀ 10-7-2013 ਨੂੰ ਲਿਖਵਾਇਆ ਹੈ। ਸਭ ਤੋਂ ਪਹਿਲਾਂ ਇਹ ਇਤਿਹਾਸ ਸ. ਧੰਨਾ ਸਿੰਘ ਨੇ 1974 ਈ: ਵਿਚ ਲਿਖਵਾਇਆ ਸੀ। ਕੁਝ ਜਾਣਕਾਰੀ ਮਿਸਤਰੀ ਪ੍ਰਿਤਮੀ ਸਿੰਘ ਸਪੁੱਤਰ ਸ. ਭਗਤ ਸਿੰਘ ਕੁਝ ਜਾਣਕਾਰੀ ਸ. ਜੋਗਿੰਦਰ ਸਿੰਘ ਸਪੁੱਤਰ ਜਗਤ ਸਿੰਘ ਤੇ ਜੋਗਿੰਦਰ ਸਿੰਘ ਸਪੁੱਤਰ ਮਹਿੰਗਾ ਸਿੰਘ ਨੇ ਲਿਖਵਾਈ ਹੈ। ਪਿੰਡ ਦੀ ਰਿਪੋਰਟ ਤਿਆਰ ਕਰਨ ਸਮੇਂ ਮੇਰੇ

ਨਾਲ ਮੇਰਾ ਭਤੀਜਾ ਡਾ. ਜਗਤਾਰ ਸਿੰਘ ਤੇ ਮਨਪ੍ਰੀਤ ਸਿੰਘ ਪੰਪੀ ਸਪੁੱਤਰ ਰਘਵੀਰ ਸਿੰਘ ਨਾਲ ਸਨ।

1947 ਦੇ ਰੌਲੇ ਤੇ ਸਾਡੇ ਬਜ਼ੁਰਗ

ਦੇਸ਼ ਦੀ ਵੰਡ ਨੂੰ ਲੈ ਕੇ ਆਸੇ-ਪਾਸੇ ਦਿਆਂ ਪਿੰਡਾਂ ਵਿਚ ਮਾੜੀਆਂ ਘਟਨਾਵਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ ਪਰ ਸਾਡੇ ਪਿੰਡ ਦੇ ਪਤਵੰਤੇ ਲੋਕਾਂ ਨੇ ਇਹ ਕੰਮ ਆਪਣੇ ਪਿੰਡ ਵਿਚ ਨਹੀਂ ਹੋਣ ਦਿੱਤਾ। ਸ. ਬੰਤਾ ਸਿੰਘ ਸਪੁੱਤਰ ਸੁਰਜਨ ਸਿੰਘ ਨੇ ਦੱਸਿਆ ਕਿ ਜਦੋਂ ਮਾੜੀਆਂ ਘਟਨਾਵਾਂ ਦੀ ਆਵਾਜ਼ ਸਾਡੇ ਪਿੰਡ ਦੇ ਮੁਸਲਮਾਨ ਭਰਾਵਾਂ ਦੇ ਕੰਨ ਪਈ ਤਾਂ ਉਨ੍ਹਾਂ ਦੀਆਂ ਔਰਤਾਂ ਰਾਤ ਨੂੰ ਸਾਡੇ ਘਰਾਂ ਵਿਚ ਆ ਕੇ ਲੁੱਕ ਗਈਆਂ ਤੇ ਕਹਿਣ ਲੱਗੀਆਂ... "ਸਾਡੀਆਂ ਲੜਕੀਆਂ ਦੀਆਂ ਸ਼ਾਦੀਆਂ ਆਪਣੇ ਲੜਕਿਆਂ ਨਾਲ ਕਰ ਲਓ ਤੇ ਸਾਨੂੰ ਪਿੰਡ ਵਿਚ ਵਸਦੇ ਰੱਖ ਲਓ। ਇਨ੍ਹਾਂ ਬਜ਼ੁਰਗਾਂ ਨੇ ਜੋ ਉਸ ਸਮੇਂ ਭਰ ਜਵਾਨੀ ਵਿਚ ਸਨ ਮੁਸਲਮਾਨ ਪਰਿਵਾਰਾਂ ਨੂੰ ਥੋੜ੍ਹੇ ਦਿਨਾਂ ਲਈ ਆਪਣੇ ਘਰਾਂ ਵਿਚ ਸੁਰੱਖਿਅਤ ਰੱਖਿਆ। ਜਦੋਂ ਆਸੇ ਪਾਸੇ ਸ਼ਾਂਤੀ ਹੋ ਗਈ ਤਾਂ ਇਨ੍ਹਾਂ ਪਰਿਵਾਰਾਂ ਨੂੰ ਬਾਇੱਜ਼ਤ ਸਰਕਾਰੀ ਕੈਂਪਾਂ ਵਿਚ ਛੱਡ ਕੇ ਆਂਦਾ। ਜਦੋਂ ਦੋਹਾਂ ਦੇਸ਼ਾਂ ਦੇ ਹਾਲਾਤ ਸੁਖਾਵੇ ਹੋ ਗਏ ਤਾਂ ਇਹ ਮੁਸਲਮਾਨ ਭਰਾ ਫਿਰ ਪਿੰਡ ਦੇ ਸਾਰੇ ਲੋਕਾਂ ਨੂੰ ਮਿਲ ਕੇ ਗਏ।

ਊਧੋ ਰਾਮ ਟੇਲਰ ਮਾਸਟਰ ਪਿੰਡ ਨੰਗਲ ਸ਼ਹੀਦਾਂ ਸਾਬਕਾ ਸਰਪੰਚ ਇਸ ਦੀ ਦੁਕਾਨ ਹੁਸ਼ਿਆਰਪੁਰ ਘੰਟਾ ਘਰ ਦੇ ਲਾਗੇ ਹੈ। ਹੇਠਾਂ ਮਫ਼ਤ ਲਾਲ ਗਰੁੱਪ ਦੀ ਕੱਪੜੇ ਦੀ ਦੁਕਾਨ ਹੈ। ਉੱਪਰ ਚੁਬਾਰੇ ਵਿਚ ਇਹ ਕੋਟ ਪੈਂਟ ਤੇ ਪੈਂਟਾਂ ਕਮੀਜ਼ਾਂ ਦਾ ਕੰਮ ਕਰਦੇ ਹਨ। ਬਹੁਤ ਸਾਰੇ ਸਰਕਾਰੀ ਮੁਲਾਜ਼ਮ ਇਨ੍ਹਾਂ ਪਾਸੋਂ ਸੀਜਨਲ ਕੱਪੜੇ ਸਿਲਵਾਉਂਦੇ ਸਨ। ਊਧੋ ਰਾਮ ਟੇਲਰ ਮਾਸਟਰ ਨੇ ਦੱਸਿਆ ਕਿ 1947 ਤੋਂ ਪਹਿਲਾਂ ਮੁਸਲਮਾਨ ਸ਼ਹਿਰ ਵਿਚ ਆਪਣੇ ਜਲੂਸ ਕੱਢਦੇ ਸਨ "ਹਮ ਪਾਕਿਸਤਾਨ ਲੇ ਕਰ ਰਹੇਂਗੇ" ਇਸ ਪ੍ਰਕਾਰ ਦੀਆਂ ਆਵਾਜ਼ਾਂ ਅਸੀਂ ਰੋਜ਼ ਸੁਣਦੇ ਸੀ ਇਸ ਨੂੰ ਦੇਖ ਕਰ ਅਸੀਂ ਕਹਿਣਾ ਕਿ ਪਾਕਿਸਤਾਨ ਕਿੱਥੇ ਬਣਨਾ ਹੈ। ਪਰ ਮੁਸਲਮਾਨ ਲੀਡਰਾਂ ਤੇ ਸਾਡੇ ਲੀਡਰਾਂ ਨੇ ਗਰਮ ਖਿਆਲੀ ਭਾਸ਼ਨ ਦੇ ਕੇ ਵਾਤਾਵਰਣ ਦੂਸ਼ਤ ਕਰ ਦਿੱਤਾ। ਜਦੋਂ ਸਥਿਤੀ ਬੇਕਾਬੂ ਹੋ ਗਈ ਤਾਂ ਦੇਸ਼ ਦੀ ਵੰਡ ਹੋ ਹੀ ਗਈ। ਸਦੀਆਂ ਤੋਂ ਪੁਰਾਣੀ ਸਾਂਝ ਦਾ ਅੰਤ ਹੋ ਗਿਆ। ਪੰਜਾਬ ਦੀ ਮਸ਼ਹੂਰ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਇਸ ਖ਼ੂਨੀ ਕਾਂਡ ਨੂੰ ਆਪਣੀ ਲਹੂ ਭਿੱਜੀ ਕਲਮ ਨਾਲ ਇੰਝ ਬਿਆਨ ਕੀਤਾ ਹੈ:-

ਮੈਂ ਤਵਾਰੀਖ ਹਾਂ ਹਿੰਦ ਦੀ ਡੋਬੂ ਦਿਲ ਵਿਚ ਪੈਣ
ਜੋ ਜੋ ਕੰਨੀ ਸੁਣੇ ਮੈਂ ਕਿੱਥੇ ਲਿਖਾਂ ਉਹ ਵੈਣ
ਕਾਲੇ ਮੇਰੇ ਸਫੇ ਵੇ ਹੋਰ ਲਿਖੇ ਨਾ ਜਾਣ
ਕੀ-ਕੀ ਦੱਸਾਂ ਹੋਰ ਮੈਂ ਮੇਰੇ ਵਰਕੇ ਪਏ ਸ਼ਰਮਾਣ
ਰਾਹੀਆ ਰਾਹ ਜਾਂਦਿਆ ਕੀ ਕੀ ਦਿਆਂ ਸੁਣਾ
ਓਏ ਕਹਾਣੀ ਦੇਸ਼ ਪੰਜਾਬ ਦੀ ਅੱਖਰ ਦਏ ਰੁਆ

(ਕਿਤਾਬ: ਸਾਂਝ-ਸਾਜ਼, ਪੰਨਾ-97)

ਇਸ ਖ਼ੂਨੀ ਸਾਕੇ ਵਿਚ ਜਦੋਂ ਲੱਖਾਂ ਧੀਆਂ ਦੀ ਪੱਤ ਲੁੱਟੀ ਗਈ ਤਾਂ ਅੰਮ੍ਰਿਤਾ ਪ੍ਰੀਤਮ ਉੱਚੀ ਆਵਾਜ਼ ਵਿਚ ਵਾਰਿਸ ਸ਼ਾਹ ਨੂੰ ਯਾਦ ਕਰਦੀ ਹੈ।

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋ ਕਬਰਾਂ ਵਿਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
ਉੱਠ ਦਰਦ ਮਨਾ ਦਿਆ ਦਰਦੀਆਂ, ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

ਇਸ ਹੀ ਤਰ੍ਹਾਂ ਪੰਜਾਬ ਦੇ ਸਮਕਾਲੀ ਕਵੀ ਪ੍ਰੋ. ਮੋਹਨ ਸਿੰਘ ਨੇ ਨਿਰਦੋਸ਼ ਮਾਰੇ ਗਏ ਲੋਕਾਂ ਲਈ ਗੁਰੂ ਨਾਨਕ ਦੇਵ ਜੀ ਅੱਗੇ ਅਰਦਾਸ ਕੀਤੀ ਹੈ। ਇਸ ਕਵਿਤਾ ਦੀਆਂ ਚੰਦ ਲਾਈਨਾਂ:

ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।
ਕਲਯੁੱਗ ਹੈ ਹੱਥ ਅਗਨ ਦਾ, ਤੂੰ ਆਪ ਆਖਿਆ,
ਮੁੜ ਕੂੜ ਓਸ ਰੱਥ ਦਾ ਰਥਵਾਨ ਹੋ ਗਿਆ।
ਉਹ ਮੱਚੇ ਤੇਰੇ ਦੇਸ਼ ਦੀ ਹਿੱਕ ਤੇ ਉਲੰਬੜੇ,
ਪੰਜ ਪਾਣੀਆਂ ਦਾ ਪਾਣੀ ਵੀ ਹੈਰਾਨ ਹੋ ਗਿਆ।
ਜੁਗਾਂ ਦੀ ਸਾਂਝੀ ਸੱਭਿਅਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨ੍ਹਾਣ ਹੋ ਗਿਆ।
ਇਕ ਪਾਸੇ ਪਾਕ, ਪਾਕੀ ਪਾਕਿਸਤਾਨ ਹੋ ਗਿਆ;
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ।
ਇਕ ਤੇਰੀ ਸੱਜੀ ਅੱਖ ਸੀ, ਇਕ ਤੇਰੀ ਖੱਬੀ ਅੱਖ,
ਦੋਹਾਂ ਅੱਖਾਂ ਦਾ ਹਾਲ ਤੇ ਨੁਕਸਾਨ ਹੋ ਗਿਆ।
ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾ ਮੈਂ,
ਆਇਆ ਨਾ ਤੈਂ ਕੀ ਦਰਦ ਏਨਾ ਘਾਣ ਹੋ ਗਿਆ।

•

ਦੇਸ਼ ਦੀ ਵੰਡ ਸਬੰਧੀ ਮੇਰੀਆਂ ਚੰਦ ਸਤਰਾਂ

ਨਾ ਵੰਡੋ ਨਾ ਵੰਡੋ ਸਾਂਝ ਪੁਰਾਣੀ ਨੂੰ
ਨਾ ਵੰਡੋ ਨਾ ਵੰਡੋ ਹਾਣੀ ਤੋਂ ਹਾਣੀ ਨੂੰ
ਨਾ ਵੰਡੋ ਨਾ ਵੰਡੋ ਪੰਜਾਬ ਦੇ ਪਾਣੀ ਨੂੰ
ਨਾ ਵੰਡੋ ਨਾ ਵੰਡੋ ਕੁਰਾਨ ਤੇ ਨਾਨਕ ਦੀ ਬਾਣੀ ਨੂੰ

ਨਾ ਵੰਡੋ ਨਾ ਵੰਡੋ ਧਰਤ ਸੁਹਾਣੀ ਨੂੰ
ਅੱਜ ਦੇ ਨੇਤਾ ਕੁਝ ਹੋਸ਼ ਕਰੋ
ਕੁਰਸੀ ਖਾਤਰ ਦਿੰਦੇ ਦੁੱਖ ਨਿਮਾਣੀ ਨੂੰ
ਵੱਡੇ ਵੱਡੇ ਹਮਲੇ ਝੱਲੇ ਨਾਦਰ ਸ਼ਾਹਾਂ ਦੇ
ਸਮਝਿਆ ਨਾ ਕਿਸੇ ਇਸ ਕਹਾਣੀ ਨੂੰ
ਵੰਡੀਆਂ ਪਾ ਕੇ ਕੀ ਖੱਟਿਆ ਅਸੀਂ ਦੋਹਾਂ ਨੇ
ਦੂਰੀਆਂ ਵਧੀਆਂ ਦਿਲਾਂ 'ਚ ਸੈਂ ਕੋਹਾਂ ਨੇ।

-ਪ੍ਰਿੰ. ਗੁਰਦਿਆਲ ਸਿੰਘ ਫੁੱਲ

*** ਉਸਤਾਦ ਦਾਮਨ**

ਗੁਲਜ਼ਾਰ ਸਿੰਘ ਸੰਧੂ ਨੇ 25-5-2013 ਨੂੰ ਅਜੀਤ ਪੇਪਰ ਵਿਚ ਆਪਣੇ ਲੇਖ 'ਨਿੱਕ ਸੁੱਕ' ਵਿਚ ਉਸਤਾਦ ਦਾਮਨ ਦਾ ਜ਼ਿਕਰ ਕੀਤਾ ਕਿ 1947 ਤੋਂ ਮਗਰੋਂ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਉਸਤਾਦ ਦਾਮਨ ਨੂੰ ਇਕ ਪ੍ਰੋਗਰਾਮ ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਬੁਲਾਇਆ। ਜਦੋਂ ਉਸਤਾਦ ਦਾਮਨ ਨੇ ਦੇਸ਼ ਦੀ ਵੰਡ ਦੇ ਸਬੰਧ ਵਿਚ ਹੇਠ ਲਿਖੀ ਕਵਿਤਾ ਬੋਲੀ ਤਾਂ ਨਹਿਰੂ ਜੀ ਸੁਣ ਕੇ ਰੋਣ ਲੱਗ ਪਏ।

"ਭਾਵੇਂ ਮੂੰਹੋਂ ਨਾ ਕਹੀਏ, ਪਰ ਵਿਚੋਂ ਵਿਚੀ
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ।
ਇਨ੍ਹਾਂ ਬਰਬਾਦੀਆਂ ਹੱਥੋਂ ਬਰਬਾਦ ਹੋਣਾਂ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਉਮੀਦ ਏ ਜ਼ਿੰਦਗੀ ਮਿਲ ਜਾਏਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।
ਜਿਊਂਦੀ ਜਾਨ ਈ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।"*

ਥਿਆੜਾ ਪਰਿਵਾਰ ਦੇ ਘਰਾਂ ਦਾ ਵੇਰਵਾ ਆਦਿ ਤੋਂ ਹੁਣ ਤੱਕ

* **ਕਾਨ ਸਿੰਘ**:- ਆਪ ਦੀ ਧਰਮ ਪਤਨੀ ਦੇ ਨਾਮ ਬਾਰੇ ਪਤਾ ਨਹੀਂ ਹੈ। ਆਪ ਦੇ ਵੰਸ਼ ਵਿਚ ਤਿੰਨ ਲੜਕੇ ਸਨ- ਜੈਮਲ ਸਿੰਘ, ਫੱਤਾ ਤੇ ਗੋਂਦੀ।

* **ਜੈਮਲ ਸਿੰਘ** ਦੇ ਪਰਿਵਾਰ ਦਾ ਵੇਰਵਾ ਇਸ ਪ੍ਰਕਾਰ ਹੈ।

ਜੈਮਲ ਸਿੰਘ ਦੀ ਧਰਮ ਪਤਨੀ ਦਾ ਨਾਮ ਭੋਲੀ ਸੀ ਜਿਸ ਦੇ ਤਿੰਨ ਲੜਕੇ ਸਨ- ਅਰਜਨ ਸਿੰਘ, ਮੀਹਾਂ, ਨਾਮਾ ਤੇ ਇੱਕ ਲੜਕੀ ਰੁੱਕੋ ਸੀ ਜੋ ਮਾਣਕੋ ਵਿਆਹੀ ਹੋਈ ਸੀ।

* **ਫੱਤਾ**:- ਇਸ ਨੇ ਸ਼ਾਦੀ ਨਹੀਂ ਕਰਵਾਈ ਸੀ।

* **ਗੋਂਦੀ**:- ਆਪ ਦੀ ਧਰਮ ਪਤਨੀ ਦਾ ਨਾਮ ਗੁਰਦੇਈ ਸੀ। ਗੋਂਦੀ ਦੇ ਵੰਸ਼ ਵਿਚ ਇਕ ਲੜਕਾ ਮਹਿਰਾ ਤੇ ਦੋ ਲੜਕੀਆਂ ਰੱਖੀ ਤੇ ਈਸਰੀ ਸਨ।

* **ਅਰਜਨ ਸਿੰਘ**:- ਅਰਜਨ ਸਿੰਘ ਦੀ ਧਰਮ ਪਤਨੀ ਦਾ ਨਾਮ ਸੰਤੀ ਸੀ ਜਿਸ ਦੇ ਪੇਕੇ ਅੱਤੋਵਾਲ, ਹੁਸ਼ਿਆਰਪੁਰ ਸਨ। ਅਰਜਨ ਸਿੰਘ ਦਾ ਇਕ ਭਰਾ ਨਾਮਾ ਸੀ ਜਿਸ ਦਾ ਇਕ ਲੜਕਾ ਸੀ ਜੋ ਮਰ ਗਿਆ ਸੀ ਤੇ ਇਕ ਲੜਕੀ ਬਿਸੋ ਸੀ। ਦੋ ਬੱਚਿਆਂ ਦੇ ਮਗਰੋਂ ਨਾਮਾ ਮਰ ਗਿਆ ਸੀ। ਨਾਮੇ ਦੇ ਮਰਨ ਮਗਰੋਂ ਸੰਤੀ ਅਰਜਨ ਸਿੰਘ ਦੇ ਘਰ ਵਸ ਗਈ ਸੀ। ਪਹਿਲਾਂ ਪਰਿਵਾਰਾਂ ਵਿਚ ਇਸ ਪ੍ਰਕਾਰ ਹੀ ਹੁੰਦਾ ਸੀ।

ਵੰਸ਼:- ਅਰਜਨ ਸਿੰਘ ਦੇ ਵੰਸ਼ ਵਿਚ ਪੰਜ ਲੜਕੀਆਂ ਤੇ ਤਿੰਨ ਲੜਕੇ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

* **ਲੜਕੀਆਂ**: ਬੀਸੋ, ਧੰਤੀ, ਕਰਮੀ, ਭਾਗੋ, ਗੱਚੋ।

ਬੀਸੋ ਮਾਹਿਲਪੁਰ ਦੇ ਕੋਲ ਨੰਗਲ ਵਿਆਹੀ ਹੋਈ ਹੈ।

ਧੰਤੀ ਤੇ ਕਰਮੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਾਨਾ ਵਿਆਹੀਆਂ ਹੋਈਆਂ ਹਨ।

* **ਭਾਗੋ** ਜ਼ਿਲ੍ਹਾ ਜਲੰਧਰ ਦੇ ਪਿੰਡ ਰਾਏਪੁਰ-ਬੱਲਾਂ ਵਿਆਹੀ ਹੋਈ ਹੈ।

* **ਗੱਚੋ** ਦੇ ਸਹੁਰੇ ਯੂ.ਪੀ. ਵਿਚ ਹਨ। ਆਪ ਦਾ ਭਾਈ ਗੁਰਬਚਨ ਸਿੰਘ ਕਈ ਵਾਰ ਉਥੇ ਜਾ ਕੇ ਆਉਂਦਾ ਸੀ। ਖੇਤੀਬਾੜੀ ਦਾ ਚੰਗਾ ਕੰਮਕਾਰ ਹੈ।

ਵੰਸ਼: * **ਅਰਜਨ ਸਿੰਘ ਦੇ ਲੜਕੇ**: ਇੰਦਰ ਸਿੰਘ, ਗੁਰਬਚਨ ਸਿੰਘ ਤੇ ਨਿਰੰਜਨ ਸਿੰਘ

1. **ਇੰਦਰ ਸਿੰਘ:**- ਇਸ ਨੇ ਸ਼ਾਦੀ ਨਹੀਂ ਕਰਾਈ ਸੀ। ਇਹ ਸਾਈਂ ਤੇ ਭਾਗੋ ਦੇ ਭਰਾ ਛੱਜੂ ਦੇ ਕਤਲ ਕੇਸ ਵਿਚ ਸ਼ੱਕੀ ਤੌਰ 'ਤੇ ਫੜਿਆ ਗਿਆ ਸੀ। ਮਗਰੋਂ ਉਸ ਦੀ ਮੌਤ ਹੋ ਗਈ ਸੀ।

2. **ਗੁਰਬਚਨ ਸਿੰਘ:**- ਪਿੰਡ ਵਿਚ ਆਪ ਨੂੰ ਗਿਆਨੀ ਗੁਰਬਚਨ ਸਿੰਘ ਕਹਿ ਕੇ ਬੁਲਾਇਆ ਜਾਂਦਾ ਹੈ। ਆਪ ਦੀ ਸਰੀਰਕ ਬਣਤਰ ਕੱਦ ਲੰਮਾ, ਚਿਹਰੇ ਦਾ ਰੰਗ ਚਿੱਟਾ ਤੇ ਸਫੇਦ ਦਾੜ੍ਹਾ ਹੈ। ਜਵਾਨੀ ਦੀ ਉਮਰ ਵਿਚ ਆਪ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ। ਠੀਕ ਹੋਣ ਮਗਰੋਂ ਆਪ ਪਿੰਡ ਤੋਂ ਬਹੁਤ ਸਮਾਂ ਬਾਹਰ ਰਹਿ ਕੇ ਆਪ ਨੇ ਪੰਜਾਬੀ ਲਿਖਣੀ, ਪੜਨੀ ਸਿੱਖ ਲਈ। ਇਸ ਦੇ ਨਾਲ ਹੀ ਆਪ ਨੇ ਕੀਰਤਨ ਕਰਨਾ ਸਿੱਖ ਲਿਆ। ਆਪ ਬਾਣੀ ਨਾਲ ਜੁੜਨ ਕਰਕੇ ਪਾਠੀ ਬਣ ਗਏ। ਪਿੰਡ ਵਿਚ ਕਿਸੇ ਦੇ ਘਰ ਲੜਕੀ ਦੀ ਸ਼ਾਦੀ ਹੁੰਦੀ ਤਾਂ ਆਪ ਅਨੰਦ ਕਾਰਜ ਦੀ ਰਸਮ ਅਦਾ ਕਰਦੇ ਸਨ। ਪਿੰਡ ਦੇ ਗੁਰੂ ਘਰ ਵਿਚ ਆਪ ਪਿੰਡ ਦੇ ਸਹਿਯੋਗ ਨਾਲ ਮਹਾਂਪੁਰਸ਼ਾਂ ਦੇ ਜਨਮ ਦਿਨ 'ਤੇ ਸ਼ਹੀਦੀ ਦਿਹਾੜੇ ਮਨਾਉਂਦੇ ਸਨ। ਆਮ ਕਰਕੇ ਰਾਤ ਦੇ ਸਮੇਂ ਸਮਾਗਮ ਹੁੰਦੇ ਸਨ ਉਸ ਸਮੇਂ ਪਿੰਡ ਦਾ ਗੁਰੂ ਘਰ ਛੋਟਾ ਸੀ ਅਤੇ ਅਬਾਦੀ ਵੀ ਥੋੜ੍ਹੀ ਸੀ। ਆਪ ਬਹੁਤ ਉੱਚੀ ਸੁਰ ਵਿਚ ਗਾਉਂਦੇ ਸਨ। ਸਾਕਾ ਸਰਹੰਦ ਦਾ ਵਿਖਿਆਨ ਕਰਨ ਸਮੇਂ ਸਾਰੀਆਂ ਸੰਗਤਾਂ ਵੈਰਾਗ ਵਿਚ ਆ ਜਾਂਦੀਆਂ ਸਨ।

* ਇਸ ਹੀ ਤਰ੍ਹਾਂ ਮਾਘ ਦੀ ਪੂਰਨਮਾਸੀ ਨੂੰ ਪਿੰਡ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਂਦਾ ਹੈ। ਇਹ ਦੀਵਾਨ ਵੀ ਰਾਤ ਨੂੰ ਲੱਗਦੇ ਸਨ। ਆਪ ਨੇ ਖੁਦ ਜਾ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਜਨਮ ਸਥਾਨ ਸੀਰ ਗੋਵਰਧਨਪੁਰ ਕਾਸ਼ੀ ਬਨਾਰਸ ਵੇਖਿਆ ਸੀ। ਕਦੇ-ਕਦੇ ਕ੍ਰਿਸ਼ਨ ਤੇ ਸੁਦਾਮੇ ਦਾ ਵਿਖਿਆਨ ਵੀ ਕਰਦੇ ਸਨ। ਸਿੱਖ ਇਤਿਹਾਸ ਤੋਂ ਪੂਰੀ ਤਰ੍ਹਾਂ ਜਾਣੂ ਸੀ। ਇਸ ਤੋਂ ਇਲਾਵਾ ਆਪ ਆਪਣੇ ਭਾਈ ਨਿਰੰਜਨ ਸਿੰਘ ਦੇ ਨਾਲ ਖੇਤੀ ਦਾ ਕੰਮ ਕਰਦੇ ਸਨ।

ਆਪ ਦਾ ਮਜ਼ਾਕੀਆ ਸੁਭਾਅ ਸੀ। ਦਿਨ ਵਾਰ ਤੇ ਕਿਤੇ-ਕਿਤੇ ਹਾਸਰਸ ਦੀ ਕਵਿਤਾ ਵੀ ਸੁਣਾਉਂਦੇ ਸਨ। ਮਹਿੰਦਰ ਸਿੰਘ ਸਰਪੰਚ ਦੇ ਆਪ ਖਾਸ ਸਲਾਹਕਾਰ ਸਨ। ਪਿੰਡ ਦੇ ਬਾਰੇ ਉਨ੍ਹਾਂ ਨੂੰ ਪੂਰੀ ਜਾਣਕਾਰੀ ਸੀ। ਸਾਡੇ ਬਜ਼ੁਰਗਾਂ ਨਾਲ ਵੀ ਆਪ ਦਾ ਖਾਸ ਪਿਆਰ ਸੀ। ਸਾਡੀ ਦਾਦੀ ਖੇਮੀ ਦੇਵੀ ਤੇ ਤਾਇਆ ਧੰਨਾ ਸਿੰਘ ਦੇ ਸ਼ਰਧਾਂਜਲੀ ਸਮਾਗਮ ਵਿਚ ਆਪ ਨੇ ਕੀਰਤਨ ਕੀਤਾ ਸੀ। ਇਹ ਕੀਰਤਨ ਉਨ੍ਹਾਂ ਦੀ ਉਪਜੀਵਕਾ ਨਹੀਂ ਸੀ। ਵੈਸੇ ਸ਼ੌਕੀਆ ਤੌਰ 'ਤੇ ਆਪ ਕੀਰਤਨ ਕਰਦੇ ਸਨ। ਆਪ ਆਪਣੇ ਨਾਮ ਦੇ ਮਗਰ ਨਿਰਧਨ ਦੀ ਵਰਤੋਂ ਕਰਦੇ ਸਨ। ਮੈਂ ਇਨ੍ਹਾਂ ਦੇ ਪਾਸੋਂ ਗੁਰਬਾਣੀ ਦਾ ਕਾਫੀ ਗਿਆਨ ਹਾਸਲ ਕੀਤਾ ਹੈ। ਆਪ ਨੇ ਅੰਮ੍ਰਿਤਪਾਨ ਕੀਤਾ ਹੋਇਆ ਸੀ। ਪਿੰਡ ਦੇ ਆਮ ਇਜਲਾਸ ਵਿਚ ਵੀ ਆਪ ਤਰਕ ਨਾਲ ਗੱਲ ਕਰਦੇ ਸਨ। ਆਪ ਦਾ ਆਪਣੇ ਭਰਾ ਦੇ ਬੱਚਿਆਂ ਨਾਲ ਵੀ ਬਹੁਤ ਪਿਆਰ ਸੀ।

ਉਮਰ ਵਡੇਰੀ ਹੋਣ ਕਰਕੇ ਆਪ ਦੀ ਸਿਹਤ ਠੀਕ ਨਾ ਰਹਿਣ ਲੱਗੀ। ਆਪ ਨੂੰ

ਲੁਧਿਆਣੇ ਡੀ.ਐਮ.ਸੀ. ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਜਦੋਂ ਡਾਕਟਰ ਸਾਹਿਬ ਆਪ ਨੂੰ ਚੈੱਕ1 ਕਰ ਰਿਹਾ ਸੀ ਤਾਂ ਆਪ ਦੇ ਦਿਲ ਦੇ ਵਿਚੋਂ ਕਿਸੇ ਸੰਗੀਤ ਦੇ ਵੱਜਣ ਦੀ ਆਵਾਜ਼ ਆਉਂਦੀ ਹੋਵੇ। ਇਵੇਂ ਲੱਗ ਰਿਹਾ ਸੀ ਕਿ ਆਪ ਦੇ ਦਿਲ ਵਿਚੋਂ ਜਿਵੇਂ ਕਿਸੇ ਸੰਗੀਤ ਦੇ ਵੱਜਣ ਦੀ ਆਵਾਜ਼ ਆਉਂਦੀ ਹੋਵੇ। ਇਹ ਸ਼ਬਦ ਆਪ ਦੇ ਭਤੀਜੇ ਰਵਿੰਦਰ ਸਿੰਘ ਨੇ ਮੈਨੂੰ ਦੱਸੇ ਸਨ। ਆਪ ਮਿਤੀ 13-3-1990 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਆਪ ਦੀ ਆਤਮਿਕ ਸ਼ਾਂਤੀ ਲਈ ਪਰਿਵਾਰ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤਰ ਬਾਣੀ ਦੇ ਭੋਗ ਪਾਏ। ਆਈਆਂ ਸੰਗਤਾਂ ਲਈ ਚਾਹ-ਪਾਣੀ ਤੇ ਲੰਗਰ ਦਾ ਖਾਸ ਪ੍ਰਬੰਧ ਸੀ।

* **ਨਿਰੰਜਨ ਸਿੰਘ:-** ਆਪ ਆਪਣੇ ਪਿਤਾ ਅਰਜਨ ਸਿੰਘ ਦੀ ਸਭ ਤੋਂ ਛੋਟੀ ਸੰਤਾਨ ਹਨ। ਆਪ ਨੇ ਇਹ ਵੀ ਦੱਸਿਆ ਹੈ ਕਿ ਮੈਂ ਆਪਣੇ ਭਾਈ ਗੁਰਬਚਨ ਸਿੰਘ ਤੋਂ ਵੀਹ ਸਾਲ ਛੋਟਾ ਹਾਂ।

ਆਪ ਦੀ ਧਰਮ ਪਤਨੀ ਦਾ ਨਾਮ ਮਹਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਖੈਹਰੇ ਹਨ। ਇਸ ਪਿੰਡ ਦੇ ਲੋਕਾਂ ਦਾ ਗੋਤ ਵੀ ਖਹਿਰਾ ਹੈ। ਪਹਿਲਾਂ ਪਹਿਲ ਆਮ ਲੋਕਾਂ ਦੀ ਖੇਤੀ ਮਾਰੂ ਸੀ। ਪਿੰਡ ਦੇ ਚੜ੍ਹਦੇ ਪਾਸੇ ਆਪ ਦਾ ਖੂਹ ਸੀ ਜੋ ਚਾਲੂ ਨਹੀਂ ਸੀ ਫਿਰ ਦੋ ਚਾਰ ਘਰਾਂ ਨੇ ਰਲ ਕੇ ਖੂਹ ਨੂੰ ਚਾਲੂ ਕੀਤਾ ਜੋ 1978 ਦੇ ਕਰੀਬ ਚੱਲਦਾ ਰਿਹਾ। ਖੂਹ ਦੇ ਲਾਗਲੀ ਜ਼ਮੀਨ ਵਿਚ ਫ਼ਸਲ ਚੰਗੀ ਹੋ ਜਾਂਦੀ ਹੈ। ਬਹੁਤ ਵਾਰ ਬੰਤਾ ਸਿੰਘ ਸ਼ਾਹ ਜੀ ਨੇ ਆਪ ਦੇ ਖੂਹ 'ਤੇ ਅੱਧ ਤੇ ਮੱਕੀ ਦੀ ਫ਼ਸਲ ਬੀਜੀ ਹੈ।

* ਜ਼ਮੀਨ ਦਾ ਕੁਝ ਹਿੱਸਾ ਬੇਆਬਾਦ ਸੀ ਜਿਸ ਨੂੰ ਹੁਣ ਵਾਹੀਯੋਗ ਜ਼ਮੀਨ ਵਿਚ ਬਦਲ ਦਿੱਤਾ ਹੈ। ਟਿਊਬਵੈੱਲ ਲੱਗਣ ਦੇ ਨਾਲ ਚੰਗੀ ਫ਼ਸਲ ਹੁੰਦੀ ਹੈ। ਚਾਚੀ ਮਹਿੰਦਰ ਕੌਰ ਦਾ ਸਾਡੀਆਂ ਮਾਤਾਵਾਂ, ਚਾਚੀਆਂ, ਤਾਈਆਂ ਨਾਲ ਖਾਸ ਪਿਆਰ ਰਿਹਾ ਹੈ। ਨਿਰੰਜਨ ਸਿੰਘ ਨੇ ਭਾਵੇਂ ਕਿਸੇ ਸਕੂਲ ਦੀ ਪੜ੍ਹਾਈ ਨਹੀਂ ਕੀਤੀ ਪਰ ਆਪ ਬੜੀ ਸੂਝ-ਬੂਝ ਵਾਲੇ ਹਨ। ਆਪ ਨੇ ਦੱਸਿਆ ਕਿ ਮੈਂ ਬਹੁਤ ਸਾਰਾ ਗਿਆਨ ਇਕ ਮਹਾਤਮਾ ਤੋਂ ਹਾਸਲ ਕੀਤਾ ਹੈ। ਜੋ ਹਰ ਸਾਲ ਹਰਿਦੁਆਰ ਤੋਂ ਆਉਂਦਾ ਸੀ ਅਤੇ ਸਾਡੇ ਕੋਲ ਇਕ ਮਹੀਨਾ ਰਹਿੰਦਾ ਸੀ। ਉਸ ਨੇ ਰਮਾਇਣ ਮਹਾਂਭਾਰਤ ਦਾ ਸਾਰਾ ਵਿਖਿਆਨ ਚੰਗੇ ਢੰਗ ਨਾਲ ਕਰਨਾ ਤੇ ਮੈਂ ਬਹੁਤ ਧਿਆਨ ਨਾਲ ਸੁਣਨਾ। ਨਿਰੰਜਨ ਸਿੰਘ ਨੇ ਇਹ ਵੀ ਕਿਹਾ ਕਿ ਕਾਕਾ! ਜਿੰਨੇ ਮਰਜੀ ਧਾਰਮਿਕ ਗ੍ਰੰਥ ਪੜ੍ਹ ਲਵੋ ਜਦੋਂ ਤਰਨਾ ਹੈ ਆਪਣੀ ਕਮਾਈ ਨਾਲ ਤਰਨਾ ਹੈ।

ਆਪ ਦੇ ਮਾਤਾ ਪਿਤਾ ਸੁਰਗਵਾਸ ਹੋ ਗਏ ਸਨ। ਪਿਤਾ ਦੀ ਕਬੀਲਦਾਰੀ ਦਾ ਸਾਰਾ ਕੰਮ ਦੋਹਾਂ ਭਰਾਵਾਂ ਨੇ ਕੀਤਾ ਹੈ। ਨਿਰੰਜਨ ਸਿੰਘ ਦੀ ਉਮਰ 90 ਸਾਲ ਦੇ ਕਰੀਬ ਹੈ। ਹੁਣ ਸਿਹਤ ਠੀਕ ਨਹੀਂ ਰਹਿੰਦੀ ਹੈ। ਨਿਰੰਜਨ ਸਿੰਘ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 17-9-2015 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਆਪ ਦਾ ਭੋਗ

ਮਿਤੀ 26-9-2015 ਨੂੰ ਪਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਭਾਈ ਜੋਗਾ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ। ਨਿਰੰਜਨ ਸਿੰਘ ਦੇ ਜੀਵਨ 'ਤੇ ਪਿਛਲ ਝਾਤ ਪਾਈ। ਸਾਰੀ ਸਾਧ ਸੰਗਤ ਲਈ ਚਾਹ ਤੇ ਲੰਗਰ ਦਾ ਖਾਸ ਪ੍ਰਬੰਧ ਸੀ। ਇਸ ਸ਼ਰਧਾਂਜਲੀ ਸਮਾਗਮ ਵਿਚ ਮੈਂ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਪਰਿਵਾਰ ਵੱਲੋਂ ਛੋਟੇ ਲੜਕੇ ਫਕੀਰ ਸਿੰਘ ਦੇ ਸਿਰ ਜ਼ਿੰਮੇਵਾਰੀ ਦੀ ਪੱਗੜੀ ਬੰਨਾਈ ਗਈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਤੇ ਤਿੰਨ ਲੜਕੀਆਂ ਹਨ।

ਲੜਕੇ: ਦਲਵੀਰ ਸਿੰਘ, ਫਕੀਰ ਸਿੰਘ

ਲੜਕੀਆਂ: ਬਲਵੀਰ ਕੌਰ, ਤੀਰਥ ਕੌਰ ਤੇ ਸੁਖਦੇਵ ਕੌਰ ਹਨ।

ਦਲਵੀਰ ਸਿੰਘ:- ਦਲਵੀਰ ਸਿੰਘ ਦੀ ਧਰਮ ਪਤਨੀ ਦਾ ਨਾਮ ਸੁਖਵਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪਿਆਲਾਂ ਹਨ। ਦਲਵੀਰ ਸਿੰਘ ਪੰਜਵੀਂ ਪਾਸ ਹੈ। ਛੋਟੇ ਹੁੰਦੇ ਨੂੰ ਪੜ੍ਹਾਈ ਦਾ ਬਹੁਤ ਸ਼ੌਂਕ ਸੀ। ਇਕ ਵਾਰ ਦੀ ਗੱਲ ਹੈ ਕਿ ਇਸ ਨੂੰ ਪੜ੍ਹਾਉਣ ਵਾਲੀ ਮੈਡਮ ਸਾਡੇ ਪਿੰਡ ਆਈ। ਉਹ ਗੁਰਬਖਸ਼ ਸਿੰਘ ਦੇ ਘਰ ਬੈਠ ਕੇ ਗੱਲਬਾਤ ਕਰ ਰਹੀ ਸੀ। ਦਲਵੀਰ ਸਿੰਘ ਨੇ ਆਪਣੇ ਪਿਤਾ ਨਿਰੰਜਨ ਸਿੰਘ ਨੂੰ ਵਾਰ-ਵਾਰ ਦੱਸਿਆ ਕਿ ਭਾਪਾ! ਮੈਂ ਆਪਣੀ ਭੈਣ ਜੀ ਦੇਖ ਲਈ ਹੈ। ਆਪ ਰਾਸ ਡਰਾਮਾ ਦੇਖਣ ਦੇ ਵੀ ਸ਼ੌਕੀਨ ਸਨ। ਜਦੋਂ ਸਾਹਰੀ ਹੋਲਾ ਹੁੰਦਾ ਸੀ ਤਾਂ ਆਪ ਸ਼ਾਮ ਨੂੰ ਜਲਦੀ ਰੋਟੀ ਖਾ ਕੇ ਸਾਡੀ ਹਵੇਲੀ ਆ ਜਾਣਾ ਤੇ ਬਾਕੀ ਸਾਥੀਆਂ ਨਾਲ ਮਿਲ ਕੇ ਰਾਸ-ਡਰਾਮੇ ਦਾ ਅਨੰਦ ਲੈਣਾ। ਆਪ ਨੇ ਥੋੜ੍ਹਾ ਸਮਾਂ ਡੁਬਈ ਵਿਚ ਵੀ ਲਾਇਆ ਹੈ। ਹੁਣ ਆਪ ਖੇਤੀਬਾੜੀ ਕਰ ਰਹੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੀਆਂ- ਕਮਲਜੀਤ ਕੌਰ, ਮਨਜਿੰਦਰ ਕੌਰ ਤੇ ਮਨਜੋਤ ਕੌਰ ਹਨ ਜੋ ਪੜ੍ਹ ਰਹੀਆਂ ਹਨ। ਇਕ ਲੜਕਾ ਪਰਮਜੀਤ ਸਿੰਘ ਹੈ ਜਿਸ ਨੇ 10+2 ਕੀਤੀ ਹੈ। ਜਗਤਾਰ ਸਿੰਘ ਦੇ ਨਾਲ ਪ੍ਰਾਈਵੇਟ ਤੌਰ ਤੇ ਕੰਮ ਕਰਦਾ ਹੈ। ਇਸ ਦੇ ਨਾਲ ਘਰੇਲੂ ਕੰਮ ਵੀ ਕਰਦਾ ਹੈ।

*** ਫਕੀਰ ਸਿੰਘ:**- ਨਿਰੰਜਨ ਸਿੰਘ ਦਾ ਦੂਜਾ ਲੜਕਾ ਫਕੀਰ ਸਿੰਘ ਹੈ ਜੋ ਦਸਵੀਂ ਪਾਸ ਹੈ। ਆਪ ਦੀ ਧਰਮ ਪਤਨੀ ਦਾ ਨਾਮ ਸਰਬਜੀਤ ਕੌਰ ਹੈ ਜਿਸ ਨੇ ਇਕ ਲੜਕੇ ਤੇ ਲੜਕੀ ਨੂੰ ਜਨਮ ਦਿੱਤਾ ਹੈ। ਭਰ ਜਵਾਨੀ ਵਿਚ ਸਰਬਜੀਤ ਕੌਰ ਦੀ ਅਚਾਨਕ ਮੌਤ ਮਿਤੀ 6-6-1998 ਨੂੰ ਮੌਤ ਹੋ ਗਈ। ਫਕੀਰ ਸਿੰਘ ਦਾ ਪਹਿਲੇ ਵਿਆਹ ਦਾ ਲੜਕਾ ਬੁੱਧਪਾਲ ਸਿੰਘ ਹੈ ਤੇ ਲੜਕੀ ਮਨੀਸ਼ ਪਾਲ ਕੌਰ ਹੈ।

ਫਕੀਰ ਸਿੰਘ ਨੇ ਦੂਜੀ ਸ਼ਾਦੀ ਅਮਨਦੀਪ ਕੌਰ ਨਾਲ ਪਿੰਡ ਭਗਵਾਨਪੁਰ ਨੇੜੇ ਵਡਾਲਾ ਮਾਹੀ ਹੁਸ਼ਿਆਰਪੁਰ ਵਿਖੇ ਕਰਵਾਈ ਹੈ ਜਿਸ ਦੀ ਇਕ ਲੜਕੀ ਕਿਰਵਨ ਪਾਲ ਕੌਰ ਹੈ।

ਨਿਰੰਜਨ ਸਿੰਘ ਦੀਆਂ ਲੜਕੀਆਂ:

1. ਬਲਵੀਰ ਕੌਰ ਧਰਮ ਪਤਨੀ ਕੁਲਵਿੰਦਰ ਸਿੰਘ ਹੈ ਜਿਸ ਦੀ ਸ਼ਾਦੀ ਮਿਤੀ 24-3-1996 ਨੂੰ ਬੁਢਿਆਣਾ, ਜਲੰਧਰ ਹੋਈ ਹੈ।

2. ਤੀਰਥ ਕੌਰ ਧਰਮ ਪਤਨੀ ਦਵਿੰਦਰ ਸਿੰਘ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਫਗੂੜੇ ਹਨ।

3. ਸੁਖਦੇਵ ਕੌਰ ਧਰਮ ਪਤਨੀ ਪਾਲ ਸਿੰਘ ਤੇ ਸਹੁਰੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸੂਸਾਂ ਹਨ।

ਮੀਹਾਂ ਸਿੰਘ

ਮੀਹਾਂ ਸਿੰਘ ਦੇ ਵੰਸ਼ ਵਿਚ ਤਿੰਨ ਲੜਕੇ ਭਗਤਾ, ਜਾਗਰ, ਨਾਜ਼ਰ ਸਿੰਘ ਤੇ ਇਕ ਲੜਕੀ ਮਾਲਾ ਹਨ।

ਮੀਹਾਂ ਸਿੰਘ ਦੇ ਪਿਤਾ ਦਾ ਨਾਮ ਜੈਮਲ ਸਿੰਘ ਤੇ ਮਾਤਾ ਦਾ ਨਾਮ ਭੋਲੀ ਸੀ, ਜਿਸ ਦਾ ਵਿਖਿਆਨ ਪਿੱਛੇ ਕਰ ਦਿੱਤਾ ਗਿਆ ਹੈ।

ਮੀਹਾਂ ਸਿੰਘ ਦੀ ਧਰਮ ਪਤਨੀ ਦਾ ਨਾਮ ਰੁਕਮਣ ਸੀ ਜੋ ਚੰਗੀ ਉਮਰ ਭੋਗ ਕੇ ਸੁਰਗਵਾਸ ਹੋਈ ਹੈ।

* **ਲੜਕੇ**:- ਭਗਤਾ ਤੇ ਜਾਗਰ ਛੜੇ ਸਨ। ਭਗਤਾ ਕੋਈ ਪੰਜਾਹ ਸਾਲ ਦੀ ਉਮਰ ਭੋਗ ਕੇ ਪੂਰਾ ਹੋ ਗਿਆ ਸੀ। ਜਾਗਰ ਤਾਂ ਆਪਣੀ ਪੂਰੀ ਉਮਰ ਭੋਗ ਕੇ 1971 ਈ: ਵਿਚ ਸੁਰਗਵਾਸ ਹੋਇਆ ਹੈ। ਉਹ ਆਮ ਕਰਕੇ ਲੰਗੋਟ ਲਗਾਉਂਦਾ ਸੀ। ਕੱਦ ਲੰਮਾ ਸੀ ਘਰ ਵਿਚ ਖੇਤੀਬਾੜੀ ਦਾ ਕੰਮ ਵੱਡੀ ਪੱਧਰ ਤੇ ਨਹੀਂ ਸੀ। ਇਨ੍ਹਾਂ ਦੇ ਘਰ ਵਿਚ ਇਕ ਦੋ ਲਵੇਰੇ ਹੁੰਦੇ ਸਨ। ਇਨ੍ਹਾਂ ਦੀ ਸਾਂਭ ਸੰਭਾਲ ਕਰਦਾ ਸੀ। ਕਿਸੇ ਨਾਲ ਕੋਈ ਮਾੜੀ ਚੰਗੀ ਗੱਲਬਾਤ ਨਹੀਂ ਕਰਦਾ ਸੀ। ਕਦੇ-ਕਦੇ ਸਾਡੇ ਘਰਾਂ ਵਿਚ ਆ ਜਾਂਦਾ ਸੀ। ਆਪ ਬਜ਼ੁਰਗਾਂ ਦੇ ਨਾਲ ਹੁੱਕਾ ਪੀਂਦਾ ਸੀ।

* ਮੀਹਾਂ ਸਿੰਘ ਦੀ ਇਕ ਲੜਕੀ ਮਾਲਾ ਸੀ ਜਿਸ ਦੇ ਘਰਵਾਲੇ ਦਾ ਨਾਮ ਕਰਤਾਰ ਸਿੰਘ ਸੀ ਜਿਸ ਦੀ ਆਪਣੀ ਕਰਤਾਰ ਇੰਜਨੀਅਰ ਵਰਕਸ਼ਾਪ ਸੀ। ਇਥੇ ਹੀ ਨਾਜਰ ਸਿੰਘ ਨੇ ਕੰਮ ਕੀਤਾ ਤੇ ਆਪਣਾ ਤਜਰਬਾ ਹਾਸਲ ਕੀਤਾ ਹੈ।

* **ਨਾਜ਼ਰ ਸਿੰਘ**:- ਆਪ ਦਾ ਜਨਮ 1922 ਈ: ਦਾ ਹੈ। ਆਪ ਦੀ ਧਰਮ ਪਤਨੀ ਦਾ ਨਾਮ ਚਰਨ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੂਰਪੁਰ ਹਨ। ਨਾਜ਼ਰ ਸਿੰਘ ਨੇ ਕੋਈ ਸਕੂਲ ਦੀ ਪੜ੍ਹਾਈ ਨਹੀਂ ਕੀਤੀ ਹੈ। ਆਪ ਨੇ ਆਪਣੇ ਜੀਜੇ ਕਰਤਾਰ ਸਿੰਘ ਦੇ ਪਾਸ ਬਿਜਲੀ ਦਾ ਕੰਮ ਸਿੱਖਿਆ ਹੈ। ਆਪ ਨੇ ਬਨਾਰਸ ਹਸਪਤਾਲ ਵਿਚ ਵੀ ਕੰਮ ਕੀਤਾ ਹੈ। ਉਸ ਦੇ ਲੜਕੇ ਰਵਿੰਦਰ ਸਿੰਘ ਨੇ ਦੱਸਿਆ ਕਿ ਸਾਡੇ ਜਨਮ ਬਨਾਰਸ ਸ਼ਹਿਰ ਦੇ ਹਨ। ਨਾਜਰ ਸਿੰਘ ਨੇ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਵੀ ਵਰਕਸ਼ਾਪ ਵਿਚ ਕੰਮ ਦੀ ਮੁਹਾਰਤ ਹਾਸਲ ਕੀਤੀ ਹੈ।

* **ਸਰਕਾਰੀ ਨੌਕਰੀ ਦਾ ਮਿਲਣਾ**:- ਸ. ਨਾਜ਼ਰ ਸਿੰਘ ਨੂੰ ਪੰਜਾਬ ਰਾਜ ਬਿਜਲੀ

ਬੋਰਡ ਵਿਚ ਸਰਕਾਰੀ ਨੌਕਰੀ ਮਿਲ ਗਈ। ਆਪ ਨੇ ਥੋੜ੍ਹਾ ਸਮਾਂ ਅੰਮ੍ਰਿਤਸਰ ਵਿਚ ਸਰਕਾਰੀ ਨੌਕਰੀ ਕੀਤੀ ਹੈ ਫਿਰ ਆਪ ਹੁਸ਼ਿਆਰਪੁਰ ਬਦਲ ਕੇ ਆ ਗਏ। ਆਪ ਬਹੁਤਾ ਸਮਾਂ ਬਿਜਲੀ ਘਰ ਅੱਤੋਵਾਲ ਵਿਖੇ ਰਹੇ। ਇਥੋਂ ਹੀ 6-3-1984 ਨੂੰ ਬਤੌਰ ਫੋਰਮੈਨ ਸੇਵਾਮੁਕਤ ਹੋਏ। ਆਪ ਦੇ ਚਿਹਰੇ ਦਾ ਰੰਗ ਗੋਰਾ ਤੇ ਦਾੜ੍ਹਾ ਸਫੈਦ ਸੀ।

*** ਆਦਤ ਸੁਭਾਅ:-** ਪਿੰਡ ਦੀ ਰਾਜਨੀਤੀ ਵਿਚ ਆਪ ਨੇ ਕਦੇ ਕੋਈ ਰੁਚੀ ਨਹੀਂ ਲਈ। ਵੈਸੇ ਆਪ ਸਾਰਿਆਂ ਦੇ ਨਾਲ ਮਿਲਣਸਾਰ ਹਨ। ਜ਼ਿਆਦਾ ਸਮਾਂ ਆਪਣੇ ਖੇਤਾਂ ਵਿਚ ਲੱਗੇ ਟਿਊਬਵੈੱਲ 'ਤੇ ਰਹਿੰਦੇ ਸਨ। ਬਾਣੀ ਦੇ ਗਿਆਤਾ ਸਨ। ਜਦੋਂ ਮਿਲਣਾ ਕਹਿਣਾ ਕਾਕਾ! ਅੱਜ ਪਾਠੀ ਸਾਹਿਬ ਨੇ ਸੁਖਮਨੀ ਸਾਹਿਬ ਦਾ ਥੋੜ੍ਹਾ ਪਾਠ ਕੀਤਾ ਹੈ। ਸਾਡੇ ਬਜ਼ੁਰਗਾਂ ਨਾਲ ਵੀ ਆਪ ਦਾ ਖਾਸ ਪਿਆਰ ਸੀ।

ਪਿੰਡ ਦੇ ਬਹੁਤ ਸਾਰੇ ਘਰ ਐਸੇ ਸਨ ਜੋ ਘਰ ਦੀ ਮਾੜੀ ਆਰਥਿਕ ਹਾਲਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕੇ। ਆਪ ਨੇ ਆਮ ਲੋਕਾਂ ਨਾਲ ਗੱਲ ਕਰਨੀ ਕਿ ਮੈਂ ਆਪਣੇ ਬੱਚਿਆਂ ਨੂੰ ਕਦੇ ਧੁੱਪ ਵਿਚ ਖੇਤੀਬਾੜੀ ਦੇ ਕੰਮ ਵਿਚ ਨਹੀਂ ਲਾਇਆ। ਬੱਚਿਆਂ ਨੇ ਕਾਲਜ ਪੜ੍ਹਦੇ ਸਮੇਂ ਜਵਾਨੀ ਦਾ ਭਰਪੂਰ ਅਨੰਦ ਮਾਣਿਆ ਹੈ। ਆਮ ਪਿੰਡਾਂ ਵਿਚ ਆਦਤ ਹੈ ਕਿ ਕਿਸੇ ਵਿਅਕਤੀ ਦਾ ਪੂਰਾ ਨਾਮ ਨਹੀਂ ਲਿਆ ਜਾਂਦਾ ਹੈ ਜਿਵੇਂ ਜਰਨੈਲ ਸਿੰਘ ਨੂੰ ਜਰਨੈਲ ਕਹਿ ਕੇ ਬੁਲਾਉਂਦੇ ਹਾਂ। ਇਨ੍ਹਾਂ ਦਾ ਨਾਮ ਨਾਜਰ ਸਿੰਘ ਸੀ ਇਹ ਚਾਹੁੰਦੇ ਸਨ ਕਿ ਮੈਨੂੰ ਕੋਈ ਵਿਅਕਤੀ ਨਾਜ਼ਰ ਕਹਿ ਕੇ ਨਾ ਬੁਲਾਵੇ। ਨਾਜ਼ਰ ਸਿੰਘ ਕਹਿ ਕੇ ਹੀ ਬੁਲਾਵੇ। ਆਮ ਫਜ਼ੂਲ ਖਰਚੀ ਵੀ ਨਹੀਂ ਕਰਦੇ ਸਨ।

*** ਨਾਜ਼ਰ ਸਿੰਘ ਤੇ ਚਰਨ ਕੌਰ ਦਾ ਅੰਤਮ ਸਮਾਂ:-** ਆਪ ਦੀ ਧਰਮ ਪਤਨੀ ਚਰਨ ਕੌਰ ਨੂੰ ਪਿਛਲੇ ਪਹਿਰ ਅਧਰੰਗ ਦਾ ਅਟੈਕ ਹੋ ਗਿਆ ਸੀ। ਬਹੁਤ ਸਮਾਂ ਉਹ ਬਿਸਤਰੇ 'ਤੇ ਹੀ ਰਹੀ। ਪਰਿਵਾਰ ਨੇ ਉਸ ਦੀ ਪੂਰੀ ਸਾਂਭ ਸੰਭਾਲ ਕੀਤੀ। ਉਨ੍ਹਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਸੀ। ਚਰਨ ਕੌਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ 7-3-1996 ਦਿਨ ਬੁੱਧਵਾਰ ਨੂੰ ਗੁਰੂ ਚਰਨਾਂ 'ਚ ਜਾ ਬਿਰਾਜੀ। ਆਪ ਦਾ ਸ਼ਰਧਾਂਜਲੀ ਸਮਾਗਮ 16-3-1996 ਦਿਨ ਸ਼ਨਿੱਚਰਵਾਰ ਸੀ। ਸਾਡੇ ਪਿੰਡ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ। ਸਰਦਾਰ ਨਾਜ਼ਰ ਸਿੰਘ 84 ਸਾਲ ਦੀ ਉਮਰ ਭੋਗ ਕੇ ਮਿਤੀ 6-3-2006 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ। ਆਪ ਦੇ ਵੱਡੇ ਬੇਟੇ ਬਲਜਿੰਦਰ ਸਿੰਘ ਨੇ ਅਮਰੀਕਾ ਤੋਂ ਆ ਕੇ ਆਪਣੇ ਹੱਥੀਂ ਆਪ ਦਾ ਸਸਕਾਰ ਤੇ ਭੋਗ ਦੀ ਰਸਮ ਅਦਾ ਕੀਤੀ।

ਵੰਸ਼:- ਸ. ਨਾਜ਼ਰ ਸਿੰਘ ਦੇ ਵੰਸ਼ ਵਿਚ ਦੋ ਲੜਕੇ- ਬਲਜਿੰਦਰ ਸਿੰਘ ਤੇ ਰਵਿੰਦਰ ਸਿੰਘ ਹਨ।

*** ਬਲਜਿੰਦਰ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਨਰਿੰਦਰ ਕੌਰ ਹੈ ਜਿਸ ਦੇ ਪੇਕੇ ਕਾਹਮਾ-ਕਰੀਹਾ, ਜ਼ਿਲ੍ਹਾ ਨਵਾਂਸ਼ਹਿਰ ਹਨ। ਬਲਜਿੰਦਰ ਸਿੰਘ ਨੇ ਪਿੰਡ ਵਿਚੋਂ ਸਭ ਤੋਂ ਪਹਿਲਾਂ 1974 ਈ: ਵਿਚ ਐਮ.ਏ. ਇਤਿਹਾਸ ਪਾਸ (M.A. History) ਪਾਸ

ਕੀਤੀ ਹੈ। ਕਾਲਜ ਦੀ ਪੜ੍ਹਾਈ ਦੇ ਦੌਰਾਨ ਹੀ ਆਪ ਦੀ ਸ਼ਾਦੀ 1973 ਈ: ਵਿਚ ਕਰ ਦਿੱਤੀ ਗਈ। ਇਸ ਰਿਸ਼ਤੇ ਨੂੰ ਕਰਾਉਣ ਵਾਲੇ ਸਰਪੰਚ ਬਿਕਰਮ ਸਿੰਘ ਦਿਉਵਾਲ ਸਨ। ਪੜ੍ਹਾਈ ਤੋਂ ਉਪਰੰਤ ਆਪ ਨੂੰ ਪੰਜਾਬ ਸਿਵਲ ਸਪਲਾਈ ਵਿਚ ਬਤੌਰ ਇੰਸਪੈਕਟਰ ਸਰਕਾਰੀ ਨੌਕਰੀ ਮਿਲ ਗਈ। ਆਪ ਨੇ ਪਿੰਡ ਵਿਚ ਸਭ ਤੋਂ ਪਹਿਲਾਂ ਕੋਠੀ ਪਾਈ ਹੈ।

*** ਵੰਸ਼:-** ਆਪ ਦੇ ਵੰਸ਼ ਵਿਚ ਤਿੰਨ ਲੜਕੇ ਹਨ- ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਤੇ ਸੰਦੀਪ ਸਿੰਘ ਹਨ। ਗੁਰਪ੍ਰੀਤ ਸਿੰਘ ਨੇ B.com ਪਾਸ ਕੀਤੀ ਹੈ। ਆਪ ਦੀ ਸ਼ਾਦੀ 18-4-1995 ਨੂੰ ਰਣਜੀਤ ਕੌਰ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਗੋਂਦਪੁਰ ਨੇੜੇ ਗੜ੍ਹਦੀਵਾਲਾ ਨਾਲ ਹੋਈ ਹੈ। ਸ਼ਾਦੀ ਤੋਂ ਮਗਰੋਂ ਆਪ ਅਮਰੀਕਾ ਚਲੇ ਗਏ। ਥੋੜ੍ਹੇ ਚਿਰ ਮਗਰੋਂ ਆਪ ਦਾ ਸਾਰਾ ਪਰਿਵਾਰ ਅਮਰੀਕਾ ਚਲਾ ਗਿਆ।

*** ਗੁਰਵਿੰਦਰ ਸਿੰਘ:-** ਇਹ ਲੜਕਾ ਸੋਹਣਾ ਸੁਨੱਖਾ ਸੀ। ਸ਼ਾਮ ਨੂੰ ਖੇਤਾਂ ਨੂੰ ਜਾਂਦੇ ਸਮੇਂ ਪੁਰਾਣੇ ਲੁਹਾਰਾਂ ਦੇ ਖੂਹ ਵਿਚ ਅਚਾਨਕ ਤਿਲਕ ਕੇ ਡਿੱਗ ਗਿਆ। ਖੂਹ ਦੁਆਲੇ ਬਿੱਜੜੇ ਲੱਗੇ ਹੋਏ ਸਨ ਉਨ੍ਹਾਂ ਨੂੰ ਤੋੜਨ ਸਮੇਂ ਆਪ ਦਾ ਪੈਰ ਤਿਲਕ ਗਿਆ। ਇਕ ਦਿਨ ਤਾਂ ਪਤਾ ਨਹੀਂ ਲੱਗ ਸਕਿਆ। ਜਦੋਂ ਆਸੇ-ਪਾਸੇ ਦੇਖਿਆ ਤਾਂ ਖੂਹ ਦੇ ਕੋਲ ਆਪ ਦੀਆਂ ਚੱਪਲਾਂ ਮਿਲ ਗਈਆਂ। ਖੂਹ ਦਾ ਮੂੰਹ ਸਾਫ ਕੀਤਾ। ਹੁਸੈਨਪੁਰ ਵਾਲਾ ਕੁੰਦਾ ਖੂਹ ਵਿਚ ਵੜਿਆ ਤਾਂ ਉਸ ਨੇ ਮ੍ਰਿਤਕ ਸਰੀਰ ਨੂੰ ਬਾਹਰ ਕੱਢਿਆ। ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਇਹ ਘਟਨਾ 26-9-1989 ਦੀ ਹੈ। ਮਿਤੀ 27-9-1989 ਸ਼ਾਮ ਨੂੰ ਗੁਰਵਿੰਦਰ ਸਿੰਘ ਦਾ ਸਸਕਾਰ ਕੀਤਾ ਗਿਆ।

*** ਸੰਦੀਪ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਮਨਪ੍ਰੀਤ ਕੌਰ ਹੈ ਜਿਸ ਦੇ ਪੇਕੇ ਚਾਹਲਪੁਰ ਨੇੜੇ ਬੰਗਾ ਨਵਾਂਸ਼ਹਿਰ ਹਨ। ਬਲਜਿੰਦਰ ਸਿੰਘ ਨੇ ਇਹ ਸ਼ਾਦੀ ਅਮਰੀਕਾ ਤੋਂ ਆ ਕੇ ਮਿਤੀ 28-2-2014 ਨੂੰ ਕੀਤੀ। ਸਾਰਾ ਪਰਿਵਾਰ ਅਮਰੀਕਾ ਵਿਚ ਰਹਿ ਰਿਹਾ ਹੈ।

*** ਰਵਿੰਦਰ ਸਿੰਘ:-** ਆਪ ਨੇ 1972 ਈ: ਵਿਚ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਤੋਂ ਬੀ.ਏ. ਪਾਸ ਕੀਤੀ। ਆਪ ਨੇ ਕੋਈ ਸਰਕਾਰੀ ਨੌਕਰੀ ਨਹੀਂ ਕੀਤੀ। ਆਪ ਨੇ ਘਰ ਦੀ ਖੇਤੀਬਾੜੀ ਨੂੰ ਸੰਭਾਲ ਲਿਆ। ਪਹਿਲਾਂ ਆਪ ਦੀ ਜ਼ਮੀਨ ਸ. ਸ਼ੰਕਰ ਸਿੰਘ ਅੱਧ 'ਤੇ ਵਾਹੁੰਦਾ ਸੀ ਉਸ ਸਮੇਂ ਆਪ ਛੋਟੇ ਸਨ। ਹੁਣ ਖੇਤੀ ਦਾ ਕੰਮ ਵੱਡੀ ਪੱਧਰ 'ਤੇ ਹੈ। ਟਿਊਬਵੈੱਲ ਤੇ ਪੂਰੀ ਗੁਲਜ਼ਾਰ ਲੱਗੀ ਹੋਈ ਹੈ। ਹਰ ਤਰ੍ਹਾਂ ਦੀ ਚਹਿਲ-ਪਹਿਲ ਹੈ।

ਆਪ ਦੀ ਸ਼ਾਦੀ 12-10-1980 ਨੂੰ ਹਰਜਿੰਦਰ ਕੌਰ ਦੇ ਨਾਲ ਹੋਈ, ਜਿਸ ਦੇ ਪੇਕੇ ਲੁਹਾਰ ਪ੍ਰਤਾਪਪੁਰਾ, ਜਿਲ੍ਹਾ ਜਲੰਧਰ ਹਨ। ਆਪ 1993 ਤੋਂ 1998 ਤੱਕ ਪਿੰਡ ਦੇ ਪੰਚ ਰਹੇ। ਸਰਪੰਚੀ ਵਾਸਤੇ ਆਪ ਦੀ ਚਾਹਤ ਸੀ ਜੋ ਪੂਰੀ ਨਹੀਂ ਹੋ ਸਕੀ। ਜੋ ਪਚਾਂਇਤ 3-7-2013 ਨੂੰ ਬਣੀ ਸੀ ਉਸ ਵਿਚ ਵੀ ਆਪ ਦਾ ਪੂਰਾ ਸਹਿਯੋਗ ਸੀ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਵੱਡੀਆਂ ਲੜਕੀਆਂ ਤੇ ਇਕ ਲੜਕਾ ਹੈ।

ਲੜਕੀਆਂ: ਹਰਮਨਪ੍ਰੀਤ ਕੌਰ, ਜਸਪ੍ਰੀਤ ਕੌਰ ਅਤੇ ਸੁਖਦੀਪ ਕੌਰ ਹਨ।

* **ਲੜਕਾ**: ਗਗਨਦੀਪ ਸਿੰਘ ਹੈ।

1. ਹਰਮਨਜੀਤ ਕੌਰ ਨੇ +2 ਪਾਸ ਕੀਤੀ ਹੈ। ਵਿਆਹ ਤੋਂ ਮਗਰੋਂ ਆਸਟ੍ਰੇਲੀਆ ਵਿਚ ਹੈ।

2. ਜਸਪ੍ਰੀਤ ਕੌਰ M.A. B.Ed ਹੈ। ਆਸਟ੍ਰੇਲੀਆ ਵਿਚ ਉਸ ਨੇ ਪੰਜਾਬੀ ਕਮਿਊਨਿਟੀ ਵੈੱਲਫੇਅਰ ਕੋਰਸ ਪਾਸ ਕੀਤਾ ਹੈ।

3. ਸੁਖਦੀਪ ਕੌਰ ਬੀ.ਐਸ.ਸੀ. ਨਰਸਿੰਗ ਪਾਸ ਹੈ।

ਲੜਕਾ: ਗਗਨਦੀਪ ਸਿੰਘ ਨੇ 10+2 ਸੰਤ ਬਾਬਾ ਭਾਗ ਸਿੰਘ ਪਧਿਆਣਾ ਜਲੰਧਰ ਤੋਂ ਪਾਸ ਕੀਤੀ ਹੈ।

* ਅਤਰਾ

ਆਪ ਦੀ ਧਰਮ ਪਤਨੀ ਦਾ ਨਾਮ ਹੁਕਮਾ ਸੀ। ਪਾਕਿਸਤਾਨ ਬਾਰ ਵਿਚ ਆਪ 87 ਚੱਕ ਜ਼ਿਲ੍ਹਾ ਮਿੰਟਗੁੰਮਰੀ ਵਿਚ ਰਹਿੰਦੇ ਸਨ। ਆਪ ਦੀ 80 ਖੇਤ ਜ਼ਮੀਨ ਸੀ। ਅੱਜਕੱਲ੍ਹ ਇਸ ਘਰ ਨੂੰ ਹਜ਼ਾਰਾ ਸਿੰਘ ਦਾ ਘਰ ਕਿਹਾ ਜਾਂਦਾ ਹੈ, ਜਿਸ ਦੀ ਪੁਸ਼ਤ ਅਤਰਾ ਜਾਂ ਅਤਰ ਸਿੰਘ ਤੋਂ ਆਰੰਭ ਹੁੰਦੀ ਹੈ। ਹਜ਼ਾਰਾ ਸਿੰਘ ਦਾ ਘਰ ਕਿਸੇ ਸਮੇਂ ਪਿੰਡ ਵਿਚੋਂ ਮਸ਼ਹੂਰ ਸੀ ਇਕ ਪੱਕੀ ਬੈਠਕ ਬਣੀ ਹੋਈ ਸੀ। ਹਵੇਲੀ ਵਿਚ ਗੁੜ ਕੱਢਣ ਵਾਸਤੇ ਵੇਲਣਾ ਲੱਗਾ ਹੋਇਆ ਸੀ। ਸਿੰਚਾਈ ਵਾਸਤੇ ਖੂਹ 'ਤੇ ਖੇਤਾਂ ਵਿਚ ਚੁਬਾਰਾ ਬਣਿਆ ਹੋਇਆ ਸੀ। ਘਰ ਵਿਚ ਪਾਣੀ ਲਈ ਨਲਕਾ ਲੱਗਾ ਹੋਇਆ ਸੀ।

* **ਵੰਸ਼**:- ਅਤਰਾ ਸਿੰਘ ਦੇ ਤਿੰਨ ਲੜਕੇ ਤੇ ਇੱਕ ਲੜਕੀ ਸੀ।

ਲੜਕੇ: ਦਲੀਪਾ, ਬਰਿਆਮਾ ਤੇ ਹਜ਼ਾਰਾ ਸਿੰਘ।

ਲੜਕੀ: ਪ੍ਰਤਾਪੀ ਜਿਸ ਦੇ ਪਤੀ ਦਾ ਨਾਮ ਬਚਨ ਸਿੰਘ ਤੇ ਸਹੁਰੇ ਮੁਰਾਦਪੁਰ ਨੇੜੇ ਦੂਹੜੇ ਸਨ।

* **ਦਲੀਪਾ**:- ਇਨ੍ਹਾਂ ਦੀ ਧਰਮ ਪਤਨੀ ਦਾ ਨਾਮ ਸੰਤੀ ਸੀ। ਦਲੀਪੇ ਦੀ ਇਕ ਲੜਕੀ ਸੀ ਜੋ ਮਰ ਗਈ ਸੀ। ਫਿਰ ਦਲੀਪੇ ਨੇ ਗੁਰਬਖਸ਼ ਸਿੰਘ ਦੇ ਲੜਕੇ ਗੁਰਦਿਆਲ ਸਿੰਘ ਨੂੰ ਮਤਵੰਨਾ ਕੀਤਾ। ਇਨ੍ਹਾਂ ਦਾ ਪਰਿਵਾਰਕ ਵੇਰਵਾ ਏਨਾ ਹੀ ਹੈ।

2. **ਬਰਿਆਮਾ**:- ਇਨ੍ਹਾਂ ਦੀ ਧਰਮ ਪਤਨੀ ਦਾ ਨਾਮ ਜਵਾਲੀ ਸੀ।

ਵੰਸ਼:- ਬਰਿਆਮੇ ਦੀਆਂ ਤਿੰਨ ਲੜਕੀਆਂ ਸਨ-ਭਾਗੋ, ਰੱਖੀ ਤੇ ਚੰਨੋ ਹਨ।

* ਭਾਗੋ ਪਿੰਡ ਸਾਹਰੀ ਵਿਆਹੀ ਹੋਈ ਸੀ।

* ਰੱਖੀ ਕੋਟਲਾ ਨੌਧ ਸਿੰਘ।

* ਚੰਨੋ ਦੇ ਸਹੁਰੇ ਘਰ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।

* ਜਵਾਲੀ ਦੇ ਮਰਨ ਉਪਰੰਤ ਬਰਿਆਮੇ ਨੇ ਬਸੰਤ ਕੌਰ ਨਾਲ ਸ਼ਾਦੀ ਕੀਤੀ। ਬਸੰਤ ਕੌਰ ਦਾ ਕੋਈ ਲੜਕਾ ਲੜਕੀ ਨਹੀਂ। ਇਹ ਵੀ ਪਤਾ ਨਹੀਂ ਕਿ ਉਸ ਦੇ ਪੇਕੇ ਕਿਥੇ ਸਨ। ਉਸ ਦਾ ਕੱਦ ਲੰਮਾ ਸੀ। ਸਾਡੇ ਘਰਾਂ ਵਿਚ ਆਮ ਕਰਕੇ ਆ ਜਾਂਦੀ ਸੀ।

ਉਸਦਾ ਹੱਸਮੁਖ ਸੁਭਾਅ ਸੀ। ਬਰਿਆਮ ਸਿੰਘ ਦੀ ਮੌਤ ਤੋਂ ਮਗਰੋਂ ਉਹ ਪਿੰਡ ਤੋਂ ਚਲੀ ਗਈ ਸੀ। ਮੁੜ ਪਿੰਡ ਨਹੀਂ ਆਈ।

* ਦਲੀਪੇ ਤੇ ਬਰਿਆਮੇ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਸਰੀਰਕ ਤੌਰ ਤੇ ਤਕੜੇ ਸਨ। ਹੁੱਕਾ ਪੀਂਦੇ ਸਨ। ਕਣਕ ਦੇ ਸੀਜਨ 'ਤੇ ਸੂਰਜ ਛਿਪਣ ਤੋਂ ਪਹਿਲਾਂ ਕਣਕ ਦੀਆਂ ਭਰੀਆਂ ਦਾ ਗੱਡਾ ਲੱਦ ਲੈਂਦੇ ਸਨ। ਜਿਹੜੀ ਜ਼ਮੀਨ ਜਗਤ ਸਿੰਘ ਦੇ ਲੜਕਿਆਂ ਦੇ ਕੋਲ ਹੈ ਉਹ ਜ਼ਮੀਨ ਚੋਈ ਦੇ ਨਾਲ ਲੱਗਦੀ ਉਨ੍ਹਾਂ ਦੋਹਾਂ ਭਰਾਵਾਂ ਦੇ ਕੋਲ ਸੀ, ਜਿਸ ਵਿਚ ਛੋਲੇ ਬਹੁਤ ਹੁੰਦੇ ਸਨ। ਸਰਦਾਰ ਬੰਤਾ ਸਿੰਘ ਤੇ ਬਸੰਤ ਸਿੰਘ ਨੇ ਇਨ੍ਹਾਂ ਦੇ ਨਾਲ ਕੰਮ ਕੀਤਾ ਹੈ। ਜਦੋਂ ਵੀ ਕਣਕ ਦਾ ਸੀਜਨ ਹੁੰਦਾ ਸੀ ਤਾਂ ਕਣਕ ਨੂੰ ਵੱਢਦੇ ਸਮੇਂ ਦਲੀਪੇ ਤੇ ਬਰਿਆਮੇ ਦੀ ਗੱਲਬਾਤ ਜ਼ਰੂਰ ਚੱਲਦੀ ਸੀ। ਖੇਤੀ ਕਰ ਗਏ ਬਰਿਆਮਾ ਤੇ ਦਲੀਪਾ ਆਦਿ।

*** ਖੇਤਾਂ ਵਿਚ ਖੂਹ ਦਾ ਲਾਉਣਾ:-** ਦਲੀਪੇ ਤੇ ਬਰਿਆਮੇ ਦੇ ਖੇਤਾਂ ਵਿਚ ਜੋ ਖੂਹ ਲੱਗਾ ਹੋਇਆ ਸੀ। ਉਹ ਪਿੰਡ ਦੇ ਉੱਤਰ ਦੇ ਪਾਸੇ ਸੀ। ਇਸ ਖੂਹ ਨੂੰ ਲਗਾਉਣ ਵਾਸਤੇ ਜਿਥੇ ਹੋਰ ਵਿਅਕਤੀ ਕੰਮ ਕਰਦੇ ਸਨ ਉਥੇ ਪਿੰਡ ਗਗਨੌਲੀ ਦੇ ਬੰਤਾ ਸਿੰਘ ਤੇ ਬਸੰਤ ਸਿੰਘ ਵੀ ਕੰਮ ਕਰਦੇ ਸਨ। ਖੂਹ ਦੀ ਸਾਰੀ ਉਸਾਰੀ ਇਨ੍ਹਾਂ ਨੇ ਆਪਣੇ ਹੱਥਾਂ ਨਾਲ ਕੀਤੀ ਹੈ।

*** ਜਾਤਪਾਤ:-** ਭਾਵੇਂ ਪਿੰਡ ਛੋਟਾ ਸੀ ਤੇ ਪਿੰਡ ਦੇ ਮਿਹਨਤਕਸ਼ ਲੋਕ ਸਾਫ਼ ਸੁਥਰੇ ਸਨ ਫਿਰ ਵੀ ਜਾਤ ਪਾਤ ਦਾ ਬੋਲਬਾਲਾ ਸੀ ਜਦੋਂ ਖੂਹ ਬਣ ਕੇ ਤਿਆਰ ਹੋ ਗਿਆ ਤਾਂ ਇਸ ਵਿਚ ਹਰਿਦੁਆਰ ਤੋਂ ਗੰਗਾ ਜਲ ਲਿਆ ਕੇ ਪਾਇਆ। ਖੂਹ ਜਦੋਂ ਚਾਲੂ ਕੀਤਾ ਗਿਆ ਤਾਂ ਸਾਰਿਆਂ ਨੇ ਪਾਰਚੇ ਤੋਂ ਬੈਠ ਕੇ ਪਾਣੀ ਪੀਤਾ। ਜਦੋਂ ਸ. ਬੰਤਾ ਸਿੰਘ ਤੇ ਬਸੰਤ ਸਿੰਘ ਨੇ ਵੀ ਖੂਹ ਦੇ ਪਾਰਚੇ ਤੋਂ ਪਾਣੀ ਪੀਤਾ ਤਾਂ ਬਰਿਆਮੇ ਨੇ ਕਿਹਾ, "ਬਸੰਤਿਆ ਤੁਸੀਂ ਪਾਣੀ ਆੜ ਚੋਂ ਪੀਣਾ" ਹੈ ਪਾਰਚੇ 'ਚੋਂ ਤਾਂ ਅਸੀਂ ਪਾਣੀ ਪੀਣਾ ਹੈ। ਬਰਿਆਮੇ ਦੀ ਗੱਲ ਦਾ ਜਵਾਬ ਦਿੰਦਿਆਂ ਬਸੰਤ ਸਿੰਘ ਨੇ ਕਿਹਾ, "ਜਦੋਂ ਖੂਹ ਲੱਗਦਾ ਸੀ ਤਾਂ ਅਸੀਂ ਵਿਚ ਵੜ ਕੇ ਕੰਮ ਕੀਤਾ ਸੀ। ਉਸ ਵਕਤ ਜਾਤਪਾਤ ਕਿੱਥੇ ਸੀ?" ਇਹ ਸੁਣ ਕੇ ਫਿਰ ਉਸ ਨੂੰ ਕੋਈ ਜਵਾਬ ਨਹੀਂ ਆਇਆ।

ਇਸੇ ਹੀ ਤਰ੍ਹਾਂ ਕਣਕ ਦੀ ਕਟਾਈ ਦੇ ਸੀਜਨ ਦੀ ਗੱਲ ਹੈ ਜਦੋਂ ਜ਼ਿਮੀਂਦਾਰ ਤੇ ਮਜ਼ਦੂਰ ਕੰਮ ਰਲ ਕੇ ਕਰਦੇ ਸਨ ਤਾਂ ਕੋਈ ਵਿਤਕਰਾ ਨਹੀਂ ਹੈ। ਕਣਕ ਦੀ ਭਰੀ ਜਦੋਂ ਬੰਨ੍ਹੀ ਜਾਂਦੀ ਸੀ ਤਾਂ ਦੋਵੇਂ ਆਦਮੀ ਸਿਰ ਜੋੜ ਕੇ ਭਰੀ ਬੰਨ੍ਹਦੇ ਸਨ। ਕਣਕ ਦੀ ਗਹਾਈ ਇਕੱਠੇ ਕਰਦੇ ਸਨ। ਕਿਸੇ ਵੀ ਕੰਮ ਨੂੰ ਪੂਰਾ ਕਰਨ ਵਿਚ ਮਜ਼ਦੂਰ ਦਾ ਖਾਸ ਹੱਥ ਹੁੰਦਾ ਹੈ। ਜਦੋਂ ਫ਼ਸਲ ਸਾਂਭੀ ਜਾਂਦੀ ਸੀ ਤਾਂ ਫਿਰ ਗੰਗਾ ਜਲ ਲਿਆ ਕੇ ਘਰ ਵਿਚ ਪਾਣੀ ਦੇ ਛਿੱਟੇ ਦਿੱਤੇ ਜਾਂਦੇ ਸਨ। ਗੰਗਾ ਜਲ ਪਾਣੀ ਵਿਚ ਪਾ ਕੇ ਇਸ਼ਨਾਨ ਕੀਤਾ ਜਾਂਦਾ ਸੀ। ਉੱਚ ਵਰਗ ਦੀ ਭਾਵਨਾ ਸੀ ਕਿ ਹੁਣ ਘਰ ਤੇ ਘਰਵਾਲੇ ਪਵਿੱਤਰ ਹੋ ਗਏ ਹਨ।

ਸਿਆਣਿਆਂ ਨੇ ਕਿਹਾ ਹੈ ਜਾਤ ਮਲੂਕ ਨਹੀਂ ਰਹਿਤ ਮਲੂਕ ਹੈ। ਇਸ ਸਬੰਧੀ

ਪਿੰਡ ਦੀਆਂ ਦੋ ਮੁੱਖ ਘਟਨਾਵਾਂ ਹਨ। ਪਹਿਲੀ ਕਣਕ ਦੇ ਸੀਜਨ ਤੇ ਜਦੋਂ ਛਾਵੇਂ ਬੈਠ ਕੇ ਸਾਡੇ ਬਜ਼ੁਰਗ ਹੁੱਕਾ ਪੀਂਦੇ ਸਨ ਤਾਂ ਇਕ ਰਾਹਗੀਰ ਕੋਲ ਦੀ ਲੰਘਦਾ ਹੋਇਆ ਬੋਲਿਆ- ਸਰਦਾਰ ਜੀ! ਮੈਂ ਵੀ ਹੁੱਕਾ ਪੀਣਾ ਹੈ। ਦਲੀਪੇ ਨੇ ਕਿਹਾ ਤੂੰ ਬੰਤਾ ਸਿੰਘ ਦੇ ਕੋਲੋਂ ਹੁੱਕਾ ਪੀ ਲੈ। ਉਸ ਨੇ ਕਿਹਾ ਨਹੀਂ ਮੈਂ ਤੁਹਾਡੇ ਪਾਸੋਂ ਹੁੱਕਾ ਪੀਣਾ ਹੈ। ਮੈਂ ਸਰਦਾਰਾਂ ਕੋਲੋਂ ਕਿਵੇਂ ਹੁੱਕਾ ਪੀ ਸਕਦਾ ਹਾਂ ਕਿਉਂਕਿ ਦਲੀਪੇ ਦਾ ਰੰਗ ਕਾਲਾ ਸੀ।

* ਦੂਜੀ ਘਟਨਾ ਪਿੰਡ ਦਾ ਇਕ ਜਿੰਮੀਂਦਾਰ ਆਪਣੀ ਕਿਸੇ ਧੀ ਧਿਆਣੀ ਦੇ ਪਿੰਡ ਮਿਲਣ ਗਿਆ ਉਸ ਦੀ ਰਹਿਤ-ਬਹਿਤ ਵੀ ਕੁਝ ਸਾਧਾਰਨ ਸੀ। ਉਸ ਦਾ ਮੰਜਾ ਦਰਖਤ ਹੇਠਾਂ ਪਸ਼ੂਆਂ ਦੇ ਕੋਲ ਡਾਹ ਦਿੱਤਾ। ਰਾਤ ਕੱਟੀ ਘਰ ਨੂੰ ਆ ਗਿਆ। ਉਸ ਨੇ ਪਿੰਡ ਆ ਕੇ ਕਿਹਾ ਮੈਂ ਤੁਹਾਡੀ ਲੜਕੀ ਦੇ ਘਰ ਗਿਆ। ਮੇਰੀ ਕੋਈ ਖਾਸ ਪੁੱਛ ਪ੍ਰਤੀਤ ਨਹੀਂ ਕੀਤੀ ਗਈ। ਪਿੰਡ ਦਾ ਫਿਰ ਕੋਈ ਆਦਿ ਧਰਮੀ ਕੋਈ ਸੁਨੇਹਾ ਲੈ ਕੇ ਉਸ ਘਰ ਗਿਆ ਤਾਂ ਲੜਕੀ ਦੇ ਸਹੁਰਿਆਂ ਨੇ ਬਹੁਤ ਖਿਦਮਤਦਾਰੀ ਕੀਤੀ। ਉਹ ਬਜ਼ੁਰਗ ਬੰਤਾ ਸਿੰਘ ਸੀ ਜਿਸਦਾ ਵੰਧੀਆ ਪਹਿਰਾਵਾ ਹੱਥ ਵਿਚ ਖੂੰਡਾ ਫੜ ਕੇ ਗਿਆ। ਉਨ੍ਹਾਂ ਕਿਹਾ ਕੋਈ ਚੰਗਾ ਜੱਟ ਜਿੰਮੀਂਦਾਰ ਹੈ ਇਸ ਲਈ ਕਿਹਾ ਜਾਂਦਾ ਹੈ 'ਸ਼ਾਨ ਮਾਰੇ ਔਰ ਕੋ ਬੇਸ਼ਾਨ ਮਾਰੇ ਆਪ ਕੋ।'

ਇਸ ਹੀ ਸੰਦਰਭ ਵਿਚ ਇਕ ਸਿਆਣੇ ਨੇ ਪਿੰਡ ਦੀ ਸੱਥ ਵਿਚ ਕਿਹਾ ਕਿ ਤਿੰਨ ਚੀਜ਼ਾਂ ਤੋਂ ਹਰ ਇਨਸਾਨ ਦੀ ਪਹਿਚਾਣ ਹੈ- ਦਸਤਾਰ, ਰਫ਼ਤਾਰ ਤੇ ਗਫ਼ਤਾਰ। ਦਸਤਾਰ ਤੋਂ ਭਾਵ ਹੈ ਪਗੜੀ ਪਰ ਇਥੇ ਇਸ ਦਾ ਭਾਵ ਹੈ ਇਨਸਾਨ ਦਾ ਪਹਿਰਾਵਾ ਦੱਸਦਾ ਹੈ ਕਿ ਵਿਅਕਤੀ ਆਮ ਇਨਸਾਨ ਹੈ ਜਾਂ ਖਾਸ ਇਨਸਾਨ ਹੈ ਜਿਵੇਂ ਮਿਲਟਰੀ ਮੈਨ ਹੈ। ਪੰਜਾਬ ਪੁਲਿਸ ਦਾ ਹੈ ਜਾਂ ਕੋਈ ਐਡਵੋਕੇਟ ਹੈ।

* ਰਫਤਾਰ ਤੋਂ ਭਾਵ ਹੈ ਵਿਅਕਤੀ ਦਾ ਬਹਿਣਾ ਉੱਠਣਾ ਤੇ ਖੜ੍ਹੇ ਹੋਣਾ ਆਦਿ ਪੜ੍ਹਿਆ-ਲਿਖਿਆ ਇਨਸਾਨ ਸਾਵਧਾਨ ਖੜ੍ਹਦਾ ਹੈ।

* ਗਫਤਾਰ ਤੋਂ ਭਾਵ ਹੈ ਕਿਸੇ ਵੀ ਇਨਸਾਨ ਦਾ ਗੱਲਬਾਤ ਕਰਨ ਦਾ ਢੰਗ ਤਰੀਕਾ ਜਿਵੇਂ ਅਨਪੜ੍ਹ ਵਿਅਕਤੀ ਆਹੋ ਕਹਿ ਕੇ ਗੱਲਬਾਤ ਕਰੇਗਾ। ਸ਼ਬਦਾਂ ਦਾ ਠੀਕ ਉਚਾਰਨ ਨਹੀਂ ਕਰ ਸਕਦਾ। ਪੜ੍ਹਿਆ ਲਿਖਿਆ ਬੋਲੇਗਾ- ਹੈਲੋ ਸਰ, ਸਰ ਜੀ ਬਹੁਤ-ਬਹੁਤ ਸ਼ੁਕਰੀਆ ਸਰ ਜੀ ਆਦਿ।

* **ਹਜ਼ਾਰਾ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਬਸੰਤ ਕੌਰ ਸੀ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨਿਆੜੇ ਸਨ। ਜੋ ਗੱਲ ਬਾਰ ਦੀ ਧਰਤੀ ਦੀ ਕੀਤੀ ਹੈ। ਉਹ ਹਜਾਰਾ ਸਿੰਘ ਨਾਲ ਸਬੰਧਤ ਹੈ ਕਿਉਂਕਿ ਦਲੀਪਾ ਤੇ ਬਰਿਆਮਾ ਤਾਂ ਇਧਰ ਹੀ ਰਹੇ ਸਨ। ਹਜ਼ਾਰਾ ਸਿੰਘ ਦੇ ਲੜਕੇ ਜਗਤਾਰ ਸਿੰਘ ਨੇ ਦੱਸਿਆ ਸੀ ਕਿ ਸਾਡੇ 80 ਖੇਤ ਜ਼ਿਲ੍ਹਾ ਮਿੰਟਗੁੰਮਰੀ 87 ਚੱਕ ਪਾਕਿਸਤਾਨ ਵਿਚ ਸਨ ਉਨ੍ਹਾਂ ਦੱਸਿਆ ਕਿ ਸਾਡੇ ਪਿਤਾ ਜੀ ਬਹੁਤ ਤਕੜੇ ਸਨ। ਉਹ ਘੁਲਦੇ ਹੁੰਦੇ ਸਨ। ਮੈਂ ਉਨ੍ਹਾਂ ਨੂੰ ਬਿਰਧ ਅਵਸਥਾ ਵਿਚ ਦੇਖਿਆ ਹੈ, ਉਨ੍ਹਾਂ ਦਾ ਸਰੀਰ ਬਹੁਤ ਭਾਰਾ ਸੀ। ਖੂਹ 'ਤੇ ਲੱਗੇ ਅੰਬਾਂ ਦੀ ਛਾਂਵੇਂ

ਆਪ ਦਾ ਮੰਜਾ ਡਿੱਠਾ ਹੁੰਦਾ ਸੀ ਹੱਥ ਵਿਚ ਮਾਲਾ ਫੜ ਕੇ ਪ੍ਰਮਾਤਮਾ ਦਾ ਸਿਮਰਨ ਕਰਦੇ ਹੁੰਦੇ ਸਨ। ਲੰਮੀ ਉਮਰ ਭੋਗ ਕੇ ਸਵਰਗ ਸੁਧਾਰੇ ਸਨ।

ਉਨ੍ਹਾਂ ਦਾ ਲੜਕਾ ਸੁੱਚਾ ਸਿੰਘ ਆਮ ਗੱਲ ਕਰਿਆ ਕਰਦਾ ਸੀ। ਸਾਡੇ ਬਾਪੂ ਜੀ ਸਾਡੇ ਬਾਪੂ ਜੀ ਇਸ ਪ੍ਰਕਾਰ ਕਰਦੇ ਸਨ। ਉਹ ਐਨੇ ਤਕੜੇ ਸਨ ਕਿ ਇਕ ਵਾਰ ਝੋਟੇ ਨੂੰ ਨੱਥ ਤੋਂ ਫੜ ਕੇ ਪੁੱਠਾ ਕਰ ਸੁੱਟਿਆ। ਇਹ ਸੁਣ ਕੇ ਖੂਹ 'ਤੇ ਬੈਠੀ ਵਿਦਿਆ ਦੇਵੀ ਨੇ ਕਿਹਾ, "ਬਾਪੂ ਤਾਂ ਬਹੁਤ ਕੁਝ ਕਰ ਗਿਆ ਹੈ। ਆਪ ਵੀ ਕੁਝ ਕਰੋ।" ਸੁੱਚਾ ਸਿੰਘ ਨੇ ਕੰਮ ਕਰਨਾ ਛੱਡ ਦਿੱਤਾ ਸੀ।

* **ਦੂਜੀ ਸੰਸਾਰ ਜੰਗ:-** ਹਜ਼ਾਰਾ ਸਿੰਘ ਨੇ ਦੂਜੀ ਸੰਸਾਰ ਜੰਗ ਸਮੇਂ ਫੌਜ ਵਿਚ ਨੌਕਰੀ ਕੀਤੀ। ਇਸ ਜੰਗ ਵਿਚ ਅੰਗਰੇਜ਼ ਸਰਕਾਰ ਨੇ ਆਪ ਨੂੰ ਬਹਾਦਰੀ ਪੁਰਸਕਾਰ (1941) ਦਿੱਤਾ ਇਸ ਉੱਪਰ King George ਤੇ Queen-Mary ਲਿਖਿਆ ਹੋਇਆ ਹੈ। ਉਨ੍ਹਾਂ ਦੇ ਬੇਟੇ ਜਗਤਾਰ ਸਿੰਘ ਨੇ ਦੱਸਿਆ ਕਿ ਇਹ ਮੈਡਲ ਦਿਆਲ ਸਿੰਘ ਦੇ ਕੋਲ ਹੈ। ਦੇਸ਼ ਦੀ ਵੰਡ ਸਮੇਂ ਜਦੋਂ ਆਪ 1947 ਈ: ਵਿਚ ਹੁਸ਼ਿਆਰਪੁਰ ਆਏ ਤਾਂ ਆਪ ਨੂੰ ਜ਼ਮੀਨ ਪਹਿਲਾਂ ਸੁਖੀਆਬਾਦ ਦੇ ਕੋਲ ਅਲਾਟ ਹੋਈ। ਇਥੋਂ ਫੇਰ ਗਗਨੌਲੀ ਆਏ।

ਵੰਸ਼:- ਹਜ਼ਾਰਾ ਸਿੰਘ ਦੇ ਵੰਸ਼ ਵਿਚ ਪੰਜ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਗੁਰਬਖਸ਼ ਸਿੰਘ, ਸੁੱਚਾ ਸਿੰਘ, ਰੇਸ਼ਮ ਸਿੰਘ, ਜਗਤਾਰ ਸਿੰਘ ਤੇ ਅਵਤਾਰ ਸਿੰਘ।

* **ਲੜਕੀਆਂ:** ਊਧਮ ਕੌਰ ਤੇ ਗੁਰਨਾਮ ਕੌਰ।

* **ਗੁਰਬਖਸ਼ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਵਿਦਿਆ ਦੇਵੀ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਗੜ੍ਹ ਹਨ। ਮਾਤਾ ਵਿਦਿਆ ਦੇਵੀ ਚੰਗੇ ਆਦਤ ਸੁਭਾਅ ਤੇ ਘਰ ਨੂੰ ਸੰਭਾਲਣ ਵਾਲੀ ਸੀ। ਜਦੋਂ ਆਪ ਦਾ ਲੜਕਾ ਗੁਰਦਿਆਲ ਸਿੰਘ ਛੋਟਾ ਸੀ ਤਾਂ ਖੇਤੀ ਦਾ ਕੰਮ ਜੀਵਨ ਨਿਰਬਾਹ ਸੀ। ਅਨਾਜ ਘਰ ਦੀ ਵਰਤੋਂ ਜੋਗਾ ਹੁੰਦਾ ਸੀ। ਸ. ਗੁਰਬਖਸ਼ ਸਿੰਘ ਥੋੜ੍ਹਾ ਹੋਰ ਸੁਭਾਅ ਵਿਚ ਰਹਿੰਦਾ ਸੀ। ਭਾਵੇਂ ਸਿੰਚਾਈ ਲਈ ਖੂਹ ਲੱਗਾ ਹੋਇਆ ਸੀ ਪਰ ਸਾਰੇ ਖੇਤਾਂ ਨੂੰ ਪਾਣੀ ਨਹੀਂ ਲਗਦਾ ਸੀ। ਹੌਲੀ-ਹੌਲੀ ਕੰਮ ਚੰਗਾ ਹੁੰਦਾ ਚਲਾ ਗਿਆ। ਮਾਤਾ ਵਿਦਿਆ ਖੇਤੀ ਦੇ ਕੰਮ ਵਿਚ ਆਪ ਬਹੁਤ ਸਹਿਯੋਗ ਕਰਦੀ ਸੀ। ਬੜੇ ਚੰਗੇ ਢੰਗ ਨਾਲ ਘਰ ਨੂੰ ਸੰਭਾਲਿਆ ਹੈ। ਆਪ ਦੀ ਜ਼ੁਬਾਨ ਵਿਚ ਬਹੁਤ ਰਸ ਸੀ। ਸਾਡੀਆਂ ਤਾਈਆਂ-ਚਾਚੀਆਂ ਦੇ ਨਾਲ ਆਪ ਦਾ ਬਹੁਤ ਮੇਲ-ਮਿਲਾਪ ਸੀ। ਫਜ਼ੂਲ ਖਰਚੀ ਬਿਲਕੁਲ ਨਹੀਂ ਸੀ। ਗੁਰਬਖਸ਼ ਸਿੰਘ ਦਾ ਮਜਾਕੀਆ ਸੁਭਾਅ ਸੀ। ਕੰਮ ਕਰਦਿਆਂ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦਾ ਸੀ। ਇਕ ਵਾਰ ਕਿਸੇ ਨੇ ਆ ਕੇ ਉਨ੍ਹਾਂ ਪਾਸ ਗੱਲ ਕੀਤੀ ਚਾਚਾ! ਨਸਰਾਲੇ ਰੇਲਗੱਡੀ ਹੇਠ ਆ ਕੇ ਇਕ ਨੌਜਵਾਨ ਮਰ ਗਿਆ ਹੈ। ਉਸ ਦੀ ਜੇਬ ਵਿਚੋਂ ਜੋ ਪੇਪਰ ਪੜ੍ਹਿਆ ਉਸ ਉੱਰ ਲਿਖਿਆ ਹੋਇਅ ਸੀ ਕਿ ਇਸ ਵਿਚ ਮੇਰਾ ਤੇ ਮੇਰੇ ਮਾਂ ਬਾਪ ਦਾ ਕੋਈ ਕਸੂਰ ਨਹੀਂ ਹੈ। ਚਾਚਾ ਗੁਰਬਖਸ਼ ਸਿੰਘ ਬੋਲਿਆ- ਫਿਰ ਸਾਲੇ ਇੰਜਣ ਦਾ ਹੀ ਕਸੂਰ ਹੈ ਜਿਸਨੇ ਮਾਰ

ਦਿੱਤਾ ਹੈ। ਇਸ ਪ੍ਰਕਾਰ ਉਨ੍ਹਾਂ ਦੀਆਂ ਹਾਸਰਸ ਦੀਆਂ ਅਨੇਕਾਂ ਮਿਸਾਲਾਂ ਹਨ। ਆਪ ਨੂੰਹਾਂ ਧੀਆਂ ਦੇ ਨਾਲ ਵੀ ਹਾਸਾ ਮਜ਼ਾਕ ਕਰ ਲੈਂਦੇ ਸਨ। ਸ. ਗੁਰਬਖਸ਼ ਸਿੰਘ ਨੇ ਆਪਣੇ ਹੱਥੀਂ ਆਪਣੇ ਧੀਆਂ ਤੇ ਪੁੱਤਰ ਗੁਰਦਿਆਲ ਸਿੰਘ ਦੀ ਸ਼ਾਦੀ ਕਰ ਦਿੱਤੀ ਸੀ। ਘਰ ਵਿਚ ਦੋਹਤੇ-ਦੋਹਤੀਆਂ ਅਤੇ ਪੋਤੇ-ਪੋਤੀਆਂ ਦੀ ਖੁਸ਼ੀ ਵੇਖ ਲਈ ਸੀ। ਸ. ਗੁਰਬਖਸ਼ ਸਿੰਘ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਦਸੰਬਰ 1984 ਈ: ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

ਵੰਸ਼:- ਗੁਰਬਖਸ਼ ਸਿੰਘ ਦੇ ਵੰਸ਼ ਵਿਚ ਤਿੰਨ ਲੜਕੀਆਂ ਤੇ ਇਕ ਲੜਕਾ ਗੁਰਦਿਆਲ ਸਿੰਘ ਹੈ।

* **ਲੜਕੀਆਂ**:- ਨਿਰਮਲ ਕੌਰ ਪਤਨੀ ਬਖਸ਼ੀਸ਼ ਸਿੰਘ, ਬਲਵਿੰਦਰ ਕੌਰ ਪਤਨੀ ਬੂਟਾ ਸਿੰਘ ਕੰਧਾਲੀ ਨਰੰਗਪੁਰ ਤੇ ਸੁਰਜੀਤ ਕੌਰ ਪਤਨੀ ਤਾਰਾ ਸਿੰਘ ਮੋਹਾਲੀ ਹਨ।

* **ਲੜਕਾ**:- ਗੁਰਦਿਆਲ ਸਿੰਘ ਹੈ।

ਨੋਟ: ਜਿਸ ਲੜਕੀ ਨੂੰ ਬਿੰਦਰ ਕਹਿੰਦੇ ਹਨ ਉਸਦਾ ਅਨੰਦ ਕਾਰਜ ਮੈਂ ਮਿਤੀ 16-10-1977 ਨੂੰ ਕੀਤਾ। ਇਹ ਵਿਆਹ ਬਿਨਾ ਦਾਜ-ਦਹੇਜ ਤੋਂ ਹੋਇਆ ਸੀ। ਬਰਾਤ ਵਾਸਤੇ ਚਾਹ ਪਾਰਟੀ ਦਾ ਪ੍ਰਬੰਧ ਸੀ।

* **ਲੜਕਾ: ਗੁਰਦਿਆਲ ਸਿੰਘ**:- ਆਪ ਦੀ ਸ਼ਾਦੀ ਜੂਨ 1975 ਈ: ਵਿਚ ਸੁਰਿੰਦਰ ਕੌਰ ਨਾਲ ਹੋਈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਘੁਮਿਆਲਾ ਨੇੜੇ ਮਾਹਿਲਪੁਰ ਹਨ। ਗੁਰਦਿਆਲ ਸਿੰਘ ਘਰੇਲੂ ਕੰਮਕਾਰ ਕਰਕੇ ਜ਼ਿਆਦਾ ਪੜ੍ਹ ਨਹੀਂ ਸਕਿਆ। ਜਦੋਂ ਆਪ ਵੱਡੇ ਹੋਏ ਤਾਂ ਆਪ ਨੇ ਖੇਤੀਬਾੜੀ ਦੇ ਕੰਮ ਨੂੰ ਬੜੇ ਉਦਮ ਨਾਲ ਕੀਤਾ। ਘਰ ਦੇ ਹਾਲਾਤ ਬਦਲ ਗਏ। ਆਪ ਦੇ ਕੋਲ ਆਪ ਦੀ ਮਾਸੀ ਦੀ ਧੀ ਸੁਰਿੰਦਰ ਕੌਰ ਦੂਹੜਾ ਰਹਿੰਦੀ ਸੀ ਜਿਸ ਨੇ ਇਨ੍ਹਾਂ ਦੇ ਕੋਲ ਰਹਿ ਕੇ ਬੀ.ਏ. ਪਾਸ ਕੀਤੀ। ਉਹ ਕਮਿਊਨਿਸਟ ਵਿਚਾਰਾਂ ਦੀ ਸੀ। ਉਸ ਨੇ ਗੁਰਦਿਆਲ ਸਿੰਘ ਨੂੰ ਬਹੁਤ ਸਾਰੇ ਨਾਵਲ ਤੇ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨ ਨੂੰ ਦਿੱਤੀਆਂ। ਮੈਂ ਸੁਰਿੰਦਰ ਕੌਰ ਦੇ ਕੋਲੋਂ ਇਕ ਨਾਵਲ ਲੈ ਕੇ ਪੜ੍ਹਿਆ ਸੀ। ਗੁਰਦਿਆਲ ਸਿੰਘ ਕਦੇ-ਕਦੇ ਮੇਰੇ ਪਾਸ ਆ ਕੇ ਪੜ੍ਹਾਈ ਸਬੰਧੀ ਗੱਲ ਕਰਦਾ ਹੁੰਦਾ ਸੀ। ਪਿੰਡ ਵਿਚ ਆਮ ਕਰਕੇ ਦਿਆਲ ਸਿੰਘ ਦੀ ਸਿਆਣਪ ਦੀ ਗੱਲ ਹੋਣ ਲੱਗੀ। ਪਿੰਡ ਦੀ ਆਮ ਜਨਤਾ ਕਹਿਣ ਲੱਗ ਪਈ ਸੀ ਕਿ ਪਿੰਡ ਦਾ ਅਗਲਾ ਸਰਪੰਚ ਗੁਰਦਿਆਲ ਸਿੰਘ ਨੇ ਬਣਨਾ ਹੈ। ਆਪ 2003 ਤੋਂ 2008 ਤੱਕ ਪਿੰਡ ਦੇ ਸਰਪੰਚ ਰਹੇ। ਇਨ੍ਹਾਂ ਦਾ ਸੁਭਾਅ ਫਾਲਤੂ ਗੱਲਬਾਤ ਕਰਨ ਦਾ ਨਹੀਂ ਹੈ। ਲੋੜ ਪੈਣ ਤੇ ਹਰ ਆਦਮੀ ਦਾ ਸਹਾਰਾ ਬਣਦੇ ਹਨ।

ਵੰਸ਼: ਆਪ ਦੇ ਵੰਸ਼ ਵਿਚ ਦੋ ਲੜਕੀਆਂ ਤੇ ਦੋ ਲੜਕੇ ਹਨ।

ਲੜਕੀਆਂ: ਮਨਦੀਪ ਕੌਰ, ਸੰਦੀਪ ਕੌਰ।

ਸੰਦੀਪ ਕੌਰ ਨੇ M.A. Pol. Sc ਕੀਤੀ ਹੈ।

* **ਕਮਲਜੀਤ ਸਿੰਘ**:- ਆਪ ਦਾ ਜਨਮ 11-06-1978 ਦਾ ਹੈ। ਆਪ ਨੇ

10+2 ਪਾਸ ਕੀਤੀ ਹੈ। ਪੜ੍ਹਾਈ ਦੇ ਨਾਲ-ਨਾਲ ਖੇਤੀਬਾੜੀ ਦਾ ਕੰਮ ਵੀ ਕਰਦਾ ਰਿਹਾ ਹੈ। ਬਹੁਤ ਸਾਊ ਲੜਕਾ ਹੈ। ਕਿਸੇ ਮਾੜੀ ਆਦਤ ਦਾ ਸ਼ਿਕਾਰ ਨਹੀਂ ਹੈ। ਜਦੋਂ ਵੀ ਕਦੇ ਮਿਲਦਾ ਹੈ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹਿੰਦਾ ਹੈ। ਕਮਲਜੀਤ ਸਿੰਘ ਦਾ ਆਪਣੀ ਦਾਦੀ ਨਾਲ ਬਹੁਤ ਪਿਆਰ ਸੀ। ਕਮਲ ਵਰਕ ਪਰਮੈਂਟ 'ਤੇ 5 ਸਾਲ ਆਸਟ੍ਰੇਲੀਆ ਲਾ ਕੇ ਆਇਆ ਹੈ। ਆਪ ਦੀ ਮਾਤਾ ਸੁਰਿੰਦਰ ਕੌਰ ਆਪ ਦੇ ਵਿਦੇਸ਼ ਜਾਣ ਮਗਰੋਂ ਹਾਰਟ ਅਟੈਕ ਨਾਲ 5-1-2006 ਪੂਰੀ ਹੋ ਗਈ ਸੀ। ਉਸ ਦਾ ਦੋ ਵਾਰ ਦਿਲ ਦਾ ਓਪਰੇਸ਼ਨ ਹੋਇਆ ਸੀ। ਪਰ ਲੰਬੀ ਉਮਰ ਭੋਗ ਨਹੀਂ ਸਕੀ। ਹੁਣ ਆਸ ਸੀ ਕਿ ਦਾਦੀ ਵਿਦਿਆ ਦੇਵੀ ਆਪ ਦੀਆਂ ਵਿਆਹ ਦੀਆਂ ਰਸਮਾਂ ਪੂਰੀਆਂ ਕਰੇਗੀ। ਜਦੋਂ ਆਪ ਵਿਦੇਸ਼ ਤੋਂ ਆ ਰਹੇ ਸਨ ਤਾਂ ਦਾਦੀ ਮਾਤਾ ਰਾਤ ਨੂੰ 20-2-2010 ਨੂੰ ਅਚਾਨਕ ਪ੍ਰਮਾਤਮਾ ਨੂੰ ਪਿਆਰੀ ਹੋ ਗਈ। ਜਿਥੇ ਕਮਲ ਦੇ ਵਿਆਹ ਦੀ ਗੱਲ ਘਰ ਵਿਚ ਚਲਦੀ ਸੀ ਉਸੇ ਘਰ ਵਿਚ ਸੋਗ ਦੀ ਲਹਿਰ ਦੌੜ ਗਈ। ਪਰ ਉਸ ਦੇ ਪੁੱਤਰ ਗੁਰਦਿਆਲ ਸਿੰਘ ਨੇ ਹੌਸਲਾ ਰੱਖ ਕੇ ਮਾਤਾ ਦੇ ਭੋਗ ਦੀਆਂ ਰਸਮਾਂ ਪੂਰੀਆਂ ਕੀਤੀਆਂ ਹਨ। ਇਹ ਕਿਸੇ ਦੇ ਵਸ ਦੀ ਗੱਲ ਨਹੀਂ ਹੈ ਕਦੋ ਕੀ ਹੋਣਾ ਹੈ। ਕਿਸੇ ਸਿਆਣੇ ਦੇ ਬੋਲ:

"ਕੌਣ ਜਾਣਦਾ ਕੱਲ੍ਹ ਨੂੰ ਕੀ ਹੋਣਾ
ਚਿੰਤਾ ਕੱਲ੍ਹ ਦੀ ਕਰਨ ਦਾ ਕੀ ਫਾਇਦਾ

ਬੰਦਾ ਸ਼ੇਰ ਦੇ ਵਾਂਗਰਾਂ ਮਰੇ ਜੀਵੇ,
ਰੋ ਰੋ ਕੇ ਜਿਊਣਾ ਤਾਂ ਮਰਨ ਦਾ ਕੀ ਫਾਇਦਾ।

ਗੱਲਾਂ ਮਿੱਠੀਆਂ-ਮਿੱਠੀਆਂ ਸੋਂਹਦੀਆਂ ਨੇ,
ਗੱਲਾਂ ਫਿੱਕੀਆਂ ਕਰਨ ਦਾ ਕੀ ਫਾਇਦਾ।

ਵਕਤ ਪਏ ਤੇ ਯਾਰ ਜਦ ਮੁੱਖ ਮੋੜ ਜਾਂਦੇ,
ਗਿਲ੍ਹਾ ਕਿਸੇ ਤੇ ਕਰਨ ਦਾ ਕੀ ਫਾਇਦਾ।"

*** ਵਿਆਹ:-** ਕਮਲਜੀਤ ਸਿੰਘ ਦਾ ਵਿਆਹ ਮਿਤੀ 11-4-2010 ਨੂੰ ਰੁਪਿੰਦਰ ਕੌਰ ਨਾਲ ਪਿੰਡ ਚੱਕ ਖੇਲਾ ਹੁਸ਼ਿਆਰਪੁਰ ਵਿਖੇ ਹੋਇਆ ਹੈ। ਆਪ ਦੀ ਗ੍ਰਹਿਸਥ ਰੂਪੀ ਫੁਲਵਾੜੀ ਵਿਚ ਇਕ ਬੇਟੀ ਗੁਰਨਾਜ਼ ਕੌਰ ਨੇ ਜਨਮ ਲਿਆ ਹੈ। ਆਸ ਕਰਦਾ ਹਾਂ ਕਿ ਪਰਿਵਾਰ ਵਧੇ ਫੁੱਲੇ ਤੇ ਤਰੱਕੀ ਕਰੇ।

*** ਪੰਚ ਚੁਣੇ ਜਾਣਾ:-** ਕਮਲਜੀਤ ਸਿੰਘ ਦੀ ਲਿਆਕਤ ਨੂੰ ਵੇਖਦੇ ਹੋਏ ਗ੍ਰਾਮ ਪੰਚਾਇਤ ਗਗਨੌਲੀ ਵਿਚ ਵਾਰਡ ਨੰਬਰ 04 ਚੋਂ ਸਰਬ ਸੰਮਤੀ ਨਾਲ ਪੰਚ ਚੁਣਿਆ ਹੈ। ਇਸ ਤੋਂ ਪਹਿਲਾਂ ਆਪ ਦੇ ਪਿਤਾ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ।

*** ਰਣਵੀਰ ਸਿੰਘ ਰਾਣਾ:-** ਆਪ ਹੀ ਧਰਮ ਪਤਨੀ ਦਾ ਨਾਮ ਪਰਮਜੀਤ ਕੌਰ

ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸਲੇਰਨ ਨੇੜੇ ਚੁਹਾਲ ਹਨ। ਆਪ ਆਪਣੇ ਭਾਈ ਦੇ ਨਾਲ ਖੇਤੀਬਾੜੀ ਦਾ ਕੰਮ ਕਰਦੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਇਕ ਬੇਟੀ ਗੁਰਸ਼ਰਨ ਕੌਰ ਹੈ।

* **ਸੁੱਚਾ ਸਿੰਘ**:- ਹਜ਼ਾਰਾ ਸਿੰਘ ਦਾ ਦੂਸਰਾ ਲੜਕਾ ਸੁੱਚਾ ਸਿੰਘ ਹੈ, ਜਿਸ ਦੀ ਘਰ ਵਿਚ ਆਮ ਕਰਕੇ ਸਰਦਾਰੀ ਰਹੀ ਹੈ। ਆਪ ਦੀ ਧਰਮ ਪਤਨੀ ਦਾ ਨਾਮ ਪ੍ਰੀਤਮ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਰਾਏਪੁਰ-ਬੱਲਾਂ ਹਨ। ਆਪ ਦਾ ਵਿਸ਼ੇਸ਼ ਗੁਣ ਇਹ ਹੈ ਕਿ ਆਪ ਗੱਲ ਇਸ ਪ੍ਰਕਾਰ ਕਰਦੇ ਸਨ ਕਿ ਸੁਨਣ ਵਾਲੇ ਨੂੰ ਕਦੇ ਅਕੇਵਾਂ ਮਹਿਸੂਸ ਨਹੀਂ ਹੁੰਦਾ ਹੈ। ਜਦੋਂ ਪਰਿਵਾਰ ਪਾਕਿਸਤਾਨ ਵਿਚ ਖੇਤੀ ਕਰਦਾ ਸੀ ਤਾਂ ਉਸ ਸਮੇਂ ਦੀਆਂ ਬਹੁਤ ਸਾਰੀਆਂ ਗੱਲਾਂ ਕਰਨੀਆਂ ਖਾਸ ਕਰਕੇ ਜਦੋਂ ਕਣਕ ਦੀ ਕਟਾਈ ਹੁੰਦੀ ਸੀ। ਆਪ ਨੂੰ ਉੱਚਾ ਬੋਲਣ ਦੀ ਆਦਤ ਸੀ।

ਇਕ ਵਾਰ ਅਸੀਂ ਪਿੜਾਂ ਵਿਚ ਕਣਕ ਕੱਢ ਰਹੇ ਸੀ। ਆਪ ਤਕਰੀਬਨ ਰਾਤ ਦੇ ਬਾਰਾਂ ਵੱਜੇ ਦੇ ਕਰੀਬ ਸਾਡੇ ਪਾਸ ਆ ਗਏ। ਚਾਹ ਬਣ ਰਹੀ ਸੀ। ਅਸੀਂ ਕੰਮ ਦੇ ਨਾਲ ਗੱਪ ਛੱਪ ਮਾਰ ਰਹੇ ਸੀ। ਜਦੋਂ ਅਸੀਂ ਇਨ੍ਹਾਂ ਨੂੰ ਵੇਖਿਆ ਤਾਂ ਸਾਰੇ ਹੈਰਾਨ ਹੋ ਗਏ ਚਾਚਾ ਸੁੱਚਾ ਸਿੰਘ ਆਇਆ ਹੈ। ਸਾਡੇ ਨਾਲ ਗੱਲਬਾਤ ਕੀਤੀ ਚਾਹ ਪੀਤੀ। ਮੈਂ ਕਿਹਾ, "ਚਾਚਾ ਜੀ ਇਸ ਪਾਸੇ ਬੈਠ ਜਾਵੋ।"

"ਨਹੀਂ ਕਾਕਾ ਮੈਨੂੰ ਕੋਈ ਫ਼ਰਕ ਨਹੀਂ ਪੈਣਾ। ਮੈਂ ਤੁਹਾਡੇ ਕੋਲ ਬੈਠਣਾ ਹੈ ਜਾਂ ਆਰਾਮ ਕਰਨਾ ਹੈ।" ਮੈਂ ਕਿਹਾ ਮਸ਼ੀਨ ਖੜਖੜ ਵਿਚ ਆਪ ਨੂੰ ਨੀਂਦਰ ਨਹੀਂ ਪਵੇਗੀ। ਉਨ੍ਹਾਂ ਕਿਹਾ ਜਦੋਂ ਮੈਨੂੰ ਨੀਂਦਰ ਨਾ ਆਵੇ ਤਾਂ ਮੈਂ ਤੁਹਾਡੀ ਚਾਚੀ ਨੂੰ ਆਖਦਾ ਹਾਂ ਪ੍ਰੀਤੋ! ਚਰਖਾ ਡਾਹ ਕੇ ਦੋ ਚਾਰ ਪੂਣੀਆਂ ਕੱਤ, ਮੈਨੂੰ ਨੀਂਦ ਆ ਜਾਵੇ। ਆਪ ਨੇ ਥੋੜ੍ਹਾ ਸਮਾਂ ਅੱਡਾ ਨਸਰਾਲਾ ਵਿਖੇ ਚਾਹ ਦੀ ਦੁਕਾਨ ਵੀ ਕੀਤੀ ਹੈ। ਇਹ ਸਾਰੀਆਂ ਗੱਲਾਂ ਉਸ ਸਮੇਂ ਦੀਆਂ ਸਨ ਜਦੋਂ ਆਪ ਨੇ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਭਾਈ ਜਗਤਾਰ ਸਿੰਘ ਨੂੰ ਵੇਚ ਦਿੱਤੀ ਸੀ।

ਇਸ ਤੋਂ ਪਹਿਲਾਂ ਆਪ ਦੀ ਵੱਡੀ ਭਰਜਾਈ ਵਿਦਿਆ ਦੇਵੀ ਨੇ ਕਹਿਣਾ ਗੁਲਜ਼ਾਰ ਸਿੰਘ ਲੰਬੜਦਾਰ ਵੱਲ ਵੇਖ ਉਸ ਦੇ ਪਾਸ ਪੰਜ ਖੇਤ ਹਨ। ਖੇਤੀ ਦਾ ਕੰਮ ਚੰਗਾ ਕਰਦਾ ਹੈ। ਤੇਰੇ ਪਾਸ ਵੀ ਪੰਜ ਖੇਤ ਹਨ। ਘਰ ਨੂੰ ਸੰਭਾਲ ਲੈ ਅਜੇ ਵੀ ਮੌਕਾ ਹੈ। ਪਰ ਆਪ ਜ਼ਿਆਦਾ ਸਮਾਂ ਵਿਹਲੇ ਰਹਿ ਕੇ ਹੀ ਬਿਤਾਉਂਦੇ ਸਨ। ਜਦੋਂ ਜਰਨੈਲ ਸਿੰਘ ਦੇ ਕੋਲ ਖੰਡ ਦਾ ਡੀਪੂ ਆ ਗਿਆ ਤਾਂ ਆਪ ਉਸ ਦੇ ਕੋਲ ਸ਼ੌਂਕੀਆ ਤੌਰ ਤੇ ਕੰਮ ਕਰਦੇ ਸਨ। ਕਦੇ-ਕਦੇ ਸੋਹਣ ਸਿੰਘ ਸਪੁੱਤਰ ਮੇਹਰ ਸਿੰਘ ਦੇ ਨਾਲ ਹਲ ਵਾਹੁੰਦੇ ਸਨ। ਆਪ ਦੀ ਘਰਵਾਲੀ ਦਾ ਵੀ ਸ਼ਾਂਤ ਸੁਭਾਅ ਸੀ।

* **ਵੰਸ਼**:- ਆਪ ਦੇ ਵੰਸ਼ ਵਿਚ ਇਕ ਲੜਕੀ ਗੁਰਦੀਪ ਕੌਰ ਤੇ ਦੋ ਲੜਕੇ ਬੱਗਾ ਸਿੰਘ ਤੇ ਨਿਰਮਲ ਸਿੰਘ ਹਨ।

* ਗੁਰਦੀਪ ਕੌਰ ਦੀ ਸ਼ਾਦੀ ਆਦਮਪੁਰ ਕੀਤੀ ਹੈ।

ਆਪ ਦਾ ਲੜਕਾ ਬੱਗਾ ਸਿੰਘ 12, 13 ਸਾਲ ਦੀ ਉਮਰ ਵਿਚ ਗੁਜ਼ਰ ਗਿਆ ਸੀ।

* **ਨਿਰਮਲ ਸਿੰਘ:-** ਆਪ ਦਾ ਦੂਜਾ ਲੜਕਾ ਨਿਰਮਲ ਸਿੰਘ ਹੈ ਜਿਸ ਨੇ ਦਸਵੀਂ ਪਾਸ ਕੀਤੀ ਹੈ। ਉੱਚਾ ਲੰਮਾ ਹੈ। ਸੁੱਚਾ ਸਿੰਘ ਆਪਣੇ ਕੋਲ ਲਵੇਰੇ ਵਾਸਤੇ ਇਕ ਮੱਝ ਰੱਖਦਾ ਸੀ। ਨਿਰਮਲ ਸਿੰਘ ਥੋੜ੍ਹਾ ਘਰੇਲੂ ਕੰਮ ਕਰਨ ਦੇ ਨਾਲ ਨਸਰਾਲੇ ਫੈਕਟਰੀ ਵਿਚ ਵੀ ਕੰਮ ਕਰਦਾ ਸੀ। ਨਿਰਮਲ ਸਿੰਘ ਪੰਜਾਬੀ ਸੱਭਿਆਚਾਰ ਦੇ ਕਈ ਗੀਤ ਗਾਉਂਦਾ ਸੀ। ਕਈ ਵਾਰ ਮੈਂ ਵਿਹਲੇ ਸਮੇਂ ਉਸ ਪਾਸੋਂ ਕਈ ਗੀਤ ਸੁਣਦਾ ਸੀ।

ਜਦੋਂ ਪਿੰਡ ਦੇ ਬਹੁਤ ਸਾਰੇ ਨੌਜਵਾਨ ਬਾਹਰ ਅਰਬ ਦੇਸ਼ਾਂ ਵਿਚ ਗਏ ਤਾਂ ਸੁੱਚਾ ਸਿੰਘ ਨੇ ਵੀ ਆਪਣੇ ਲੜਕੇ ਦਾ ਪਾਸਪੋਰਟ ਬਣਵਾ ਦਿੱਤਾ। ਪਿੰਡ ਵਿਚ ਆਪ ਦੇ ਸਾਥੀ ਦਿਲਜੀਤ ਸਿੰਘ, ਪਾਲ ਸਿੰਘ ਸਨ। ਜਦੋਂ ਆਪ ਨੂੰ ਵਿਦੇਸ਼ ਗਏ ਨੂੰ ਦੋ ਸਾਲ ਹੋ ਗਏ ਤਾਂ ਪਿਤਾ ਸੁੱਚਾ ਸਿੰਘ ਨੇ ਖੁਸ਼ ਹੋ ਕੇ ਕਹਿਣਾ ਕਾਕਾ! ਨਿੰਮਾ ਕਹਿੰਦਾ ਹੈ। ਭਾਪਾ ਕੋਠੀ ਚੰਡੀਗੜ੍ਹ ਪਾਉਣੀ ਹੈ। ਸੁੱਚਾ ਸਿੰਘ ਨੂੰ ਕੁਝ ਗੱਪ ਮਾਰਨ ਦੀ ਆਦਤ ਸੀ। ਜਦੋਂ ਨਿਰਮਲ ਸਿੰਘ ਵਿਦੇਸ਼ ਲਿਵਲਾਨ ਵਿਚ ਸੀ ਤਾਂ ਕਿਸੇ ਕਤਲ ਕੇਸ ਵਿਚ ਫਸ ਗਿਆ ਪਰ ਬਚਾਅ ਹੋ ਗਿਆ ਹੈ।

ਪਰ ਉਹ ਜ਼ਿਆਦਾ ਨਸ਼ੇ ਦਾ ਸੇਵਨ ਕਰਨ ਲੱਗਾ। ਸ਼ਰਾਬ ਤੇ ਸ਼ਬਾਬ ਦਾ ਸ਼ਿਕਾਰ ਹੋ ਗਿਆ। ਉਸ ਨੂੰ ਏਡਜ਼ ਦੀ ਬਿਮਾਰੀ ਨੇ ਆਪਣੀ ਲਪੇਟ 'ਚ ਲੈ ਲਿਆ। ਪਿੰਡ ਇਕ ਵਾਰ ਛੁੱਟੀ ਆਇਆ ਉਸ ਦੇ ਪਿਤਾ ਨੇ ਉਸ ਦੀ ਸੁੱਖ ਲਈ ਪਿੰਡ ਤੋਂ ਬਾਹਰ ਧਾਰਮਿਕ ਸਥਾਨ ਬਾਬਾ ਰਾਮ ਸਰਨ ਵਿਖੇ ਸ੍ਰੀ ਅਖੰਡ ਪਾਠ ਕਰਵਾਇਆ। ਮਾਤਾ ਪਿਤਾ ਨੇ ਕਿਹਾ ਅਸੀਂ ਇਸ ਦੀ ਸ਼ਾਦੀ ਕਰਨੀ ਹੈ ਪਰ ਨਿਰਮਲ ਸਿੰਘ ਨੇ ਆਪਣੀ ਸਿਹਤ ਬਾਰੇ ਨਹੀਂ ਦੱਸਿਆ- ਬਾਹਰ ਵਿਦੇਸ਼ ਵਿਚ ਹੀ ਉਸ ਦੀ ਮੌਤ ਹੋ ਗਈ। ਉਸ ਦਾ ਮ੍ਰਿਤਕ ਸਰੀਰ ਪਿੰਡ ਨਹੀਂ ਆਇਆ ਉਧਰ ਹੀ ਸਸਕਾਰ ਕਰ ਦਿੱਤਾ ਗਿਆ। ਮਾਤਾ ਪਿਤਾ ਨੂੰ ਚਾਵਾਂ-ਲਾਡਾਂ ਨਾਲ ਪਾਲ਼ੇ ਪੁੱਤਰ ਦਾ ਸੁੱਖ ਨਸੀਬ ਨਹੀਂ ਹੋਇਆ।

ਨਿਰਮਲ ਸਿੰਘ ਦੇ ਪੂਰੇ ਹੋਣ ਤੋਂ ਪਹਿਲਾਂ ਇਕ ਦਿਨ ਸੁੱਚਾ ਸਿੰਘ ਨੇ ਆਪਣੇ ਦਿਲ ਦੀ ਸੱਚੀ ਗੱਲ ਦੱਸੀ ਕਿ ਅੱਜ ਤੱਕ ਮੈਨੂੰ ਆਪਣੇ ਲੜਕੇ ਦੇ ਪੰਜ ਰੁ: ਵੀ ਨਸੀਬ ਨਹੀਂ ਹੋਏ ਹਨ। ਮੈਂ ਤਾਂ ਮੱਝ ਦਾ ਦੁੱਧ ਵੇਚ ਕੇ ਗੁਜ਼ਾਰਾ ਕਰਦਾ ਹਾਂ।

* **ਮੌਤ:-** ਜਿਸ ਦਿਨ ਸੁੱਚਾ ਸਿੰਘ ਦੀ ਹਾਰਟ ਅਟੈਕ ਨਾਲ ਮਿਤੀ 8-06-1999 ਨੂੰ ਮੌਤ ਹੋਈ ਹੈ। ਮੈਂ ਸਵੇਰ ਸਾਰ ਕਠਾਰ ਭੱਠੇ 'ਤੇ ਜਾ ਰਿਹਾ ਸੀ। ਉਹ ਸਵੇਰੇ ਹੀ ਚੋਈ 'ਤੇ ਘਾਹ ਖੋਤ ਰਿਹਾ ਸੀ। ਮੈਂ ਬੁਲਾਉਣਾ ਚਾਹਿਆ ਪਰ ਮੈਂ ਚੁੱਪਚਾਪ ਚਲਾ ਗਿਆ। ਜਦੋਂ ਮੈਂ ਸ਼ਾਮ ਨੂੰ ਘਰ ਆਇਆ ਤਾਂ ਪਤਾ ਲੱਗਾ ਕਿ ਸੁੱਚਾ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਉਸ ਦਾ ਕੁੱਤਾ ਮਰ ਗਿਆ ਸੀ ਉਹ ਉਸਨੂੰ ਦੱਬਣ ਗਿਆ। ਅਜੇ ਕਹੀ ਦਾ ਪਹਿਲਾ ਟੱਕ ਹੀ ਲਾਇਆ ਸੀ ਕਿ ਧਰਤੀ 'ਤੇ ਡਿੱਗ ਗਿਆ ਤੇ ਰੱਬ ਨੂੰ ਪਿਆਰਾ ਹੋ ਗਿਆ। ਉਸ ਦੀ ਧਰਮ ਪਤਨੀ ਆਪਣੀ ਲੜਕੀ

ਗੁਰਦੀਪ ਕੌਰ ਦੇ ਕੋਲ ਆਦਮਪੁਰ ਰਹਿ ਰਹੀ ਹੈ।

*** ਰੇਸ਼ਮ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਬਚਨ ਕੌਰ ਹੈ ਜਿਸ ਦੇ ਪੇਕੇ ਫਤਹਿਪੁਰ ਹਨ। ਰੇਸ਼ਮ ਸਿੰਘ ਵੀ ਖੇਤੀ ਕਰਦਾ ਸੀ। ਘਰ ਦਾ ਗੁਜ਼ਾਰਾ ਤੋਰਨ ਲਈ ਦੁੱਧ ਵਾਲੇ ਪਸ਼ੂ ਵੀ ਰੱਖਦਾ ਸੀ। ਰੇਸ਼ਮ ਸਿੰਘ ਤੋਂ ਜ਼ਿਆਦਾ ਕੰਮਕਾਰ ਵਚਨ ਕੌਰ ਕਰਦੀ ਸੀ। ਰੇਸ਼ਮ ਕੌਰ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਉਸ ਦਾ ਗੁਰੂ ਘਰ ਨਾਲ ਪਿਆਰ ਹੈ। ਰੇਸ਼ਮ ਸਿੰਘ ਆਪਣੇ ਬੁਢਾਪੇ ਵਾਲੇ ਜੀਵਨ ਵਿਚ ਬਹੁਤ ਕਮਜ਼ੋਰ ਹੋ ਗਿਆ ਸੀ। ਨਸ਼ੇ ਦੀ ਲੱਤ ਸਰੀਰ ਨੂੰ ਘੁਣ ਵਾਂਗ ਖਾ ਜਾਂਦੀ ਹੈ। ਇਕ ਦਿਨ ਸਵੇਰ ਸਾਰ ਮੇਰਾ ਗੇਟ ਖੜਕਾਇਆ। ਮੈਂ ਗੇਟ ਖੋਲ੍ਹਿਆ ਤਾਂ ਦੇਖਿਆ ਰੇਸ਼ਮ ਸਿੰਘ ਹੈ ਮੈਂ ਕ੍ਹਿਹਾ, "ਚਾਚਾ ਕੀ ਹਾਲ ਹੈ?" ਉਸਨੇ ਕਿਹਾ ਹੁਣ ਸਰੀਰ ਬਹੁਤ ਰਹਿ ਗਿਆ ਹੈ। ਤੁਰ ਫਿਰ ਨਹੀਂ ਹੁੰਦਾ। ਮੈਨੂੰ ਤੀਲਾ ਦੀ ਡੱਬੀ ਦਿਓ। ਮੈਂ ਸਿਗਰਟ ਪੀਣੀ ਹੈ। ਫਿਰ ਪਾਣੀ ਦਾ ਗਲਾਸ ਪੀਤਾ ਤੇ ਚਲਾ ਗਿਆ। ਆਪ 70 ਸਾਲ ਦੀ ਉਮਰ ਭੋਗ ਕੇ 15-9-1988 ਨੂੰ ਦਿਨ ਸ਼ੁੱਕਰਵਾਰ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੀਆਂ ਤੇ ਦੋ ਲੜਕੇ ਹਨ।

*** ਲੜਕੀਆਂ:-** ਦੀਸ਼ੋ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਬੀਬੀ ਵਿਆਹੀ ਹੋਈ ਹੈ। ਘਰ ਦਾ ਗੁਜ਼ਾਰਾ ਚੰਗਾ ਹੈ।

ਦੂਜੀ ਲੜਕੀ ਕੁਲਵੰਤ ਕੌਰ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਤਨੂੰਲੀ ਹਨ। ਦੋਵੇਂ ਭੈਣਾਂ ਨੇੜੇ-ਨੇੜੇ ਹਨ। ਤਨੂੰਲੀ ਤੋਂ ਪੰਡੋਰੀ ਬੀਬੀ ਦੋ ਕਿਲੋਮੀਟਰ ਹੈ।

*** ਲੜਕੇ:** ਦੇਵ ਸਿੰਘ ਦੀ ਧਰਮ ਪਤਨੀ ਦਾ ਨਾਮ ਹਰਜਿੰਦਰ ਕੌਰ ਹੈ। ਦੇਵ ਸਿੰਘ ਮੇਰਾ ਹੀ ਹਾਣੀ ਹੈ। ਪਰ ਘਰੇਲੂ ਹਾਲਾਤ ਠੀਕ ਨਾ ਹੋਣ ਕਰਕੇ ਪੜ੍ਹ ਨਹੀਂ ਸਕਿਆ। ਦੇਵ ਸਿੰਘ ਨੂੰ ਮੈਂ ਆਮ ਕਰਕੇ ਡਾ. ਦੇਵ ਰਾਜ ਕਰਕੇ ਬੁਲਾਉਂਦਾ ਹਾਂ ਕਿਉਂਕਿ ਸਾਡੇ ਨੇੜਲੇ ਪਿੰਡ ਨਸਰਾਲਾ ਦੇ ਸਾਬਕਾ ਐਮ.ਐਲ.ਏ. ਡਾ. ਦੇਵ ਰਾਜ ਸਿੰਘ ਸਨ। ਦੇਵ ਸਿੰਘ ਖੇਤੀਬਾੜੀ ਦੇ ਨਾਲ-ਨਾਲ ਦੁੱਧ ਦਾ ਵੀ ਕੰਮ ਕਰਦਾ ਹੈ। ਦੇਵ ਸਿੰਘ ਦੇ ਪਰਿਵਾਰ ਵਿਚ ਅਜੇ ਕੋਈ ਬੱਚਾ ਨਹੀਂ ਹੈ।

* ਕਰਮਜੀਤ ਸਿੰਘ ਰੇਸ਼ਮ ਸਿੰਘ ਦਾ ਦੂਜਾ ਲੜਕਾ ਹੈ। ਆਪ ਦੀ ਸ਼ਾਦੀ ਸੁਰਿੰਦਰ ਕੌਰ ਦੇ ਨਾਲ ਮਿਤੀ 20-8-1990 ਨੂੰ ਹੋਈ। ਕਰਮਜੀਤ ਸਿੰਘ ਨੇ ਥੋੜ੍ਹਾ ਸਮਾਂ ਵਿਦੇਸ਼ੀ ਸਫ਼ਰ ਵੀ ਲਾਇਆ ਹੈ। ਹੁਣ ਘਰੇਲੂ ਕੰਮ ਹੀ ਕਰਦਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਗੁਰਪ੍ਰੀਤ ਸਿੰਘ ਤੇ ਇਕ ਲੜਕੀ ਕਮਲਜੀਤ ਕੌਰ ਹੈ।

*** ਜਗਤਾਰ ਸਿੰਘ:-** ਹਜ਼ਾਰਾ ਸਿੰਘ ਦਾ ਚੌਥਾ ਲੜਕਾ ਜਗਤਾਰ ਸਿੰਘ ਹੈ। ਆਪ ਦੀ ਧਰਮ ਪਤਨੀ ਦਾ ਨਾਮ ਬਲਵੀਰ ਕੌਰ ਹੈ ਜਿਸ ਦੇ ਪੇਕੇ ਆਦਮਪੁਰ ਨੇੜੇ ਕਡਿਆਣੇ ਹਨ। ਮੀਆਂ ਬੀਬੀ ਦੋਹਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਆਪਣੀ ਕੋਠੀ ਵਿਚ ਕੀਤਾ ਹੋਇਆ ਹੈ। ਸਵੇਰੇ ਤੇ ਸ਼ਾਮ ਗੁਰਬਾਣੀ

ਨੂੰ ਪੜ੍ਹਦੇ ਹਨ। ਆਪ ਦੇ ਕੋਲ ਖੇਤੀ ਵਾਸਤੇ 15 ਖੇਤ ਜ਼ਮੀਨ ਹੈ। ਆਪ ਕੰਮ ਵਿਚ ਵਿਸ਼ਵਾਸ਼ ਕਰਦੇ ਹਨ। ਪਿੰਡ ਵਿਚ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਹੈ। ਸਾਦਗੀ ਦਾ ਚਿੰਨ੍ਹ ਦੂਜਾ ਨਾਮ ਜਗਤਾਰ ਸਿੰਘ ਹੈ ਜਿਸ ਨੂੰ ਘਰ ਵਿਚ ਆਮ ਕਰਕੇ ਪਾੜ੍ਹਾ ਕਰਕੇ ਬੁਲਾਇਆ ਜਾਂਦਾ ਸੀ। ਮੈਂ ਬਚਪਨ ਵਿਚ ਇਨ੍ਹਾਂ ਨੂੰ ਕਦੇ ਨਹੀਂ ਵੇਖਿਆ ਜਦੋਂ ਆਪ ਪੈਨਸ਼ਨ ਆਏ ਤਾਂ ਵੇਖਿਆ ਹੈ।

* **ਪੜ੍ਹਾਈ**:- ਆਪ ਨੇ 1958 ਵਿਚ ਸ.ਹ.ਸ. ਨਸਰਾਲਾ ਤੋਂ ਦਸਵੀਂ ਜਮਾਤ ਪਹਿਲੇ ਦਰਜੇ ਵਿਚ ਪਾਸ ਕੀਤੀ। ਆਪ ਦੇ 850 ਅੰਕਾਂ ਵਿਚੋਂ 622 ਅੰਕ ਸਨ ਜਿਨ੍ਹਾਂ ਦੀ ਪ੍ਰਤੀਸ਼ਤਤਾ 76.47 ਬਣਦੀ ਹੈ। ਆਪ ਨੇ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਤੋਂ ਐਫ.ਐਸ.ਸੀ. ਨੌਨ ਮੈਡੀਕਲ ਪਾਸ ਕੀਤੀ ਹੈ। ਆਪ ਮੇਰੇ ਭਾਈ ਅਜੀਤ ਸਿੰਘ ਦੇ ਸਹਿਪਾਠੀ ਹਨ।

* **ਸਰਕਾਰੀ ਨੌਕਰੀ**:- ਆਪ 8-3-1967 ਨੂੰ ਸਰਕਾਰੀ ਨੌਕਰੀ ਵਿਚ ਆਏ ਆਪ ਦੀ ਇਹ ਨਿਯੁਕਤੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਸੀ। ਆਪ ਤਲਵਾੜਾ ਡੈਮ ਤੋਂ 30-4-1999 ਨੂੰ ਬਤੌਰ ਸੀਨੀਅਰ ਅਸਿਸਟੈਂਟ ਸੇਵਾ ਮੁਕਤ ਹੋਏ। ਆਪ ਦਾ ਸਾਨੂੰ ਇਕ ਹੀ ਸੰਦੇਸ਼ ਹੈ ਕਿ ਸਾਨੂੰ ਚੰਗੇ ਇਨਸਾਨ ਬਣਨਾ ਚਾਹੀਦਾ ਹੈ। ਆਪ ਦੀ ਧਰਮ ਪਤਨੀ ਬਲਵੀਰ ਕੌਰ 2003 ਤੋਂ 2008 ਤੱਕ ਪਿੰਡ ਦੀ ਪੰਚ ਰਹੀ। ਆਪ ਨੇ ਆਪਣੀ ਜ਼ਮੀਨ ਵਿਚ ਜ਼ਿਆਦਾ ਕਰਕੇ ਸਫੈਦਾ ਤੇ ਪਾਪੂਲਰ ਲਾਏ ਹੋਏ ਹਨ। ਕਿਸੇ ਆਦਮੀ ਦੀ ਮਾੜੀ-ਚੰਗੀ ਕਰਨ ਨਾਲੋਂ ਆਪਣੇ ਕੰਮ ਵਿਚ ਰੁੱਝੇ ਰਹਿੰਦੇ ਹਨ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਸਵਰਨਜੀਤ ਸਿੰਘ, ਦਲਜੀਤ ਸਿੰਘ।

ਲੜਕੀਆਂ: ਸੁਖਵਿੰਦਰ ਕੌਰ, ਮਨਜੀਤ ਕੌਰ ਹਨ। ਦੋਵੇਂ ਲੜਕੀਆਂ ਯੂਰਪੀਅਨ ਦੇਸ਼ਾਂ ਵਿਚ ਰਹਿ ਰਹੀਆਂ ਹਨ।

* ਸਵਰਨਜੀਤ ਸਿੰਘ ਦੀ ਧਰਮ ਪਤਨੀ ਦਾ ਨਾਮ ਅਮਨਪ੍ਰੀਤ ਕੌਰ ਹੈ। ਸਵਰਨਜੀਤ ਸਿੰਘ ਇੰਗਲੈਂਡ ਵਿਚ ਰਹਿ ਰਿਹਾ ਹੈ।

ਵੰਸ਼:- ਆਪ ਦੀਆਂ ਦੋ ਲੜਕੀਆਂ ਹਨ।

ਪਰਮਜੀਤ ਕੌਰ ਤੇ ਹਰਪ੍ਰੀਤ ਕੌਰ ਹਨ।

* ਦਲਜੀਤ ਸਿੰਘ ਦੀ ਧਰਮ ਪਤਨੀ ਦਾ ਨਾਮ ਸੁਖਵਿੰਦਰ ਕੌਰ ਹੈ ਜੋ ਆਪਣੇ ਪਤੀ ਨਾਲ ਇਟਲੀ ਵਿਚ ਰਹਿ ਰਹੀ ਹੈ। ਸਾਰੇ ਬੱਚੇ ਯੂਰਪ ਵਿਚ ਚੰਗਾ ਜੀਵਨ ਬਤੀਤ ਕਰ ਰਹੇ ਹਨ।

* **ਅਵਤਾਰ ਸਿੰਘ**:- ਅਵਤਾਰ ਸਿੰਘ ਹਜ਼ਾਰਾ ਸਿੰਘ ਦਾ ਸਭ ਤੋਂ ਛੋਟਾ ਲੜਕਾ ਹੈ, ਜਿਸ ਨੂੰ ਪਰਿਵਾਰ ਵਿਚ ਆਮ ਕਰਕੇ ਅੱਬਾ ਕਹਿ ਕੇ ਬੁਲਾਇਆ ਜਾਂਦਾ ਹੈ। ਮੈਂ ਉਸ ਨੂੰ ਨਹੀਂ ਵੇਖਿਆ ਹੈ। ਆਪ ਦੀ ਧਰਮ ਪਤਨੀ ਦਾ ਨਾਮ ਬਲਵਿੰਦਰ ਕੌਰ ਹੈ। ਅਵਤਾਰ ਸਿੰਘ ਫੌਜ ਦੀ ਨੌਕਰੀ ਕਰਦਾ ਸੀ। ਪੈਨਸ਼ਨ ਆ ਕੇ ਉਸ ਨੇ ਰਾਜਸਥਾਨ ਵਿਚ ਜ਼ਮੀਨ

ਖਰੀਦ ਲਈ ਸੀ ਤੇ ਉੱਥੇ ਦਾ ਵਾਸੀ ਬਣ ਗਿਆ ਸੀ। ਹੁਣ ਪਰਿਵਾਰ ਸਮੇਤ ਕੈਨੇਡਾ ਵਿਚ ਰਹਿ ਰਿਹਾ ਹੈ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਸਤਵੰਤ ਸਿੰਘ ਤੇ ਇਕ ਲੜਕੀ ਸਰਬਜੀਤ ਕੌਰ ਹੈ।

ਸਤਵੰਤ ਸਿੰਘ ਦੇ ਅੱਗੋਂ ਪਰਿਵਾਰ ਵਿਚ ਦੋ ਲੜਕੇ ਤੇ ਇਕ ਲੜਕੀ ਹੈ। ਵਿਦੇਸ਼ ਵਿਚ ਹੋਣ ਕਰਕੇ ਨਾਮ ਪਤਾ ਨਹੀਂ ਹੈ।

ਨੋਟ: ਇਹ ਸਾਰਾ ਪਰਿਵਾਰਕ ਵੇਰਵਾ ਸ. ਹਜਾਰਾ ਸਿੰਘ ਦੇ ਪਰਿਵਾਰ ਦਾ ਹੈ।

ਦੀਵਾਨ ਸਿੰਘ (ਬੇਲੀ)

ਦੀਵਾਨ ਸਿੰਘ ਦੀ ਧਰਮ ਪਤਨੀ ਦਾ ਨਾਮ ਚੰਦੋ ਸੀ।

ਵੰਸ਼:- ਦੋ ਲੜਕੇ- ਡੋਗਰ ਅਤੇ ਬੇਲੀ।

ਡੋਗਰ ਦੀ ਸ਼ਾਦੀ ਨਹੀਂ ਹੋਈ ਸੀ। ਉਹ ਛੜਾ ਸੀ। ਆਪਣੇ ਭਰਾ ਬੇਲੀ ਨਾਲ ਖੇਤੀਬਾੜੀ ਕਰਦਾ ਸੀ।

ਬੇਲੀ: ਆਪ ਦੀ ਧਰਮ ਪਤਨੀ ਦਾ ਨਾਮ ਭਾਨੀ ਸੀ। ਕਿਸੇ ਸਮੇਂ ਡੋਗਰ ਤੇ ਬੇਲੀ 20 ਖੇਤਾਂ ਦੇ ਮਾਲਕ ਦੱਸੇ ਜਾਂਦੇ ਸਨ। ਅੱਜ ਦੀ ਨਵੀਂ ਪੀੜ੍ਹੀ ਨੂੰ ਕੋਈ ਪਤਾ ਨਹੀਂ ਹੈ ਕਿ ਡੋਗਰ ਤੇ ਬੇਲੀ ਕੌਣ ਸਨ। ਉਨ੍ਹਾਂ ਦੀ ਹਵੇਲੀ ਤੇ ਘਰ ਕਿੱਥੇ ਸੀ। ਪਿੰਡ ਦੀ ਸੱਥ ਵਿਚ ਆਮ ਗੱਲ ਡੋਗਰ ਤੇ ਬੇਲੀ ਦੀ ਚੱਲਦੀ ਹੁੰਦੀ ਸੀ। ਪਿੰਡ ਦੇ ਇਤਿਹਾਸ ਵਿਚ ਉਨ੍ਹਾਂ ਦਾ ਨਾਮ ਸੀ।

ਵੰਸ਼: ਇਕ ਲੜਕੀ- ਰੱਖੀ

ਲੜਕੇ: ਰੱਖਾ, ਚੰਨੂੰ ਤੇ ਨੰਜੂ

* **ਰੱਖੀ**:- ਇਸ ਦੀ ਸ਼ਾਦੀ ਪਿੰਡ ਅਰਜਨਵਾਲ (ਜਲੰਧਰ) ਕੀਤੀ ਹੋਈ ਸੀ। ਉਹ ਕਦੇ-ਕਦੇ ਪਿੰਡ ਆਉਂਦੀ ਸੀ। ਜਦੋਂ ਉਸ ਦੇ ਭਰਾ ਜਿਊਂਦੇ ਸਨ ਉਸ ਦਾ ਇਕ ਲੜਕਾ ਪੰਜਾਬ ਪੁਲਿਸ ਵਿਚ ਹਵਾਲਦਾਰ ਸੀ। ਥੋੜਾ ਸਮਾਂ ਉਨ੍ਹਾਂ ਆਪ ਪਿੰਡ ਵਿਚ ਖੇਤੀ ਕੀਤੀ ਹੈ। ਆਪਣੇ ਮਾਮਿਆਂ ਦੀ ਜ਼ਮੀਨ ਵਿਚ ਟਿਊਬਵੈੱਲ ਵੀ ਲਗਾਇਆ ਸੀ। ਉਸ ਦਾ ਮਾਮਾ ਨੰਜੂ ਖੇਤਾਂ ਵਿਚ ਰਹਿੰਦਾ ਸੀ। ਫੇਰ ਉਨ੍ਹਾਂ ਨੇ ਜ਼ਮੀਨ ਵੇਚ ਦਿੱਤੀ। ਜਿਸ ਦਿਨ ਰੱਖੀ ਦੀ ਮੌਤ ਹੋਈ ਪਿੰਡ ਅਰਜਨਵਾਲ ਤੋਂ ਸੁਨੇਹਾ ਆਇਆ ਕਿ ਮਾਤਾ ਰੱਖੀ ਸੁਰਗਵਾਸ ਹੋ ਗਈ ਹੈ ਫਿਰ ਪਿੰਡ ਤੋਂ ਲੰਬੜਦਾਰ ਗੁਲਜਾਰ ਸਿੰਘ ਤੇ ਹੋਰ ਪਤਵੰਤੇ ਸੱਜਣ ਗਏ ਅਤੇ ਪੇਕਿਆਂ ਦਾ ਬਣਦਾ ਤਾਨਵਾਨ ਪੂਰਾ ਕਰਕੇ ਆਏ ਤੇ ਮਾਤਾ ਦੇ ਸ਼ਰਧਾਂਜਲੀ ਸਮਾਗਮ ਵਿਚ ਵੀ ਹਾਜ਼ਰੀ ਲਗਵਾਈ। ਸਿਆਣਿਆਂ ਨੇ ਕਿਹਾ ਹੈ- ਧੀਆਂ ਦੀ ਸਰਦਾਰੀ ਹਮੇਸ਼ਾ ਪੇਕਿਆਂ ਨਾਲ ਹੁੰਦੀ ਹੈ। ਤਦੇ ਤਾਂ ਕਿਹਾ ਜਾਂਦਾ ਹੈ 'ਆਉਣ ਪੇਕਿਆਂ ਤੋਂ ਠੰਢੀਆਂ ਹਵਾਵਾਂ ਤੇ ਵੀਰ ਮੇਰੇ ਰਹਿਣ ਵਸਦੇ।'

1. **ਰੱਖਾ ਸਿੰਘ**:- ਆਪ ਦੀ ਸ਼ਾਦੀ ਨਹੀਂ ਹੋਈ। ਰੱਖਾ ਸਿੰਘ ਬਾਰੇ ਆਮ ਗੱਲ

ਚੱਲਦੀ ਹੈ ਕਿ ਉਸ ਨੇ ਮੁਸਲਮਾਨ ਨਬੀਏ ਗੁੱਜ਼ਰ ਦਾ ਕਤਲ ਕੀਤਾ ਸੀ। ਜੋ ਲੋਕਾਂ ਦੀਆਂ ਪੱਕੀਆਂ ਫ਼ਸਲਾਂ ਦਾ ਨੁਕਸਾਨ ਕਰਦਾ ਸੀ ਤੇ ਹੰਕਾਰ ਵਿਚ ਮੌਤ ਨੂੰ ਭੁੱਲਾ ਹੋਇਆ ਸੀ। ਉਸ ਦਾ ਕਤਲ ਦਲੀਪੇ--ਬਰਿਆਮੇ ਦੇ ਖ਼ੂਹ 'ਤੇ 1940 ਈ: ਵਿਚ ਕੀਤਾ ਗਿਆ ਜਦੋਂ ਉਸ ਨੂੰ ਬਰਿਆਮੇ ਨੇ ਬੱਕਰੀਆਂ ਚਾਰਨ ਤੋਂ ਰੋਕਿਆ ਤਾਂ ਨਬੀਏ ਨੇ ਆਪਣੇ ਲੰਮੇ ਢਾਂਗੇ ਨਾਲ ਬਰਿਆਮੇ 'ਤੇ ਵਾਰ ਕੀਤਾ। ਬਰਿਆਮੇ ਦੀ ਧਰਮ ਪਤਨੀ ਬਸੰਤ ਕੌਰ ਨੇ ਖ਼ੂਹ 'ਤੇ ਬਣੇ ਚੁਬਾਰੇ ਚੋਂ ਲੜਾਈ ਨੂੰ ਦੇਖਿਆ ਤਾਂ ਕੋਲ ਖੜ੍ਹੇ ਰੱਖੇ ਨੂੰ ਕਿਹਾ ਜਾਹ ਕਾਕਾ! ਆਪਣੇ ਤਾਏ ਨੂੰ ਬਚਾਅ। ਰੱਖੇ ਨੇ ਝੱਟ ਕਿਰਪਾਨ ਮਿਆਨ 'ਚੋਂ ਬਾਹਰ ਕੱਢੀ ਤੇ ਜ਼ੋਰ ਨਾਲ ਨਬੀਏ ਦੇ ਸਿਰ ਵਿਚ ਮਾਰ ਦਿੱਤੀ ਤੇ ਝੱਟ ਹੀ ਉਸ ਦੀ ਹੋਣੀ ਦਾ ਅੰਤ ਹੋ ਗਿਆ। ਨਬੀਆ ਜ਼ਮੀਨ 'ਤੇ ਡਿੱਗ ਗਿਆ ਤੇ ਮੌਤ ਨੇ ਉਸ ਨੂੰ ਨਿਗਲ ਲਿਆ। ਹੁਸ਼ਿਆਰਪੁਰ ਤੋਂ ਪੁਲਿਸ ਆਈ ਰੱਖਾ ਸਿੰਘ ਨੂੰ ਹੱਥਕੜੀ ਲਾ ਕੇ ਲੈ ਗਈ। ਉਸ ਨੂੰ ਜੇਲ੍ਹ ਹੋਈ। ਦੂਜੀ ਸੰਸਾਰ ਜੰਗ ਵਿਚ ਅੰਗਰੇਜ਼ ਸਰਕਾਰ ਨੇ ਸਾਰੇ ਕੈਦੀ ਫੌਜ ਵਿਚ ਭਰਤੀ ਕਰ ਲਏ ਸਨ। ਲੜਾਈ ਤੋਂ ਮਗਰੋਂ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ। ਰੱਖਾ ਸਿੰਘ ਫਿਰ ਸਾਧ ਹੋ ਗਿਆ। ਉਹ ਪਿੰਡ ਨਹੀਂ ਰਿਹਾ। ਹੁਸ਼ਿਆਰਪੁਰ ਰਹਿਣ ਲੱਗਾ। ਉਹ ਵਾਲਮੀਕੀਆਂ ਦਾ ਗੁਰੂ ਕਹਾਇਆ। ਹੁਸ਼ਿਆਰਪੁਰ ਉਸ ਦੀ ਕਬਰ ਬਣੀ ਹੋਈ ਹੈ। ਪਿੰਡ ਦੇ ਜੋਗਿੰਦਰ ਸਿੰਘ ਜਿੰਦੋ ਦੇ ਦੱਸਣ ਅਨੁਸਾਰ ਮੈਂ ਘੰਟਾ ਘਰ ਦੇ ਲਹਿੰਦੇ ਪਾਸੇ ਮੁਹੱਲੇ ਵਿਚ ਗਿਆ ਜਿੱਥੇ ਬਹੁਤ ਸਾਰੇ ਘਰ ਵਾਲਮੀਕੀਆਂ ਦੇ ਹਨ ਕਈ ਧਾਰਮਿਕ ਸਮਾਧਾਂ ਹਨ ਪਰ ਉਸ ਦੀ ਸਮਾਧ ਨਹੀਂ ਲੱਭੀ। ਸਮਾਧ ਲੱਭ ਸਕਦੀ ਹੈ, ਜੇ ਕੋਈ ਉਸ ਸਮੇਂ ਦਾ ਸਿਆਣਾ ਬਜ਼ੁਰਗ ਹੋਵੇ ਕਿਉਂਕਿ ਇਸ ਘਟਨਾ ਨੂੰ ਬਹੁਤ ਸਮਾਂ ਹੋ ਗਿਆ ਹੈ। ਪਰ ਰੱਖਾ ਸਿੰਘ ਆਪਣੀ ਬਹਾਦਰੀ ਲਈ ਹਮੇਸ਼ਾ ਯਾਦ ਰਹੇਗਾ।

2. ਚੰਨੂੰ:- ਬੇਲੀ ਦਾ ਦੂਜਾ ਲੜਕਾ ਚੰਨੂੰ ਹੈ। ਇਹ ਵੀ ਅੰਗਰੇਜ਼ ਸਰਕਾਰ ਵੇਲੇ ਫੌਜ ਵਿਚ ਭਰਤੀ ਹੋ ਗਿਆ ਸੀ। ਇਸ ਨੂੰ ਪਿੰਡ ਵਿਚ ਆਮ ਕਰਕੇ ਅੰਗਰੇਜ਼ ਕਰਕੇ ਹੀ ਬੁਲਾਇਆ ਜਾਂਦਾ ਸੀ। ਦੂਜੀ ਸੰਸਾਰ ਜੰਗ ਖਤਮ ਹੋਣ ਤੋਂ ਮਗਰੋਂ ਜਦੋਂ ਉਹ ਪਿੰਡ ਆਇਆ ਤਾਂ ਕਿਸੇ ਔਰਤ ਨੇ ਉਸ ਨੂੰ ਕੁਝ ਕਰ ਦਿੱਤਾ। ਇਹ ਬੋਲ ਕਿਸੇ ਸਿਆਣੇ ਨੇ ਆਖੇ ਸਨ। ਉਸ ਦਾ ਜੋ ਸਾਮਾਨ ਸੀ ਉਹ ਵੀ ਚੋਰੀ ਕਰ ਲਿਆ ਗਿਆ। ਫਿਰ ਅੰਗਰੇਜ਼ ਚੁੱਪਚਾਪ ਹੋ ਗਿਆ ਕਿਸੇ ਨਾਲ ਕੋਈ ਹਾਸਾ ਮਜ਼ਾਕ ਨਹੀਂ ਕਰਦਾ ਸੀ। ਆਪਣੀ ਮਸਤੀ ਵਿਚ ਰਹਿੰਦਾ ਸੀ। ਉਸ ਦੇ ਭਰਾ ਨੰਜੂ ਦਾ ਇਕ ਕਮਰਾ ਸੀ। ਉਹ ਉਸ ਨਾਲ ਰਹਿੰਦਾ ਸੀ ਜੇ ਉਸ ਦੀ ਘਰਵਾਲੀ ਆ ਜਾਵੇ ਤਾਂ ਆਪਣੀ ਛੋਟੀ ਜੇਹੀ ਛੰਨ ਵਿਚ ਰਹਿੰਦਾ ਸੀ। ਕਿਸੇ ਦੇ ਘਰ ਕੰਮ ਕਰਕੇ ਰੋਟੀ ਖਾ ਲੈਂਦਾ ਸੀ।

ਜਦੋਂ ਸ਼ਾਮ ਨੂੰ ਪੱਠੇ ਲੈਣ ਜਾਣਾ ਤਾਂ ਪਿੰਡ ਦੇ ਗੁਰਦੁਆਰੇ ਦੇ ਕੋਲ ਛੋਟੇ ਜਿਹੇ ਬਰਤਨ ਵਿਚ ਚਾਹ ਬਣਾਉਂਦਾ ਹੁੰਦਾ ਸੀ। ਮੈਂ ਕਹਿਣਾ ਅੰਗਰੇਜ਼ ਕੀ ਹਾਲ ਹੈ ਉਸ ਨੇ ਹੱਸ ਕੇ ਕਹਿਣਾ ਦਿਆਲ ਚੰਗਾ ਹੈ। ਆ ਤੈਨੂੰ ਚਾਹ ਪਿਆਵਾਂ। ਮੇਰੇ ਤਾਏ ਦੇ ਲੜਕੇ ਰੇਸ਼ਮ ਸਿੰਘ ਨੇ ਹੱਸ ਕੇ ਕਹਿਣਾ ਜਾਹ! ਤੈਨੂੰ ਅੰਗਰੇਜ਼ ਬੁਲਾਉਂਦਾ ਹੈ। ਚਾਹ ਪੀ ਕੇ

ਚੱਲਦੇ ਹਾਂ। ਇਹ ਵਾਰਤਾਲਾਪ ਰੋਜ਼ ਹੀ ਸ਼ਾਮ ਨੂੰ ਹੁੰਦੀ ਸੀ। ਅੰਗਰੇਜ਼ ਵੀ ਨਸ਼ੇ ਤੇ ਸਿਗਰਟ ਪੀਣ ਦਾ ਆਦੀ ਸੀ। ਕਦੇ-ਕਦੇ ਉਹ ਸਵੇਰ ਨੂੰ ਮੇਰੇ ਪਾਸ ਦੁੱਧ ਲੈਣ ਆਉਂਦਾ ਸੀ। ਸਿਆਲ ਰੁੱਤੇ ਉਸ ਨੂੰ ਕੋਈ ਗਰਮ ਕੱਪੜਾ ਵੀ ਦੇ ਦੇਣਾ। ਉਸ ਦਾ ਆਪਣਾ ਮੂਡ ਹੁੰਦਾ ਸੀ ਉਹ ਕੰਮ ਵੀ ਕਰਾ ਦਿੰਦਾ ਸੀ।

ਇਕ ਵਾਰ ਉਸਨੇ ਮੇਰੇ ਨਾਲ ਮੱਕੀ ਦੀ ਵਾਢੀ ਕਰਾਈ। ਸਿਗਰਟ ਪੀ ਕੇ ਦਾਤੀ ਨੌਜਵਾਨਾਂ ਤੋਂ ਜ਼ਿਆਦਾ ਤੇਜ਼ ਚਲਾਉਂਦਾ ਸੀ। ਮੈਂ ਕਿਹਾ ਅੰਗਰੇਜ਼ ਥੋੜ੍ਹਾ ਆਰਾਮ ਕਰ ਲੈ। ਉਸ ਨੇ ਮੈਨੂੰ ਕਿਹਾ, "ਦਿਆਲ ਤੂੰ ਆਰਾਮ ਕਰ ਲੈ। ਮੈਂ ਮੱਕੀ ਵੱਢਦਾ ਹਾਂ। ਇਸ ਕੰਮ ਦੌਰਾਨ ਅਸੀਂ ਇਕ ਵਾਰ ਰੋਟੀ ਖਾਧੀ ਤੇ ਦੁੱਧ ਪੀਤਾ। ਸ਼ਾਮ ਨੂੰ ਭਰੀਆਂ ਬੰਨ੍ਹ ਕੇ ਵਿਹਲੇ ਹੋ ਗਏ। ਜਦੋਂ ਉਸ ਨੂੰ ਕਿਸੇ ਚੀਜ਼ ਦੀ ਲੋੜ ਪੈਣੀ ਤਾਂ ਉਹ ਮੇਰੇ ਪਾਸੋਂ ਲੈ ਜਾਂਦਾ ਸੀ।

*** ਜਵਾਨੀ ਦੇ ਦਿਨ:-** ਪਿੰਡ ਦੇ ਫਕੀਰ ਸਿੰਘ ਨੇ ਦੱਸਿਆ ਕਿ ਜਵਾਨੀ ਵੇਲੇ ਉਹ ਬਹੁਤ ਤਕੜਾ ਹੁੰਦਾ ਸੀ ਜੇ ਕਿਸੇ ਨਾਲ ਲੜਾਈ ਝਗੜਾ ਹੋ ਜਾਵੇ ਤਾਂ ਪੈ ਜਾਂਦਾ ਸੀ। ਲਾਗਲੇ ਪਿੰਡ ਹੁਸੈਨਪੁਰ ਦੇ ਭਗਤੂ ਤੇ ਜੀਤੋ ਹੁਣਾਂ ਨਾਲ ਕਬੱਡੀ ਖੇਡਦਾ। ਉਨ੍ਹਾਂ ਦੇ ਹੱਥ ਨਹੀਂ ਆਉਂਦਾ ਸੀ। ਬੁਢਾਪੇ ਵਿਚ ਸਰੀਰ ਕਮਜ਼ੋਰ ਪੈ ਗਿਆ ਸੀ। ਖੁਰਾਕ ਨਾ ਮਿਲਣ ਕਰਕੇ ਸਰੀਰ ਝੜ ਗਿਆ ਸੀ।

ਜੇ ਮੈਂ ਕਿਤੇ ਬਾਹਰ ਪੜ੍ਹਦੇ ਹੋਣਾ ਤਾਂ ਮੇਰੇ ਪਾਸ ਆ ਜਾਣਾ। ਇਕ ਵਾਰ ਦਾ ਵਾਕਿਆ ਹੈ ਕਿ ਮੈਂ ਦਸੰਬਰ ਮਹੀਨੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹ ਰਿਹਾ ਸੀ। ਅੰਗਰੇਜ਼ ਮੇਰੇ ਕੋਲ ਆ ਕੇ ਕਹਿਣ ਲੱਗਾ ਦਿਆਲ ਤੇਰੀ ਪੜ੍ਹਾਈ ਦਾ ਮੈਨੂੰ ਕੋਈ ਲਾਭ ਨਹੀਂ ਹੈ। ਮੈਨੂੰ ਵੀ ਚਿੱਠੀ ਜੋਗਾ ਕਰਦੇ ਘੱਟੋ ਘੱਟ ਮੈਂ ਗੁਰੂ ਗ੍ਰੰਥ ਸਾਹਿਬ ਪੜ੍ਹ ਸਕਾਂ। ਮੈਂ ਪੁੱਛਿਆ ਆਪ ਨੇ ਫੌਜ ਦੀ ਨੌਕਰੀ ਕੀਤੀ ਹੈ ਦੱਸ ਤੇਰਾ ਨੰਬਰ ਕਿੰਨਾ ਹੈ। ਉਸ ਨੇ ਕਈ ਅੱਖਰ ਲਿਖ ਦੇਣੇ। ਮੈਂ ਕਹਿਣਾ ਆਪਣਾ ਨਾਮ ਲਿਖ ਕਰ ਦਿਖਾਓ। ਉਸ ਨੇ ਅੱਗੋ ਅੱਖਰ ਪਾਉਣੇ ਜੋ ਪੜ੍ਹਨਯੋਗ ਨਹੀਂ ਹੁੰਦੇ ਸਨ।

ਬਹੁਤ ਸਾਰੇ ਘਰ ਉਸ ਨੂੰ ਰੋਟੀ ਦੇ ਕੇ ਕੰਮ ਕਰਾ ਲੈਂਦੇ ਸਨ। ਸਿਆਲ ਰੁੱਤੇ ਉਹ ਖਜੂਰਾਂ ਦੇ ਸੁੱਕੇ ਹੋਏ ਡੱਖੇ ਵੱਢ ਕੇ ਪੈਸੇ ਕਮਾ ਲੈਂਦਾ ਸੀ। ਪਿੰਡ ਹੁਸੈਨਪੁਰ ਦਾ ਇਕ ਆਦਮੀ ਵੀ ਨਸ਼ਾ ਪੱਤਾ ਕਰਦਾ ਸੀ। ਉਸ ਦੇ ਘਰ ਬਾਲਣ ਸੁੱਟ ਕੇ ਆਪਣਾ ਨਸ਼ਾ ਪੂਰਾ ਕਰ ਲੈਂਦਾ ਸੀ। ਜੇ ਮੈਂ ਕਿਤੇ ਪ੍ਰਾਹੁਣਚਾਰੀ ਜਾਣਾ ਤਾਂ ਘਰਦਿਆਂ ਤੋਂ ਪੁੱਛਣਾ ਕਿ ਦਿਆਲ ਕਿੱਥੇ ਹੈ? ਇਕ ਵਾਰ ਮੈਂ ਜੰਮੂ ਤੋਂ ਥੋੜ੍ਹੀ ਦੂਰ C.R.P.F. ਵੰਨ ਤਲਾਬ ਜੰਮੂ ਆਪਣੀ ਭੈਣ ਦੇ ਕੋਲ ਗਿਆ ਹੋਇਆਂ ਸੀ। ਜੰਮੂ ਮੈਂ ਕਈ ਦਿਨ ਰਿਹਾ। ਮੇਰੀ ਭਰਜਾਈ ਸੁਰਿੰਦਰ ਕੌਰ ਨੇ ਕਿਹਾ, "ਅੰਗਰੇਜ਼ ਰੋਜ਼ ਹਵੇਲੀ ਆਉਂਦਾ ਤੇ ਕਹਿੰਦਾ ਹੈ ਕਿ ਦਿਆਲ ਨੇ ਕਦੋਂ ਆਉਣਾ ਹੈ?" ਜਦੋਂ ਮੈਂ ਘਰ ਆ ਗਿਆ ਤਾਂ ਅੰਗਰੇਜ਼ ਸਵੇਰ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਹੋਰ ਅਮਲੀ ਚੋਰੀ ਕਰਦੇ ਸਨ ਪਰ ਅੰਗਰੇਜ਼ ਚੋਰੀ ਨਹੀਂ ਕਰਦਾ ਸੀ। ਕਦੇ-ਕਦੇ ਮਹਿੰਦਰ ਸਿੰਘ ਸਰਪੰਚ ਦੇ ਘਰ ਵੀ ਕੰਮ ਕਰਦਾ ਸੀ।

ਅੰਤਮ ਸਮਾਂ : ਸਤੰਬਰ 1979 ਈ: ਵਿਚ ਅੰਗਰੇਜ਼ ਚਲ ਵਸਿਆ। ਉਸ ਸਾਲ ਬਾਰਿਸ਼ ਬਹੁਤ ਘੱਟ ਹੋਈ ਸੀ। ਸੋਕੇ ਵਾਲੀ ਹਾਲਤ ਸੀ। ਉਹ ਪਿੰਡ ਦੇ ਸੋਹਣ ਸਿੰਘ ਸਪੁੱਤਰ ਮੇਹਰ ਸਿੰਘ ਦੇ ਕਮਾਦ ਨੂੰ ਪਾਣੀ ਲਾ ਰਿਹਾ ਸੀ। ਪਾਣੀ ਇਕ ਖੁੱਡ ਵਿਚ ਪੈ ਰਿਹਾ ਸੀ। ਅੰਗਰੇਜ਼ ਨੇ ਆਪਣੇ ਪੈਰ ਦੇ ਅੰਗੂਠੇ ਨਾਲ ਖੁੱਡ ਵਿਚ ਮਿੱਟੀ ਪਾਈ ਤਾਂ ਸੱਪ ਨੇ ਪੈਰ 'ਤੇ ਡੰਗ ਮਾਰ ਦਿੱਤਾ। ਅੰਗਰੇਜ਼ ਨੂੰ ਪੀਣ ਲਈ ਦੇਸੀ ਘਿਓ ਦਿੱਤਾ ਪਰ ਉਸ ਨੇ ਕਿਹਾ ਮੈਂ ਸਿਗਰਟ ਪੀਣੀ ਹੈ। ਉਸ ਨੂੰ ਟਰੈਕਟਰ 'ਤੇ ਬਿਠਾ ਕੇ ਕਰਤਾਰ ਸਿੰਘ ਕੋਲ ਲਿਜਾਇਆ ਗਿਆ। ਉਹ ਆਪਣੇ ਖੇਤਾਂ ਵਿਚ ਪਾਣੀ ਲਗਾ ਰਿਹਾ ਸੀ। ਉਸ ਦੇ ਕੋਲ ਸੱਪ ਦੇ ਕੱਟੇ ਹੋਏ ਦਾ ਮੰਤਰ ਸੀ। ਉਸ ਨੇ ਡਾਲ਼ੀ ਕੀਤੀ ਪਰ ਅੰਗਰੇਜ਼ ਠੀਕ ਨਹੀਂ ਹੋਇਆ। ਉਸ ਨੇ ਸਿਰ ਸੁੱਟ ਦਿੱਤਾ। ਕਰਤਾਰ ਸਿੰਘ ਨੇ ਕਿਹਾ ਕਿ ਅੱਜ ਤੱਕ ਮੈਂ ਕਿਸੇ ਸੱਪ ਦੇ ਕੱਟੇ ਹੋਏ ਨੂੰ ਮਰਨ ਨਹੀਂ ਦਿੱਤਾ। ਜਦੋਂ ਇਹ ਮੇਰੇ ਕੋਲ ਆਏ ਸਨ ਤਾਂ ਇਸ ਨੂੰ ਜ਼ਹਿਰ ਚੜ੍ਹ ਗਈ ਸੀ। ਖੇਤਾਂ ਵਿਚੋਂ ਉਸਨੂੰ ਮੰਜੇ 'ਤੇ ਪਾਇਆ ਅਤੇ ਗੱਡੇ 'ਤੇ ਰੱਖ ਕੇ ਉਸ ਦੇ ਘਰ ਦੇ ਕੋਲ ਲੈ ਆਂਦਾ।

ਮੇਰੇ ਘਰ ਵਿਚ ਮਿਸਤਰੀ ਲੱਗੇ ਹੋਏ ਸਨ। ਜਦੋਂ ਮੈਨੂੰ ਪਤਾ ਲੱਗਾ ਕਿ ਅੰਗਰੇਜ਼ ਦੀ ਸੱਪ ਦੇ ਲੜਨ ਨਾਲ ਮੌਤ ਹੋ ਗਈ ਹੈ ਤਾਂ ਮੈਂ ਮਿਸਤਰੀਆਂ ਦਾ ਕੰਮ ਬੰਦ ਕਰ ਦਿੱਤਾ। ਝੱਟ ਉਸ ਨੂੰ ਦੇਖਣ ਚਲਾ ਗਿਆ। ਪਿੰਡ ਦੇ ਗੁਰਦੁਆਰੇ ਦੇ ਕੋਲ ਗੱਡੇ 'ਤੇ ਉਸ ਦਾ ਮ੍ਰਿਤਕ ਸਰੀਰ ਪਿਆ ਸੀ। ਉਸ ਦਾ ਭਰਾ ਨੰਜੂ ਗੱਡੇ ਨੂੰ ਫੜ੍ਹ ਕੇ ਰੋ ਰਿਹਾ ਸੀ। "ਵੀਰਿਆ! ਕਿਥੇ ਨੂੰ ਟੁਰ ਚੱਲਿਆ। ਉੱਠ ਮੇਰੇ ਨਾਲ ਦੋ ਗੱਲਾਂ ਕਰ ਲੈ।" ਲਾਗਲੇ ਘਰਾਂ ਦੀਆਂ ਤੀਵੀਆਂ ਵੀ ਰੋ ਰਹੀਆਂ ਸਨ। ਗੱਡਾ ਹੀ ਸ਼ਮਸ਼ਾਨਘਾਟ ਨੂੰ ਲੈ ਗਏ। ਮੈਂ ਅੰਗਰੇਜ਼ ਵਾਸਤੇ ਘਰੋਂ ਉਸ ਉੱਪਰ ਪਾਉਣ ਲਈ ਕੱਪੜਾ ਲੈ ਕੇ ਗਿਆ। ਉਸ ਨੂੰ ਦਫਨਾਉਣ ਲਈ ਕਬਰ ਪੁੱਟੀ ਗਈ। ਇਕ ਆਦਮੀ ਨੇ ਕਿਹਾ ਕਿ, "ਡਾਹੀ ਨਾਲ ਇਸ ਨੂੰ ਕਬਰ ਵਿਚ ਰੱਖ ਦਿਓ।" ਪਰ ਬਚਨ ਸਿੰਘ ਰਾਣੇ ਨੇ ਕਿਹਾ, "ਅਜਿਹਾ ਨਹੀਂ ਕਰਨਾ। ਆਖਰ ਇਹ ਇਕ ਇਨਸਾਨ ਹੈ। ਅਸੀਂ ਚੁੱਕ ਕੇ ਰੱਖਦੇ ਹਾਂ।" ਇਸ ਤਰ੍ਹਾਂ ਅੰਗਰੇਜ਼ ਚੁੱਪਚਾਪ ਕਬਰ ਵਿਚ ਸਦਾ ਦੀ ਨੀਂਦ ਸੌਂ ਗਿਆ। ਸਾਡਾ ਉਸ ਨਾਲ ਵਾਰਤਾਲਾਪ ਹਮੇਸ਼ਾ ਲਈ ਬੰਦ ਹੋ ਗਿਆ। ਇਹ ਮਾੜਾ ਦਿਨ 8-9-1979 ਦਾ ਸੀ, ਜਿਸ ਦਿਨ ਇਕ ਫ਼ਕੀਰ ਸਾਂਈ ਨੂੰ ਸਪੁਰਦੇ ਖਾਕ ਕੀਤਾ ਗਿਆ।

ਅੰਗਰੇਜ਼ ਨੂੰ ਦਫਨ ਕਰਨ ਤੋਂ ਮਗਰੋਂ ਮੈਂ ਆਪਣੇ ਕਮਰੇ ਵਿਚ ਆ ਕੇ ਫਰਸ਼ 'ਤੇ ਲੇਟ ਗਿਆ। ਅੰਗਰੇਜ਼ ਦੇ ਸੁਰਗਵਾਸ ਹੋਣ ਦਾ ਮੈਨੂੰ ਐਨਾ ਦੁੱਖ ਹੋਇਆ ਕਿ ਮੈਨੂੰ ਬੁਖਾਰ ਚੜ੍ਹ ਗਿਆ। ਸੁਪਨੇ ਵਿਚ ਆ ਕੇ ਅੰਗਰੇਜ਼ ਨੇ ਮੇਰੇ ਨਾਲ ਗੱਲਾਂ ਕੀਤੀਆਂ- ਦਿਆਲ ਮੈਨੂੰ ਕਿਸੇ ਨੇ ਪਾਣੀ ਨਹੀਂ ਪਿਆਇਆ ਤੇ ਨਾ ਹੀ ਕਿਸੇ ਨੇ ਇਸ਼ਨਾਨ ਕਰਵਾਇਆ। ਕੀ ਮੈਂ ਐਨਾ ਹੀ ਮਾੜਾ ਸੀ? ਥੋੜ੍ਹੇ ਸਮੇਂ ਮਗਰੋਂ ਮੇਰੀ ਅੱਖ ਖੁੱਲ੍ਹ ਗਈ। ਮੈਂ ਫਿਰ ਸੋਚਣ ਲਈ ਮਜ਼ਬੂਰ ਹੋ ਗਿਆ। ਮੇਰੇ ਸਾਹਮਣੇ ਉਸ ਦਾ ਸਾਰਾ ਸੀਨ ਮੁੜ-ਮੁੜ ਕੇ ਆ ਰਿਹਾ ਸੀ। ਅੰਗਰੇਜ਼ ਕਿਥੇ ਚਲਾ ਗਿਆ? ਆ ਜਾ ਘਰ ਨੂੰ ਦੋ ਗੱਲਾਂ ਕਰ ਲਈਏ।

ਸੋਹਣ ਸਿੰਘ ਨੇ ਉਸ ਦੇ ਨਮਿਤ ਸਹਿਜ ਪਾਠ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ।

* **ਨੰਜੂ**:- ਨੰਜੂ ਆਪਣੇ ਬਾਪ ਬੇਲੀ ਦੀ ਸਭ ਤੋਂ ਛੋਟੀ ਸੰਤਾਨ ਹੈ। ਇਸ ਦੇ ਦੋ ਵੱਡੇ ਭਰਾਵਾਂ ਰੱਖਾ ਸਿੰਘ ਤੇ ਅੰਗਰੇਜ਼ ਨੇ ਸ਼ਾਦੀ ਨਹੀਂ ਕਰਵਾਈ ਸੀ। ਭਾਵੇਂ ਉਨ੍ਹਾਂ ਫੌਜ ਦੀ ਨੌਕਰੀ ਕੀਤੀ ਸੀ। ਨੰਜੂ ਬਾਰੇ ਦੱਸਿਆ ਜਾਂਦਾ ਹੈ ਕਿ ਇਸ ਨੇ ਵੀ ਸਮਾਜਿਕ ਤੌਰ ਤੇ ਕੋਈ ਸ਼ਾਦੀ ਨਹੀਂ ਕਰਵਾਈ। ਪਰ ਇਸਨੇ ਕਈ ਜਨਾਨੀਆਂ ਲਿਆਂਦੀਆਂ ਸਨ। ਪਰ ਔਲਾਦ ਕਿਸੇ ਦੇ ਨਹੀਂ ਹੋਈ। ਫਿਰ ਉਸ ਨੇ ਸਾਡੀ ਸੁਰਤ ਵਿਚ ਸੀਬੋ ਨਾਮ ਦੀਂ ਜਨਾਨੀ ਪਿੰਡ ਮੇਘੋਵਾਲ ਗੰਜਿਆਂ ਤੋਂ ਲਿਆਂਦੀ ਸੀ ਜਿਸ ਦੀਆਂ ਤਿੰਨ ਲੜਕੀਆਂ ਸਨ। ਉਸ ਦੀ ਆਪਣੀ ਜ਼ਮੀਨ ਸੀ, ਜਿਸ ਵਿਚ ਟਿਊਬਵੈੱਲ ਲੱਗਾ ਹੋਇਆ ਸੀ। ਉਹ ਬਾਬਾ ਬਾਲਕ ਨਾਥ ਦੀ ਉਪਾਸ਼ਕ ਸੀ। ਸੀਬੋ ਉੱਚੀ-ਲੰਮੀ ਜਵਾਨ ਤੇ ਰੰਗ ਸਾਂਵਲਾ ਸੀ। ਗਰਮੀਆਂ ਦੇ ਦਿਨਾਂ ਵਿਚ ਨੰਜੂ ਨੇ ਬਹੁਤ ਵੱਡੀ ਛੰਨ ਆਪਣੇ ਰਹਿਣ ਵਾਸਤੇ ਬਣਾਈ ਸੀ, ਜਿਸ ਵਿਚ ਉਹ ਆਪਣੇ ਪਸ਼ੂ ਵੀ ਬੰਨ੍ਹਦਾ ਸੀ। ਬਰਸਾਤਾਂ ਦੇ ਮੌਸਮ ਵਿੱਚ ਉਹ ਖੇਤਾਂ ਵਿਚ ਛੰਨ ਪਾ ਲੈਂਦਾ ਸੀ। ਲਵੇਰੇ ਦੇ ਨਾਲ ਉਹ ਬੱਕਰੀਆਂ ਵੀ ਰੱਖਦਾ ਸੀ। ਨੰਜੂ ਜਦੋਂ ਸਿਆਣਾ ਹੋ ਗਿਆ ਤਾਂ ਉਸ ਦੀ ਭੈਣ ਨੇ ਜ਼ਮੀਨ ਵੇਚ ਦਿੱਤੀ। ਨੰਜੂ ਆਪਣੀ ਭੈਣ ਕੋਲ ਚਲਾ ਗਿਆ। ਉੱਥੇ ਹੀ ਉਸ ਦੀ ਮੌਤ ਹੋਈ। ਉਸ ਦਾ ਜੱਦੀ ਘਰ ਫਕੀਰ ਸਿੰਘ ਸਪੁੱਤਰ ਸੰਤਾ ਸਿੰਘ ਨੇ ਖਰੀਦ ਲਿਆ ਹੈ, ਉਥੇ ਉਸ ਨੇ ਆਪਣੀ ਹਵੇਲੀ ਬਣਾਈ ਹੈ। ਪਰ 20 ਖੇਤਾਂ ਦੇ ਮਾਲਕ ਦਾ ਪਿੰਡ ਵਿਚ ਕੋਈ ਨਾਮ ਨਿਸ਼ਾਨ ਨਹੀਂ ਹੈ। ਡੋਗਰ ਤੇ ਬੇਲੀ ਕੌਣ ਸਨ? ਪਿੰਡ ਵਿਚ ਕਿਸੇ ਨੂੰ ਕੋਈ ਪਤਾ ਨਹੀਂ ਹੈ।

ਸੁੰਦਰ ਸਿੰਘ

ਸੁੰਦਰ ਸਿੰਘ ਦੀ ਧਰਮ ਪਤਨੀ ਦੇ ਨਾਮ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਸ. ਨਿਰੰਜਨ ਸਿੰਘ ਦਾ ਘਰ ਨੇੜੇ ਹੈ। ਉਸ ਦੱਸਿਆ ਕਿ ਮੈਂ ਦੇਖੀ ਹੈ ਪਰ ਉਸਦੇ ਨਾਮ ਬਾਰੇ ਕੋਈ ਪਤਾ ਨਹੀਂ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਸਨ।

ਸੰਤਾ ਸਿੰਘ ਤੇ ਰੱਲਾ ਸਿੰਘ

* ਸੰਤਾ ਸਿੰਘ ਦੀ ਧਰਮ ਪਤਨੀ ਦਾ ਨਾਮ ਹਰਨਾਮ ਕੌਰ ਹੈ। ਉਸ ਦੇ ਪੇਕਿਆਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲੀ ਹੈ। ਉਹ ਉੱਚੀ ਲੰਮੀ ਜਵਾਨ ਸੀ। ਸੰਤਾ ਸਿੰਘ ਨੂੰ ਪਿੰਡ ਵਿਚ ਆਮ ਕਰਕੇ ਬੰਬ ਸੰਤਾ ਕਹਿ ਕੇ ਸੱਦਿਆ ਜਾਂਦਾ ਹੈ। ਉਸ ਨੂੰ ਉੱਚਾ ਬੋਲਣ ਦੀ ਆਦਤ ਸੀ। ਉਹ ਕਿਸੇ ਨਾਲ ਕੋਈ ਠੱਗੀ, ਫਰੇਬ ਅਤੇ ਝੂਠ ਨਹੀਂ ਸੀ ਬੋਲਦਾ। ਸ. ਸ਼ੰਕਰ ਸਿੰਘ ਨੇ ਉਸ ਦੀ ਜ਼ਮੀਨ ਮਾਮਲੇ ਜਾਂ ਅੱਧ ਤੇ ਵਾਹੀ ਹੈ। ਜਦੋਂ ਘਰੋਂ ਤੁਰਨਾ ਤਾਂ ਆਖ ਦੇਣਾ ਅੱਜ ਬੰਬ ਸੰਤੇ ਦੇ ਖੇਤਾਂ ਵਿਚ ਹੱਲ ਵਾਹੁਣਾ ਹੈ। ਇਹ ਅੱਲ ਕਦੋਂ ਤੇ ਕਿਵੇਂ ਪਈ ਇਸ ਬਾਰੇ ਕੋਈ ਪਤਾ ਨਹੀਂ। ਸੰਤਾ ਸਿੰਘ ਸਟੇਟ ਬੈਂਕ ਆਫ

ਇੰਡੀਆ ਮੇਨ ਬਰਾਂਚ ਹੁਸ਼ਿਆਰਪੁਰ ਵਿਖੇ ਬਤੌਰ ਸਕਿਊਰਟੀ ਗਾਰਡ ਦੀ ਡਿਊਟੀ ਕਰਦਾ ਸੀ। ਸੰਤਾ ਸਿੰਘ ਸ਼ਾਮ ਨੂੰ ਕਦੇ-ਕਦੇ ਆਪਣੇ ਖੇਲਦੇ ਲੜਕਿਆਂ ਸ਼ਿੰਦੇ ਤੇ ਦੇਬੀ ਨੂੰ ਲੈਣ ਆਉਂਦਾ ਸੀ। ਹਰਨਾਮ ਕੌਰ ਵੀ ਕਦੇ-ਕਦੇ ਸਾਡੇ ਘਰਾਂ ਵਿਚ ਆ ਜਾਂਦੀ ਸੀ। ਸੰਤਾ ਸਿੰਘ ਨੇ ਅਜੇ ਪੈਨਸ਼ਨ ਨਹੀਂ ਲਈ ਸੀ ਕਿ ਮਿਤੀ 3-7-1973 ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਸ ਦੀ ਨੌਕਰੀ ਤਰਸ ਦੇ ਆਧਾਰ ਤੇ ਉਸ ਦੇ ਲੜਕੇ ਸੁਰਿੰਦਰ ਸਿੰਘ ਨੂੰ ਨਹੀਂ ਮਿਲ ਸਕੀ। ਇਸ ਸਬੰਧੀ ਉਸ ਨੇ ਵਕੀਲ ਵੀ ਕੀਤਾ ਸੀ। ਆਪਣੇ ਮੈਡੀਕਲ ਕਾਗਜ਼ ਵੀ ਤਿਆਰ ਕੀਤੇ ਸਨ। ਸੁਰਿੰਦਰ ਸਿੰਘ ਉਸ ਸਮੇਂ ਜਲੰਧਰ ਪ੍ਰੈਸ ਵਿਚ ਕੰਮ ਕਰਦਾ ਸੀ।

* **ਭੁੱਖੇ ਲਈ ਰੋਟੀ ਲੈ ਕੇ ਜਾਣਾ**:- ਸੰਤਾ ਸਿੰਘ ਕਈ ਵਾਰ ਮੈਨੂੰ ਕਾਲਜ ਜਾਂਦੇ ਨੂੰ ਮਿਲਦੇ। ਕਈ ਵਾਰ ਮੈਂ ਸਾਈਕਲ 'ਤੇ ਜਾਂਦਾ ਸੀ ਤੇ ਕਦੀ ਰੇਲ ਗੱਡੀ ਰਾਹੀਂ ਵੀ ਜਾਂਦਾ ਸੀ। ਕਾਲਜ ਜਾਂਦੇ ਸਮੇਂ ਉਹ ਮੈਨੂੰ ਰਸਤੇ 'ਚ ਮਿਲ ਪਏ ਸਨ। ਮੈਂ ਉਨ੍ਹਾਂ ਨਾਲ ਗੱਲਾਂ ਕਰਦਾ ਸਾਈਕਲ 'ਤੇ ਜਾ ਰਿਹਾ ਸੀ। ਪਿੰਡ ਸਿੰਘੜੀਵਾਲੇ ਦੇ ਕੋਲ ਉਨ੍ਹਾਂ ਨੂੰ ਇਕ ਮਸਤ ਆਦਮੀ ਮਿਲਿਆ। ਸੰਤਾ ਸਿੰਘ ਨੇ ਸਾਈਕਲ ਤੋਂ ਉਤਰ ਕੇ ਆਪਣਾ ਰੋਟੀ ਵਾਲਾ ਡੱਬਾ ਖੋਲ੍ਹਿਆ ਤਾਂ ਉਸ ਦੇ ਹੱਥ 'ਤੇ ਤਿੰਨ ਰੋਟੀਆਂ ਰੱਖ ਕੇ ਸਬਜ਼ੀ ਪਾ ਦਿੱਤੀ। ਮੈਂ ਕੁਝ ਕਿਹਾ ਤਾਂ ਮਸਤ ਗੁੱਸੇ ਹੋ ਗਿਆ। ਸੰਤਾ ਸਿੰਘ ਨੇ ਕਿਹਾ ਕਿ ਮੈਂ ਕਦੇ-ਕਦੇ ਸ਼ੱਕਰ ਨਾਲ ਰੋਟੀ ਦਿੰਦਾ ਹਾਂ ਤਾਂ ਉਸ ਨੇ ਇਸ਼ਾਰਾ ਕੀਤਾ ਕਿ ਰੋਟੀ ਉੱਪਰ ਸ਼ੱਕਰ ਪਾ ਦਿਓ। ਉਹ ਮਸਤ ਉੱਚਾ ਲੰਮਾ ਤੇ ਮੋਟਾ ਸੀ। ਨੰਗੇ ਪੈਰੀਂ ਸੜਕ ਦੇ ਵਿਚਕਾਰ ਚੱਲਦਾ ਸੀ। ਦੁਪਹਿਰ ਸਮੇਂ ਆਈ.ਟੀ.ਆਈ. ਹੁਸ਼ਿਆਰਪੁਰ ਦੀ ਦੀਵਾਰ ਤੇ ਦਰਖਤਾਂ ਦੇ ਛਾਵੇਂ ਲੇਟ ਜਾਂਦਾ ਸੀ। ਕਿਸੇ ਨੇ ਕਿਹਾ ਕਿ ਇਹ ਬੰਗਾਲ ਦਾ ਰਹਿਣ ਵਾਲਾ ਹੈ।

ਸੰਤਾ ਸਿੰਘ ਨੇ ਆਪਣੇ ਵੱਡੇ ਲੜਕੇ ਸੁਰਿੰਦਰ ਸਿੰਘ ਨੂੰ ਸੁਧਾਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸੁਰਿੰਦਰ ਸਿੰਘ ਆਪਣੇ ਸੁਭਾਅ ਨੂੰ ਬਦਲ ਨਾ ਸਕਿਆ। ਇਕ ਵਾਰ ਸੰਤਾ ਸਿੰਘ ਦੇ ਸਾਈਕਲ ਦੇ ਮਗਰ ਸੁਰਿੰਦਰ ਸਿੰਘ ਬੈਠਾ ਸੀ। ਮੈਂ ਕਿਹਾ, "ਚਾਚਾ ਜੀ ਤੁਸੀਂ ਸਾਈਕਲ ਚਲਾਉਂਦੇ ਹੋ? ਸੁਰਿੰਦਰ ਕਿਉਂ ਨਹੀਂ ਚਲਾਉਂਦਾ।" ਸੰਤਾ ਸਿੰਘ ਨੇ ਅੱਗੋਂ ਜਵਾਬ ਦਿੱਤਾ, "ਕਾਕਾ! ਇਸ ਜਿੰਦੇ ਨੂੰ ਮੈਂ ਖੋਲ੍ਹਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਇਹ ਕਿਸੇ ਚਾਬੀ ਨਾਲ ਖੁੱਲ੍ਹਿਆ ਨਹੀਂ ਹੈ।" ਸੰਤਾ ਸਿੰਘ ਦੀਆਂ ਗੱਲਾਂ ਸਪਸ਼ਟ ਸਨ। ਉਹ ਕੋਈ ਲੁਕ-ਲੁਕਾ ਨਹੀਂ ਰੱਖਦਾ ਸੀ। ਆਪ ਦੀ ਧਰਮ ਪਤਨੀ ਹਰਨਾਮ ਕੌਰ ਮਿਤੀ 6-7-1991 ਨੂੰ ਸੁਰਗਵਾਸ ਹੋ ਗਈ। ਪਤੀ-ਪਤਨੀ ਦੇ ਸੁਰਗਵਾਸ ਦਾ ਮਹੀਨਾ ਜੁਲਾਈ ਹੈ।

ਵੰਸ਼:- ਆਪ ਦੇ ਦੋ ਲੜਕੇ ਤੇ ਇਕ ਲੜਕੀ ਹੈ।

ਲੜਕੇ: ਸੁਰਿੰਦਰ ਸਿੰਘ, ਦੇਬ ਸਿੰਘ

ਲੜਕੀ: ਗੁੱਡੀ

* **ਸੁਰਿੰਦਰ ਸਿੰਘ**:- ਆਪ ਨੇ ਸ. ਹਾਈ ਸਕੂਲ ਨਸਰਾਲਾ ਤੋਂ ਦਸਵੀਂ ਪਾਸ

ਕੀਤੀ ਹੈ। ਆਪ ਦੇ ਹਮ ਜਮਾਤੀ ਰੇਸ਼ਮ ਸਿੰਘ, ਜੀਤ ਸਿੰਘ ਤੇ ਸੁਦਾਗਰ ਸਿੰਘ ਸਨ। ਸੁਰਿੰਦਰ ਸਿੰਘ ਆਪਣੀ ਜਵਾਨੀ ਸਮੇਂ ਬਹੁਤ ਚੁਸਤ ਸੀ। ਰੇਸ਼ਮ ਸਿੰਘ ਨੇ ਕਹਿਣਾ ਜਦੋਂ ਮਾਸਟਰ ਕਿਸ਼ੋਰੀ ਲਾਲ ਬੋਰਡ ਉੱਪਰ ਹਿਸਾਬ ਦਾ ਸਵਾਲ ਹੱਲ ਕਰ ਰਿਹਾ ਹੁੰਦਾ ਹੈ ਤਾਂ ਮਗਰ ਬੈਠਾ ਸੁਰਿੰਦਰ ਸਿੰਘ ਦਫਤਰ ਲੱਗੀ ਘੜੀ 'ਤੇ ਟਾਈਮ ਵੇਖ ਆਉਂਦਾ ਸੀ ਕਹਿਣਾ 10 ਮਿੰਟ ਬਾਕੀ ਹਨ ਅੱਧੀ ਛੁੱਟੀ ਹੋਣ ਵਾਲੀ ਹੈ।

ਜਦੋਂ ਅਸੀਂ ਕਾਲਜ ਪੜ੍ਹਦੇ ਸੀ ਤਾਂ ਸੁਰਿੰਦਰ ਸਿੰਘ ਜਲੰਧਰ ਪ੍ਰੈਸ ਵਿਚ ਕੰਮ ਕਰਦਾ ਸੀ। ਕਦੇ ਰੇਲ ਗੱਡੀਆਂ ਦੇ ਮੇਲ ਨਸਰਾਲੇ ਸਟੇਸ਼ਨ 'ਤੇ ਹੋ ਜਾਂਦੇ ਸਨ ਤਾਂ ਸੁਰਿੰਦਰ ਸਿੰਘ ਮਿਲ ਪੈਂਦਾ ਸੀ। ਉਸਦੇ ਹੱਥ ਵਿਚ ਹਮੇਸ਼ਾ ਇਕ ਬੈਗ ਹੁੰਦਾ ਸੀ, ਜਿਸ ਵਿਚ ਛੋਟਾ ਤੋਲੀਆ ਰੱਖਦਾ ਸੀ। ਰੇਲਵੇ ਸਟੇਸ਼ਨ 'ਤੇ ਪਹੁੰਚ ਕੇ ਉਹ ਆਪਣੇ ਬੂਟ ਬੈਗ 'ਚ ਰੱਖੇ ਤੋਲੀਏ ਨਾਲ ਸਾਫ ਕਰਦਾ ਸੀ। ਉਹ ਹਮੇਸ਼ਾ ਬਣ ਠਣ ਕੇ ਰਹਿੰਦਾ ਸੀ। ਰੇਲਵੇ ਸਟੇਸ਼ਨ ਨੂੰ ਕੋਈ ਪੱਕੀ ਸੜਕ ਨਹੀਂ ਸੀ। ਖੇਤਾਂ ਦੇ ਬੰਨ੍ਹਿਆਂ ਉੱਪਰ ਦੀ ਲੰਘ ਕੇ ਜਾਈਦਾ ਸੀ। ਆਮ ਰਾਹਗੀਰ ਵੀ ਇਸ ਰਸਤੇ ਆਉਂਦੇ ਸਨ। ਪਿੰਡ ਦੇ ਉੱਤਰ ਦੇ ਪਾਸੇ ਇਕ ਚੋਈ ਵਗਦੀ ਹੁੰਦੀ ਸੀ। ਬਰਸਾਤਾਂ ਨੂੰ ਛੱਤਰੀ ਹੱਥ ਵਿਚ ਫੜ੍ਹ ਕੇ ਪੈਂਟ ਮੋਢੇ 'ਤੇ ਰੱਖ ਲੈਣੀ ਤੇ ਜੁੱਤੀ ਹੱਥ ਵਿਚ ਫੜ੍ਹ ਲੈਣੀ ਅਤੇ ਸਟੇਸ਼ਨ 'ਤੇ ਪਹੁੰਚ ਕੇ ਪੈਰ ਧੋ ਕੇ ਕੱਪੜੇ ਪਾਉਣੇ।

* ਆਪਣੇ ਪਿਤਾ ਸੰਤਾ ਸਿੰਘ ਦੀ ਮੌਤ ਤੋਂ ਮਗਰੋਂ ਆਪ ਨੇ ਆਪਣੇ ਹਿੱਸੇ ਦੀ ਜ਼ਮੀਨ ਵੇਚ ਦਿੱਤੀ। ਇਹ ਜ਼ਮੀਨ ਨੰਜੂ ਦੇ ਭਾਣਜੇ ਨੇ ਖਰੀਦੀ ਸੀ। ਉਸ ਦੇ ਨਾਲ ਲੱਗਦੀ ਸੀ। ਮਹਿੰਦਰ ਸਿੰਘ ਸਰਪੰਚ ਨੇ ਸਮਝਾਇਆ ਕਿ ਜ਼ਮੀਨ ਨਾ ਵੇਚ ਪਰ ਸੁਰਿੰਦਰ ਨਾ ਮੰਨਿਆ ਉਸਨੇ ਕਿਹਾ, "ਮੈਂ ਇਸ ਨਾਲ ਜਲੰਧਰ ਵਿਚ ਪ੍ਰੈਸ ਲਗਾਵਾਂਗਾ ਅਤੇ ਦੁੱਗਣੇ ਪੈਸੇ ਕਮਾਵਾਂਗਾ।" ਜ਼ਮੀਨ ਵੇਚਣ ਨਾਲ ਭਾਈ ਦੇਬ ਸਿੰਘ ਤੇ ਮਾਤਾ ਨਰਾਜ਼ ਸਨ। ਕਿਸੇ ਨੇ ਸਲਾਹ ਦਿੱਤੀ ਕਿ ਤੂੰ (ਸੁਰਿੰਦਰ ਸਿੰਘ) ਵਕੀਲ ਰਾਹੀਂ ਕੇਸ ਕਰ ਕਿ ਮੇਰੇ ਤੋਂ ਜ਼ਮੀਨ ਧੋਖੇ ਨਾਲ ਲਿਖਾਈ ਹੈ। ਅਸੀਂ ਤਿੰਨ ਜਣੇ ਹੁਸ਼ਿਆਰਪੁਰ ਨੂੰ ਜਾ ਰਹੇ ਸੀ। ਵਚਨ ਸਿੰਘ ਰਾਣਾ, ਸੁਰਿੰਦਰ ਸਿੰਘ ਤੇ ਮੈਂ। ਅਸੀਂ ਤਿੰਨੇ ਜਣੇ ਸਾਈਕਲਾਂ 'ਤੇ ਸਾਂ ਰਾਣੇ ਨੇ ਕਿਹਾ, "ਯਤਨ ਕਰਦੇ ਹਾਂ ਜੇ ਜ਼ਮੀਨ ਵਾਪਸ ਆਪ ਨੂੰ ਮਿਲ ਜਾਵੇ।" ਪਰ ਅਜਿਹਾ ਨਹੀਂ ਹੋਇਆ। ਸੁਰਿੰਦਰ ਸਿੰਘ ਇਸ ਤੋਂ ਮਗਰੋਂ ਮੰਡੀ ਗੋਬਿੰਦਗੜ੍ਹ ਜਾ ਕੇ ਕੰਮ ਕਰਨ ਲੱਗਾ।

ਵੰਸ਼:- ਸੁਰਿੰਦਰ ਸਿੰਘ ਨੇ ਕਈ ਸ਼ਾਦੀਆਂ ਕੀਤੀਆਂ। ਉਹ ਆਪਣੀ ਜ਼ੁਬਾਨੀ ਵੀ ਦੱਸਦਾ ਹੁੰਦਾ ਸੀ ਕਿ ਮੈਂ ਇੰਝ ਕੀਤਾ ਹੈ ਤੇ ਇੰਝ ਕਰ ਰਿਹਾ ਹਾਂ। ਮੰਡੀ ਗੋਬਿੰਦਗੜ੍ਹ ਉਸ ਨੇ ਜੋ ਸ਼ਾਦੀ ਕੀਤੀ ਉਸ ਬਾਰੇ ਪਤਾ ਲੱਗਾ ਕਿ ਉਸ ਦੇ ਦੋ ਲੜਕੇ ਤੇ ਇੱਕ ਲੜਕੀ ਹੈ।

ਪਿੰਡ ਗਗਨੌਲੀ ਆਉਣਾ:- ਦਸੰਬਰ 1996 ਈ: ਵਿਚ ਸੁਰਿੰਦਰ ਸਿੰਘ ਪਿੰਡ ਗਗਨੌਲੀ ਆਇਆ। ਮੈਂ ਦਿਆਲ ਸਿੰਘ ਦੇ ਘਰੋਂ ਪਾਪੂਲਰ ਲਾਉਣ ਵਾਲਾ ਵਰਮਾ

ਲੈਣ ਗਿਆ ਸੀ। ਸੁਰਿੰਦਰ ਸਿੰਘ ਦਿਆਲ ਸਿੰਘ ਦੇ ਘਰ ਲੋਈ ਦੀ ਬੁੱਕਲ ਮਾਰ ਕੇ ਬੈਠਾ ਸੀ। ਦਿਆਲ ਸਿੰਘ ਨੇ ਕਿਹਾ, "ਪਛਾਣੋ ਬੰਦਾ ਕੌਣ ਹੈ?" ਮੈਂ ਕਿਹਾ ਇਹ ਤਾਂ ਬਤਨ ਸਿੰਘ ਬੱਤੂ ਵਰਗਾ ਲੱਗਦਾ ਹੈ। ਦਿਆਲ ਸਿੰਘ ਨੇ ਕਿਹਾ ਅੱਜ ਤੋਂ 25 ਸਾਲ ਮਗਰ ਨੂੰ ਜਾਵੋ ਤਾਂ ਪਛਾਣ ਕਰੋ। ਦਿਆਲ ਸਿੰਘ ਨੇ ਫਿਰ ਆਪ ਹੀ ਦੱਸਿਆ ਕਿ ਇਹ ਸੰਤਾ ਸਿੰਘ ਦਾ ਲੜਕਾ ਸੁਰਿੰਦਰ ਸਿੰਘ ਹੈ। ਇਸ ਨੂੰ ਟੀ.ਵੀ. ਹੋ ਗਈ ਹੈ ਜੋ ਆਖਰੀ ਸਟੇਜ ਵਿਚ ਹੈ। ਇਹ ਗੁਰਦੁਆਰੇ ਰਹਿੰਦਾ ਹੈ। ਮੈਂ ਰੋਟੀ ਦਿੰਦਾ ਹਾਂ। ਪੈਸੇ ਇਕੱਠੇ ਕਰਕੇ ਆਪਾਂ ਇਸਦਾ ਇਲਾਜ ਕਰਾਈਏ। ਪਰ ਸੁਰਿੰਦਰ ਸਿੰਘ ਜਲਦੀ ਹੀ ਸੁਰਗਵਾਸ ਹੋ ਗਿਆ। ਉਸ ਦੇ ਭਾਈ ਦੇਵ ਸਿੰਘ ਨੇ ਗੁਰਦੁਆਰਾ ਸਾਹਿਬ ਵਿਖੇ ਹੀ ਉਸ ਦੇ ਸਬੰਧ ਵਿਚ ਭੋਗ ਦੀ ਰਸਮ ਅਦਾ ਕੀਤੀ।

* **ਦੇਵ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਕੁਲਵੰਤ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸਰਿਆਲਾ ਹਨ। ਆਪ ਦੇ ਠਾਕੇ ਦੀ ਤਾਰੀਕ 18-6-1979 ਪੰਜ ਹਾੜ ਤੇ ਸ਼ਾਦੀ ਦੀ ਤਾਰੀਕ 10-7-1979 ਹੈ।

* ਦੇਵ ਸਿੰਘ ਨੇ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਤੋਂ ਬੀ.ਏ. ਪਾਸ ਕੀਤੀ ਹੈ। ਆਪ ਨੂੰ ਜਲਦੀ ਹੀ F.C.I. ਹੁਸ਼ਿਆਰਪੁਰ ਵਿਖੇ ਸਰਕਾਰੀ ਨੌਕਰੀ ਮਿਲ ਗਈ ਹੈ। ਹੁਣ ਸੇਵਾਮੁਕਤ ਹੋ ਕੇ ਘਰੇਲੂ ਕੰਮ ਕਰਦੇ ਹਨ। ਆਪਣੇ ਰਹਿਣ ਵਾਸਤੇ ਆਪਣੇ ਪੁਰਾਣੇ ਘਰ ਦੇ ਸਾਹਮਣੇ ਕੋਠੀ ਪਾਈ ਹੈ। ਆਪ ਦਾ ਪਿੰਡ ਵਿਚ ਅਸਰ ਸਰੂਖ਼ ਵਧੀਆ ਹੈ।

ਵੰਸ਼:- ਆਪ ਦੇ ਵੰਸ਼ ਵਿਚ ਦੋ ਲੜਕੇ ਹਨ।

ਮਨਜੀਤ ਸਿੰਘ ਤੇ ਹਰਵਿੰਦਰ ਸਿੰਘ

* **ਸੰਤਾ ਸਿੰਘ ਦੀ ਲੜਕੀ ਗੁੱਡੀ:-** ਇਸ ਲੜਕੀ ਦੀ ਸ਼ਾਦੀ 26-06-1977 ਦੀ ਹੈ। ਨਾਨਕਿਆਂ ਦੀ ਜਿੰਮੇਵਾਰੀ ਅਜੈਬ ਸਿੰਘ ਰਾਮੂ ਥਿਆੜਾ ਦੇ ਪਰਿਵਾਰ ਨੇ ਨਿਭਾਈ ਸੀ। ਇਹ ਲੜਕੀ ਜਦੋਂ ਪੇਕੇ ਪਰਿਵਾਰ ਵਿਚ ਸੀ ਤਾਂ ਆਪਣੀ ਮਾਤਾ ਨਾਲ ਘਰੇਲੂ ਕੰਮਕਾਰ ਕਰਾਉਂਦੀ ਸੀ। ਸੰਤਾ ਸਿੰਘ ਘਰ ਵਿਚ ਆਮ ਕਰਕੇ ਲਵੇਰਾ ਰੱਖਦਾ ਸੀ।

* **ਰੱਲਾ ਸਿੰਘ:-** ਸੰਤਾ ਸਿੰਘ ਦਾ ਛੋਟਾ ਭਾਈ ਰੱਲਾ ਸਿੰਘ ਸੀ ਜਿਸ ਨੇ ਸ਼ਾਦੀ ਨਹੀਂ ਕਰਾਈ ਸੀ। ਇਸ ਨੂੰ ਉੱਚਾ ਸੁਣਦਾ ਸੀ। ਇਸ ਦਾ ਆਦਤ ਸੁਭਾਅ ਚੰਗਾ ਸੀ। ਗੱਲਕਾਰ ਆਦਮੀ ਸੀ। ਜਦੋਂ ਵੀ ਕਦੇ ਪਿੰਡ ਦੀ ਧੀ-ਭੈਣ ਰੁੱਸ ਕੇ ਚਲੀ ਜਾਂਦੀ ਸੀ ਉਹ ਜਾਂਦਾ ਸੀ ਉਹ ਦਲੀਲ ਨਾਲ ਗੱਲ ਕਰਦਾ ਸੀ। ਸਾਰੀ ਸਾਕਾਚਾਰੀ ਵਿਚ ਉਸ ਦਾ ਪ੍ਰਭਾਵ ਸੀ। ਪਿੰਡ ਦੀ ਸੱਥ ਵਿਚ ਵੀ ਸਿਆਣਪ ਦੀ ਗੱਲ ਕਰਦਾ ਸੀ। ਇਹ ਸਾਰੀ ਜਾਣਕਾਰੀ ਫਕੀਰ ਸਿੰਘ ਹਵਾਲਦਾਰ ਨੇ ਮੈਨੂੰ ਲਿਖਵਾਈ ਹੈ।

ਕੇਸਾ, ਦੇਸਾ ਤੇ ਮਹੇਸਾ

ਸ. ਰਤਨ ਸਿੰਘ ਨੇ ਦੱਸਿਆ ਕਿ ਸਾਡੀ ਪੁਸ਼ਤ ਸਾਡੇ ਵਡੇਰੇ ਕੇਸਾ ਤੋਂ ਚੱਲਦੀ ਹੈ ਜੋ ਤਿੰਨ ਭਰਾ ਸਨ। ਕੇਸਾ, ਦੇਸਾ ਤੇ ਮਹੇਸਾ ਜਿਨ੍ਹਾਂ ਦੇ ਕੋਲ ਉਸ ਸਮੇਂ 115 ਖੇਤ ਜ਼ਮੀਨ ਸੀ ਉਨ੍ਹਾਂ ਦਾ ਸੁਭਾਅ ਬਹੁਤ ਕੌੜਾ ਸੀ। ਉਹ ਕਿਸੇ ਨੂੰ ਆਪਣੇ ਖੇਤਾਂ ਵਿਚੋਂ ਲੰਘਣ ਨਹੀਂ ਦਿੰਦੇ ਸਨ। ਕੇਸਾ ਦੇ ਪਰਿਵਾਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਕੇਸਾ:- ਇਸ ਦੀ ਧਰਮ ਪਤਨੀ ਦੇ ਨਾਮ ਬਾਰੇ ਪਤਾ ਨਹੀਂ

ਵੰਸ਼:- ਇਸ ਦੇ ਦੋ ਲੜਕੇ ਵਜ਼ੀਰਾ ਤੇ ਹਵੀਰਾ ਸਨ।

ਵਜ਼ੀਰਾ:- ਇਨ੍ਹਾਂ ਦੀ ਧਰਮ ਪਤਨੀ ਦਾ ਨਾਮ ਜੀਵੀ ਸੀ।

ਵੰਸ਼:- ਇਨ੍ਹਾਂ ਦੇ ਤਿੰਨ ਲੜਕੇ- ਛੱਜੂ, ਸਾਈਂ ਤੇ ਭਾਗਾ ਸਨ।

ਦੋ ਲੜਕੀਆਂ: ਉਤਮ ਦੇਈ ਤੇ ਭਾਗੋ ਸਨ।

*** ਛੱਜੂ**:- ਇਹ ਰਤਨ ਸਿੰਘ ਹੁਣਾ ਦਾ ਤਾਇਆ ਸੀ। ਸਿਆਣਿਆਂ ਨੇ ਦੱਸਿਆ ਕਿ ਇਸ ਦਾ ਦਿਮਾਗ ਵਕੀਲਾਂ ਵਰਗਾ ਸੀ ਤੇ ਸਰੀਰਕ ਤੌਰ ਤੇ ਬਹੁਤ ਤਕੜਾ ਸੀ। ਨਬੀਏ ਗੁੱਜਰ ਨੇ 16 ਮਾਰਚ, 1926 ਈ: ਵਿਚ ਇਸਦਾ ਧੋਖੇ ਨਾਲ ਕਤਲ ਕਰਵਾ ਦਿੱਤਾ ਸੀ। ਛੱਜੂ ਨੂੰ ਕਿਸੇ ਔਰਤ ਦਾ ਬਹਾਨਾ ਬਣਾ ਕੇ ਅਗਲੀਅਲ ਦੇ ਖੂਹ ਤੇ ਲੈ ਗਏ ਸਨ। ਛੱਜੂ ਖੂਹ ਦੀ ਖੁਰਲੀ ਤੇ ਖੇਸੀ ਦੀ ਬੁੱਕਲ ਮਾਰ ਕੇ ਬੈਠ ਗਿਆ। ਇਸ ਨੂੰ ਮਾਰਨ ਵਾਸਤੇ ਆਦਮੀ ਪਿੰਡ ਬਠੁੱਲਾ ਤੋਂ ਗੁੱਜਰ ਲਿਆਂਦੇ ਸਨ। ਉਨ੍ਹਾਂ ਨੇ ਛੱਜੂ ਨੂੰ ਮਗਰ ਦੀ ਫੜ ਲਿਆ। ਛੱਜੂ ਆਪਣੀ ਬੁੱਕਲ ਨਹੀਂ ਖੋਲ੍ਹ ਸਕਿਆ। ਇਸ ਦੇ ਕਤਲ ਨਾਲ ਖੁਰਲੀ ਖੂਨ ਨਾਲ ਭਰ ਗਈ ਸੀ। ਦੱਸਿਆ ਜਾਂਦਾ ਹੈ ਇਹ ਹੁਸ਼ਿਆਰਪੁਰ ਜ਼ਿਲ੍ਹੇ ਦਾ ਪਹਿਲਾ ਕਤਲ ਸੀ। ਇਸ ਦੇ ਕਤਲ ਸਬੰਧੀ ਅਖ਼ਬਾਰ ਵਿਚ ਖ਼ਬਰ ਆਈ ਕਿ ਜੋ ਕਤਲ ਪਿੰਡ ਗਗਨੌਲੀ ਵਿਖੇ ਹੋਇਆ ਹੈ ਉਸ ਦਾ ਦਿਲ ਇਕ ਸੇਰ ਦਾ ਸੀ। ਕਤਲ ਕਰਨ ਵਾਲੇ ਬੰਦਿਆਂ ਨੇ ਕਿਹਾ ਕਿ ਜੇ ਛੱਜੂ ਛੁੱਟ ਗਿਆ ਤਾਂ ਇਸ ਨੇ ਸਾਨੂੰ ਸਾਰਿਆਂ ਨੂੰ ਮਾਰ ਦੇਣਾ ਹੈ। ਇਸ ਕਤਲ ਵਿਚ ਸ਼ੱਕੀ ਤੌਰ ਤੇ ਇੰਦਰ ਸਿੰਘ ਤੇ ਮੇਹਰ ਸਿੰਘ ਗਗਨੌਲੀ, ਅਮਰ ਸਿੰਘ ਹੁਸੈਨਪੁਰ, ਹਰਬੰਸ ਸਿੰਘ ਖਾਨਪੁਰ ਤੇ ਹਾਕਮ ਸਿੰਘ ਪਿੰਡ ਕਰੰਗਣਾ ਪੰਡੋਰੀ ਨੂੰ ਫੜਿਆ ਗਿਆ। ਕੇਸ ਦੀ ਜਾਂਚ ਪੜਤਾਲ ਕਰਨ ਤੋਂ ਮਗਰੋਂ ਫਿਰ ਇਨ੍ਹਾਂ ਨੂੰ ਸ਼ੈਸ਼ਨ ਜੱਜ ਰਾਮ ਸਿੰਘ ਨੇ ਵਰੀ ਕਰ ਦਿੱਤਾ ਸੀ। ਇਸ ਖੇਤਾਂ ਦਾ ਨਾਮ ਅਗਲੀਅਲ ਹੈ। ਇਸ ਕਰਕੇ ਇਸ ਖੂਹ ਨੂੰ ਅਗਲੀਅਲ ਦਾ ਖੂਹ ਕਿਹਾ ਜਾਂਦਾ ਹੈ। ਫਿਰ

ਇਸ ਖੂਹ ਨੂੰ ਕਿਸੇ ਨੇ ਨਹੀਂ ਚਲਾਇਆ। ਇਹ ਸਾਰੀ ਘਟਨਾ ਦਾ ਵਿਖਿਆਨ ਜੋਗਿੰਦਰ ਸਿੰਘ ਜਿੰਦੋ ਨੇ ਮੈਨੂੰ ਮਿਤੀ 6-8-2013, ਦਿਨ ਮੰਗਲਵਾਰ ਮੇਰੇ ਘਰ ਹੁਸ਼ਿਆਰਪੁਰ ਵਿਖੇ ਲਿਖਵਾਇਆ ਹੈ। ਕੁਝ ਹਿੱਸਾ ਜੋਗਿੰਦਰ ਸਿੰਘ ਸਪੁੱਤਰ ਜਗਤ ਸਿੰਘ ਨੇ ਲਿਖਵਾਇਆ ਹੈ। ਮੇਹਰ ਸਿੰਘ ਨੇ ਦੱਸਿਆ ਕਿ ਇਹ ਖੂਹ ਹੁਣ ਮੇਰੀ ਜ਼ਮੀਨ ਵਿਚ ਹੈ।

ਸਾਈਂ:- ਹੁਣ ਇਨ੍ਹਾਂ ਦਾ ਨਾਮ ਸੁਰੈਣ ਸਿੰਘ ਲਿਖਿਆ ਜਾਂਦਾ ਹੈ। ਪਿੰਡ ਵਿਚ ਆਮ ਨਾਮ ਸਾਈਂ ਕਰਕੇ ਹੀ ਸੱਦਿਆ ਜਾਂਦਾ ਸੀ। ਇਨ੍ਹਾਂ ਦੀ ਧਰਮ ਪਤਨੀ ਦਾ ਨਾਮ ਕਰਤਾਰ ਕੌਰ ਸੀ। ਸੁਰੈਣ ਸਿੰਘ ਆਪਣੀ ਪੂਰੀ ਉਮਰ ਭੋਗ ਕੇ ਸੁਰਗਵਾਸ ਹੋਇਆ ਸੀ। ਅਸੀਂ ਬਿਲਕੁਲ ਛੋਟੇ-ਛੋਟੇ ਸੀ ਜਦੋਂ ਉਨ੍ਹਾਂ ਨੂੰ ਵੇਖਿਆ ਹੈ।

ਵੰਸ਼:- ਇਨ੍ਹਾਂ ਦੇ ਵੰਸ਼ ਵਿਚ ਇਕ ਲੜਕੀ ਅਤੇ ਪੰਜ ਲੜਕੇ ਹਨ।

ਲੜਕੀ:- ਵਚਨ ਕੌਰ ਜੋ ਅਧਿਕਾਰੇ ਕਾਠੇ ਵਿਆਹੀ ਹੋਈ ਹੈ। ਚੰਗੇ ਪਰਿਵਾਰ ਵਾਲੀ ਹੈ।

ਲੜਕੇ: ਜਗਤ ਸਿੰਘ, ਜੀਤ ਸਿੰਘ, ਵਚਨ ਸਿੰਘ, ਰਤਨ ਸਿੰਘ ਤੇ ਹਰਭਜਨ ਸਿੰਘ ਹਨ।

*** ਜਗਤ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਸਵਰਨ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਮੋਏ ਹਨ। ਮੇਰੀ ਮੁਲਾਕਾਤ ਜਗਤ ਸਿੰਘ ਦੇ ਨਾਲ ਪਿੰਡ ਬਸੀ ਦੌਲਤ ਖਾਂ ਵਿਖੇ ਮਿਤੀ 9-9-2014 ਦਿਨ ਮੰਗਲਵਾਰ ਸ਼ਾਮ ਦੇ ਪੰਜ ਵਜੇ ਹੋਈ ਹੈ। ਮੈਂ ਉਨ੍ਹਾਂ ਨਾਲ ਹੇਠ ਲਿਖੀ ਵਾਰਤਾਲਾਪ ਕੀਤੀ।

ਆਪ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

– ਜਗਤ ਸਿੰਘ ਨੇ ਦੱਸਿਆ ਕਿ ਮੇਰਾ ਜਨਮ ਪਿੰਡ ਚੱਕ ਗੋਜਰਾ 228ਵਾਂ ਪਿੰਡ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਚ 1928 ਈ: ਵਿਚ ਹੋਇਆ। ਦੇਸ਼ ਦੀ ਵੰਡ ਤੋਂ ਮਗਰੋਂ ਮੈਂ 1947 ਈ: ਤੋਂ 1950 ਈ: ਤੱਕ ਪਿੰਡ ਗਗਨੌਲੀ ਰਿਹਾ ਹਾਂ।

ਤੁਸੀਂ ਪਿੰਡ ਤੋਂ ਕਿਉਂ ਚਲੇ ਗਏ?

– ਮੇਰੀ ਭੂਆ ਉਤਮ ਦੇਈ ਧਰਮ ਪਤਨੀ ਨਿਧਾਨ ਸਿੰਘ ਵਾਸੀ ਬਸੀ ਦੌਲਤ ਖਾਂ ਹੁਸ਼ਿਆਰਪੁਰ ਨੇ ਮੈਨੂੰ ਆਪਣਾ ਮਤਵੰਨਾ ਪੁੱਤਰ ਬਣਾਇਆ ਹੈ। ਇਸ ਲਈ ਮੈਂ ਪਿੰਡ ਬਸੀ ਦੌਲਤ ਖਾਂ ਆ ਗਿਆ।

ਉਸ ਸਮੇਂ ਪਿੰਡ ਦਾ ਮੇਲ ਮਿਲਾਪ ਕਿਸ ਤਰ੍ਹਾਂ ਦਾ ਸੀ?

– ਉਸ ਸਮੇਂ ਪਿੰਡ 'ਚ ਸਾਰੇ 16 ਘਰ ਸਨ। ਅਸੀਂ ਰਲ ਕੇ ਪਿੰਡ ਦੀ ਕਣਕ ਦੀ ਵਾਢੀ ਕਰਦੇ ਸੀ। ਉਸ ਸਮੇਂ ਖੇਤ ਛੋਟੇ-ਛੋਟੇ ਹੁੰਦੇ ਸਨ, ਜਿਸ ਖੇਤ ਦੀ ਫ਼ਸਲ ਪਹਿਲਾਂ ਪੱਕ ਜਾਂਦੀ ਸੀ ਉਸ ਨੂੰ ਸਾਰੇ ਰਲ ਕੇ ਵੱਢਦੇ ਸਨ। ਮਿਲਖਾ ਸਿੰਘ ਤੇ ਮਹਿੰਗਾ ਸਿੰਘ ਗੱਡੇ ਨਾਲ ਭਰੀਆਂ ਢੋਂਦੇ ਸਨ।

ਖੇਤੀਬਾੜੀ ਤੋਂ ਇਲਾਵਾ ਹੋਰ ਕੀ ਕੰਮ ਕਰਦੇ ਸੀ?

– ਮੈਂ ਤਿੰਨ ਸਾਲ ਗੱਡਾ ਵੀ ਵਾਹਿਆ ਹੈ। ਮੇਰੇ ਨਾਲ ਕਰਤਾਰ ਸਿੰਘ ਲੰਬੜਦਾਰ,

ਕਰਤਾਰ ਸਿੰਘ ਸਪੁੱਤਰ ਅਮਰ ਸਿੰਘ ਵੀ ਹੁੰਦਾ ਸੀ। ਮੈਂ 1950 ਈ: ਵਿਚ ਆਪਣੀ ਭੂਆ ਦੇ ਕੋਲ ਬਸੀ ਦੌਲਤ ਖਾਂ ਆ ਗਿਆ ਸੀ।

ਹੁਣ ਤੁਹਾਡੇ ਕੋਲ ਕਿੰਨੀ ਜ਼ਮੀਨ ਹੈ?

– ਮੇਰੇ ਪਾਸ ਇਸ ਸਮੇਂ 21 ਖੇਤ ਜ਼ਮੀਨ ਹੈ, ਜਿਸ ਵਿਚ ਵਧੀਆ ਫ਼ਸਲ ਹੁੰਦੀ ਹੈ। ਜਗਤ ਸਿੰਘ ਦੀ ਇਸ ਸਮੇਂ 85 ਸਾਲ ਉਮਰ ਹੈ। ਸਿਹਤ ਠੀਕ ਹੈ। ਪਿੰਡ ਵਿਚ ਵੜਦਿਆਂ ਹੀ ਆਪ ਦੀ ਦੋ ਮੰਜ਼ਿਲਾਂ ਕੋਠੀ ਹੈ। ਸ਼ੇਰਗੜ੍ਹ ਬਾਈਪਾਸ ਤੇ ਥਿਆੜਾ ਪੈਟਰੋਲ ਪੰਪ ਹੈ। ਸਿਆਣਿਆਂ ਦੀ ਕਹਾਵਤ ਹੈ ਜਦੋਂ ਰੱਬ ਦਿੰਦਾ ਹੈ ਤਾਂ ਛੱਤ ਪਾੜ ਕੇ ਦਿੰਦਾ ਹੈ।

ਵੰਸ਼:- ਜਗਤ ਸਿੰਘ ਦੇ ਵੰਸ਼ ਵਿਚ ਤਿੰਨ ਲੜਕੀਆਂ ਅਤੇ ਦੋ ਲੜਕੇ ਹਨ।

1. **ਸੁਖਵਿੰਦਰ ਕੌਰ** ਧਰਮ ਪਤਨੀ ਕੁਲਵੰਤ ਸਿੰਘ ਤੇ ਸਹੁਰੇ ਬੂਥਗੜ੍ਹ, ਹੁਸ਼ਿਆਰਪੁਰ ਹਨ।

2. **ਜੋਗਿੰਦਰ ਕੌਰ** ਧਰਮ ਪਤਨੀ ਉਂਕਾਰ ਸਿੰਘ ਤੇ ਸਹੁਰੇ ਸੱਜਣਾ, ਹੁਸ਼ਿਆਰਪੁਰ ਹਨ।

3. **ਪਰਮਜੀਤ ਕੌਰ** ਧਰਮ ਪਤਨੀ ਸੁਖਦੇਵ ਸਿੰਘ ਤੇ ਸਹੁਰੇ ਰਾਪੁਰ ਚਲੁੱਪਰ ਹਨ। ਪਰ ਇਸ ਸਮੇਂ ਇੰਗਲੈਂਡ ਵਿਚ ਰਹਿ ਰਹੀ ਹੈ।

* **ਲੜਕੇ**: ਸਤਿੰਦਰਜੀਤ ਸਿੰਘ, ਰਾਜਵਿੰਦਰ ਸਿੰਘ

ਸਤਿੰਦਰਜੀਤ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਇੰਦਰਜੀਤ ਕੌਰ ਹੈ ਜਿਸ ਦੇ ਪੇਕੇ ਲੁਧਿਆਣੇ ਹਨ।

ਵੰਸ਼:- ਆਪ ਦਾ ਇਕ ਲੜਕਾ ਨਵਪ੍ਰੀਤ ਸਿੰਘ ਹੈ, ਜੋ ਐਮ.ਏ. ਪੰਜਾਬੀ ਹੈ।

* **ਲੜਕੀ**: ਹਰਪ੍ਰੀਤ ਕੌਰ ਹੈ ਜਿਸ ਨੇ ਬੀ.ਟੈਕ ਹਾਰਡਵੇਅਰ ਤੇ ਸੌਫਟਵੇਅਰ ਕੀਤੀ ਹੋਈ ਹੈ।

* **ਰਾਜਵਿੰਦਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਕਮਲਜੀਤ ਕੌਰ ਹੈ, ਜਿਸ ਦੇ ਪੇਕੇ ਨੰਗਲ ਮਾਰੂਫ ਹਨ।

ਵੰਸ਼:– ਇਨ੍ਹਾਂ ਦਾ ਇਕ ਲੜਕਾ ਅਮਿਤ ਥਿਆੜਾ ਹੈ।

ਨੋਟ: ਜਗਤ ਸਿੰਘ ਨੇ ਦੱਸਿਆ ਕਿ ਪੈਟਰੋਲ ਪੰਪ ਦੋਹਾਂ ਭਰਾਵਾਂ ਦਾ ਸਾਝਾਂ ਹੈ।

***ਜੀਤ ਸਿੰਘ**:- ਸੁਰੈਣ ਸਿੰਘ ਦਾ ਦੂਜਾ ਲੜਕਾ ਜੀਤ ਸਿੰਘ ਹੈ, ਜਿਸ ਨੇ ਸ਼ਾਦੀ ਨਹੀਂ ਕਰਾਈ। ਆਪਣੇ ਛੋਟੇ ਭਾਈ ਰਤਨ ਸਿੰਘ ਦੇ ਨਾਲ ਰਹਿ ਰਿਹਾ ਹੈ। ਆਪਣੇ ਘਰ ਲਵੇਰੇ ਲਈ ਗਾਂ ਜਾਂ ਮੱਝ ਜ਼ਰੂਰ ਰੱਖਦਾ ਹੈ। ਪਹਿਲਾਂ ਸਾਰਾ ਪਰਿਵਾਰ ਇਕੱਠਾ ਹੀ ਰਹਿੰਦਾ ਸੀ। ਥੋੜ੍ਹੇ ਸਮੇਂ ਤੋਂ ਅਲੱਗ-ਅਲੱਗ ਹੋਏ ਹਨ। ਖੇਤੀਬਾੜੀ ਦਾ ਕੰਮ ਜੀਤ ਸਿੰਘ ਕਰ ਰਿਹਾ ਹੈ।

3* **ਬਚਨ ਸਿੰਘ**:- ਬਚਨ ਸਿੰਘ ਭਾਵੇਂ ਤੀਜੇ ਨੰਬਰ 'ਤੇ ਹੈ ਪਰ ਘਰ ਤੇ ਸਰਦਾਰੀ ਵਚਨ ਸਿੰਘ ਦੀ ਚੱਲਦੀ ਸੀ। ਬਚਨ ਸਿੰਘ ਨੇ ਵੀ ਸ਼ਾਦੀ ਨਹੀਂ ਕਰਾਈ ਹੈ। ਇਹ ਵੀ

ਆਪਣੇ ਭਾਈ ਰਤਨ ਸਿੰਘ ਦੇ ਨਾਲ ਚੁਬਾਰੇ ਉੱਪਰ ਰਹਿੰਦਾ ਰਿਹਾ ਹੈ। 2012 ਵਿਚ ਉਸ ਦੀ ਮੌਤ ਹੋ ਚੁੱਕੀ ਹੈ। ਵਚਨ ਸਿੰਘ ਨੇ ਉਰਦੂ ਦੀਆਂ 4-5 ਜਮਾਤਾਂ ਪੜ੍ਹੀਆਂ ਹੋਣਗੀਆਂ। ਉਸ ਦੇ ਭਾਈ ਰਤਨ ਸਿੰਘ ਨੇ ਦੱਸਿਆ ਕਿ ਉਹ ਪੰਜਾਬੀ ਤੇ ਅੰਗਰੇਜ਼ੀ ਵੀ ਲਿਖ ਲੈਂਦਾ ਸੀ। ਆਪਣੀ ਜਵਾਨੀ ਉਮਰ ਵਿਚ ਉਹ ਰਾਤ ਨੂੰ ਖੇਤਾਂ ਨੂੰ ਪਾਣੀ ਲਾਉਣ ਸਮੇਂ ਹੀਰ ਵਾਰਿਸ ਦਾ ਕਿੱਸਾ ਉੱਚੀ ਸੁਰ ਵਿਚ ਪੜ੍ਹਿਆ ਕਰਦਾ ਸੀ। ਅਸੀਂ ਉਸ ਸਮੇਂ ਬਹੁਤ ਛੋਟੇ ਹੁੰਦੇ ਸੀ।

ਆਪਣੇ ਪਿਤਾ ਸੁਰੈਣ ਸਿੰਘ ਦੀ ਮੌਤ ਤੋਂ ਮਗਰੋਂ ਉਸ ਨੇ ਆਪਣੇ ਛੋਟੇ ਭਰਾਵਾਂ ਦੀਆਂ ਸ਼ਾਦੀਆਂ ਵਧੀਆ ਢੰਗ ਨਾਲ ਕੀਤੀਆਂ ਪਿੰਡ ਵਿਚ ਸਭ ਤੋਂ ਪਹਿਲਾਂ ਉਸ ਨੇ ਆਪਣੇ ਖੇਤਾਂ ਵਿਚ 1966 ਈ: ਵਿਚ ਟਿਊਬਵੈੱਲ ਲਗਾਇਆ। ਦੂਜਾ ਕੰਮ ਆਪਣੇ ਪੁਰਾਣੇ ਮਕਾਨਾਂ ਨੂੰ ਢਾਹ ਕੇ ਦੋ ਮੰਜ਼ਿਲਾਂ ਕੋਠੀ ਪਾਈ ਹੈ। ਇਸ ਕੋਠੀ ਨੂੰ ਬਨਾਉਣ ਵਾਲੇ ਰਾਜ ਮਿਸਤਰੀ ਕਰਮ ਸਿੰਘ ਗੋਗੀ ਤੇ ਉਸ ਦਾ ਜੀਜਾ ਸੀ। ਉਸ ਦੇ ਛੋਟੇ ਭਾਈ ਹਰਭਜਨ ਸਿੰਘ ਨੇ ਦੱਸਿਆ ਕਿ ਉਸ ਸਮੇਂ ਅਸੀਂ 32 ਰੁਪਏ ਹਜ਼ਾਰ ਇੱਟ ਲਿਆਂਦੀ ਸੀ। ਜਦੋਂ ਇੱਟਾਂ ਥੁੜ੍ਹ ਗਈਆਂ ਤਾਂ ਕਿਸੇ ਕੋਲੋਂ 40 ਰੁ: ਪ੍ਰਤੀ 1000 ਇੱਟਾਂ ਮੁੱਲ ਲਈਆਂ ਸਨ।

ਬਚਨ ਸਿੰਘ ਨੂੰ ਹਰ ਬੰਦੇ ਨੂੰ ਬੁਲਾਉਣ ਦੀ ਤਹਿਜੀਵ ਹੈ। ਜਦੋਂ ਵੀ ਮਿਲਦਾ ਕਹਿਣਾ, "ਮਾਸਟਰ ਸਾਹਿਬ ਕੀ ਹਾਲ ਹੈ।" 1998 ਈ: ਵਿਚ ਬਣੀ ਪੰਚਾਇਤ ਵਿਚ ਆਪ ਬਤੌਰ ਪੰਚਾਇਤ ਮੈਂਬਰ ਸਨ। ਕਿਸੇ ਸੱਥ ਵਿਚ ਬੈਠਿਆਂ ਉਸ ਨੇ ਮੈਨੂੰ ਦੱਸਿਆ ਕਿ ਮੈਂ ਵੀ ਪਿੰਡ ਦੇ ਬਾਰੇ ਲਿਖਦਾ ਹਾਂ ਪਰ ਜਦੋਂ ਮੈਂ ਉਨ੍ਹਾਂ ਦੇ ਘਰ ਗਿਆ ਤਾਂ ਉਸ ਦੇ ਘਰਦਿਆਂ ਨੇ ਮੈਨੂੰ ਕੋਈ ਲਿਖਤ ਨਹੀਂ ਦਿੱਤੀ।

ਬਚਨ ਸਿੰਘ ਦੇ ਜੀਵਨ ਵਿਚ ਬਹੁਤ ਤਬਦੀਲੀਆਂ ਆਈਆਂ ਉਨ੍ਹਾਂ ਸ਼ੌਕੀਆ ਤੌਰ 'ਤੇ ਆਪਣੇ ਕੋਲ ਘੋੜੀ, ਜੀਪ, ਰਾਈਫਲ ਤੇ ਟਰੈਕਟਰ ਆਦਿ ਰੱਖੇ ਸਨ। ਪਿੰਡ ਵਿਚ ਫਿਰ ਬਚਨ ਸਿੰਘ ਨੂੰ ਲੋਕਾਂ ਨੇ ਰਾਣਾ ਕਹਿਣਾ ਸ਼ੁਰੂ ਕਰ ਦਿੱਤਾ। ਅੱਜ ਵੀ ਇਨ੍ਹਾਂ ਦੇ ਘਰ ਨੂੰ ਰਾਣਿਆ ਦਾ ਘਰ ਕਿਹਾ ਜਾਂਦਾ ਹੈ। ਕਦੇ-ਕਦੇ ਇਨਫੀਲਡ ਮੋਟਰਸਾਈਕਲ ਵੀ ਚਲਾਉਂਦੇ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਭਰਪੂਰ ਅਨੰਦ ਮਾਣਿਆ ਹੈ। ਕੋਈ ਐਸਾ ਸ਼ੌਕ ਨਹੀਂ ਹੈ ਜੋ ਉਨ੍ਹਾਂ ਪੂਰਾ ਨਹੀਂ ਕੀਤਾ। ਬਚਨ ਸਿੰਘ ਅਚਾਨਕ ਬਿਮਾਰ ਹੋ ਗਿਆ। ਆਪਣੇ ਚੁਬਾਰੇ 'ਚੋਂ ਉਤਰਦੇ ਸਮੇਂ ਉਨ੍ਹਾਂ ਦਾ ਮਲ-ਮੂਤਰ ਕੱਪੜਿਆਂ ਵਿਚ ਹੀ ਹੋ ਗਿਆ। ਉਨ੍ਹਾਂ ਆਪਣੇ ਭਰਾਵਾਂ ਨੂੰ ਦੱਸਿਆ ਕਿ ਹੁਣ ਮੈਂ ਬਚਣਾ ਨਹੀਂ। ਉਨ੍ਹਾਂ ਦਾ ਵਾਕ ਪੂਰਾ ਹੋ ਗਿਆ। ਉਹ ਮਾਤਲੋਕ ਦੀ ਯਾਤਰਾ ਕਰਦੇ ਹੋਏ ਸਤੰਬਰ 2012 ਵਿਚ ਗੁਰੂ ਚਰਨਾ 'ਚ ਜਾ ਬਿਰਾਜੇ ਹਨ।

4.* ਰਤਨ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਬਲਜੀਤ ਕੌਰ ਹੈ, ਜਿਸ ਦੇ ਪੇਕੇ ਕੋਟਲੀ ਅਰਾਈਆਂ, ਜ਼ਿਲ੍ਹਾ ਜਲੰਧਰ ਹਨ। ਆਪ 1976ਈ: ਵਿਚ ਅਰਬ ਦੇਸ਼ ਮਾਸਕਟ ਗਏ। ਆਪ ਦੀ ਸ਼ਾਦੀ 12-02-1978 ਈ: ਨੂੰ ਮਨਜੀਤ ਸਿੰਘ ਕੋਟਲੀ

ਅਰਾਈਆਂ ਰਾਹੀਂ ਹੋਈ ਹੈ। ਰਤਨ ਸਿੰਘ ਵੀ ਖੇਤੀਬਾੜੀ ਦਾ ਕੰਮ ਕਰਦਾ ਰਿਹਾ ਹੈ। ਕੁਝ ਸਮਾਂ ਪਹਿਲਾਂ ਆਪ ਨੇ ਪਿੰਡ ਵਿਚ ਦੁਕਾਨ ਵੀ ਕੀਤੀ ਹੈ।

ਵੰਸ਼:- ਆਪ ਦੇ ਵੰਸ਼ ਵਿਚ ਇਕ ਲੜਕਾ ਤੇ ਪੰਜ ਲੜਕੀਆਂ ਹਨ।

ਲੜਕਾ: ਗੁਰਪ੍ਰੀਤ ਸਿੰਘ ਹੈ ਜੋ 7 ਸਾਲਾਂ ਤੋਂ ਕੈਨੇਡਾ 'ਚ ਰਹਿ ਰਿਹਾ ਹੈ।

ਲੜਕੀਆਂ: ਸੰਦੀਪ ਕੌਰ, ਸਰਬਜੀਤ ਕੌਰ, ਜਸਵੀਰ ਕੌਰ, ਇਕਬਾਲ ਕੌਰ ਤੇ ਹਰ੍ਪੀਤ ਕੌਰ ਹਨ।

ਰਤਨ ਸਿੰਘ ਨੇ ਸਾਰੀਆਂ ਲੜਕੀਆਂ ਦੀਆਂ ਸ਼ਾਦੀਆਂ ਕਰ ਦਿੱਤੀ ਹਨ।

*** ਸੱਟ ਲੱਗਣਾ:-** ਅੱਤਵਾਦ ਦੇ ਸਮੇਂ ਪਿੰਡਾਂ ਵਿਚ ਪਹਿਰੇ ਲੱਗਦੇ ਸਨ। ਪਿੰਡਾਂ ਦੇ ਸਰਪੰਚਾਂ ਨੂੰ ਸਰਕਾਰੀ ਸੰਦੇਸ਼ ਆ ਜਾਂਦੇ ਸਨ ਕਿ ਪਿੰਡ ਵਿਚ ਰਾਤ ਦਾ ਪਹਿਰਾ ਲਗਾਇਆ ਜਾਵੇ ਤਾਂ ਜੋ ਪਿੰਡ ਵਿਚ ਅਣਸੁਖਾਵੀਂ ਘਟਨਾ ਨਾ ਘਟੇ। 1998 ਦੀ ਗੱਲ ਹੈ ਕਿ ਪਿੰਡ ਵਿਚ ਰੌਲ਼ਾ ਪੈ ਗਿਆ ਕਿ ਚੋਰ ਪਿੰਡ ਵਿਚ ਪ੍ਵੇਸ਼ ਕਰ ਗਏ ਹਨ। ਰਤਨ ਸਿੰਘ ਚੁਬਾਰੇ 'ਤੇ ਸੁੱਤੇ ਹੋਏ ਸਨ। ਅਚਾਨਕ ਰੌਲਾ ਪੈਣ ਕਰਕੇ ਉਹ ਪੌੜੀਆਂ ਉਤਰਨ ਦੀ ਬਜਾਏ ਪਿਛਲੇ ਪਾਸੇ ਡਿੱਗ ਗਏ। ਆਪ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਕਈ ਸਾਲ ਆਪ ਬਿਸਤਰੇ 'ਤੇ ਰਹੇ। ਅੰਤ ਪ੍ਮਾਤਮਾ ਨੇ ਦੁੱਖ ਨੂੰ ਘੱਟ ਕਰ ਦਿੱਤਾ। ਆਪ ਦੇ ਚੂਲ੍ਹੇ ਦਾ ਓਪਰੇਸ਼ਨ ਹੋਇਆ ਫਿਰ ਆਪ ਅਸਾਨੀ ਨਾਲ ਤੁਰਨ-ਫਿਰਨ ਲੱਗ ਪਏ। ਆਪ ਦਾ ਜੋ ਮਾੜਾ ਕਰਮ ਸੀ ਉਹ ਕੱਟਿਆ ਗਿਆ। ਆਪ ਪ੍ਮਾਤਮਾ ਨੂੰ ਮੰਨਦੇ ਹਨ ਗੁਰੂ ਘਰ ਦੀ ਸੇਵਾ ਕਰਦੇ ਹਨ। ਪਿੰਡ ਦੇ ਉੱਤਰ ਦੇ ਪਾਸੇ ਲਾਲਾ ਵਾਲੀ ਸਰਕਾਰ ਦਾ ਮੇਲਾ ਲੱਗਦਾ ਹੈ। ਆਪ ਉਥੇ ਵੀ ਸ਼ਰਧਾ ਨਾਲ ਸੇਵਾ ਕਰਦੇ ਹਨ।

*** ਲਾਟਰੀ:-** ਪਿੰਡ ਵਿਚ ਪਹਿਲੀ ਵਾਰ 1978 ਈ: ਵਿਚ ਆਪ ਦੀ ਇਕ ਲੱਖ ਰੁ: ਦੀ ਲਾਟਰੀ ਨਿਕਲੀ ਪਰ ਏਜੰਟਾਂ ਨੇ ਆਪ ਨੂੰ 60,000 ਰੁ: ਦਿੱਤੇ। ਇਸ ਨਾਲ ਆਪ ਨੇ ਕੁਝ ਜ਼ਮੀਨ ਖਰੀਦੀ ਪਰ ਮਗਰੋਂ ਵੇਚ ਦਿੱਤੀ। ਸਰਕਾਰੀ ਕਰਮਚਾਰੀ ਦੀ ਤਨਖਾਹ ਉਸ ਸਮੇਂ 300 ਰੁ: ਸੀ।

5* ਹਰਭਜਨ ਸਿੰਘ:- ਆਪ ਸੁਰੈਣ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਹਨ। ਆਪ ਦੀ ਸ਼ਾਦੀ ਬਚਨ ਸਿੰਘ ਨੇ ਰਤਨ ਸਿੰਘ ਤੋਂ ਪਹਿਲਾਂ ਕਰ ਦਿੱਤੀ ਸੀ। ਆਪ ਦੀ ਧਰਮ ਪਤਨੀ ਦਾ ਨਾਮ ਮਨਜੀਤ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਹਨ। ਹਰਭਜਨ ਸਿੰਘ ਜਵਾਨੀ ਸਮੇਂ ਘਰੇਲੂ ਖੇਤੀਬਾੜੀ ਦਾ ਕੰਮ ਕਰਦੇ ਰਹੇ। ਕੁਝ ਸਮਾਂ ਪਹਿਲਾਂ ਆਪ ਨੇ ਬੰਬਈ ਵਿਖੇ ਡਰਾਈਵਰੀ ਵੀ ਕੀਤੀ ਹੈ। ਕੁਝ ਸਮਾਂ ਆਪ ਡੁਬਈ ਵੀ ਰਹੇ। ਆਪ ਦੇ ਕੋਲ ਕੁਝ ਜ਼ਮੀਨ ਹੈ। ਆਪ ਖੇਤੀਬਾੜੀ ਕਰਦੇ ਹਨ। ਆਪ ਦੇ ਚਿਹਰੇ ਦਾ ਰੰਗ ਗੋਰ੍ਹਾ ਤੇ ਦਾੜ੍ਹਾ ਸਫੇਦ ਹੈ।

ਵੰਸ਼:- ਆਪ ਦੇ ਦੋ ਲੜਕੇ ਤੇ ਦੋ ਲੜਕੀਆਂ ਹਨ।

ਲੜਕੇ: ਗੁਰਮੀਤ ਸਿੰਘ ਅਤੇ ਮਲਕੀਤ ਸਿੰਘ ਸਿੰਘ

1. ਗੁਰਮੀਤ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਗੁਰਬਖਸ਼ ਕੌਰ ਹੈ।

ਆਪ ਨੇ ਮਿਡਲ ਪੱਧਰ ਦੀ ਪੜ੍ਹਾਈ ਕੀਤੀ ਹੈ। ਡਰਾਈਵਰੀ ਨਾਲ ਜ਼ਿਆਦਾ ਪਿਆਰ ਹੈ। ਆਪ ਨੇ ਵਿਦੇਸ਼ ਦਾ ਵੀ ਟੂਰ ਲਗਾਇਆ ਹੈ।

ਵੰਸ਼:- ਇਕ ਲੜਕੀ ਪਰਮਜੀਤ ਕੌਰ ਅਤੇ ਦੋ ਲੜਕੇ- ਜਸਕਰਨਪ੍ਰੀਤ ਸਿੰਘ ਤੇ ਅਮਨਪ੍ਰੀਤ ਸਿੰਘ ਹਨ।

2. ਮਲਕੀਤ ਸਿੰਘ :- ਆਪ ਦੀ ਧਰਮ ਪਤਨੀ ਦਾ ਨਾਮ ਜਗਵੀਰ ਕੌਰ ਹੈ।

ਵੰਸ਼:- ਦੋ ਲੜਕੇ- ਸਿਮਰਤਪਾਲ ਸਿੰਘ, ਕੀਰਤਪਾਲ ਸਿੰਘ। ਇਹ ਦੋਵੇਂ ਲੜਕੇ ਛੋਟੀਆਂ ਜਮਾਤਾਂ ਵਿਚ ਪੜ੍ਹਦੇ ਹਨ ਅਤੇ ਗੁਰਬਾਣੀ ਨਾਲ ਵੀ ਜੁੜੇ ਹੋਏ ਹਨ। ਗੁਰੂ ਘਰ ਵਿਚ ਕਦੇ-ਕਦੇ ਕਵੀਸ਼ਰੀ ਕਰਦੇ ਹਨ।

*** ਹਰਭਜਨ ਸਿੰਘ ਦੀਆਂ ਲੜਕੀਆਂ**:- ਸੁਖਵਿੰਦਰ ਕੌਰ ਜਿਸ ਦੀ ਸ਼ਾਦੀ 28-6-1987 ਨੂੰ ਹੋਈ। ਕੁਲਵਿੰਦਰ ਕੌਰ ਦੀ ਸ਼ਾਦੀ 11-2-1990 ਨੂੰ ਹੋਈ।

*** ਭਾਗਾ**:- ਵਜੀਰਾ ਸਿੰਘ ਦਾ ਛੋਟਾ ਲੜਕਾ ਭਾਗਾ ਹੈ। ਆਪ ਦੀ ਪਿੰਡ ਵਿਚ ਅੱਲ ਸਾਈਂ ਤੇ ਭਾਗੇ ਨਾਲ ਹੈ। ਛੱਜੂ ਦਾ ਕਿਸੇ ਨੇ ਕਦੇ ਨਾਮ ਨਹੀਂ ਲਿਆ ਹੈ। ਸਿਰਫ਼ ਤੇ ਸਿਰਫ਼ ਸਾਈਂ ਤੇ ਭਾਗਾ। ਜਿਥੇ ਹੁਣ ਸੁਰੈਣ ਸਿੰਘ ਦਾ ਪਰਿਵਾਰ ਰਹਿ ਰਿਹਾ ਹੈ ਇਥੇ ਆਪ ਦੀ ਹਵੇਲੀ ਤੇ ਘਰ ਸੀ। ਮੈਂ ਛੋਟੇ ਹੁੰਦੇ ਨੇ ਵੇਖਿਆ ਹੈ ਪਰ ਪੂਰੀ ਸ਼ਕਲ ਦਾ ਪਤਾ ਨਹੀਂ ਹੈ। ਇਕ ਵਾਰ ਮੈਂ ਤੇ ਮੇਰੇ ਭਾਈ ਕੁਲਵਿੰਦਰ ਸਿੰਘ ਨੇ ਉਨ੍ਹਾਂ ਨਾਲ ਕੁਝ ਕੰਮ ਕਰਾਇਆ ਸੀ ਤਾਂ ਆਪ ਨੇ ਸਾਨੂੰ ਖਾਣ ਵਾਸਤੇ ਸ਼ੱਕਰ ਦਿੱਤੀ ਸੀ। ਭਾਗ ਸਿੰਘ ਦੀ ਬਹੁਤ ਵੱਡੀ ਝਿੜੀ ਸੀ, ਜਿਸ ਵਿਚ ਹਜ਼ਾਰਾਂ ਹੀ ਕੀਮਤੀ ਦਰਖੱਤ ਸਨ। ਉਸ ਦੇ ਮਰਨ ਉਪਰੰਤ ਉਸ ਦੇ ਭਤੀਜਿਆਂ ਨੇ ਜ਼ਮੀਨ ਤੇ ਝਿੜੀ ਵੇਚ ਦਿੱਤੀ। ਜਿਸ ਦਿਨ ਆਪ ਸਵਰਗ ਸੁਧਾਰੇ ਸਨ ਤਾਂ ਆਪ ਦੀ ਅਰਥੀ ਦੇ ਮਗਰ ਪਟਾਕੇ ਚਲਦੇ ਸਨ। ਅਸੀਂ ਉਸ ਸਮੇਂ ਛੋਟੇ-ਛੋਟੇ ਸੀ।

ਸ਼ਰਧਾਂਜਲੀ ਸਮਾਗਮ:- ਆਪ ਦੇ ਮਰਨ ਦੇ ਸਾਲ ਦੋ ਸਾਲ ਮਗਰੋਂ ਆਪ ਦੇ ਭਤੀਜਿਆਂ ਨੇ ਆਪ ਦਾ ਸਮਾਗਮ ਕੀਤਾ। ਆਸੇ ਪਾਸੇ ਦੇ ਸਾਰੇ ਪਿੰਡਾਂ ਨੂੰ ਨਿਉਂਦਾ ਦਿੱਤਾ ਗਿਆ ਸੀ।

*** ਹਵੀਰਾ**:- ਕੇਸੇ ਦਾ ਦੂਜਾ ਲੜਕਾ ਹਵੀਰਾ ਸੀ ਜਿਸ ਦੀ ਧਰਮ ਪਤਨੀ ਬਾਰੇ ਕੁਝ ਪਤਾ ਨਹੀਂ ਹੈ।

ਵੰਸ਼:- ਆਪ ਦੇ ਵੰਸ਼ ਵਿਚ ਤਿੰਨ ਲੜਕੇ- ਹੁਕਮਾ, ਮੁਣਸ਼ੀ ਤੇ ਅਮੀ ਸਨ। ਇਕ ਲੜਕੀ ਰਾਓ ਸੀ। ਇਨ੍ਹਾਂ ਦੇ ਅਗਲੇ ਵੰਸ਼ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਹੈ।

ਤਾਬਾ

ਤਾਬਾ ਦੀ ਧਰਮ ਪਤਨੀ ਬਾਰੇ ਜਾਣਕਾਰੀ ਨਹੀਂ ਹੈ।

ਵੰਸ਼:- ਆਪ ਦਾ ਇਕ ਲੜਕਾ ਗੰਡਾ ਸੀ। ਗੰਡੇ ਦੀ ਧਰਮ ਪਤਨੀ ਦਾ ਨਾਮ ਕਾਨੋ ਸੀ। ਗੰਡੇ ਦੇ ਤਿੰਨ ਲੜਕੇ ਸਨ- ਰੱਖਾ, ਪੁਨਾ ਤੇ ਸੰਤਾ ਸਨ।

1. ਰੱਖਾ:- ਇਸ ਦੀ ਧਰਮ ਪਤਨੀ ਦਾ ਨਾਮ ਜੈ ਕੌਰ ਸੀ ਜੋ ਉੱਚੀ ਲੰਬੀ ਤੇ ਰੰਗ ਸਾਂਵਲਾ ਤੇ ਸ਼ਾਂਤ ਸੁਭਾਅ ਦੀ ਸੀ। ਮੈਨੂੰ ਅੱਜ ਤੱਕ ਇਹ ਪਤਾ ਨਹੀਂ ਸੀ ਕਿ ਸਾਰੇ ਭਰਾ ਸੰਤਾ ਸਿੰਘ ਦੀ ਔਲਾਦ ਹਨ ਜਾਂ ਰੱਖਾ ਸਿੰਘ ਦੀ। ਰੱਖਾ ਸਿੰਘ ਦੀ ਤਾਂ ਬਾਰ (ਪਾਕਿਸਤਾਨ) ਵਿਚ ਹੀ ਮੌਤ ਹੋ ਗਈ ਸੀ। ਉਸ ਨੂੰ ਅਸੀਂ ਨਹੀਂ ਵੇਖਿਆ ਹੈ। ਮਾਤਾ ਜੈ ਕੌਰ ਨੂੰ ਕਦੇ-ਕਦੇ ਸੰਤਾ ਸਿੰਘ ਦੇ ਨਾਲ ਗੱਲਾਂ ਕਰਦੇ ਦੇਖਿਆ ਹੈ। ਜਦੋਂ ਕਦੇ ਅਸੀਂ ਆਪ ਦੇ ਮਕਾਨ ਦੇ ਨਾਲ ਲੱਗੀ ਭੱਠੀ ਤੇ ਦਾਣੇ ਭੁਨਾਉਣ ਜਾਂਦੇ ਸੀ। ਮਾਤਾ ਜੈ ਕੌਰ ਨੇ ਇਕ ਵਾਰ ਦੱਸਿਆ ਕਿ ਮੇਰਾ ਲੜਕਾ ਦਰਸ਼ਨ ਇਕ ਵਾਰ ਬਿਮਾਰ ਹੋ ਗਿਆ। ਮੈਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਗਈ ਤਾਂ ਭਗਤ ਸਿੰਘ ਨੇ ਮੈਨੂੰ ਕੁੰਭ ਦੇ ਭਾਂਡੇ ਵਿਚੋਂ ਥੋੜ੍ਹਾ ਜਲ ਦਿੱਤਾ ਜੋ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਤਖਤਪੋਸ਼ ਦੇ ਹੇਠਾਂ ਰੱਖਿਆ ਹੋਇਆ ਸੀ। ਭਗਤ ਸਿੰਘ ਰੋਜ਼ ਅੰਮ੍ਰਿਤ ਵੇਲੇ ਤਾਜਾ ਜਲ ਮਿੱਟੀ ਦੇ ਭਾਂਡੇ ਵਿਚ ਰੱਖਦੇ ਸਨ। ਮਾਤਾ ਜੈ ਕੌਰ ਨੇ ਫਿਰ ਦੱਸਿਆ ਕਿ ਦਰਸ਼ਨ ਸਿੰਘ ਠੀਕ ਹੋ ਗਿਆ। ਮਾਤਾ ਜੈ ਕੌਰ ਦੀ ਸਿਹਤ ਖਰਾਬ ਰਹਿਣ ਲੱਗੀ ਉਹ ਬਿਮਾਰ ਪੈ ਗਈ। ਉਹ ਬਿਸਤਰੇ 'ਤੇ ਲੇਟੀ ਆਪਣੇ ਫੌਜੀ ਪੁੱਤਰ ਫਕੀਰ ਸਿੰਘ ਨੂੰ ਯਾਦ ਕਰਦੀ ਸੀ। ਪਰ ਪੁੱਤਰ ਦਾ ਆਪਣੀ ਮਾਤਾ ਨਾਲ ਮਿਲਾਪ ਨਹੀਂ ਹੋ ਸਕਿਆ। ਅਖੀਰ ਮਾਤਾ ਜੈ ਕੌਰ ਨੇ ਪ੍ਰਾਣ ਦੇ ਦਿੱਤੇ ਤੇ ਗੁਰੂ ਚਰਨਾਂ ਵਿਚ ਜਾ ਬਿਰਾਜੀ। ਇਹ ਸ਼ਬਦ ਜੈ ਕੌਰ ਦੇ ਛੋਟੇ ਪੁੱਤਰ ਦਰਸ਼ਨ ਸਿੰਘ ਨੇ ਮੈਨੂੰ ਦੱਸੇ ਸਨ। ਫਕੀਰ ਸਿੰਘ ਦੀ ਸ਼ਾਦੀ ਵੀ ਆਪਣੀ ਮਾਤਾ ਦੇ ਮਗਰੋਂ ਹੋਈ ਹੈ। ਇਸ ਸਬੰਧੀ ਇਕ ਗੀਤ ਦੇ ਬੋਲ:

ਪਿੰਡ ਟਰਪਈ ਦੀਆਂ ਗਲੀਆਂ ਦੇ ਵਿਚ ਜਦ ਤੇਰੇ ਕਦਮ ਪੈਣਗੇ,
ਪ੍ਰੀਤ ਉਡੀਕਾਂ ਕਰਦੀ ਮਰ ਜਾਊ ਮਾਂ ਵੇ ਤੇਰੀ ਲੋਕ ਕਹਿਣਗੇ।

*** ਵੰਸ਼:-** ਆਪ ਦੇ ਵੰਸ਼ ਵਿਚ ਚਾਰ ਲੜਕੇ ਹਨ।

ਰਤਨ ਸਿੰਘ, ਬਤਨ ਸਿੰਘ ਬੱਤੂ, ਫਕੀਰ ਸਿੰਘ, ਦਰਸ਼ਨ ਸਿੰਘ

1.* ਰਤਨ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਮਹਿੰਦਰ ਕੌਰ ਹੈ, ਜਿਸ

ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਮਾਧੋਪੁਰ ਹਨ। ਰਤਨ ਸਿੰਘ ਫੌਜ ਦੀ ਨੌਕਰੀ ਕਰਦਾ ਸੀ ਤੇ ਉਹ ਬਤੌਰ ਹਵਾਲਦਾਰ ਪੈਨਸ਼ਨ ਆਇਆ ਹੈ। ਆਪ ਨੇ ਬਾਹਰ ਜਾਣ ਦੀ ਕੋਸ਼ਿਸ਼ ਕੀਤੀ ਪਰ ਜਾ ਨਹੀਂ ਸਕੇ। ਆਪ ਵੀ ਸ਼ਾਂਤ ਸੁਭਾਅ ਦੇ ਹਨ।

* **ਵੰਸ਼**:- ਆਪ ਦੀ ਇਕ ਲੜਕੀ ਦੀਸ਼ੋ ਹੈ।

* **ਲੜਕੇ**: ਅਮਰਜੀਤ ਸਿੰਘ, ਸੁਰਜੀਤ ਸਿੰਘ, ਕਸ਼ਮੀਰ ਸਿੰਘ, ਗੁਲਾਬ ਸਿੰਘ।

* ਲੜਕੀ ਦੀਸ਼ੋ ਦਸਵੀਂ ਪਾਸ ਹੈ। ਰਤਨ ਸਿੰਘ ਨੇ ਇਸ ਦੀ ਸ਼ਾਦੀ 22-2-1988 ਈ: ਨੂੰ ਕੀਤੀ ਹੈ।

***1. ਅਮਰਜੀਤ ਸਿੰਘ**:- ਆਪ ਦਸਵੀਂ ਜਮਾਤ ਪਾਸ ਕਰਨ ਉਪਰੰਤ ਦਿੱਲੀ ਚਲੇ ਗਏ, ਉੱਥੇ ਹੀ ਆਪ ਨੌਕਰੀ ਕਰ ਰਹੇ ਹਨ ਤੇ ਆਪ ਦੀ ਸ਼ਾਦੀ ਵੀ ਦਿੱਲੀ ਹੀ ਹੋਈ ਹੈ।

***2. ਸੁਰਜੀਤ ਸਿੰਘ**:- ਆਪ ਵੀ ਪ੍ਰਾਈਵੇਟ ਕੰਮ ਕਰਦੇ ਹਨ।

***3. ਕਸ਼ਮੀਰ ਸਿੰਘ**:- ਇਸ ਨੇ 1989 ਈ: ਵਿਚ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਦਸਵੀਂ ਪਾਸ ਕੀਤੀ ਹੈ। ਆਪ ਦੇ ਸਹਿਪਾਠੀ ਅਮਰੀਕ ਸਿੰਘ ਬਿੱਲਾ, ਕੁਲਦੀਪ ਸਿੰਘ ਪਾਰੀ ਤੇ ਬਲਵੀਰ ਸਿੰਘ ਹਨ। ਰਤਨ ਸਿੰਘ ਦੇ ਪਰਿਵਾਰ ਵਿੱਚੋਂ ਆਪ ਭਾਗਸ਼ਾਲੀ ਹਨ ਜਿਨ੍ਹਾਂ ਆਪਣੀ ਜ਼ਿੰਦਗੀ ਵਿਚ ਸਖ਼ਤ ਮਿਹਨਤ ਕੀਤੀ ਹੈ। ਆਪ ਇਸ ਵਕਤ ਪੰਜਾਬ ਪੁਲਿਸ ਵਿਚ ਬਤੌਰ ਹਵਾਲਦਾਰ ਹਨ। ਆਪ ਨੇ ਪਿੰਡ ਦੇ ਚੜ੍ਹਦੇ ਪਾਸੇ ਰਹਿਣ ਵਾਸਤੇ ਕੋਠੀ ਪਾਈ ਹੈ। ਆਪ ਦੀ ਸ਼ਾਦੀ 11-7-1999 ਦਿਨ ਐਤਵਾਰ ਹੋਈ ਹੈ।

ਵੰਸ਼:- ਆਪ ਦਾ ਇਕ ਲੜਕਾ ਤੇ ਲੜਕੀ ਹੈ।

4. **ਗੁਲਾਬ ਸਿੰਘ**:- ਇਹ ਘਰੇਲੂ ਕੰਮਕਾਰ ਹੀ ਕਰਦਾ ਹੈ। ਪੜ੍ਹਾਈ ਵੀ ਘੱਟ ਕੀਤੀ ਹੈ।

* **ਬਤਨ ਸਿੰਘ ਬੱਤੂ**:- ਆਪ ਦੀ ਸ਼ਾਦੀ ਨਹੀਂ ਹੋਈ। ਆਪ ਨੇ ਘਰੇਲੂ ਕੰਮ ਡੱਟ ਕੇ ਕੀਤਾ ਹੈ। ਆਪ ਦਾ ਖੇਤੀਬਾੜੀ ਦਾ ਕੰਮ ਸੀ। ਇਸ ਤੋਂ ਇਲਾਵਾ ਆਪ ਨਸਰਾਲੇ ਫੈਕਟਰੀ ਵਿਚ ਵੀ ਕੰਮ ਕਰਦੇ ਸਨ। ਆਪ ਨੇ ਵੀ ਪਿੰਡ ਦੇ ਆਮ ਵਿਅਕਤੀਆਂ ਵਾਂਗ ਬਾਹਰ ਜਾਣ ਲਈ ਪਾਸਪੋਰਟ ਬਣਾਇਆ ਸੀ ਪਰ ਜਾ ਨਹੀਂ ਸਕੇ। ਆਪ ਦਾ ਖਾਸ ਪਿਆਰ ਨਿਰੰਜਨ ਸਿੰਘ, ਜਰਨੈਲ ਸਿੰਘ ਸਪੁੱਤਰ ਚਾਨਣ ਸਿੰਘ ਨਾਲ ਸੀ। ਆਪ ਹਮੇਸ਼ਾ ਇਕੱਠੇ ਪਸ਼ੂ ਚਾਰਦੇ ਸਨ। ਇਕ ਦੂਜੇ ਨਾਲ ਹਾਸਾ ਮਜ਼ਾਕ ਵੀ ਕਰ ਲੈਂਦੇ ਸਨ। ਆਪ ਆਪਣੇ ਭਾਈ ਫਕੀਰ ਸਿੰਘ ਨਾਲ ਰਹਿੰਦੇ ਸਨ। ਘਰ ਦਾ ਖਾਸ ਧਿਆਨ ਰੱਖਦੇ ਸਨ।

ਇਕ ਦਿਨ ਸਵੇਰ ਵੇਲੇ ਬਤਨ ਸਿੰਘ ਮੇਰੇ ਨਾਲ ਪਿੰਡ ਦੀ ਸ਼ਾਮਲਾਟ ਜ਼ਮੀਨ 'ਚੋਂ ਸਰਵਾੜ/ਕਾਨੇ ਵੱਢ ਰਿਹਾ ਸੀ। ਬਤਨ ਸਿੰਘ ਨੇ ਕਿਹਾ, "ਮੈਂ ਫੈਕਟਰੀ 'ਚੋਂ ਆਇਆ ਹਾਂ। ਦੋ ਭਰੀਆਂ ਸਰਵਾੜ ਘਰ ਨੂੰ ਲੈ ਜਾਵਾਂਗਾ। ਇਸ ਨਾਲ ਘਰ ਦਾ ਰੋਟੀ ਪਾਣੀ

ਚੱਲੇਗਾ। ਪਰ ਇਹ ਗੁਣ ਮੇਰੇ ਛੋਟੇ ਭਾਈ ਦਰਸ਼ਨ ਸਿੰਘ ਉਰਫ਼ ਦੰਦਨ 'ਚ ਨਹੀਂ ਹੈ।"

*** ਗੋਲੀ ਕਾਂਡ ਦਾ ਸ਼ਿਕਾਰ:-** ਬਤਨ ਸਿੰਘ ਵੀ ਪਿੰਡ ਦੇ ਹੋਰ ਲੜਕਿਆਂ ਦੇ ਨਾਲ ਡੇਰਾ ਗੁਰੂ ਲਾਲ ਦਾਸ ਸਾਹਰੀ ਵਿਖੇ ਰਾਸ-ਡਰਾਮਾ ਦੇਖਣ ਗਿਆ, ਜਿਸ ਵਿਚ ਰਾਤ ਦੇ 11 ਵਜੇ ਦੇ ਕਰੀਬ ਅੱਤਵਾਦੀਆਂ ਨੇ ਅੰਧਾ ਧੁੰਦ ਗੋਲੀਆਂ ਚਲਾਈਆਂ ਜਿਸ ਨਾਲ 45 ਵਿਅਕਤੀ ਗੋਲੀ ਦਾ ਸ਼ਿਕਾਰ ਹੋ ਗਏ। ਹੋਰ ਬਹੁਤ ਸਾਰੇ ਜ਼ਖਮੀ ਹੋ ਗਏ। ਇਹ ਘਿਨਾਉਣੀ ਘਟਨਾ ਜਲ੍ਹਿਆਂਵਾਲਾ ਬਾਗ਼ ਦੀ ਯਾਦ ਦਿਵਾਉਂਦੀ ਹੈ। ਇਸ ਗੋਲੀ ਕਾਂਡ ਨਾਲ ਜਿਥੇ ਬਤਨ ਸਿੰਘ ਬੱਤੂ ਦੀ ਮੌਤ 5-3-1988 ਨੂੰ ਹੋਈ ਹੈ, ਉਥੇ ਆਪ ਦੇ ਭਾਈ ਦਰਸ਼ਨ ਸਿੰਘ ਦੰਦਨ ਦੇ ਮੂੰਹ ਵਿਚ ਗੋਲੀ ਲੱਗ ਕਿ ਦੂਜੇ ਪਾਸੇ ਨਿਕਲ ਗਈ। ਇਸ ਤਰ੍ਹਾਂ ਜਰਨੈਲ ਸਿੰਘ ਦੇ ਲੜਕੇ ਬਲਵੀਰ ਸਿੰਘ ਦੀ ਖੱਬੀ ਅੱਖ ਵਿਚ ਗੋਲੀ ਲੱਗੀ ਬਚਾਅ ਹੋ ਗਿਆ। ਇਸ ਗੋਲੀ ਕਾਂਡ ਨਾਲ ਪ੍ਰਭਾਵਿਤ ਲੋਕਾਂ ਦੀ ਪੰਜਾਬ ਸਰਕਾਰ ਨੇ ਮਾਲੀ ਮੱਦਦ ਤਾਂ ਕੀਤੀ ਸੀ ਪਰ ਮਾਵਾਂ ਦੇ ਪੁੱਤ ਵਾਪਸ ਨਹੀਂ ਆਏ।

*** 3. ਫਕੀਰ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਸੁਖਵਿੰਦਰ ਕੌਰ ਹੈ ਜਿਸ ਦੇ ਪੇਕੇ ਮਾਧੋਪੁਰ ਹਨ। ਫਕੀਰ ਸਿੰਘ ਨੇ ਵੀ ਫੌਜ ਦੀ ਨੌਕਰੀ ਕੀਤੀ ਹੈ। ਆਪ ਦੀ ਸ਼ਾਦੀ 11-8-1978 ਦੇਸੀ 27 ਸਾਵਣ ਦੀ ਹੈ। ਵਿਆਹ ਦੇ ਥੋੜ੍ਹੇ ਸਮੇਂ ਮਗਰੋਂ ਆਪ ਪੈਨਸ਼ਨ ਆ ਗਏ। ਫਕੀਰ ਸਿੰਘ ਨੇ ਦੱਸਿਆ ਕਿ ਸਾਡੇ ਸਮੇਂ ਰੈਂਕ ਬਹੁਤ ਦੇਰ ਬਾਅਦ ਦਿੱਤੇ ਜਾਂਦੇ ਸਨ ਇਸ ਕਰਕੇ ਮੈਂ ਬਤੌਰ ਹਵਾਲਦਾਰ ਪੈਨਸ਼ਨ ਆ ਗਿਆ। ਆਪ ਦੇ ਘਰ ਡਰਾਇੰਗ ਰੂਮ ਵਿਚ 26 ਜਨਵਰੀ ਦੀ ਫੌਜੀ ਪਰੇਡ ਵਾਲੀ ਫੋਟੋ ਦੇਖੀ ਜਿਸ ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਖੜ੍ਹੀ ਹੈ।

ਵੰਸ਼:-ਆਪ ਦੇ ਵੰਸ਼ ਵਿਚ ਦੋ ਲੜਕੇ- ਸਤਨਾਮ ਸਿੰਘ ਤੇ ਹਰਜੀਵਨ ਸਿੰਘ ਹਨ। ਦੋਹਾਂ ਹੀ ਲੜਕਿਆਂ ਨੇ 10+2 ਕੀਤੀ ਹੋਈ ਹੈ ਤੇ ਉੱਚੇ ਲੰਬੇ ਜਵਾਨ ਹਨ।

1. * ਸਤਨਾਮ ਸਿੰਘ ਦੀ ਧਰਮ ਪਤਨੀ ਦਾ ਨਾਮ ਦਵਿੰਦਰ ਕੌਰ ਹੈ। ਇਨ੍ਹਾਂ ਦਾ ਇਕ ਲੜਕਾ ਯੁਵਰਾਜ ਸਿੰਘ ਹੈ।

2. * ਹਰਜੀਵਨ ਸਿੰਘ ਦੀ ਅਜੇ ਸ਼ਾਦੀ ਨਹੀਂ ਹੋਈ। ਦੋਵੇਂ ਭਰਾ ਅਰਬ ਕੰਟਰੀ ਵਿਚ ਕੰਮ ਕਰ ਰਹੇ ਹਨ।

*** 4. ਦਰਸ਼ਨ ਸਿੰਘ ਦੰਦਨ:-** ਇਹ ਰੱਖਾ ਸਿੰਘ ਦਾ ਸਭ ਤੋਂ ਛੋਟਾ ਲੜਕਾ ਹੈ। ਆਪਣੀ ਜਵਾਨੀ ਵੇਲੇ ਇਹ ਬਹੁਤ ਤਕੜਾ ਸੀ। ਸ. ਮਹਿੰਦਰ ਸਿੰਘ ਸਰਪੰਚ ਨੇ ਦੱਸਿਆ ਕਿ ਇਸ ਦਾ ਜਨਮ 1947 ਦਾ ਹੈ। ਥੋੜ੍ਹੇ ਦਿਨ ਸ. ਮਿਡਲ ਸਕੂਲ ਸਾਹਰੀ ਵਿਖੇ ਪੜ੍ਹਨ ਗਿਆ ਸੀ ਪਰ ਸੁਭਾਅ ਕੁਝ ਸਿੱਧਾ ਹੋਣ ਕਰਕੇ ਸਕੂਲ ਤੋਂ ਹਟ ਗਿਆ। ਵੈਸੇ ਵੀ ਉਮਰ ਵਿਚ ਵੱਡਾ ਹੋ ਗਿਆ ਸੀ। ਕੁਝ ਥੱਥਲ ਕੇ ਬੋਲਦਾ ਸੀ। ਇਕ ਅਧਿਆਪਕ ਨੇ ਇਸ ਨੂੰ ਕਿਹਾ ਕਿ ਕਾਕਾ ਉਹ ਸਾਹਮਣੇ ਬੈਠੇ ਅਧਿਆਪਕ ਨੂੰ ਕਹਿ ਕੇ ਤੁਹਾਨੂੰ ਸੱਦਦੇ ਹਨ। ਇਸ ਨੇ ਕਿਹਾ, ਉਹ ਤੈਨੂੰ ਉਹ ਸੱਦਦਾ ਹੈ। ਇਹ ਸੁਣ ਕੇ ਮਾਸਟਰ ਕਾਂਸ਼ੀ ਰਾਮ ਨੇ ਇਸ ਨੂੰ ਡਾਂਟਿਆ ਸੀ।

ਜਦੋਂ ਅਸੀਂ ਕਾਲਜ ਜਾਣਾ ਸ਼ੁਰੂ ਕੀਤਾ ਤਾਂ ਦਰਸ਼ਨ ਕਦੇ-ਕਦੇ ਸਾਡੇ ਨਾਲ ਰੇਲ ਗੱਡੀ ਰਾਹੀਂ ਹੁਸ਼ਿਆਰਪੁਰ ਜਾਂਦਾ ਸੀ। ਟਿਕਟ ਨਹੀਂ ਲੈਂਦਾ ਸੀ। ਸਾਡੇ ਤਾਂ ਪਾਸ ਬਣੇ ਹੋਏ ਸਨ। ਇਸ ਨੇ ਵੀ ਸਾਡੇ ਕੋਲੋਂ ਇਕ ਕਿਤਾਬ ਲੈ ਕੇ ਹੱਥ ਵਿਚ ਫੜ੍ਹ ਲੈਣੀ ਤਾਂ ਕਿ ਟਿਕਟ ਚੈੱਕ ਕਰਨ ਵਾਲਾ ਸਮਝੇਗਾ ਕਿ ਇਹ ਵੀ ਕਾਲਜ ਪੜ੍ਹਦਾ ਹੈ। ਤੇਰ ਮੇਰ ਦਾ ਕੋਈ ਪਤਾ ਨਹੀਂ ਸੀ ਝੱਟ ਵਿਚ ਗੁੱਸੇ ਹੋ ਜਾਣਾ, ਝੱਟ ਹੱਸ ਪੈਣਾ। ਸਾਡੇ ਕੋਲ ਇਸ ਨੂੰ ਖੁਸ਼ ਕਰਨ ਦਾ ਇਕ ਹੀ ਤਰੀਕਾ ਸੀ ਕਿ ਦਰਸ਼ਨਾ ਤੂੰ ਬਹੁਤ ਚੰਗਾ ਹੈ। ਇਸ ਪ੍ਰਕਾਰ ਖੁਸ਼ ਰਹਿੰਦਾ ਸੀ। ਬਹੁਤ ਵਾਰ ਫੌਜ ਵਿਚ ਭਰਤੀ ਹੋਣ ਗਿਆ ਪਰ ਪੜ੍ਹਾਈ ਨਾ ਹੋਣ ਕਰਕੇ ਰਹਿ ਜਾਂਦਾ ਸੀ। ਬਾਬਾ ਰਾਮ ਸਰਨ ਵਿਖੇ ਹਰ ਐਤਵਾਰ ਸ਼ਰਧਾ ਨਾਲ ਮੱਥਾ ਟੇਕਣ ਜਾਂਦਾ ਸੀ। ਪਿੰਡ ਦੇ ਹੋਰ ਸਾਥੀਆਂ ਨਾਲ ਕਾਹਰੀ ਜਾਂ ਸਾਹਰੀ ਮੇਲਾ ਵੇਖਣ ਵੀ ਜਾਂਦਾ ਸੀ। ਜੇ ਕੋਈ ਚੱਕੋਪਾਈ ਕਰ ਦੇਵੇ ਤਾਂ ਦੂਜੇ ਆਦਮੀ ਨੂੰ ਢਾਹ ਲੈਂਦਾ ਸੀ। ਇਸ ਤਰ੍ਹਾਂ ਦਾ ਇਕ ਵਾਕਿਆ ਹੈ ਕਿ ਬਰਸਾਤਾਂ ਨੂੰ ਪਸ਼ੂ ਚਾਰਦੇ ਸਮੇਂ ਆਪ ਦੇ ਪਸ਼ੂ ਪਿਆਰਾ ਸਿੰਘ ਦੀ ਫ਼ਸਲ ਵਿਚ ਪੈ ਗਏ। ਉਸ ਨੇ ਬੁਰਾ ਭਲਾ ਕਿਹਾ। ਇਸ ਨੇ ਪਿਆਰਾ ਸਿੰਘ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਕਹਿਣ ਲੱਗਾ, "ਮਾਰ ਦੀਆ ਜਾਏ ਕੇ ਛੋੜ ਦੀਆ ਜਾਏ ਬੋਲ ਤੇਰੇ ਸਾਥ ਕਿਆ ਸਲੂਕ ਕੀਆ ਜਾਏ।" ਸਾਰੇ ਸਾਥੀ ਇਹ ਵੇਖ ਕੇ ਜ਼ੋਰ-ਜ਼ੋਰ ਨਾਲ ਹੱਸਣ ਲੱਗੇ।

ਜੇ ਕਿਸੇ ਨਾਲ ਕੰਮ ਕਰਾਉਂਦਾ ਸੀ ਤਾਂ ਰੂਹ ਨਾਲ ਕਰਵਾਉਂਦਾ ਸੀ। ਨਿਰਵੈਰ ਸਿੰਘ ਦੇ ਨਾਲ ਕਮਾਦ ਬਿਜਾਉਂਦਾ ਸੀ। ਉਨ੍ਹਾਂ ਕਿਹਾ ਬਸ ਏਥੇ ਤੱਕ ਬੀਜਣਾ ਹੈ ਇਸ ਨੇ ਕਿਹਾ, "ਬਾਬਾ ਰਾਮ ਸਰਨ ਦਾ ਨਾਮ ਲੈ ਕੇ ਬੀਜੀ ਜਾਵੋ।" ਜੇ ਕੋਈ ਪਿਆਰ ਨਾਲ ਕੰਮ ਕਰਵਾਉਂਦਾ ਸੀ ਤਾਂ ਖੁਸ਼ ਹੋ ਕੇ ਕਰਦਾ ਸੀ। ਉਸ ਦੀ ਇਕ ਦਿਲੀ ਇੱਛਾ ਸੀ ਕਿ ਮੇਰਾ ਵਿਆਹ ਹੋ ਜਾਵੇ। ਇਸ ਲਈ ਦਾੜ੍ਹੀ ਡਾਈ ਕਰਕੇ ਰੱਖਦਾ ਸੀ। ਹਾਸੇ ਨਾਲ ਕਿਸੇ ਨੇ ਆਖ ਦੇਣਾ, ਦਰਸ਼ਨਾ ਤੇਰਾ ਵਿਆਹ ਕਰ ਦੇਣਾ ਹੈ। ਲੜਕੀ ਵਾਲਿਆਂ ਨੇ ਪਸੰਦ ਕਰ ਲਿਆ ਹੈ।

ਕਿਸੇ ਨੇ ਸ਼ੁਗਲ ਨਾਲ ਚਿੱਠੀ ਲਿਖ ਕੇ ਲੈਟਰ ਬੌਕਸ ਵਿਚ ਪਾ ਦੇਣੀ। ਡਾਕੀਏ ਨੇ ਇਹ ਚਿੱਠੀ ਉਸ ਨੂੰ ਦੇਣੀ। ਫਿਰ ਉਸ ਨੇ ਮੇਰੇ ਪਾਸੋਂ ਪੜ੍ਹਾਉਣ ਆਉਣਾ। ਚਿੱਠੀ ਵਿਚ ਲਿਖ ਦੇਣਾ ਅਸੀਂ ਵਿਆਹ ਜਲਦੀ ਕਰਨਾ ਹੈ।

ਇਸ ਤਰ੍ਹਾਂ ਅਕਤੂਬਰ 1994 ਈ: ਵਿਚ ਬਲਾਕ ਸੰਮਤੀ ਦੀਆਂ ਚੋਣਾਂ ਹੋਈਆਂ। ਮੇਰੀ ਡਿਊਟੀ ਭਟਰਾਣੇ ਲਗਾ ਦਿੱਤੀ ਪਰ ਜਦੋਂ ਸਮਾਨ ਮਿਲਣ ਲੱਗਾ ਤਾਂ ਮੇਰੀ ਡਿਊਟੀ ਪਿੰਡ ਹੀ ਲਗਾ ਦਿੱਤੀ ਪਤਾ ਲੱਗਾ ਕਿ ਰਾਤੋ ਰਾਤ ਚੋਣ ਪਾਰਟੀਆਂ ਬਦਲ ਦਿੱਤੀਆਂ ਹਨ। ਦਰਸ਼ਨ ਜਦੋਂ ਆਪਣੀ ਵੋਟ ਪਾਉਣ ਆਇਆ ਤਾਂ ਮੈਂ ਆਪਣੇ ਕਲਰਕ ਨੂੰ ਕਿਹਾ ਕਿ ਉਹ ਵਿਅਕਤੀ ਵੋਟ ਪਾ ਕੇ ਜਦੋਂ ਆਵੇ ਤਾਂ ਤੁਸੀਂ ਕਹਿਣਾ ਕਿ ਮੈਂ ਤੁਹਾਡਾ ਵਿਆਹ ਕਰਾਂਗਾ। ਇਹ ਗੱਲ ਸੁਣ ਕੇ ਦਰਸ਼ਨ ਸਿੰਘ ਖੁਸ਼ ਹੋ ਗਿਆ। ਕਲਰਕ ਕਿਸ਼ਨ ਸਿੰਘ ਨੇ ਕਿਹਾ ਕਿ ਮੈਨੂੰ ਤੁਹਾਡੀ ਫੋਟੋ ਚਾਹੀਦੀ ਹੈ। ਮੈਂ ਇਹ ਲੜਕੀ ਵਾਲਿਆਂ ਨੂੰ

ਦਿਖਾ ਦੇਵਾਂਗਾ। ਦਰਸ਼ਨ ਸਿੰਘ ਝੱਟ ਘਰ ਤੋਂ ਫੋਟੋ ਲੈ ਕੇ ਆ ਗਿਆ। ਉਹ ਫੋਟੋ ਮੇਰੇ ਕੋਲ ਹੈ। ਵਿਆਹ ਦੀ ਗੱਲ ਜੋ ਕਰਦਾ ਸੀ ਉਸ ਨਾਲ ਉਹ ਖੁਸ਼ ਹੋ ਜਾਂਦਾ ਸੀ।

ਸਾਹਰੀ ਕਾਂਡ ਵਿਚ ਹੋਏ ਗੋਲੀ ਕਾਂਡ ਵਿਚ ਦਰਸ਼ਨ ਸਿੰਘ ਵੀ ਜਖ਼ਮੀ ਹੋ ਗਿਆ ਸੀ ਪਰ ਬਚਾਅ ਹੋ ਗਿਆ ਸੀ। ਸਰਕਾਰ ਨੇ ਉਸ ਨੂੰ ਜੋ ਮਾਇਕ ਸਹਾਇਤਾ ਕੀਤੀ ਉਸਦੀ ਪਾਸ ਬੁੱਕ ਉਸ ਦੇ ਦੱਸਣ ਅਨੁਸਾਰ ਮਹਿੰਦਰ ਸਿੰਘ ਸਰਪੰਚ ਦੇ ਕੋਲ ਹੈ। ਉਹ ਆਖ ਦਿੰਦਾ ਸੀ ਕਿ ਹੁਣ ਮੈਂ ਪੱਕਾ ਕਮਰਾ ਆਪਣੇ ਵਾਸਤੇ ਬਣਾਉਣਾ ਹੈ। ਦਰਸ਼ਨ ਸਿੰਘ ਦੀ 2013 ਵਿਚ ਮੌਤ ਹੋ ਗਈ ਹੈ।

ਇਹ ਸਾਰਾ ਪਰਿਵਾਰਕ ਵੇਰਵਾ ਰੱਖਾ ਸਿੰਘ ਦੇ ਪਰਿਵਾਰ ਦਾ ਹੈ।

* 2. ਪੁੰਨਾ:- ਗੰਡਾ ਸਿੰਘ ਦਾ ਦੂਜਾ ਲੜਕਾ ਪੁਨਾ ਸੀ, ਜਿਸ ਦੀ ਸ਼ਾਦੀ ਨਹੀਂ ਹੋਈ ਸੀ। ਉਹ ਆਪਣੇ ਭਰਾਵਾਂ ਨਾਲ ਖੇਤੀਬਾੜੀ ਦਾ ਕੰਮ ਕਰਦਾ ਸੀ।

* 3 **ਸੰਤਾ ਸਿੰਘ:-** ਸੰਤਾ ਸਿੰਘ ਗੰਡਾ ਸਿੰਘ ਦਾ ਸਭ ਤੋਂ ਛੋਟਾ ਲੜਕਾ ਹੈ। ਸੰਤਾ ਸਿੰਘ ਦੇ ਘਰ ਨੂੰ ਆਮ ਕਰਕੇ ਸੰਤਾ ਸਿੰਘ ਬਾਰਵਾਲਾ ਜਾਂ ਬਾਬੂ ਜੀ ਕਹਿ ਕੇ ਪਿੰਡ ਵਿਚ ਦੱਸਦੇ ਹਨ। ਆਪ ਦੇ ਬਜ਼ੁਰਗ ਬਾਰ ਵਿਚ ਖੇਤੀ ਕਰਦੇ ਸਨ। ਆਪ ਉਰਦੂ ਦੀਆਂ ਕੁਝ ਜਮਾਤਾਂ ਪੜ੍ਹੇ ਹੋਏ ਸਨ। ਬਾਰ ਵਿਚੋਂ ਆ ਕੇ ਆਪ ਨੇ ਪਿੰਡ ਵਿਚ ਸ਼ਤੀਰੀਆਂ ਪਾ ਕੇ ਪੱਕਾ ਮਕਾਨ ਬਣਾਇਆ ਹੋਇਆ ਸੀ, ਜਿਸ ਦੀ ਪਿੱਠ ਉਜਾਗਰ ਸਿੰਘ ਦੇ ਮਕਾਨ ਨਾਲ ਲੱਗਦੀ ਹੈ। ਉਸ ਵਕਤ ਇਹ ਮਕਾਨ ਵਧੀਆ ਗਿਣੇ ਜਾਂਦੇ ਸਨ। ਆਮ ਲੋਕਾਂ ਦੇ ਮਕਾਨ ਕੱਚੇ ਸਨ। ਇਸ ਮਕਾਨ ਦੇ ਤਿੰਨ ਚਾਰ ਹਿੱਸੇ ਸਨ। ਆਪ ਪਿੰਡ ਕਦੇ-ਕਦੇ ਆਉਂਦੇ ਸਨ। ਆਪ ਮਾਹਿਲਪੁਰ ਦੇ ਪੁਰਾਣੇ ਬੱਸ ਅੱਡੇ ਦੇ ਕੋਲ ਬਚਨ ਸਿੰਘ ਦੇ ਮਕਾਨ ਵਿਚ ਰਹਿੰਦੇ ਸਨ। ਕਦੇ-ਕਦੇ ਆਪ ਮੇਰੇ ਪਾਸ ਉਰਦੂ ਦੀ ਰਜਿਸਟਰੀ ਦਾ ਪੰਜਾਬੀ ਵਿਚ ਅਨੁਵਾਦ ਕਰਾਉਣ ਲਈ ਆਉਂਦੇ ਸਨ। ਆਪ ਆਮ ਕਰਕੇ ਅਖ਼ਬਾਰ ਪੜ੍ਹਦੇ ਸਨ।

ਵੰਸ਼:- ਇੱਕ ਲੜਕੀ ਵਚਨ ਕੌਰ ਹੈ।

ਲੜਕੇ: ਕਰਮ ਸਿੰਘ ਤੇ ਜੀਤ ਸਿੰਘ

*1 **ਕਰਮ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਗੁਰਦੇਵ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸੂਸਾ ਹਨ। ਆਪ ਦੇ ਦੱਸਣ ਅਨੁਸਾਰ ਸਹੁਰਾ ਸਾਹਿਬ ਦਾ ਨਾਮ ਮਹਿੰਦਰ ਸਿੰਘ ਤੇ ਸੱਸ ਦਾ ਨਾਮ ਤੇਜ ਕੌਰ ਹੈ। ਇਹ ਦੱਸਿਆ ਜਾਂਦਾ ਹੈ ਕਿ ਗੁਰਦੇਵ ਕੌਰ ਪੰਜ ਜਮਾਤਾਂ ਪਾਸ ਸੀ। ਵੈਸੇ ਤੇਰ ਮੇਰ ਤੋਂ ਦੂਰ ਸੀ। ਇਸ ਨੇ ਆਪਣਾ ਪਰਿਵਾਰ ਮੱਝਾਂ ਪਾਲ ਕੇ ਪਾਲਿਆ ਹੈ। ਘਰ ਰੱਖੇ ਲਵੇਰੇ ਦੀ ਬਹੁਤ ਸਾਂਭ ਸੰਭਾਲ ਕਰਦੀ ਸੀ। ਕਰਮ ਸਿੰਘ ਫੌਜ ਵਿਚ ਭਰਤੀ ਸੀ। ਜਦੋਂ ਆਪ ਦੇ ਪੈਸੇ ਸਮੇਂ ਸਿਰ ਨਾ ਆਉਂਦੇ ਤਾਂ ਗੁਰਦੇਵ ਕੌਰ ਬੰਤਾ ਸਿੰਘ ਸ਼ਾਹ ਦੇ ਕੋਲੋਂ ਪੈਸੇ ਉਧਾਰ ਲੈ ਲੈਂਦੀ ਸੀ। ਕਰਮ ਸਿੰਘ ਬਤੌਰ ਹਵਾਲਦਾਰ ਪੈਨਸ਼ਨ ਆਇਆ ਹੈ।

ਕਰਮ ਸਿੰਘ ਦੀ ਸਰੀਰਕ ਬਣਤਰ ਬਹੁਤ ਚੰਗੀ ਸੀ। ਉਸ ਦਾ ਕੱਦ ਛੇ ਫੁੱਟ ਦੇ

ਕਰੀਬ ਹੋਵੇਗਾ। ਪੈਨਸ਼ਨ ਆ ਕੇ ਉਹ ਨਸਰਾਲੇ ਸਟੀਲ ਫੈਕਟਰੀ ਵਿਚ ਵੀ ਕੰਮ ਕਰਦਾ ਰਿਹਾ। ਥੋੜ੍ਹੇ ਸਮੇਂ ਤੋਂ ਮਗਰੋਂ ਉਹ ਧੰਨਾ ਸਿੰਘ ਨਸਰਾਲੇ ਵਾਲੇ ਦੇ ਨਾਲ ਖੇਤੀਬਾੜੀ ਦਾ ਕੰਮ ਕਰਾਉਂਦਾ ਰਿਹਾ। ਆਪ ਨੇ ਆਪਣੇ ਪਰਿਵਾਰ ਵੱਲ ਬਹੁਤ ਘੱਟ ਧਿਆਨ ਦਿੱਤਾ ਹੈ। ਗੁਰਦੇਵ ਕੌਰ ਦੀ ਮੌਤ 2010 ਤੇ ਕਰਮ ਸਿੰਘ ਦੀ 2012 ਵਿਚ ਹੋਈ ਹੈ।

ਵੰਸ਼:- ਆਪ ਦੇ ਵੰਸ਼ ਵਿਚ 4 ਲੜਕੇ ਹਨ।

ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਅਮਰੀਕ ਸਿੰਘ ਤੇ ਸੋਢੀ ਸਿੰਘ ਹਨ।

* 1. **ਕੁਲਦੀਪ ਸਿੰਘ:-** ਕੁਲਦੀਪ ਸਿੰਘ ਨੇ ਦਸਵੀਂ ਪਾਸ ਕੀਤੀ ਹੈ। ਆਪ ਜਲਦੀ ਹੀ ਹੁਸ਼ਿਆਰਪੁਰ ਕੰਮ ਕਰਨ ਲੱਗ ਪਿਆ। ਪਹਿਲਾਂ ਕੁਲਦੀਪ ਸਿੰਘ ਸਵਰਨ ਸਿਨੇਮਾ ਹੁਸ਼ਿਆਰਪੁਰ ਵਿਚ ਡਿਊਟੀ ਕਰਦਾ ਸੀ। ਇਥੇ ਡਿਊਟੀ ਕਰਦੇ ਨੇ ਆਪਣੀ ਮਨਪਸੰਦ ਲੜਕੀ ਨਾਲ ਸ਼ਾਦੀ ਕੀਤੀ ਹੈ। ਆਪ ਦੀ ਧਰਮ ਪਤਨੀ ਦਾ ਨਾਮ ਮਨਦੀਪ ਕੌਰ ਹੈ ਜਿਸ ਦੇ ਪੇਕੇ ਹਰੀਪੁਰ, ਜਲੰਧਰ ਹਨ। ਹੁਣ ਕੁਲਦੀਪ ਸਿੰਘ ਭਾਰਜ ਹਸਪਤਾਲ ਜਲੰਧਰ ਰੋਡ (H.S.P) ਬਤੌਰ ਸਕਿਊਰਟੀ ਗਾਰਡ ਕੰਮ ਕਰਦਾ ਹੈ। ਉਹ ਅਕਤੂਬਰ 2012 ਵਿਚ ਮਿਲਿਆ ਸੀ, ਜਿਸ ਤੋਂ ਮੈਂ ਉਸ ਦੇ ਪਰਿਵਾਰ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ।

* **ਵੰਸ਼:-** ਕੁਲਦੀਪ ਸਿੰਘ ਦੇ ਚਾਰ ਲੜਕੇ ਹਨ।

ਜਸਵੀਰ ਸਿੰਘ, ਰਵਿੰਦਰ ਸਿੰਘ, ਪਰਮਜੀਤ ਸਿੰਘ, ਰਣਜੀਤ ਸਿੰਘ।

2. **ਦੂਜਾ ਲੜਕਾ:** ਕੁਲਵਿੰਦਰ ਸਿੰਘ ਹੈ ਜਿਸ ਨੂੰ ਪਿੰਡ ਵਿਚ ਬੌਸ ਕਿਹਾ ਜਾਂਦਾ ਸੀ। ਇਹ ਅਖ਼ਬਾਰਾਂ ਦਾ ਕੰਮ ਕਰਦਾ ਸੀ। ਇਸ ਦੀ ਵੀ ਮੌਤ ਹੋ ਚੁੱਕੀ ਹੈ।

* **ਤੀਜਾ ਅਤੇ ਚੌਥਾ ਲੜਕਾ:** ਅਮਰੀਕ ਸਿੰਘ ਤੇ ਸੋਢੀ ਸਿੰਘ ਆਪਣੀ ਮਾਤਾ ਵਾਂਗ ਪਸ਼ੂ ਪਾਲ ਕੇ ਆਪਣਾ ਗੁਜ਼ਾਰਾ ਕਰਦੇ ਹਨ। ਇਨ੍ਹਾਂ ਦੀ ਵੀ ਸ਼ਾਦੀ ਨਹੀਂ ਹੋਈ ਹੈ। ਲੋਕ ਸੰਤਾਨ ਨੂੰ ਤਰਸਦੇ ਹਨ ਪਰ ਇਨ੍ਹਾਂ ਦੇ ਪਿਤਾ ਕਰਮ ਸਿੰਘ ਨੇ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਹੈ। ਇਹ ਇਕ ਵੱਡਾ ਦੁਖਾਂਤ ਹੈ।

* **ਜੀਤ ਸਿੰਘ:-** ਸੰਤਾ ਸਿੰਘ ਦਾ ਦੂਜਾ ਲੜਕਾ ਜੀਤ ਸਿੰਘ ਹੈ ਜਿਸ ਦੀ ਧਰਮ ਪਤਨੀ ਦਾ ਨਾਮ ਕੁਲਵਿੰਦਰ ਕੌਰ ਹੈ। ਉਹ ਬਹੁਤ ਸਮੇਂ ਤੋਂ ਵਿਦੇਸ਼ ਵਿਚ ਰਹਿੰਦਾ ਹੈ। ਹਰਭਜਨ ਸਿੰਘ ਬੱਧਣ ਮੰਨਣ ਵਾਲੇ ਨੇ ਉਨ੍ਹਾਂ ਬਾਰੇ ਤਹਿਸੀਲ ਹੁਸ਼ਿਆਰਪੁਰ ਵਿਚ ਕੁਝ ਵੇਰਵੇ ਲਿਖਵਾਏ ਸਨ। ਹਰਭਜਨ ਸਿੰਘ ਨੇ ਦੱਸਿਆ ਕਿ ਮੈਂ 1980 ਈ: ਵਿਚ ਜੀਤ ਸਿੰਘ ਨੂੰ ਫਿਲਪਾਈਨ ਭੇਜਿਆ ਸੀ। 4 ਸਾਲ ਮਗਰੋਂ ਫਿਰ ਮਸਕਟ ਭੇਜਿਆ ਹੈ। ਜੀਤ ਸਿੰਘ ਦੀ ਹੁਣ ਮੌਤ ਹੋ ਚੁੱਕੀ ਹੈ। ਜੀਤ ਸਿੰਘ ਦੇ ਸਹੁਰੇ ਨੰਗਲ ਫੀਦਾ ਹਨ। ਜੀਤ ਸਿੰਘ ਦਾ ਇਕ ਲੜਕਾ ਤੇ ਲੜਕੀ ਹੈ, ਜੋ ਵਿਦੇਸ਼ ਵਿਚ ਰਹਿੰਦੇ ਹਨ। ਜੀਤ ਸਿੰਘ ਜਦੋਂ ਛੁੱਟੀ ਆਉਂਦਾ ਸੀ ਤਾਂ ਪਿੰਡ ਆ ਕੇ ਸਾਰਿਆਂ ਨੂੰ ਮਿਲ ਕੇ ਜਾਂਦਾ ਸੀ।

ਝੰਡੂ

* ਝੰਡੂ ਦੀ ਧਰਮ ਪਤਨੀ ਦਾ ਨਾਮ ਨੰਦੀ ਸੀ ਜੋ ਲੰਬੀ ਉਮਰ ਭੋਗ ਕੇ ਸੁਰਗਵਾਸ ਹੋਈ ਹੈ, ਜਿਸ ਦਿਨ ਮਾਤਾ ਨੰਦੀ ਸੁਰਗਵਾਸ ਹੋਈ ਉਸ ਸਮੇਂ ਉਸ ਦਾ ਸਾਰਿਆਂ ਤੋਂ ਛੋਟਾ ਪੋਤਾ ਬਿਸ਼ਨ ਸਿੰਘ ਮਾਤਾ ਦੇ ਮ੍ਰਿਤਕ ਸਰੀਰ (ਅਰਥੀ) 'ਤੇ ਚੌਰ ਕਰ ਰਿਹਾ ਸੀ। ਇਹ ਆਪਣੇ ਕਿਸੇ ਵਡੇਰੇ ਦੇ ਕੰਧੇ ਉੱਪਰ ਬੈਠਾ ਸੀ। ਮਾਤਾ ਨੰਦੀ ਦੇ ਪੇਕੇ ਪਿੰਡ ਪੰਡੋਰੀ ਫਗੂੜਾ ਹੁਸ਼ਿਆਰਪੁਰ ਸਨ।

ਵੰਸ਼:- ਝੰਡੂ ਦੇ ਵੰਸ਼ ਵਿਚ ਚਾਰ ਲੜਕੀਆਂ- ਜੈ ਕੌਰ, ਅੱਕੀ, ਧੰਨੀ, ਰੋਡੀ- ਦੋ ਛੋਟੀਆਂ ਹੁੰਦੀਆਂ ਮਰ ਗਈਆਂ ਸਨ।

* **ਲੜਕਾ**: ਮਹਿੰਗਾ ਸਿੰਘ

* **ਧੰਨ ਕੌਰ**:- ਸ. ਮਹਿੰਗਾ ਸਿੰਘ ਦੇ ਲੜਕੇ ਨੇ ਦੱਸਿਆ ਕਿ ਇਨ੍ਹਾਂ ਦੇ ਪਤੀ ਦਾ ਨਾਮ ਸੁੱਚਾ ਸਿੰਘ ਧਾਮੀ ਹੈ, ਜੋ ਬਾਰ ਤੋਂ ਆ ਕੇ ਹੁਸ਼ਿਆਰਪੁਰ ਦੇ ਪਿੰਡ ਖਨੌੜਾ ਵਿਖੇ ਰਹਿੰਦਾ ਹੈ। ਜੋਗਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਬਾਕੀ ਭੂਆ ਬਾਰੇ ਮੈਨੂੰ ਕੋਈ ਗਿਆਨ ਨਹੀਂ ਹੈ।

* **ਲੜਕਾ: ਮਹਿੰਗਾ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਬੰਤੀ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਾਨਗੜ੍ਹ ਦਸੂਹਾ ਰੋਡ ਹਨ।

* **ਮਹਿੰਗਾ ਸਿੰਘ ਦੇ ਜਨਮ ਬਾਰੇ**:- ਮਹਿੰਗਾ ਸਿੰਘ ਦੇ ਜਨਮ ਬਾਰੇ ਦੱਸਿਆ ਜਾਂਦਾ ਹੈ ਕਿ ਜਦੋਂ ਉਹ ਛੇ ਭੈਣਾਂ ਤੋਂ ਬਾਅਦ ਪੈਦਾ ਹੋਇਆ ਤਾਂ ਉਸ ਦੇ ਪਿਤਾ ਨੇ ਬਹੁਤ ਖੁਸ਼ੀ ਮਨਾਈ। ਮਰਦ ਪ੍ਰਧਾਨ ਸਮਾਜ ਵਿਚ ਵੈਸੇ ਵੀ ਪੁੱਤਰ ਦੇ ਜਨਮ ਸਮੇਂ ਪਰਿਵਾਰ ਗੱਦ-ਗੱਦ ਹੋ ਜਾਂਦਾ ਹੈ। ਅੱਜ ਤੋਂ ਸੌ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਅੰਗਰੇਜ਼ ਸਰਕਾਰ ਇਸ ਸਬੰਧੀ ਮਾਇਕ ਸਹਾਇਤਾ ਦਿੰਦੀ ਸੀ ਜਿਸ ਦੇ 10-12 ਲੜਕੇ ਪਰਿਵਾਰ ਵਿਚ ਹੋਣ। ਉਸ ਸਮੇਂ ਮਹਿੰਗਾ ਸਿੰਘ ਦਾ ਪਿਤਾ 100 ਖੇਤਾਂ ਦਾ ਮਾਲਕ ਸੀ ਜਿਸ ਨੇ ਪੁੱਤਰ ਦੀ ਖੁਸ਼ੀ ਵਿਚ ਗੁਰੂ ਲਾਲ ਦਾਸ ਸਾਹਰੀ ਵਾਲਿਆਂ ਨੂੰ ਦੋ ਖੇਤ ਜ਼ਮੀਨ ਦਾਨ ਵਜੋਂ ਦਿੱਤੀ। ਇਸ ਹੀ ਤਰ੍ਹਾਂ ਪੰਜ ਕਨਾਲ ਭਰਾਈਆਂ ਨੂੰ, ਪਿੰਡ ਵਿਚ ਵਸੇ ਰਾਮਦਾਸੀਆ ਸਿੱਖ ਜਗੀਰ ਸਿੰਘ ਨੂੰ ਵਸਣ ਵਾਸਤੇ ਦਿੱਤੀ।

* **ਜਗੀਰ ਸਿੰਘ ਨਾਲ ਖਾਸ ਨੇੜਤਾ**:- ਝੰਡੂ ਪਰਿਵਾਰ ਦੀ ਜਗੀਰ ਸਿੰਘ ਨਾਲ ਖਾਸ ਨੇੜਤਾ ਸੀ ਉਹ ਪਿੰਡ ਦੇਅੰਤਪੁਰ ਤੋਂ ਆ ਕੇ ਪਿੰਡ ਗਗਨੌਲੀ ਰਹਿਣ ਲੱਗਾ, ਉਸ

ਸਮੇਂ ਪਿੰਡ ਵਿਚ ਮਿਹਨਤ ਮੁਸ਼ੱਕਤ ਕਰਨ ਵਾਲਾ ਕੋਈ ਵੀ ਆਦਮੀ ਨਹੀਂ ਸੀ। ਮੇਰੇ ਪਿਤਾ ਜੀ ਮਹਿੰਗਾ ਸਿੰਘ ਦੇ ਹਮ ਉਮਰ ਹਨ। ਉਨ੍ਹਾਂ ਦੱਸਿਆ ਕਿ ਜਦੋਂ ਅਸੀਂ ਦੋਵੇਂ ਘੁਲਦੇ ਹੁੰਦੇ ਸੀ ਕਿਤੇ ਇਹ ਮੈਨੂੰ ਢਾਹ ਲੈਂਦਾ ਸੀ, ਕਦੇ ਮੈਂ ਇਸ ਨੂੰ ਢਾਹ ਲੈਂਦਾ ਸੀ। ਮਹਿੰਗਾ ਸਿੰਘ ਦੀ ਮਾਤਾ ਨੰਦੀ ਨੇ ਕਹਿਣਾ ਦਾਦਣਿਓਂ ਇਹਦੇ ਕੋਲ ਹੋ ਕੇ ਬੈਠੋ ਇਸਨੇ ਤੁਹਾਡੇ ਵਿਚ ਪਲਣਾ ਹੈ। ਮਹਿੰਗਾ ਸਿੰਘ ਆਪ ਵੀ ਬਚਪਨ ਦੀਆਂ ਕਈ ਗੱਲਾਂ ਆ ਕੇ ਸ. ਬਸੰਤ ਸਿੰਘ ਨਾਲ ਤੇ ਸਾਡੇ ਨਾਲ ਸਾਂਝੀਆਂ ਕਰਦਾ ਹੁੰਦਾ ਸੀ। ਅਸੀਂ ਉਨ੍ਹਾਂ ਨੂੰ ਸਤਿਕਾਰ ਨਾਲ ਬਾਬਾ ਜੀ ਆਖਦੇ ਸਾਂ। ਕਈ ਗੱਲਾਂ ਉਹ ਹਾਸੇ ਮਜ਼ਾਕ ਵਿਚ ਸਾਡੇ ਨਾਲ ਕਰਦੇ ਸਨ। ਮਹਿੰਗਾ ਸਿੰਘ ਨੇ ਇਹ ਵੀ ਕਿਹਾ ਕਿ ਮੇਰੇ ਚਾਰ ਪੁੱਤਰ ਹੋਏ ਹਨ। ਮੈਂ ਇਕ ਮਰਲਾ ਵੀ ਕਿਸੇ ਨੂੰ ਦਾਨ ਨਹੀਂ ਕਰ ਸਕਿਆ।

*** ਮਹਿੰਗਾ ਸਿੰਘ ਦਾ ਵਿਆਹ:-** ਇਨ੍ਹਾਂ ਦੀ ਜਨੇਤ ਨਾਲ ਸ. ਬਸੰਤ ਸਿੰਘ ਵੀ ਗਿਆ ਸੀ ਉਨ੍ਹਾਂ ਕਿਹਾ ਜਨੇਤ ਦਾ ਇਕ ਗੱਡਾ ਮੈਂ ਹੱਕ ਕੇ ਗਿਆ ਸੀ। ਉਸ ਸਮੇਂ ਜਨੇਤਾਂ ਨੂੰ ਰਾਤ ਰੱਖਣ ਦਾ ਰਿਵਾਜ਼ ਸੀ। ਜਨੇਤ ਦੀ ਖ਼ੂਬ ਸੇਵਾ ਕੀਤੀ ਗਈ।

*** ਗੁਰੂ ਧਾਰਨਾ:-** ਬਾਬਾ ਮਹਿੰਗਾ ਸਿੰਘ ਨੇ ਬਾਬਾ ਈਸ਼ਰ ਦਾ ਕਾਹਰੀ ਵਾਲਿਆਂ ਨੂੰ ਆਪਣਾ ਗੁਰੂ ਧਾਰਿਆ ਹੋਇਆ ਹੈ। ਉਨ੍ਹਾਂ ਦੇ ਉਪਦੇਸ਼ 'ਤੇ ਚੱਲਦੇ ਹੋਏ ਤੇ ਸਾਦਗੀ ਵਿਚ ਰਹਿ ਕੇ ਆਪਣਾ ਜ਼ਿੰਦਗੀ ਦਾ ਸਫ਼ਰ ਤਹਿ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੇਰਾ ਜਨਮ-ਪੱਤਰਾ ਮੇਰੇ ਪਿਤਾ ਨੇ ਕਿਸੇ ਪੰਡਤ ਤੋਂ ਬਣਾਇਆ ਹੋਇਆਂ ਸੀ ਜੋ ਬਹੁਤ ਵੱਡਾ ਸੀ। ਇਕ ਦਿਨ ਉਨ੍ਹਾਂ ਦੱਸਿਆ ਕਿ ਮੈਂ ਆਪਣਾ ਜਨਮ ਪੱਤਰਾਂ ਬਾਬਾ ਈਸ਼ਰ ਦਾਸ ਦੇ ਤਲਾਬ ਵਿਚ ਜਲ ਪ੍ਰਵਾਹ ਕਰ ਆਇਆ ਹਾਂ। ਧੰਨਾ ਸਿੰਘ ਮਹਿੰਗਾ ਸਿੰਘ ਤੇ ਬਸੰਤ ਸਿੰਘ ਰਾਤ ਸਮੇਂ ਬਾਬਾ ਈਸ਼ਰ ਦਾਸ ਨਾਲ ਤਲਾਬ ਪੁੱਟਦੇ ਸਨ। ਮਹਿੰਗਾ ਸਿੰਘ ਹਰ ਰੋਜ਼ ਅੰਮ੍ਰਿਤ ਵੇਲੇ ਹੱਥ ਵਿਚ ਖ਼ੂੰਡਾ ਫੜ ਕੇ ਆ ਜਾਂਦੇ ਸਨ। ਪਹਿਲਾਂ ਧਰਤੀ ਨੂੰ ਪ੍ਰਣਾਮ ਕਰਦੇ ਸਨ ਫਿਰ ਬਾਬਾ ਰਾਮ ਸਰਨ ਤੇ ਬਾਬਾ ਸਤਪਾਲ ਸਿੰਘ ਦੇ ਗੁਰੂ ਘਰ ਮੱਥਾ ਟੇਕ ਕੇ ਆਉਂਦੇ ਸਨ ਕਦੇ-ਕਦੇ ਬਾਬਾ ਈਸ਼ਰ ਦਾਸ ਕਾਹਰੀ ਵੀ ਜਾਂਦੇ ਸਨ।

ਜਦੋਂ ਉਨ੍ਹਾਂ ਨੇ ਆਪਣੇ ਹਾਣੀ ਸ. ਬਸੰਤ ਸਿੰਘ ਦੇ ਪਾਸ ਆਉਣਾ ਤਾਂ ਹੱਸ ਕੇ ਮਿਲਣਾ ਤੇ ਕਹਿਣਾ, "ਭਰਾ ਜੀ ਕੀ ਹਾਲ ਹੈ? ਉਨ੍ਹਾਂ ਅੱਗੋਂ ਆਖ ਦੇਣਾ ਕਾਕਾ! ਕੁਰਸੀ ਤੇ ਬਠਾ। ਜੇ ਰੋਟੀ ਪਾਣੀ ਦਾ ਵਕਤ ਹੋਵੇ ਤਾਂ ਕਹਿਣਾ ਕਾਕਾ! ਇਨ੍ਹਾਂ ਨੂੰ ਵੀ ਰੋਟੀ ਪਾ ਕੇ ਦਿਓ। ਇਕੱਠੇ ਰੋਟੀ ਖਾਂਦੇ ਹਾਂ। ਮਹਿੰਗਾ ਸਿੰਘ ਨੇ ਜਦੋਂ ਭੋਜਨ ਕਰਨਾ ਜਾਂ ਚਾਹ ਪੀਣੀ ਪਹਿਲਾਂ ਅਰਦਾਸ ਕਰਨੀ, ਸਾਡੀ ਭੈਣ ਸਵਰਨ ਕੌਰ ਨੇ ਜੇ ਦੇਖ ਲੈਣਾ ਤਾਂ ਕਹਿਣਾ ਬਾਬਾ ਆ ਜਾ-ਬਾਬੇ ਦੇ ਮਨ ਵਿਚ ਕੋਈ ਭਿੰਨ ਭੇਦ ਨਹੀਂ ਸੀ। ਕਦੇ-ਕਦੇ ਚਾਹ ਪੀਣ ਦੇ ਸਮੇਂ ਕਾਫ਼ੀ ਮਹਿਫ਼ਲ ਜੁੜਦੀ ਸੀ। ਦੋ ਚਾਰ ਹੋਰ ਸਿਆਣੇ ਸਾਥੀ ਆ ਜਾਂਦੇ ਸਨ। ਕਦੇ ਲਾਗਲੇ ਪਿੰਡ ਹੁਸੈਨਪੁਰ ਤੋਂ ਅਜੀਤ ਸਿੰਘ ਵਗੈਰਾ ਆ ਜਾਂਦੇ ਸਨ। ਇਸ ਹੀ ਤਰ੍ਹਾਂ ਜਦੋਂ ਮਾਲਵੇ ਤੋਂ (ਜ਼ਿਲ੍ਹਾ ਸੰਗਰੂਰ) ਸੰਤ ਮਹਿੰਦਰ ਸਿੰਘ ਮਸਤਾਨਾ ਆਉਂਦੇ ਸਨ ਤਾਂ ਉਹ ਵੀ ਰਾਤ ਦੇ ਦੀਵਾਨ ਵਿਚ ਸ਼ਾਮਿਲ ਹੁੰਦੇ ਸਨ। ਮਹਿੰਗਾ ਸਿੰਘ

ਦੇ ਘਰ ਜਦੋਂ ਵੀ ਲੜਕੇ ਲੜਕੀਆਂ ਦੀ ਵਿਆਹ ਸ਼ਾਦੀ ਦਾ ਪ੍ਰੋਗਰਾਮ ਹੁੰਦਾ ਤਾਂ ਆਪ ਸੰਤ ਮਹਿੰਦਰ ਸਿੰਘ ਨੂੰ ਚਿੱਠੀ ਪਾ ਕੇ ਸੱਦ ਲੈਂਦੇ ਸਨ।

ਇਕ ਵਾਰ ਸ. ਬਸੰਤ ਸਿੰਘ ਬਿਮਾਰ ਸਨ। ਆਪ ਉਨ੍ਹਾਂ ਦੀ ਖ਼ਬਰਸਾਰ ਲੈਣ ਆਏ ਆਪ ਨੇ ਪੁੱਛਿਆ ਭਰਾ ਜੀ ਕੀ ਗੱਲ ਹੈ? ਉਨ੍ਹਾਂ ਕਿਹਾ ਹੁਣ ਸਿਹਤ ਠੀਕ ਨਹੀਂ ਰਹਿੰਦੀ- ਮਹਿੰਗਾ ਸਿੰਘ ਨੇ ਹੱਸ ਕੇ ਕਿਹਾ, "ਜੇ ਤੂੰ ਪਹਿਲਾਂ ਚਲਾ ਗਿਆ ਤਾਂ ਮੇਰੇ ਵਾਸਤੇ ਥਾਂ ਰੱਖੀਂ। ਜੇ ਮੈਂ ਪਹਿਲਾਂ ਚਲਾ ਗਿਆ ਤਾਂ ਤੇਰੇ ਵਾਸਤੇ ਥਾਂ ਰੱਖਾਂਗਾ।"

ਮਾਤਾ ਬੰਤੀ ਜਿਸ ਨੇ ਘਰ ਨੂੰ ਹਰ ਤਰ੍ਹਾਂ ਨਾਲ ਸੰਭਾਲ ਕੇ ਰੱਖਿਆ ਹੈ ਸੁਣਿਆ ਹੈ ਜਵਾਨੀ ਵੇਲੇ ਮਾਤਾ ਘਰ ਦਾ ਕੰਮ ਬਹੁਤ ਕਰਦੀ ਸੀ। ਮੈਂ ਮਾਤਾ ਨੂੰ ਕਿਹਾ ਮਾਤਾ! ਬਾਬਾ ਤਾਂ ਕਬੀਰ ਸਾਹਿਬ ਬਣ ਗਏ ਹਨ। ਤੁਸੀਂ ਮਾਤਾ ਲੋਈ ਕਿਉਂ ਨਹੀਂ ਬਣਦੇ? ਮਾਤਾ ਨੇ ਜਵਾਬ ਦਿੱਤਾ ਕਾਕਾ! ਇਨ੍ਹਾਂ ਤਾਂ ਬਹੁਤ ਸਮੇਂ ਤੋਂ ਖੇਤੀਬਾੜੀ ਦਾ ਕੰਮ ਛੱਡਿਆ ਹੈ ਮੈਂ ਇਨ੍ਹਾਂ ਦੀ ਰੀਸ ਨਹੀਂ ਕਰ ਸਕਦੀ। ਇਨ੍ਹਾਂ ਦਾ ਸੁਭਾਅ ਸੰਤਾ ਵਾਲਾ ਹੈ।

ਜੇ ਬਾਬਾ ਮਹਿੰਗਾ ਸਿੰਘ ਨੂੰ ਪੁੱਛਣਾ ਮਾਤਾ ਸਾਰਾ ਦਿਨ ਕੰਮਕਾਰ ਵਿਚ ਲੱਗੀ ਰਹਿੰਦੀ ਹੈ। ਉਹ ਨਾਮ ਕਦੋਂ ਜਪਦੀ ਹੈ। ਮਹਿੰਗਾ ਸਿੰਘ ਨੇ ਕਹਿਣਾ ਉਹ ਤਾਂ ਨੂੰਹਾਂ ਧੀਆਂ 'ਤੇ ਪੂਰੀ ਕਮਾਂਡ ਕਰਦੀ ਹੈ। ਆ ਨਾ ਕਰੋ, ਆਹ ਕਰੋ, ਮੈਂ ਕਦੇ ਦਖਲ ਨਹੀਂ ਦਿੱਤਾ। ਮਾਤਾ ਬੰਤੀ ਜੀ ਪੂਰੇ ਡੰਕੇ ਨਾਲ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਗਈ ਹੈ। ਮਾਤਾ ਨੇ ਡੇਰਾ ਬਿਆਸ ਤੋਂ ਬਾਬਾ ਚਰਨ ਸਿੰਘ ਪਾਸੋਂ ਗੁਰਧਾਰਨਾ ਕੀਤੀ ਹੋਈ ਸੀ। ਅਕਸਰ ਉਹ ਸਾਡੀਆਂ ਤਾਈਆਂ ਚਾਚੀਆਂ ਨਾਲ ਸੇਵਾ ਤੇ ਸਤਿਸੰਗ 'ਤੇ ਜਾਂਦੀ ਸੀ, ਜਿਸ ਦਿਨ ਮਾਤਾ ਬੰਤੀ ਜੀ ਮਿਤੀ 12-8-1999 ਦਿਨ ਵੀਰਵਾਰ ਬ੍ਰਹਮਲੀਨ ਹੋਈ ਤਾਂ ਉਸ ਦੇ ਪੁੱਤਰਾਂ ਨੇ ਉਸਦਾ ਮਰਨਾ ਬਹੁਤ ਚੰਗੇ ਢੰਗ ਨਾਲ ਸੰਵਾਰਿਆ। ਮਾਤਾ ਦੀ ਪਾਲਕੀ ਬਣਾ ਕੇ ਕੀਮਤੀ ਦੁਸ਼ਾਲੇ ਪਾਏ ਗਏ, ਫੋਟੋਆਂ ਖਿੱਚੀਆਂ ਗਈਆਂ ਅਤੇ ਵੀਡੀਓ ਫ਼ਿਲਮ ਵੀ ਬਣਾਈ ਗਈ। ਕੋਲ ਖੜ੍ਹੀ ਮਾਤਾ ਹਰ ਕੌਰ ਨੇ ਕਿਹਾ ਕਾਕਾ! ਬੰਤੀ ਭਾਗਾ ਵਾਲੀ ਹੈ, ਜਿਸ ਦੇ ਪੁੱਤਰਾਂ ਨੇ ਉਸ ਦਾ ਮਰਨਾ ਸੰਵਾਰਿਆ ਹੈ। ਮਿਤੀ 21-8-1999 ਦਿਨ ਸਨਿੱਚਰਵਾਰ ਮਾਤਾ ਦਾ ਸ਼ਰਧਾਂਜਲੀ ਸਮਾਗਮ ਸੀ। ਪਿੰਡ ਗਗਨੌਲੀ ਤੇ ਹੁਸੈਨਪੁਰ ਵਾਲਿਆਂ ਨੂੰ ਨਿਉਂਦਾ ਸੀ।

ਬਾਬਾ ਮਹਿੰਗਾ ਸਿੰਘ ਦੀ ਸਿਹਤ ਵੀ ਹੁਣ ਬਹੁਤ ਕਮਜ਼ੋਰ ਹੋ ਗਈ ਸੀ। ਆਪਣੀ ਕਿਰਿਆ ਠੀਕ ਤਰ੍ਹਾਂ ਨਾਲ ਸੰਭਾਲ ਨਹੀਂ ਸਕਦੇ ਸਨ। ਅਸੀਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖ ਕੇ ਆਪਣੇ ਪਿੰਡ ਵਿਚੋਂ ਵਾਸ਼ ਇਕੱਠੀ ਕਰ ਰਹੇ ਸੀ ਤਾਂ ਜਦੋਂ ਅਸੀਂ ਇਨ੍ਹਾਂ ਦੇ ਘਰ ਪੁੱਜੇ ਤਾਂ ਇਨ੍ਹਾਂ ਦੇ ਲੜਕੇ ਕਿਸ਼ਨ ਸਿੰਘ ਨੇ ਦੱਸਿਆ ਕਿ ਹੁਣ ਥੋੜ੍ਹੇ ਦਿਨਾਂ ਤੋਂ ਸਰੀਰ ਬਹੁਤ ਰਹਿ ਗਿਆ। ਸ. ਮਹਿੰਗਾ ਸਿੰਘ ਆਪਣੀ ਸੁਆਸਾਂ ਰੂਪੀ ਪੂੰਜੀ ਨੂੰ ਪੂਰਾ ਕਰਦੇ ਹੋਏ ਮਿਤੀ 5-3-2000 ਦਿਨ ਐਤਵਾਰ ਤੜਕੇ 3.50 ਮਿੰਟ ਤੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਆਪ ਆਪਣੀ ਧਰਮ ਪਤਨੀ ਬੰਤੀ ਤੋਂ 8 ਮਹੀਨੇ 17 ਦਿਨ ਮਗਰੋਂ ਬ੍ਰਹਮਲੀਨ ਹੋਏ। ਆਪ ਦੇ ਪੁੱਤਰਾਂ ਨੇ ਆਪ

ਦਾ ਮਰਨਾ ਵੀ ਉਸੇ ਤਰ੍ਹਾਂ ਸੰਵਾਰਿਆ ਹੈ ਜਿਸ ਤਰ੍ਹਾਂ ਮਾਤਾ ਬੰਤੀ ਦਾ ਸੰਵਾਰਿਆ ਸੀ। ਆਪ ਦਾ ਸ਼ਰਧਾਂਜਲੀ ਸਮਾਗਮ ਮਿਤੀ 12-3-2000 ਦਿਨ ਐਤਵਾਰ ਸੀ। ਆਸੇ-ਪਾਸੇ ਸਾਰਿਆਂ ਨੂੰ ਭੋਗ ਦਾ ਸੱਦਾ ਸੀ। ਰਾਗੀ ਜੱਥਿਆਂ ਨੇ 1.50 ਮਿੰਟ ਤੱਕ ਰਸ ਭਿੰਨਾ ਕੀਰਤਨ ਕੀਤਾ। ਮੈਂ ਵੀ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੇ ਪੂਰੇ ਜੀਵਨ 'ਤੇ ਰੌਸ਼ਨੀ ਪਾਈ। ਮੇਰੇ ਤੋਂ ਮਗਰੋਂ ਰਾਜਪਾਲ ਸ਼ਰਮਾ ਦੋ ਮਿੰਟ ਬੋਲੇ। ਸੰਗਤਾਂ ਵਾਸਤੇ ਚਾਹ ਪਕੌੜੇ, ਮਠਿਆਈ ਤੇ ਗੁਰੂ ਦੇ ਲੰਗਰ ਦਾ ਖਾਸ ਪ੍ਰਬੰਧ ਸੀ।

ਵੰਸ਼:- ਸ. ਮਹਿੰਗਾ ਸਿੰਘ ਦੇ ਵੰਸ਼ ਵਿਚ ਚਾਰ ਲੜਕੇ ਤੇ ਤਿੰਨ ਲੜਕੀਆਂ ਹਨ।

ਲੜਕੇ: ਗੁਲਜਾਰ ਸਿੰਘ, ਜੋਗਿੰਦਰ ਸਿੰਘ, ਕਿਸ਼ਨ ਸਿੰਘ ਤੇ ਬਿਸ਼ਨ ਸਿੰਘ।

ਲੜਕੀਆਂ: ਰਤਨ ਕੌਰ, ਸੀਤਲ ਕੌਰ ਤੇ ਸਿਮਰਨ ਕੌਰ ਹੈ।

1. **ਗੁਲਜਾਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਗੁਰਬਖਸ਼ ਕੌਰ ਹੈ ਜਿਸ ਦੇ ਪੇਕੇ ਖੁਰਦਪੁਰ, ਜਲੰਧਰ ਹਨ। ਆਪ ਨੇ ਫੌਜ ਦੀ ਨੌਕਰੀ ਕੀਤੀ ਹੈ। ਆਪ 1970 ਈ: ਵਿਚ ਬਤੌਰ ਹਵਾਲਦਾਰ ਪੈਨਸ਼ਨ ਆਏ। ਪੈਨਸ਼ਨ ਆ ਕੇ ਆਪ ਨੇ ਪਿੰਡ ਦੇ ਚੜ੍ਹਦੇ ਪਾਸੇ ਪੱਕੇ ਮਕਾਨ ਬਣਾਏ। ਇਸ ਦੇ ਨਾਲ ਹੀ ਆਪ ਦੀ ਹਵੇਲੀ ਸੀ। ਗੁਲਜਾਰ ਸਿੰਘ ਦੀ ਹੁਣ ਮੌਤ ਹੋ ਚੁੱਕੀ ਹੈ।

ਵੰਸ਼: ਆਪ ਦੀ ਇਕ ਲੜਕੀ ਕੁਲਵਿੰਦਰ ਕੌਰ ਹੈ।

ਲੜਕੇ: ਸਤਨਾਮ ਸਿੰਘ, ਸਮਿੱਤਰ ਸਿੰਘ ਅਤੇ ਇਕ ਲੜਕਾ ਮਸਤ ਸੀ ਜੋ 16 ਸਾਲ ਦਾ ਹੋ ਕੇ ਗੁਜਰ ਗਿਆ।

* 1. **ਸਤਨਾਮ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਪਰਮਿੰਦਰ ਕੌਰ ਹੈ। ਆਪ ਨਸਰਾਲੇ ਫੈਕਟਰੀ ਵਿਚ ਕੰਮ ਕਰਦਾ ਹੈ।

ਵੰਸ਼: ਲੜਕੇ: ਜਸਵੰਤ ਸਿੰਘ ਅਤੇ ਗੁਰਜੀਤ ਸਿੰਘ ਹਨ।

2. ਸਮਿੱਤਰ ਸਿੰਘ:-ਆਪ ਦੀ ਧਰਮ ਪਤਨੀ ਦਾ ਨਾਮ ਬਲਜਿੰਦਰ ਕੌਰ ਹੈ। ਇਹ ਵੀ ਨਸਰਾਲੇ ਫੈਕਟਰੀ ਵਿਚ ਕੰਮ ਕਰਦਾ ਹੈ।

ਵੰਸ਼: ਲੜਕੇ- ਪ੍ਰਭਜੋਤ ਸਿੰਘ ਅਤੇ ਹਰਨੇਕ ਸਿੰਘ

ਦੋਹਾਂ ਭਰਾਵਾਂ ਦੇ ਲੜਕੇ ਪੜ੍ਹ ਰਹੇ ਹਨ।

* 2. **ਜੋਗਿੰਦਰ ਸਿੰਘ**:- ਇਹ ਮਹਿੰਗਾ ਸਿੰਘ ਦਾ ਦੂਜਾ ਲੜਕਾ ਹੈ, ਜਿਸ ਦੀ ਧਰਮ ਪਤਨੀ ਦਾ ਨਾਮ ਗੁਰਦੇਵ ਕੌਰ ਹੈ, ਜਿਸ ਦੇ ਪੇਕੇ ਵੀ ਖੁਰਦਪੁਰ ਹਨ। ਦੋਵੇਂ ਸਕੀਆਂ ਭੈਣਾਂ ਹਨ। ਦੋਵੇਂ ਸਕੇ ਭਰਾ ਹਨ। ਜੋਗਿੰਦਰ ਸਿੰਘ ਬਹੁਤ ਉੱਚਾ ਲੰਮਾ ਜਵਾਨ ਹੈ। ਆਪ ਨੇ ਪੰਜਾਬ ਪੁਲਸ ਦੀ ਨੌਕਰੀ ਵੀ ਕੀਤੀ ਹੈ। ਉਨ੍ਹਾਂ ਕਿਹਾ ਮੈਂ ਦਿੱਲੀ ਵੀ ਰਿਹਾ ਹਾਂ। ਆਪ ਪੰਜਾਬੀ ਘੱਟ ਤੇ ਹਿੰਦੀ ਜ਼ਿਆਦਾ ਜਾਣਦੇ ਹਨ। ਆਪ 7-8 ਸਾਲ ਡੁਬਈ ਵਿਚ ਵੀ ਰਹੇ ਹਨ। ਆਪ 2003 ਤੋਂ 2008 ਤੱਕ ਪਿੰਡ ਦੇ ਪੰਚ ਰਹੇ। ਆਪ ਦੇ ਪਿਤਾ ਸ. ਮਹਿੰਗਾ ਸਿੰਘ ਦਾ ਜੱਦੀ ਪੁਸ਼ਤੀ ਘਰ ਆਪ ਦੇ ਕੋਲ ਹੈ। ਇਥੇ ਨਵੇਂ ਮਕਾਨ ਬਣਾਏ ਹਨ। ਆਪ ਨੇ ਵੀ ਪਿੰਡ ਦਾ ਇਤਿਹਾਸ ਲਿਖਣ ਵਿਚ ਮੈਨੂੰ ਸਹਿਯੋਗ ਦਿੱਤਾ ਹੈ। ਛੱਜੂ

ਸਿੰਘ ਦੇ ਕਤਲ ਬਾਰੇ ਆਪ ਨੇ ਹੀ ਦੱਸਿਆ ਹੈ ਕਿ ਇਹ ਘਟਨਾ 1926 ਦੀ ਹੈ। ਛੱਜੂ ਬਹੁਤ ਤਕੜਾ ਸੀ। ਉਸਦਾ ਦਿਮਾਗ ਵਕੀਲਾਂ ਵਰਗਾ ਸੀ।

ਵੰਸ਼: ਲੜਕੇ- ਰਾਮ ਸਿੰਘ, ਅਮਰੀਕ ਸਿੰਘ ਤੇ ਸੁਰਜੀਤ ਸਿੰਘ

1. **ਰਾਮ ਸਿੰਘ**:- ਇਨ੍ਹਾਂ ਦੀ ਧਰਮ ਪਤਨੀ ਦਾ ਨਾਮ ਪਰਮਜੀਤ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾੜੀਆਂ ਕਲਾਂ ਹਨ। ਆਪ ਵੀ ਥੋੜ੍ਹਾ ਖੇਤੀਬਾੜੀ ਦੇ ਨਾਲ ਫੈਕਟਰੀ ਵਿਚ ਕੰਮ ਕਰਦੇ ਹਨ।

ਵੰਸ਼: ਲੜਕਾ- ਅਮਨਦੀਪ ਸਿੰਘ ਤੇ ਲੜਕੀ- ਪਵਨਦੀਪ ਕੌਰ ਹੈ। ਦੋਵੇਂ ਪੜ੍ਹ ਰਹੇ ਹਨ।

2 ***ਅਮਰੀਕ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਕੁਲਦੀਪ ਕੌਰ ਹੈ, ਜਿਸ ਦੇ ਪੇਕੇ ਪਿੰਡ ਮੰਡੇਰਾ ਹਨ।

ਵੰਸ਼: ਲੜਕਾ- ਅਰਸ਼ਦੀਪ ਸਿੰਘ ਤੇ ਲੜਕੀ- ਜਸਦੀਪ ਕੌਰ ਹੈ।

3 ***ਸੁਰਜੀਤ ਸਿੰਘ**:- ਸੁਰਜੀਤ ਸਿੰਘ ਅਜੇ ਕਵਾਰਾ ਹੈ।

ਨੋਟ: ਜੋਗਿੰਦਰ ਸਿੰਘ ਦੀ ਧਰਮ ਪਤਨੀ ਗੁਰਦੇਵ ਕੌਰ ਦੀ ਹਾਰਟ ਅਟੈਕ ਨਾਲ ਦਸੰਬਰ 2014 ਵਿਚ ਅਚਾਨਕ ਮੌਤ ਹੋ ਗਈ।

3. ***ਕਿਸ਼ਨ ਸਿੰਘ**:- ਮਹਿੰਗਾ ਸਿੰਘ ਦਾ ਤੀਸਰਾ ਲੜਕਾ ਕਿਸ਼ਨ ਸਿੰਘ ਹੈ, ਜਿਸ ਦੀ ਧਰਮ ਪਤਨੀ ਦਾ ਨਾਮ ਰਸ਼ਪਾਲ ਕੌਰ ਹੈ। ਜਿਸ ਦੇ ਪੇਕੇ ਖੁਣਖੁਣਾ, ਹੁਸ਼ਿਆਰਪੁਰ ਹਨ। ਇਨ੍ਹਾਂ ਦੀ ਸ਼ਾਦੀ 12-1-1979 ਨੂੰ ਹੋਈ। ਕਿਸ਼ਨ ਸਿੰਘ ਦੀ ਧਰਮ ਪਤਨੀ ਤਿੰਨ ਬੱਚਿਆਂ ਨੂੰ ਜਨਮ ਦੇਣ ਮਗਰੋਂ ਮਿਤੀ 27-8-1987 ਦਿਨ ਵੀਰਵਾਰ ਨੂੰ ਪੂਰੀ ਹੋ ਗਈ ਸੀ।

ਵੰਸ਼: ਲੜਕਾ- ਜਸਵਿੰਦਰ ਸਿੰਘ ਅਤੇ ਲੜਕੀਆਂ- ਸਰਬਜੀਤ ਕੌਰ ਤੇ ਪਰਮਜੀਤ ਕੌਰ ਹਨ।

* **ਦੂਜੀ ਸ਼ਾਦੀ**:- ਕਿਸ਼ਨ ਸਿੰਘ ਦੀ ਦੂਜੀ ਸ਼ਾਦੀ ਉਸ ਹੀ ਘਰ ਵਿਚ 15-12-1987 ਦਿਨ ਮੰਗਲਵਾਰ ਨੂੰ ਰਣਜੀਤ ਕੌਰ ਨਾਲ ਹੋਈ ਹੈ। ਇਸ ਦੀ ਇਕ ਲੜਕੀ ਰਾਜਵਿੰਦਰ ਕੌਰ ਹੈ।

ਕਿਸ਼ਨ ਸਿੰਘ ਨੇ ਵੀ ਪਹਿਲਾਂ ਫੌਜ ਦੀ ਨੌਕਰੀ ਕੀਤੀ ਫਿਰ ਆਪ ਖੇਤੀਬਾੜੀ ਦਾ ਕੰਮ ਕਰਦੇ ਰਹੇ। ਸਮਾਂ ਪਾ ਕੇ ਜਲੰਧਰ ਰੋਡ ਹੁਸ਼ਿਆਰਪੁਰ ਵਿਖੇ ਬਹੁਤ ਫੈਕਟਰੀਆਂ ਲੱਗ ਗਈਆਂ। ਆਪ ਕੱਕੜ ਸਟੀਲ ਫੈਕਟਰੀ ਨਸਰਾਲੇ ਵਿਖੇ ਬਤੌਰ ਲੇਬਰ ਇੰਚਾਰਜ਼ ਕੰਮ ਕਰਦੇ ਸਨ। ਦੀਵਾਲੀ-ਲੋਹੜੀ ਤੇ ਫੈਕਟਰੀ ਵੱਲੋਂ ਆਪ ਨੂੰ ਬਹੁਤ ਸਾਰਾ ਬੋਨਸ ਅਤੇ ਗਿਫਟ ਦਿੱਤੇ ਜਾਂਦੇ ਸਨ। ਫੈਕਟਰੀ ਵਿਚ ਆਪ ਦਾ ਨਾਮ ਸੀ। ਆਪ ਸਰੀਰਕ ਤੌਰ 'ਤੇ ਬਹੁਤ ਤਕੜੇ ਸਨ। ਪਿੰਡ ਦੇ ਸਮਾਜਿਕ ਤੇ ਧਾਰਮਿਕ ਕੰਮਾਂ ਵਿਚ ਆਪ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਪਿੰਡ ਦੇ ਦੱਖਣ ਦੇ ਪਾਸੇ ਬਣੀ ਬਾਬਾ ਰਾਮ ਸਰਨ ਦੀ ਜਗ੍ਹਾ 'ਤੇ ਵੀ ਆਪ ਸ਼ਰਧਾ ਨਾਲ ਸੇਵਾ ਕਰਦੇ ਹਨ। ਇਸ ਪਵਿੱਤਰ ਸਥਾਨ 'ਤੇ ਬੈਠੇ ਬਾਬਾ ਹਰੀ

ਰਾਮ ਜਦੋਂ ਬ੍ਰਹਮਲੀਨ ਹੋਏ ਤਾਂ ਆਪ ਨੇ ਮੋਹਰੇ ਹੋ ਕੇ ਪਿੰਡ ਦੇ ਸਹਿਯੋਗ ਨਾਲ ਸਪੁਰਦ-ਏ-ਖਾਕ ਕੀਤਾ। ਮਿਤੀ 31-3-1996 ਦਿਨ ਐਤਵਾਰ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਗੁਰੂ ਦੇ ਅਟੁੱਟ ਲੰਗਰ ਵਰਤਾਏ ਗਏ। ਕਿਸ਼ਨ ਸਿੰਘ ਨੂੰ ਸੇਵਾ ਦਾ ਬਹੁਤ ਸ਼ੌਕ ਹੈ ਜੋ ਅਕਸਰ ਧਾਰਮਿਕ ਸਥਾਨ ਜਿਵੇਂ ਡੇਰਾ ਬਾਬਾ ਰਾਮ ਸਰਨ ਜਾਂ ਗੁਰਦੁਆਰਾ ਸਾਹਿਬ ਵਿਖੇ ਲੰਗਰ ਤਿਆਰ ਕਰਦੇ ਹਨ।

4. ***ਬਿਸ਼ਨ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਸੁਰਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਡੀਂਗਰੀਆਂ ਹਨ। ਆਪ ਅੱਠ ਜਮਾਤਾਂ ਪਾਸ ਹਨ। ਆਪ ਵੀ ਸਾਬਕਾ ਫੌਜੀ ਹਨ ਤੇ ਪੈਨਸ਼ਨ ਲੈਂਦੇ ਹਨ। ਕਿਸ਼ਨ ਸਿੰਘ ਤੇ ਬਿਸ਼ਨ ਸਿੰਘ ਨੇ ਦਸੰਬਰ 1984 ਈ: ਵਿਚ ਆਪਣੀ ਨਿਆਈਂ ਵਿਚ ਨਵੇਂ ਮਕਾਨ ਬਣਾਏ।

ਵੰਸ਼: ਲੜਕੇ- ਕਮਲਜੀਤ ਸਿੰਘ, ਪਰਦੀਪ ਸਿੰਘ ਅਤੇ ਇਕ ਲੜਕੀ ਮਨਜੀਤ ਕੌਰ ਹੈ।

ਮਹਿੰਗਾ ਸਿੰਘ ਤੇ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਹੋਈ ਹੈ ਕਿ ਆਪ ਦਾ ਬਹੁਤ ਵੱਡਾ ਪਰਿਵਾਰ ਹੈ। ਆਪ ਪੋਤੇ ਤੇ ਦੋਹਤਿਆਂ ਵਾਲੇ ਹੋ ਕੇ ਪ੍ਰਮਾਤਮਾ ਨੂੰ ਪਿਆਰੇ ਹੋਏ ਹਨ।

ਨਾਮਾ

ਆਪ ਦੀ ਧਰਮ ਪਤਨੀ ਦਾ ਨਾਮ ਮਾਨੀ ਸੀ। ਆਦਤ ਸੁਭਾਅ ਦੋਹਾਂ ਦਾ ਚੰਗਾ ਸੀ। ਨਾਮੇ ਦੇ ਘਰ ਨੂੰ ਭੰਡਾਰੀਆਂ ਦਾ ਘਰ ਕਿਹਾ ਜਾਂਦਾ ਸੀ। ਆਪ ਛੋਟਾ-ਮੋਟਾ ਸਾਮਾਨ ਭੰਡਾਰੀ ਵਿਚ ਰੱਖਦੇ ਸਨ। ਭੰਡਾਰੀ ਕੀ ਹੈ? ਗੱਡੇ ਦੇ ਮੋਹਰਲੇ ਹਿੱਸੇ ਦੇ ਹੇਠਾਂ ਇਕ ਛੋਟਾ ਜਿਹਾ ਰੱਖਣਾ ਹੁੰਦਾ ਹੈ ਜਿਵੇਂ ਬਿਜਲੀ ਦੇ ਮੀਟਰ ਦਾ ਬਕਸਾ ਹੈ। ਕਿਸਾਨ ਆਪਣਾ ਰੰਬਾ, ਦਾਤੀ, ਰੋਟੀ ਵਾਲਾ ਡੱਬਾ ਜਾਂ ਪੈਸੇ ਆਦਿ ਇਸ ਵਿਚ ਰੱਖ ਕੇ ਛੋਟਾ ਜਿਹਾ ਜਿੰਦਾ ਲਗਾ ਦਿੰਦਾ ਸੀ। ਬਾਬੇ ਨਾਮੇ ਪਾਸੋਂ ਜਦੋਂ ਵੀ ਪੁੱਛਣਾ ਫਲਾਣੀ ਚੀਜ਼ ਕਿੱਥੇ ਹੈ? ਤਾਂ ਉਨ੍ਹਾਂ ਆਖ ਦੇਣਾ ਭੰਡਾਰੀ ਵਿਚ ਹੈ। ਇਸ ਪ੍ਰਕਾਰ ਇਹ ਸ਼ਬਦ ਇਨ੍ਹਾਂ ਦੇ ਨਾਮ ਨਾਲ ਜੁੜ ਗਿਆ ਅਤੇ ਇਸ ਘਰ ਨੂੰ ਭੰਡਾਰੀਆਂ ਦਾ ਘਰ ਕਿਹਾ ਜਾਣ ਲੱਗਾ। ਇਹ ਜਾਣਕਾਰੀ ਮੈਂ ਵੱਖ-ਵੱਖ ਸਿਆਣੇ ਬਜ਼ੁਰਗਾਂ ਦੇ ਪਾਸੋਂ ਹਾਸਲ ਕੀਤੀ ਹੈ।

*** ਵੰਸ਼:** ਆਪ ਦੇ ਵੰਸ਼ ਵਿਚ ਚਾਰ ਲੜਕੇ ਹਨ।

ਜਾਗਰ ਸਿੰਘ, ਬੰਤਾ ਸਿੰਘ, ਢੇਰੂ ਸਿੰਘ ਤੇ ਸੰਤਾ ਸਿੰਘ

1. *** ਜਾਗਰ ਸਿੰਘ:**- ਆਪ ਦੀ ਧਰਮ ਪਤਨੀ ਦਾ ਨਾਮ ਹਰ ਕੌਰ ਸੀ। ਜਾਗਰ ਸਿੰਘ ਦੂਜੀ ਸੰਸਾਰ ਜੰਗ (1939-1945) ਸਮੇਂ ਫੌਜ ਵਿਚ ਭਰਤੀ ਹੋ ਗਿਆ ਸੀ। ਉਸ ਸਮੇਂ ਭਾਰਤ ਅੰਗਰੇਜ਼ੀ ਸਰਕਾਰ ਦੇ ਅਧੀਨ ਸੀ। ਇਸ ਸਰਕਾਰ ਨੂੰ ਉਸ ਸਮੇਂ ਸੈਨਿਕ ਸਿਪਾਹੀਆਂ ਦੀ ਬਹੁਤ ਲੋੜ ਸੀ। ਲੜਾਈ ਦੇ ਦੌਰਾਨ ਜਾਗਰ ਸਿੰਘ ਦੇ ਪੈਰ ਵਿਚ ਗੋਲੀ ਲੱਗ ਗਈ ਸੀ। ਉਹ ਲੰਗਾਅ ਕੇ ਚੱਲਦਾ ਸੀ। ਇਸ ਬਹਾਦਰੀ ਸਦਕਾ ਆਪ ਨੂੰ ਪਾਕਿਸਤਾਨ ਵਿਚ ਜ਼ਮੀਨ ਅਲਾਟ ਹੋਈ ਸੀ। ਇਸ ਪ੍ਰਕਾਰ ਜਾਗਰ ਸਿੰਘ ਪਾਕਿਸਤਾਨ ਦੀ ਧਰਤੀ 'ਤੇ ਖੇਤੀ ਕਰਿਆ ਕਰਦਾ ਸੀ। ਇਹ ਜਾਣਕਾਰੀ ਸੂਬੇਦਾਰ ਰਾਮ ਸਿੰਘ ਸਪੁੱਤਰ ਬੰਤਾ ਸਿੰਘ ਨੇ ਮੈਨੂੰ ਲਿਖਵਾਈ ਹੈ ਕਿਉਂਕਿ ਉਹ ਆਪ ਫੌਜੀ ਹਨ। ਪਿੰਡ ਦੇ ਕਿਸੇ ਵਿਕਤੀ ਨੇ ਇਹ ਜਾਣਕਾਰੀ ਨਹੀਂ ਲਿਖਵਾਈ।

ਜਾਗਰ ਸਿੰਘ ਜਿੱਥੇ ਬਹਾਦਰ ਸੀ, ਉਥੇ ਉਸ ਦਾ ਸੁਭਾਅ ਵੀ ਚੰਗਾ ਸੀ, ਜਿਸ ਸਮੇਂ ਆਪ ਦੇ ਵੱਡੇ ਲੜਕੇ ਪਿਆਰਾ ਸਿੰਘ ਦਾ ਜਨਮ ਹੋਇਆ ਤਾਂ ਸਾਡੇ ਤਾਇਆ ਜੀ ਬੰਤਾ ਸਿੰਘ ਨੇ ਦੱਸਿਆ ਕਿ ਅਸੀਂ ਥੋੜ੍ਹੇ ਘਰਾਂ ਵਿਚ ਲੋਹੜੀ ਮੰਗੀ। ਸਭ ਤੋਂ ਜ਼ਿਆਦਾ ਪੈਸੇ, ਦਾਣੇ ਤੇ ਗੁੜ ਜਾਗਰ ਸਿੰਘ ਨੇ ਸਾਨੂੰ ਆਪਣੇ ਸਪੁੱਤਰ ਪਿਆਰਾ ਸਿੰਘ ਦੀ ਲੋਹੜੀ ਦੇ ਦਿੱਤੇ। ਜਾਗਰ ਸਿੰਘ ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਪਾਕਿਸਤਾਨ ਵਿਚ

ਸੁਰਗਵਾਸ ਹੋ ਗਿਆ ਸੀ।

ਵੰਸ਼: ਆਪ ਦੇ ਵੰਸ਼ ਵਿਚ ਇਕ ਲੜਕੀ ਰਤਨ ਕੌਰ ਸੀ, ਜਿਸ ਦਾ ਇਕ ਲੜਕਾ ਹੋਇਆ ਸੀ। ਜੋ ਮਰ ਗਿਆ ਸੀ। ਫਿਰ ਰਤਨ ਕੌਰ ਦਿਮਾਗੀ ਹਾਲਤ ਵਿਚ ਰਹਿਣ ਲੱਗੀ। ਉਸ ਦਾ ਭਾਈ ਬਚਨ ਸਿੰਘ ਉਸਨੂੰ ਹੁਸ਼ਿਆਰਪੁਰ ਲੈ ਗਿਆ ਸੀ, ਉਥੇ ਹੀ ਉਸ ਦੀ ਮੌਤ ਹੋ ਗਈ।

ਲੜਕੇ: ਪਿਆਰਾ ਸਿੰਘ, ਬਚਨ ਸਿੰਘ

* **ਪਿਆਰਾ ਸਿੰਘ:-** ਆਪ ਦੀ ਧਰਮ ਪਤਨੀ (ਪਹਿਲੀ ਸ਼ਾਦੀ) ਦਾ ਨਾਂਮ ਸੁਰਜੀਤ ਕੌਰ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੱਕ ਰਾਜੂ ਸਿੰਘ ਸਨ। ਆਪ ਨੂੰ ਪਿੰਡ ਵਿਚ ਆਮ ਕਰਕੇ ਧੰਤੋ ਕਰਕੇ ਬੁਲਾਇਆ ਜਾਂਦਾ ਸੀ। ਆਪ ਦੇ ਅਸਲ ਨਾਮ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਮਹਿੰਦਰ ਸਿੰਘ ਸਰਪੰਚ ਨੇ ਦੱਸਿਆ ਕਿ ਇਸ ਦਾ ਨਾਮ ਸੁਰਜੀਤ ਕੌਰ ਹੈ।

* **ਵੰਸ਼:** ਪਿਆਰਾ ਸਿੰਘ ਦੇ ਤਿੰਨ ਲੜਕੇ ਤੇ ਇਕ ਲੜਕੀ ਸੀ। ਇਨ੍ਹਾਂ ਦਾ ਇਕ ਲੜਕਾ ਸੋਢੀ ਜੋ ਮੇਰੇ ਨਾਲ ਸਾਹਰੀ ਮਿਡਲ ਸਕੂਲ ਵਿਚ ਪੜ੍ਹਦਾ ਸੀ। ਉਹ ਅਜੇ ਪੰਜਵੀਂ ਜਮਾਤ ਵਿਚ ਸੀ ਕਿ ਅਚਾਨਕ ਉਸ ਦੀ ਮੌਤ ਹੋ ਗਈ। ਉਸ ਤੋਂ ਮਗਰੋਂ ਜੋ ਬੱਚੇ ਪੈਦਾ ਹੋਏ ਉਹ ਵੀ ਜਨਮ ਸਾਰ ਗੁਜ਼ਰ ਗਏ। ਇਕ ਲੜਕਾ ਤਰਸੇਮ ਸਿੰਘ ਸੇਮੀ ਸੀ ਜੋ ਜਨਮ ਤੋਂ ਹੀ ਕਮਜ਼ੋਰ ਸੀ। ਚਾਚੀ ਧੰਤੋ ਨੇ ਦੱਸਿਆ ਕਿ ਇਸ ਦੀ ਦਵਾਈ ਫਗਵਾੜੇ ਤੋਂ ਚੱਲਦੀ ਸੀ। ਉਹ ਆਮ ਕਰਕੇ ਸੁਖਦੇਵ ਸਿੰਘ ਸੁੱਖੇ ਦੇ ਲੜਕਿਆਂ ਨਾਲ ਖੇਡਦਾ ਹੁੰਦਾ ਸੀ। ਪਿਆਰਾ ਸਿੰਘ ਦਾ ਘਰ ਵੀ ਸਾਡੇ ਘਰਾਂ ਦੇ ਨਜ਼ਦੀਕ ਹੀ ਪੈਂਦਾ ਹੈ। ਸੇਮੀ ਦੇ ਜਨਮ ਦਿਨ ਦੀ ਖੁਸ਼ੀ ਦੇ ਸਬੰਧ ਵਿਚ ਪਿਆਰਾ ਸਿੰਘ ਨੇ ਬਾਬਾ ਰਾਮ ਸਰਨ ਵਿਖੇ ਰਾਸਧਾਰੀਏ ਸੱਦ ਕੇ ਨਕਲਾਂ ਜਾਂ ਚੌਂਕੀ ਲਗਵਾਈ ਸੀ। ਸ. ਮਹਿੰਦਰ ਸਿੰਘ ਸਰਪੰਚ ਦੀ ਹਵੇਲੀ ਵਿਚ ਰਾਤ ਨੂੰ ਰਾਸ ਪਈ ਸੀ। ਡਰਾਮਾ ਰਾਜਾ ਮਾਨਧਾਤਾ ਦਾ ਸੀ। ਦਿਨ ਚੜ੍ਹਨ ਤੱਕ ਪ੍ਰੋਗਰਾਮ ਚੱਲਦਾ ਰਿਹਾ। ਪਿੰਡ ਸਾਹਰੀ, ਹੁਸੈਨਪੁਰ ਤੇ ਰਾਮੂ ਥਿਆੜੇ ਤੋਂ ਲੋਕ ਆਏ ਹੋਏ ਸਨ।

ਸਮਾਂ ਬੀਤਦਾ ਗਿਆ। ਤਰਸੇਮ ਸਿੰਘ ਸੇਮੀ ਠੀਕ ਨਾ ਹੋਇਆ। ਫਗਵਾੜੇ ਹੀ ਕਿਸੇ ਹਸਪਤਾਲ ਵਿਚ ਦਾਖਲ ਕਰਵਾਇਆ ਹੋਇਆ ਸੀ। ਸੇਮੀ ਮਿਤੀ 7-12-1976 ਨੂੰ ਆਪਣੇ ਮਾਤਾ-ਪਿਤਾ ਨੂੰ ਰੋਂਦੇ ਕੁਰਲਾਉਂਦੇ ਛੱਡ ਕੇ ਦੂਰ ਦੇ ਪੈਂਡੇ ਤੁਰ ਗਿਆ। ਮੈਂ ਤਾਂ ਮੇਰਾ ਭਾਈ ਅਜੀਤ ਸਿੰਘ ਮਿਲਟਰੀ ਕੰਟੀਨ ਜਲੰਧਰ ਤੋਂ ਆਏ ਸੀ। ਜਦੋਂ ਹਵੇਲੀ ਦੇਖੀ ਤਾਂ ਰਿਸ਼ਤੇਦਾਰਾਂ ਨਾਲ ਭਰੀ ਪਈ ਸੀ। ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ ਸੀ। ਇਸ ਸਦਮੇ ਨਾਲ ਪਿਆਰਾ ਸਿੰਘ ਦਿਮਾਗੀ ਸੰਤੁਲਨ ਗਵਾ ਚੁੱਕਾ ਸੀ। ਉਹ ਘਰੋਂ ਬਾਹਰ ਚਲਾ ਗਿਆ ਸੀ। ਕਈ ਦਿਨਾਂ ਮਗਰੋਂ ਉਸ ਨੂੰ ਅੰਮ੍ਰਿਤਸਰ ਤੋਂ ਲੱਭ ਕੇ ਲਿਆਂਦਾ ਸੀ। ਜਦੋਂ ਪਿਆਰਾ ਸਿੰਘ ਘਰ ਆ ਗਿਆ ਤਾਂ ਰਾਤ ਨੂੰ ਕੁਝ ਸਿਆਣੇ ਆਦਮੀ ਪਿਆਰਾ ਸਿੰਘ ਦੇ ਕੋਲ ਜਾਂਦੇ ਮਨ ਤੇ ਗੱਲਬਾਤ ਕਰਕੇ ਉਸਦੀ ਮਨ ਬਦਲੀ

ਕਰਦੇ ਸਨ। ਹੌਲੀ-ਹੌਲੀ ਉਹ ਆਪਣਾ ਘਰੇਲੂ ਕੰਮਕਾਰ ਕਰਨ ਲੱਗ ਪਏ। ਪਿਆਰਾ ਸਿੰਘ ਖੇਤੀ ਭਾਵੇਂ ਹਲ ਨਾਲ ਕਰਦੇ ਸਨ ਪਰ ਹਾੜੀ ਸਾਉਣੀ ਦਾਣੇ ਟਰੈਕਟਰ ਵਾਲਿਆਂ ਜਿਨ੍ਹੇ ਹੋ ਜਾਂਦੇ ਸਨ।

ਚਾਚੀ ਧੰਤੋ ਸਵੇਰੇ ਤੇ ਸ਼ਾਮ ਗੁਰੂ ਘਰ ਜਾ ਕੇ ਨਤਮਸਤਕ ਹੁੰਦੀ ਸੀ। ਸ਼ਾਮ ਵੇਲੇ ਦੀਵਾ ਬਾਲ ਕੇ ਆਉਂਦੀ ਸੀ ਜੇ ਕਿਸੇ ਦਿਨ ਕਿਸੇ ਕਾਰਨ ਸ਼ਾਮ ਵਲੇ ਦੀਵਾ ਨਾ ਬਾਲ ਸਕੇ ਤਾਂ ਦੂਜੇ ਦਿਨ ਦੋ ਦੀਵੇ ਬਾਲਦੀ ਸੀ। ਧੰਤੋ ਦੇ ਚਿਹਰੇ ਦਾ ਨੂਰ ਇੰਗਲੈਂਡ ਜਾਂ ਅਮਰੀਕਾ ਤੋਂ ਆਈਆਂ ਇਸਤਰੀਆਂ ਨਾਲੋਂ ਜ਼ਿਆਦਾ ਸੀ। ਇਕ ਦਿਨ ਉਸ ਨੇ ਕਿਹਾ, "ਮੇਹਰ ਸਿੰਘ ਦਾ ਘਰ ਦੋਹਤੇ ਦੋਹਤੀਆਂ ਨਾਲ ਭਰਿਆ ਪਿਆ ਹੈ, ਜੇ ਮੇਰੀ ਲੜਕੀ ਹੋਵੇ ਮੈਂ ਵੀ ਕਿਸੇ ਬੱਚੇ ਨੂੰ ਆਪਣੇ ਕੋਲ ਰੱਖ ਲਵਾਂ। ਜੇ ਮੈਂ ਕਿਸੇ ਪੱਤਰੀ ਵਾਲੇ ਨੂੰ ਹੱਥ ਦਿਖਾਉਂਦੀ ਹਾਂ ਤਾਂ ਉਹ ਆਖ ਦਿੰਦੇ ਨੇ ਕਿ ਬੀਬੀ ਤੇਰੇ ਭਾਗਾਂ ਵਿਚ ਦੋ ਫਲ੍ਹ ਹਨ।" ਇਸ ਆਸ ਨਾਲ ਉਹ ਗੁਰੂ ਘਰ ਜਾਂਦੀ ਰਹੀ।

ਪਰ ਪ੍ਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਸੁਰਜੀਤ ਕੌਰ ਸ਼ਾਮ ਦਾ ਖਾਣਾ ਬਣਾਉਣ ਸਮੇਂ ਅਚਾਨਕ ਹੋਏ ਅਟੈਕ ਨਾਲ ਮਿਤੀ 19 ਜਨਵਰੀ 1978 ਨੂੰ ਪਿਆਰਾ ਸਿੰਘ ਨੂੰ ਸਦੀਵੀ ਵਿਛੋੜਾ ਦੇ ਗਈ। ਉਸ ਨੂੰ ਹਸਪਤਾਲ ਵੀ ਲੈ ਕੇ ਗਏ ਪਰ ਉਹ ਤਾਂ ਆਪਣੇ ਚੌਂਕੇ ਵਿਚ ਹੀ ਪੂਰੀ ਹੋ ਗਈ ਸੀ। ਪਿਆਰਾ ਸਿੰਘ ਨੂੰ ਅਜੇ ਪੁੱਤਰ ਦੀ ਮੌਤ ਦਾ ਦੁੱਖ ਨਹੀਂ ਭੁੱਲਾ ਸੀ ਕਿ ਉਸ ਉੱਪਰ ਪਹਾੜ ਜਿੱਡਾ ਦੁੱਖ ਹੋਰ ਆ ਗਿਆ। ਮੌਤ ਦਾ ਮਾਰਿਆ ਬੰਦਾ ਕਰੇ ਤਾਂ ਕੀ ਕਰੇ। ਪਿੰਡ ਦਾ ਸਾਰਾ ਸ਼ਰੀਕਾ ਭਾਈਚਾਰਾ ਇਸ ਸਦਮੇ ਵਿਚ ਪਿਆਰਾ ਸਿੰਘ ਨਾਲ ਖੜ੍ਹਾ ਸੀ। ਸਵੇਰ ਸਾਰ ਸਾਰੇ ਰਿਸ਼ਤੇਦਾਰ ਆ ਚੁੱਕੇ ਸਨ। ਅਰਥੀ ਦੇ ਨਾਲ ਸਾਰੇ ਨਮ ਅੱਖਾਂ ਨਾਲ ਤੁਰੇ ਜਾਂਦੇ ਸਨ। ਅਗਨੀ ਦੀ ਰਸਮ ਅਦਾ ਹੋ ਚੁੱਕੀ ਸੀ। ਘਰ ਨੂੰ ਵਾਪਿਸ ਆਉਂਦੇ ਹੋਏ ਸਾਰੇ ਵਿਅਕਤੀ ਆਪੋ-ਆਪਣੇ ਮੂੰਹੀਂ ਗੱਲਾਂ ਕਰ ਰਹੇ ਸਨ ਕਿ ਹੁਣ ਘਰ ਦਾ ਕੀ ਬਣੇਗਾ ਪਰ ਪ੍ਰਮਾਤਮਾ ਨੇ ਸਭ ਕੁਝ ਚੰਗਾ ਹੀ ਕਰ ਦਿੱਤਾ।

ਪਿਆਰਾ ਸਿੰਘ ਦੇ ਘਰ ਵਿਚ ਸਹੁਰੇ ਪਰਿਵਾਰ ਵਿਚੋਂ ਕੁਝ ਰਿਸ਼ਤੇਦਾਰ ਰਹਿੰਦੇ ਸਨ। ਆਸੇ ਪਾਸੇ ਤੋਂ ਲੋਕ ਆਉਣ ਲੱਗੇ। ਮੈਨੂੰ ਵੀ ਕੁਝ ਆਦਮੀਆਂ ਨੇ ਪੁੱਛਿਆ ਕਿ ਕਿੰਨੀ ਕੁ ਉਮਰ ਦੇ ਹਨ। ਮੈਂ ਕਿਹਾ ਉਮਰ ਤਾਂ ਥੋੜ੍ਹੀ ਹੋਵੇਗੀ ਪਰ ਦੁੱਖ ਐਸੇ ਆਏ ਹਨ ਜਿਨ੍ਹਾਂ ਨੇ ਉਸ ਨੂੰ ਝੰਜੋੜ ਦਿੱਤਾ ਹੈ। ਚਾਰ ਮਹੀਨਿਆਂ ਤੋਂ ਮਗਰੋਂ ਰਿਸ਼ਤਾ ਤਹਿ ਹੋ ਗਿਆ।

*** ਦੂਜੀ ਸ਼ਾਦੀ:-** ਪਿਆਰਾ ਸਿੰਘ ਦੀ ਦੂਜੀ ਸ਼ਾਦੀ ਪਰਮਜੀਤ ਕੌਰ ਨਾਲ ਮਿਤੀ 24-5-1978 ਦਿਨ ਬੁੱਧਵਾਰ ਪਿੰਡ ਬਾਬਕ ਦਰੀਆ ਅੱਡਾ ਸਰਾਂ ਹੁਸ਼ਿਆਰਪੁਰ ਨਾਲ ਹੋਈ। ਪਿਆਰਾ ਸਿੰਘ ਪਹਿਲਾਂ ਕਮੀਜ਼ ਨਾਲ ਤੰਬਾ ਲਾਉਂਦਾ ਸੀ ਫਿਰ ਕਮੀਜ਼ ਪਜ਼ਾਮਾ ਪਹਿਨਣਾ ਸ਼ੁਰੂ ਕਰ ਦਿੱਤਾ। ਪਿਆਰਾ ਸਿੰਘ ਨੇ ਹੁਣ ਨਵਾਂ ਟਰੈਕਟਰ ਫੋਰਡ ਲੈ ਲਿਆ ਸੀ ਅਤੇ ਖੇਤੀ ਦੇ ਹੋਰ ਕੰਮ ਕਾਰ ਲਈ ਬੋਦਨ ਨਾਮ ਦਾ ਨੌਕਰ ਰੱਖ ਲਿਆ ਸੀ ਜੋ

ਯੂ.ਪੀ. ਦਾ ਰਹਿਣ ਵਾਲਾ ਸੀ। ਉਸ ਨੇ ਕੇਸ ਰੱਖ ਲਏ ਸਨ। ਪਗੜੀ ਬੰਨ੍ਹਦਾ ਸੀ, ਜੋ ਉਸ ਸਮੇਂ ਛੋਟਾ ਸੀ ਹੁਣ ਤਕੜਾ ਹੋ ਗਿਆ ਸੀ। ਖੇਤੀਬਾੜੀ ਦਾ ਕੰਮ ਉਹ ਆਪ ਕਰਦਾ ਸੀ। ਉਸ ਨੇ ਟਰੈਕਟਰ ਚਲਾਉਣਾ ਸਿੱਖ ਲਿਆ ਸੀ। ਕਿਸੇ ਦੇ ਘਰ ਦਰ ਨਹੀਂ ਜਾਂਦਾ ਸੀ। ਡਟ ਕੇ ਘਰ ਦਾ ਕੰਮ ਕਰਦਾ ਸੀ। ਪਿਆਰਾ ਸਿੰਘ ਦੀ ਧਰਮ ਪਤਨੀ ਨੇ ਵੀ ਘਰ ਨੂੰ ਸੰਭਾਲ ਲਿਆ ਸੀ। ਅੱਜ ਘਰ ਵਿਚ ਸਾਰੀਆਂ ਬਰਕਤਾਂ ਹਨ।

ਵੰਸ਼: ਪਿਆਰਾ ਸਿੰਘ ਦੇ ਵੰਸ਼ ਵਿਚ ਦੋ ਲੜਕੇ– ਆਸਵਿੰਦਰ ਸਿੰਘ, ਕਮਲਪ੍ਰੀਤ ਸਿੰਘ ਹਨ ਅਤੇ ਦੋ ਲੜਕੀਆਂ– ਜਤਿੰਦਰ ਕੌਰ, ਤਜਿੰਦਰ ਕੌਰ ਹਨ।

* ਜਤਿੰਦਰ ਕੌਰ ਧਰਮ ਪਤਨੀ ਸੁਖਵੀਰ ਸਿੰਘ ਸਹੁਰੇ ਕੋਠਾਂ ਜੱਟਾਂ ਹਰਿਆਣੇ ਹਨ।

* ਤਜਿੰਦਰ ਕੌਰ ਧਰਮ ਪਤਨੀ ਗੁਰਜੀਤ ਸਿੰਘ ਨੰਗਲ ਸ਼ਾਮਾ ਜਲੰਧਰ ਹਨ।

* **ਆਸਵਿੰਦਰ ਸਿੰਘ:-** ਪਿਆਰਾ ਸਿੰਘ ਦੇ ਘਰ ਵਿਖੇ ਆਸਵਿੰਦਰ ਸਿੰਘ ਦੇ ਜਨਮ ਨਾਲ ਇਹ ਕਹਾਵਤ ਸੱਚ ਹੋ ਗਈ ਕਿ "ਆਸ ਨਾਲ ਜਹਾਨ ਹੈ" ਇਸ ਦੇ ਨਾਲ ਹੀ ਚਾਚੀ ਧੰਤੋ ਦਾ ਵਾਕ ਪੂਰਾ ਹੋ ਗਿਆ ਕਿ ਆਪ ਦੇ ਭਾਗਾਂ ਵਿਚ ਦੋ ਫਲ਼ ਹਨ ਪਰ ਦੋ ਨਹੀਂ ਹੁਣ ਚਾਰ ਹੋ ਗਏ ਹਨ। ਘਰ ਵਿਚ ਚਾਰ ਜੀਆਂ ਨੇ ਜਨਮ ਲੈ ਕੇ ਪਿਆਰਾ ਸਿੰਘ ਦੇ ਸਾਰੇ ਦੁੱਖ ਦੂਰ ਕਰ ਦਿੱਤੇ ਸਨ। ਘਰ ਵਿਚ ਨੌਂ ਨਿਧਾਂ ਤੇ ਬਾਰਾਂ ਸਿਧਾਂ ਹੋ ਗਈਆਂ ਸਨ। ਆਸਵਿੰਦਰ ਸਿੰਘ ਪੜ੍ਹਾਈ ਦੇ ਨਾਲ ਖੇਤੀਬਾੜੀ ਦਾ ਕੰਮ ਵੀ ਕਰਦਾ ਰਿਹਾ ਹੈ। ਇਸ ਨੇ 10+2 ਐਸ. ਡੀ. ਸਕੂਲ ਹੁਸ਼ਿਆਰਪੁਰ ਤੋਂ ਕੀਤੀ ਹੈ। ਜਲਦੀ ਹੀ ਆਪ ਨੇ ਟਰੈਕਟਰ ਚਲਾਉਣਾ ਸਿੱਖ ਲਿਆ। ਹੌਲੀ-ਹੌਲੀ ਖੇਤੀ ਦਾ ਕੰਮ ਆਪ ਨੇ ਸੰਭਾਲ ਲਿਆ। ਪਿਆਰਾ ਸਿੰਘ ਨੇ ਕਿਹਾ ਕਿ ਜਦੋਂ ਮੇਰਾ ਲੜਕਾ ਵੱਡਾ ਹੋ ਗਿਆ ਤੇ ਟਰੈਕਟਰ ਚਲਾਉਣਾ ਸਿੱਖ ਗਿਆ ਫਿਰ ਮੈਂ ਆਪਣੇ ਨੌਕਰ ਨੂੰ ਕੰਮ ਤੋਂ ਹਟਾ ਦੇਣਾ ਹੈ। ਪਰ ਘਰ ਵਾਲਿਆਂ ਨੇ ਉਸ ਨੂੰ ਕੰਮ ਤੋਂ ਬੰਦ ਨਹੀਂ ਕੀਤਾ। ਉਹ ਆਪ ਹੀ ਯੂ.ਪੀ. ਨੂੰ ਚਲਾ ਗਿਆ। ਉਹ ਆਪਣੀ ਸ਼ਾਦੀ ਕਰਵਾ ਕੇ ਫਿਰ ਵਾਪਿਸ ਪਿੰਡ ਪਿਆਰਾ ਸਿੰਘ ਦੇ ਘਰ ਆ ਗਿਆ। ਪਰ ਉਹ ਇਕ ਮਹੀਨੇ ਮਗਰੋਂ ਫਿਰ ਚਲਾ ਗਿਆ।

* **ਵਿਆਹ:-** ਆਸਵਿੰਦਰ ਸਿੰਘ ਦਾ ਵਿਆਹ ਹਰਜੀਤ ਕੌਰ ਦੇ ਨਾਲ ਹੋਇਆ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕਾਹਰੀ ਹਨ। ਕਾਹਰੀ ਤੇ ਸਾਹਰੀ ਪਿੰਡ ਇਕ ਕਿਲੋਮੀਟਰ ਦੀ ਦੂਰੀ 'ਤੇ ਹਨ। ਸਿਆਣਿਆਂ ਨੇ ਕਿਹਾ, "ਨੇੜੇ ਦਾ ਸਾਕ ਸਰਾਹਣੇ ਦੀ ਬਾਂਹ" ਆਸਵਿੰਦਰ ਸਿੰਘ ਨੇ ਆਪਣੇ ਪਿਤਾ ਪਿਆਰਾ ਸਿੰਘ ਦੇ ਜਿਊਂਦੇ ਹੀ ਘਰੇਲੂ ਜ਼ਿੰਮੇਵਾਰੀ ਸੰਭਾਲ ਲਈ ਸੀ। ਆਪ ਜੂਨ 2008 ਤੋਂ 2013 ਤੱਕ ਪਿੰਡ ਦੇ ਪੰਚ ਰਹੇ। ਆਪ ਨੇ ਪੁਰਾਣੇ ਘਰ ਢਾਹ ਕੇ ਬਹੁਤ ਹੀ ਵਧੀਆ ਅਕਾਰ ਦੀ ਕੋਠੀ ਪਾਈ ਹੈ। ਪਿਆਰਾ ਸਿੰਘ ਨੇ ਵੀ ਦੋ ਵਾਰ ਮਕਾਨ ਨਵੇਂ ਬਣਾਏ ਸਨ। ਉਸ ਸਮੇਂ ਮਿਸਤਰੀ ਲਾਭ ਸਿੰਘ ਸਾਹਰੀ ਮਸ਼ਹੂਰ ਸੀ।

* **ਵੰਸ਼:** ਆਪ ਦੇ ਦੋ ਲੜਕੇ– ਤਨਵੀਰ ਸਿੰਘ ਤੇ ਪ੍ਰਭਵੀਰ ਸਿੰਘ ਹਨ ਜੋ ਅਜੇ

ਛੋਟੇ ਹਨ ਅਤੇ ਪੜ੍ਹ ਰਹੇ ਹਨ।

* ਕਮਲਪ੍ਰੀਤ ਸਿੰਘ ਦੂਜਾ ਲੜਕਾ ਜੋ ਵਿਦੇਸ਼ ਗਿਆ ਹੋਇਆ ਹੈ। ਅਜੇ ਸ਼ਾਦੀਸ਼ੁਦਾ ਨਹੀਂ ਹੈ।

*** ਪਿਆਰਾ ਸਿੰਘ ਦਾ ਅੰਤਮ ਸਮਾਂ**:- ਪਿਆਰਾ ਸਿੰਘ ਦੀ ਸਿਹਤ ਕੁਝ ਖਰਾਬ ਰਹਿਣ ਲੱਗੀ। ਉਹ ਕਠਾਰ ਹਸਪਤਾਲ ਵਿਚ ਦਾਖਲ ਰਹੇ। ਜਦੋਂ ਘਰ ਆਏ ਤਾਂ ਥੋੜ੍ਹੇ ਦਿਨਾਂ ਮਗਰੋਂ ਹੀ ਮਿਤੀ 25-12-1996 ਦਿਨ ਬੁੱਧਵਾਰ 3.50 ਮਿੰਟ 'ਤੇ ਪ੍ਰਲੋਕ ਸੁਧਾਰ ਗਏ। ਪਿਆਰਾ ਸਿੰਘ ਦਾ ਪਰਿਵਾਰ ਹਰ ਸਾਲ ਹੋਲੇ ਮੁਹੱਲੇ ਤੇ ਆਪਣੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਜਾਪ ਕਰਵਾਉਂਦੇ ਹਨ। ਇਹ ਪ੍ਰਥਾ ਪਿਆਰਾ ਸਿੰਘ ਵੱਲੋਂ ਬਹੁਤ ਪਿਛਲੇ ਸਮੇਂ ਤੋਂ ਸ਼ੁਰੂ ਕੀਤੀ ਗਈ ਸੀ।

*** ਬਚਨ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਹਰ ਕੌਰ ਹੈ। ਆਪ ਜਾਗਰ ਸਿੰਘ ਦੇ ਛੋਟੇ ਲੜਕੇ ਹਨ। ਬਚਨ ਸਿੰਘ ਇੰਗਲੈਂਡ ਜਾਣ ਤੋਂ ਪਹਿਲਾਂ ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਵਿਖੇ ਰਹਿੰਦਾ ਸੀ। ਇਸ ਦੀ ਜ਼ਮੀਨ ਨਵੀਂ ਤਹਿਸੀਲ ਹੁਸ਼ਿਆਰਪੁਰ ਦੇ ਕੋਲ ਸੀ ਜਾਂ ਤਹਿਸੀਲ ਇਸ ਦੀ ਜ਼ਮੀਨ ਵਿਚ ਹੀ ਬਣੀ ਹੈ। ਇਹ ਟਾਹਲੀਆਂ ਲੈ ਕੇ ਵੇਚਦਾ ਸੀ ਫਿਰ ਮਾਹਿਲਪੁਰ ਬੱਸ ਅੱਡੇ ਦੇ ਕੋਲ ਰਹਿਣ ਲੱਗ ਪਿਆ। ਸੰਤਾ ਸਿੰਘ ਬਾਰੀਆ ਇਸ ਦੇ ਮਕਾਨ ਵਿਚ ਹੀ ਰਹਿੰਦਾ ਸੀ।

*** ਬਚਨ ਸਿੰਘ ਦਾ ਇੰਗਲੈਂਡ ਜਾਣਾ**:- ਸਭ ਤੋਂ ਪਹਿਲਾਂ ਬਲਵੰਤ ਸਿੰਘ ਸਪੁੱਤਰ ਬੰਤਾ ਸਿੰਘ ਇੰਗਲੈਂਡ ਨੂੰ ਗਿਆ। ਇਸ ਤੋਂ ਮਗਰੋਂ ਫਿਰ ਬਚਨ ਸਿੰਘ ਇੰਗਲੈਂਡ ਨੂੰ ਚਲਾ ਗਿਆ। ਇਸ ਦਾ ਪਿੰਡ ਗਗਨੌਲੀ ਵਿਖੇ ਦਾ ਮਕਾਨ ਆਪਣੇ ਭਾਈ ਪਿਆਰਾ ਸਿੰਘ ਨਾਲ ਸਾਂਝਾ ਸੀ। ਇਸ ਮਕਾਨ ਵਿਚ ਲਾਲਾ ਚੂਨੀ ਲਾਲ ਕਿਰਾਏ 'ਤੇ ਰਹਿੰਦਾ ਸੀ। ਉਸ ਦਾ ਵੱਡਾ ਪਰਿਵਾਰ ਸੀ। ਲਾਲਾ ਜੀ ਦਾ ਲੜਕਾ ਰਾਜ ਪਾਲ ਸ਼ਰਮਾ ਤਹਿਸੀਲ ਹੁਸ਼ਿਆਰਪੁਰ ਵਿਖੇ ਸਰਕਾਰੀ ਨੌਕਰੀ ਕਰਦਾ ਸੀ। ਉਸ ਨੇ ਸੇਵਾਮੁਕਤ ਹੋ ਕੇ ਇਹ ਮਕਾਨ ਬਚਨ ਸਿੰਘ ਤੋਂ ਖਰੀਦ ਲਿਆ ਹੈ। ਬਚਨ ਸਿੰਘ ਕਦੇ-ਕਦੇ ਛੁੱਟੀ ਆਉਂਦਾ ਸੀ। ਆਮ ਕਰਕੇ ਉਹ ਪਗੜੀ ਬੰਨ੍ਹ ਕੇ ਰੱਖਦਾ ਸੀ।

ਵੰਸ਼: ਆਪ ਦੇ ਵੰਸ਼ ਵਿਚ ਦੋ ਲੜਕੇ ਹਨ ਜੋ ਇੰਗਲੈਂਡ ਵਿਖੇ ਹੀ ਰਹਿੰਦੇ ਹਨ। ਮੈਂ ਉਨ੍ਹਾਂ ਨੂੰ ਕਦੇ ਪਿੰਡ ਆਇਆਂ ਨੂੰ ਨਹੀਂ ਵੇਖਿਆ ਹੈ। ਇਹ ਪਰਿਵਾਰਕ ਵੇਰਵੇ ਪਿੰਡ ਦੇ ਲਾਗਲੇ ਘਰਾਂ ਤੋਂ ਲਏ ਹਨ।

*** ਬੰਤਾ ਸਿੰਘ**:- ਨਾਮੇ ਦਾ ਦੂਜਾ ਲੜਕਾ ਬੰਤਾ ਸਿੰਘ ਹੈ। ਆਪ ਦੀ ਧਰਮ ਪਤਨੀ ਦਾ ਨਾਮ ਜਵਾਲੀ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੇਘੋਵਾਲ ਗੰਜਿਆਂ ਸਨ। ਜਵਾਲੀ ਉੱਚੀ ਲੰਮੀ ਤੇ ਸਰੀਰਕ ਤੌਰ ਤੇ ਤਕੜੀ ਸੀ। ਸੁਣਿਆ ਹੈ ਆਪ ਦੇ ਭਰਾ ਜੋ ਬਾਲ ਅਵਸਥਾ ਵਿਚ ਗੁਜ਼ਰ ਗਏ ਸਨ। ਇਸ ਪ੍ਰਕਾਰ ਆਪ ਆਪਣੇ ਪਿਤਾ ਦੀ ਇਕਲੌਤੀ ਸੰਤਾਨ ਸੀ। ਮਾਤਾ ਜਵਾਲੀ ਮੱਝ ਰੱਖਦੀ ਸੀ। ਵਿਹਲੇ ਸਮੇਂ ਚਰਖਾ ਕੱਤਦੀ ਸੀ। ਘਰ ਆਏ ਮਹਾਂਪੁਰਸ਼ਾਂ ਦੀ ਸੇਵਾ ਕਰਦੀ ਸੀ। ਮਾਤਾ ਤੁਰ ਕੇ ਮੇਘੋਵਾਲ ਤੋਂ

ਆਉਂਦੀ ਸੀ। ਅਸੀਂ ਪੁੱਛਣਾ ਇਹ ਮਾਤਾ ਕੌਣ ਹੈ ਤਾਂ ਤਾਈ-ਚਾਚੀ ਨੇ ਦੱਸਣਾ ਇਹ ਮਾਤਾ ਤਾਈ ਜਵਾਲੀ ਸੀ। ਆਪ ਦੇ ਘਰ ਨੂੰ ਭੰਡਾਰੀ ਦਾ ਘਰ ਕਿਹਾ ਜਾਂਦਾ ਹੈ ਜਿਸ ਦਾ ਜ਼ਿਕਰ ਪਿੱਛੇ ਕਰ ਦਿੱਤਾ ਗਿਆ ਹੈ। ਮਾਤਾ ਜਵਾਲੀ ਆਪਣੀ ਵਡੇਰੀ ਉਮਰ ਵਿਚ ਇੰਗਲੈਂਡ ਚਲੀ ਗਈ ਸੀ ਉੱਥੇ ਹੀ ਉਸ ਦੀ ਮੌਤ ਹੋ ਗਈ ਹੈ।

ਬੰਤਾ ਸਿੰਘ ਆਮ ਪਿੰਡਾਂ ਦੇ ਲੋਕਾਂ ਵਾਂਗ ਖੇਤੀਬਾੜੀ ਦਾ ਕੰਮ ਕਰਦਾ ਸੀ। ਆਦਤ ਸੁਭਾਅ ਪੱਖੋਂ ਠੀਕ ਸੀ। ਬੰਤਾ ਸਿੰਘ 1970-71 ਦੇ ਕਰੀਬ ਸੈਰ ਕਰਨ ਵਾਸਤੇ ਆਪਣੇ ਪੁੱਤਰਾਂ ਦੇ ਕੋਲ ਇੰਗਲੈਂਡ ਗਿਆ। ਛੇ ਮਹੀਨੇ ਮਗਰੋਂ ਵਾਪਸ ਆ ਗਿਆ। ਜਦੋਂ ਬਾਬਾ ਬੰਤਾ ਸਿੰਘ ਇੰਗਲੈਂਡ ਤੋਂ ਵਾਪਸ ਆਇਆ ਤਾਂ ਉਨ੍ਹਾਂ ਨੇ ਪੈਂਟ ਕਮੀਜ਼ ਪਾਈ ਹੋਈ ਸੀ ਤੇ ਬੈਲਟ ਲਗਾਈ ਹੋਈ ਸੀ। ਇਕ ਦਿਨ ਬਾਬਾ ਬੰਤਾ ਸਿੰਘ ਸਾਡੇ ਨਾਲ ਰੇਲ ਗੱਡੀ ਰਾਹੀਂ ਹੁਸ਼ਿਆਰਪੁਰ ਨੂੰ ਗਏ। ਉਹ ਸੂਟਿਡ ਬੂਟਿਡ ਸਨ। ਹੱਥ ਵਿਚ ਛੱਤਰੀ ਸੀ। ਉਨ੍ਹਾਂ ਆਪ ਕਿਹਾ ਕਿ ਕਾਕਾ ਦੇਖੋਂ ਮੈਂ ਵਲੈਤੀਆ ਲੱਗਦਾ ਹਾਂ। ਜਦੋਂ ਮੈਂ ਇੱਧਰ ਸੀ ਤਾਂ ਸਧਾਰਨ ਕੱਪੜੇ ਪਹਿਨਦਾ ਸੀ ਜਿੰਨਾ ਸਮਾਂ ਮੈਂ ਇੰਗਲੈਂਡ ਵਿਚ ਰਿਹਾ ਮੈਂ ਇਸ ਤਰ੍ਹਾਂ ਬਣ ਠਣ ਕੇ ਰਿਹਾ ਹਾਂ। ਅਸੀਂ ਕਿਹਾ ਬਾਬਾ ਜੀ ਇਹ ਡਰੈੱਸ ਤੁਹਾਨੂੰ ਬਹੁਤ ਜਚਦੀ ਹੈ। ਜਦੋਂ ਪਸ਼ੂ ਵੀ ਚਾਰਦੇ ਸਨ। ਹੱਥ ਵਿਚ ਛੱਤਰੀ ਤਾਣ ਕੇ ਪਸ਼ੂ ਚਾਰਦੇ ਸਨ। ਸ਼ਾਮ ਵੇਲੇ ਉਹ ਆਪਣੀ ਮੱਝ ਲਈ ਪੱਠੇ ਚਾਚਾ ਸ਼ੰਕਰ ਸਿੰਘ ਦੀ ਮਸ਼ੀਨ ਨਾਲ ਕੁਤਰ ਕੇ ਲੈ ਜਾਂਦੇ ਸਨ। ਕਦੀ-ਕਦੀ ਪੱਠੇ ਮੈਂ ਕੁਤਰ ਦਿੰਦਾ ਸੀ। ਸਾਡੀ ਮਾਤਾ 1972 ਵਿਚ ਕੁਝ ਬਿਮਾਰ ਹੋ ਗਈ ਤਾਂ ਸਾਡੀ ਮੱਦਦ ਬਾਬਾ ਬੰਤਾ ਸਿੰਘ ਨੇ ਕੀਤੀ। ਉਨ੍ਹਾਂ ਕਿਹਾ ਕਿ ਜਿੰਨੇ ਪੈਸੇ ਚਾਹੀਦੇ ਹਨ ਲੈ ਲਵੋ। ਪਰ ਅਸੀਂ ਜਲਦੀ ਹੀ ਪੈਸੇ ਮੋੜ ਦਿੱਤੇ। ਪਿੰਡ ਵਿਚ ਦੋ ਗੁਰਦੁਆਰੇ ਸਨ। ਇਕ ਥਿਆੜਾ ਪਰਿਵਾਰ ਦਾ ਦੂਜਾ ਟੂਰਾ ਪਰਿਵਾਰ ਦਾ। ਥਿਆੜਾ ਪਰਿਵਾਰ ਦਾ ਗੁਰੂ ਘਰ ਉਸ ਸਮੇਂ ਬੰਤਾ ਸਿੰਘ ਦੀ ਜੋ ਬੈਠਕ ਸੀ ਉਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਇਸ ਦ੍ਰਿਸ਼ ਨੂੰ ਮੈਂ ਛੋਟੇ ਹੁੰਦੇ ਨੇ ਵੇਖਿਆ ਹੈ। ਫਿਰ ਪਿੰਡ ਦੇ ਉੱਤਰ ਦੇ ਪਾਸੇ ਛੱਪੜ ਕੰਡੇ ਇਕ ਕਮਰਾ ਬਣ ਗਿਆ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਥੇ ਕਰ ਦਿੱਤਾ ਗਿਆ।

* ਆਪ ਦੇ ਪਰਿਵਾਰ ਨਾਲ ਦੋ ਕਹਾਣੀਆਂ ਜੁੜੀਆਂ ਹੋਈਆਂ ਹਨ। ਪਹਿਲੀ ਕਹਾਣੀ ਹੈ ਕਿ ਪਿੰਡ ਗਗਨੌਲੀ ਵਿਖੇ ਕੋਈ ਘਟਨਾ ਘਟੀ। ਘਟਨਾ ਕੀ ਹੈ ਕਿ ਆਪ ਦੇ ਪਰਿਵਾਰ ਦੀ ਲੜਾਈ ਰਾਮੂ ਥਿਆੜੇ ਵਾਲੇ ਬਚਨ ਸਿੰਘ ਨਾਲ ਹੋਈ ਸੀ। ਪਰਿਵਾਰ ਦੇ ਤਿੰਨ ਮੈਂਬਰ ਬਲਵੰਤ ਸਿੰਘ, ਪਿਆਰਾ ਸਿੰਘ ਤੇ ਬਚਨ ਸਿੰਘ ਦੋਸ਼ੀ ਪਾਏ ਗਏ। ਪੁਲਿਸ ਹੁਸ਼ਿਆਰਪੁਰ ਤੋਂ ਮੇਹਰ ਸਿੰਘ ਦੀ ਹਵੇਲੀ ਆਈ ਹੋਈ ਸੀ। ਇਨ੍ਹਾਂ ਤਿੰਨ ਭਰਾਵਾਂ ਤੇ ਪੁਲਿਸ ਨੇ ਬਹੁਤ ਤਸ਼ੱਦਦ ਕੀਤਾ। ਇਹ ਗੱਲ 1947 ਤੋਂ ਪਹਿਲਾਂ ਦੀ ਹੈ। ਫੇਰ ਕਿਤੇ ਪੁਲਿਸ ਆਈ ਤਾਂ ਤਾਏ ਬੰਤੇ ਨੇ ਇਨ੍ਹਾਂ ਨੂੰ ਤੂੜੀ ਵਾਲੇ ਕੁੱਪਾਂ ਵਿਚ ਲੁਕੋ ਦਿੱਤਾ।

* ਦੂਜੀ ਘਟਨਾ ਜੁਲਾਈ 1964 ਈ: ਦੀ ਹੈ। ਸਾਵਣ ਮਹੀਨੇ ਦੀ ਭਰਵੀਂ ਬਾਰਸ਼ ਹੋ ਰਹੀ ਸੀ। ਪਿਛਲੇ ਸਮੇਂ ਵਿਚ ਬਾਰਸ਼ਾਂ ਬਹੁਤ ਹੁੰਦੀਆਂ ਸਨ। ਪਿੰਡ ਦੇ ਛੱਪੜ, ਟੋਭੇ ਭਰ

ਜਾਂਦੇ ਸਨ। ਡੱਡੂਆਂ ਦੀ ਗੜੈਂ-ਗੜੈਂ ਸਾਰੇ ਪਾਸੇ ਦੇਖਣ ਨੂੰ ਮਿਲਦੀ ਸੀ।

ਜਦੋਂ ਭਾਰੀ ਬਾਰਿਸ਼ ਹੋ ਰਹੀ ਸੀ ਤਾਂ ਬੰਤਾ ਸਿੰਘ ਦੇ ਲੜਕੇ ਲਛਕਰ ਸਿੰਘ ਨੇ ਆਪਣੇ ਘਰ ਦੇ ਮੋਹਰੇ ਵਗਦੀ ਨਾਲੀ ਦਾ ਪਾਣੀ ਸਾਡੀ ਹਵੇਲੀ ਵੱਲ ਨੂੰ ਕਹੀ ਨਾਲ ਵੱਢ ਦਿੱਤਾ। ਜਦੋਂ ਉਹ ਕਹੀ ਨਾਲ ਟੱਕ ਲਾ ਰਿਹਾ ਸੀ ਤਾਂ ਮੁਣਸ਼ਾ ਸਿੰਘ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਸਨੇ ਕਹੀ ਨਾਲ ਮੁਣਸ਼ਾ ਸਿੰਘ 'ਤੇ ਵਾਰ ਕੀਤਾ। ਮੁਣਸ਼ਾ ਸਿੰਘ ਨੇ ਇਸ ਨੂੰ ਰੋਕ ਲਿਆ ਫਿਰ ਸਾਰੇ ਰੌਲਾ ਪੈ ਗਿਆ। ਆਸੇ ਪਾਸੇ ਤੋਂ ਸਾਰੇ ਇਕੱਠੇ ਹੋ ਕੇ ਆ ਗਏ। ਮੁਣਸ਼ਾ ਸਿੰਘ ਦਾ ਛੋਟਾ ਭਾਈ ਸ਼ੰਕਰ ਸਿੰਘ ਆਪਣੇ ਭਰਾ ਦੀ ਆਵਾਜ਼ ਸੁਣ ਕੇ ਝੱਟ ਆ ਗਿਆ ਵਿਰੋਧੀ ਪਾਰਟੀ ਨੂੰ ਟਕੂਏ ਨਾਲ ਵਾਰ ਕਰਦਾ ਹੋਇਆ ਪਿੱਛੇ ਧੱਕਦਾ ਹੋਇਆ ਲੈ ਗਿਆ ਅਤੇ ਇਸ ਲੜਾਈ ਵਿਚ ਚਾਚੀ ਠਾਕਰੀ ਦੀ ਬਾਂਹ ਵੱਢੀ ਗਈ। ਦੋਹਾਂ ਪਾਰਟੀਆਂ ਦੇ ਸੱਟਾਂ ਲੱਗੀਆਂ। ਸਾਧੂ ਸਿੰਘ ਦੀਆਂ ਨੂੰਹਾਂ ਕੇਸਰੀ ਤੇ ਪ੍ਰੀਤੋ ਨੇ ਵੀ ਇਸ ਲੜਾਈ ਵਿਚ ਆਪਣੇ ਬਜ਼ੁਰਗਾਂ ਦਾ ਡੱਟ ਕੇ ਸਾਥ ਦਿੱਤਾ।

ਦੋਵੇਂ ਪਾਰਟੀਆਂ ਸਿਵਲ ਹਸਪਤਾਲ ਹੁਸ਼ਿਆਰਪੁਰ ਪਹੁੰਚ ਕੇ ਦਾਖਲ ਹੋ ਗਈਆਂ। ਚਾਚੀ ਠਾਕਰੀ ਦੇ ਬਾਂਹ 'ਤੇ ਪਲੱਸਤਰ ਲੱਗਾ ਉਹ ਦੋ ਹਫਤੇ ਮਗਰੋਂ ਪਿੰਡ ਆਈ। ਲਛਕਰ ਸਿੰਘ ਵੀ ਹਸਪਤਾਲ ਵਿਚ ਦਾਖਲ ਸੀ। ਬੰਤਾ ਸਿੰਘ ਨੂੰ ਪਿੰਡ ਦੇ ਕਈ ਲੋਕਾਂ ਨੇ ਚੱਕੋਪਾਈ ਕੀਤੀ ਕਿ ਸ਼ੰਕਰ ਸਿੰਘ 'ਤੇ ਕੇਸ ਦਰਜ ਕਰਵਾ ਕੇ ਜੇਲ੍ਹ ਦਿੱਤਾ ਜਾਵੇ। ਦੋਹਾਂ ਧਿਰਾਂ ਦੇ ਰਿਸ਼ਤੇਦਾਰ ਇਕੱਠੇ ਹੋਏ ਅੰਤ ਬੰਤਾ ਸਿੰਘ ਨੇ ਕਿਹਾ ਕਿ "ਮੇਰੇ ਲੜਕੇ ਦਾ ਕਸੂਰ ਹੈ। ਮੈਂ ਕਿਸੇ ਨਾਲ ਕੋਈ ਝਗੜਾ ਨਹੀਂ ਕਰਨਾ। ਮੈਂ ਰਾਜ਼ੀਨਾਮਾ ਕਰਨਾ ਹੈ। ਇਹ ਪਰਿਵਾਰ ਭਲਾਮਾਣਸ ਹੈ। ਇਨ੍ਹਾਂ ਨੇ ਕਦੇ ਕਿਸੇ ਨਾਲ ਵਾਧਾ ਨਹੀਂ ਕੀਤਾ। ਮੇਰੇ ਨਾਲ ਠੀਕ ਚਲਦੇ ਆ ਰਹੇ ਹਨ। ਜਦੋਂ ਲਛਕਰ ਸਿੰਘ ਸਿਵਲ ਹਸਪਤਾਲ, ਹੁਸ਼ਿਆਰਪੁਰ ਦਾਖਲ ਸੀ ਤਾਂ ਸਾਡੇ ਬਜ਼ੁਰਗਾਂ ਨੇ ਆਪ ਬੰਤਾ ਸਿੰਘ ਦੀ ਮੱਕੀ ਦੀ ਗੋਡੀ ਕੀਤੀ ਅਤੇ ਜੋ ਝਗੜਾ ਹੋਇਆ ਉਸ ਨੂੰ ਪਿੰਡ ਨੇ ਜਲਦੀ ਹੀ ਭੁੱਲਾ ਦਿੱਤਾ ਗਿਆ। ਬੰਤਾ ਸਿੰਘ ਦੀਆਂ ਲੜਕੀਆਂ ਅਜੇਹੀ ਹਾਲਤ ਵਿਚ ਪਿੰਡ ਗਗਨੌਲੀ ਆਈਆਂ ਹੋਈਆਂ ਸਨ ਜਦੋਂ ਬਜ਼ੁਰਗ ਧੰਨਾ ਸਿੰਘ ਦੇ ਯੂ.ਪੀ. ਵਿਚ ਰਹਿੰਦੇ ਲੜਕੇ ਪੰਜਾਬ ਆਏ ਤਾਂ ਉਹ ਜਿੱਥੇ ਲਛਕਰ ਸਿੰਘ ਦੇ ਘਰ ਉਸ ਦੀ ਖ਼ਬਰ ਲੈਣ ਗਏ ਉਹ ਫਿਰ ਸਾਰੇ ਘਰਾਂ ਵਿਚ ਮਿਲ ਕੇ ਆਏ। ਕਈ ਆਦਮੀਆਂ ਨੇ ਸ਼ੰਕਰ ਸਿੰਘ ਨੂੰ ਧਮਕੀਆਂ ਵੀ ਦਿੱਤੀਆਂ ਪਰ ਉਹ ਉਨ੍ਹਾਂ ਦੀ ਪਰਵਾਹ ਕੀਤੇ ਬਗੈਰ ਦਲੇਰੀ ਨਾਲ ਆਪਣਾ ਖੇਤੀ ਦਾ ਕੰਮ ਕਰਦਾ ਰਿਹਾ। ਇਹ ਥੋੜ੍ਹੇ ਸਮੇਂ ਦਾ ਦੁਖਾਂਤ ਸੀ ਜਲਦੀ ਹੀ ਹਾਲਾਤ ਸੁਖਾਵੇਂ ਹੋ ਗਏ ਸਨ। ਪਿੰਡ ਵਿਚ ਅਸੀਂ ਕਈ ਵਾਰ ਉਸ ਘਰ ਦੀਆਂ ਫ਼ਸਲਾਂ ਬੀਜੀਆਂ ਤੇ ਵੱਢੀਆਂ ਹਨ। ਇਹ ਬੀਤੇ ਦੀਆਂ ਬਾਤਾਂ ਹਨ।

ਬੰਤਾ ਸਿੰਘ ਦੀ ਸਾਂਝ ਸਾਡੇ ਪਰਿਵਾਰ ਨਾਲ ਉਨ੍ਹਾਂ ਦੇ ਮਰਨ ਤੋਂ ਮਗਰੋਂ ਵੀ ਰਹੀ ਹੈ। ਉਸ ਦੇ ਪੋਤਰੇ ਸਾਡੇ ਨਾਲ ਖੇਡਦੇ ਸਨ। ਹਾਸਾ ਮਜ਼ਾਕ ਆਮ ਵਾਂਗ ਚਲਦਾ ਸੀ।

ਬੰਤਾ ਸਿੰਘ ਆਪਣੀ ਸੁਆਸਾਂ ਰੂਪੀ ਪੂੰਜੀ ਨੂੰ ਭੋਗਦੇ ਹੋਏ ਮਿਤੀ 25-9-1975 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ। ਉਸ ਦੇ ਪੋਤਿਆਂ ਨੇ ਬਾਬਾ ਬੰਤਾ ਸਿੰਘ ਦੀ ਪਾਲਕੀ ਬਣਾ ਕੇ ਵਧੀਆ ਢੰਗ ਨਾਲ ਸਸਕਾਰ ਕੀਤਾ। ਉਨ੍ਹਾਂ ਦੇ ਭੋਗ ਦੀ ਰਸਮ ਵੀ ਵਧੀਆ ਕੀਤੀ ਗਈ। ਇਹ ਬੰਤਾ ਸਿੰਘ ਤੇ ਮਾਤਾ ਜਵਾਲੀ ਦੇ ਜੀਵਨ ਦਾ ਸੰਖੇਪ ਬਿਰਤਾਂਤ ਸੀ।

ਵੰਸ਼: ਆਪ ਦੇ ਵੰਸ਼ ਵਿਚ ਚਾਰ ਲੜਕੀਆਂ ਅਤੇ ਦੋ ਲੜਕੇ ਹਨ।

ਲੜਕੀਆਂ: ਕਰਮ ਕੌਰ, ਜੀਤ ਕੌਰ, ਸੀਬੋ ਤੇ ਸੀਸੋ ਹਨ।

ਕਰਮ ਕੌਰ ਤੇ ਸੀਬੋ ਫਗਵਾੜੇ ਦੇ ਕੋਲ ਪਿੰਡ ਬਾਹਦਾਂ ਵਿਆਹੀਆਂ ਹੋਈਆਂ ਹਨ। ਜੀਤ ਕੌਰ ਫਗਵਾੜੇ ਕੋਲ ਵਿਰਕਾਂ ਵਿਆਹੀ ਹੋਈ ਹੈ। ਸੀਸੋ ਲੱਖਪੁਰ ਸਾਨੀ ਵਿਆਹੀ ਹੋਈ ਹੈ।

ਨੋਟ: ਸਾਰੀਆਂ ਲੜਕੀਆਂ ਆਪਣੇ ਘਰਾਂ ਵਿਚ ਸੁਖੀ ਹਨ। ਇਨ੍ਹਾਂ ਪਰਿਵਾਰਾਂ ਵਿਚੋਂ ਕੋਈ ਤਹਿਸੀਲਦਾਰ ਤੇ ਕੋਈ ਜੱਜ ਸੇਵਾ ਮੁਕਤ ਹੈ। ਇਨ੍ਹਾਂ ਦੇ ਬੱਚੇ ਬਾਹਰ ਵਿਦੇਸ਼ਾਂ ਵਿਚ ਹਨ।

* **ਲੜਕੇ:** ਬਲਵੰਤ ਸਿੰਘ ਤੇ ਲਛਕਰ ਸਿੰਘ

ਬਲਵੰਤ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਹਰ ਕੌਰ ਹੈ। ਆਪ ਦੇ ਦੋ ਲੜਕੇ ਤੇ ਇਕ ਲੜਕੀ ਹੈ। ਬਲਵੰਤ ਸਿੰਘ ਮੇਰੀ ਸੁਰਤ ਤੋਂ ਪਹਿਲਾਂ ਦਾ ਇੰਗਲੈਂਡ ਗਿਆ ਹੋਇਆ ਹੈ। ਪਹਿਲੀ ਵਾਰ ਆਪ 1972 ਵਿਚ ਪੰਜਾਬ ਆਪਣੇ ਪਿੰਡ ਗਗਨੌਲੀ ਆਏ। ਦੋ ਤਿੰਨ ਮਹੀਨੇ ਦੀ ਛੁੱਟੀ ਕੱਟੀ, ਆਪਣੇ ਮਕਾਨਾਂ ਦੀ ਰਿਪੇਅਰ ਕੀਤੀ ਫਿਰ ਚਲੇ ਗਏ। ਮਕਾਨ ਦੋਹਾਂ ਭਰਾਵਾਂ ਦਾ ਸਾਂਝਾ ਸੀ, ਜਿਸ ਵਿਚ ਪਾਣੀ ਵਾਸਤੇ ਆਪਣਾ ਖੂਹ ਲੱਗਾ ਹੋਇਆ ਸੀ। ਇਹ ਬੰਤਾ ਸਿੰਘ ਦੇ ਸਮੇਂ ਦਾ ਸੀ। ਇਸ ਦਾ ਅੱਧਾ ਹਿੱਸਾ ਬਾਹਰ ਵੱਲ ਸੀ ਜਿਥੇ ਪਸ਼ੂਆਂ ਨੂੰ ਪਾਣੀ ਪਿਲਾਉਂਦੇ ਸਨ ਅਤੇ ਅੱਧਾ ਹਿੱਸਾ ਘਰ ਵਲ ਸੀ, ਜਿਥੋਂ ਇਹ ਆਪਣੇ ਪੀਣ ਲਈ ਪਾਣੀ ਦੀ ਵਰਤੋਂ ਕਰਦੇ ਸਨ। ਖੂਹ ਉੱਪਰ ਲੈਂਟਰ ਪਾ ਕੇ ਕੰਧ ਬਣੀ ਹੋਈ ਸੀ। ਬਲਵੰਤ ਸਿੰਘ ਨੇ ਮੋਹਨ ਸਿੰਘ ਸਪੁੱਤਰ ਸਾਧੂ ਰਾਮ ਦੇ ਲੜਕੇ ਨੂੰ ਇੰਗਲੈਂਡ ਵਿਚ ਪੱਕਾ ਕਰਨ 'ਚ ਮਦਦ ਕੀਤੀ ਸੀ। ਮੋਹਨ ਸਿੰਘ 1955 ਈ: ਵਿਚ ਇੰਗਲੈਂਡ ਗਿਆ ਸੀ।

* ਬਲਵੰਤ ਸਿੰਘ 1975 ਈ: ਵਿਚ ਫਿਰ ਛੁੱਟੀ ਆਏ। ਜਦੋਂ ਆਪ ਦੇ ਪਿਤਾ ਬੰਤਾ ਸਿੰਘ ਸੁਰਗਵਾਸ ਹੋਏ ਸਨ ਆਪ ਨੇ ਉਨ੍ਹਾਂ ਦੀ ਯਾਦ ਵਿਚ ਗੁਰੂ ਘਰ ਵਿਖੇ ਇਕ ਕਮਰਾ ਬਣਵਾਇਆ ਸੀ। ਕਦੇ-ਕਦੇ ਆਪ ਦੀ ਧਰਮ ਪਤਨੀ ਇੰਗਲੈਂਡ ਤੋਂ ਆਉਂਦੀ ਸੀ। ਉਹ ਆਪਣੇ ਸਮੇਂ ਦੀਆਂ ਸਖੀਆਂ ਸਹੇਲੀਆਂ ਨੂੰ ਮਿਲਦੀ ਸੀ। ਬਲਵੰਤ ਸਿੰਘ ਆਪਣੀ ਸੰਸਾਰਿਕ ਯਾਤਰਾ ਕਰਦੇ ਹੋਏ ਇੰਗਲੈਂਡ ਵਿਚ ਮਿਤੀ 3 ਜਨਵਰੀ 1999 ਦਿਨ ਐਤਵਾਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਅਸੀਂ ਉਨ੍ਹਾਂ ਦੇ ਛੋਟੇ ਭਾਈ ਲਛਕਰ ਸਿੰਘ ਦੇ ਕੋਲ ਘਰ ਜਾ ਕੇ ਰਾਤ ਨੂੰ ਅਫ਼ਸੋਸ ਕੀਤਾ। ਉਨ੍ਹਾਂ ਦੇ

ਹਾਣੀਆਂ ਨੇ ਹੋਰ ਪਰਿਵਾਰਕ ਗੱਲਾਂ ਕੀਤੀਆਂ।

*** ਲਛਕਰ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਕਰਤਾਰ ਕੌਰ ਹੈ ਪਰ ਪਿੰਡ ਵਿਚ ਆਮ ਕਰਕੇ ਕਾਰੋ ਨਾਮ ਹੀ ਚਲਦਾ ਰਿਹਾ ਹੈ ਜਾਂ ਲਛਕਰ ਸਿੰਘ ਦੀ ਕਾਰੋ ਕਹਿ ਕੇ ਦੱਸਿਆ ਜਾਂਦਾ ਸੀ। ਚਾਚੀ ਕਰਤਾਰ ਕੌਰ ਕੱਦ ਦੀ ਲੰਬੀ ਤੇ ਸਰੀਰ ਪਤਲਾ ਸੀ। ਖੇਤੀਬਾੜੀ ਦਾ ਕੰਮ ਡਟ ਕੇ ਕੀਤਾ ਹੈ। ਵੱਡੇ ਪਰਿਵਾਰ ਵਾਲੀ ਸੀ। ਕਿਸੇ ਨੂੰ ਇਹ ਨਹੀਂ ਸੀ ਪਤਾ ਕਿ ਇਹ ਵੀ ਇਕ ਦਿਨ ਇੰਗਲੈਂਡ਼ ਜਾਵੇਗੀ। ਇਨ੍ਹਾਂ ਦੇ ਪਤੀ ਲਛਕਰ ਸਿੰਘ ਵੀ ਡੱਟ ਕੇ ਖੇਤੀ ਕਰਦੇ ਰਹੇ। ਆਪ ਦੀ ਬਹੁਤ ਸਾਰੀ ਜ਼ਮੀਨ ਆਪ ਦੇ ਹਵੇਲੀ ਦੇ ਨਾਲ ਹੀ ਸੀ ਤੇ ਖੂਹ ਦਾ ਪਾਣੀ ਲੱਗਦਾ ਸੀ। ਲਛਕਰ ਸਿੰਘ ਦਾ ਸੁਭਾਅ ਕੁਝ ਤਿੱਖਾ ਸੀ।

*** ਇੰਗਲੈਂਡ ਜਾਣਾ:-** ਆਪ 1968 ਈ: ਦੇ ਕਰੀਬ ਇੰਗਲੈਂਡ ਗਏ। ਆਪ ਦੇ ਵੱਡੇ ਭਾਈ ਬਲਵੰਤ ਸਿੰਘ ਨੇ ਆਪਣੇ ਪਾਸ ਸੱਦ ਲਿਆ, ਜਿਸ ਨਾਲ ਜੀਵਨ ਹੀ ਬਦਲ ਗਿਆ। ਪਰ ਆਦਤ ਸੁਭਾਅ ਉਸੇ ਤਰ੍ਹਾਂ ਹੀ ਰਿਹਾ। ਅਸੀਂ ਗੋਰਿਆਂ ਦੀਆਂ ਗੱਲਾਂ ਕਰਦੇ ਹਾਂ ਜੇ ਅਸੀਂ ਚੰਗੇ ਪੜ੍ਹੇ-ਲਿਖੇ, ਅਗਾਂਹਵਧੂ ਦੇਸ਼ਾਂ ਵਿਚ ਜਾ ਕੇ ਨਹੀਂ ਬਦਲੇ ਤਾਂ ਸਾਨੂੰ ਕਿਸੇ ਨੇ ਇਹ ਨਹੀਂ ਕਹਿਣਾ ਕਿ ਤੁਸੀਂ ਵਿਦੇਸ਼ ਤੋਂ ਆਏ ਹੋ। ਆਪ ਨੂੰ ਮੈਂ ਪਹਿਲੀ ਵਾਰ 1988 ਈ: ਵਿਚ ਦੇਖਿਆ ਸੀ। ਜਦੋਂ ਅਸੀਂ ਸਾਹਰੀ ਵਾਲਿਆਂ ਕੋਲੋਂ ਲਏ ਥਾਂ ਦੀ ਮਿਣਤੀ ਕਰਦੇ ਸੀ। ਥਾਂ ਤਿੰਨ ਮਰਲੇ ਘੱਟ ਨਿਕਲਿਆ। ਪਟਵਾਰੀ ਸਾਹਿਬ ਨੇ ਬੰਨਾਂ ਕੱਢਿਆ ਤਾਂ ਅਸੀਂ ਚੜ੍ਹਦੇ ਪਾਸੇ ਨੂੰ ਥੋੜ੍ਹਾ ਵਧੇ। ਸਾਡੇ ਚੜ੍ਹਦੇ ਪਾਸੇ ਪਿਆਰਾ ਸਿੰਘ ਤੇ ਲੱਛਕਰ ਸਿੰਘ ਦਾ ਖੇਤ ਲੱਗਦਾ ਸੀ। ਇਨ੍ਹਾਂ ਆਪਣਾ ਰਿਸ਼ਤੇਦਾਰ ਲਿਆ ਕਿ ਥਾਂ ਚੜ੍ਹਦੇ ਪਾਸੇ ਤੋਂ ਲਹਿੰਦੇ ਪਾਸੇ ਨੂੰ ਮਿਣਨਾ ਸ਼ੁਰੂ ਕਰ ਦਿੱਤਾ ਪਰ ਜਿਨ੍ਹਾਂ ਭਰਾਵਾਂ ਨੇ ਪਹਿਲਾਂ ਥਾਂ ਲਏ ਸੀ ਉਨ੍ਹਾਂ ਆਪਣੀ ਹੱਦ ਬੰਦੀ ਲਗਾ ਲਈ ਸੀ। ਅਸੀਂ ਥਾਂ ਦਾ ਘਾਟਾ ਖਾਧਾ। ਲਛਕਰ ਸਿੰਘ ਨੇ ਕੜਕਦੀ ਆਵਾਜ਼ ਵਿਚ ਕਿਹਾ, "ਸਾਡਾ ਬੰਨਾ ਠੀਕ ਹੈ। ਅਸੀਂ ਅੱਗੇ ਨਹੀਂ ਵਧਣ ਦੇਣਾ।" ਜਦੋਂ ਕਿ ਉਸ ਨੂੰ ਚਾਹੀਦੀ ਸੀ ਕਿ ਜੇ ਕਾਕਾ ਆਪ ਦਾ ਥਾਂ ਘਟਦਾ ਹੈ ਤਾਂ ਤੁਸੀਂ ਪੂਰਾ ਕਰ ਸਕਦੇ ਹੋ। ਮੈਂ ਪੁੱਛਿਆ ਇਹ ਕੌਣ ਹੈ? ਪਿੰਡ ਦੇ ਇਕ ਵਿਅਕਤੀ ਨੇ ਦੱਸਿਆ ਕਿ ਇਹ ਲਛਕਰ ਸਿੰਘ ਹੈ। ਮੈਂ ਕਿਹਾ ਵਿਦੇਸ਼ ਜਾ ਕੇ ਵੀ ਦਿਲ ਦੀ ਵਿਸ਼ਾਲਤਾ ਨਹੀਂ ਹੋਈ ਹੈ।

*** ਕਰਤਾਰ ਕੌਰ ਦਾ ਇੰਗਲੈਂਡ ਜਾਣਾ:-** ਕਰਤਾਰ ਕੌਰ ਬਹੁਤ ਸਮੇਂ ਤੋਂ ਕੋਸ਼ਿਸ਼ ਕਰਦੀ ਸੀ ਕਿ ਮੈਂ ਪਰਿਵਾਰ ਸਮੇਤ ਇੰਗਲੈਂਡ ਚਲੀ ਜਾਂਵਾ ਪਰ ਜਦੋਂ ਤਕ ਉਪਰ ਵਾਲੇ ਦੀ ਮਿਹਰ ਨਾ ਹੋਵੇ ਤਾਂ ਕੁਝ ਵੀ ਕੀਤਾ ਨਹੀਂ ਜਾ ਸਕਦਾ।

ਕਰਤਾਰ ਕੌਰ ਦਾ ਜਨਮ ਪਾਕਿਸਤਾਨ ਦਾ ਸੀ। ਇਸ ਕਰਕੇ ਆਪ ਦੀ ਜਨਮ ਮਿਤੀ ਨਹੀਂ ਮਿਲਦੀ ਸੀ। ਉਸ ਨੇ ਆਪ ਦੱਸਿਆ ਕਿ ਕਾਕਾ ਮੇਰਾ ਜਨਮ ਪਾਕਿਸਤਾਨ ਦਾ ਹੈ। ਪਾਸਪੋਰਟ ਬਣਨ ਵਿਚ ਦਿੱਕਤ ਆਉਂਦੀ ਹੈ। ਪਰ ਆਪ ਦੀ ਪ੍ਰਮਾਤਮਾ ਨੇ ਸੁਣ ਲਈ। ਕਰਤਾਰ ਕੌਰ ਪਿੰਡ ਗਗਨੌਲੀ ਤੋਂ 20-7-1977 ਨੂੰ ਇੰਗਲੈਂਡ ਨੂੰ ਗਈ

ਸੀ। ਆਪ ਨੂੰ ਪਿੰਡ ਤੋਂ ਗਿਆਂ ਨੂੰ 38 ਸਾਲ ਹੋ ਗਏ ਹਨ। ਮੈਂ ਆਪ ਨੂੰ ਨਸਰਾਲੇ ਰੇਲਵੇ ਸਟੇਸ਼ਨ ਛੱਡਣ ਗਿਆ ਸੀ। ਆਪ ਦਾ ਲੜਕਾ ਕਸ਼ਮੀਰਾ ਸਿੰਘ ਉਰਫ਼ ਨਾਨਾ ਅਕਸਰ ਸ਼ਾਮ ਨੂੰ ਮੇਰੇ ਕੋਲ ਆਉਂਦਾ ਸੀ ਜਾਂ ਉਹ ਮਹਿੰਦਰ ਸਿੰਘ ਸਰਪੰਚ ਦੀ ਹਵੇਲੀ ਜਾਂਦਾ ਸੀ। ਉਸ ਨੇ ਇਕ ਦਿਨ ਪਹਿਲਾਂ ਦੱਸਿਆ ਕਿ ਅਸੀਂ ਸਵੇਰ ਨੂੰ ਜਲਦੀ ਜਾਣਾ ਹੈ ਪਰ ਆਪ ਕੁਝ ਲੇਟ ਹੀ ਤੁਰੇ ਸਨ। ਮੈਂ ਜਾਣ ਸਮੇਂ ਆਪਣੇ ਕੋਲੋਂ ਕੁਝ ਯਾਦਗਾਰੀ ਵਸਤਾਂ ਦਿੱਤੀਆਂ ਪਰ ਉਸ ਦਾ ਕਦੇ ਕੋਈ ਖ਼ਤ ਨਹੀਂ ਆਇਆ।

* **ਵੰਸ਼**:- ਲਛਕਰ ਸਿੰਘ ਦੇ ਵੰਸ਼ ਵਿਚ ਤਿੰਨ ਲੜਕੀਆਂ ਬਲਵੀਰ ਕੌਰ, ਪਰਮਜੀਤ ਕੌਰ, ਸੁਖਵਿੰਦਰ ਕੌਰ ਅਤੇ ਚਾਰ ਲੜਕੇ ਹਨ। ਦਲਜੀਤ ਸਿੰਘ, ਕਸ਼ਮੀਰਾ ਸਿੰਘ, ਮਹਿੰਦਰ ਸਿੰਘ ਤੇ ਜੋਗਿੰਦਰ ਸਿੰਘ।

* ਦਲਜੀਤ ਸਿੰਘ ਸਾਰੇ ਪਰਿਵਾਰ ਤੋਂ ਮਗਰੋਂ (4-5-1980) ਇੰਗਲੈਂਡ ਨੂੰ ਗਿਆ ਹੈ। ਜਦੋਂ ਬਾਕੀ ਮੈਂਬਰ ਗਏ ਸਨ ਤਾਂ ਆਪ ਉਨ੍ਹਾਂ ਨਾਲ ਨਹੀਂ ਜਾ ਸਕੇ। ਦਲਜੀਤ ਸਿੰਘ ਆਪਣੀ ਦਾਦੀ ਦੇ ਨਾਲ ਰਹਿੰਦਾ ਸੀ ਤੇ ਉੱਚਾ ਲੰਮਾ ਜਵਾਨ ਸੀ। ਤਕਰੀਬਨ ਰਾਤ ਦੇ ਦੋ ਵਜੇ ਦੇ ਕਰੀਬ ਹਲ ਵਾਹੁੰਦਾ ਸੀ ਤੇ ਦਿਨ ਚੜ੍ਹਦੇ ਹਟ ਜਾਂਦਾ ਸੀ। ਉਹ ਅਕਸਰ ਮੈਨੂੰ ਮਿਲ ਪੈਂਦਾ ਸੀ। ਮੈਂ ਕਿਹਾ,"ਦਲਜੀਤ! ਖੇਤ ਸਰਪੰਚਾਂ ਦੇ ਟਰੈਕਟਰ ਨਾਲ ਵਹਾਏ ਹਨ।" ਉਸ ਨੇ ਹੱਸ ਕੇ ਕਿਹਾ, "ਸਰਪੰਚਾਂ ਦਾ ਟਰੈਕਟਰ ਤਾਂ ਮੇਰੇ ਵਾਹੇ ਹੋਏ ਖੇਤਾਂ ਵਿਚੋਂ ਦੀ ਖਾਲੀ ਵੀ ਲੰਘ ਨਹੀਂ ਸਕਦਾ।" ਭਾਵ ਮੈਂ ਵਾਹੀ ਚੰਗੀ ਤਰ੍ਹਾਂ ਕਰਦਾ ਹਾਂ। ਉਸ ਦਾ ਵਿਸ਼ੇਸ਼ ਗੁਣ ਇਹ ਸੀ ਕਿ ਉਹ ਆਪਣੀ ਹਾੜ੍ਹੀ ਦੀ ਫ਼ਸਲ ਪਿੰਡ ਵਿਚ ਸਭ ਤੋਂ ਪਹਿਲਾਂ ਸੰਭਾਲ ਲੈਂਦਾ ਸੀ। ਮਹਿੰਦਰ ਸਿੰਘ ਸਰਪੰਚ ਦੇ ਪਰਿਵਾਰ ਦੇ ਕੋਲ ਜੀਟਰ 2011 ਟਰੈਕਟਰ ਸੀ। ਉਨ੍ਹਾਂ ਦੇ ਕੋਲ ਥਰੈਸ਼ਰ ਵੀ ਸੀ। ਦਲਜੀਤ ਸਿੰਘ ਆਪ ਨਾਲ ਹੋ ਕੇ ਮਸ਼ੀਨ ਨੂੰ ਠੀਕ ਕਰਦਾ ਤੇ ਸਭ ਤੋਂ ਪਹਿਲਾਂ ਆਪਣੀ ਹਵੇਲੀ ਲਿਆ ਕੇ ਕੰਮ ਸ਼ੁਰੂ ਕਰਦਾ। ਕੰਮ ਕਰਦੇ ਵਿਅਕਤੀਆਂ ਨਾਲ ਕੁਤਰਾਈ ਕਰਦਾ, ਤੂੜੀ ਚੁਕਾਉਂਦਾ ਤੇ ਚਾਹ ਪਾਣੀ ਦੀ ਚੰਗੀ ਸੇਵਾ ਕਰਦਾ। ਇਸ ਤਰ੍ਹਾਂ ਉਹ ਫ਼ਸਲ ਸਾਂਭਣ ਵਿਚ ਸਭ ਤੋਂ ਪਹਿਲਾਂ ਕਾਮਯਾਬ ਹੋ ਜਾਂਦਾ।

ਦਲਜੀਤ ਸਿੰਘ ਦੀ ਨੀਅਤ ਵੀ ਦਲੇਰ ਸੀ। ਆਪ ਨੇ ਥੋੜ੍ਹੇ ਹਾੜ੍ਹੂ ਆਲੂ ਲਗਾਏ ਸਨ। ਆਲੂਆਂ ਦਾ ਭਾਅ ਕੁਝ ਮੰਦਾ ਸੀ। ਆਪ ਸ਼ਹਿਰ ਨੂੰ ਪੰਜ-ਛੇ ਬੋਰੀਆਂ ਲੈ ਕੇ ਗਿਆ ਜਿੰਨੇ ਪੈਸੇ ਵੱਟ ਹੋਏ ਸਾਨੂੰ ਫ਼ਿਲਮ ਦਿਖਾਈ, ਖਾਧਾ ਪੀਤਾ ਤੇ ਘਰ ਨੂੰ ਆ ਗਏ।

ਦਲਜੀਤ ਸਿੰਘ ਜਨਵਰੀ 1982 ਦੇ ਕਰੀਬ ਛੁੱਟੀ ਆਇਆ। ਮੁੜ ਮੈਨੂੰ ਨਹੀਂ ਮਿਲਿਆ। ਜਦੋਂ ਉਨ੍ਹਾਂ ਦੀ ਮਾਤਾ ਕਰਤਾਰ ਕੌਰ ਨਾਲ ਫਰਵਰੀ 1998 ਈ: ਵਿਚ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ, "ਕਾਕਾ! ਬਾਹਰਲੇ ਬੰਦਿਆਂ ਕੋਲ ਸਮਾਂ ਹੀ ਨਹੀਂ ਹੈ ਕਿ ਅਸੀਂ ਕਿਸੇ ਨੂੰ ਮਿਲ ਸਕੀਏ।" ਦਲਜੀਤ ਸਿੰਘ 31-12-2016 ਨੂੰ ਮੈਨੂੰ ਮਿਲਿਆ ਤਾਂ ਅਸੀਂ ਬੀਤੇ ਸਮੇਂ ਦੀ ਵਾਰਤਾਲਾਪ ਕੀਤੀ।

* **ਢੇਰੂ**:- ਇਹ ਨਾਮੇ ਦਾ ਤੀਸਰਾ ਲੜਕਾ ਸੀ, ਜੋ ਸ਼ਾਦੀ-ਸ਼ੁਦਾ ਨਹੀਂ ਸੀ। ਇਸ

ਦੀ ਅੱਖਾਂ ਦੀ ਰੋਸ਼ਨੀ ਘੱਟ ਸੀ। ਇਸ ਦੀ ਮੌਤ ਸੱਪ ਲੜਨ ਨਾਲ ਹੋਈ ਹੈ।

*** ਸੰਤਾ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਸੰਤੀ ਸੀ। ਆਪ ਦੀ ਇਕ ਲੜਕੀ ਅਮਰ ਕੌਰ ਸੀ ਜੋ ਪਿੰਡ ਪੁਰ ਹੀਰਾਂ ਵਿਆਹੀ ਹੋਈ ਹੈ। ਉਸ ਨੇ ਹੀ ਲੰਬੜਾਂ ਦੀ ਲੜਕੀ ਗਿਆਨ ਕੌਰ ਦਾ ਰਿਸ਼ਤਾ ਪੁਰ ਹੀਰਾਂ ਕੀਤਾ ਸੀ। ਮੈਂ ਵੇਖਿਆ ਹੈ ਉਹ ਕਦੇ-ਕਦੇ ਪਿੰਡ ਆਉਂਦੀ ਸੀ ਤਾਂ ਕਿਸੇ ਨੇ ਦੱਸਣਾ ਇਹ ਬੰਤਾ ਸਿੰਘ ਦੀ ਭਤੀਜੀ ਹੈ।

ਇਹ ਸੀ ਨਾਮਾ ਸਿੰਘ ਭੰਡਾਰੀ ਵਾਲੇ ਦੇ ਪਰਿਵਾਰ ਦਾ ਵੇਰਵਾ।

ਨੋਟ:- ਦਲਜੀਤ ਸਿੰਘ ਦੀ ਧਰਮ ਪਤਨੀ ਦਾ ਨਾਮ ਬਲਵੀਰ ਕੌਰ ਹੈ। ਆਪ ਦਾ ਲੜਕਾ ਸਤਨਾਮ ਸਿੰਘ ਪੀ.ਐਚ.ਡੀ. ਹੈ ਤੇ ਲੜਕੀ ਬਲਜੀਤ ਕੌਰ ਹੈ ਜਿਸ ਨੇ ਮੈਡੀਸਨ ਦੀ ਡਿਗਰੀ ਕੀਤੀ ਹੈ। ਦਲਜੀਤ ਸਿੰਘ ਨੇ ਇੰਗਲੈਂਡ ਵਿਚ ਜਾ ਕੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਹੈ ਜਿਸ ਨਾਲ ਜੀਵਨ ਵਿਚ ਬਹੁਤ ਤਬਦੀਲੀ ਆਈ ਹੈ। ਇੰਗਲੈਂਡ ਵਿਚ ਆਪ ਗੁਰੂ ਘਰ ਨਾਲ ਜੁੜੇ ਹੋਏ ਹਨ। ਇਨ੍ਹਾਂ ਨੇ ਉਤਸਾਹਤ ਹੋ ਕੇ ਮੇਰੀ ਮਾਇਕ ਸਹਾਇਤਾ ਕੀਤੀ ਹੈ। ਇਸ ਲਈ ਮੈਂ ਇਸ ਪਰਿਵਾਰ ਦਾ ਧੰਨਵਾਦੀ ਹਾਂ।

ਕਾਨਾ- ਦਾਨਾ

ਈਸ਼ਰ ਸਿੰਘ ਤੇ ਮੇਹਰ ਸਿੰਘ ਦਾ ਵੰਸ਼ ਕਾਨਾ ਤੇ ਦਾਨਾ ਤੋਂ ਚੱਲਦਾ ਹੈ ਜਿੱਥੋਂ ਤੱਕ ਮੈਨੂੰ ਪਰਿਵਾਰਕ ਵੇਰਵੇ ਮਿਲਦੇ ਹਨ ਮੈਂ ਉਥੋਂ ਹੀ ਲਿਖਣਾ ਸ਼ੁਰੂ ਕਰਦਾ ਹਾਂ।

ਕਾਨਾ ਦੇ ਵੰਸ਼ ਵਿਚ ਇਕ ਲੜਕਾ ਹਾਕੋ ਹੈ, ਜਿਸ ਤੋਂ ਅੱਗੇ ਪਰਿਵਾਰ ਦੀ ਪੁਸ਼ਤ ਚੱਲਦੀ ਹੈ।

* **ਹਾਕੋ**:- ਆਪ ਦੀ ਧਰਮ ਪਤਨੀ ਦਾ ਨਾਮ ਨੰਦੀ ਸੀ ਜੋ ਵਡੇਰੀ ਉਮਰ ਪਾ ਕੇ ਸੁਰਗਵਾਸ ਹੋਈ ਸੀ। ਮਾਤਾ ਦੇ ਪੇਕੇ ਕਾਲਾ ਬੱਕਰਾ ਜਲੰਧਰ ਸਨ।

ਵੰਸ਼ਾਂ: ਹਾਕੋ ਦੇ ਪੰਜ ਲੜਕੇ ਹੇਠ ਲਿਖੇ ਅਨੁਸਾਰ ਹਨ

ਈਸ਼ਰ ਸਿੰਘ, ਠਾਕਰ ਸਿੰਘ, ਮੇਹਰ ਸਿੰਘ, ਕਰਤਾਰ ਸਿੰਘ, ਜਗਤ ਸਿੰਘ

1. * **ਈਸ਼ਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਜੱਸੋ ਸੀ, ਜਿਸ ਦੀ ਇਕ ਲੜਕੀ ਪ੍ਰੀਤਮ ਕੌਰ ਸੀ, ਜੋ ਪਿੰਡ ਤਨੂੰਲੀ ਵਿਆਹੀ ਹੋਈ ਸੀ। ਇਕ ਲੜਕੀ ਤੋਂ ਮਗਰੋਂ ਜੱਸੋ ਦੀ ਮੌਤ ਹੋ ਗਈ ਸੀ। ਈਸ਼ਰ ਸਿੰਘ ਬਾਰੇ ਏਨਾ ਹੀ ਵੇਰਵਾ ਮਿਲਦਾ ਹੈ।

2. * **ਠਾਕਰ ਸਿੰਘ**:- ਆਪ ਦੀ ਸ਼ਾਦੀ ਗੰਗੀ ਨਾਲ ਹੋਈ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾਦੋਵਾਲ ਸਨ। ਠਾਕਰ ਸਿੰਘ ਪਲੇਗ ਦੀ ਬੀਮਾਰੀ ਨਾਲ ਮਰ ਗਿਆ ਸੀ। ਇਸ ਦੀ ਕੋਈ ਔਲਾਦ ਨਹੀਂ ਸੀ। ਫਿਰ ਗੰਗੀ ਦੀ ਸ਼ਾਦੀ ਈਸ਼ਰ ਸਿੰਘ ਨਾਲ ਕਰ ਦਿੱਤੀ ਗਈ।

ਵੰਸ਼: ਈਸ਼ਰ ਸਿੰਘ ਦੇ ਵੰਸ਼ ਵਿਚ ਦੋ ਪੁੱਤਰ ਸਨ।

ਰੱਖਾ ਸਿੰਘ ਅਤੇ ਚਾਨਣ ਸਿੰਘ

1. * **ਰੱਖਾ ਸਿੰਘ**:- ਆਪ ਨੇ ਸ਼ਾਦੀ ਨਹੀਂ ਕਰਵਾਈ ਤੇ ਆਪਣੀ ਮਾਤਾ ਗੰਗੀ ਦੀ ਸੇਵਾ ਕੀਤੀ ਹੈ। ਰੱਖਾ ਸਿੰਘ ਨੇ ਆਪਣੇ ਛੋਟੇ ਭਾਈ ਚਾਨਣ ਸਿੰਘ ਦੀ ਲੜਕੀ ਹਰਬੰਸ ਕੌਰ ਨੂੰ ਗੋਦ ਲਿਆ ਹੋਇਆ ਸੀ। ਹਰਬੰਸ ਕੌਰ ਆਪਣੇ ਤਾਏ ਤੇ ਦਾਦੀ ਮਾਤਾ ਗੰਗੀ ਦਾ ਖਿਆਲ ਰੱਖਦੀ ਸੀ। ਰੱਖਾ ਸਿੰਘ ਆਪਣਾ ਵੱਖਰਾ ਲਵੇਰਾ ਰੱਖਦਾ ਸੀ। ਹੋਰ ਆਏ-ਗਏ ਭੈਣ-ਭਾਈ ਦੀ ਸੇਵਾ ਕਰਦਾ ਸੀ। ਰੱਖਾ ਸਿੰਘ ਦਾ ਰੰਗ ਸਾਂਵਲਾ ਤੇ ਕੱਦ ਸਾਢੇ ਪੰਜ ਫੁੱਟ ਦੇ ਕਰੀਬ ਸੀ। ਰੱਖਾ ਸਿੰਘ ਨੇ 1947 ਤੋਂ ਪਹਿਲਾਂ ਖੇਤੀ ਦੇ ਨਾਲ ਗੱਡਾ ਵੀ ਵਾਹਿਆ ਹੈ। ਪਿੰਡ ਦੇ ਉੱਤਰ ਦੇ ਪਾਸੇ ਚੋਈ ਕੰਡੇ ਪਸ਼ੂਆਂ ਦੇ ਰਹਿਣ ਲਈ ਛੰਨ ਬੰਨ੍ਹੀ ਹੋਈ ਸੀ। ਬਰਸਾਤਾਂ ਨੂੰ ਆਮ ਕਰਕੇ ਪਸ਼ੂ ਇਥੇ ਹੀ ਬੱਝਦੇ ਸਨ। ਇਸ ਦੇ ਰਹਿਣ

ਲਈ ਇਕ ਕਮਰਾ ਵੀ ਸੀ। ਮਾਤਾ ਗੰਗੀ ਦੀ ਉਮਰ ਕਾਫੀ ਹੋ ਗਈ ਸੀ ਉਹ ਸੋਟੇ ਦੇ ਸਹਾਰੇ ਚੱਲਦੀ ਸੀ। ਮਾਤਾ ਦਾ ਗੜ੍ਹਕਾ ਪੂਰਾ ਸੀ। ਇਕ ਵਾਰ ਜੇਠ ਮਹੀਨੇ ਮੈਂ ਦੁੱਧ ਲੈਣ ਗਿਆ ਤਾਂ ਰੱਖਾ ਸਿੰਘ ਨੇ ਅਜੇ ਮੱਝ ਨਹੀਂ ਚੋਈ ਸੀ। ਉਹ ਮੱਝ ਨੂੰ ਪਾਣੀ ਪਿਆ ਰਿਹਾ ਸੀ। ਮਾਤਾ ਗੰਗੀ ਉਸ ਨੂੰ ਬੋਲ ਰਹੀ ਸੀ, "ਤੇਰੇ ਕੰਮ ਡੋਗਰ ਵਾਲੇ ਰਹੇ ਹਨ ਤੂੰ ਪਸ਼ੂਆਂ ਨੂੰ ਸਮੇਂ ਸਿਰ ਨਹੀਂ ਚੋਂਦਾ। ਏਦਾ ਨਾ ਕਰਿਆ ਕਰ।" ਸਾਡੀਆਂ ਤਾਈਆਂ ਚਾਚੀਆਂ ਨਾਲ ਮਾਤਾ ਗੱਲਬਾਤ ਕਰਦੀ ਹੁੰਦੀ ਸੀ। ਗੋਦ ਲਈ ਲੜਕੀ ਹਰਬੰਸ ਕੌਰ ਵਰ ਪ੍ਰਾਪਤ ਹੋ ਗਈ ਸੀ। ਮਾਤਾ ਜਿੱਥੇ ਘਰ ਦਾ ਛੋਟਾ-ਮੋਟਾ ਕੰਮ ਕਰਦੀ, ਉੱਥੇ ਵਿਹਲੇ ਸਮੇਂ ਚਰਖਾ ਵੀ ਕੱਤਦੀ ਸੀ। ਆਪਣੀ ਪੋਤੀ ਦੇ ਦਾਜ ਲਈ ਉਸ ਨੇ ਆਪ ਸਾਰਾ ਸੂਤ ਕੱਤਿਆ ਸੀ ਤੇ ਪਿੰਡ ਦੇ ਖੇਸੀਆਂ ਚਾਦਰਾਂ ਦੇ ਮਾਹਿਰ ਬੰਤਾ ਸਿੰਘ ਪਾਸੋਂ ਬਣਵਾਇਆ ਸੀ। ਬੰਤਾ ਸਿੰਘ ਕੱਪੜਾ ਬੁਨਣ ਦੇ ਨਾਲ ਡੰਗਰ ਡਾਕਟਰ ਵੀ ਸੀ। ਦੂਰ-ਦੂਰ ਤੋਂ ਲੋਕ ਉਸ ਦੇ ਕੋਲ ਦਵਾਈ ਲੈਣ ਆਉਂਦੇ ਸਨ। ਮਾਤਾ ਗੰਗੀ ਤੇ ਤਾਇਆ ਰੱਖਾ ਸਿੰਘ ਨੇ ਹਰਬੰਸ ਕੌਰ ਦੀ ਸ਼ਾਦੀ ਪਿੰਡ ਮਾਨਾ ਕਰਨੀ ਤਹਿ ਕਰ ਦਿੱਤੀ ਤੇ ਮਿਤੀ 15-6-1973 ਨੂੰ ਹਰਬੰਸ ਕੌਰ ਦੀ ਡੋਲੀ ਤੋਰੀ ਸੀ। ਡੋਲੀ ਤੋਰਨ ਤੋਂ ਮਗਰੋਂ ਦਾਦੀ ਮਾਤਾ ਗੰਗੀ ਨੂੰ ਆਪਣਾ ਘਰ ਸੁੰਨਾ-ਸੁੰਨਾ ਲੱਗਣ ਲੱਗਾ। ਉਸ ਨੇ ਸੁਨੇਹਾ ਭੇਜਿਆ ਕਿ ਹਰਬੰਸ ਕੌਰ ਜਲਦੀ ਮੈਨੂੰ ਮਿਲਣ ਆਵੇ। ਮਾਤਾ ਦਾ ਸਰੀਰ ਜਵਾਨੀ ਵੇਲੇ ਬਹੁਤ ਤਕੜਾ ਸੀ। ਇਕ ਵਾਰ ਗੁਆਂਢ ਵਿਚ ਪਰਿਵਾਰ ਦਾ ਕੋਈ ਲੜਾਈ ਝਗੜਾ ਹੋਇਆ ਤਾਂ ਮਾਤਾ ਪੌੜੀ ਚੜ੍ਹ ਕੇ ਆਪ ਆਪਣੇ ਪੁੱਤਰਾਂ ਨੂੰ ਲਾਠੀਆਂ ਫੜਾਉਂਦੀ ਮੈਂ ਦੇਖੀ ਹੈ। ਪਰਿਵਾਰ ਦਾ ਕੋਈ ਵੀ ਮੈਂਬਰ ਜੇਕਰ ਆਕੜ ਫਾਕੜ ਕਰਦਾ ਤਾਂ ਉਹ ਡਾਂਟ ਦਿੰਦੀ ਸੀ। ਮਾਤਾ ਗੰਗੀ ਲੰਬੀ ਉਮਰ ਭੋਗ ਕੇ ਮਿਤੀ 27-9-1976 ਦਿਨ ਸੋਮਵਾਰ ਗੁਰੂ ਚਰਨਾਂ 'ਚ ਜਾ ਬਿਰਾਜੀ। ਸਾਰੇ ਪਰਿਵਾਰ ਨੇ ਮਿਲ ਕੇ ਉਸ ਦਾ ਸ਼ਰਧਾਂਜਲੀ ਸਮਾਗਮ ਵਧੀਆ ਢੰਗ ਨਾਲ ਕੀਤਾ।

ਰੱਖਾ ਸਿੰਘ ਹੁਣ ਮਾਤਾ ਨੂੰ ਤੋਰਨ ਤੋਂ ਮਗਰੋਂ ਇਕੱਲਾ ਰਹਿ ਗਿਆ ਸੀ ਪਰ ਉਸ ਦੇ ਭਾਈ ਚਾਨਣ ਸਿੰਘ ਦਾ ਪਰਿਵਾਰ ਨਾਲ ਸੀ। ਰੱਖਾ ਸਿੰਘ ਨੂੰ ਰੋਟੀ ਉਹ ਦਿੰਦੇ ਸਨ। ਰੱਖਾ ਸਿੰਘ ਖੱਦਰ ਦਾ ਲੰਬਾ ਕੁੜਤਾ ਪਾਉਂਦਾ ਸੀ। ਅਸੀਂ ਕਈ ਵਾਰ ਉਸ ਨਾਲ ਹਾਸਾ ਮਜ਼ਾਕ ਕਰ ਲੈਂਦੇ ਸੀ। ਜਦੋਂ ਅਸੀਂ ਕਣਕ ਦੀ ਕੁਤਰਾਈ ਕਰਦੇ ਹੁੰਦੇ ਸੀ ਤਾਂ ਰੱਖਾ ਸਿੰਘ ਨੇ ਆਖਣਾ, "ਨੌਜਵਾਨੋ ਕਣਕ ਕੱਢਣੀ ਹੈ ਤੁਹਾਡੀ ਸੇਵਾ ਪੂਰੀ ਹੋਵੇਗੀ। ਮੇਰੇ ਕੋਲ ਦੇਸੀ ਘਿਓ ਬਹੁਤ ਹੈ।" ਉਸ ਦੇ ਭਤੀਜੇ ਵੀ ਕਹਿਣਕਾਰ ਸਨ, ਜੋ ਉਸ ਦੇ ਨਾਲ ਖੇਤੀ ਦਾ ਕੰਮ ਕਰਦੇ ਸਨ। ਰੱਖਾ ਸਿੰਘ ਨੇ ਜਲੰਧਰ ਭਾੜਾ ਢੋਇਆ ਹੈ। ਮੇਰੇ ਪਿਤਾ ਜੀ ਸ. ਬਸੰਤ ਸਿੰਘ ਨੇ ਦੱਸਿਆ ਕਿ ਇਕ ਵਾਰ ਕੁਝ ਪੀਪੇ ਜੋ ਸੀਰੇ ਨਾਲ ਭਰੇ ਹੋਏ ਸਨ, ਪਸ਼ੂਆਂ ਦੇ ਜ਼ਿਆਦਾ ਤੇਜ਼ ਚੱਲਣ ਨਾਲ ਊਣੇ ਹੋ ਗਏ। ਬਸੰਤ ਸਿੰਘ ਜੋ ਜਲੰਧਰ ਕਾਰਖਾਨੇ ਵਿਚ ਕੰਮ ਕਰਦਾ ਸੀ। ਉਸ ਨੇ ਹੋਰ ਪੀਪਿਆਂ 'ਚੋਂ ਸੀਰਾ ਕੱਢ ਕੇ ਬਰਾਬਰ ਕਰ ਦਿੱਤਾ। ਇਨ੍ਹਾਂ ਨਾਲ ਪਿੰਡ ਹੁਸੈਨਪੁਰ ਤੋਂ ਗੁਲਜਾਰੀ ਵੀ ਭਾੜਾ ਢੋਂਹਦਾ ਸੀ। ਆਪ

ਦਾ ਭਾਈ ਚਾਨਣ ਸਿੰਘ ਤਾਂ 60 ਕੁ ਸਾਲ ਦੀ ਉਮਰ 'ਚ ਹੀ ਚਲ ਵਸਿਆ ਸੀ। ਸਾਰੇ ਲੜਕੇ ਤੇ ਲੜਕੀਆਂ ਦੀਆਂ ਵਿਆਹ ਸ਼ਾਦੀਆਂ ਰੱਖਾ ਸਿੰਘ ਨੇ ਆਪ ਮੋਹਰੇ ਹੋ ਕੇ ਕੀਤੀਆਂ ਹਨ। ਆਪ ਮਿਤੀ 18-4-1984 ਨੂੰ 80 ਸਾਲ ਦੀ ਉਮਰ ਭੋਗ ਕੇ ਸਵਰਗ ਸੁਧਾਰ ਗਏ। ਜਿਥੇ ਆਪ ਦਾ ਘਰ ਸੀ ਉਸਦੇ ਮਗਰ ਛੱਪੜ ਪੈਂਦਾ ਹੈ। ਹੁਣ ਜੇ ਮੈਂ ਕਦੇ ਉਥੋਂ ਦੀ ਲੰਘਦਾ ਹਾਂ ਤਾਂ ਘਰ ਦੀ ਕੋਈ ਨਿਸ਼ਾਨੀ ਨਹੀਂ ਦਿਸਦੀ।

2. * **ਚਾਨਣ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਸਵਰਨ ਕੌਰ ਸੀ, ਜਿਸ ਦੇ ਪੇਕੇ ਪਿੰਡ ਕੜਿਆਣਾ ਧਾਮੀਆਂ ਸਨ। ਆਪ ਦਾ ਭਤੀਜਾ ਤਰਸੇਮ ਸਿੰਘ ਸਰਕਾਰੀ ਹਾਈ ਸਕੂਲ ਨਸਰਾਲਾ ਵਿਖੇ ਹਿਸਾਬ ਮਾਸਟਰ ਸੀ। ਚਾਨਣ ਸਿੰਘ ਵੀ ਖੇਤੀ ਕਰਦਾ ਸੀ। ਮੈਂ ਇਨ੍ਹਾਂ ਨੂੰ ਛੱਪੜ ਕੰਡੇ ਪਸ਼ੂ ਚਾਰਦੇ ਵੇਖਿਆ ਹੈ। ਇਨ੍ਹਾਂ ਦੇ ਚਿਹਰੇ ਦਾ ਰੰਗ ਗੋਰਾ ਤੇ ਦਾੜ੍ਹਾ ਸਫ਼ੇਦ ਸੀ। ਸੁਣਦੇ ਹਾਂ ਪਿੰਡ ਵਿਚ 4-5 ਬੰਦਿਆਂ ਦਾ ਗਰੁੱਪ ਸੀ। ਰੱਖਾ ਸਿੰਘ, ਚਾਨਣ ਸਿੰਘ, ਮਹਿੰਗਾ ਸਿੰਘ ਅਤੇ ਸਰਵਣ ਸਿੰਘ। ਇਹ ਸਾਰੇ ਇਕ ਹੀ ਸੁਭਾਅ ਦੇ ਸਨ ਜੇ ਕੋਈ ਪੰਚਾਇਤੀ ਫੈਸਲਾ ਹੁੰਦਾ ਤਾਂ ਇਹ ਗਰੁੱਪ ਆਪਣੀ ਪੁਗਾਉਂਦਾ ਸੀ। ਚਾਨਣ ਸਿੰਘ 60 ਕੁ ਸਾਲ ਦੀ ਉਮਰ ਭੋਗ ਕੇ ਗੁਜ਼ਰ ਗਿਆ ਸੀ। ਇਨ੍ਹਾਂ ਦੀ ਧਰਮ ਪਤਨੀ ਸਵਰਨ ਕੌਰ ਵੀ ਆਪਣੇ ਘਰੇਲੂ ਕੰਮਕਾਰ 'ਚ ਵਿਅਸਥ ਰਹਿੰਦੀ ਸੀ। ਇਨ੍ਹਾਂ ਦਾ ਜ਼ਿਆਦਾ ਮਿਲਾਪ ਲੰਬੜਦਾਰਨੀ ਮਾਲਾ ਦੇ ਪਰਿਵਾਰ ਨਾਲ ਸੀ। ਰੱਖਾ ਸਿੰਘ ਤੇ ਸਰਵਣ ਸਿੰਘ ਇਕੱਠੇ ਹੀ ਪਸ਼ੂ ਚਾਰਦੇ ਹੁੰਦੇ ਸਨ। ਚਾਨਣ ਸਿੰਘ ਤਾਂ ਸਾਰੀ ਕਬੀਲਦਾਰੀ ਛੱਡ ਕੇ ਜਲਦੀ ਸੰਸਾਰ ਤੋਂ ਅਕਾਲ ਚਲਾਣਾ ਕਰ ਗਿਆ ਸੀ। ਚਾਚੀ ਸਵਰਨ ਕੌਰ ਨੇ ਮਗਰੋਂ ਆਪਣੀ ਕਬੀਲਦਾਰੀ ਦਾ ਫਰਜ਼ ਨਿਭਾਇਆ ਹੈ। ਸਵਰਨ ਕੌਰ ਦਾ ਵੀ ਸੰਖੇਪ ਬਿਮਾਰੀ ਤੋਂ ਮਗਰੋਂ ਮਿਤੀ 6-12-1991 ਨੂੰ ਦਿਹਾਂਤ ਹੋ ਗਿਆ।

ਵੰਸ਼: ਲੜਕੀਆਂ- ਗੁਰਬਖਸ਼ ਕੌਰ, ਹਰਬੰਸ ਕੌਰ ਅਤੇ ਪਾਛੋ ਹੈ।

ਲੜਕੇ: ਜਰਨੈਲ ਸਿੰਘ, ਕਰਨੈਲ ਸਿੰਘ।

1. * **ਜਰਨੈਨ ਸਿੰਘ:-** ਪਹਿਲੀ ਸ਼ਾਦੀ: ਆਪ ਦੀ ਪਹਿਲੀ ਸ਼ਾਦੀ ਹਰਭਜਨ ਕੌਰ ਪਿੰਡ ਕਾਲੇਵਾਲ ਭਗਤਾ ਨਾਲ ਮਿਤੀ 8-5-1977 ਦਿਨ ਐਤਵਾਰ ਹੋਈ ਹੈ। ਹਰਭਜਨ ਕੌਰ ਇਕ ਲੜਕੇ ਨੂੰ ਜਨਮ ਦੇਣ ਮਗਰੋਂ ਮਿਤੀ 23-7-1978 ਨੂੰ ਗੁਜਰ ਗਈ ਸੀ।

* **ਦੂਜੀ ਸ਼ਾਦੀ:-** ਆਪ ਦੀ ਦੂਜੀ ਸ਼ਾਦੀ ਸੁਰਿੰਦਰ ਕੌਰ ਪਿੰਡ ਘੜਿਆਲੀ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਮਿਤੀ 6-10-1978 ਨੂੰ ਹੋਈ ਹੈ।

* **ਵੰਸ਼:** ਦੂਜੇ ਵਿਆਹ ਦਾ ਵੀ ਇਕ ਲੜਕਾ ਬਲਵੀਰ ਸਿੰਘ ਹੈ, ਜੋ ਦਸਵੀਂ ਪਾਸ ਹੈ। ਜਰਨੈਲ ਸਿੰਘ ਦੀ ਸਰੀਰਕ ਬਣਤਰ ਆਪਣੇ ਪਿਤਾ ਵਾਂਗ ਹੈ। ਕੱਦ ਲੰਬਾ, ਚਿਹਰਾ ਸਾਫ਼ ਹੈ। ਆਪ ਨੇ ਮਿਡਲ ਤੱਕ ਦੀ ਪੜ੍ਹਾਈ ਸਰਕਾਰੀ ਮਿਡਲ ਸਕੂਲ ਸਾਹਰੀ ਤੋਂ ਕੀਤੀ ਹੈ। ਸਾਹਰੀ ਪੜ੍ਹਦੇ ਸਮੇਂ ਆਪ ਹਾਕੀ ਖੇਡਦੇ ਸਨ। ਦਸਵੀਂ ਆਪ ਨੇ ਸਰਕਾਰੀ ਹਾਈ ਸਕੂਲ ਨਸਰਾਲਾ, ਹੁਸ਼ਿਆਰਪੁਰ ਤੋਂ ਪਾਸ ਕੀਤੀ। ਉਚੇਰੀ ਪੜ੍ਹਾਈ ਲਈ ਆਪ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਵਿਚ ਦਾਖਲ ਹੋ ਗਏ। ਆਪ ਦਾ ਕਾਲਜ

ਦਾ ਸਾਥੀ ਅਜੈਬ ਸਿੰਘ ਰਾਮੂ ਥਿਆੜਾ ਸੀ। ਉਸਨੇ ਦੋ ਤਿੰਨ ਸਾਲ ਲਾਏ ਪਰ ਉਹ ਪੜ੍ਹਾਈ ਵਿਚ ਕਾਮਯਾਬ ਨਹੀਂ ਹੋ ਸਕਿਆ। ਉਸ ਨੂੰ ਫਿਰ F.C.I. ਮਹਿਕਮੇ ਵਿਚ ਨੌਕਰੀ ਮਿਲ ਗਈ। ਆਪ ਨੇ 1969 ਈ: ਵਿਚ ਬੀ.ਏ. ਪਾਸ ਕੀਤੀ। ਆਪ ਕਾਲਜ ਵਿਚ ਵੀ ਹਾਕੀ ਦੇ ਚੰਗੇ ਖਿਡਾਰੀ ਰਹੇ। ਆਮ ਪਿੰਡਾਂ ਵਿਚ ਹਾਕੀ, ਕਬੱਡੀ ਤੇ ਫੁੱਟਬਾਲ ਖੇਡਿਆ ਜਾਂਦਾ ਸੀ। ਸਾਡੇ ਪਿੰਡ ਹਾਕੀ ਦਾ ਰਿਵਾਜ਼ ਸੀ। ਪਿੰਡ ਸ਼ਾਮ ਨੂੰ ਜਦੋਂ ਵੀ ਲੜਕਿਆਂ ਨੇ ਹਾਕੀ ਖੇਡਣੀ ਤਾਂ ਆਪ ਬਹੁਤ ਫੁਰਤੀ ਨਾਲ ਗੇਂਦ ਲੈ ਕੇ ਅੱਗੇ ਚਲੇ ਜਾਂਦੇ। ਮੈਚ ਖੇਡਣ ਤੋਂ ਮਗਰੋਂ ਫਿਰ ਸਾਨੂੰ ਆਪਣੇ ਸਕੂਲ, ਕਾਲਜ ਦੀਆਂ ਗੱਲਾਂ ਦੱਸਿਆ ਕਰਦੇ ਸਨ।

*** ਸਿਆਣਿਆਂ ਦੀਆਂ ਗੱਲਾਂ**:- ਮੈਂ ਜਦੋਂ ਕਦੇ ਆਪ ਦੀ ਸੰਗਤ ਕੀਤੀ ਹੈ ਆਪ ਸਿਆਣਿਆਂ ਦੀਆਂ ਗੱਲਾਂ ਦੀ ਉਦਾਹਰਣ ਦੇ ਕੇ ਗੱਲ ਕਰਦੇ ਸਨ- ਜਿਵੇਂ ਸਿਆਣਿਆਂ ਨੇ ਸੱਚ ਕਿਹਾ ਹੈ "ਮੌਤ ਤੇ ਗਾਹਕ ਦਾ ਕੋਈ ਸਮਾਂ ਨਹੀਂ ਹੁੰਦਾ, ਭੈਣਾਂ ਦੀ ਸਰਦਾਰੀ ਵੀਰਾਂ ਨਾਲ ਹੁੰਦੀ ਹੈ।"

*** ਹੀਰ ਵਾਰਿਸ**:- ਆਪ ਹਮੇਸ਼ਾ ਗੱਲ ਕਰਦੇ ਸਮੇਂ ਹੀਰ-ਵਾਰਿਸ ਦੇ ਵਿੱਚੋਂ ਉਦਾਹਰਣਾਂ ਦਿੰਦੇ ਹਨ। ਇਨ੍ਹਾਂ ਦੱਸਿਆ ਕਿ ਮੈਂ ਜੋ ਵੀ ਕੰਮ ਕਰਦਾ ਹਾਂ ਹੀਰ ਵਾਰਿਸ ਦੇ ਕਿੱਸੇ ਨੂੰ ਪੜ੍ਹ ਕੇ ਕਰਦਾ ਹਾਂ। ਮੈਂ ਜਰਨੈਲ ਸਿੰਘ ਦੇ ਘਰ ਹੀਰ ਵਾਰਿਸ ਦਾ ਪੁਰਾਣਾ ਕਿੱਸਾ ਵੇਖਿਆ ਹੈ। ਰਾਜਨੀਤੀ ਦਾ ਵੀ ਪੂਰਾ ਗਿਆਨ ਰੱਖਦੇ ਹਨ। ਇਨ੍ਹਾਂ ਦੱਸਣਾ ਕਿ ਜਦੋਂ ਪ੍ਰੋਫੈਸਰ ਸਾਨੂੰ ਪੜ੍ਹਾਉਂਦਾ ਹੁੰਦਾ ਸੀ ਤਾਂ ਮੈਂ ਉਸ ਨੂੰ ਉਸ ਹੀ ਸਮੇਂ ਕੋਈ ਨਾ ਕੋਈ ਪ੍ਰਸ਼ਨ ਕਰ ਦਿੰਦਾ ਸੀ। ਆਪ ਦੀ ਜ਼ਿਆਦਾ ਬਹਿਣੀ-ਉੱਠਣੀ ਤਾਏ ਮੋਹਰ ਸਿੰਘ ਦੇ ਕੋਲ ਵੀ ਸੀ, ਜੋ ਦਿਮਾਗੀ ਤੌਰ 'ਤੇ ਬਹੁਤ ਸਿਆਣਾ ਸੀ।

ਆਪ ਨੇ ਕੋਈ ਸਰਕਾਰੀ ਨੌਕਰੀ ਤਾਂ ਨਹੀਂ ਕੀਤੀ ਪਰ ਆਪ ਆਪਣੇ ਤਾਏ ਨਾਲ ਖੇਤੀਬਾੜੀ ਦਾ ਕੰਮ ਡੱਟ ਕੇ ਕਰਾਉਂਦੇ ਸਨ। ਜਦੋਂ ਪੜ੍ਹਨ ਜਾਂਦਾ ਹੁੰਦਾ ਸੀ ਤਾਂ ਆਪ ਚੋਈ ਤੇ ਪੱਕੀ ਸੜਕ ਦੇ ਨਾਲ ਹੀ ਹਲ ਵਾਹੁੰਦੇ ਸਨ, ਜਿਸ ਵਿਚ ਕਣਕ ਦੀ ਫ਼ਸਲ ਭਰਵੀਂ ਹੁੰਦੀ ਸੀ। ਆਪ ਦੇ ਤਾਏ ਰੱਖਾ ਸਿੰਘ ਦੀ ਮਨਸ਼ਾ ਸੀ ਕਿ ਮੇਰਾ ਭਤੀਜਾ ਕੋਈ ਸਰਕਾਰੀ ਨੌਕਰੀ ਜ਼ਰੂਰ ਕਰੇ। ਜਦੋਂ ਸਾਡੇ ਵੱਡੇ ਫੌਜੀ ਭਾਈ ਛੁੱਟੀ ਆਏ ਹੁੰਦੇ ਤਾਂ ਲੰਘਦੇ ਵੜਦੇ ਆਪ ਨੂੰ ਜ਼ਰੂਰ ਮਿਲਦੇ ਹੁੰਦੇ ਸਨ ਤਾਂ ਰੱਖਾ ਸਿੰਘ ਨੇ ਕਹਿਣਾ, "ਕਿਤੇ ਸਾਡੇ ਪਾੜ੍ਹੇ ਨੂੰ ਵੀ ਭਰਤੀ ਕਰਵਾ ਦਿਓ।"

*** ਖੰਡ ਦਾ ਡੀਪੂ**:- ਜਰਨੈਲ ਸਿੰਘ ਦੇ ਕੋਲ ਪਿੰਡ ਦਾ ਡੀਪੂ ਵੀ ਰਿਹਾ ਜੋ 1978 ਤੋਂ ਆਪ ਦੇ ਕੋਲ ਆਇਆ ਪਿੰਡ ਦੇ ਡੀਪੂ ਵਿਚ ਕਈ ਵਾਰ ਕੱਪੜਾ, ਦਾਲਾਂ ਜਾਂ ਹੋਰ ਘਰੇਲੂ ਸਮਾਨ ਆ ਜਾਂਦਾ ਸੀ। ਖੰਡ ਤੇ ਮਿੱਟੀ ਦਾ ਤੇਲ ਆਮ ਕਰਕੇ ਮਿਲਦੇ ਸਨ। ਜਦੋਂ ਆਪ ਦੇ ਕੋਲ ਇਹ ਡੀਪੂ ਆ ਗਿਆ ਤਾਂ ਪਿੰਡ ਦੇ ਆਮ ਲੋਕਾਂ ਨੇ ਆਪ ਨੂੰ ਲਾਲਾ ਤੇ ਘਰ ਵਾਲੀ ਨੂੰ ਲਾਲੀ ਆਖਣਾ ਸ਼ੁਰੂ ਕਰ ਦਿੱਤਾ। ਇਸ ਕੰਮ ਵਿਚ ਆਪ ਦਾ ਸਹਾਇਕ ਸ. ਸੁੱਚਾ ਸਿੰਘ ਹੁੰਦਾ ਸੀ ਜੋ ਖੰਡ ਤੋਲਣ ਦਾ ਕੰਮ ਕਰਦਾ ਸੀ। ਪਿੰਡ ਦੇ ਸਾਰੇ ਰਾਸ਼ਨ

ਕਾਰਡ ਜਰਨੈਲ ਸਿੰਘ ਦੇ ਕੋਲ ਹੁੰਦੇ ਸਨ। ਕਦੇ-ਕਦੇ ਕਣਕ ਦਾ ਆਟਾ ਵੀ ਡੀਪੂ ਵਿਚ ਆ ਜਾਂਦਾ ਸੀ। ਆਪ ਦੀ ਧਰਮ ਪਤਨੀ ਦਿਲ ਦੀ ਸਾਫ ਤੇ ਸਰਕਾਰੀ ਪਹੁੰਚ ਰੱਖਦੀ ਸੀ। ਪਿੰਡ ਦੇ ਆਮ ਲੋਕ ਇਨ੍ਹਾਂ ਪਾਸੋਂ ਆਪਣਾ ਕੋਈ ਨਾ ਕੋਈ ਕੰਮ ਕਰਵਾਉਂਦੇ ਹੁੰਦੇ ਸਨ। ਜਦੋਂ ਅੱਤਵਾਦ ਵੇਲੇ ਪਿੰਡਾਂ ਵਿਚ ਪਹਿਰੇ ਲੱਗਣੇ ਸ਼ੁਰੂ ਹੋਏ ਤਾਂ ਜਰਨੈਲ ਸਿੰਘ ਨੇ ਕਹਿਣਾ, "ਮੈਂ ਆਪਣੇ ਘਰ ਤੋਂ ਅਰਦਾਸ ਕਰਕੇ ਤੁਰਿਆ ਹਾਂ ਕਿ ਜੇ ਕੋਈ ਐਸੀ ਘਟਨਾ ਹੋਈ ਤਾਂ ਪਿੱਛੇ ਨਹੀਂ ਹਟਾਂਗਾ।" ਆਪ ਦੀ ਘਰ ਵਾਲੀ ਨੇ ਪਿੰਡ ਦੀ ਸਰਪੰਚ ਬਨਣ ਲਈ ਦੋ ਵਾਰ ਚੋਣ ਲੜੀ। ਪਹਿਲੀ ਵਾਰ ਕੁਝ ਵੋਟਾਂ ਨਾਲ ਹਾਰ ਗਈ। ਪਰ ਦੂਜੀ ਵਾਰ ਜੂਨ 2008 ਵਿਚ ਉਹ ਚੋਣ ਜਿੱਤ ਗਈ ਪਰ ਇਸ ਅਹੁਦੇ 'ਤੇ ਉਹ ਇਕ ਸਾਲ ਰਹੀ। ਉਸ ਦੀ ਸਿਹਤ ਖਰਾਬ ਰਹਿਣ ਲੱਗੀ। ਅਗਸਤ 2008 ਵਿਚ ਬੀਬੀ ਮਹਿੰਦਰ ਕੌਰ ਜੋਸ਼ ਮੁੱਖ ਪਾਰਲੀਮਾਨੀ ਸਕੱਤਰ ਸਾਡੇ ਪਿੰਡ ਆਈ ਤਾਂ ਸਾਡੇ ਗੁਰਦੁਆਰਾ ਸਾਹਿਬ ਵਿਖੇ ਪਿੰਡ ਦਾ ਇਕੱਠ ਹੋਇਆ ਤਾਂ ਮੈਂ ਦੇਖਿਆ ਕਿ ਸਰਪੰਚ ਸੁਰਿੰਦਰ ਕੌਰ ਦੀ ਸਿਹਤ ਠੀਕ ਨਹੀਂ ਸੀ, ਪੈਰਾਂ 'ਤੇ ਜ਼ਖ਼ਮ ਸਨ। ਸਤੰਬਰ 2008 ਵਿਚ ਉਹ ਪ੍ਰਮਾਤਮਾ ਨੂੰ ਪਿਆਰੀ ਹੋ ਗਈ।

* **ਵੰਸ਼**: ਆਪ ਦੇ ਪਹਿਲੇ ਵਿਆਹ ਦਾ ਲੜਕਾ- ਰਣਜੀਤ ਸਿੰਘ ਜਿਸਦਾ ਜਨਮ 13-5-1978 ਦਾ ਹੈ।

ਦੂਜੇ ਵਿਆਹ ਦਾ ਲੜਕਾ ਬਲਵੀਰ ਸਿੰਘ ਹੈ, ਜਿਸ ਨੇ ਦਸਵੀਂ ਪਾਸ ਕੀਤੀ ਹੈ। 4 ਮਾਰਚ 1988 ਦੀ ਘਿਨਾਉਣੀ ਰਾਤ ਨੂੰ ਡੇਰਾ ਬਾਬਾ ਗੁਰੂ ਲਾਲ ਦਾਸ ਸਾਹਰੀ ਵਿਖੇ ਤਕਰੀਬਨ ਰਾਤ 12.00 ਕਰੀਬ ਗੋਲੀ ਕਾਂਡ ਹੋਇਆ, ਜਿਸ ਵਿਚ 45 ਬੰਦੇ ਮਾਰੇ ਗਏ ਸਨ। ਅਨੇਕਾਂ ਜ਼ਖ਼ਮੀ ਹੋ ਗਏ। ਉਸ ਗੋਲੀ ਕਾਂਡ ਵਿਚ ਬਲਵੀਰ ਸਿੰਘ ਜ਼ਖ਼ਮੀ ਹੋ ਗਿਆ। ਇਸ ਦੀ ਖੱਬੀ ਅੱਖ ਵਿਚ ਗੋਲੀ ਲੱਗੀ ਤੇ ਬਚਾਅ ਹੋ ਗਿਆ। ਇਸ ਗੋਲੀ ਕਾਂਡ ਦੀ ਆਪ ਨੂੰ ਸਰਕਾਰੀ ਪੈਨਸ਼ਨ ਮਿਲਦੀ ਹੈ। ਬਲਵੀਰ ਸਿੰਘ ਬੀਹਰਾ ਡੇਰਾ ਬਾਬਾ ਸਤਪਾਲ ਸਿੰਘ ਸਾਹਰੀ ਵਿਖੇ ਸ਼ਰਧਾ ਨਾਲ ਸੇਵਾ ਕਰਦਾ ਹੈ। ਜਰਨੈਲ ਸਿੰਘ ਹੁਣ ਖੇਤੀਬਾੜੀ ਨਹੀਂ ਕਰਦਾ ਹੈ। ਆਪ ਨੂੰ ਪਿੰਡ ਦੀ ਸਾਰੀ ਜ਼ਮੀਨ ਦਾ ਸਾਰਾ ਜ਼ੁਬਾਨੀ ਗਿਆਨ ਹੈ। ਆਪ ਨੇ ਪਿੰਡ ਦਾ ਇਤਿਹਾਸ ਲਿਖਣ ਵਿਚ ਮੇਰੀ ਸਹਾਇਤਾ ਕੀਤੀ ਹੈ।

* 2. **ਕਰਨੈਲ ਸਿੰਘ**:- ਚਾਨਣ ਸਿੰਘ ਦਾ ਦੂਜਾ ਲੜਕਾ ਕਰਨੈਲ ਸਿੰਘ ਹੈ। ਆਪ ਦੀ ਧਰਮ ਪਤਨੀ ਦਾ ਨਾਮ ਕਿਰਪਾਲ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਲਾ ਬੱਕਰਾ ਵਿਖੇ ਹਨ। ਕਰਨੈਲ ਸਿੰਘ ਦੀ ਸ਼ਾਦੀ ਦੀ ਤਾਰੀਖ 8-2-1981 ਹੈ। ਕਰਨੈਲ ਸਿੰਘ ਪੜ੍ਹ ਨਹੀਂ ਸਕਿਆ ਕਿਉਂਕਿ ਆਪ ਦਾ ਵੱਡਾ ਭਾਈ ਜਰਨੈਲ ਸਿੰਘ ਪੜ੍ਹਦਾ ਸੀ। ਆਪ ਆਪਣੇ ਤਾਏ ਰੱਖਾ ਸਿੰਘ ਨਾਲ ਖੇਤੀਬਾੜੀ ਦਾ ਕੰਮ ਕਰਦੇ ਸਨ। ਕਰਨੈਲ ਸਿੰਘ ਹੁਣ ਵੀ ਖੇਤੀਬਾੜੀ ਕਰਦਾ ਹੈ। ਆਪਣੇ ਹਿੱਸੇ ਦੀ ਜ਼ਮੀਨ ਵਿਚ ਆਪ ਨੇ ਚੋਈ 'ਤੇ ਆਪਣੀ ਪੱਕੀ ਹਵੇਲੀ ਬਣਾਈ ਹੋਈ ਹੈ। ਖੇਤੀਬਾੜੀ ਦੇ ਨਾਲ ਦੁੱਧ ਵਾਲੇ ਪਸ਼ੂ ਵੀ ਰੱਖੇ ਹੋਏ ਹਨ।

ਵੰਸ਼: ਲੜਕੀ- ਸੁਖਵਿੰਦਰ ਕੌਰ ਹੈ ਜਿਸ ਦੀ ਸ਼ਾਦੀ ਕਰਨੈਲ ਸਿੰਘ ਨੇ ਕਰ ਦਿੱਤੀ ਹੈ।

ਲੜਕਾ- ਫਰਵਿੰਦਰ ਸਿੰਘ ਦੀ ਧਰਮ ਪਤਨੀ ਦਾ ਨਾਮ ਰਾਜਵੀਰ ਕੌਰ ਹੈ ਜਿਸ ਦੇ ਪੇਕੇ ਕਰਤਾਰਪੁਰ ਹਨ। ਫਰਵਿੰਦਰ ਸਿੰਘ ਆਪਣੇ ਪਿਤਾ ਨਾਲ ਖੇਤੀਬਾੜੀ ਦਾ ਕੰਮ ਕਰਦਾ ਹੈ।

* **ਵੰਸ਼**: ਲੜਕੀਆਂ- ਪ੍ਰਸ਼ਵਿੰਦਰ ਕੌਰ ਅਤੇ ਮਨਪ੍ਰੀਤ ਕੌਰ ਹਨ।

* **3. ਮੇਹਰ ਸਿੰਘ**:- ਮੇਹਰ ਸਿੰਘ ਦੇ ਪਿਤਾ ਦਾ ਨਾਮ ਹਾਕੋ ਤੇ ਮਾਤਾ ਦਾ ਨਾਮ ਨੰਦੀ ਸੀ। ਇਨ੍ਹਾਂ ਦੇ ਪੇਕੇ ਕਾਲੇ ਬੱਕਰੇ ਸਨ। ਆਪ ਦੀ ਧਰਮ ਪਤਨੀ ਦਾ ਨਾਮ ਬੰਤੀ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਫਗੂੜੇ ਸਨ। ਮੇਹਰ ਸਿੰਘ ਦੇ ਪਾਸ ਲੋਕਾਂ ਦੀ ਆਉਣੀ ਜਾਣੀ ਬਹੁਤ ਸੀ। ਇਸ ਕਰਕੇ ਉਸ ਦਾ ਚੁੱਲ੍ਹਾ ਤਪਦਾ ਰਹਿੰਦਾ ਸੀ। ਆਪ ਹੱਲ ਤਾਂ ਨਹੀਂ ਵਾਹੁੰਦੇ ਸਨ ਪਰ ਆਪ ਆਪਣੇ ਪਸ਼ੂ ਜ਼ਰੂਰ ਚਾਰਦੇ ਸਨ। ਟਿਊਬਵੈੱਲ 'ਤੇ ਮੱਝਾਂ ਨੂੰ ਬਹੁਤ ਸ਼ੌਕ ਨਾਲ ਨਹਾਉਂਦੇ ਸਨ। ਦਿਨ ਵੇਲੇ ਆਪ ਆਮ ਕਰਕੇ ਅੰਬ ਦੇ ਹੇਠਾਂ ਮੰਜੀ ਡਾਹ ਕੇ ਬੈਠੇ ਹੁੰਦੇ ਸਨ। ਲੰਘਦੇ ਵੜਦੇ ਰਾਹੀਗਰ ਇਨ੍ਹਾਂ ਨੂੰ ਬੁਲਾ ਕੇ ਜਾਂਦੇ ਸਨ। ਆਪ ਕਦੇ ਕਿਸੇ ਦੇ ਘਰ ਨਹੀਂ ਜਾਂਦੇ ਸਨ। ਹਵੇਲੀ ਬੈਠਿਆਂ ਹੀ ਪਿੰਡ ਦੀ ਸਾਰੀ ਖ਼ਬਰਸਾਰ ਰੱਖਦੇ ਸਨ। ਸਵੇਰੇ ਤੇ ਸ਼ਾਮ ਖੇਤਾਂ ਵੱਲ ਗੇੜਾ ਜ਼ਰੂਰ ਮਾਰਦੇ ਸਨ।

* **ਵਧੀਆ ਹਵੇਲੀ**:- ਸ. ਮੇਹਰ ਸਿੰਘ ਦੇ ਪਾਸ ਵਧੀਆ ਘਰ ਤੇ ਬਹੁਤ ਹੀ ਵਧੀਆ ਹਵੇਲੀ ਸੀ। ਪਿੰਡ ਵਿਚ ਕਿਸੇ ਦੇ ਪਾਸ ਇਸ ਤਰ੍ਹਾਂ ਦੀ ਹਵੇਲੀ ਨਹੀਂ ਸੀ। ਹਵੇਲੀ ਦੀਆਂ ਛੱਤਾਂ ਉੱਚੀਆਂ ਵਧੀਆ ਸ਼ਤੀਰੀਆਂ ਬਾਲੇ ਪਾਏ ਹੋਏ ਸਨ। ਕਿਸੇ ਖਾਸ ਤਰਖਾਣ ਮਿਸਤਰੀ ਦੁਆਰਾ ਦਿਲੇ ਵਾਲੇ ਦਰਵਾਜ਼ੇ ਤੇ ਖਿੜਕੀਆਂ ਤਿਆਰ ਕੀਤੀਆਂ ਹੋਈਆਂ ਸਨ। ਹਵੇਲੀ ਦੇ ਮਗਰਲੇ ਹਾਲ ਕਮਰੇ ਵਿਚ ਹਮੇਸ਼ਾ 5-6 ਮੰਜਿਆਂ 'ਤੇ ਬਿਸਤਰੇ ਕੀਤੇ ਹੁੰਦੇ ਸਨ। ਇਸ ਦੇ ਮੋਹਰੇ ਵੱਡਾ ਵਰਾਂਡਾ ਤੇ ਸੱਜੇ ਖੱਬੇ ਦੋ ਕਮਰੇ ਸਨ। ਇਕ ਅਲੱਗ ਕਮਰਾ ਸੀ ਜਿਸ ਵਿਚ ਪਟਵਾਰੀ ਬੈਠਦਾ ਸੀ। ਹਵੇਲੀ ਦੇ ਮੋਹਰੇ ਖੁੱਲ੍ਹਾ ਵਿਹੜਾ ਸੀ। ਇਸ ਦੀ ਚਾਰਦੀਵਾਰੀ ਕਰਕੇ ਗੇਟ ਲੱਗਾ ਹੋਇਆ ਤੇ ਪੱਕੀ ਪੌੜੀ ਚੜ੍ਹੀ ਹੋਈ ਸੀ। ਗੇਟ ਦੇ ਉੱਤਰ ਦੇ ਕੋਨੇ ਕੋਲ ਪਿੱਪਲ ਸੀ ਜਿਸ 'ਚ ਖਜੂਰ ਉੱਗੀ ਹੋਈ ਸੀ। ਇਸ ਪਿੱਪਲ ਦਾ ਗੋਲ ਆਕਾਰ ਦਾ ਥੜ੍ਹਾ ਬਣਾਇਆ ਹੋਇਆ ਸੀ। ਮੇਹਰ ਸਿੰਘ ਅਕਸਰ ਇਥੇ ਵੀ ਮੰਜਾ ਡਾਹ ਕੇ ਲੇਟਿਆ ਹੁੰਦਾ ਸੀ।

* **ਜਨੇਤਾਂ ਦਾ ਉਤਾਰਾ**:- ਪਿੰਡ ਵਿਚ ਕੋਈ ਵੀ ਵਿਆਹ ਸ਼ਾਦੀ ਹੁੰਦੀ ਤਾਂ ਜਨੇਤਾਂ ਦਾ ਉਤਾਰਾ ਅਕਸਰ ਆਪ ਦੀ ਹਵੇਲੀ ਵਿਚ ਹੁੰਦਾ ਸੀ। ਅੰਗਰੇਜ਼ਾਂ ਦੇ ਸਮੇਂ ਵੀ ਪਿੰਡ ਦਾ ਕੋਈ ਵੀ ਇਕੱਠ ਇਥੇ ਹੀ ਹੁੰਦਾ ਸੀ। ਜੇ ਕੋਈ ਬਾਹਰੋਂ ਸਰਕਾਰੀ ਕਰਮਚਾਰੀ ਹੁਸ਼ਿਆਰਪੁਰ ਤੋਂ ਆਉਂਦਾ ਤਾਂ ਉਹ ਸਿੱਧਾ ਇਸ ਹਵੇਲੀ ਵਿਚ ਹੀ ਆਉਂਦਾ ਸੀ। ਇਸ ਦੇ ਮੋਹਰੇ ਦੋ ਕਰਮ ਦੀ ਸੜਕ ਸੀ, ਜੋ ਸਾਹਰੀ ਪਿੰਡ ਨੂੰ ਸਿੱਧੀ ਜਾਂਦੀ ਸੀ।

*** ਪਟਵਾਰਖਾਨਾ:-** ਹਵੇਲੀ ਦੇ ਵਿਚ ਹੀ ਪਟਵਾਰਖਾਨਾ ਸੀ। ਪਟਵਾਰੀ ਨੂੰ ਇਕ ਅਲੱਗ ਕਮਰਾ ਦਿੱਤਾ ਹੋਇਆ ਸੀ। ਜਿਥੇ ਬੈਠ ਕੇ ਉਹ ਜ਼ਮੀਨ ਨਾਲ ਸਬੰਧਤ ਕੰਮ ਕਰਦਾ ਸੀ। ਆਸੇ ਪਾਸੇ ਦੇ ਪਿੰਡਾਂ ਦੇ ਲੋਕ ਆਪਣੇ ਜ਼ਮੀਨੀ ਕੰਮ ਕਰਾਉਣ ਲਈ ਇਥੇ ਆਉਂਦੇ ਸਨ। ਪਟਵਾਰਖਾਨਾ ਹੋਣ ਕਰਕੇ ਮੇਹਰ ਸਿੰਘ ਨੂੰ ਪਿੰਡ ਦੀ ਸਾਰੀ ਜ਼ਮੀਨ ਦਾ ਗਿਆਨ ਸੀ। 1955 ਈ: ਵਿਚ ਜਦੋਂ ਪਿੰਡ ਦੀ ਮੁਰੱਬੇਬੰਦੀ ਹੋਈ ਤਾਂ ਬਹੁਤ ਸਾਰੇ ਘਰਾਂ ਦੀ ਜ਼ਮੀਨ ਇਕ ਥਾਂ ਇਕੱਠੀ ਕਰ ਦਿੱਤੀ ਗਈ। ਪਿੰਡ ਦੇ ਚਾਰੇ ਪਾਸੇ ਬਸੀਮਿਆਂ ਤੇ ਪੱਕੇ ਪੱਥਰ ਗੱਡੇ ਗਏ ਜਿਸ ਨਾਲ ਪਿੰਡ ਦੀ ਹੱਦਬੰਦੀ ਦਿਸਦੀ ਹੈ। ਸਾਡੇ ਪਿੰਡ ਵਿਚ ਪੱਕੀ ਮਿਣਤੀ ਹੈ ਭਾਵ ਵੱਡੇ ਮਰਲੇ ਚੱਲਦੇ ਹਨ। 66 ਇੰਚ ਦੀ ਕਰਮ ਚੱਲਦੀ ਹੈ। ਸਾਡੇ ਲਾਗਲੇ ਪਿੰਡ ਹੁਸੈਨਪੁਰ ਛੋਟੀ ਮਿਣਤੀ ਚੱਲਦੀ ਹੈ।

*** ਖੂਹ:-** ਹਵੇਲੀ ਦੇ ਮੋਹਰੇ ਖੁੱਲ੍ਹੇ ਪਲਾਟ ਵਿਚ ਛੋਟਾ ਖੂਹ ਸੀ ਜਿਸ ਦਾ ਪਾਣੀ ਬਹੁਤ ਠੰਢਾ ਸੀ। ਗਰਮੀਆਂ ਦੇ ਦਿਨਾਂ ਵਿਚ ਤਾਂ ਬਰਫ਼ ਵਰਗਾ ਪੀਣ ਨੂੰ ਲੱਗਦਾ ਸੀ। ਲਾਗਲੇ ਘਰ ਇੱਥੋਂ ਹੀ ਪਾਣੀ ਦੀ ਵਰਤੋਂ ਕਰਦੇ ਸਨ।

ਮੇਹਰ ਸਿੰਘ ਨੇ ਪੱਕੀ ਸੜਕ ਉੱਪਰ ਆਪਣਾ ਟਿਊਬਵੈੱਲ ਲਗਾਇਆ ਹੋਇਆ ਸੀ। ਇਥੇ ਪੁਰਾਣੇ ਅੰਬਾਂ ਤੇ ਜਾਮਣਾਂ ਦੇ ਦਰਖਤ ਸਨ। ਟਿਊਬਵੈੱਲ ਹੁਣ ਵੀ ਚੱਲ ਰਿਹਾ ਹੈ। ਆਪ ਦਾ ਸੁਭਾਅ ਕੁਝ ਸਖ਼ਤ ਸੀ। ਆਮ ਲੋਕ ਆਪ ਦੇ ਕੋਲੋਂ ਡਰਦੇ ਸਨ। ਪਿੰਡ ਵਿਚ ਆਪ ਨੂੰ ਬਾਹਰਲਾ ਕਹਿ ਕੇ ਦੱਸਿਆ ਜਾਂਦਾ ਹੈ ਕਿਉਂਕਿ ਆਪ ਦੇ ਵਡਾਰੂ ਹਰਿਦੁਆਰ ਤੋਂ ਆ ਕੇ ਇਥੇ ਵਸੇ ਸਨ। ਮੇਰੀ ਵਾਕਫੀ ਉਨ੍ਹਾਂ ਨਾਲ ਦਸਵੀਂ ਪਾਸ ਕਰਨ ਉਪਰੰਤ ਹੋਈ ਹੈ। ਆਪ ਭਾਵੇਂ ਕਿਸੇ ਦੇ ਘਰ ਦਰ ਨਹੀਂ ਜਾਂਦੇ ਸਨ ਪਰ ਪਿੰਡ ਦੀ ਸਾਰੀ ਖ਼ਬਰ ਉਨ੍ਹਾਂ ਪਾਸ ਪਹੁੰਚ ਜਾਂਦੀ ਸੀ। ਉਹ ਆਪ ਦੱਸਦੇ ਸਨ ਕਿ ਮੇਰਾ ਤੁਹਾਡੇ ਬਾਬੇ ਸੁਰਜਨ ਸਿੰਘ ਨਾਲ ਬਹੁਤ ਪਿਆਰ ਸੀ। ਸੁਰਜਨ ਸਿੰਘ ਦਾ ਲੜਕਾ ਬੰਤਾ ਸਿੰਘ ਵੀ ਆਪ ਦੀ ਸੰਗਤ ਕਰਦਾ ਰਿਹਾ। ਸ਼ਾਮ ਵੇਲੇ ਉਹ ਜ਼ਰੂਰ ਮੇਹਰ ਸਿੰਘ ਦੇ ਕੋਲ ਜਾਂਦਾ ਸੀ। ਇਥੇ ਬੈਠ ਕੇ ਉਹ ਕਬੀਲਦਾਰੀ ਦੀਆਂ ਗੱਲਾਂ ਕਰਿਆ ਕਰਦੇ ਸਨ। ਕਦੇ-ਕਦੇ ਮੇਹਰ ਸਿੰਘ ਵੀ ਬੰਤਾ ਸਿੰਘ ਦੇ ਘਰ ਚਲਾ ਜਾਂਦਾ ਸੀ। ਜਦੋਂ ਵੀ ਬੰਤਾ ਸਿੰਘ ਨੂੰ ਆਵਾਜ਼ ਮਾਰਨੀ ਤਾਂ ਸ਼ਾਹਾ ਕਹਿ ਕੇ ਬੁਲਾਉਂਦਾ ਸੀ। ਜਦੋਂ ਕਦੇ ਮੇਹਰ ਸਿੰਘ ਲੋਰ ਵਿਚ ਹੁੰਦਾ ਸੀ ਤਾਂ ਪਿੰਡ ਦੀਆਂ ਕਈ ਇਤਿਹਾਸਕ ਗੱਲਾਂ ਕਰਦਾ ਹੁੰਦਾ ਸੀ। ਲੋਰ ਤੋਂ ਭਾਵ ਹੈ ਕਿ ਮੇਹਰ ਸਿੰਘ ਸ਼ਰਾਬ ਪੀਂਦਾ ਸੀ ਪਰ ਹੋਸ਼ ਪੂਰੀ ਰੱਖਦਾ ਸੀ। ਆਪਣੀ ਅਲਮਾਰੀ ਦੇ ਵਿਚ ਦੇਸੀ ਘਿਓ ਦਾ ਡੱਬਾ ਅਤੇ ਪੀਣ ਵਾਸਤੇ ਲੱਸੀ ਹੁੰਦੀ ਸੀ। ਮੈਂ ਕਈ ਵਾਰ ਦੇਖਿਆ ਹੈ ਸ਼ਰਾਬ ਦਾ ਥੋੜ੍ਹਾ ਹਾੜਾ ਲਾਇਆ ਫਿਰ ਦੇਸੀ ਘਿਓ ਦਾ ਇਕ ਚਮਚ ਖਾ ਲੈਣਾ। ਉਨ੍ਹਾਂ ਕਈ ਵਾਰ ਦੱਸਣਾ ਕਿ ਅਸੀਂ ਨਹਾਉਂਦੇ ਹਾਂ ਸਾਨੂੰ ਜ਼ਿਆਦਾ ਸੰਭਾਲ ਦਿਮਾਗ ਦੀ ਕਰਨੀ ਚਾਹੀਦੀ ਹੈ। ਜਦੋਂ ਮੈਂ ਨਹਾਉਂਦਾ ਹਾਂ ਤਾਂ ਦਹੀਂ ਵਿਚ ਮੱਖਣ ਪਾ ਕੇ ਸਿਰ ਨੂੰ ਖੂਬ ਮਲਦਾ ਹਾਂ। ਉਨ੍ਹਾਂ ਇਹ ਵੀ ਦੱਸਣਾ ਕਿ ਵਕੀਲ ਤੜਕੇ ਚਾਰ ਵਜੇ ਉੱਠ ਕੇ ਨੰਗੇ ਪੈਰੀਂ ਤੇ ਨੰਗੇ ਸਿਰ ਸੈਰ ਕਰਦੇ ਹਨ। ਹੁਸ਼ਿਆਰਪੁਰ ਤੋਂ ਜਦੋਂ ਵੀ ਆਉਣਾ ਤਾਂ ਨਸਰਾਲੇ ਅੱਡੇ

ਤੋਂ ਬੋਤਲ ਲੈ ਕੇ ਡੱਬ ਵਿਚ ਰੱਖ ਲੈਣੀ। ਜਦੋਂ ਤੁਰੇ ਆਉਂਦੇ ਸਨ ਤਾਂ ਦੂਰੋਂ ਪਤਾ ਲੱਗ ਜਾਂਦਾ ਸੀ ਕਿ ਤਾਇਆ ਲੋਰ ਵਿਚ ਹੈ। ਅੱਖਾਂ ਚਮਕਦੀਆਂ ਹੁੰਦੀਆਂ ਸਨ। ਇਸ ਕੰਮ ਵਿਚ ਆਪ ਦੇ ਜੋਟੀਦਾਰ ਅਮਰ ਸਿੰਘ ਹੁਸੈਨਪੁਰ, ਹਰਬੰਸ ਸਿੰਘ ਖਾਨਪੁਰ ਤੇ ਨਿਰੰਜਨ ਸਿੰਘ ਸਾਹਰੀ ਸਨ। ਨਿਰੰਜਨ ਸਿੰਘ ਦੂਜੇ ਚੌਥੇ ਆਪ ਦੇ ਕੋਲ ਆਉਂਦਾ ਸੀ। ਉਹ ਮੇਰੇ ਕੋਲੋਂ ਸਾਈਕਲ ਲੈ ਕੇ ਜਾਂਦਾ ਸੀ ਤਾਂ ਨਸਰਾਲੇ ਤੋਂ ਪੀਣ ਲਈ ਬੋਤਲ ਲੈ ਕੇ ਆਉਂਦਾ ਸੀ। ਹਾੜੀ ਸਾਉਣੀ ਦੀ ਫ਼ਸਲ ਚੰਗੀ ਹੋ ਜਾਂਦੀ ਸੀ।

* **ਉਨ੍ਹਾਂ ਦੇ ਜੀਵਨ ਦੀਆਂ ਹੋਰ ਯਾਦਾਂ**:- ਇਹ ਯਾਦਾਂ ਇਸ ਪ੍ਰਕਾਰ ਹਨ ਜੋ ਵੱਖ-ਵੱਖ ਸਮੇਂ ਉਹ ਸੁਣਾਉਂਦੇ ਸਨ। ਮੈਂ ਇਕ ਵਾਰ ਉਨ੍ਹਾਂ ਨੂੰ ਮਿਲਣ ਗਿਆ ਤਾਂ ਉਹ ਬਾਹਰ ਪਿੱਪਲ ਦੇ ਹੇਠਾਂ ਮੰਜੇ 'ਤੇ ਲੇਟੇ ਹੋਏ ਸਨ। ਮੈਂ ਕਿਹਾ, "ਤਾਇਆ ਜੀ ਕੀ ਹਾਲ ਹੈ?" ਉਨ੍ਹਾਂ ਕਿਹਾ, "ਕਾਕਾ! ਸਿਹਤ ਹੁਣ ਠੀਕ ਨਹੀਂ ਰਹਿੰਦੀ ਹੈ। ਉਨ੍ਹਾਂ ਨੂੰ ਬੁਖਾਰ ਚੜ੍ਹਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮੈਂ ਬੁਖਾਰ ਚੜ੍ਹੇ-ਚੜ੍ਹੇ ਛੱਤਰੀ ਲੈ ਕੇ ਪਸ਼ੂ ਚਾਰਦਾ ਰਿਹਾ ਹਾਂ। ਪਸ਼ੂ ਚਾਰਦੇ ਮੈਂ ਦੇਖਿਆ ਹੈ, ਹਲ ਵਾਹੁੰਦੇ ਮੈਂ ਨਹੀਂ ਦੇਖਿਆ ਹੈ। ਕਈ ਵਾਰ ਉਨ੍ਹਾਂ ਦੀ ਧਰਮ ਪਤਨੀ ਬੰਤੀ ਵੀ ਉਨ੍ਹਾਂ ਨਾਲ ਹੁੰਦੀ ਸੀ। ਦੂਜੀ ਗੱਲ ਉਨ੍ਹਾਂ ਦੱਸੀ ਕਿ ਇਕ ਵਾਰ ਮੈਂ ਕਿਸੇ ਨਾਲ ਜੀਪ ਵਿਚ ਡੇਰਾ ਬਿਆਸ ਲਈ ਗਿਆ ਪਰ ਅਸੀਂ ਕਿਸੇ ਕਾਰਨ ਅੰਦਰ ਨਹੀਂ ਜਾ ਸਕੇ। ਬਾਹਰੋਂ ਹੀ ਮੁੜ ਆਏ ਹਾਂ। ਤੀਜੀ ਗੱਲ ਕਿ ਪਿਛਲੇ ਸਮੇਂ ਵਿਚ ਬੱਚਿਆਂ ਦੇ ਵਿਆਹ ਮੰਗਣੇ ਛੋਟੀ ਉਮਰ ਵਿਚ ਕਰ ਦਿੰਦੇ ਸਨ, ਜਿਸ ਦਿਨ ਆਪ ਦੇ ਪਿਤਾ ਬਸੰਤ ਸਿੰਘ ਨੂੰ ਸ਼ਗਨ ਪਿਆ ਉਹ ਖੂਹ ਹੱਕਦਾ ਸੀ। ਸ਼ਗਨ ਪਾਉਣ ਤੋਂ ਮਗਰੋਂ ਜਦੋਂ ਪ੍ਰਾਹੁਣੇ ਚਲੇ ਗਏ ਤਾਂ ਉਹ ਫਿਰ ਖੂਹ ਹੱਕਣ ਆ ਗਿਆ। ਮੈਂ ਇਹ ਗੱਲ ਸੁਣ ਕੇ ਹੱਸ ਪਿਆ ਕਿ ਕਿਹੋ ਜਿਹਾ ਭੋਲਾ ਭਾਲਾ ਜ਼ਮਾਨਾ ਸੀ। ਲੋਕ ਸਾਦਗੀ ਵਿਚ ਰਹਿੰਦੇ ਸਨ। ਆਪਣੀ ਧਰਮ ਪਤਨੀ ਬੰਤੀ ਦੀ ਸਿਫ਼ਤ ਕੀਤੀ ਕਿ ਇਕ ਵਾਰ ਦਾਣੇ ਮੁੱਕ ਗਏ। ਨਵੇਂ ਦਾਣੇ ਘਰ ਨਹੀਂ ਆਏ ਸਨ। ਤੇਰੀ ਤਾਈ ਬੰਤੀ ਨੇ ਖੇਤ ਵਿੱਚੋਂ ਕਣਕ ਦੀ ਭਰੀ ਲਿਆਂਦੀ ਅਤੇ ਉਸਨੂੰ ਕੁੱਟਿਆ, ਦਾਣੇ ਸਾਫ਼ ਕੀਤੇ ਫਿਰ ਆਟਾ ਪੀਸਿਆ ਤੇ ਮੇਰੇ ਲਈ ਰੋਟੀ ਤਿਆਰ ਕਰਕੇ ਲਿਆਈ। ਮੈਂ ਤੇਰੀ ਤਾਈ ਨੂੰ ਪੁੱਛਿਆ ਦੇਰ ਕਿਉਂ ਹੋਈ ਉਸ ਨੇ ਕਿਹਾ, ਮੈਂ ਆਹ ਕੁਝ ਕਰਕੇ ਆਈ ਹਾਂ। ਅੱਜ ਬੰਦਿਆਂ ਵਿਚ ਧੀਰਜ ਨਹੀਂ ਹੈ। ਅਸੀਂ ਝੱਟ ਲੜ ਪੈਂਦੇ ਹਾਂ।

* **ਬਿਸਤਰੇ ਦੀ ਗੱਲ**:- ਜਿਸ ਬਿਸਤਰੇ ਉੱਪਰ ਆਪ ਲੇਟਦੇ ਸਨ ਉਹ ਬਿਸਤਰਾ ਕਈ ਵਾਰ ਮੈਨੂੰ ਦਿਖਾਇਆ ਜਦੋਂ ਲੋਰ ਵਿਚ ਹੁੰਦੇ ਸਨ। ਬਿਸਤਰੇ ਦੀ ਖਾਸੀਅਤ ਇਹ ਹੈ ਕਿ ਮੰਜੇ ਉੱਪਰ ਵੱਡਾ ਖੇਸ, ਉਸ ਉੱਪਰ ਤਲਾਈ, ਉਸ ਉੱਪਰ ਚਾਦਰ ਵਿਛਾਈ ਹੁੰਦੀ ਸੀ। ਤਲਾਈ ਬਾਰੇ ਦੱਸਣਾ ਕਿ ਇਹ ਮੇਰੀ ਮਾਂ ਨੰਦੀ ਤੇ ਤੇਰੀ ਦਾਦੀ ਖੇਮੀ ਦੇ ਹੱਥਾਂ ਦੀ ਬਣੀ ਹੋਈ ਹੈ। ਕਾਹਰੀ ਦੇ ਰਸਤੇ ਖੇਤ ਵਿਚ ਕਪਾਹ ਬੀਜੀ ਸੀ ਉਨ੍ਹਾਂ ਦੋਹਾਂ ਨੇ ਚੁੱਗ ਕੇ ਲਿਆਂਦੀ ਤਾਂ ਹੋਰ ਰਜਾਈਆਂ ਨਾਲ ਇਹ ਤਲਾਈ ਤਿਆਰ ਕੀਤੀ। ਨਸ਼ੇ ਦੀ ਲੋਰ ਵਿਚ ਹੋਰ ਮਿੱਠੀਆਂ-ਮਿੱਠੀਆਂ ਗੱਲਾਂ ਕਰਿਆ ਕਰਦੇ ਸਨ। ਆਪਣੀ ਹਵੇਲੀ ਬਾਰੇ

ਦੱਸਣਾ ਕਿ ਕਿਸ ਭੱਠੇ ਤੋਂ ਇੱਟਾਂ ਆਈਆਂ ਹਨ, ਕੌਣ ਮਿਸਤਰੀ ਸੀ। ਟਾਹਲੀਆਂ ਕਿਹੜੇ ਖੇਤਾਂ ਵਿਚੋਂ ਵੱਢੀਆਂ ਸਨ ਆਦਿ ਸਾਰੇ ਵੇਰਵੇ ਦੱਸਣੇ।

*** ਮਾਂ ਨੰਦੀ ਦੀ ਮਟੀ:-** ਸ. ਮੇਹਰ ਸਿੰਘ ਨੇ ਆਪਣੀ ਮਾਤਾ ਨੰਦੀ ਦੀ ਪੱਕੀ ਸਮਾਧ ਸੜਕ ਦੇ ਉੱਪਰ ਬਣਾਈ ਹੋਈ ਸੀ। ਜਦੋਂ ਮੁਸਲਮਾਨ ਇੱਧਰ ਸਨ ਤਾਂ ਪਿੰਡ ਦਾ ਸ਼ਮਸ਼ਾਨਘਾਟ ਪਿੰਡ ਹੁਸੈਨਪੁਰ ਦੇ ਬਜੀਮੇ 'ਤੇ ਸੀ। ਉਸ ਸਮੇਂ ਪਿੰਡ ਦੀ ਅਬਾਦੀ ਥੋੜ੍ਹੀ ਸੀ। ਉਸ ਮਟੀ ਦੇ ਕੋਲ ਲਸੂੜੀ ਦਾ ਦਰੱਖਤ ਸੀ ਜੋ ਹਮੇਸ਼ਾ ਹਰੀ ਰਹਿੰਦੀ ਸੀ। ਮੈਨੂੰ ਉਸ ਦੇ ਭਤੀਜੇ ਜੋਗਿੰਦਰ ਸਿੰਘ ਨੇ ਦੱਸਿਆ ਹੈ ਕਿ ਤਾਏ ਨੇ ਹੁਸ਼ਿਆਰਪੁਰ ਤੋਂ ਫੋਟੋਗ੍ਰਾਫਰ ਸੱਦ ਕੇ ਮਾਤਾ ਦੀ ਫੋਟੋ ਕਰਾਈ ਸੀ ਇਨ੍ਹਾਂ ਦਾ ਲੜਕਾ ਸੋਹਣ ਸਿੰਘ ਚੌਰ ਕਰਦਾ ਹੈ। ਇਹ ਫੋਟੋ ਹਵੇਲੀ ਵਿਚ ਅਲਮਾਰੀ ਵਿੱਚ ਰੱਖੀ ਹੁੰਦੀ ਸੀ। ਇਸ ਤੋਂ ਇਲਾਵਾ ਪਿੰਡ ਵਿਚ ਕਿਸੇ ਬਜ਼ੁਰਗ ਦੀ ਸਮਾਧ ਜਾਂ ਮਟੀ ਨਹੀਂ ਹੈ। ਜਦੋਂ ਮੁਰੱਬੇਬੰਦੀ ਹੋਈ ਤਾਂ ਪਿੰਡ ਦਾ ਸ਼ਮਨਸ਼ਾਨਘਾਟ ਸਾਹਰੀ ਪਿੰਡ ਦੇ ਰਸਤੇ ਪਿੰਡ ਦੀ ਆਬਾਦੀ ਤੋਂ ਦੂਰ ਕਰ ਦਿੱਤਾ ਗਿਆ ਹੈ। ਹੁਣ ਮਟੀ ਨਹੀਂ ਹੈ। ਇਥੇ ਆਂਗਣਵਾੜੀ ਸਕੂਲ ਖੋਲ੍ਹ ਦਿੱਤਾ ਗਿਆ ਹੈ।

*** ਦਾਜ ਵਿਚ ਘੋੜੀ ਮੰਗਣਾ:-** ਸ. ਮੇਹਰ ਸਿੰਘ ਨੇ ਇਹ ਵੀ ਦੱਸਿਆ ਕਿ ਮੈਂ ਆਪਣੇ ਲੜਕੇ ਸੋਹਨ ਸਿੰਘ ਦੇ ਦਾਜ ਵਿਚ ਘੋੜੀ ਦੀ ਮੰਗ ਕੀਤੀ ਸੀ। ਪਰ ਮੇਰੇ ਕੁੜਮਾਂ ਨੇ ਨਹੀਂ ਦਿੱਤੀ। ਮੈਂ ਪ੍ਰਾਹੁਣਿਆਂ ਦੇ ਆਉਣ ਤੋਂ ਪਹਿਲਾਂ ਘੋੜੀ ਮੁੱਲ ਲੈ ਕੇ ਆਪਣੀ ਹਵੇਲੀ ਬੰਨ੍ਹ ਦਿੱਤੀ ਸੀ। ਪਿੰਡ ਦੇ ਕਈ ਲੋਕਾਂ ਨੇ ਦੱਸਿਆ ਕਿ ਖੱਟ ਦਾ ਲੜ ਨਹੀਂ ਮੋੜਿਆ ਸੀ। ਘੋੜੀ ਨਾ ਦੇਣ ਕਰਕੇ ਮੇਹਰ ਸਿੰਘ ਆਪਣੇ ਕੁੜਮਾਂ ਨਾਲ ਗੁੱਸੇ ਹੋ ਗਿਆ ਸੀ। ਮੈਂ ਸਾਰੀਆਂ ਗੱਲਾਂ ਉਨ੍ਹਾਂ ਦੇ ਭਤੀਜੇ ਜੋਗਿੰਦਰ ਸਿੰਘ ਕੋਲੋਂ ਪੁੱਛੀਆਂ। ਉਨ੍ਹਾਂ ਕਿਹਾ ਕਿ ਸਾਡਾ ਤਾਇਆ ਨਸ਼ੇ ਦੀ ਲੋਰ ਵਿਚ ਆ ਕੇ ਬਹੁਤ ਗੱਲਾਂ ਕਰਦਾ ਸੀ ਪਰ ਅਸੀਂ ਕਦੇ ਧਿਆਨ ਨਹੀਂ ਦਿੰਦੇ ਸੀ। ਆਸੇ-ਪਾਸੇ ਦੇ ਪਿੰਡਾਂ ਦੇ ਪਰਿਵਾਰਾਂ ਬਾਰੇ ਵੀ ਗੱਲਬਾਤ ਕਰਦੇ ਸਨ। ਉਨ੍ਹਾਂ ਇਹ ਵੀ ਕਿਹਾ ਕਿ ਮੇਰੇ ਨਾਲੋਂ ਮੇਰੇ ਵੱਡੇ ਭਰਾ ਮਹਿੰਦਰ ਸਿੰਘ ਨੂੰ ਬਹੁਤ ਗਿਆਨ ਹੈ ਜੋ ਤਾਇਆ ਜੀ ਦੇ ਕੋਲ ਅਕਸਰ ਰਹਿੰਦਾ ਸੀ।

ਸਾਡੀ ਉਨ੍ਹਾਂ ਨਾਲ ਸਾਂਝ ਉਦੋਂ ਪੱਕੀ ਹੋ ਗਈ ਜਦੋਂ ਸਾਨੂੰ 1969 ਈ: ਵਿਚ ਸਰਕਾਰੀ ਤੌਰ ਤੇ ਕੁਝ ਜ਼ਮੀਨ ਅਲਾਟ ਹੋਈ ਸੀ। ਹੁਸ਼ਿਆਰਪੁਰ ਤੋਂ ਗਰਦਾਵਰ ਤੇ ਪਟਵਾਰੀ ਆਏ ਸਨ। ਪਰਿਵਾਰਕ ਮੈਂਬਰਾਂ ਦੇ ਨਾਲ ਤਾਇਆ ਮੇਹਰ ਸਿੰਘ ਵੀ ਹਾਜ਼ਰ ਸਨ। ਨਿਸ਼ਾਨਦੇਹੀ ਕਰਕੇ ਵੱਟਾਂ ਪਾ ਦਿੱਤੀਆਂ ਗਈਆਂ।

* ਹੈਰਾਨੀ ਭਰਿਆ ਸੱਚ ਇਹ ਹੈ ਕਿ ਜਦੋਂ ਵੀ ਕਦੇ ਕਿਸੇ ਕੰਮ ਜਾਣਾ ਹੋਵੇ ਤਾਂ ਮੇਹਰ ਸਿੰਘ ਜਾਂ ਉਸ ਦਾ ਲੜਕਾ ਸੋਹਨ ਸਿੰਘ ਮਿਲ ਜਾਣ ਤਾਂ ਕੰਮ ਅਵੱਸ਼ ਹੁੰਦਾ ਸੀ ਜਦੋਂ ਮੈਂ ਇਸ ਬਾਰੇ ਪੁੱਛਿਆ ਕਿ ਤਾਇਆ ਜੀ ਮੈਂ ਜਦੋਂ ਵੀ ਕਿਸੇ ਕੰਮ ਜਾਂਦਾ ਹਾਂ ਤਾਂ ਆਪ ਨੂੰ ਮੱਥਾ ਟੇਕ ਕੇ ਜਾਂਦਾ ਹਾਂ ਫਤਹਿ ਹੁੰਦੀ ਹੈ। ਬਾਕੀ ਲੋਕ ਆਪ ਨੂੰ ਬੁਰਾ-ਭਲਾ ਆਖਦੇ ਹਨ। ਉਨ੍ਹਾਂ ਕਿਹਾ ਕਾਕਾ! ਕਿਸੇ ਨੂੰ ਮਾਂਹ ਬਾਏ ਕਿਸੇ ਨੂੰ ਬਾਦੀ ਵਾਲੀ ਗੱਲ ਹੈ। ਤੇਰਾ ਮੇਰਾ ਪਿਆਰ ਹੈ ਕੰਮ ਸਿੱਧਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ "ਤੁਹਾਡੀਆਂ

ਤਾਈਆਂ ਚਾਚੀਆਂ ਮੇਰੀ ਮਾਂ ਨੰਦੀ ਨੂੰ ਇਸ ਤਰ੍ਹਾਂ ਮਿਲ ਕੇ ਜਾਂਦੀਆਂ ਸਨ ਜਿਵੇਂ ਤੂੰ ਮੈਨੂੰ ਮਿਲਦਾ ਹੈ।"

*** ਅੰਤਮ ਸਮਾਂ**:- ਅੰਤਮ ਸਮੇਂ ਉਨ੍ਹਾਂ ਦਾ ਪਿਸ਼ਾਬ ਰੁਕ ਗਿਆ। ਡਾਕਟਰਾਂ ਨੇ ਉਨ੍ਹਾਂ ਨੂੰ ਸ਼ਰਾਬ ਪੀਣ ਦੀ ਮਨਾਹੀ ਕੀਤੀ ਸੀ। ਉਹ ਹੁਸੈਨਪੁਰ ਵਾਲੀ ਸੜਕ 'ਤੇ ਤੁਰੇ ਜਾ ਰਹੇ ਸਨ। ਮੈਂ ਕਿਹਾ, "ਤਾਇਆ ਜੀ ਕੀ ਹਾਲ ਹੈ?" ਉਨ੍ਹਾਂ ਦੱਸਿਆ ਕਿ "ਡਾਕਟਰ ਨੇ ਮੇਰੀ ਸ਼ਰਾਬ ਬੰਦ ਕੀਤੀ ਹੈ ਪਰ ਸ਼ਰਾਬ ਪੀਣ ਨਾਲ ਪਿਸ਼ਾਬ ਤੁਰ ਪੈਂਦਾ ਹੈ।" ਉਨ੍ਹਾਂ ਪਿਸ਼ਾਬ ਵਾਲੀ ਨਾਲੀ ਆਪਣੇ ਹੱਥ ਵਿਚ ਫੜੀ ਹੋਈ ਸੀ। ਮੈਂ ਅੰਤਮ ਸਮੇਂ ਉਨ੍ਹਾਂ ਨੂੰ ਮਿਲ ਨਹੀਂ ਸਕਿਆ। ਆਪ ਸੰਸਾਰਿਕ ਯਾਤਰਾ ਕਰਦੇ ਹੋਏ ਮਿਤੀ 16 ਜਨਵਰੀ 1983 ਦਿਨ ਐਤਵਾਰ ਦੇਸੀ ਮਾਘ 3 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ। ਆਪ ਦਾ ਸ਼ਰਧਾਂਜਲੀ ਸਮਾਗਮ ਮਿਤੀ 28 ਜਨਵਰੀ 1983 ਨੂੰ ਸੀ। ਉਸ ਹੀ ਦਿਨ ਪਿੰਡ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਸੀ। ਆਪ ਦੀ ਸ਼ੋਭਾ ਯਾਤਰਾ ਵਿਚ ਜਿਥੇ ਸਮੂਹ ਨਗਰ ਨਿਵਾਸੀ, ਰਿਸ਼ਤੇਦਾਰ ਸਨ ਉਥੇ ਕੁਝ ਮਹਾਂਪੁਰਸ਼ ਵੀ ਸਨ।

ਮੇਰੇ ਵੱਡੇ ਭਾਈ ਅਜੀਤ ਸਿੰਘ ਨੇ ਆਪਣੇ ਗ੍ਰਹਿ ਵਿਖੇ ਛੁੱਟੀ ਆ ਕੇ ਸਧਾਰਨ ਪਾਠ ਦਾ ਭੋਗ ਉਸ ਹੀ ਦਿਨ ਪਾਇਆ ਸੀ, ਜਿਸ ਦਿਨ ਆਪ ਸੁਆਸਾਂ ਰੂਪੀ ਪੂੰਜੀ ਭੋਗ ਕੇ ਪ੍ਰਲੋਕ ਸੁਧਾਰ ਗਏ ਸਨ। ਮਗਰੋਂ ਮੈਨੂੰ ਪਤਾ ਲੱਗਾ ਕਿ ਅੱਜ ਤਾਇਆ ਮੇਹਰ ਸਿੰਘ ਗੁਜ਼ਰ ਗਿਆ। ਆਪ ਨੇ ਕਰੀਬ 90 ਸਾਲ ਦੀ ਉਮਰ ਭੋਗੀ ਹੈ। ਆਪ ਦਾ ਸਰੀਰ 6 ਫੁੱਟ ਦੇ ਕਰੀਬ ਸੀ। ਨਜ਼ਰ ਠੀਕ ਸੀ, ਕੋਈ ਕੁੱਬ ਨਹੀਂ ਪਿਆ। ਨਸ਼ੇ ਕਰਕੇ ਕੋਈ ਜ਼ਮੀਨ ਨਹੀਂ ਵੇਚੀ। ਸਾਫ ਸੁਥਰੇ ਕੱਪੜੇ ਪਹਿਨਦੇ ਸਨ। ਨਾ ਹੀ ਕਿਸੇ ਪਿੰਡ ਦੇ ਲੋਕਾਂ ਵਾਂਗ ਮੇਲੇ ਮੁਸਾਵੇ ਜਾਂਦੇ ਸਨ।

ਆਪ ਦੀ ਧਰਮ ਪਤਨੀ ਬੰਤੀ ਆਪ ਤੋਂ ਪਹਿਲਾਂ ਮਿਤੀ 20-3-1976 ਨੂੰ ਗਲੇ ਦੇ ਕੈਂਸਰ ਨਾਲ ਪੂਰੀ ਹੋ ਗਈ ਸੀ।

ਵੰਸ਼:- ਆਪ ਦਾ ਇਕਲੌਤਾ ਪੁੱਤਰ ਸਿਰਫ਼ ਤੇ ਸਿਰਫ਼ ਸੋਹਨ ਸਿੰਘ ਹੈ।

ਸੋਹਨ ਸਿੰਘ ਦੀ ਧਰਮ ਪਤਨੀ ਦਾ ਨਾਮ ਰੇਸ਼ਮ ਕੌਰ ਹੈ, ਜਿਸ ਦੇ ਪੇਕੇ ਪਿੰਡ ਚੱਕ ਰਾਜੂ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਹਨ। ਸੋਹਨ ਸਿੰਘ ਆਪਣੀ ਜਵਾਨੀ ਵੇਲੇ ਉੱਚਾ ਲੰਬਾ ਤੇ ਤਕੜਾ ਜਵਾਨ ਸੀ। ਉਰਦੂ ਦੀਆਂ ਸੱਤ ਜਮਾਤਾਂ ਪਾਸ ਸੀ। ਫੌਜ ਜਾਂ ਪੁਲਿਸ ਵਿਚ ਭਰਤੀ ਹੋ ਸਕਦਾ ਸੀ ਪਰ ਮਾਂ ਬਾਪ ਦਾ ਇਕਲੌਤਾ ਪੁੱਤਰ ਹੋਣ ਕਰਕੇ ਘਰਦਿਆਂ ਨੇ ਭਰਤੀ ਨਹੀਂ ਹੋਣ ਦਿੱਤਾ। ਜਦੋਂ ਅਸੀਂ ਚਾਚਾ ਸੋਹਨ ਸਿੰਘ ਦੇ ਨਾਲ ਮੱਕੀ ਗੁੱਡਦੇ ਸੀ ਤਾਂ ਆਪ ਨੇ ਦੱਸਿਆ ਕਿ, "ਮੈਂ ਇਕ ਭਰੀ ਪੱਠਿਆਂ ਦੀ ਲਿਆਉਂਦਾ ਸੀ ਜੋ ਸਾਰੇ ਪਸ਼ੂਆਂ ਲਈ ਕਾਫੀ ਹੁੰਦੀ ਸੀ। ਆਪ ਦੀ ਜ਼ਮੀਨ ਵਿਚ ਖੂਹ ਲੱਗਾ ਹੋਇਆ ਸੀ। ਹਿੱਸੇਦਾਰ ਹੋਰ ਵੀ ਸਨ ਪਰ ਉਸ ਨੂੰ ਮੇਹਰ ਸਿੰਘ ਦਾ ਖੂਹ ਕਿਹਾ ਜਾਂਦਾ ਸੀ। ਆਪ ਦੇ ਪਿਤਾ ਮੇਹਰ ਸਿੰਘ ਨੇ ਹਲ ਤਾਂ ਨਹੀਂ ਵਾਹਿਆ ਹੈ ਪਰ ਉਹ ਖੂਹ ਜ਼ਰੂਰ ਹੱਕਦਾ ਤੇ

ਪਸ਼ੂ ਚਾਰਦਾ ਸੀ। ਪਟਵਾਰਖਾਨਾ ਹਵੇਲੀ ਵਿਚ ਹੋਣ ਕਰਕੇ ਲੋਕਾਂ ਦਾ ਆਉਣਾ-ਜਾਣਾ ਬਹੁਤ ਸੀ। ਇਸ ਕਰਕੇ ਘਰੇਲੂ ਕੰਮ ਨੂੰ ਫੁਰਸਤ ਘੱਟ ਮਿਲਦੀ ਸੀ।

ਸੋਹਨ ਸਿੰਘ ਨੇ 1968 ਦੇ ਕਰੀਬ ਆਪਣੀ ਹਵੇਲੀ ਦੇ ਲਾਗਲੇ ਖੇਤਾਂ ਵਿਚ ਟਿਊਬਵੈੱਲ ਵੀ ਲਗਾ ਲਿਆ ਸੀ, ਜੋ ਅੱਜ ਵੀ ਚੱਲਦਾ ਹੈ। ਆਪ ਦੁਆਰਾ ਬੀਜਿਆ ਵਰਸੀਨ ਜੇਠ ਮਹੀਨੇ ਤੱਕ ਚੱਲਦਾ ਸੀ। ਹਵੇਲੀ ਦੇ ਲਾਗਲੇ ਖੇਤਾਂ ਦੀ ਸੰਭਾਲ ਚੰਗੀ ਸੀ।

ਖੇਤੀ ਦੇ ਕੰਮ ਲਈ ਆਪ ਨੇ ਇਕ ਗੱਚੋ ਨਾਮ ਦਾ ਨੌਕਰ ਰੱਖਿਆ ਹੋਇਆ ਸੀ ਜੋ ਡਾਮੂੰਡਾ ਕਦੋਲਾ (ਜਲੰਧਰ) ਦਾ ਰਹਿਣ ਵਾਲਾ ਸੀ। ਉਹ ਥੋੜ੍ਹਾ ਅਮਲ ਖਾਂਦਾ ਸੀ। ਘਰਜਿਆਂ ਤੋਂ ਚੋਰੀ ਮੱਕੀ ਜਾਂ ਕਣਕ ਵੇਚ ਦਿੰਦਾ ਸੀ। ਸੋਹਨ ਸਿੰਘ ਕਈ ਵਾਰ ਉਸ ਨੂੰ ਤਾੜਦਾ ਵੀ ਹੁੰਦਾ ਸੀ। ਇਸ ਤੋਂ ਮਗਰੋਂ ਮੰਗਲ ਸਿੰਘ ਨੇ ਵੀ ਆਪ ਨਾਲ ਖੇਤੀਬਾੜੀ ਦਾ ਕੰਮ ਕਰਵਾਇਆ ਹੈ। ਆਪ ਦੀ ਧਰਮ ਪਤਨੀ ਰੇਸ਼ਮ ਕੌਰ ਘਰ ਵਿਚ ਸਾਫ਼ ਸਫਾਈ ਬਹੁਤ ਰੱਖਦੀ ਸੀ। ਮੈਂ ਕਈ ਵਾਰ ਆਪਣੇ ਤਾਏ ਮੁਨਸ਼ੀ ਦੀ ਰੋਟੀ ਲੈਣ ਜਾਣਾ ਤਾਂ ਆਪ ਨੇ ਗਰਮੀਆਂ ਦੇ ਮੌਸਮ ਵਿਚ ਅੰਬ ਵੀ ਚੂਪਣ ਨੂੰ ਦੇ ਦੇਣੇ। ਟਿਊਬਵੈੱਲ 'ਤੇ ਅੰਬਾਂ ਦੇ ਬੂਟੇ ਲੱਗੇ ਹੋਏ ਸਨ। ਉਹ ਤਾਏ ਮੁਨਸ਼ੀ ਨੂੰ ਭਾਈ ਜੀ ਕਹਿ ਕੇ ਬੁਲਾਉਂਦੀ ਸੀ। ਆਪਣੇ ਸੱਸ-ਸਹੁਰੇ ਦਾ ਵੀ ਸਤਿਕਾਰ ਕਰਦੀ ਸੀ। ਕਦੇ-ਕਦੇ ਸਾਡੇ ਘਰਾਂ ਵਿਚ ਆ ਜਾਂਦੀ ਸੀ।

* **ਵੰਸ਼**:- ਸੋਹਨ ਸਿੰਘ ਦਾ ਇਕ ਲੜਕਾ ਮਨਜੀਤ ਸਿੰਘ ਸੀ ਜੋ 1959 ਦੇ ਕਰੀਬ ਚਾਰ ਕੁ ਸਾਲ ਦਾ ਹੋ ਕੇ ਗੁਜਰ ਗਿਆ ਸੀ, ਜਿਸ ਥੜ੍ਹੇ ਤੇ ਮੇਹਰ ਸਿੰਘ ਮੰਜਾ ਡਾਹ ਕੇ ਬਹਿੰਦਾ ਸੀ। ਇਸ ਹੀ ਥੜ੍ਹੇ 'ਤੇ ਲੜਕੇ ਨੂੰ ਨਹਾਇਆ ਗਿਆ। ਅਸੀਂ ਛੋਟੇ-ਛੋਟੇ ਸੀ।

* **ਲੜਕੀਆਂ**:- ਸੋਹਣ ਸਿੰਘ ਦੀਆਂ ਪੰਜ ਲੜਕੀਆਂ ਹਨ।

ਸੁਰਿੰਦਰ ਕੌਰ, ਮਨਜੀਤ ਕੌਰ, ਬਲਵਿੰਦਰ ਕੌਰ, ਹਰਬਖਸ਼ ਕੌਰ, ਜਸਵੀਰ ਕੌਰ।

1. ਸੁਰਿੰਦਰ ਕੌਰ ਪਰਿਵਾਰ ਵਿਚੋਂ ਸਭ ਤੋਂ ਵੱਡੀ ਹੈ ਬਾਕੀ ਭੈਣ ਭਰਾ ਇਸ ਤੋਂ ਛੋਟੇ ਹਨ। ਆਪ ਦੇ ਪਤੀ ਦਾ ਨਾਮ ਦਿਲਬਾਗ ਸਿੰਘ ਹੈ ਤੇ ਸਹੁਰੇ ਪਿੰਡ ਨਸਰਾਲਾ ਵਿਖੇ ਹਨ। ਦਿਲਬਾਗ ਸਿੰਘ ਦਾ ਖੇਤੀਬਾੜੀ ਦੇ ਨਾਲ ਦੁਆਬਾ ਬੱਸਾਂ ਵਿਚ ਵੀ ਹਿੱਸੇਦਾਰੀ ਹੈ। ਸੁਰਿੰਦਰ ਕੌਰ ਨੇ ਸਕੂਲ ਦੀ ਪੜ੍ਹਾਈ ਤਾਂ ਨਹੀਂ ਕੀਤੀ। ਵੈਸੇ ਹਰ ਤਰ੍ਹਾਂ ਹੁਸ਼ਿਆਰ ਹੈ।

ਸੋਹਨ ਸਿੰਘ ਨੇ ਆਪਣੀ ਲੜਕੀ ਸੁਰਿੰਦਰ ਕੌਰ ਦੀ ਸ਼ਾਦੀ ਬਹੁਤ ਸੁਚੱਜੇ ਢੰਗ ਨਾਲ ਕੀਤੀ। ਪਿੰਡ ਵਿਚ ਪਹਿਲੀ ਵਾਰ ਜਨੇਤ ਨੂੰ ਮੇਜ਼ ਕੁਰਸੀਆਂ ਦੇ ਉੱਪਰ ਰੋਟੀ ਖੁਆਈ ਗਈ। ਆਪ ਦੇ ਪਿਤਾ ਮੇਹਰ ਸਿੰਘ ਦੀ ਇਲਾਕੇ ਵਿਚ ਮਸ਼ਹੂਰੀ ਸੀ ਜੋ ਜ਼ਮੀਨ ਜਾਇਦਾਦ ਦਾ ਮਾਲਕ ਸੀ। ਆਪ ਦੇ ਜਵਾਈ ਦਿਲਬਾਗ ਸਿੰਘ ਦਾ ਸੁਭਾਅ ਬਹੁਤ ਚੰਗਾ ਹੈ ਜੋ ਦੋ ਘਰਾਂ ਦੀ ਸਾਂਭ ਸੰਭਾਲ ਕਰਦਾ ਹੈ। ਇਕ ਪੇਕਾ ਘਰ ਦੂਜਾ ਸਹੁਰਾ ਘਰ।

* **ਵੰਸ਼**: 1 ਲੜਕੀ, 2 ਲੜਕੇ

* ਲੜਕੀ ਮਨਦੀਪ ਕੌਰ ਹੈ ਜੋ ਪਿੰਡ ਕਾਹਰੀ ਵਿਆਹੀ ਹੋਈ ਹੈ। ਉਸ ਲੜਕੇ ਨੇ B.com ਐਸ.ਡੀ. ਕਾਲਜ ਹੁਸ਼ਿਆਰਪੁਰ ਤੋਂ ਕੀਤੀ ਸੀ। ਮੇਰੇ ਭਤੀਜੇ ਬਲਵੀਰ ਸਿੰਘ ਦਾ ਸਹਿਪਾਠੀ ਹੈ।

* **ਲੜਕੇ**- ਅਵਤਾਰ ਸਿੰਘ, ਜਸਪਾਲ ਸਿੰਘ

1. ਅਵਤਾਰ ਸਿੰਘ ਨੇ 1991 ਈ: ਵਿਚ +2 ਪਾਸ ਕੀਤੀ। ਖੇਤੀ ਦਾ ਕੰਮ ਵੀ ਕਰਦਾ ਰਿਹਾ। ਅਵਤਾਰ ਸਿੰਘ ਦੀ ਘਰਵਾਲੀ ਦਾ ਨਾਮ ਗੁਰਪ੍ਰੀਤ ਕੌਰ ਜਿਸ ਦੇ ਪੇਕੇ ਅਜੜਾਮ ਹਨ। ਅਵਤਾਰ ਸਿੰਘ ਨੇ ਗੁਰਸਿੱਖੀ ਨੂੰ ਜੀਵਨ ਦਾ ਅੰਗ ਬਣਾਇਆ ਹੈ।

* **ਵੰਸ਼**: ਅਵਤਾਰ ਸਿੰਘ ਦਾ ਇਕ ਲੜਕਾ ਪ੍ਰਭਜੀਤ ਸਿੰਘ ਹੈ।

2. **ਜਸਪਾਲ ਸਿੰਘ**:- ਜਸਪਾਲ ਸਿੰਘ ਛੋਟਾ ਹੈ, ਜਿਸ ਦੀ ਅਜੇ ਸ਼ਾਦੀ ਨਹੀਂ ਹੋਈ ਹੈ।

ਬਹੁਤ ਲੰਮੇ ਸਮੇਂ ਤੋਂ ਸਾਰਾ ਪਰਿਵਾਰ ਅਮਰੀਕਾ ਵਿਚ ਰਹਿ ਰਿਹਾ ਹੈ।

2. * **ਮਨਜੀਤ ਕੌਰ**:- ਸੋਹਨ ਸਿੰਘ ਦੀ ਦੂਜੀ ਲੜਕੀ ਮਨਜੀਤ ਕੌਰ ਹੈ। ਘਰ ਵਿਚ ਇਸ ਨੂੰ ਭੋਲਾ ਕਹਿੰਦੇ ਹਨ। ਮਨਜੀਤ ਕੌਰ ਦੀ ਸ਼ਾਦੀ ਮਿਤੀ 17-10-1977 ਦਿਨ ਬੁੱਧਵਾਰ ਸ. ਬਲਵੀਰ ਸਿੰਘ ਅਹਿਰਾਣਾ ਕਲਾਂ ਨਾਲ ਹੋਈ ਹੈ। ਸੋਹਨ ਸਿੰਘ ਦੀਆਂ ਸਾਰੀਆਂ ਲੜਕੀਆਂ ਸੋਹਨ ਸਿੰਘ ਦੇ ਨਾਲ ਡੱਟ ਕੇ ਖੇਤੀ ਦਾ ਕੰਮ ਕਰਾਉਂਦੀਆਂ ਸਨ। ਆਦਮੀਆਂ ਦੇ ਵਾਂਗ ਪੱਠਿਆਂ ਦੀਆਂ ਭਰੀਆਂ ਸਿਰ 'ਤੇ ਚੁੱਕ ਕੇ ਲਿਆਉਂਦੀਆਂ ਸਨ। ਸੋਹਨ ਸਿੰਘ ਇਕੱਲਾ ਖੇਤੀ ਦਾ ਕੰਮ ਨਹੀਂ ਕਰ ਸਕਦਾ ਸੀ।

ਵੰਸ਼: ਦੋ ਲੜਕੇ ਅਤੇ ਇਕ ਲੜਕੀ ਹੈ।

ਲੜਕੇ: ਸੁਰਜੀਤ ਸਿੰਘ ਜੋ ਮਲੇਸ਼ੀਆ ਵਿਚ ਰਹਿ ਰਿਹਾ ਹੈ।

ਦਵਿੰਦਰ ਸਿੰਘ: ਇਹ ਇਥੇ ਹੀ ਰਹਿ ਰਿਹਾ ਹੈ।

* **ਲੜਕੀ**- ਅਮਨਦੀਪ ਕੌਰ ਕੈਨੇਡਾ ਵਿਚ ਰਹਿ ਰਹੀ ਹੈ।

3. * ਸੋਹਨ ਸਿੰਘ ਦੀ ਤੀਜੀ ਲੜਕੀ

* ਬਲਵਿੰਦਰ ਕੌਰ ਦੇ ਪਤੀ ਦਾ ਨਾਮ ਜਸਵਿੰਦਰ ਸਿੰਘ ਹੈ। ਵਾਸੀ ਪਿੰਡ ਚੱਕੋਵਾਲ ਸ਼ੇਖਾ ਹੁਸ਼ਿਆਰਪੁਰ ਹੈ। ਬਲਵਿੰਦਰ ਕੌਰ ਪਿੰਡ ਗਗਨੌਲੀ ਵਿਖੇ ਰਹਿ ਰਹੀ ਹੈ। ਦੋ ਕਨਾਲ 'ਚ ਵਧੀਆ ਕੋਠੀ ਪਾਈ ਹੋਈ ਹੈ।

ਵੰਸ਼: ਦੋ ਲੜਕੀਆਂ ਅਤੇ ਇਕ ਲੜਕਾ

1. **ਤਰਨਜੀਤ ਕੌਰ**, ਜਿਸ ਨੇ ਜੀ.ਐਨ.ਐਮ. ਦੀ ਡਿਗਰੀ ਪਾਸ ਕੀਤੀ ਹੈ ਤੇ ਕੈਨੇਡਾ ਵਿਖੇ ਰਹਿ ਰਹੀ ਹੈ।

2. ਰਾਜਵੀਰ ਕੌਰ, ਜਿਸ ਨੇ ਬੀ.ਸੀ.ਏ ਦੀ ਡਿਗਰੀ ਕੀਤੀ ਹੈ।

* **ਲੜਕਾ**- ਨਰਿੰਦਰ ਸਿੰਘ ਹੈ ਜੋ ਬੀ.ਏ. ਪਾਸ ਹੈ ਤੇ ਪਿੰਡ ਖੇਤੀਬਾੜੀ ਕਰ ਰਿਹਾ ਹੈ।

* **ਚੌਥੀ ਲੜਕੀ**:- ਹਰਬਖਸ਼ ਕੌਰ ਹੈ ਜਿਸ ਦੇ ਪਤੀ ਦਾ ਨਾਮ ਤੀਰਥ ਸਿੰਘ ਹੈ

ਵਾਸੀ ਪਿੰਡ ਰਾਜੋਵਾਲ ਹੈ। ਦੁਆਬਾ ਬੱਸਾਂ ਵਿੱਚ ਚੈਕਰ ਦੀ ਡਿਊਟੀ ਕਰਦਾ ਹੈ।

* **ਵੰਸ਼:** ਦੋ ਲੜਕੀਆਂ ਹਨ।

1. ਜਸਕਰਨ ਕੌਰ ਜਿਸ ਨੇ ਬੀ.ਐਸ.ਸੀ. ਨਰਸਿੰਗ ਦੀ ਡਿਗਰੀ ਕੀਤੀ ਹੈ।

2. ਸਚਪ੍ਰੀਤ ਕੌਰ ਅਜੇ ਪੜ੍ਹਦੀ ਹੈ।

* **ਪੰਜਵੀਂ ਲੜਕੀ:-** ਜਸਵੀਰ ਕੌਰ ਜਿਸ ਦੇ ਪਤੀ ਦਾ ਨਾਮ ਕਿਰਪਾਲ ਸਿੰਘ ਤੇ ਵਾਸੀ ਪਿੰਡ ਸਾਹਰੀ ਹੈ। ਪੰਜਾਬ ਪੁਲਿਸ ਵਿਚ ਨੌਕਰੀ ਕਰਦਾ ਹੈ।

ਵੰਸ਼: ਲੜਕਾ ਕੁਲਵੀਰ ਸਿੰਘ ਹੈ ਜੋ 10+2 ਪਾਸ ਹੈ।

ਲੜਕੀ ਮਨਪ੍ਰੀਤ ਕੌਰ ਜੋ +2 ਪਾਸ ਹੈ।

ਨੋਟ: ਸੋਹਨ ਸਿੰਘ ਦੀਆਂ ਦੋ ਲੜਕੀਆਂ ਆਂਗਣਵਾੜੀ ਸਕੂਲ ਵਿਚ ਨੌਕਰੀ ਕਰਦੀਆਂ ਹਨ। ਸੋਹਨ ਸਿੰਘ ਦੀਆਂ ਸਾਰੀਆਂ ਲੜਕੀਆਂ ਸਹੁਰੇ ਘਰ ਠੀਕ ਠਾਕ ਵਸ ਰਹੀਆਂ ਹਨ।

* ਸੋਹਨ ਸਿੰਘ ਨੇ 60 ਕੁ ਸਾਲ ਦੀ ਉਮਰ ਭੋਗੀ ਹੈ। ਉਸ ਨੇ ਆਪਣੇ ਘਰ ਵਿਚ ਆਪਣੀ ਲੜਕੀ ਦੀ ਸ਼ਾਦੀ ਰੱਖੀ ਹੋਈ ਸੀ। ਸ਼ਾਮ ਵੇਲੇ ਹੱਟੀ ਤੋਂ ਸੌਦਾ ਲੈਣ ਆਇਆ। ਮੈਂ ਕਿਹਾ, "ਚਾਚਾ ਜੀ ਕੀ ਹਾਲ ਹੈ?" ਉਸ ਕਿਹਾ ਹੁਸ਼ਿਆਰਪੁਰ ਤੋਂ ਆਇਆ ਹਾਂ। ਘਰ ਵਿਚ ਲੜਕੀ ਦਾ ਵਿਆਹ ਹੈ। ਸਿਹਤ ਠੀਕ ਨਹੀਂ ਹੈ। ਫਿਰ ਉਸ ਨੇ ਕਿਹਾ ਜੇ ਮੇਰਾ ਲੜਕਾ ਹੁੰਦਾ ਤਾਂ ਉਸ ਨੇ ਮੈਨੂੰ ਬੋਲਣਾ ਸੀ ਦੇਰ ਕਿਉਂ ਕੀਤੀ ਹੈ? ਮੇਰੀਆਂ ਲੜਕੀਆਂ ਨੇ ਘਰ ਦਾ ਸਾਰਾ ਕੰਮ ਕਰਕੇ ਰੱਖਿਆ ਹੋਇਆ ਹੈ। ਹੌਲੀ-ਹੌਲੀ ਸਿਹਤ ਹੋਰ ਖਰਾਬ ਹੁੰਦੀ ਗਈ। ਸਾਲ ਦੋ ਸਾਲ ਬਹੁਤ ਤਕਲੀਫ ਹੋਈ। ਘਰਾਂ ਦੇ ਵਿਚੋਂ ਬਚਨ ਸਿੰਘ ਇਸ ਘਰ ਦਾ ਕੰਮਕਾਰ ਕਰ ਰਿਹਾ ਸੀ। ਉਸ ਨੇ ਦੱਸਿਆ ਕਿ ਮੈਂ ਚੁੱਕ ਕੇ ਪਿਸ਼ਾਬ ਕਰਾਇਆ ਹੈ ਸਰੀਰ ਬਿਲਕੁਲ ਰਹਿ ਗਿਆ ਹੈ। ਘਰ ਵਾਲਿਆਂ ਨੇ ਮਹਿੰਗੇ ਤੋਂ ਮਹਿੰਗਾ ਇਲਾਜ ਕਰਵਾਇਆ ਪਰ ਆਰਾਮ ਨਹੀਂ ਆਇਆ। ਗੁਲਜ਼ਾਰ ਸਿੰਘ ਲੰਬੜਦਾਰ ਤੇ ਸੁੱਚਾ ਸਿੰਘ ਵੀ ਆਪ ਦੀ ਦੇਖਭਾਲ ਕਰਦੇ ਸਨ। ਇਕ ਦਿਨ ਉਹ ਬਹੁਤ ਬਿਮਾਰ ਸੀ ਇਨ੍ਹਾਂ ਦੇ ਪਰਿਵਾਰ ਵਿਚੋਂ ਚਾਚੀ ਨਿਰੰਜਨ ਕੌਰ ਮੇਰੇ ਘਰ ਆਈ ਤਾਂ ਕਿਹਾ, "ਕਾਕਾ! ਤੂੰ ਉਸ ਦੇ ਕੋਲ ਪਾਠ ਕਰ ਤਾਂ ਕਿ ਕੁਝ ਆਰਾਮ ਆ ਜਾਵੇ।" ਮੈਂ ਕਿਹਾ, "ਚਾਚੀ ਜੀ ਕਿਸੇ ਪਾਠੀ ਸਾਹਿਬ ਨੂੰ ਦੱਸੋ ਉਹ ਵਿਧੀਪੂਰਵਕ ਪਾਠ ਕਰ ਦੇਵੇਗਾ।" ਇਕ ਦਿਨ ਸ਼ਾਮ ਨੂੰ ਡਾਕਟਰ ਨੇ ਉਸਦੇ ਬਹੁਤ ਕੀਮਤੀ ਟੀਕਾ ਲਾਇਆ। ਕੋਲ ਖੜ੍ਹਿਆਂ ਨੇ ਦੱਸਿਆ ਕਿ ਉਸ ਦੇ ਸਰੀਰ ਵਿਚ ਐਨੀ ਤਾਕਤ ਆ ਗਈ ਕਿ ਕੋਲ ਖੜ੍ਹੇ ਆਪਣੇ ਰਿਸ਼ਤੇਦਾਰ ਦੀ ਕਮੀਜ਼ ਪਾੜ ਦਿੱਤੀ ਤੇ ਆਪਣੇ ਬਾਪ ਮੇਹਰ ਸਿੰਘ ਨੂੰ ਬੁਰਾ ਭਲਾ ਬੋਲਿਆ, "ਮੈਂ ਜ਼ਮੀਨਾਂ ਕੀ ਕਰਨੀਆਂ ਹਨ। ਮੈਨੂੰ ਲੋੜ ਨਹੀਂ ਹੈ। ਮੈਂ ਕਿਉਂ ਐਨਾ ਦੁੱਖ ਪਾਇਆ ਹੈ। ਤੂੰ ਗਲਤ ਢੰਗ ਨਾਲ ਜ਼ਮੀਨਾਂ ਬਣਾਈਆਂ ਹਨ। ਇਸ ਵਾਰਤਾਲਾਪ ਤੋਂ ਮਗਰੋਂ ਉਹ ਬਿਲਕੁਲ ਸ਼ਾਂਤ ਹੋ ਗਿਆ। ਮਿਤੀ 3-2-1988 ਦਿਨ ਬੁੱਧਵਾਰ ਨੂੰ ਉਹ ਗੁਰੂ ਚਰਨਾਂ 'ਚ ਜਾ ਬਿਰਾਜੇ।

ਉਨ੍ਹਾਂ ਦੀ ਮੌਤ ਤੋਂ ਮਗਰੋਂ ਉਨ੍ਹਾਂ ਦੀ ਧਰਮ ਪਤਨੀ ਰੇਸ਼ਮ ਕੌਰ ਨੇ ਹਰ ਤਰ੍ਹਾਂ ਘਰ ਨੂੰ ਸੰਭਾਲ ਕੇ ਰੱਖਿਆ। ਖੇਤੀਬਾੜੀ ਵੀ ਹੁੰਦੀ ਰਹੀ। ਘਰ ਵਿਚ ਮੱਝਾਂ ਗਾਈਆਂ ਦਾ ਲਵੇਰਾ ਵੀ ਬਹੁਤ ਸੀ। ਦੋਹਤੇ-ਦੋਹਤੀਆਂ ਨਾਲ ਘਰ ਭਰਿਆ ਹੋਇਆ ਹੈ। ਘਰ ਵਿਚ ਹਰ ਤਰ੍ਹਾਂ ਦੀ ਖੁਸ਼ਹਾਲੀ ਹੈ। ਪਰ ਘਾਟ ਤਾਂ ਉਨ੍ਹਾਂ ਦੀ ਹੈ ਜੋ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਰੇਸ਼ਮ ਕੌਰ ਵੀ ਪਰਿਵਾਰ ਨੂੰ ਪਾਲਦੀ ਹੋਈ ਤੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੀ ਹੋਈ 2005 ਵਿਚ ਗੁਰੂ ਚਰਨਾਂ 'ਚ ਬਿਰਾਜੀ ਹੈ। ਰੇਸ਼ਮ ਕੌਰ ਦੇ ਬਹੁਤੇ ਦੋਹਤੇ-ਦੋਹਤੀਆਂ ਕੈਨੇਡਾ ਜਾਂ ਅਮਰੀਕਾ ਵਿਚ ਰਹਿ ਰਹੇ ਹਨ। ਜਦੋਂ ਮੈਂ ਪਿੰਡ ਜਾਂਦਾ ਹਾਂ ਤਾਂ ਸੜਕ ਦੇ ਉੱਪਰ ਟਿਊਬਵੈੱਲ ਨੂੰ ਵੇਖਦਾ ਹਾਂ ਉਹ ਅੰਬ, ਜਾਮਣਾਂ ਕਿੱਥੇ ਹਨ? ਕਿੱਥੇ ਹਨ ਇਥੇ ਮਹਿਫ਼ਲਾਂ ਲਾਉਣ ਵਾਲੇ ਲੋਕ? ਕੌਣ ਉਨ੍ਹਾਂ ਨੂੰ ਬੁਲਾ ਕੇ ਲੈ ਗਿਆ ਹੈ? ਆਓ! ਉਨ੍ਹਾਂ ਦੀ ਭਾਲ ਕਰੀਏ, ਲੱਭ ਕੇ ਲਿਆਈਏ।

"ਸੁੰਨੀ ਲਗਦੀ ਹਵੇਲੀ ਮੈਨੂੰ ਆਪਣੇ ਯਾਰ ਤੋਂ ਬਿਨਾਂ"

* **ਕਰਤਾਰ ਸਿੰਘ:-** ਆਪ ਮੇਹਰ ਸਿੰਘ ਦੇ ਛੋਟੇ ਭਾਈ ਸਨ। ਕਰਤਾਰ ਸਿੰਘ ਜ਼ਿਆਦਾ ਉਮਰ ਭੋਗ ਨਹੀਂ ਸਕਿਆ। ਇਹ 12 ਕੁ ਸਾਲ ਦੀ ਉਮਰ ਵਿਚ ਪਿੰਡ ਦੇ ਛੱਪੜ ਵਿਚ ਡੁੱਬ ਕੇ ਮਰ ਗਿਆ ਸੀ। ਮੇਹਰ ਸਿਘ ਦੇ ਭਤੀਜੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਤਾਇਆ ਸਾਨੂੰ ਇਸ ਦੀ ਫੱਟੀ ਦਿਖਾਉਂਦਾ ਹੁੰਦਾ ਸੀ ਤੇ ਰੋਂਦਾ ਹੁੰਦਾ ਸੀ। ਇਹ ਮੇਰੇ ਛੋਟੇ ਵੀਰ ਦੀ ਫੱਟੀ ਹੈ, ਜਿਸ ਉੱਪਰ ਉਹ ਲਿਖਿਆ ਕਰਦਾ ਸੀ ਅਜਿਹਾ ਉਦੋਂ ਕਰਦਾ ਸੀ ਜਦੋਂ ਆਪਣੀ ਲੋਰ ਵਿਚ ਹੁੰਦਾ ਸੀ। ਜੋਗਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਤਾਏ ਨੇ ਇਹ ਫੱਟੀ ਫਿਰ ਸਾਨੂੰ ਦੇ ਦਿੱਤੀ ਸੀ।

* **ਜਗਤ ਸਿੰਘ:-** ਜਗਤ ਸਿੰਘ ਆਪਣੇ ਪਿਤਾ ਹੱਕੋ ਦੀ ਸਭ ਤੋਂ ਛੋਟੀ ਸੰਤਾਨ ਸੀ। ਚਾਰ ਭਰਾਵਾਂ ਦਾ ਉੱਪਰ ਵੇਰਵਾ ਲਿਖ ਦਿੱਤਾ ਹੈ। ਜਗਤ ਸਿੰਘ ਦੀ ਧਰਮ ਪਤਨੀ ਦਾ ਨਾਮ ਤੇਜ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੁਰਹੀਰਾਂ ਹਨ। ਮਾਤਾ ਤੇਜ ਕੌਰ ਦੀ ਮਾਤਾ ਦਾ ਨਾਮ ਰੁਕਮਣ ਕੌਰ ਤੇ ਪਿਤਾ ਦਾ ਨਾਮ ਦਸੌਂਦਾ ਸਿੰਘ ਸੀ। ਤੇਜ ਕੌਰ ਦਾ ਇਕ ਚਾਚਾ ਨਾਮਾ ਸੀ ਜੋ ਆਪ ਦੇ ਕੋਲ ਰਿਹਾ ਤੇ ਪਰਿਵਾਰ ਦੀ ਦੇਖਭਾਲ ਕਰਦਾ ਰਿਹਾ। ਤੇਜ ਕੌਰ ਦੀਆਂ ਹੋਰ ਦੋ ਭੈਣਾਂ ਸਨ। ਇਕ ਭੈਣ ਛਿੰਨੀ ਨੂਰਪੁਰ ਗਰੋਆ ਭੂੰਗਾ ਦੇ ਕੋਲ ਹੈ। ਦੂਜੀ ਭੈਣ ਧੰਤੀ ਸਲਵਾੜਾ ਹੁਸ਼ਿਆਰਪੁਰ ਵਿਆਹੀ ਹੋਈ ਹੈ। ਇਸ ਤਰ੍ਹਾਂ ਇਹ ਤਿੰਨ ਭੈਣਾਂ ਸਨ। ਇਨ੍ਹਾਂ ਦਾ ਕੋਈ ਕੋਈ ਭਰਾ ਨਹੀਂ ਸੀ।

ਇਹ ਵੇਰਵੇ ਤੇਜ ਕੌਰ ਦੇ ਸਪੁੱਤਰ ਜੋਗਿੰਦਰ ਸਿੰਘ ਨੇ ਮੈਨੂੰ ਲਿਖਵਾਏ ਸਨ। ਜਦੋਂ ਮੈਂ ਉਨ੍ਹਾਂ ਦੇ ਘਰ ਪਰਿਵਾਰਕ ਜਾਣਕਾਰੀ ਲੈਣ ਵਾਸਤੇ ਗਿਆ। ਵੈਸੇ ਵੀ ਕੋਈ ਹੋਰ ਗੱਲ ਪੁੱਛਣੀ ਹੋਵੇ ਤਾਂ ਮੈਂ ਆਪ ਨੂੰ ਫੂਨ ਕਰਕੇ ਪੁੱਛਦਾ ਰਹਿੰਦਾ ਹਾਂ।

* **ਦੁਖਾਂਤ:-** ਤੇਜ ਕੌਰ ਦੇ ਬੱਚੇ ਅਜੇ ਛੋਟੇ-ਛੋਟੇ ਹੀ ਸਨ ਕਿ ਜਦੋਂ ਆਪ ਦਾ ਪਤੀ ਜਗਤ ਸਿੰਘ ਭਰ ਜਵਾਨੀ ਉਮਰ 36 ਸਾਲ 'ਚ ਹੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਿਆ। ਆਪ ਦੇ ਪਰਿਵਾਰ ਨੂੰ ਪਾਲਣ ਵਿਚ ਆਪ ਦੇ ਚਾਚੇ ਨਾਮੇ ਨੇ

ਸਹਿਯੋਗ ਦਿੱਤਾ ਹੈ। ਉਹ ਸ਼ਾਦੀਸ਼ੁਦਾ ਨਹੀਂ ਸੀ। ਉਹ ਮਰਨ ਤੱਕ ਮਾਤਾ ਤੇਜ ਕੌਰ ਦੇ ਕੋਲ ਰਿਹਾ। ਸਾਨੂੰ ਪਤਾ ਨਹੀਂ ਸੀ ਕਿ ਨਾਮਾ ਤੇਜ ਕੌਰ ਦਾ ਪਿਤਾ ਹੈ ਜਾਂ ਚਾਚਾ ਹੈ। ਜੋਗਿੰਦਰ ਸਿੰਘ ਨੇ ਦੱਸਿਆ ਕਿ ਇਹ ਸਾਡੀ ਮਾਤਾ ਦਾ ਚਾਚਾ ਸੀ। ਨਾਨਾ ਸਾਡਾ ਦਸੌਂਦਾ ਸਿੰਘ ਸੀ। ਪਿੰਡ ਵਿਚ ਆਮ ਆਦਮੀ ਨੂੰ ਇਸ ਬਾਰੇ ਕੋਈ ਪਤਾ ਨਹੀਂ ਹੈ। ਚਾਚਾ ਨਾਮਾ ਬਹੁਤ ਉੱਚਾ ਲੰਮਾ ਸੀ। ਸਿਰ 'ਤੇ ਪੱਗ ਬੰਨ੍ਹ ਕੇ ਰੱਖਦਾ ਸੀ। ਸਵੇਰੇ ਸ਼ਾਮ ਖੇਤਾਂ ਨੂੰ ਗੇੜਾ ਜ਼ਰੂਰ ਮਾਰਨ ਜਾਂਦਾ ਸੀ। ਇਨ੍ਹਾਂ ਦਾ ਸੁਭਾਅ ਗਰਮ ਸੀ। ਜਦੋਂ ਕਿਸੇ ਨੇ ਖੇਤਾਂ 'ਚੋਂ ਪੱਠੇ ਕੱਢਕੇ ਨਾਮੇ ਨੂੰ ਦੇਖ ਲੈਣਾ ਤਾਂ ਜਲਦੀ-ਜਲਦੀ ਖੇਤਾਂ 'ਚੋਂ ਬਾਹਰ ਆ ਜਾਣਾ। ਇਨ੍ਹਾਂ ਦੀ ਹਵੇਲੀ ਸਾਡੇ ਲਾਗੇ ਹੀ ਹੈ। ਮੈਂ ਅੱਠਵੀਂ ਜਮਾਤ ਵਿਚ ਪੜ੍ਹਦੇ ਨੇ ਕਦੇ-ਕਦੇ ਮਹਿੰਦਰ ਸਿੰਘ ਦੇ ਕੋਲ ਅੰਗਰੇਜ਼ੀ ਪੜ੍ਹਨ ਜਾਣਾ ਜੇ ਕਿਤੇ ਕੋਈ ਸ਼ਰਾਰਤ ਕਰ ਦੇਣੀ ਤਾਂ ਝੱਟ ਮਾਂ ਭੈਣ ਇਕ ਕਰ ਦਿੰਦਾ ਸੀ। ਇਕ ਦਿਨ ਮੈਨੂੰ ਕਹਿਣ ਲੱਗਾ, "ਦੇਖ ਜਦੋਂ ਆਉਣਾ ਕੋਈ ਸ਼ਰਾਰਤ ਨਹੀਂ ਕਰਨੀ ਤੇ ਨਾ ਹੀ ਸਿਆਣੇ ਆਦਮੀ ਦੇ ਮੰਜੇ 'ਤੇ ਬੈਠਣਾ ਹੈ। ਜੇ ਕੋਈ ਨਾ ਹਟੇ ਤਾਂ ਨਿਰਵੈਰ ਸਿੰਘ ਨੇ ਕਹਿਣਾ ਇਹ ਇੱਲਤਾਂ ਕਰਦਾ ਹੈ। ਕਈ ਵਾਰ ਅਸੀਂ ਜਾਣ ਕੇ ਬਾਬੇ ਨੂੰ ਛੇੜਨ ਲਈ ਸ਼ਰਾਰਤ ਕਰਨੀ। ਉਨ੍ਹਾਂ ਨੇ ਚੰਗੀ ਉਮਰ ਭੋਗੀ ਹੈ।" ਜਦੋਂ ਤੁਰ ਨਹੀਂ ਹੁੰਦਾ ਸੀ ਫਿਰ ਉਹ ਬੈਠ ਕੇ ਚੱਲਦਾ ਸੀ ਤੇ ਹਵੇਲੀ ਦੇ ਬਾਹਰ ਆਪਣੀ ਸਾਰੀ ਕਿਰਿਆ (ਟੱਟੀ ਪਿਸ਼ਾਬ) ਕਰ ਆਉਂਦਾ ਸੀ। ਉਹ ਹੁੱਕਾ ਪੀਂਦਾ ਸੀ। ਮਹਿੰਦਰ ਸਿੰਘ ਆਪ ਹੁੱਕਾ ਧਰਕੇ ਦਿੰਦਾ ਸੀ। ਜਦੋਂ ਮਹਿੰਦਰ ਸਿੰਘ ਹੁਸ਼ਿਆਰਪੁਰ ਕਾਲਜ ਪੜ੍ਹਦਾ ਸੀ ਤਾਂ ਉਹ ਆਪ ਜਲਦੀ ਉੱਠ ਕੇ ਆਪਣੀ ਧੀ ਤੇਜ ਕੌਰ ਨਾਲ ਘਰ ਦਾ ਕੰਮਕਾਰ ਕਰਾਉਂਦਾ ਸੀ। ਉਹ ਲੰਬੀ ਉਮਰ ਭੋਗ ਕੇ 1970 ਦੇ ਵਿਚ ਬ੍ਰਹਮਲੀਨ ਹੋਇਆ।

*** ਟਰੈਕਟਰ ਜੀਟਰ 2011:-** ਮਾਤਾ ਤੇਜ ਕੌਰ ਨੇ ਆਪਣੇ ਪੇਕਿਆਂ ਦੀ ਜ਼ਮੀਨ ਵੇਚ ਕੇ 1966 ਈ: ਵਿੱਚ ਜੀਟਰ 2011 ਟਰੈਕਟਰ ਖਰੀਦਿਆ ਜੋ ਚੈਕੋਸਲਵਾਕੀਆ (Czechoslavakia) ਦਾ ਬਣਿਆ ਹੋਇਆ ਸੀ। ਪਿੰਡ ਵਿਚੋਂ ਇਹ ਪਹਿਲਾ ਘਰ ਸੀ ਜਿਸ ਨੇ ਟਰੈਕਟਰ ਖਰੀਦਿਆ ਸੀ। ਫ਼ਸਲ ਬਹੁਤ ਹੁੰਦੀ ਸੀ। ਹਾੜ੍ਹੀ ਸਾਉਣੀ ਅਨਾਜ ਸਾਂਭਿਆ ਨਹੀਂ ਜਾਂਦਾ ਸੀ, ਜਿਸ ਹਵੇਲੀ ਵਿਚ ਤਿੰਨ ਭਰਾਵਾਂ ਦੇ ਘਰ ਹਨ ਉਸ ਸਮੇਂ ਇਥੇ ਸਿਰਫ ਪਸ਼ੂ ਬੱਝਦੇ ਸਨ। ਤੂੜੀ ਦੇ ਕੁੱਪ ਤੇ ਮੱਕੀ ਦੀਆਂ ਭਰੀਆਂ ਦੇ ਮੁਹਾਰੇ ਲੱਗਦੇ ਸਨ। ਵਿਸਾਖੀ ਲਾਗੇ ਰਾਤ ਨੂੰ ਵੇਲਣਾ ਚੱਲਦਾ ਹੁੰਦਾ ਸੀ। ਮੈਂ ਰਾਤ ਨੂੰ ਕਈ ਵਾਰ ਗੁੜ ਖਾਣ ਜਾਣਾ ਜਾਂ ਗੰਨਾ ਚੂਪਣ ਜਾਣਾ। ਵੇਲਣਾ ਸਾਡੇ ਕੋਲ ਹੀ ਹੁੰਦਾ ਸੀ। ਮੈਨੂੰ ਪੜ੍ਹਦੇ ਸਮੇਂ ਗੰਨਾ ਚੂਪਣ ਦੀ ਆਦਤ ਸੀ। ਦੋ ਗੰਨੇ ਹਮੇਸ਼ਾ ਸਿਆਲ ਰੁੱਤੇ ਮੈਂ ਆਪਣੇ ਕੋਲ ਰੱਖਦਾ ਸੀ। ਇਸ ਹਵੇਲੀ ਵਿਚ ਕਣਕ ਦੀ ਕੁਤਰਾਈ ਹੁੰਦੀ ਸੀ। ਸਾਰੀ ਰਾਤ ਹਾਸਾ ਮਜ਼ਾਕ ਕਰਨਾ। ਜ਼ਿਆਦਾ ਡਰ ਇਨ੍ਹਾਂ ਦੇ ਨਾਨੇ ਨਾਮੇ ਦਾ ਹੁੰਦਾ ਸੀ। ਸਾਰਾ ਪਰਿਵਾਰ ਉਸ ਨੂੰ ਚਾਚਾ ਕਹਿ ਕੇ ਬੁਲਾਉਂਦੇ ਸਨ।

ਮਾਤਾ ਤੇਜ ਕੌਰ ਨੇ ਆਪਣਾ ਸਾਰਾ ਸਮਾਂ ਸਾਦਗੀ ਵਿਚ ਬਿਤਾਇਆ। ਨੂੰਹਾਂ-

ਧੀਆਂ ਨੂੰ ਲੈ ਕੇ ਘਰ ਦਾ ਕੰਮਕਾਰ ਕਰਦੀ ਰਹੀ। ਕਿਸੇ ਦੀ ਮਾੜੀ ਚੰਗੀ ਕਰਨ ਦੀ ਇਸ ਦੀ ਆਦਤ ਨਹੀਂ ਸੀ। ਇਨ੍ਹਾਂ ਦੇ ਲੜਕਿਆਂ ਨੇ ਖੇਤੀ ਦੇ ਕੰਮ ਨੂੰ ਚੰਗੀ ਤਰ੍ਹਾਂ ਸੰਭਾਲ ਲਿਆ ਸੀ। ਲਸੂੜੀ ਵਾਲੇ ਖੇਤਾਂ ਵਿਚ ਮੱਕੀ ਦੀ ਫ਼ਸਲ ਚੰਗੀ ਹੁੰਦੀ ਸੀ। ਇਸ ਪਰਿਵਾਰ ਨੇ ਪਿੰਡ ਦੀਆਂ ਧੀਆਂ ਭੈਣਾਂ ਨੂੰ ਕਦੇ ਖੇਤਾਂ ਵਿਚੋਂ ਵੜਨ ਤੋਂ ਨਹੀਂ ਰੋਕਿਆ। ਪਿੰਡ ਦੀ ਕਣਕ ਸਾਂਭਣ ਤੋਂ ਇਲਾਵਾ ਆਪ ਲਾਗਲੇ ਪਿੰਡ ਹੁਸੈਨਪੁਰ 'ਚ ਵੀ ਕਣਕ ਦੀ ਕੁਤਰਾਈ ਕਰਨ ਜਾਂਦੇ ਸਨ। ਜਦੋਂ ਦਾ ਟਰੈਕਟਰ ਲਿਆ ਸੀ ਪਿੰਡ ਦੀ ਕਾਫੀ ਚੜ੍ਹਤ ਸੀ। ਘਰ ਵਿਚ ਏਨਾ ਅਨਾਜ ਹੁੰਦਾ ਸੀ ਕਿ ਸਾਂਭਿਆ ਨਹੀਂ ਜਾਂਦਾ ਸੀ। ਪਰਮਾਤਮਾ ਦੀ ਅਪਾਰ ਕਿਰਪਾ ਸੀ। ਮਾਤਾ ਤੇਜ ਕੌਰ ਦੋਹਤਿਆਂ ਪੋਤਿਆਂ ਵਾਲੀ ਹੋ ਗਈ ਸੀ। ਪਿਛਲੇ ਪਹਿਰੇ ਮਾਤਾ ਤੇਜ ਨੂੰ ਇਕ ਐਸਾ ਸਦਮਾ ਲੱਗਾ ਕਿ ਉਸ ਦੇ ਛੋਟੇ ਲੜਕੇ ਸਿਕੰਦਰ ਸਿੰਘ ਦੀ ਧਰਮ ਪਤਨੀ ਸੰਤੋਖ ਕੌਰ ਮਿਤੀ 14-5-1996 ਜੇਠ ਦੀ ਸੰਗਰਾਂਦ ਵਾਲੇ ਦਿਨ ਵਸਦੇ-ਰਸਦੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ। ਮਾਤਾ ਤੇਜ ਕੌਰ ਲਈ ਇਹ ਵਿਛੋੜਾ ਅਸਹਿ ਸੀ। ਉਸ ਦੀ ਆਪਣੀ ਸਿਹਤ ਵੀ ਕਮਜ਼ੋਰ ਹੋਣ ਲੱਗੀ। ਉਸ ਨੂੰ ਅਧਰੰਗ ਦਾ ਅਟੈਕ ਹੋ ਗਿਆ। ਇਕ ਸਾਲ ਮੰਜੇ 'ਤੇ ਬਿਮਾਰੀ ਨਾਲ ਲੜਦੀ ਰਹੀ। ਪ੍ਰਾਣ ਤਿਆਗਣ ਤੋਂ ਪਹਿਲਾਂ ਸਾਡੇ ਘਰਾਂ ਦੀਆਂ ਤਾਈਆਂ-ਚਾਚੀਆਂ ਮਿਲ ਕੇ ਆਈਆਂ ਸਨ। ਗੱਲਬਾਤ ਕਰਦੀ ਸੀ। ਤੇਜ ਕੌਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੀ ਹੋਈ ਮਿਤੀ 23-4-1995 ਸ਼ਾਮ ਨੂੰ 3.45 ਮਿੰਟ 'ਤੇ ਗੁਰੂ ਚਰਨਾਂ 'ਚ ਜਾ ਬਿਰਾਜੀ। ਪਰਿਵਾਰ ਨੇ ਵਿਛੜੀ ਆਤਮਾ ਦੇ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਕਰਾ ਕੇ ਭੋਗ ਪਾਇਆ ਪੰਜਾਂ ਸਿੰਘਾਂ ਨੂੰ ਪ੍ਰਸਾਦਾ ਛਕਾਇਆ ਹੋਰ ਕੋਈ ਅਡੰਬਰ ਨਹੀਂ ਕੀਤਾ ਪਰਿਵਾਰ ਹਮੇਸ਼ਾ ਸਾਦਗੀ ਵਿਚ ਵਿਸ਼ਵਾਸ ਰੱਖਦਾ ਹੈ।

ਵੰਸ਼: ਆਪ ਦੇ ਵੰਸ਼ ਵਿਚ ਇਕ ਲੜਕੀ ਮਹਿੰਦਰ ਕੌਰ ਹੈ।

ਲੜਕੇ: ਮਹਿੰਦਰ ਸਿੰਘ, ਜੋਗਿੰਦਰ ਸਿੰਘ ਤੇ ਸਿਕੰਦਰ ਸਿੰਘ।

* **ਲੜਕੀ:** ਮਹਿੰਦਰ ਕੌਰ ਦੇ ਪਤੀ ਦਾ ਨਾਮ ਸੋਹਣ ਸਿੰਘ ਤੇ ਸਹੁਰੇ ਕਠਾਰ ਹਨ ਤੇ ਆਪ ਦੇ ਸਹੁਰੇ ਦਾ ਨਾਮ ਤੇਜਾ ਸਿੰਘ ਹੈ। ਇਸ ਦਾ ਅੱਡਾ ਕਠਾਰ ਵਿਚ ਕਤਲ ਕਰ ਦਿੱਤਾ ਗਿਆ ਸੀ। ਜਦੋਂ ਮਹਿੰਦਰ ਕੌਰ ਦੀ ਸ਼ਾਦੀ ਹੋਈ ਤਾਂ ਪਰਿਵਾਰ ਨੇ ਲੜਕੀ ਨੂੰ ਦਾਜ ਵਿਚ ਸਾਈਕਲ ਦਿੱਤਾ। ਉਸ ਸਮੇਂ ਜਿਸ ਪਰਿਵਾਰ ਕੋਲ ਸਾਈਕਲ ਸੀ ਉਹ ਚੰਗਾ ਘਰ ਅਖਵਾਉਂਦਾ ਸੀ। ਆਪ ਦਾ ਪਤੀ ਟਰੱਕ ਡਰਾਈਵਰ ਸੀ ਜੋ ਕਦੇ-ਕਦੇ ਆਪਣਾ ਟਰੱਕ ਪਿੰਡ ਗਗਨੋਲੀ ਲੈ ਕੇ ਆਉਂਦਾ ਸੀ।

* **ਵੰਸ਼:**- ਦੋ ਲੜਕੀਆਂ ਜਸਵੀਰ ਕੌਰ, ਤੀਰਥ ਕੌਰ

ਲੜਕਾ: ਗੁਰਮੇਲ ਸਿੰਘ। ਸਾਰੇ ਬੱਚੇ ਸ਼ਾਦੀਸ਼ੁਦਾ ਹਨ।

1. **ਮਹਿੰਦਰ ਸਿੰਘ:**- ਆਪ ਦੀ ਧਰਮ ਪਤਨੀ ਦਾ ਨਾਮ ਪ੍ਰਕਾਸ਼ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨੈਣੋਵਾਲ ਧੁੱਗਾ ਹਨ। ਪ੍ਰਕਾਸ਼ ਕੌਰ ਦਾ ਭਰਾ ਚੈਨ ਸਿੰਘ ਤਾਇਆ ਬੰਤਾ ਸਿੰਘ ਦੇ ਲੜਕੇ ਰਾਮ ਸਿੰਘ ਨਾਲ ਡੀ.ਏ.ਵੀ. ਕਾਲਜ

ਹੁਸ਼ਿਆਰਪੁਰ ਵਿਖੇ ਪੜ੍ਹਦਾ ਸੀ। ਰਾਮ ਸਿੰਘ ਹਮੇਸ਼ਾ ਚੈਨ ਦੀ ਗੱਲ ਕਰਿਆ ਕਰਦੇ ਸਨ। ਪ੍ਰਕਾਸ਼ ਕੌਰ ਦਾ ਇਕ ਛੋਟਾ ਭਾਈ ਮੇਰੇ ਨਾਲ ਸ.ਹ. ਸਕੂਲ ਨਸਰਾਲਾ ਵਿਖੇ ਪੜ੍ਹਦਾ ਸੀ। ਜਦੋਂ ਉਹ ਮਿਲਣ ਆਉਂਦਾ ਸੀ ਤਾਂ ਮੇਰੇ ਕੋਲ ਜ਼ਰੂਰ ਆਉਂਦਾ ਸੀ। ਪ੍ਰਕਾਸ਼ ਕੌਰ ਦਾ ਪਿਤਾ ਆਗਰੇ ਸਰਕਾਰੀ ਨੌਕਰੀ ਕਰਦਾ ਸੀ। ਰਾਮ ਸਿੰਘ ਵੀ ਆਗਰੇ ਫੌਜ ਵਿਚ ਸੀ। ਰਾਮ ਸਿੰਘ ਛੁੱਟੀ ਆ ਕੇ ਪਰਿਵਾਰ ਸਮੇਤ 5-10-1976 ਨੂੰ ਆਗਰੇ ਗਿਆ। ਮੈਂ ਰਾਮ ਸਿੰਘ ਦੇ ਕੋਲ ਜੂਨ 1977 ਈ: ਵਿਚ ਇਕ ਹਫਤਾ ਰਿਹਾ।

ਮਹਿੰਦਰ ਸਿੰਘ ਨੇ 1963 ਈ: ਵਿਚ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਤੋਂ ਬੀ.ਐਸ.ਸੀ. ਪਾਸ ਕੀਤੀ। ਆਪ ਪਿੰਡ 'ਚੋਂ ਪਹਿਲੇ ਸਨ ਜਿਨ੍ਹਾਂ B.Sc ਪਾਸ ਕੀਤੀ। ਕਾਲਜ ਦੇ ਪ੍ਰਿੰਸੀਪਲ ਸਤ ਪ੍ਰਕਾਸ਼ ਨੇ ਕਿਹਾ ਤੇਰਾ ਸਰੀਰ ਪੁਲਿਸ ਵਿਚ ਭਰਤੀ ਹੋਣ ਵਾਲਾ ਹੈ ਜੇ ਪੁਲਿਸ ਵਿਚ ਭਰਤੀ ਹੋਣਾ ਹੈ ਤਾਂ ਸੋਚ ਵਿਚਾਰ ਕਰੀਂ ਕਿਉਂਕਿ ਮੇਰਾ ਜਵਾਈ ਆਈ.ਜੀ. ਹੈ ਨਹੀਂ ਤਾਂ ਇੰਗਲੈਂਡ ਚਲਾ ਜਾਵੀਂ। ਮਹਿੰਦਰ ਸਿੰਘ ਨੇ ਕਿਹਾ ਮੈਂ ਦੋਹਾਂ ਗੱਲਾਂ 'ਤੇ ਵਿਚਾਰ ਨਹੀਂ ਕੀਤੀ। ਮੈਂ ਇਨ੍ਹਾਂ ਨੂੰ ਕਾਲਜ ਜਾਂਦੇ ਨਹੀਂ ਵੇਖਿਆ। ਸਿਰਫ ਤੇ ਸਿਰਫ਼ ਇਨ੍ਹਾਂ ਦੇ ਨਾਨੇ ਨੂੰ ਵੇਖਦੇ ਰਹੇ ਹਾਂ। ਸੁਣਿਆ ਹੈ ਆਪ ਨੂੰ ਐਲ.ਐਸ.ਡੀ. ਹਾਈ ਸਕੂਲ ਬਸੀ ਦੌਲਤ ਖਾਂ ਹੁਸ਼ਿਆਰਪੁਰ ਵਿਖੇ ਬਤੌਰ ਮੁੱਖ ਅਧਿਆਪਕ ਦੀ ਨੌਕਰੀ ਮਿਲਦੀ ਸੀ। ਪਰ ਆਪ ਨੇ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਨਹੀਂ ਕੀਤੀ ਕਿਉਂਕਿ ਘਰ ਦਾ ਖੇਤੀ ਦਾ ਕੰਮ ਚੰਗਾ ਸੀ। ਆਪ ਪਰਿਵਾਰ ਤੋਂ ਵੱਡੇ ਸਨ। ਆਪ ਨੇ ਪਰਿਵਾਰ ਨੂੰ ਵਧੀਆ ਢੰਗ ਨਾਲ ਸੰਭਾਲਿਆ। ਆਪ ਕਿਸੇ ਮਾੜੀ ਆਦਤ ਦਾ ਸ਼ਿਕਾਰ ਨਹੀਂ ਸਨ। ਆਪ ਦੇ ਛੋਟੇ ਭਾਈ ਆਪ ਦਾ ਸਤਿਕਾਰ ਕਰਦੇ ਹਨ। ਆਪ ਦੇ ਭਾਈ ਜੋਗਿੰਦਰ ਸਿੰਘ ਨੇ ਦੱਸਿਆ ਕਿ ਮੇਰੇ ਵੱਡੇ ਭਾਈ ਮਹਿੰਦਰ ਸਿੰਘ ਨੇ ਤਾਏ ਮੇਹਰ ਸਿੰਘ ਦੀ ਬਹੁਤ ਸੰਗਤ ਕੀਤੀ ਹੈ। ਇਸ ਲਈ ਉਸ ਨੂੰ ਪਿੰਡ ਬਾਰੇ ਬਹੁਤ ਗਿਆਨ ਹੈ।

*** ਬਾਬਾ ਰਾਮ ਸਰਨ ਦੀ ਸੇਵਾ:-** ਇਨ੍ਹਾਂ ਦੇ ਛੋਟੇ ਭਾਈ ਜੋਗਿੰਦਰ ਸਿੰਘ ਨੇ ਦੱਸਿਆ ਕਿ ਮਹਿੰਦਰ ਸਿੰਘ ਤੋਂ ਵੱਡਾ ਲੜਕਾ ਗੁਜ਼ਰ ਗਿਆ ਸੀ। ਸਾਡੀ ਮਾਤਾ ਤੇਜ ਕੌਰ ਨੇ ਬਾਬਾ ਰਾਮ ਸਰਨ ਵਿਖੇ ਸੁੱਖਣਾ ਸੁਖੀ ਕਿ ਜੇ ਬਾਬਾ ਮੇਰੇ ਲੜਕਾ ਹੋਵੇ ਤਾਂ ਮੈਂ ਤੇਰੀ ਮਟੀ ਪੱਕੀ ਬਣਾਵਾਂ। ਸੁੱਖਣਾ ਪੂਰੀ ਹੋ ਗਈ ਤਾਂ ਮਹਿੰਦਰ ਸਿੰਘ ਦਾ ਜਨਮ ਹੋਇਆ। ਫਿਰ ਪਰਿਵਾਰ ਨੇ ਬਾਬਾ ਰਾਮ ਸਰਨ ਦੀ ਮਟੀ ਪੱਕੀ ਬਣਾ ਦਿੱਤੀ। ਇੱਕੋ ਦੋ ਮਟੀਆਂ ਹਨ ਦੂਜੀ ਮਟੀ ਬੰਤਾ ਸਿੰਘ ਸਪੁੱਤਰ ਨਾਮਾ ਨੇ ਬਣਾਈ ਸੀ। ਜਦੋਂ ਉਸ ਦੀ ਲੜਕੀ ਵਿਹੜੇ ਵਿਚ ਖੇਡਦੀ ਆਖ ਰਹੀ ਸੀ ਕਿ ਆ ਗਏ ਮਲੰਗ। ਮੈਂ ਛੋਟੇ ਹੁੰਦੇ ਨੇ ਮਹਿੰਦਰ ਸਿੰਘ ਨੂੰ ਵੇਖਿਆ ਹੈ ਕਿ ਆਪ ਸ਼ਰਧਾ ਨਾਲ ਐਤਵਾਰ ਨੂੰ ਬਾਬਾ ਰਾਮ ਸਰਨ ਵਿਖੇ ਹੱਥ ਵਿਚ ਸਰ੍ਹੋਂ ਦੇ ਤੇਲ ਦੀ ਸ਼ੀਸ਼ੀ ਲੈ ਕੇ ਚਿਰਾਗ ਕਰਨ ਜਾਂਦੇ ਸਨ। ਇਕ ਵਾਰ ਇਨ੍ਹਾਂ ਨਾਲ ਗੱਲ ਕੀਤੀ ਤਾਂ ਮਹਿੰਦਰ ਸਿੰਘ ਨੇ ਕਿਹਾ, "ਸਾਡਾ ਪੀਰ ਬਾਬਾ ਰਾਮ ਸਰਨ ਤੇ ਗੁਰੂ ਗੁਰੂ ਗ੍ਰੰਥ ਸਾਹਿਬ ਹੈ। ਮਹਿੰਦਰ ਸਿੰਘ ਦੀ ਸ਼ਖਸੀਅਤ ਦਾ ਵੱਡਾ ਗੁਣ ਹੈ ਕਿ ਆਪ ਹਮੇਸ਼ਾ ਸ਼ਾਂਤ ਸੁਭਾਅ ਵਾਲੇ ਹਨ। ਸਾਦਗੀ ਵਿਚ ਵਿਸ਼ਵਾਸ ਰੱਖਦੇ ਹਨ।

ਜਵਾਨੀ ਵੇਲੇ ਵੀ ਕਦੇ ਕੋਈ ਭੜਕੀਲਾ ਕੱਪੜਾ ਨਹੀਂ ਪਹਿਨਿਆ। ਅਸੀਂ ਇਸ ਪਰਿਵਾਰ ਵਿਚ ਆਮ ਕਰਕੇ ਹਾੜੀ ਸਾਉਣੀ ਕੰਮ ਕਰਦੇ ਸੀ। ਮਹਿੰਦਰ ਸਿੰਘ ਨਾਲ ਹਾਸਾ ਮਜ਼ਾਕ ਕਰਨਾ ਪਰ ਇਨ੍ਹਾਂ ਕਦੇ ਗੁੱਸਾ ਨਹੀਂ ਕਰਨਾ। ਅੱਜ ਤੱਕ ਸੁਭਾਅ ਇਹੋ ਹੀ ਹੈ। ਆਪਣੇ ਕੋਲ ਆਏ ਹਰ ਵਿਅਕਤੀ ਨੂੰ ਆਪਣੀ ਦਲੀਲ ਨਾਲ ਸ਼ਾਂਤ ਕਰ ਦਿੰਦੇ ਹਨ।

*** ਪਿੰਡ ਦੇ ਸਰਪੰਚ ਬਣਨਾ:-** ਪਹਿਲਾਂ ਸਾਡੇ ਚਾਰ ਪਿੰਡਾਂ ਦੀ ਪੰਚਾਇਤ ਸਾਂਝੀ ਹੁੰਦੀ ਸੀ, ਜਿਸ ਦੇ ਸਰਪੰਚ ਹਰਭਗਤ ਸਿੰਘ ਖਾਨਪੁਰ ਸਨ। ਇਹ ਚਾਰ ਪਿੰਡ- ਗਗਨੌਲੀ, ਹੁਸੈਨਪੁਰ, ਰਾਮੂ ਥਿਆੜਾ ਤੇ ਖਾਨਪੁਰ ਹਨ। ਹਰਭਗਤ ਸਿੰਘ 1970 ਤੋਂ 1983 ਈ: ਤੱਕ ਚਾਰ ਪਿੰਡਾਂ ਦੇ ਸਰਪੰਚ ਰਹੇ। ਮਹਿੰਦਰ ਸਿੰਘ ਜੂਨ 1972 ਤੋਂ ਜੂਨ 1998 ਤੱਕ ਪਿੰਡ ਦੇ ਸਰਪੰਚ ਰਹੇ। ਪਹਿਲਾਂ ਹੁਸੈਨਪੁਰ ਪਿੰਡ ਵੀ ਸਾਡੀ ਪੰਚਾਇਤ ਨਾਲ ਸੀ। 1983 ਈ: ਵਿਚ ਇਕੱਲੇ-ਇਕੱਲੇ ਪਿੰਡ ਦੀ ਪੰਚਾਇਤ ਬਣੀ, ਜਿਸ ਵਿਚ ਗਗਨੌਲੀ ਦੇ ਸਰਪੰਚ ਮਹਿੰਦਰ ਸਿੰਘ, ਹੁਸੈਨਪੁਰ ਦੇ ਸਰਪੰਚ ਅਜੀਤ ਸਿੰਘ ਸਾਬਕਾ ਫੌਜੀ, ਰਾਮੂ ਥਿਆੜਾ ਦੇ ਸਰਪੰਚ ਜੋਗਿੰਦਰ ਸਿੰਘ ਅਤੇ ਖਾਨਪੁਰ ਦੇ ਹਰਭਜਨ ਸਿੰਘ ਸਰਪੰਚ ਬਣੇ। ਜਿਨ੍ਹਾਂ ਸਮਾਂ ਮਹਿੰਦਰ ਸਿੰਘ, ਸਰਪੰਚ ਰਹੇ। ਪਿੰਡ ਵਿਚ ਕਦੇ ਵੋਟਾਂ ਨਹੀਂ ਪਈਆਂ ਇਨ੍ਹਾਂ ਦੀ ਚੋਣ ਸਰਬਸੰਮਤੀ ਨਾਲ ਹੁੰਦੀ ਰਹੀ। ਪਿੰਡ ਦੇ ਕਿਸੇ ਹੋਰ ਬੰਦੇ ਨੇ ਕਦੇ ਐਲਾਨ ਨਹੀਂ ਕੀਤਾ ਕਿ ਇਸ ਬਾਰ ਮੈਂ ਸਰਪੰਚ ਬਣਨਾ ਹੈ। ਇਨ੍ਹਾਂ ਤੋਂ ਮਗਰੋਂ ਹਰ ਪੰਜ ਸਾਲ ਮਗਰੋਂ ਨਵਾਂ ਸਰਪੰਚ ਬਣਦਾ ਆ ਰਿਹਾ ਹੈ।

*** ਪਿੰਡ ਦਾ ਵਿਕਾਸ:-** ਪਹਿਲੇ ਸਮੇਂ ਵਿਚ ਗਰਾਂਟਾਂ ਵੀ ਘੱਟ ਮਿਲਦੀਆਂ ਸਨ ਤਾਂ ਵਿਕਾਸ ਦੇ ਕੰਮ ਵੀ ਘੱਟ ਹੁੰਦੇ ਸਨ। ਜਨਵਰੀ 1976 ਈ: ਵਿਚ ਮਹਿੰਦਰ ਸਿੰਘ ਨੇ ਆਦਿਧਰਮੀਆਂ ਦੇ ਖੂਹ ਤੋਂ ਲੈ ਕੇ ਪੱਕੀ ਸੜਕ ਤੱਕ ਨਾਲੀ ਉੱਚੀ ਕਰਕੇ ਬਣਾਈ। ਸਾਰੇ ਘਰਾਂ ਵਿਚ ਭਰਤੀ ਪਾਈ ਗਈ। ਘਰਾਂ ਦੀ ਨਾਲੀ ਵੀ ਉੱਚੀ ਕਰਕੇ ਬਣਾਈ। ਇਸ ਦਾ ਪਾਣੀ ਮੋਹਨ ਸਿੰਘ ਸਪੁੱਤਰ ਸਾਧੂ ਸਿੰਘ ਦੇ ਖੇਤ ਵਿਚ ਪਾ ਦਿੱਤਾ ਗਿਆ। ਮਗਰੋਂ ਨਾਲਾ ਬਣਨ ਤੇ ਇਸ ਪਾਣੀ ਨੂੰ ਸ਼ਮਸ਼ਾਨਘਾਟ ਤੱਕ ਪਹੁੰਚਦਾ ਕਰ ਦਿੱਤਾ ਗਿਆ। ਇਸ ਕੰਮ ਲਈ ਮਿਸਤਰੀ ਪ੍ਰੀਤਮ ਸਿੰਘ ਸਪੁੱਤਰ ਭਗਤ ਸਿੰਘ ਤੇ ਲੇਬਰ ਆਪਣੇ ਘਰਾਂ ਦੀ ਸੀ।

*** ਜੋ ਕੰਮ ਨਹੀਂ ਹੋ ਸਕਿਆ:-** ਸ. ਮਹਿੰਦਰ ਸਿੰਘ ਨੇ ਮਈ 1998 ਈ: ਵਿਚ ਸਾਡੇ ਗੁਰਦੁਆਰਾ ਸਾਹਿਬ ਵਿਖੇ ਪਿੰਡ ਦਾ ਜਨਰਲ ਇਜਲਾਸ ਬੁਲਾਇਆ, ਜਿਸ ਵਿਚ ਘਰਾਂ ਦੇ ਪਤਵੰਤੇ ਸੱਜਣ ਸ਼ਾਮਲ ਹੋਏ। ਮਹਿੰਦਰ ਸਿੰਘ ਨੇ ਕਿਹਾ ਕਿ, "ਮੈਂ ਪਿੰਡ ਦੇ ਪਾਣੀ ਦੀ ਵੰਡ ਚਾਰੇ ਪਾਸੇ ਕਰ ਦੇਵਾਂਗਾ। ਇਕ ਪਾਸਾ ਸਾਡੇ ਘਰਾਂ ਦਾ ਹੈ, ਦੂਜਾ ਪਾਸਾ ਪਿੰਡ ਦੇ ਤਰਖਾਣਾ ਦੇ ਬਣੇ ਨਵੇਂ ਘਰਾਂ ਦਾ ਹੈ। ਇਹ ਪਾਣੀ ਮੁਸਲਮਾਨਾਂ ਦੇ ਗੜਿਆਂ ਵਿਚ ਪਾ ਦੇਵਾਂਗਾ। ਪਰ ਉਹ ਥਾਂ ਪਹਿਲਾਂ ਹੀ ਮਿਲਖਾ ਸਿੰਘ ਦੇ ਪਰਿਵਾਰ ਕੋਲ ਹੈ। ਇਸ ਤਰ੍ਹਾਂ ਇਸ ਪਾਣੀ ਦਾ ਹਲ ਨਹੀਂ ਹੋ ਸਕਿਆ। ਫਿਰ ਆਪ ਕੈਨੇਡਾ ਚਲੇ

ਗਏ। ਜਦੋਂ ਆਪ ਛੁੱਟੀ ਆਏ ਤਾਂ ਸਰਕਾਰੀ ਕਰਮਚਾਰੀ ਵੀ ਹੁਸ਼ਿਆਰਪੁਰ ਤੋਂ ਪਿੰਡ ਦਾ ਜਾਇਜ਼ਾ ਲੈਣ ਲਈ ਆਏ ਹੋਏ ਸਨ। ਇਹ ਇਕੱਠ ਬਤਨ ਸਿੰਘ ਦੀ ਹਵੇਲੀ ਕੋਲ ਸੀ। ਜਦੋਂ ਜੂਨ 1998 ਈ: ਵਿਚ ਕਮਲੇਸ਼ ਕੌਰ ਧਰਮ ਪਤਨੀ ਰਾਜਪਾਲ ਸ਼ਰਮਾ ਨੂੰ ਪਿੰਡ ਦੀ ਸਰਪੰਚ ਬਣਾ ਦਿੱਤਾ ਫਿਰ ਪਾਣੀ ਦਾ ਫੈਸਲਾ ਹੋਇਆ ਕਿ ਨਾਲੀ ਉੱਚੀ ਕਰਕੇ ਬਣਾਈ ਜਾਵੇ। ਪਿਆਰਾ ਸਿੰਘ ਦੇ ਘਰ ਤੋਂ ਲੈ ਕੇ ਨਾਲੀ ਜੋ ਕੱਚੀ ਸੀ ਉਹ ਪੱਕੀ ਸੜਕ ਤੱਕ ਬਣਾ ਦਿੱਤੀ ਗਈ। ਜਦੋਂ ਇਜਲਾਸ ਚੱਲ ਰਿਹਾ ਸੀ ਤਾਂ ਆਪ ਵੀ ਹਾਜ਼ਰ ਹੋਏ। ਮੈਂ ਕਿਹਾ ਕਿ ਇਹ ਪਿਛਲੇ ਸਰਪੰਚ ਹਨ ਜੋ ਸਰਬਸੰਮਤੀ ਨਾਲ ਬਣਦੇ ਰਹੇ। ਪਾਣੀ ਦਾ ਫੈਸਲਾ ਇਨ੍ਹਾਂ ਦੇ ਸਮੇਂ ਦਾ ਹੈ। ਫਿਰ ਇਨ੍ਹਾਂ ਬਿਆਨ ਦਿੱਤਾ, "ਕਿ ਉਹ ਪਿਛਲਾ ਸਮਾਂ ਸੀ ਪਾਣੀ ਹੁਣ ਜਿਧਰ ਮਰਜੀ ਪਾ ਦਿਓ। ਇਸ ਸਬੰਧੀ ਸਾਰੇ ਪਿੰਡ ਦਾ ਇਕੱਠ ਇਕ ਦੋ ਵਾਰ ਸਾਡੇ ਗੁਰਦੁਆਰਾ ਸਾਹਿਬ ਵਿਖੇ ਹੋਇਆ, ਜਿਸ ਵਿਚ ਸੰਤੋਖ ਸਿੰਘ ਨੇ ਕਿਹਾ, "ਹੁਸ਼ਿਆਰਪੁਰ ਦਾ ਪਾਣੀ ਜਲੰਧਰ ਜਾਣਾ ਹੈ। ਜਲੰਧਰ ਦਾ ਪਾਣੀ ਹੁਸ਼ਿਆਰਪੁਰ ਨਹੀਂ ਜਾਣਾ ਹੈ। ਮਹਿੰਦਰ ਸਿੰਘ ਦਾ ਕਹਿਣਾ ਸੀ ਕਿ ਮੈਂ ਪਾਣੀ ਨੀਵੀਂ ਨਾਲੀ ਬਣਾ ਕੇ ਮੁਸਤਰਕਾ ਥਾਂ ਵਿਚ ਪਾ ਦੇਵਾਂਗਾ ਪਰ ਅਜਿਹਾ ਨਹੀਂ ਹੋ ਸਕਿਆ। ਇਸ ਲਈ ਗੰਦਾ ਨਾਲਾ ਇਕ ਵਿਵਾਦ ਹੈ।

ਸਾਡਾ ਸੁਝਾਓ:- ਸਾਡੇ ਘਰਾਂ ਦੀ ਸਲਾਹ ਸੀ ਕਿ ਸਾਰੇ ਪਿੰਡ ਦਾ ਪਾਣੀ ਪਿੰਡ ਦੇ ਉੱਤਰ ਦੇ ਪਾਸੇ ਵਗਦੀ ਚੋਈ ਵਿਚ ਪਾ ਦਿੱਤਾ ਜਾਵੇ, ਜਿਸ ਨਾਲ ਸਫ਼ਾਈ ਕਰਨ ਦੀ ਸਮੱਸਿਆ ਖਤਮ ਹੋ ਜਾਵੇਗੀ। ਪਰ ਇਸ ਪਾਸੇ ਆਪ ਦੇ ਘਰ ਆਉਂਦੇ ਸਨ। ਖੇਤ ਆਉਂਦੇ ਸਨ। ਮੇਹਰ ਸਿੰਘ, ਮਹਿੰਦਰ ਸਿੰਘ ਦੇ ਪਰਿਵਾਰ ਦਾ ਪਾਣੀ ਵੀ ਅਸਾਨੀ ਨਾਲ ਇਸ ਨਾਲੀ ਵਿਚ ਪੈ ਜਾਣਾ ਸੀ। ਜੋ ਨਾਲੀ ਮਹਿੰਦਰ ਸਿੰਘ ਨੇ ਆਪਣੇ ਘਰਾਂ ਦੀ ਚੋਈ ਦੀ ਤਰਫ਼ ਬਣਾਈ ਸੀ ਉਸ ਦੇ ਭਰਾਵਾਂ ਨੇ ਗੇਟ ਲਾ ਕੇ ਰੈਂਪ ਬਣਾ ਕੇ ਬੰਦ ਕਰ ਦਿੱਤੀ ਹੈ। ਮਹਿੰਦਰ ਸਿੰਘ ਨੇ ਆਪਣੇ ਘਰ ਦਾ ਪਾਣੀ ਪਿੰਡ ਦੇ ਢੇਰਾਂ ਵਿਚ ਪਾ ਦਿੱਤਾ ਹੈ।

ਜੂਨ 1998 ਦੀ ਬਣੀ ਪੰਚਾਇਤ:- ਆਪ ਦੇ ਸਮੇਂ ਮਈ ਦੇ ਅਖੀਰਲੇ ਹਫਤੇ ਪਿੰਡ ਦਾ ਇਜਲਾਸ ਚੜ੍ਹਦੇ ਪਾਸੇ ਦੇ ਗੁਰੂ ਘਰ ਵਿਖੇ ਹੋਇਆ, ਜਿਸ ਵਿਚ ਮਹਿੰਦਰ ਸਿੰਘ ਨੇ ਗੁਲਜਾਰ ਸਿੰਘ ਲੰਬੜਦਾਰ ਦੇ ਨਾਲ ਸਲਾਹ-ਮਸ਼ਵਰਾ ਕਰਕੇ ਰਾਜਪਾਲ ਸ਼ਰਮਾ ਦੀ ਧਰਮ ਪਤਨੀ ਕਮਲੇਸ਼ ਰਾਣੀ ਨੂੰ ਸਰਬ ਸੰਮਤੀ ਨਾਲ ਸਰਪੰਚ ਤੇ ਬਾਕੀ ਬਚਨ ਸਿੰਘ ਰਾਣਾ ਪੰਚ, ਸੁਖਵਿੰਦਰ ਸਿੰਘ ਕਾਕਾ ਪੰਚ, ਜੋਗਿੰਦਰ ਸਿੰਘ ਜਿੰਦੋ ਪੰਚ, ਤੇ ਸਾਡੇ ਵੱਲੋਂ ਰਾਮ ਸਿੰਘ ਪੰਚ, ਚਾਚੀ ਹਰ ਕੌਰ ਪੰਚ ਚੁਣੇ ਗਏ।

*** ਡੇਰਾ ਬਾਬਾ ਚਰਨ ਸਿੰਘ ਭੀਖੋਵਾਲ ਨਾਲ ਜੁੜਨਾ** (1976):- ਮਹਿੰਦਰ ਸਿੰਘ ਦੀ ਆਸਥਾ ਪਹਿਲਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੀ ਪਰ ਜਵਾਨੀ ਦਾ ਵਕਤ ਕੁਝ ਹੋਰ ਕਿਸਮ ਦਾ ਹੁੰਦਾ ਹੈ। ਆਪ ਆਪਣੇ ਤਾਏ ਮੇਹਰ ਸਿੰਘ ਦੀ ਸੰਗਤ ਤੇ ਰੰਗਤ ਵਿਚ ਰਹਿੰਦੇ ਸਨ। ਪਰ ਆਪ ਜਲਦੀ ਹੀ ਡੇਰਾ ਬਾਬਾ ਚਰਨ ਸਿੰਘ ਭੀਖੋਵਾਲ ਦੀ ਸ਼ਰਨ ਵਿਚ ਚਲੇ ਗਏ। ਆਪ ਨੇ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ। ਫਿਰ ਆਪ ਦੇ

ਜੀਵਨ ਵਿਚ ਬਹੁਤ ਤਬਦੀਲੀ ਆ ਗਈ। ਸਾਡਾ ਘਰ ਆਪ ਦੇ ਘਰ ਦੇ ਬਿਲਕੁਲ ਨਜ਼ਦੀਕ ਹੈ। ਆਪ ਸਵੇਰੇ ਤੇ ਸ਼ਾਮ ਘੰਟਿਆਬੱਧੀ ਸਿਮਰਨ ਕਰਦੇ। ਰਾਤ ਸਮੇਂ ਬਿਜਲੀ ਵੀ ਨਹੀਂ ਸੀ ਹੁੰਦੀ ਪਰ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤਰ ਸ਼ਰਨ ਵਿਚ ਗਰਮੀ-ਸਰਦੀ ਬਿਲਕੁਲ ਨਹੀਂ ਲੱਗਦੀ ਸੀ। ਸਵੇਰੇ ਪੰਜ ਵਜੇ ਸਪੀਕਰ ਲੱਗਦਾ। ਨੇੜੇ ਦੇ ਸਾਰੇ ਘਰ ਬੱਚਿਆਂ ਸਮੇਤ ਨਤਮਸਤਕ ਹੁੰਦੇ। ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਇਸ ਹੀ ਤਰ੍ਹਾਂ ਸ਼ਾਮ ਵੇਲੇ ਰੌਣਕਾਂ ਲੱਗਦੀਆਂ ਸਨ। ਗੁਰਦੁਆਰਾ ਸਾਹਿਬ ਦੇ ਪਾਠੀ ਦਾ ਕੰਮ ਮਿਸਤਰੀ ਪ੍ਰੀਤਮ ਸਿੰਘ ਕਰਦੇ ਸਨ। ਜਦੋਂ ਤੋਂ ਉਹ ਪੁਰ ਹੀਰਾਂ ਆਪਣੇ ਛੋਟੇ ਲੜਕੇ ਪਰਗਟ ਸਿੰਘ ਦੇ ਕੋਲ ਗਏ ਹਨ। ਹੁਣ ਇਹ ਰੌਣਕਾਂ ਨਹੀਂ ਲਗਦੀਆਂ।

* ਬਾਬਾ ਚਰਨ ਸਿੰਘ ਭੀਖੋਵਾਲ 13 ਜਨਵਰੀ 2011 ਦਿਨ ਵੀਰਵਾਰ ਸੰਗਤਾਂ ਨੂੰ ਨਾਮ ਜਪਾਉਂਦੇ ਹੋਏ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਉਨ੍ਹਾਂ ਦੇ ਨਮਿਤ ਸ਼ਰਧਾਂਜਲੀ ਸਮਾਗਮ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਿਤੀ 22-1-2011 ਦਿਨ ਸ਼ਨਿੱਚਰਵਾਰ ਨੂੰ ਪਾਏ ਗਏ। ਲੱਖਾਂ ਹੀ ਸੰਗਤਾਂ ਨੇ ਗੁਰੂ ਘਰ ਵਿਖੇ ਆਪਣੀ ਹਾਜ਼ਰੀ ਲਗਵਾਈ।

ਵੰਸ਼: ਮਹਿੰਦਰ ਸਿੰਘ ਦੇ ਵੰਸ਼ ਵਿਚ ਦੋ ਲੜਕੀਆਂ ਤੇ ਇਕ ਲੜਕਾ ਹੈ।

* **ਲੜਕੀਆਂ:** 1. ਪਰਮਜੀਤ ਕੌਰ ਧਰਮ ਪਤਨੀ ਜਸਵੀਰ ਸਿੰਘ ਵਾਸੀ ਹੇਜ਼ਮਾ ਟਾਂਡਾ ਹੈ, ਜਿਸ ਦੀਆਂ ਦੋ ਲੜਕੀਆਂ ਹਨ।

ਇਹ ਲੜਕੀ ਪਿੰਡ ਹੀ ਰਹਿੰਦੀ ਹੈ।

2. ਅਮਰਜੀਤ ਕੌਰ ਧਰਮ ਪਤਨੀ ਬਲਵਿੰਦਰਜੀਤ ਸਿੰਘ ਕਨੈਡਾ ਵਿਚ ਰਹਿ ਰਿਹਾ ਹੈ। ਇਸ ਦੀਆਂ ਤਿੰਨ ਲੜਕੀਆਂ ਤੇ ਇਕ ਲੜਕਾ ਹੈ।

ਨੋਟ: ਮਹਿੰਦਰ ਸਿੰਘ ਦਾ ਇਕ ਲੜਕਾ ਅਵਤਾਰ ਸਿੰਘ 16 ਸਾਲ ਦੀ ਉਮਰ ਵਿਚ ਹੀ ਪੂਰਾ ਹੋ ਗਿਆ ਸੀ।

* **ਲੜਕਾ:**- ਘਰ ਵਿਚ ਸੁਰਜੀਤ ਸਿੰਘ ਆਪਣੀਆਂ ਭੈਣਾਂ ਤੋਂ ਛੋਟਾ ਹੈ। ਬਾਬਾ ਚਰਨ ਸਿੰਘ ਭੀਖੋਵਾਲਿਆ ਦੇ ਆਸ਼ੀਰਵਾਦ ਦੇ ਨਾਲ ਮਿਤੀ 23-5-1978 ਨੂੰ ਜੇਠ 10 ਦਿਨ ਮੰਗਲਵਾਰ ਨੂੰ ਸੁਰਜੀਤ ਸਿੰਘ ਨੇ ਦਾਦੀ ਮਾਤਾ ਤੇਜ ਕੌਰ ਦੇ ਹਿਰਦੇ ਨੂੰ ਠੰਢਾ ਠਾਰ ਕਰ ਦਿੱਤਾ। ਜਦੋਂ ਲੋਕਾਂ ਨੇ ਮਾਤਾ ਤੇਜ ਕੌਰ ਨੂੰ ਵਧਾਈਆਂ ਦਿੱਤੀਆਂ ਤਾਂ ਮਾਤਾ ਤੇਜ ਕੌਰ ਨੇ ਕਿਹਾ, "ਪ੍ਰਮਾਤਮਾ ਨੇ ਸਾਡੀਆਂ ਸੁੱਕੀਆਂ ਵੇਲਾਂ ਹਰੀਆਂ ਕੀਤੀਆਂ ਹਨ।" ਮੈਂ ਚਾਹੁੰਦੀ ਹਾਂ ਕਿ ਪ੍ਰਮਾਤਮਾ ਹਰ ਪਰਿਵਾਰ ਵਿਚ ਖੁਸ਼ੀਆਂ ਵਿਖੇਰੇ, ਜਿਸ ਸਾਲ ਸੁਰਜੀਤ ਸਿੰਘ ਦਾ ਜਨਮ ਹੋਇਆ ਤਾਂ ਥੋੜ੍ਹੇ ਫ਼ਰਕ ਨਾਲ ਪਿੰਡ ਵਿਚ ਅੱਠ ਲੜਕੇ ਪੈਦਾ ਹੋਏ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1.	ਜਰਨੈਲ ਸਿੰਘ ਲਾਲਾ ਦੇ ਲੜਕੇ ਦਾ ਜਨਮ –	13-5-1978
2.	ਮਹਿੰਦਰ ਸਿੰਘ ਦਾ ਲੜਕਾ ਸੁਰਜੀਤ ਸਿੰਘ –	23-5-1978
3.	ਰਾਮ ਸਿੰਘ ਦਾ ਲੜਕਾ ਹਰਵਿੰਦਰ ਸਿੰਘ –	25-5-1978
4.	ਮਲਕੀਤ ਸਿੰਘ ਸਪੁੱਤਰ ਜਾਗਰ ਸਿੰਘ –	09-6-1978

5. ਦਿਆਲ ਸਿੰਘ ਦਾ ਲੜਕਾ ਕਮਲਪ੍ਰੀਤ ਸਿੰਘ - 11-6-1978
6. ਧਾਰਾ ਸਿੰਘ ਦਾ ਲੜਕਾ ਜਸਵੀਰ ਸਿੰਘ - 25-6-1978
7. ਕੁਲਵਿੰਦਰ ਸਿੰਘ ਦਾ ਲੜਕਾ ਜਗਤਾਰ ਸਿੰਘ - 28-6-1978
8. ਰੇਸ਼ਮ ਸਿੰਘ ਸਪੁੱਤਰ ਬੰਤਾ ਸਿੰਘ ਲੜਕਾ - 10-7-1978

*** ਸੁਰਜੀਤ ਸਿੰਘ**: ਆਪ ਨੇ ਐਮ.ਏ. ਅਰਥ ਸ਼ਾਸ਼ਤਰ ਕੀਤੀ ਹੈ। ਆਪਣੇ ਮਾਤਾ ਪਿਤਾ ਤੇ ਭੈਣ ਦੇ ਨਾਲ ਕੈਨੇਡਾ ਵਿਚ ਰਹਿ ਰਿਹਾ ਹੈ। ਆਪਣੇ ਪਿਤਾ ਵਾਂਗ ਇਸ ਦਾ ਵੀ ਆਦਤ ਸੁਭਾਅ ਚੰਗਾ ਹੈ। ਚੰਗਾ ਉਹੀ ਹੁੰਦਾ ਹੈ ਜੋ ਚੰਗਾ ਕੰਮ ਕਰਦਾ ਹੈ। ਹਰ ਦੋ ਸਾਲ ਬਾਅਦ ਪਰਿਵਾਰ ਛੁੱਟੀ ਆਉਂਦਾ ਹੈ। ਜਦੋਂ ਪਿੰਡ ਵਿਚ ਧਾਰਮਿਕ ਸਮਾਗਮ ਹੁੰਦਾ ਹੈ ਤਾਂ ਗੁਰੂ ਦੇ ਲੰਗਰ ਵਾਸਤੇ ਬੇਅੰਤ ਮਾਇਆ ਅਰਦਾਸ ਕਰਾਉਂਦਾ ਹੈ। ਸਾਡੀ ਨੌਜਵਾਨ ਸਭਾ ਨੂੰ ਇਸ 'ਤੇ ਮਾਣ ਹੈ। ਇਸ ਸਬੰਧੀ ਬਾਬਾ ਸੀਤਲ ਸਿੰਘ ਸ਼ਾਮ ਚੁਰਾਸੀ ਵਾਲਿਆਂ ਦੇ ਸ਼ਬਦ ਹਨ-

"ਜ਼ਿੰਦ ਹੁੰਦਿਆ ਕਿਸੇ ਦਾ ਭਲਾ ਕਰੀਏ
ਜ਼ਿੰਦ ਹੁੰਦਿਆਂ ਪਰਉਪਕਾਰ ਹੁੰਦਾ
ਜ਼ਿੰਦ ਹੁੰਦਿਆਂ ਪੁੰਨ ਤੇ ਦਾਨ ਕਰੀਏ
ਮਾਣਸ ਜਨਮ ਨਹੀਂ ਦੂਸਰੀ ਵਾਰ ਹੁੰਦਾ
ਕੀੜੇ ਵਿਸ਼ੇ ਦੇ ਹੋਣ ਹਜ਼ਾਰ ਪੈਦਾ
ਭਗਤ ਸੂਰਮਾ ਘੱਟ ਪੈਦਾਵਾਰ ਹੁੰਦਾ
ਗਿੱਦੜ ਹੋਣ ਵਥੇਰੇ ਵਿਚ ਜੰਗਲਾਂ ਦੇ
ਪਰ ਸ਼ੇਰ ਇਕ ਹੀ ਜੰਗਲ ਵਿਚਕਾਰ ਹੁੰਦਾ
ਇਸੇ ਤਰ੍ਹਾਂ ਦਾਨ ਕਰਨ ਵਾਲਾ ਤੇ ਨਾਮ ਜਪਣ ਵਾਲਾ
ਕੋਈ ਵਿਰਲਾ ਵਿਚ ਸੰਸਾਰ ਹੁੰਦਾ।"

ਵੰਸ਼: ਸੁਰਜੀਤ ਸਿੰਘ ਦਾ ਵੰਸ਼
ਦੋ ਲੜਕੇ- ਜੋਰਾਵਰ ਸਿੰਘ, ਜੰਗ ਬਹਾਦਰ ਸਿੰਘ
ਲੜਕੀ- ਏਕਨੂਰ ਕੌਰ ਹੈ।

ਨੋਟ:- ਅਵਤਾਰ ਮਹਿੰਦਰ ਸਿੰਘ ਦਾ ਸਭ ਤੋਂ ਛੋਟਾ ਲੜਕਾ ਹੈ ਜੋ 16 ਸਾਲ ਦੀ ਉਮਰ ਵਿਚ ਦਿਮਾਗੀ ਕੈਂਸਰ ਨਾਲ 20-4-1999 ਪੂਰਾ ਹੋ ਗਿਆ ਸੀ। ਇਸ ਸਬੰਧ ਵਿਚ ਮਹਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਇਸ ਦਾ ਜਨਮ ਹੋਇਆ ਤਾਂ ਮੈਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਗਿਆ ਉਨ੍ਹਾਂ ਕਿਹਾ ਜਦੋਂ ਮੈਂ ਸਿਮਰਨ ਕਰਨ ਲੱਗਾ ਤਾਂ ਬਾਬਾ ਚਰਨ ਸਿੰਘ ਕਦੇ ਮੇਰੇ ਸੱਜੇ ਪਾਸੇ ਕਦੇ ਖੱਬੇ ਪਾਸੇ ਖਿੜ-ਖਿੜ ਕੇ ਹੱਸ ਰਹੇ ਸਨ। ਮੈਂ ਕਿਹਾ ਕਿ ਇਹ ਕੀ ਕੌਤਕ ਹੈ। ਉਨ੍ਹਾਂ ਕਿਹਾ ਮੈਨੂੰ ਗੱਲ ਸਮਝ ਨਾ ਆਵੇ ਕੀ ਹੋ ਰਿਹਾ ਹੈ। ਇਹ ਨਹੀਂ ਪਤਾ ਸੀ ਕਿ ਇਸ ਨੇ 16 ਸਾਲ ਦੀ ਉਮਰ ਵਿਚ ਸਾਨੂੰ ਸਦੀਵੀ ਵਿਛੋੜਾ ਦੇ ਜਾਣਾ ਹੈ। ਮਹਿੰਦਰ ਸਿੰਘ ਪਰਿਵਾਰ ਸਮੇਤ 5-9-2000 ਤੋਂ ਕਨੈਡਾ

ਵਿਚ ਰਹਿ ਰਿਹਾ ਹੈ।

2. **ਜੋਗਿੰਦਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਜਗੀਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਨੰਗਲ ਸਰਾਲਾ ਭੋਗਪੁਰ ਰੋਡ 'ਤੇ ਹਨ। ਜਦੋਂ ਪਰਿਵਾਰ ਨੇ ਜੀਟਰ 2011 ਟਰੈਕਟਰ ਖਰੀਦ ਲਿਆ ਤਾਂ ਖੇਤੀਬਾੜੀ ਦਾ ਕੰਮ ਚਾਰ ਗੁਣਾ ਵੱਧ ਗਿਆ। ਸ਼ੁਰੂ-ਸ਼ੁਰੂ ਵਿਚ ਟਰੈਕਟਰ ਆਪ ਹੀ ਚਲਾਉਂਦੇ ਸਨ। ਆਪ ਦਾ ਵੱਡਾ ਭਾਈ ਮਹਿੰਦਰ ਸਿੰਘ ਬਹੁਤ ਵਾਰ ਟਰੈਕਟਰ ਨੂੰ ਕੱਪੜੇ ਨਾਲ ਸਾਫ ਕਰਦਾ ਹੁੰਦਾ ਸੀ। ਆਪ ਨੇ ਸਰਕਾਰੀ ਹਾਈ ਸਕੂਲ ਨਸਰਾਲਾ ਤੋਂ ਨੌਵੀਂ ਜਮਾਤ ਪਾਸ ਕੀਤੀ। ਮਹਿੰਦਰ ਸਿੰਘ ਹੁਸ਼ਿਆਰਪੁਰ ਕਾਲਜ ਪੜ੍ਹਦਾ ਸੀ। ਇਸ ਲਈ ਆਪ ਨੇ ਖੇਤੀਬਾੜੀ ਦਾ ਕੰਮ ਸੰਭਾਲ ਲਿਆ।

ਆਪ ਨੂੰ ਅਰਬ ਕੰਟਰੀ ਡੁਬਈ ਜਾਣ ਦਾ ਮੌਕਾ ਮਿਲਿਆ। ਆਪ ਨੇ ਦੱਸਿਆ ਕਿ ਮੈਂ 9 ਸਾਲ ਵਿਦੇਸ਼ ਵਿਚ ਲਗਾਏ ਹਨ। ਇਸ ਦੇ ਨਾਲ ਆਪ ਵੀ ਡੇਰਾ ਚਰਨ ਸਿੰਘ ਭੀਖੋਵਾਲ ਦੇ ਸ਼ਰਧਾਂਲੂ ਹਨ। ਪਿਛਲੇ ਕੁਝ ਸਾਲਾਂ ਤੋਂ ਆਪ ਨੂੰ ਬਖਸ਼ਿਸ਼ ਪ੍ਰਾਪਤ ਹੋਈ ਹੈ ਕਿ ਜੇ ਕੋਈ ਵਿਅਕਤੀ ਆਪ ਦੇ ਕੋਲ ਆਪਣਾ ਘਰੇਲੂ ਮਸਲਾ ਲੈ ਕੇ ਆਉਂਦਾ ਹੈ ਤਾਂ ਆਪ ਜੋ ਵਾਕ ਦਿੰਦੇ ਹਨ ਉਹ ਪੂਰਾ ਹੋ ਜਾਂਦਾ ਹੈ। ਇਕ ਵਾਰ ਮੈਂ ਆਪਣੀ ਡਿਊਟੀ ਤੋਂ ਆ ਰਿਹਾ ਸੀ ਮੈਂ ਇਨ੍ਹਾਂ ਨੂੰ ਸਤਿਸ੍ਰੀ ਅਕਾਲ ਬੁਲਾਈ ਉਸ ਸਮੇਂ ਆਪ ਆਦਮੀ ਲਗਾ ਕੇ ਮੱਕੀ ਵੱਢ ਰਹੇ ਸਨ। ਮੈਂ ਕਿਹਾ ਮੇਰਾ M.A. ਭਾਗ ਪਹਿਲਾ ਪੰਜਾਬੀ ਦਾ ਸਰਟੀਫਿਕੇਟ ਅਜੇ ਚੰਡੀਗੜ੍ਹ ਤੋਂ ਨਹੀਂ ਆਇਆ। ਇਨ੍ਹਾਂ ਇਕਦਮ ਜਵਾਬ ਦਿੱਤਾ, "ਇਕ ਮਹੀਨਾ।" ਆਪ ਨੇ ਇਹ ਵੀ ਕਿਹਾ ਕਿ "ਧਰਤੀ ਫੱਟ ਜਾਵੇਗੀ ਮੇਰਾ ਵਾਕ ਨਹੀਂ ਟਲੇਗਾ।" ਠੀਕ ਇਕ ਮਹੀਨੇ ਮਗਰੋਂ ਡਾਕ ਰਾਹੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਏ. (ਭਾਗ ਇਕ) ਦਾ ਸਰਟੀਫ਼ਿਕੇਟ ਮੈਨੂੰ ਪ੍ਰਾਪਤ ਹੋ ਗਿਆ। ਮੈਂ ਸੁਣੀ ਸੁਣਾਈ ਗੱਲ ਨਹੀਂ ਕਰਦਾ ਪ੍ਰਤੱਖ ਤੌਰ ਤੇ ਪਰਖਿਆ ਹੈ। ਆਪ ਕਿਸੇ ਨੂੰ ਕਿਸੇ ਬਾਹਰੀ ਅਡੰਬਰ ਵਿਚ ਨਹੀਂ ਪਾਉਂਦੇ ਘਰ ਵਿਚ ਗੁਰਬਾਣੀ ਦਾ ਜਾਪ ਕਰਾਉਣ ਜਾਂ ਸਾਧ ਸੰਗਤ ਦੀ ਸੇਵਾ ਲਈ ਲੰਗਰ ਲਗਾਉਣ ਦੀ ਗੱਲ ਕਰਦੇ ਹਨ। ਸਵੇਰੇ ਸ਼ਾਮ ਆਪਣੇ ਘਰ ਧੂਫ਼ ਬੱਤੀ ਕਰਦੇ ਹਨ। ਜੇ ਕੋਈ ਆਦਮੀ ਆਪ ਦੇ ਕੋਲ ਆ ਜਾਵੇ ਤਾਂ ਆਪ ਦੀ ਗੱਲਬਾਤ ਕਾਫੀ ਲੰਬੀ ਹੁੰਦੀ ਹੈ। ਇਸ ਵਕਤ ਸਾਰੇ ਭਰਾ ਆਪ ਖੇਤੀਬਾੜੀ ਦਾ ਕੰਮ ਆਪਣਾ-ਆਪਣਾ ਕਰਦੇ ਹਨ।

* ਇਕ ਲੜਕੀ, ਦੋ ਲੜਕੇ

ਵੰਸ਼: ਆਪ ਦੀ ਇਕ ਲੜਕੀ ਦਲਜੀਤ ਕੌਰ ਹੈ, ਜਿਸ ਦੇ ਪਤੀ ਦਾ ਨਾਮ ਨਿਰਵੈਰ ਸਿੰਘ ਤੇ ਵਾਸੀ ਅੱਤੋਵਾਲ ਹੈ। ਇਹ ਰਿਸ਼ਤਾ ਸਤਪਾਲ ਸਿੰਘ ਪੰਡੋਰੀ ਬੀਬੀ ਨੇ ਕਰਵਾਇਆ ਸੀ।

ਵੰਸ਼: ਦੋ ਲੜਕੀਆਂ- ਪਵਨਦੀਪ ਕੌਰ, ਹਰਪ੍ਰੀਤ ਕੌਰ ਹੈ।

ਲੜਕਾ- ਗੁਰਪ੍ਰੀਤ ਸਿੰਘ ਹੈ।

* **ਲੜਕੇ**: ਸਰਵਜੀਤ ਸਿੰਘ ਕੱਕੂ ਤੇ ਕੁਲਵਿੰਦਰ ਸਿੰਘ ਬਾਬੂ

* ਸਰਵਜੀਤ ਸਿੰਘ ਦੀ ਧਰਮ ਪਤਨੀ ਦਾ ਨਾਮ ਪਰਮਿੰਦਰ ਕੌਰ ਤੇ ਆਪ ਦੀ ਸ਼ਾਦੀ 27-9-1987 ਈ: ਦੀ ਹੈ। ਆਪ ਨੇ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਕੀਤੀ। ਸਰਵਜੀਤ ਸਿੰਘ ਦਿਲ ਦਾ ਸਾਫ ਤੇ ਮੂੰਹ ਤੇ ਕਹਿਣ ਵਾਲਾ ਆਦਮੀ ਹੈ। ਮੇਰੇ ਨਾਲ ਪਿੰਡ ਵਿਚ ਲਗਦੇ ਪਹਿਰੇ ਨਾਲ ਕਦੇ-ਕਦੇ ਡਿਊਟੀ ਦਿੰਦਾ ਸੀ। ਘਰ ਦੀ ਤੇ ਪਿੰਡ ਦੀ ਆਮ ਗੱਲਬਾਤ ਕਰਦਾ ਹੁੰਦਾ ਸੀ। ਖੇਤੀਬਾੜੀ ਦੇ ਨਾਲ ਆਪ ਸੋਨਾਲੀਕਾ ਫੈਕਟਰੀ ਵਿਚ ਕੰਮ ਕਰਦਾ ਸੀ। ਭਰ ਜਵਾਨੀ 45 ਸਾਲ ਦੀ ਉਮਰ ਵਿਚ ਪੀਲੀਏ ਨਾਲ ਸਤੰਬਰ 2010 ਵਿਚ ਆਪ ਦੀ ਮੌਤ ਹੋ ਗਈ। ਉਸ ਸਮੇਂ ਆਪ ਦੇ ਛੋਟੇ-ਛੋਟੇ ਬੱਚੇ ਸਨ।

ਵੰਸ਼: 3 ਲੜਕੇ ਇਕ ਲੜਕੀ

ਲੜਕੇ: ਮਨੀ ਸਿੰਘ, ਸ਼ਨੀ ਸਿੰਘ ਅਤੇ ਹਨੀ ਸਿੰਘ।

ਲੜਕੀ: ਪ੍ਰਭਜੋਤ ਕੌਰ ਹੈ।

1 * **ਕੁਲਵਿੰਦਰ ਸਿੰਘ ਉਰਫ ਬਾਬੂ** :- ਆਪ ਨੇ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਕੀਤੀ ਹੈ। ਆਪ ਦੀ ਧਰਮ ਪਤਨੀ ਦਾ ਨਾਮ ਮਨਿੰਦਰ ਕੌਰ ਹੈ ਜਿਸ ਦੇ ਪੇਕੇ ਸੁਮੱਸਤਪੁਰ ਜਲੰਧਰ ਹਨ। ਘਰੇਲੂ ਖੇਤੀਬਾੜੀ ਦਾ ਕੰਮ ਕਰਦਾ ਹੈ।

ਵੰਸ਼: ਆਪ ਦਾ ਇਕ ਬੇਟਾ ਤਰਨਵੀਰ ਸਿੰਘ ਹੈ।

3 * **ਸਿਕੰਦਰ ਸਿੰਘ ਉਰਫ ਨਿਰਵੈਰ:**- ਆਪ ਸ. ਜਗਤ ਸਿੰਘ ਦੀ ਸਭ ਤੋਂ ਛੋਟੀ ਸੰਤਾਨ ਹੈ। ਘਰੇਲੂ ਕੰਮਕਾਰ ਕਰਕੇ ਆਪ ਸਕੂਲ ਦੀ ਪੜ੍ਹਾਈ ਨਹੀਂ ਕਰ ਸਕੇ। ਜਦੋਂ ਅਸੀਂ ਉਨ੍ਹਾਂ ਨਾਲ ਗੱਲਬਾਤ ਕਰਦੇ ਹਾਂ ਤਾਂ ਅਜਿਹਾ ਕੋਈ ਪ੍ਰਭਾਵ ਨਹੀਂ ਪੈਂਦਾ ਕਿ ਆਪ ਪੜ੍ਹਾਈ ਤੋਂ ਸੱਖਣੇ ਹਨ। ਆਪ ਤਿੰਨ ਭਾਈ ਹਨ। ਵੱਡੇ ਭਾਈ ਮਹਿੰਦਰ ਸਿੰਘ ਦੀ ਸਰਦਾਰੀ ਦੂਜੇ ਭਾਈ ਦੀ ਟਰੈਕਟਰ ਨਾਲ ਵਾਹੀ ਤੇ ਤੀਸਰੇ ਦੀ ਪਸ਼ੂਆਂ ਦੀ ਸਾਂਭ ਸੰਪਾਲ ਦੀ ਡਿਊਟੀ ਸੀ। ਆਪ ਦੇ ਕੋਲ 25 ਦੇ ਕਰੀਬ ਪਸ਼ੂ ਹੁੰਦੇ ਸਨ। ਪੰਚਾਇਤ ਰਕਬੇ ਵਿਚ ਤੇ ਪਿੰਡ ਦੀ ਚਰਾਂਦ ਵਿਚ ਆਮ ਕਰਕੇ ਸਾਰਾ ਪਿੰਡ ਪਸ਼ੂ ਚਾਰਦਾ ਸੀ। ਹੁਣ ਸਾਰੀ ਜ਼ਮੀਨ 2009 ਤੋਂ ਠੇਕੇ 'ਤੇ ਕਰ ਦਿੱਤੀ ਹੈ, ਜਿਸ ਵਿਚ ਪੰਚਾਇਤੀ ਟਿਊਬਵੈੱਲ ਲਗਾ ਦਿੱਤਾ ਹੈ।

* **ਸ਼ਾਦੀ:**- ਆਪ ਦੀ ਸ਼ਾਦੀ ਜੂਨ 1970 ਈ: ਦੀ ਹੈ। ਆਪ ਦੀ ਧਰਮ ਪਤਨੀ ਦਾ ਨਾਮ ਸੰਤੋਖ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰੰਧਾਵਾ ਬਰੋਟਾ ਹਨ। ਅਸੀਂ ਜ਼ਿਆਦਾ ਗੱਲਬਾਤ ਜੋਗਿੰਦਰ ਸਿੰਘ ਦੀ ਧਰਮ ਪਤਨੀ ਜਗੀਰ ਕੌਰ ਨਾਲ ਕਰਦੇ ਹੁੰਦੇ ਸੀ। ਸੰਤੋਖ ਕੌਰ ਨਾਲ ਅਸੀਂ ਕਦੇ ਕੋਈ ਗੱਲਬਾਤ ਨਹੀਂ ਕੀਤੀ। ਤਿੰਨ ਬੱਚਿਆਂ ਦੇ ਜਨਮ ਤੋਂ ਮਗਰੋਂ ਸੰਤੋਖ ਕੌਰ ਦੀ ਸਿਹਤ ਕੁਝ ਖਰਾਬ ਰਹਿਣ ਲੱਗੀ। ਪਰਿਵਾਰ ਇਸ ਦਾ ਇਲਾਜ ਕਰਾਉਂਦਾ ਰਿਹਾ। ਸਿਵਲ ਹਸਪਤਾਲ ਹੁਸ਼ਿਆਰਪੁਰ ਵੀ ਦਾਖਲ ਕਰਵਾਇਆ ਗਿਆ। ਜਿਵੇਂ ਪਰਿਵਾਰ ਦੇ ਹੋਰ ਮੈਂਬਰ ਬਾਬਾ ਚਰਨ ਸਿੰਘ ਭੀਖੋਵਾਲ ਜਾਂਦੇ ਸਨ। ਸੰਤੋਖ ਕੌਰ ਵੀ ਉਨ੍ਹਾਂ ਨਾਲ ਜਾਂਦੀ ਰਹੀ। ਸੰਤੋਖ ਕੌਰ ਮਿਤੀ 14-5-1996 ਈ: ਨੂੰ ਪਰਿਵਾਰ ਨੂੰ ਵਿਛੋੜਾ ਦੇ ਗਈ।

ਵੰਸ਼: ਆਪ ਦੀਆਂ ਦੋ ਲੜਕੀਆਂ ਸੁਰਜੀਤ ਕੌਰ ਅਤੇ ਰਣਜੀਤ ਕੌਰ ਹਨ ਜੋ ਕਿ ਸ਼ਾਦੀਸ਼ੁਦਾ ਹਨ।

* **ਲੜਕਾ:** ਨਰਿੰਦਰ ਸਿੰਘ ਹੈ ਜਿਸ ਦਾ ਜਨਮ 28-5-1977 ਦਾ ਹੈ। ਸਿਕੰਦਰ ਸਿੰਘ ਨੇ ਕਣਕ ਦੀ ਕੁਤਰਾਈ ਕਰਦੇ ਹੋਏ ਕਿਹਾ ਕਿ ਜਿਥੇ ਰੱਬ ਪਰਿਵਾਰ ਨੂੰ ਲੜਕੀਆਂ ਦਿੰਦਾ ਹੈ, ਉਥੇ ਲੜਕਾ ਵੀ ਦੇਵੇ ਤਾਂ ਪਰਿਵਾਰ ਚੰਗਾ ਲੱਗਦਾ ਹੈ।

* ਨਰਿੰਦਰ ਸਿੰਘ ਦੀ ਧਰਮ ਪਤਨੀ ਦਾ ਨਾਮ ਬਲਜਿੰਦਰ ਕੌਰ ਹੈ ਜਿਸ ਦੇ ਪੇਕੇ ਜਲਾਲਾਬਾਦ ਹਨ। ਨਰਿੰਦਰ ਸਿੰਘ ਆਪਣੀ ਮਾਤਾ ਦੀ ਮੌਤ ਤੋਂ ਮਗਰੋਂ ਪੜ੍ਹ ਨਹੀਂ ਸਕਿਆ। ਆਪਣੇ ਪਿਤਾ ਸਿਕੰਦਰ ਸਿੰਘ ਦੇ ਨਾਲ ਖੇਤੀਬਾੜੀ ਦੇ ਕੰਮ ਵਿਚ ਹੱਥ ਵਟਾਉਣ ਲੱਗਾ। ਸਿਕੰਦਰ ਸਿੰਘ ਨੇ ਖੇਤੀਬਾੜੀ ਲਈ ਨਵਾਂ ਟਰੈਕਟਰ ਲੈ ਲਿਆ ਤਾਂ ਖੇਤੀਬਾੜੀ ਦਾ ਸਾਰਾ ਕੰਮ ਨਰਿੰਦਰ ਸਿੰਘ ਨੇ ਸੰਭਾਲ ਲਿਆ। ਆਪਣੇ ਘਰੇਲੂ ਕੰਮ ਤੋਂ ਇਲਾਵਾ ਨਰਿੰਦਰ ਸਿੰਘ ਲਾਗਲੇ ਪਿੰਡਾਂ ਵਿਚ ਵੀ ਵਾਹੀ ਕਰਨ ਲੱਗਾ। ਇਸ ਕੰਮ ਦੀ ਦੂਰ-ਦੂਰ ਤੱਕ ਆਪ ਦੀ ਪੈਂਠ ਪੈ ਗਈ। ਪਿਉ ਪੁੱਤਰ ਦਾ ਬਹੁਤ ਪਿਆਰ ਹੈ। ਸਿਕੰਦਰ ਸਿੰਘ ਨੇ ਦੱਸਿਆ ਕਿ "ਮੈਂ ਘਰੇਲੂ ਖਰਚ ਵਾਹੀ ਤੋਂ ਆਏ ਪੈਸਿਆਂ ਨਾਲ ਕਰਦਾ ਹਾਂ। ਆਪਣੀ ਵੇਚੀ ਫ਼ਸਲ ਦਾ ਪੈਸਾ ਮੈਂ ਬੈਂਕ ਜਮਾਂ ਕਰਾ ਦਿੰਦਾ ਹਾਂ।" ਆਪ ਦੇ ਕੋਲ ਦੋ ਕਾਰਾਂ ਵੀ ਹਨ। ਜਿਸ ਦੀ ਵਰਤੋਂ ਵਿਆਹ ਸ਼ਾਦੀ ਵਾਸਤੇ ਕਰਦੇ ਹਨ। ਬਾਕੀ ਦੋ ਪਰਿਵਾਰਾਂ ਨਾਲੋਂ ਸਿਕੰਦਰ ਸਿੰਘ ਦਾ ਘਰੇਲੂ ਕੰਮਕਾਰ ਚੰਗਾ ਹੈ। ਪਿਉ ਪੁੱਤਰ ਦੋਹਾਂ ਦੀ ਆਦਤ ਚੰਗੀ ਹੈ। ਜਦੋਂ ਵੀ ਸਾਡੇ ਸਮਾਜ ਨੂੰ ਲੋਕ ਭਲਾਈ ਵਾਸਤੇ ਇਨ੍ਹਾਂ ਦੀ ਲੋੜ ਹੋਵੇ ਤਾਂ ਆਪ ਡੱਟ ਕੇ ਸਾਡਾ ਸਾਥ ਦਿੰਦੇ ਹਨ।

ਵੰਸ਼: ਦੋ ਲੜਕੀਆਂ, ਇਕ ਲੜਕਾ

ਲੜਕੀਆਂ: ਸੁਖਨਪ੍ਰੀਤ ਕੌਰ, ਏਕਮਪ੍ਰੀਤ ਕੌਰ ਹੈ।

ਲੜਕਾ: ਸਾਹਿਬਜੋਤ ਸਿੰਘ ਹੈ।

ਬੂਟਾ ਰਾਮ

ਬੂਟਾ ਰਾਮ ਦੀ ਧਰਮ ਪਤਨੀ ਦੇ ਨਾਮ ਬਾਰੇ ਪਤਾ ਨਹੀਂ ਲੱਗ ਸਕਿਆ। ਕੋਈ 200 ਸਾਲ ਦੀ ਗੱਲ ਹੈ।

ਬੂਟਾ ਰਾਮ ਦੇ ਦੋ ਲੜਕੇ-ਮਾਨ ਸਿੰਘ ਅਤੇ ਦਾਨ ਸਿੰਘ

* ਮਾਨ ਸਿੰਘ ਦੇ ਦੋ ਲੜਕੇ ਸਨ- ਮਈਆ ਤੇ ਮੰਗੂ ਰਾਮ

1. * **ਮਈਆ**:- ਇਸ ਨੇ ਸ਼ਾਦੀ ਨਹੀਂ ਕਰਾਈ ਸੀ। ਆਪਣੇ ਭਰਾ ਨਾਲ ਹੀ ਰਹਿੰਦਾ ਸੀ। ਦੋਹਾਂ ਦਾ ਆਪਸੀ ਪਿਆਰ ਸੀ।

2. * **ਮੰਗੂ ਰਾਮ**:- ਆਪ ਦੀ ਧਰਮ ਪਤਨੀ ਦਾ ਨਾਮ ਸੰਤੀ ਸੀ ਜਿਸ ਦੇ ਪੇਕੇ ਡਗਾਣੇ ਸਨ।

ਵੰਸ਼: 3 ਲੜਕੇ- ਦਾਸ ਰਾਮ, ਮਿਲਖਾ ਸਿੰਘ ਤੇ ਉਜਾਗਰ ਸਿੰਘ

ਲੜਕੀਆਂ- ਭਾਗੋ ਤੇ ਮਾਹੋਂ

* ਭਾਗੋ ਦੇ ਪਤੀ ਦਾ ਨਾਮ ਪ੍ਰੀਤਮ ਸਿੰਘ ਸੀ ਤੇ ਸਹੁਰੇ ਪਿੰਡ ਖਲਵਾਣੇ ਸਨ।

* **ਮਾਹੋਂ**:- ਆਪ ਦੇ ਪਤੀ ਦਾ ਨਾਮ ਭਗਵਾਨ ਸਿੰਘ ਸੀ ਤੇ ਸਹੁਰੇ ਹਰਗੜ੍ਹ ਸਨ।

ਲੜਕੀਆਂ ਦਾ ਵੇਰਵਾ ਸਮਾਪਤ ਹੈ।

* 1. **ਦਾਸ ਰਾਮ**:- ਦਾਸ ਰਾਮ ਸਾਰੇ ਭਰਾਵਾਂ ਵਿਚੋਂ ਵੱਡਾ ਸੀ। ਪਿੰਡ ਵਿਚ ਇਨ੍ਹਾਂ ਦਾ ਨਾਮ ਦਾਸ ਹੀ ਚੱਲਦਾ ਰਿਹਾ ਹੈ। ਆਪ ਨੇ ਸ਼ਾਦੀ ਨਹੀਂ ਕਰਾਈ ਸੀ ਤੇ ਆਪਣੇ ਛੋਟੇ ਭਾਈ ਜਾਗਰ ਸਿੰਘ ਦੇ ਨਾਲ ਰਹਿੰਦਾ ਸੀ। ਇਨ੍ਹਾਂ ਦੇ ਭਤੀਜੇ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਹਮੇਸ਼ਾ ਪਿੰਡ ਵਾਲੇਂ ਖੂਹ ਤੇ ਜਾਂ ਨਸਰਾਲੇ ਵਾਲੇ ਖੇਤਾਂ ਵਿਚ ਸਮੇਂ ਅਨੁਸਾਰ ਕੰਮ ਕਰਦੇ ਰਹਿੰਦੇ ਸਨ। ਬਰਸਾਤਾਂ ਨੂੰ ਕਦੇ-ਕਦੇ ਪਸ਼ੂ ਵੀ ਚਾਰਦੇ ਸਨ। ਇਨ੍ਹਾਂ ਦਾ ਜੀਵਨ ਬਹੁਤ ਸਾਦਾ ਸੀ ਕਿਸੇ ਮਾੜੀ ਆਦਤ ਦਾ ਸ਼ਿਕਾਰ ਨਹੀਂ ਸਨ। ਆਪ ਦੇ ਛੋਟੇ ਭਾਈ ਜਾਗਰ ਸਿੰਘ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਆਪ ਆਪਣੇ ਭਤੀਜਿਆਂ ਨਾਲ ਖੇਤੀਬਾੜੀ ਦਾ ਕੰਮ ਕਰਦੇ ਰਹਿੰਦੇ ਸਨ। ਕਦੇ-ਕਦੇ ਹਾਸਾ ਮਜ਼ਾਕ ਵੀ ਕਰ ਲੈਂਦੇ ਸਨ। ਬਿਰਧ ਅਵਸਥਾ ਵਿਚ ਵੀ ਮੈਂ ਉਨ੍ਹਾਂ ਨੂੰ ਕੰਮ ਕਰਦੇ ਦੇਖਿਆ ਹੈ। ਇਕ ਵਾਰ ਮੈਂ ਇਨ੍ਹਾਂ ਨੂੰ ਕਿਹਾ, ਤਾਇਆ ਜੀ ਹੁਣ ਕੰਮ ਘੱਟ ਕਰਿਆ ਕਰੋ। ਅੱਗੋਂ ਉਨ੍ਹਾਂ ਕਿਹਾ "ਕਾਕਾ! ਸਰੀਰ ਤਾਂ ਚੱਲਦਾ ਫਿਰਦਾ ਹੀ ਠੀਕ ਹੈ।" ਮੈਂ ਜਵਾਨੀ ਵੇਲੇ ਤੇਰੇ ਤਾਏ ਨਾਲ ਕਣਕ ਦੀ ਕਟਾਈ ਕੀਤੀ ਹੈ। ਆਪ ਆਪਣੀ ਸੰਸਾਰਿਕ

ਯਾਤਰਾ ਪੂਰੀ ਕਰਦੇ ਹੋਏ ਮਿਤੀ 5-6-1987 ਨੂੰ ਗੁਰੂ ਚਰਨਾ 'ਚ ਜਾ ਬਿਰਾਜੇ ਸਨ। ਆਪ ਦੇ ਭਰਾਵਾਂ ਤੇ ਭਤੀਜਿਆਂ ਨੇ ਆਪ ਦਾ ਮਰਨਾ ਚੰਗੀ ਤਰ੍ਹਾਂ ਸੰਵਾਰਿਆ ਹੈ। ਆਪ ਦੀ ਅਰਥੀ ਦੇ ਨਾਲ ਬੈਂਡ ਵਾਜ਼ਾ ਵੱਜ ਰਿਹਾ ਸੀ। ਸ਼ਰਧਾਂਜਲੀ ਸਮਾਗਮ ਆਪ ਦੇ ਪਰਿਵਾਰ ਨੇ ਰੁਕ ਕੇ ਕੀਤਾ। ਆਪ ਦੇ ਹਿੱਸੇ ਦੀ ਜ਼ਮੀਨ ਦੋਹਾਂ ਪਰਿਵਾਰਾਂ ਵਿਚ ਵੰਡੀ ਗਈ। ਆਪ ਜਿਊਂਦੇ ਜੀਅ ਹੀ ਸਾਰੀ ਗੱਲ ਪਰਿਵਾਰ ਨੂੰ ਸਮਝਾ ਗਏ ਸਨ।

* 2. **ਮਿਲਖਾ ਸਿੰਘ:-** ਮੰਗੂ ਰਾਮ ਦਾ ਦੂਜਾ ਲੜਕਾ ਮਿਲਖਾ ਸਿੰਘ ਹੈ। ਆਪ ਦੀ ਧਰਮ ਪਤਨੀ ਦਾ ਨਾਮ ਕਰਤਾਰ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਰਨਾਈਆਂ ਹਨ। ਮਾਤਾ ਕਰਤਾਰ ਕੌਰ ਨੂੰ ਪੰਜਾਬੀ ਸਭਿਆਚਾਰ ਦਾ ਬਹੁਤ ਗਿਆਨ ਸੀ। ਆਪ ਗੁਰਬਾਣੀ ਵੀ ਪੜ੍ਹ ਲੈਂਦੀ ਸੀ। ਆਪ ਦੇ ਲੜਕਿਆਂ ਨੇ ਦੱਸਿਆ ਕਿ ਮਾਤਾ ਪਾਠ ਕਰਦੇ ਪਾਠੀ ਨੂੰ ਪਰਖ ਲੈਂਦੀ ਸੀ ਕਿ ਪਾਠ ਸ਼ੁੱਧ ਵੀ ਕਰਦਾ ਹੈ ਜਾਂ ਨਹੀਂ। ਗੱਲਬਾਤ ਕਰਨ ਦਾ ਤਰੀਕਾ ਸਾਫ ਤੇ ਸਪਸ਼ਟ ਸੀ ਜਿਹੜੀ ਗੱਲ ਕਹਿਣੀ ਉਹ ਮੂੰਹ 'ਤੇ ਆਖ ਦਿੰਦੀ ਸੀ। ਹਾੜੀ ਸਾਉਣੀ ਜਦੋਂ ਵੀ ਕਦੇ ਕਿਸੇ ਚੀਜ਼ ਦੀ ਲੋੜ ਪਵੇ ਤਾਂ ਮਾਤਾ ਕਰਤਾਰ ਕੌਰ ਆਪ ਹੀ ਆਉਂਦੀ ਸੀ। ਉਸ ਨੇ ਕਈ ਵਾਰ ਕਹਿਣਾ, "ਕਾਕਾ! ਸਾਡੇ ਘਰਦਿਆਂ ਨੇ ਤਾਂ ਕਦੇ ਆਉਣਾ ਨਹੀਂ ਹੈ। ਮੈਂ ਆਪ ਹੀ ਹਿੰਮਤ ਕਰਕੇ ਤੁਹਾਡੇ ਘਰਾਂ ਤੋਂ ਜੋ ਲੈਣਾ ਹੋਵੇ ਲੈ ਜਾਂਦੀ ਹਾਂ।"

ਮਾਤਾ ਕਰਤਾਰ ਕੌਰ ਵਿਚਾਰਵਾਨ ਸੀ। ਮੈਂ ਸਵੇਰੇ ਕਾਲਜ ਨੂੰ ਜਾ ਰਿਹਾ ਸੀ ਪਿੰਡ ਦਾ ਕੋਈ ਆਦਮੀ ਵਿਦੇਸ਼ ਜਾ ਰਿਹਾ ਸੀ। ਮਾਤਾ ਕਰਤਾਰ ਕੌਰ ਨੇ ਆਪਣੇ ਖਾਲੀ ਡੋਲੂ ਵਿਚ ਅੱਕ ਦੇ ਪੱਤੇ ਤੋੜ ਕੇ ਪਾ ਲਏ ਉਨ੍ਹਾਂ ਕਿਹਾ, "ਖਾਲੀ ਬਰਤਨ ਠੀਕ ਨਹੀਂ ਹੁੰਦਾ।" ਉਹ ਚਾਚਾ ਮਿਲਖਾ ਸਿੰਘ ਨੂੰ ਹਲ ਵਾਹੁੰਦੇ ਨੂੰ ਚਾਹ ਪਿਆ ਕੇ ਆਈ ਸੀ। ਇਸ ਪ੍ਰਕਾਰ ਦੀਆਂ ਹੋਰ ਗੱਲਾਂ ਗਾਹੇ-ਵਗਾਹੇ ਕਰਦੀ ਹੁੰਦੀ ਸੀ। ਇਕ ਵਾਰ ਮੇਰੇ ਵੱਡੇ ਭਾਈ ਕੁਲਵਿੰਦਰ ਸਿੰਘ ਨੇ ਕਿਹਾ, "ਤਾਈ ਤੂੰ ਅਖ਼ਬਾਰ ਪੜ੍ਹ ਲੈਂਦੀ ਹੈ?" ਮਾਤਾ ਕਰਤਾਰ ਕੌਰ ਨੇ ਬਿਨਾਂ ਐਨਕ ਤੋਂ ਅਖ਼ਬਾਰ ਪੜ੍ਹ ਦਿੱਤੀ। ਉਨ੍ਹਾਂ ਦੀ ਅੱਖਾਂ ਦੀ ਰੋਸ਼ਨੀ ਠੀਕ ਸੀ। ਸਾਡੇ ਚਾਰ ਘਰਾਂ ਦੀਆਂ ਕੰਧਾਂ ਇਨ੍ਹਾਂ ਨਾਲ ਸਾਂਝੀਆਂ ਸਨ। ਸਾਡੇ ਘਰਾਂ ਦੀਆਂ ਪਿੱਠਾਂ ਆਪਸ ਵਿਚੋਂ ਜੁੜੀਆਂ ਹੋਈਆਂ ਸਨ। ਤੜਕਸਾਰ ਜਦੋਂ ਚਾਟੀਆਂ ਵਿਚ ਪਈਆਂ ਮਧਾਣੀਆਂ 'ਚੋਂ ਛਣਨ-ਛਣਨ ਦੀ ਆਵਾਜ਼ ਆਉਂਦੀ ਸੀ ਤਾਂ ਦੂਜੇ ਪਾਸੇ ਵੀ ਮਧਾਣੀਆਂ ਚੱਲਣ ਲੱਗ ਪੈਂਦੀਆਂ ਸਨ। ਕਈ ਵਾਰ ਗੱਲਾਂ ਕਰਦੇ ਵੀ ਸੁਣਦੇ ਸਨ। ਪਿਛਲੇ ਸਮੇਂ ਵਿਚ ਜਦੋਂ ਭਰਵੀਆਂ ਬਰਸਾਤਾਂ ਹੁੰਦੀਆਂ ਸਨ ਤਾਂ ਆਮ ਕਰਕੇ ਕੱਚੇ ਮਕਾਨ ਚੋਅ ਪੈਂਦੇ ਸਨ। ਸਾਡੇ ਤਾਏ ਬੰਤਾ ਸਿੰਘ ਨੇ ਕਹਿਣਾ ਤੂੜੀ ਮਿੱਟੀ ਪਾ ਕੇ ਚੰਗੀ ਤਰ੍ਹਾਂ ਛੱਤ ਕੁੱਟ ਦਿਓ। ਜਵਾਨੀ ਵੇਲੇ ਆਪ ਨੇ ਬਹੁਤ ਕੰਮ ਕੀਤਾ ਹੈ। ਉਸ ਸਮੇਂ ਵਿਚ ਸਾਡੇ ਘਰਾਂ ਦੀਆਂ ਤਾਈਆਂ ਚਾਚੀਆਂ ਨੂੰ ਲੈ ਕੇ ਕਪਾਹਾਂ ਚੁਗਣੀਆਂ, ਛੱਲੀਆਂ ਕੱਢਣੀਆਂ, ਚਰਖੇ ਕੱਤਣੇ ਤੇ ਹੋਰ ਘਰੇਲੂ ਕੰਮ ਡੱਟ ਕੇ ਕਰਨਾ। ਸਾਡੇ ਘਰਾਂ ਦੇ ਆਮ ਕਰਕੇ ਜਦੋਂ ਜਲੰਧਰ ਤੋਂ ਤੜਕੇ ਚਾਰ ਵਜੇ ਵਾਲੀ ਗੱਡੀ ਆਉਂਦੀ ਸੀ ਤਾਂ ਜਾਗ ਪੈਂਦੇ

ਸਨ। ਤਿੰਨ ਚਾਰ ਘਰ ਖੇਤੀ ਕਰਦੇ ਸਨ। ਸਾਰਿਆਂ ਨੂੰ ਹਿੰਮਤ ਨਾਲ ਉੱਠਣਾ ਪੈਂਦਾ ਸੀ। ਆਪ ਪੁੱਤ, ਪੋਤੇ, ਦੋਹਤਿਆਂ ਵਾਲੀ ਹੋ ਕੇ ਸਾਲ 2004 ਵਿਚ ਪੂਰੀ ਉਮਰ ਭੋਗ ਕੇ ਗੁਰੂ ਚਰਨਾਂ 'ਚ ਜਾ ਬਿਰਾਜੀ।

* ਸ. ਮਿਲਖਾ ਸਿੰਘ ਵੀ ਉੱਚੇ ਲੰਮੇ ਸਨ। ਜਵਾਨੀ ਵੇਲੇ ਖੇਤੀਬਾੜੀ ਦਾ ਚੰਗਾ ਕੰਮਕਾਰ ਸੀ। ਅਸੀਂ ਕਈ ਵਾਰ ਅੱਧ ਤੇ ਮੱਕੀ ਤੇ ਕਣਕ ਦੀ ਫ਼ਸਲ ਬੀਜੀ ਹੈ। ਇਨ੍ਹਾਂ ਕਹਿਣਾ ਜਿਹੜਾ ਖੇਤ ਚੰਗਾ ਹੈ ਉਸ ਵਿਚ ਢੇਰ ਪਾ ਲਵੋ। ਜੇ ਆਪ ਦੇ ਲੜਕੇ ਆਪ ਨੂੰ ਭਾਈਆ ਆਖਦੇ ਸਨ ਤਾਂ ਆਪ ਦੇ ਭਤੀਜੇ ਵੀ ਆਪ ਨੂੰ ਭਾਈਆ ਕਹਿ ਕੇ ਬੁਲਾਉਂਦੇ ਸਨ। ਆਪ ਦਾ ਹੱਸਣ ਦਾ ਸੁਭਾਅ ਸੀ। ਪਸ਼ੂ ਚਾਰਦੇ ਇਕ ਦੂਜੇ ਨਾਲ ਹਾਸਾ ਮਜ਼ਾਕ ਕਰਦੇ ਸਨ। ਸਾਡੇ ਪਿਤਾ ਸ. ਬਸੰਤ ਸਿੰਘ ਨਾਲ ਇਨ੍ਹਾਂ ਦਾ ਬਹੁਤ ਪਿਆਰ ਸੀ। ਇਕ ਦੂਜੇ ਨੂੰ ਭਾਈ ਕਹਿ ਕੇ ਬੁਲਾਉਂਦੇ ਸਨ। ਮੈਂ ਸੁਣਿਆ ਕਿ ਜਦੋਂ ਪਿੰਡ ਛੋਟਾ ਸੀ ਤਾਂ ਕਣਕ ਦੀ ਕਟਾਈ ਵੇਲੇ ਆਪ ਮਹਿੰਗਾ ਸਿੰਘ ਨਾਲ ਸਾਰੇ ਘਰਾਂ ਦੀਆਂ ਭਰੀਆਂ ਗੱਡੇ 'ਤੇ ਢੋਂਦੇ ਸਨ।

* **ਬਹਾਦਰੀ:-** ਆਪ ਦੇ ਛੋਟੇ ਲੜਕੇ ਸੰਤੋਖ ਸਿੰਘ ਨੇ ਦੱਸਿਆ ਕਿ ਮੇਰਾ ਭਾਈਆ ਮਿਲਖਾ ਸਿੰਘ ਤੇ ਰੱਖਾ ਸਿੰਘ ਗੱਡਾ ਵਾਹੁੰਦੇ ਸਨ। ਇਕ ਦਿਨ ਇਹ ਫਗਵਾੜੇ ਤੋਂ ਆ ਰਹੇ ਸਨ। ਰਸਤੇ ਵਿਚ ਲੁੱਟ ਖੋਹ ਕਰਨ ਵਾਲੇ ਇਨ੍ਹਾਂ ਦੇ ਮਗਰ ਲੱਗ ਗਏ। ਉਹ ਵਾਰ ਕਰਦੇ ਗਏ ਇਹ ਰੋਕਦੇ ਰਹੇ ਅੰਤ ਪਿੰਡ ਜੱਜੇ ਦੇ ਕੋਲ ਜੰਮ ਕੇ ਲੜਾਈ ਹੋਈ। ਬਦਮਾਸ਼ਾਂ ਨੇ ਟਕੂਏ ਨਾਲ ਵਾਰ ਕੀਤਾ। ਮਿਲਖਾ ਸਿੰਘ ਨੇ ਮੋਹਰੇ ਸਫਾਇਆ ਕਰ ਦਿੱਤਾ। ਟਕੂਆ ਸਫਾਏ ਵਿਚ ਖੁੱਭ ਗਿਆ। ਉਹ ਖਾਲੀ ਹੱਥ ਹੋ ਗਏ ਤੇ ਫਿਰ ਇਨ੍ਹਾਂ ਲਲਕਾਰਾ ਮਾਰਿਆ ਤੇ ਉਹ ਦੌੜ ਗਏ। ਉਹ ਟਕੂਆ ਮਿਲਖਾ ਸਿੰਘ ਦੇ ਪਰਿਵਾਰ ਦੇ ਕੋਲ ਹੈ।

ਸ. ਮਿਲਖਾ ਸਿੰਘ ਸਾਈਕਲ ਵੀ ਚਲਾ ਲੈਂਦੇ ਸਨ। ਬਹੁਤ ਵਾਰ ਹੁਸ਼ਿਆਰਪੁਰ ਨੂੰ ਜਾਂ ਸਾਕਾਚਾਰੀ ਵਿਚ ਸਾਈਕਲ 'ਤੇ ਜਾਂਦੇ ਸਨ। ਆਮ ਕਰਕੇ ਕਮੀਜ਼ ਪਜ਼ਾਮਾ ਤੇ ਚਿੱਟੀ ਪਗੜੀ ਬੰਨ੍ਹਦੇ ਸਨ। ਮੀਆਂ ਬੀਬੀ ਦੋਵੇਂ ਆਪਣੇ ਛੋਟੇ ਲੜਕੇ ਨਾਲ ਰਹਿੰਦੇ ਸਨ। ਇਨ੍ਹਾਂ ਦੇ ਲੜਕੇ ਜੈਲ ਸਿੰਘ ਨੇ ਕਹਿਣਾ ਮੈਂ ਇਨ੍ਹਾਂ ਵਾਸਤੇ ਹਮੇਸ਼ਾ ਕੋਈ ਨਾ ਕੋਈ ਚੀਜ਼ ਖਾਣ ਵਾਸਤੇ ਰੱਖਦਾ ਹਾਂ ਜਿਵੇਂ ਸਰਦ ਰੁੱਤੇ ਅਲਸੀ ਦੀਆਂ ਪਿੰਨੀਆਂ। ਗਰਮੀਆਂ ਨੂੰ ਠੰਢੀ ਚੀਜ਼ ਮੂੰਗੀ ਵਗੈਰਾ। ਮਿਲਖਾ ਸਿੰਘ ਦੀ ਖੁਰਾਕ ਚੰਗੀ ਤੇ ਸਿਹਤ ਵੀ ਚੰਗੀ ਸੀ। ਆਪ ਸਾਡੇ ਘਰਾਂ ਵਿਚ ਅਫ਼ਸੋਸ 'ਤੇ ਬੈਠੇ ਸਨ ਉਨ੍ਹਾਂ ਦੱਸਿਆ ਕਿ ਕਾਕਾ ਮੇਰੀ ਉਮਰ ਬਹੁਤ ਹੈ। ਹੁਣ ਗੋਡੇ ਕੰਮ ਨਹੀਂ ਕਰਦੇ ਮੈਂ ਅਜੇ ਵੀ ਕਹੀ ਨਾਲ ਗੁੱਡ ਲੈਂਦਾ ਹਾਂ। ਦੂਰ ਤੋਂ ਬੰਦਾ ਪਛਾਣ ਲੈਂਦਾ ਹਾਂ। ਆਪ 112 ਸਾਲ ਦੀ ਉਮਰ ਭੋਗ ਕੇ (2006) ਪੂਰੇ ਹੋਏ ਹਨ।

ਵੰਸ਼: ਲੜਕੀਆਂ 3, ਲੜਕੇ 3

ਲੜਕੀਆਂ: ਮੀਤੋ, ਸੇਵਾ ਕੌਰ ਅਤੇ ਭਜਨ ਕੌਰ।

* ਮੀਤ ਕੌਰ ਧਰਮ ਪਤਨੀ ਤੇਜਾ ਸਿੰਘ ਤੇ ਵਾਸੀ ਹਰਗੜ੍ਹ ਹੈ। ਮੀਤ ਕੌਰ ਇਕ

ਲੜਕੇ ਸੁਖਦੇਵ ਸਿੰਘ ਨੂੰ ਜਨਮ ਦੇ ਕੇ ਮਰ ਗਈ ਸੀ। ਫਿਰ ਸ. ਮਿਲਖਾ ਸਿੰਘ ਨੇ ਆਪਣੀ ਦੂਜੀ ਲੜਕੀ ਸੇਵਾ ਕੌਰ ਦੀ ਸ਼ਾਦੀ ਤੇਜਾ ਸਿੰਘ ਨਾਲ ਕਰ ਦਿੱਤੀ।

* ਤੀਜੀ ਲੜਕੀ ਭਜਨ ਕੌਰ ਧਰਮ ਪਤਨੀ ਹਰਭਜਨ ਸਿੰਘ ਹੰਦੋਵਾਲ ਨੇੜੇ ਚੱਬੇਵਾਲ ਹੈ।

ਲੜਕੇ: ਸੇਵਾ ਸਿੰਘ, ਸੰਤੋਖ ਸਿੰਘ, ਜੈਲ ਸਿੰਘ

* **1. ਸੇਵਾ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਗੁਰਬਖਸ਼ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਢੰਡੋਰੀ ਨੇੜੇ ਫਗਵਾੜਾ ਹਨ। ਆਪ ਦਾ ਕੱਦ ਲੰਬਾ ਹੈ। ਅੰਮ੍ਰਿਤਪਾਨ ਕੀਤਾ ਹੋਇਆ ਹੈ। ਸੇਵਾ ਸਿੰਘ ਵੀ ਗੁਰਬਾਣੀ ਦੇ ਵਿਆਖਿਆਕਾਰ ਹਨ। ਅੰਮ੍ਰਿਤਧਾਰੀ ਸਿੱਖ ਹਨ। ਆਪ ਆਪਣੇ ਨਾਮ ਨਾਲ ਸੇਵਾ ਸਿੰਘ ਦੁਖੀਆ ਕਰਕੇ ਲਿਖਦੇ ਹਨ। ਆਪ ਦਸਵੀਂ ਪਾਸ ਹਨ। ਆਪ ਨੇ ਸੁੰਦਰ ਨਗਰ ਡੈਮ 'ਤੇ ਨੌਕਰੀ ਕੀਤੀ। ਆਪ ਨੇ 1966-67 ਈ: ਵਿਚ ਰਾਜਦੂਤ ਮੋਟਰਸਾਈਕਲ ਲਿਆ ਸੀ। ਪਿੰਡ ਵਿਚ ਕਿਸੇ ਦੇ ਕੋਲ ਉਸ ਸਮੇਂ ਮੋਟਰਸਾਈਕਲ ਨਹੀਂ ਸੀ। ਸੇਵਾ ਸਿੰਘ ਪਿੰਡ ਦੇ ਚੜ੍ਹਦੇ ਪਾਸੇ ਆਪਣੀ ਜ਼ਮੀਨ ਵਿਚ ਪੱਕੇ ਮਕਾਨ ਬਣਾਏ। ਜੂਨ 1970 ਈ: ਵਿਚ ਬਣੇ ਮਕਾਨਾਂ ਅੱਗੇ ਬਰਾਂਡਾ ਬਣਾਇਆ ਸੀ। ਆਪ ਨੇ ਜ਼ਿੰਦਗੀ ਵਿਚ ਕਈ ਉਤਰਾਅ-ਚੜ੍ਹਾਅ ਦੇਖੇ ਹਨ। ਹੁਣ ਆਪ ਅਮਰੀਕਾ ਵਿਚ ਇਕ ਪ੍ਰਚਾਰਕ ਦੇ ਤੌਰ 'ਤੇ ਰਹਿ ਰਹੇ ਹਨ। ਗੁਰਬਾਣੀ ਦੇ ਚੰਗੇ ਖੋਜਕਾਰ ਹਨ। ਆਪ ਇਕ ਦੋ ਵਾਰ ਪਿੰਡ ਆ ਕੇ ਰਹਿ ਗਏ ਹਨ।

ਵੰਸ਼: ਇਕ ਲੜਕੀ, ਤਿੰਨ ਲੜਕੇ।

* **ਲੜਕੀ: ਬਾਵੋ**:- ਬਾਵੋ ਦੀ ਸ਼ਾਦੀ ਮਿਤੀ 26-10-1986 ਨੂੰ ਗੁਰਦੀਪ ਸਿੰਘ ਵਾਸੀ ਜੰਡੂ ਸਿੰਘਾ ਨਾਲ ਹੋਈ ਹੈ।

ਲੜਕੇ:- ਮੱਖਣ ਸਿੰਘ, ਸੁਖਵਿੰਦਰ ਸਿੰਘ, ਦਵਿੰਦਰ ਸਿੰਘ

* **ਮੱਖਣ ਸਿੰਘ**:- ਜਦੋਂ ਮੱਖਣ ਸਿੰਘ ਦਾ ਜਨਮ ਹੋਇਆ ਤਾਂ ਅਸੀਂ ਛੋਟੇ-ਛੋਟੇ ਸੀ। ਪਰਿਵਾਰ ਨੇ ਸਾਰੇ ਲੜਕੇ-ਲੜਕੀਆਂ ਨੂੰ ਲੱਡੂ ਵੰਡੇ। ਭਰ ਜਵਾਨੀ ਵਿਚ ਆਪ ਦਾ ਕੱਦ 6 ਫੁੱਟ ਤੋਂ ਵੀ ਜ਼ਿਆਦਾ ਹੈ। ਆਪ ਦੇ ਹੱਥਾਂ ਤੇ ਪੈਰਾਂ ਦੀਆਂ ਛੇ-ਛੇ ਉਂਗਲਾਂ ਹਨ। ਆਪ ਜਦੋਂ ਕਦੇ ਘਰੋਂ ਬਾਹਰ ਸਾਈਕਲ 'ਤੇ ਜਾਂਦੇ ਤਾਂ ਮੋਢੇ 'ਤੇ ਪੀਲਾ ਸਾਫਾ ਰੱਖਦੇ ਹਨ।

* **2 ਸੁਖਵਿੰਦਰ ਸਿੰਘ**:- ਆਪ ਨੂੰ ਪਿੰਡ ਵਿਚ ਕਾਕਾ ਕਹਿ ਕੇ ਸੱਦਦੇਹਨ। ਸੁਖਵਿੰਦਰ ਸਿੰਘ ਦੀ ਸ਼ਾਦੀ ਮਿਤੀ 28-3-1990 ਨੂੰ ਜਸਵਿੰਦਰ ਕੌਰ ਨਾਲ ਹੋਈ ਹੈ। ਸੁਖਵਿੰਦਰ ਸਿੰਘ ਆਪਣਾ ਖੇਤੀਬਾੜੀ ਦਾ ਕੰਮ ਕਰਦਾ ਹੈ। ਹਿੱਸੇ ਵਾਲੀ ਜ਼ਮੀਨ ਵਿਚ ਟਿਊਬਵੈੱਲ ਲੱਗਾ ਹੋਇਆ। ਫ਼ਸਲ ਕੱਟਣ ਵਾਸਤੇ ਆਪਣੀ ਕੰਬਾਈਨ ਵੀ ਹੈ। ਸ਼ੌਕੀਆ ਤੌਰ ਤੇ ਘੋੜੀ ਵੀ ਰੱਖੀ ਹੋਈ ਹੈ। ਆਪ 2008 ਵਿਚ ਪਿੰਡ ਦੀ ਬਣੀ ਪੰਚਾਇਤ ਵਿਚ ਪਿੰਡ ਦੇ ਪੰਚ ਰਹੇ। ਇਨ੍ਹਾਂ ਦਾ ਵੀ ਹੱਸਮੁਖ ਸੁਭਾਅ ਹੈ।

ਵੰਸ਼: ਆਪ ਦੀਆਂ ਦੋ ਲੜਕੀਆਂ ਤੇ ਇਕ ਲੜਕਾ ਹੈ।

ਲੜਕੀਆਂ: ਕਮਲਪ੍ਰੀਤ ਕੌਰ ਅਤੇ ਗੁਰਵਿੰਦਰ ਕੌਰ ਹਨ। ਦੋਵੇਂ ਲੜਕੀਆਂ ਸੰਤ ਬਾਬਾ ਭਾਗ ਸਿੰਘ ਕਾਲਜ ਵਿਖੇ ਪੜ੍ਹ ਰਹੀਆਂ ਹਨ।

* **ਲੜਕਾ**: ਅਜ਼ਾਦ ਸਿੰਘ ਨੇ ਦਸਵੀਂ ਪਾਸ ਕੀਤੀ ਹੈ। ਸਰੀਰਕ ਬਣਤਰ ਖਿਡਾਰੀਆਂ ਵਾਲੀ ਹੈ। ਆਪਣੇ ਪਿਤਾ ਨਾਲ ਖੇਤੀਬਾੜੀ ਦਾ ਕੰਮ ਕਰ ਰਿਹਾ ਹੈ।

* **ਸ਼ਾਦੀ**:- ਅਜ਼ਾਦ ਦੇ ਦਾਦਾ ਸ. ਸੇਵਾ ਸਿੰਘ ਮਾਰਚ 2014 ਵਿਚ ਅਮਰੀਕਾ ਤੋਂ ਛੁੱਟੀ ਆਏ ਸਨ ਉਨ੍ਹਾਂ ਅਜ਼ਾਦ ਸਿੰਘ ਦੀ ਸ਼ਾਦੀ ਮਿਤੀ 23-03-2014 ਨੂੰ ਸਵਰਨ ਪੈਲੇਸ ਹੁਸ਼ਿਆਰਪੁਰ ਵਿਖੇ ਕੀਤੀ ਹੈ।

* **2. ਸੰਤੋਖ ਸਿੰਘ**:- ਸੰਤੋਖ ਸਿੰਘ ਨੇ ਦਸਵੀਂ ਪਾਸ ਕੀਤੀ ਹੈ। ਆਪ ਦੀ ਧਰਮ ਪਤਨੀ ਦਾ ਨਾਮ ਕਿਰਪਾਲ ਕੌਰ ਹੈ ਤੇ ਪੇਕੇ ਡੁਮੇਲੀ ਹਨ। ਸੰਤੋਖ ਸਿੰਘ ਨੂੰ ਮਿਤੀ 29-6-1965 ਨੂੰ ਸਿੰਚਾਈ ਵਿਭਾਗ ਵਿਚ ਨੌਕਰੀ ਮਿਲ ਗਈ। ਪਹਿਲਾਂ ਆਪ ਨੇ ਸੁੰਦਰ ਨਗਰ ਡੈਮ 'ਤੇ ਨੌਕਰੀ ਕੀਤੀ ਹੈ ਫਿਰ ਆਪ ਬਦਲ ਕੇ ਜ਼ਿਲ੍ਹਾ ਹੈੱਡਕੁਆਟਰ ਹੁਸ਼ਿਆਰਪੁਰ ਵਿਖੇ ਆ ਗਏ। ਆਪ ਤਰੱਕੀ ਕਰਦੇ ਹੋਏ ਬਤੌਰ ਸੁਪਰਡੈਂਟ ਮਿਤੀ 31-5-2002 ਨੂੰ ਸੇਵਾਮੁਕਤ ਹੋਏ।

ਬਤੌਰ ਮੁਲਾਜ਼ਮ ਹੁੰਦੇ ਹੋਏ ਆਪ ਨੇ ਮੁਲਾਜ਼ਮ ਜਥੇਬੰਦੀ ਵਿਚ ਵੀ ਕੰਮ ਕੀਤਾ ਹੈ। ਜ਼ਿਲ੍ਹਾ ਸਿੱਖਿਆ ਦਫ਼ਤਰ ਹੁਸ਼ਿਆਰਪੁਰ ਦੇ ਸੁਪਰਡੈਂਟ ਮੋਹਨ ਸਿੰਘ ਮਰਵਾਹਾ ਨਾਲ ਮੈਂ ਇਨ੍ਹਾਂ ਨੂੰ ਕਈ ਵਾਰ ਵਿਚਾਰ-ਵਟਾਂਦਰਾ ਕਰਦੇ ਵੀ ਦੇਖਿਆ ਹੈ। ਆਪਣੇ ਭਾਈ ਜੈਲ ਸਿੰਘ ਨਾਲ ਜਵਾਨੀ ਵੇਲੇ ਕੀਰਤਨ ਵੀ ਕਰਦੇ ਸਨ। ਉਹ ਹਰਮੋਨੀਅਮ ਵਜਾ ਲੈਂਦੇ ਹਨ। ਕਈ ਵਾਰ ਆਪਣੀ ਦਲੀਲ ਨਾਲ ਜਨਤਕ ਇਕੱਠ ਵਿਚ ਦੂਜਿਆਂ ਦੀ ਗੱਲ ਕੱਟ ਜਾਂਦੇ ਹਨ, ਜਿਵੇਂ ਮਈ 2008 ਵਿਚ ਗੁਰਦੁਆਰਾ ਸਾਹਿਬ ਵਿਖੇ ਪਿੰਡ ਦਾ ਜਨਰਲ ਇਜਲਾਸ ਹੋਇਆ। ਇਸ ਇਕੱਠ ਵਿਚ ਪਿੰਡ ਦੀ ਲੇਡੀ ਸਰਪੰਚ ਦਾ ਫੈਸਲਾ ਕੀਤਾ ਜਾਣਾ ਸੀ। ਮਹਿੰਦਰ ਸਿੰਘ ਸਰਪੰਚ ਲੰਬੜਦਾਰ ਗੁਲਜਾਰ ਸਿੰਘ ਤੇ ਹੋਰ ਦੋ ਤਿੰਨ ਮੋਹਤਵਰਾਂ ਨਾਲ ਸਲਾਹ ਮਸ਼ਵਰਾ ਕਰਕੇ ਰਾਜਪਾਲ ਸ਼ਰਮਾ ਦੀ ਧਰਮ ਪਤਨੀ ਕਮਲੇਸ਼ ਰਾਣੀ ਨੂੰ ਸਰਪੰਚ ਬਣਾਉਣ ਦਾ ਨਾਮ ਪਰਪੋਜ਼ ਕੀਤਾ। ਸੰਤੋਖ ਸਿੰਘ ਨੇ ਖੜ੍ਹੇ ਹੋ ਕੇ ਕਿਹਾ, "ਤੁਹਾਨੂੰ ਆਦਮੀਆਂ ਨੂੰ ਪਿੰਡ ਦੀ ਲੇਡੀ ਸਰਪੰਚ ਚੁਨਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਦਾ ਫੈਸਲਾ ਪਿੰਡ ਦੀਆਂ ਲੇਡੀਜ਼ ਨੇ ਹੀ ਕਰਨਾ ਹੈ।" ਇਹ ਗੱਲ ਸਾਰਿਆਂ ਨੂੰ ਟੁੰਬ ਗਈ। ਇਸ ਪ੍ਰਕਾਰ ਦੀਆਂ ਕਈ ਅਨੇਕਾਂ ਮਿਸਾਲਾਂ ਹਨ। ਆਮ ਵਿਅਕਤੀ ਗੱਲ ਕਰਨ ਤੋਂ ਡਰਦਾ ਹੈ। ਇਹ ਜ਼ਰੂਰੀ ਨਹੀਂ ਤੁਹਾਡੀ ਗੱਲ ਮੰਨੀ ਜਾਵੇ ਪਰ ਦਲੀਲ ਦੇਣ ਵਿਚ ਕੋਈ ਹਰਜ ਨਹੀਂ ਹੈ।

ਸੇਵਾ ਮੁਕਤ ਹੋਣ ਮਗਰੋਂ ਆਪ ਨੇ ਇਕ ਕੋਠੀ ਆਪਣੇ ਰਹਿਣ ਲਈ ਪਿੰਡ ਵਿਚ ਬਣਾਈ ਹੈ। ਇਕ ਕੋਠੀ ਆਪਣੀ ਜ਼ਮੀਨ ਵਿਚ ਪਿੰਡ ਦੇ ਉੱਤਰ ਦੇ ਪਾਸੇ ਬਣਾਈ ਹੈ। ਪਸ਼ੂਆਂ ਦੀ ਸਾਂਭ ਸੰਭਾਲ ਲਈ ਵੱਖਰੀ ਹਵੇਲੀ ਖੇਤਾਂ ਵਿਚ ਹੈ। ਖੇਤੀ ਲਈ ਟਰੈਕਟਰ, ਖੇਤੀ ਨਾਲ ਸਬੰਧਤ ਸਾਰੇ ਸੰਦ ਆਪਣੇ ਖਰੀਦੇ ਹੋਏ ਹਨ। ਸਿੰਚਾਈ ਲਈ ਪਾਣੀ ਦਾ

ਪ੍ਰਬੰਧ ਹੈ।

ਯਾਦਗਾਰੀ ਗੇਟ:- ਸ. ਸੰਤੋਖ ਸਿੰਘ ਨੇ ਆਪਣੇ ਖੇਤਾਂ ਦੇ ਨਾਲ ਆਪਣੇ ਮਾਤਾ ਪਿਤਾ ਦੀ ਯਾਦ ਵਿਚ ਪਿੰਡ ਦੇ ਉੱਤਰ ਦੇ ਪਾਸੇ ਇਕ ਯਾਦਗਾਰੀ ਗੇਟ ਬਣਾਇਆ ਹੈ ਜਿਸ ਨੂੰ ਪਿੰਡ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ। ਗੇਟ ਦੇ ਦੋਹਾਂ ਪਾਸਿਆਂ 'ਤੇ ਸ. ਮਿਲਖਾ ਸਿੰਘ ਤੇ ਮਾਤਾ ਕਰਤਾਰ ਕੌਰ ਦੀਆਂ ਤਸਵੀਰਾਂ ਲਗਾਈਆਂ ਹੋਈਆਂ ਹਨ। ਸਾਡੇ ਪਿੰਡ ਦੇ ਬਹੁਤ ਸਾਰੇ ਲੋਕ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਰਹਿੰਦੇ ਹਨ ਪਰ ਗੇਟ ਵਾਲਾ ਕੰਮ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ ਹੈ। ਵਾਕਿਆ ਹੀ ਗੇਟ ਪਿੰਡ ਦੀ ਖਾਸ ਪਹਿਚਾਣ ਬਣ ਗਿਆ ਹੈ।

ਆਪ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਹਨ, ਜਿੱਥੇ ਆਪ ਬਾਬਾ ਸਤਪਾਲ ਸਿੰਘ ਸਾਹਰੀ ਦੇ ਗੁਰੂ ਘਰ ਵਿਖੇ ਜਾਂਦੇ ਹਨ, ਉਥੇ ਆਪ ਡੇਰਾ ਬਾਬਾ ਜੈਮਲ ਸਿੰਘ ਬਿਆਸ ਵੀ ਜਾਂਦੇ ਹਨ। ਆਪ ਧਰਮ ਦੀ ਸੰਕੀਰਨਤਾ ਵਿਚ ਵਿਸ਼ਵਾਸ ਨਹੀਂ ਕਰਦੇ ਹਨ। ਅਗਾਂਹਵਧੂ ਸੋਚ ਦੇ ਮਾਲਕ ਹਨ।

ਵੰਸ਼: ਆਪ ਦੀਆਂ ਤਿੰਨ ਬੇਟੀਆਂ ਤੇ ਇਕ ਬੇਟਾ ਹੈ।

*** ਲੜਕੀਆਂ**

1. ਪਰਮਜੀਤ ਕੌਰ ਦੀ ਸ਼ਾਦੀ ਅਮਰਪਾਲ ਸਿੰਘ ਵਾਸੀ ਰਾਜੋਵਾਲ ਨਾਲ ਹੋਈ। ਪਰਮਜੀਤ ਕੌਰ ਸਿਹਤ ਵਿਭਾਗ ਵਿਚ ਨੌਕਰੀ ਕਰਦੀ ਹੈ।

2. ਚਰਨਜੀਤ ਕੌਰ ਦੇ ਪਤੀ ਦਾ ਨਾਮ ਪਰਮਜੀਤ ਸਿੰਘ ਵਾਸੀ ਪੁਰ ਹੀਰਾਂ ਹੁਸ਼ਿਆਰਪੁਰ ਹੈ।

3. ਸਰਬਜੀਤ ਕੌਰ ਦੇ ਪਤੀ ਦਾ ਨਾਮ ਗੁਰਦੀਪ ਸਿੰਘ ਵਾਸੀ ਰਾਜੋਵਾਲ ਹੈ। ਸਰਬਜੀਤ ਕੌਰ ਨੇ 10+2 ਪਾਸ ਕਰਨ ਉਪਰੰਤ ਸਟੈਨੋਗ੍ਰਾਫੀ ਦਾ ਕੋਰਸ ਕਰਨ ਉਪਰੰਤ ਪੰਡਿਤ ਜਗਤ ਰਾਮ ਪੌਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿਖੇ ਬਤੌਰ ਸਟੈਨੋਗ੍ਰਾਫਰ ਨੌਕਰੀ ਕਰ ਰਹੀ ਹੈ। ਆਪ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਤੇਜ਼ ਬੁੱਧੀ ਦੀ ਮਾਲਕ ਹੈ।

*** ਲੜਕਾ**: ਉਂਕਾਰ ਸਿੰਘ- ਆਪ ਦੀ ਧਰਮ ਪਤਨੀ ਦਾ ਨਾਮ ਰਵਿੰਦਰ ਕੌਰ ਜਿਸ ਦੇ ਪੇਕੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਜਹੂਰਾ ਵਿਖੇ ਹਨ। ਉਂਕਾਰ ਸਿੰਘ ਨੇ 10+2 ਪਾਸ ਕੀਤੀ ਹੈ। ਉਸ ਦਾ ਕੱਦ ਆਪਣੇ ਪਿਤਾ ਸੰਤੋਖ ਸਿੰਘ ਤੋਂ ਲੰਮਾ ਹੈ। ਉਂਕਾਰ ਸਿੰਘ ਪਿਛਲੇ 8-9 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਆਪ ਦੇ ਮਾਤਾ ਪਿਤਾ ਵੀ ਇਕ ਵਾਰ ਅਮਰੀਕਾ ਜਾ ਚੁੱਕੇ ਹਨ।

ਵੰਸ਼: ਲੜਕਾ-ਕੁਲਦੀਪ ਸਿੰਘ ਅਤੇ ਲੜਕੀ-ਹਰਲੀਨ ਕੌਰ ਹੈ।

3 *** ਜੈਲ ਸਿੰਘ**:- ਸ. ਮਿਲਖਾ ਸਿੰਘ ਦੀ ਸਭ ਤੋਂ ਛੋਟੀ ਸੰਤਾਨ ਜੈਲ ਸਿੰਘ ਹੈ। ਆਪ ਦੀ ਧਰਮ ਪਤਨੀ ਦਾ ਨਾਮ ਸੁਰਿੰਦਰ ਕੌਰ ਜਿਸ ਦੇ ਪੇਕੇ ਮਾਹਿਲਪੁਰ ਹੁਸ਼ਿਆਰਪੁਰ ਹਨ। ਆਪ ਦਾ ਜਨਮ 01-4-1946 ਦਾ ਹੈ। ਹੁਣ ਆਪ 70ਵੇਂ ਸਾਲ ਵਿਚ ਹਨ।

ਜੈਲ ਸਿੰਘ ਨੇ ਪਹਿਲਾਂ ਆਈ.ਟੀ.ਆਈ. ਹੁਸ਼ਿਆਰਪੁਰ ਵਿਖੇ ਨੌਕਰੀ ਕੀਤੀ ਵਾਟਰ ਸਪਲਾਈ ਵਿਚ ਫਿਰ ਆਪ ਦੀ ਬਦਲੀ ਪੰਡੋਰੀ ਬੀਬੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋ ਗਈ। ਇਸੇ ਪਿੰਡ ਵਿਚ ਸਰਕਾਰੀ ਟਿਊਬਵੈੱਲ ਲੱਗਾ ਜਿਸ ਦਾ ਪਾਣੀ ਆਸ ਪਾਸ ਦੇ ਪਿੰਡਾਂ ਨੂੰ ਪੀਣ ਵਾਸਤੇ ਦਿੱਤਾ ਜਾ ਰਿਹਾ ਹੈ। ਆਪ ਮੈਨੂੰ ਇਸ ਸਥਾਨ 'ਤੇ ਮਿਲਦੇ ਰਹਿੰਦੇ ਸਨ। ਇਥੋਂ ਹੀ ਆਪ 1-4-2004 ਵਿਚ ਸੇਵਾਮੁਕਤ ਹੋਏ। ਦੋਹਾਂ ਮੀਆਂ ਬੀਬੀ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਪਿੰਡ ਦੇ ਗੁਰੂ ਘਰ ਵਿਖੇ ਦਿਨ ਵਾਰ 'ਤੇ ਕੀਰਤਨ ਕਰਦੇ ਹਨ। ਇਨ੍ਹਾਂ ਮੈਨੂੰ ਦੱਸਿਆ ਕਿ ਸਾਡੇ ਪਿਤਾ ਜੀ ਦੀ ਲੜਾਈ ਪਿੰਡ ਜੱਜੇ (ਫਗਵਾੜਾ) ਦੇ ਕੋਲ ਬਦਮਾਸ਼ਾਂ ਨਾਲ ਹੋਈ ਸੀ।

ਸੇਵਾ ਮੁਕਤ ਹੋਣ ਮਗਰੋਂ ਆਪ ਖੇਤੀਬਾੜੀ ਕਰਦੇ ਹਨ। ਆਪ ਦੀ ਰਿਹਾਇਸ਼ ਆਪ ਦੀ ਜ਼ਮੀਨ ਵਿਚ ਹੈ। ਇਸ ਜ਼ਮੀਨ ਵਿਚ ਕਿਸੇ ਸਮੇਂ ਹਲਟ ਚੱਲਦਾ ਸੀ, ਜੋ ਦੋ ਘਰਾਂ ਦਾ ਸਾਂਝਾ ਸੀ।

*** ਮਾਤਾ ਪਿਤਾ ਦੀ ਸੇਵਾ:-** ਆਪ ਦੇ ਮਾਤਾ ਪਿਤਾ ਆਪ ਦੇ ਨਾਲ ਰਹਿੰਦੇ ਸਨ। ਇਹ ਪਿਛਲੇ ਸਮੇਂ ਤੋਂ ਹੀ ਚਲਿਆ ਆ ਰਿਹਾ ਹੈ ਕਿ ਮਾਤਾ-ਪਿਤਾ ਆਪਣੇ ਛੋਟੇ ਲੜਕੇ ਨਾਲ ਰਹਿੰਦੇ ਹਨ ਜਾਂ ਜਿਸ ਨਾਲ ਉਨ੍ਹਾਂ ਦਾ ਦਿਲ ਮਿਲਦਾ ਹੋਵੇ। ਜੈਲ ਸਿੰਘ ਨੇ ਕਈ ਵਾਰ ਦੱਸਣਾ ਕਿ ਮੈਂ ਆਪਣੇ ਮਾਤਾ ਪਿਤਾ ਲਈ ਰੁੱਤ ਅਨੁਸਾਰ ਕੋਈ ਨਾ ਕੋਈ ਖਾਣ ਵਾਲੀ ਚੀਜ਼ ਘਰ ਵਿਚ ਬਣਾ ਕੇ ਰੱਖਦਾ ਹਾਂ। ਆਮ ਕਰਕੇ ਸਿਆਲ ਰੁੱਤੇ ਅਲਸੀ ਦੀਆਂ ਪਿੰਨੀਆਂ ਪਾਈਆਂ ਜਾਂਦੀਆਂ ਹਨ। ਮਾਤਾ ਪਿਤਾ ਨੇ ਵੀ ਕਦੇ ਆਪਣੇ ਪੁੱਤਰਾਂ ਦੀ ਬੁਰਾਈ ਨਹੀਂ ਕੀਤੀ ਹੈ। ਮਾਤਾ ਕਰਤਾਰ ਕੌਰ ਸਾਡੇ ਘਰਾਂ ਵਿਚ ਆਮ ਕਰਕੇ ਆਉਂਦੀ ਜਾਂਦੀ ਸੀ। ਜੈਲ ਸਿੰਘ ਕਈ ਵਾਰ ਕੋਈ ਨਾ ਕੋਈ ਫਾਰਮ ਭਰਵਾਉਣ ਲਈ ਮੇਰੇ ਕੋਲ ਆਉਂਦਾ ਰਹਿੰਦਾ ਸੀ।

*** ਵੰਸ਼:** ਆਪ ਦੇ ਵੰਸ਼ ਵਿਚ ਚਾਰ ਲੜਕੀਆਂ ਹਨ।

ਨਿੰਦਰ ਕੌਰ, ਬਿੰਦੂ, ਗੁਰਪ੍ਰੀਤ ਕੌਰ ਤੇ ਰਾਜਵਿੰਦਰ ਕੌਰ

*** ਵਿਆਹ:-** ਨਿੰਦਰ ਕੌਰ ਤੇ ਬਿੰਦੂ ਦੋਹਾਂ ਦਾ ਵਿਆਹ ਮਿਤੀ 16-4-1997 ਨੂੰ ਹੋਇਆ। ਜਨੇਤਾਂ ਦਾ ਉਤਾਰਾ ਸ. ਪ੍ਰਮਾਇਰੀ ਸਕੂਲ ਗਗਨੌਲੀ ਵਿਖੇ ਸੀ। ਵੱਡੀ ਲੜਕੀ ਢਡਿਆਲਾ ਟਾਂਡੇ ਕੋਲ ਦੂਜੀ ਲੜਕੀ ਸੈਲਾ ਹੁਸ਼ਿਆਰਪੁਰ ਵਿਖੇ ਹੈ। ਜਨੇਤ ਵਿਚ ਗਾਉਣ ਵਾਸਤੇ ਕਲਾਕਾਰ ਵੀ ਸੱਦਿਆ ਹੋਇਆ ਸੀ।

*** 3. ਉਜਾਗਰ ਸਿੰਘ:-** ਆਪ ਆਪਣੇ ਪਿਤਾ ਮੰਗੂ ਰਾਮ ਦੀ ਸਭ ਤੋਂ ਛੋਟੀ ਸੰਤਾਨ ਹਨ। ਉਜਾਗਰ ਸਿੰਘ ਦੀ ਧਰਮ ਪਤਨੀ ਦਾ ਨਾਮ ਨਿਰੰਜਨ ਕੌਰ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਲਾ ਬੱਕਰਾ ਹਨ। ਰੇਲਵੇ ਸਟੇਸ਼ਨ ਕਾਲਾ ਬੱਕਰਾ ਮਸ਼ਹੂਰ ਹੈ। ਮਾਤਾ ਨਿਰੰਜਨ ਕੌਰ ਨੇ ਦੱਸਿਆ ਕਿ ਮੈਂ ਆਪਣੇ ਪਿਤਾ ਦੀ ਇਕਲੌਤੀ ਧੀ ਹਾਂ। ਮੇਰੇ ਪਿਤਾ ਜੀ ਦੀ ਜ਼ਮੀਨ ਬਹੁਤ ਸੀ, ਜਿਸ ਵਿਚ ਖੂਹ ਲੱਗਾ ਹੋਇਆ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਸਾਡੀ ਮਸ਼ਹੂਰੀ ਪਿੰਡ ਵਿਚ ਲਹਿਰੀ ਦਾ ਖੂਹ ਕਰਕੇ ਹੈ। ਫਰਵਰੀ 2008

ਵਿਚ ਮੈਂ ਕਾਲੇ ਬੱਕਰੇ ਗਿਆ ਤਾਂ ਕਿਸੇ ਨੂੰ ਇਸ ਪਰਿਵਾਰ ਬਾਰੇ ਪੁੱਛਿਆ ਤੇ ਉਨ੍ਹਾਂ ਦੱਸਿਆ ਕਿ ਇਹ ਸਾਰੀ ਜ਼ਮੀਨ ਉਨ੍ਹਾਂ ਦੀ ਸੀ। ਘਰ ਦੀ ਬਹੁਤ ਚੜ੍ਹਤ ਸੀ। ਮਾਤਾ ਨਿਰੰਜਨ ਕੌਰ ਦਾ ਪਿਤਾ ਇਸ ਨੂੰ ਮਿਲਣ ਆ ਰਿਹਾ ਸੀ। ਪਿੰਡ ਦੇ ਬਸੀਮੇ ਤੇ ਉਸ ਨੇ ਨਲਕੇ ਤੋਂ ਪਾਣੀ ਪੀਤਾ ਤੇ ਥੋੜ੍ਹੀ ਦੇਰ ਬਾਅਦ ਉਸ ਦੀ ਮੌਤ ਹੋ ਗਈ। ਪਿੰਡ ਵਿਚ ਖ਼ਬਰ ਫੈਲ ਗਈ ਕਿ ਚਾਚੀ ਨੰਜੋ ਦਾ ਬਾਪੂ ਪੂਰਾ ਹੋ ਗਿਆ ਹੈ। ਮਾਤਾ ਨਿਰੰਜਨ ਕੌਰ ਨੇ ਕਬੀਲਦਾਰੀ ਨੂੰ ਪੂਰੀ ਤਨਦੇਹੀ ਨਾਲ ਸੰਭਾਲਿਆ ਹੈ। ਪਹਿਲਾਂ ਪਹਿਲ ਸਾਰੇ ਘਰਾਂ ਵਿਚ ਜੀਵਨ ਨਿਰਵਾਹ ਖੇਤੀ ਹੁੰਦੀ ਸੀ। ਹਾੜ੍ਹੀ ਸਾਉਣੀ ਅਨਾਜ਼ ਵੇਚ ਦੇਣਾ, ਗੁੜ ਵੇਚ ਲੈਣਾ ਜਾਂ ਦੁੱਧ ਵਗੈਰਾ ਦੋਧੀ ਨੂੰ ਪਾ ਦੇਣਾ। ਇਸ ਪ੍ਰਕਾਰ ਹੀ ਗੁਜ਼ਾਰਾ ਹੁੰਦਾ ਸੀ। ਆਪ ਦੇ ਪਤੀ ਉਜਾਗਰ ਸਿੰਘ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਖੇਤੀਬਾੜੀ ਦਾ ਸਾਰਾ ਕੰਮ ਇਨ੍ਹਾਂ ਦਾ ਵੱਡਾ ਭਾਈ ਦਾਸ ਰਾਮ ਤੇ ਵੱਡਾ ਲੜਕਾ ਮਲਕੀਤ ਸਿੰਘ ਕਰਦੇ ਸਨ। ਮਲਕੀਤ ਸਿੰਘ ਨੇ ਕਲਕੱਤਾ ਵਿਖੇ ਵੀ ਥੋੜ੍ਹਾ ਸਮਾਂ ਕੰਮ ਕੀਤਾ ਹੈ। ਮੈਨੂੰ ਉਜਾਗਰ ਸਿੰਘ ਦੇ ਨਾਲ ਦੋ ਚਾਰ ਵਾਰ ਕੰਮ ਕਰਨ ਦਾ ਮੌਕਾ ਮਿਲਿਆ। ਆਪ ਨੇ ਹਾੜ੍ਹੂ ਆਲੂ ਲਾਏ ਹੋਏ ਸਨ। ਇਕ ਵਪਾਰੀ ਸਾਈ ਦੇ ਕੇ ਮੁੱਕਰ ਗਿਆ। ਮੈਂ ਵੀ ਆਲੂਆਂ ਦੀ ਡੇਅਰੀ ਕੋਲ ਖੜ੍ਹਾ ਸੀ ਵਪਾਰੀ ਨੇ ਆਪਣੇ ਸਾਈ ਦੇ ਪੈਸੇ ਮੰਗੇ ਉਜਾਗਰ ਸਿੰਘ ਨੇ ਜਵਾਬ ਦਿੱਤਾ ਇਹ ਸਬਜ਼ੀ ਹੈ। ਇਸ ਦੀ ਸਾਈ ਵਾਪਸ ਨਹੀਂ ਹੋਵੇਗੀ। ਸ. ਉਜਾਗਰ ਸਿੰਘ ਆਪਣੀ ਸੰਸਾਰਿਕ ਯਾਤਰਾ ਕਰਦੇ ਹੋਏ ਮਿਤੀ 25-1-1972 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ। ਆਪ ਦਾ ਸਸਕਾਰ 26-1-1972 ਨੂੰ ਕੀਤਾ ਗਿਆ। ਉਜਾਗਰ ਸਿੰਘ ਨੇ ਆਪਣੇ ਜਿਊਂਦੇ ਜੀਅ ਵੱਡਾ ਲੜਕਾ ਮਲਕੀਤ ਸਿੰਘ ਤੇ ਇਕ ਵੱਡੀ ਲੜਕੀ ਕੇਬੋ ਦੀ ਸ਼ਾਦੀ ਕੀਤੀ ਸੀ ਬਾਕੀ ਕਬੀਲਦਾਰੀ ਨਿਰੰਜਨ ਕੌਰ ਨੇ ਮਗਰੋਂ ਸੋਧੀ ਹੈ।

* ਆਪਣੇ ਪਤੀ ਉਜਾਗਰ ਸਿੰਘ ਦੇ ਤੁਰ ਜਾਣ ਮਗਰੋਂ ਪਰਿਵਾਰ ਦੀ ਜ਼ਿੰਮੇਵਾਰੀ ਮਾਤਾ ਨਿਰੰਜਨ ਕੌਰ ਦੇ ਸਿਰ ਆ ਗਈ। ਮਾਤਾ ਨੇ ਬਹੁਤ ਕਿਰਸ ਦੇ ਨਾਲ ਇਸ ਕਬੀਲਦਾਰ ਨੂੰ ਸੰਭਾਲੀ ਰੱਖਿਆ। ਸਾਡੇ ਚਾਰ ਘਰਾਂ ਦੀਆਂ ਪਿੱਠਾਂ ਆਪ ਦੇ ਮਕਾਨਾਂ ਨਾਲ ਲਗਦੀਆਂ ਸਨ। ਇਸ ਦੀ ਬਾਹੀ ਨਾਲ ਤਾਇਆ ਧੰਨਾ ਸਿੰਘ ਦਾ ਬਹੁਤ ਲੰਮਾ ਮਕਾਨ ਸੀ, ਜੇ ਕੋਈ ਖਾਸ ਗੱਲ ਕਰਨੀ ਹੋਵੇ ਤਾਂ ਆਪ ਕੋਠੇ ਚੜ੍ਹ ਕੇ ਕਰ ਲੈਂਦੀ ਸੀ। ਬਹੁਤ ਦੇਰ ਦੀ ਗੱਲ ਹੈ ਕਿ ਮਿਲਖਾ ਸਿੰਘ ਦੀ ਭੈਣ ਰਾਤ ਸਮੇਂ ਸਾਡੀ ਦਾਦੀ ਖੇਮੀ ਦੇਵੀ ਤੇ ਪਿਤਾ ਬਸੰਤ ਸਿੰਘ ਨਾਲ ਗੱਲਾਂ ਕਰ ਰਹੀ ਸੀ। ਮੈਂ ਪੁੱਛਿਆ ਕਿ ਇਹ ਮਾਤਾ ਕੌਣ ਹੈ? ਪਿਤਾ ਜੀ ਨੇ ਦੱਸਿਆ ਕਿ ਇਹ ਮਿਲਖਾ ਸਿੰਘ ਦੀ ਭੈਣ ਭਾਗੋ ਹੈ।

* **ਲੜਕਿਆਂ ਨੂੰ ਬਾਹਰ ਭੇਜਣਾ**:- ਮਾਤਾ ਨਿਰੰਜਨ ਕੌਰ ਨੇ ਇਕ ਇਕ ਕਰਕੇ ਆਪਣੇ ਲੜਕਿਆਂ ਨੂੰ ਅਰਬ ਕੰਟਰੀ ਭੇਜਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਇਸ ਨੇ ਆਪਣੇ ਲੜਕੇ ਕਰਨੈਲ ਸਿੰਘ ਨੂੰ ਬਾਹਰ ਭੇਜਿਆ ਜਦੋਂ ਉਹ ਦੋ ਚਾਰ ਸਾਲ ਲਗਾ ਕੇ ਆਇਆ ਤਾਂ ਉਸ ਦੀ ਸ਼ਾਦੀ ਕਰ ਦਿੱਤੀ ਇਸ ਤੋਂ ਮਗਰੋਂ ਪਾਲ ਸਿੰਘ ਨੂੰ ਬਾਹਰ

ਭੇਜਿਆ ਉਸ ਨੇ ਵੀ ਦੋ ਤਿੰਨ ਸੀਜ਼ਨ ਚੰਗੇ ਲਗਾ ਲਏ। ਫਿਰ ਸਾਰਿਆਂ ਤੋਂ ਛੋਟੇ-ਲੜਕੇ ਅਮਰਜੀਤ ਸਿੰਘ ਨੂੰ ਬਾਹਰ ਭੇਜਿਆ। ਉਹ ਅੱਜ ਤੱਕ ਬਾਹਰ ਹੀ ਹੈ। ਇਸ ਤਰ੍ਹਾਂ ਲੜਕੀਆਂ-ਲੜਕਿਆਂ ਦੀਆਂ ਵਿਆਹ ਸ਼ਾਦੀਆਂ ਕੀਤੀਆਂ। ਪੈਸਿਆਂ ਦਾ ਥੋੜ੍ਹਾ ਬਹੁਤਾ ਲੈਣ-ਦੇਣ ਬੰਤਾ ਸਿੰਘ ਸ਼ਾਹ ਨਾਲ ਚੱਲਦਾ ਸੀ। ਪਿੰਡ ਦੇ ਸਾਰੇ ਲੋਕ ਆਪਣੀ ਗਰਜ਼ ਸ਼ਾਹ ਜੀ ਪਾਸੋਂ ਪੂਰੀ ਕਰ ਲੈਂਦੇ ਸਨ। ਇਸ ਪ੍ਰਕਾਰ ਪਰਿਵਾਰ ਦੀ ਗ੍ਰਹਿਸਤ ਰੂਪੀ ਗੱਡੀ ਅੱਗੇ ਚੱਲਦੀ ਗਈ। ਹਾਲਾਤ ਬਦਲਦੇ ਗਏ।

* **ਆਦਤ ਸੁਭਾਅ**:- ਮਾਤਾ ਨਿਰੰਜਨ ਕੌਰ ਸਵੇਰੇ ਤੇ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੀ ਹੈ। ਇਸ ਦੇ ਨਾਲ ਹੀ ਸਾਰਾ ਪਰਿਵਾਰ ਮੱਥਾ ਟੇਕਦਾ। ਇਸ ਤੋਂ ਇਲਾਵਾ ਪਿੰਡ ਦਾ ਪੂਜਣਯੋਗ ਸਥਾਨ ਪਿੰਡ ਸਾਹਰੀ ਦੇ ਰਸਤੇ ਬਾਬਾ ਰਾਮ ਸਰਨ ਹੈ। ਇਥੇ ਵੀ ਮਾਤਾ ਨੰਗੇ ਪੈਰੀਂ ਹੱਥ ਵਿਚ ਦੁੱਧ ਦਾ ਗਲਾਸ ਫੜ ਕੇ ਮੱਥਾ ਟੇਕਣ ਜਾਂਦੀ ਸੀ। ਮੈਂ ਹਰ ਰੋਜ਼ ਡਿਊਟੀ 'ਤੇ ਜਾਣ ਸਮੇਂ ਬਾਬਾ ਰਾਮ ਸਰਨ ਕੋਲ ਦੀ ਲੰਘਦਾ ਤੇ ਆਪਣਾ ਸਿਰ ਸ਼ਰਧਾ ਨਾਲ ਝੁਕਾਅ ਦਿੰਦਾ। ਜਦੋਂ ਕਦੇ ਪਿੰਡ ਵਿਚ ਖੁਸ਼ੀ ਗ਼ਮੀ ਦੀ ਗੱਲ ਹੁੰਦੀ ਤਾਂ ਪਿੰਡ ਦੀਆਂ ਸੁਆਣੀਆਂ ਆਪ ਦੇ ਪਾਸੋਂ ਸਲਾਹ ਲੈਂਦੀਆਂ ਸਨ। ਮਾਤਾ ਦਿਨ ਵਿਚ ਦੋ ਤਿੰਨ ਵਾਰ ਜ਼ਰੂਰ ਮਿਲ ਪੈਂਦੀ ਸੀ। ਕਦੇ-ਕਦੇ ਆਪ ਹੀ ਘਰ ਆ ਜਾਂਦੀ ਸੀ। ਆਖਣਾ ਕਾਕਾ! ਮੈਂ ਇਸ ਕੰਮ ਆਈ ਹਾਂ। ਫਲਾਣਾ ਆਦਮੀ ਬਹੁਤ ਬਿਮਾਰ ਹੈ ਉਸ ਦੇ ਕੋਲ ਪਾਠ ਕਰ ਦਿਓ, ਜੇ ਆਰਾਮ ਆ ਜਾਵੇ। ਕਿਤੇ-ਕਿਤੇ ਮੈਂ ਚਲਾ ਜਾਂਦਾ ਕਦੇ ਮੈਂ ਆਖ ਦੇਣਾ ਕਿਸੇ ਪਾਠੀ ਸਾਹਿਬ ਨੂੰ ਕਹੋ।

ਸਾਕਾਚਾਰੀ ਦੀ ਸਾਂਝ:- ਸਾਡੇ ਚਾਚਾ ਸ਼ੰਕਰ ਸਿੰਘ ਦਾ ਲੜਕਾ ਬਚਨ ਸਿੰਘ ਕਾਲੇ ਬੱਕਰੇ ਦੇ ਕੋਲ ਪਿੰਡ ਰਾਣੀ ਝੱਠੀ ਵਿਆਹਿਆ ਹੋਇਆ ਹੈ। ਬਚਨ ਸਿੰਘ ਦੀ ਧਰਮ ਪਤਨੀ ਮਾਤਾ ਨੂੰ ਸਤਿਕਾਰ ਨਾਲ ਭੂਆ ਜੀ ਕਰਕੇ ਸਤਿਕਾਰ ਦਿੰਦੀ ਸੀ। ਜ਼ਿੰਦਗੀ ਦੇ ਆਖਰੀ ਪੜਾਅ ਵਿਚ ਆਪ ਦੀ ਸਿਹਤ ਕੁਝ ਠੀਕ ਨਾ ਰਹਿਣ ਲੱਗੀ। ਜੇ ਕਿਤੇ ਮਿਲਣਾ ਤਾਂ ਪੁੱਛਣਾ ਮਾਤਾ ਕੀ ਹਾਲ ਹੈ? ਉਸ ਅੱਗੋਂ ਕਹਿਣਾ ਕਾਕਾ! ਸਿਹਤ ਠੀਕ ਨਹੀਂ ਰਹਿੰਦੀ ਹੈ। ਮਾਤਾ ਨਰਿੰਜਨ ਕੌਰ ਤੇ ਜਿਉਂਦੇ ਜੀਅ ਹੀ ਪਰਿਵਾਰ ਦੀ ਮਾਲੀ ਹਾਲਤ ਠੀਕ ਹੋ ਗਈ ਸੀ। ਪਰਿਵਾਰ ਵਿਚ ਤਿੰਨ ਕੋਠੀਆਂ ਵਧੀਆ ਪੈ ਗਈਆਂ ਸਨ। ਸਾਰੇ ਪੋਤੇ ਬਾਹਰ ਹਨ ਮਾਤਾ, ਪਰਿਵਾਰ ਨੂੰ ਪਾਲਦੀ, ਸੰਭਾਲਦੀ ਹੋਈ ਤੇ ਆਪਣੀ ਸੁਆਸਾਂ ਰੂਪੀ ਪੂੰਜੀ ਨੂੰ ਭੋਗਦੀ ਹੋਈ ਮਿਤੀ 16-9-2001 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੀ।

ਵੰਸ਼: ਲੜਕੀਆਂ- ਕੇਬੋ, ਭੱਪੀ, ਬੰਸੋ

* ਕੇਬੋ ਪਿੰਡ ਹੰਦੋਵਾਲ, ਭੱਪੀ ਸਾਹਰੀ ਤੇ ਬੰਸੋ ਚੱਕ ਨਰਿਆਲ ਵਿਆਹੀ ਹੋਈ ਹੈ।

* **ਲੜਕੇ**: ਮਲਕੀਤ ਸਿੰਘ, ਕਰਨੈਲ ਸਿੰਘ, ਪਾਲ ਸਿੰਘ ਤੇ ਅਮਰਜੀਤ ਸਿੰਘ

1. **ਮਲਕੀਤ ਸਿੰਘ**:- ਮਲਕੀਤ ਸਿੰਘ ਅੱਠ ਜਮਾਤਾਂ ਪਾਸ ਹੈ। ਆਪ ਦੀ ਧਰਮ

ਪਤਨੀ ਦਾ ਨਾਮ ਗੁਰਬਖਸ਼ ਕੌਰ ਹੈ ਤੇ ਪੇਕੇ ਬਸੀ ਹਸਤਖਾਂ ਹੁਸ਼ਿਆਰਪੁਰ ਹਨ। ਵੱਡੇ ਹੋਣ ਦੇ ਨਾਤੇ ਆਪਣੇ ਪਿਤਾ ਦੀ ਮੌਤ ਤੋਂ ਮਗਰੋਂ ਪਰਿਵਾਰ ਨੂੰ ਪਾਲਣ ਵਿਚ ਆਪ ਦਾ ਬਹੁਤ ਯੋਗਦਾਨ ਹੈ। ਖੇਤੀ ਨਾਲ ਕਿਰਤ ਕਰਕੇ ਹੌਲੀ-ਹੌਲੀ ਘਰ ਨੂੰ ਸੰਭਾਲਿਆ ਹੈ।

* **ਗੁਰੂ ਘਰ ਦੇ ਸ਼ਰਧਾਲੂ**:- ਮਲਕੀਤ ਸਿੰਘ ਤੇ ਇਨ੍ਹਾਂ ਦੀ ਧਰਮ ਪਤਨੀ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਮਾਤਾ ਨਿਰੰਜਨ ਕੌਰ ਦੀ ਇਨ੍ਹਾਂ ਬਹੁਤ ਸੇਵਾ ਕੀਤੀ।

ਵੰਸ਼: ਲੜਕੀਆਂ- ਸਤਵਿੰਦਰ ਕੌਰ ਤੇ ਰਣਜੀਤ ਕੌਰ

1. ਸਤਵਿੰਦਰ ਕੌਰ ਦੀ ਸ਼ਾਦੀ 5-12-1996 ਈ: ਨੂੰ ਪੁਰ ਹੀਰਾਂ ਹੁਸ਼ਿਆਰਪੁਰ ਕੀਤੀ ਗਈ। ਪਿੰਡ ਦੀਆਂ ਹੋਰ ਵੀ ਦੋ ਲੜਕੀਆਂ ਪਿੰਡ ਪੁਰ ਹੀਰਾਂ ਵਿਆਹੀਆਂ ਹੋਈਆਂ ਹਨ।

2. ਰਣਜੀਤ ਕੌਰ ਨੇ +2 ਕੀਤੀ ਹੈ। ਇਹ ਮੇਰੇ ਕੋਲੋਂ ਤਿੰਨ ਚਾਰ ਸਾਲ ਪੜ੍ਹਦੀ ਰਹੀ। ਇਸ ਲੜਕੀ ਦੇ ਸਹੁਰੇ ਚੱਕ ਨਰਿਆਲ ਹਨ। ਭੂਆ-ਭਤੀਜੀ ਇਕ ਹੀ ਪਿੰਡ ਵਿਚ ਵਿਆਹੀਆਂ ਹਨ।

ਲੜਕੇ: ਦਲਜੀਤ ਸਿੰਘ, ਕੁਲਵੀਰ ਸਿੰਘ ਅਤੇ ਬਲਜੀਤ ਸਿੰਘ

1. ਦਲਜੀਤ ਸਿੰਘ ਦੀ ਧਰਮ ਪਤਨੀ ਦਾ ਨਾਮ ਮਨਜੀਤ ਕੌਰ ਤੇ ਪੇਕੇ ਸੂਸਾਂ ਨੇੜੇ ਗਰੋਆਂ ਹਨ।

ਵੰਸ਼: ਦੋ ਲੜਕੇ- ਜਸਪ੍ਰੀਤ ਸਿੰਘ, ਦਿਲਰਾਜਪ੍ਰੀਤ ਸਿੰਘ ਹਨ।

* 2. ਦਲਵੀਰ ਸਿੰਘ ਦੀ ਧਰਮ ਪਤਨੀ ਦਾ ਨਾਮ ਸੁਖਜਿੰਦਰ ਕੌਰ ਪੇਕੇ ਈਸ਼ਰਵਾਲ ਨੌਲੀ ਜਲੰਧਰ ਹਨ।

* 3. ਬਲਜੀਤ ਸਿੰਘ ਮਲਕੀਤ ਸਿੰਘ ਦਾ ਛੋਟਾ ਲੜਕਾ ਹੈ। ਅਜੇ ਕੰਵਾਰਾ ਹੈ।

ਨੋਟ: ਮਲਕੀਤ ਸਿੰਘ ਦੇ ਤਿੰਨੋ ਹੀ ਲੜਕੇ ਬਾਹਰ ਹਨ। ਹੁਣ ਪਿੰਡ ਦਾ ਜੱਦੀ ਘਰ ਢਾਹ ਕੇ ਕੋਠੀ ਪਾਈ ਹੈ। ਦੂਜੀ ਕੋਠੀ ਪਿੰਡ ਦੇ ਚੜ੍ਹਦੇ ਪਾਸੇ ਮਹਿੰਦਰ ਸਿੰਘ ਸਰਪੰਚ ਤੋਂ ਥਾਂ ਮੁੱਲ ਲੈ ਕੇ ਤਿੰਨ ਮੰਜ਼ਿਲਾਂ ਕੋਠੀ ਪਾਈ ਹੈ। ਪਿੰਡ ਸਾਹਰੀ ਤੋਂ ਆਉਂਦਿਆਂ ਹੀ ਦਿਸ ਪੈਂਦੀ ਹੈ। ਹੁਣ ਘਰ ਦੇ ਹਾਲਾਤ ਚੰਗੀ ਤਰ੍ਹਾਂ ਬਦਲ ਗਏ। ਪ੍ਰਮਾਤਮਾ ਦੀ ਅਪਾਰ ਕ੍ਰਿਪਾ ਹੈ।

* **2. ਕਰਨੈਲ ਸਿੰਘ**:- ਉਜਾਗਰ ਸਿੰਘ ਦਾ ਦੂਜਾ ਲੜਕਾ ਕਰਨੈਲ ਸਿੰਘ ਹੈ। ਆਪ ਵੀ ਅੱਠ ਜਮਾਤਾਂ ਪਾਸ ਹਨ। ਆਪ ਦੀ ਸ਼ਾਦੀ ਮਿਤੀ 15-11-1978 ਨੂੰ ਦਰਸ਼ਨ ਕੌਰ ਨਾਲ ਹੋਈ ਜਿਸ ਦੇ ਪੇਕੇ ਬਸੀ ਹਸਤਖਾਂ ਹਨ। ਮਲਕੀਤ ਸਿੰਘ ਤੇ ਕਰਨੈਲ ਸਿੰਘ ਇਕ ਹੀ ਘਰ ਵਿਚ ਵਿਆਹੇ ਹੋਏ ਹਨ। ਕਰਨੈਲ ਸਿੰਘ ਪਰਿਵਾਰ ਨਾਲ ਖੇਤੀਬਾੜੀ ਦਾ ਕੰਮ ਵੀ ਕਰਾਉਂਦੇ ਹਨ। ਆਂਪ ਜਲੰਧਰ ਪ੍ਰੈਸ ਵਿਚ ਕੰਮ ਕਰਦੇ ਸਨ। ਨਾਲ ਹੀ ਅੱਡਾ ਨਸਰਾਲਾ ਵਿਖੇ ਦੁੱਧ ਵੀ ਪਾਉਂਦੇ ਸਨ। ਥੋੜ੍ਹਾ ਸਮਾਂ ਆਪ ਨੇ ਹੁਸ਼ਿਆਰਪੁਰ ਸਰਕਾਰੀ ਕਾਲਜ ਦੇ ਕੋਲ ਭੀਮ ਪੱਤਰਕਾ ਪ੍ਰੈਸ ਵਿਚ ਵੀ ਕੰਮ ਕੀਤਾ ਹੈ। ਸੂਬੇਦਾਰ ਹਜਾਰਾ ਸਿੰਘ ਚੱਕ ਰਾਜੂ ਸਿੰਘ ਨੇ ਬਾਬਾ ਇੰਦਰ ਦਾਸ ਦੀ ਕਿਤਾਬ ਇਥੋਂ ਛਪਪਾਈ

ਸੀ। ਇਸ ਕਿਤਾਬ ਵਿਚ ਮੇਰੀ ਇਕ ਕਵਿਤਾ ਸੀ ਉਸ ਸਮੇਂ ਮੈਂ ਆਪ ਨੂੰ ਪ੍ਰੈਸ ਵਿਚ ਵੇਖਿਆ ਸੀ। ਆਪ ਨੇ ਵੀ ਦੋ ਤਿੰਨ ਸੀਜਨ ਬਾਹਰ ਦੇ ਲਾਏ ਹਨ। ਆਪ ਨੇ ਵੀ ਪਿੰਡ ਦੇ ਚੜ੍ਹਦੇ ਪਾਸੇ ਨਵੇਂ ਮਕਾਨ ਬਣਾਏ ਹਨ।

ਵੰਸ਼: ਆਪ ਦੇ ਦੋ ਲੜਕੇ ਹਨ।

1. ਸਤਵਿੰਦਰ ਸਿੰਘ 2. ਜਸਵਿੰਦਰ ਸਿੰਘ

* ਪਾਲ ਸਿੰਘ ਉਜਾਗਰ ਸਿੰਘ ਦਾ ਤੀਜਾ ਲੜਕਾ ਹੈ। ਆਪ ਨੇ ਸ.ਹ. ਸਕੂਲ ਨਸਰਾਲਾ ਤੋਂ ਦਸਵੀਂ ਪਾਸ ਕਰਨ ਉਪਰੰਤ ਦੋ ਸਾਲ ਕਾਲਜ ਵਿਚ ਲਾਏ ਹਨ। ਆਪ ਆਪਣੇ ਖੱਬੇ ਹੱਥ ਨਾਲ ਲਿਖਦੇ ਹਨ। ਪ੍ਰਾਇਮਰੀ ਪੱਧਰ 'ਤੇ ਆਪ ਬਹੁਤ ਹੁਸ਼ਿਆਰਪੁਰ ਸੀ। ਆਪ ਨੇ ਵੀ ਦੋ ਤਿੰਨ ਸੀਜਨ ਵਿਦੇਸ਼ ਦੇ ਲਾਏ ਹਨ। ਪਿੰਡ ਦੇ ਹੀ ਸੁੱਚਾ ਸਿੰਘ ਦਾ ਲੜਕਾ ਨਿਰਮਲ ਸਿੰਘ ਆਪ ਦੇ ਨਾਲ ਹੀ ਲਿਬਲਾਨ ਵਿਚ ਕੰਮ ਕਰਦਾ ਸੀ। ਪਾਲ ਸਿੰਘ ਮਿਹਨਤੀ ਤੇ ਕਿਰਸ ਕਰਨ ਵਾਲੇ ਇਨਸਾਨ ਹਨ। ਆਪ ਨੇ ਵੀ ਪਰਿਵਾਰ ਤੋਂ ਵੱਖ ਹੋ ਕੇ ਗੁਰਦੁਆਰਾ ਸਾਹਿਬ ਦੇ ਕੋਲ ਕੋਠੀ ਪਾਈ ਹੈ। ਆਪ ਦਾ ਹੁਣ ਕੰਮ ਖੇਤੀਬਾੜੀ ਦਾ ਹੈ। ਪਾਲ ਸਿੰਘ ਨੇ ਪਿੰਡ ਵਿਚ ਬਣ ਰਹੇ ਗੁਰੂ ਘਰ ਦੀ ਵੀ ਸੇਵਾ ਕੀਤੀ ਹੈ।

ਵੰਸ਼: ਦੋ ਲੜਕੀਆਂ- ਅਮਨਪ੍ਰੀਤ ਕੌਰ, ਗੁਰਪ੍ਰੀਤ ਕੌਰ ਹਨ

ਦੋਵੇਂ ਲੜਕੀਆਂ ਕਾਲਜ ਵਿਚ ਪੜ੍ਹ ਰਹੀਆਂ ਹਨ।

* **ਅਮਰਜੀਤ ਸਿੰਘ:-** ਅਮਰਜੀਤ ਸਿੰਘ ਉਜਾਗਰ ਸਿੰਘ ਦਾ ਸਭ ਤੋਂ ਛੋਟਾ ਲੜਕਾ ਹੈ। ਆਪ ਦੇ ਬਚਪਨ ਦੇ ਸਾਥੀ ਜੋਗਿੰਦਰ ਸਿੰਘ ਦਾ ਲੜਕਾ ਕੁੱਕੂ ਤੇ ਜੋਗਿੰਦਰ ਸਿੰਘ ਜਿੰਦੋ ਦਾ ਲੜਕਾ ਬਿੱਲਾ ਹਨ। ਪਿੰਡ ਵਿਚ ਤੀਨੋ ਹੀ ਇਕੱਠੇ ਖੇਡਦੇ ਹੁੰਦੇ ਸਨ।

* **ਸ਼ਾਦੀ:-** ਆਪ ਦੀ ਸ਼ਾਦੀ ਮਿਤੀ 24-2-1991 ਨੂੰ ਅਮਰਜੀਤ ਕੌਰ ਨਾਲ ਹੋਈ ਹੈ। ਆਪ ਬਹੁਤ ਲੰਬੇ ਸਮੇਂ ਤੋਂ ਲਿਬਲਾਨ ਵਿਚ ਰਹਿ ਰਹੇ ਹਨ।

ਅਮਰਜੀਤ ਸਿੰਘ ਨੇ ਆਪਣੇ ਪੈਸਿਆਂ ਨਾਲ ਬਣੇ ਬਣਾਏ ਮਕਾਨ ਮਿਸਤਰੀ ਛੱਜਾ ਸਿੰਘ ਦੇ ਲੜਕੇ ਮੋਹਨ ਸਿੰਘ ਮੋਹਣੀ ਤੋਂ ਲਏ ਹਨ। ਮੋਹਨ ਸਿੰਘ ਨਸਰਾਲੇ ਰਹਿਣ ਲੱਗਾ ਹੈ।

ਵੰਸ਼: ਦੋ ਲੜਕੀਆਂ, ਇਕ ਲੜਕਾ।

ਲੜਕੀਆਂ: ਮਨਪ੍ਰੀਤ ਕੌਰ, ਸਿਮਰਪ੍ਰੀਤ ਕੌਰ ਹਨ।

ਲੜਕਾ: ਜਸਕਰਨ ਸਿੰਘ ਹੈ।

ਨੋਟ: ਉਜਾਗਰ ਸਿੰਘ ਤੇ ਮਾਤਾ ਨਿਰੰਜਨ ਕੌਰ ਦਾ ਸਾਰਾ ਪਰਿਵਾਰ ਹੁਣ ਚੜ੍ਹਦੀ ਕਲਾ ਵਿਚ ਹੈ।

ਨਿਹਾਲਾ

ਲੰਬੜਦਾਰਾਂ ਦੀ ਪੁਸ਼ਤ ਨਿਹਾਲ ਸਿੰਘ ਤੋਂ ਚੱਲਦੀ ਹੈ। ਇਸ ਪਰਿਵਾਰ ਨੇ ਆਪਣੇ ਪਰਿਵਾਰਕ ਵੇਰਵੇ ਜ਼ਿਆਦਾ ਨਹੀਂ ਲਿਖਵਾਏ ਹਨ।

* **ਨਿਹਾਲਾ**:- ਆਪ ਦੀ ਧਰਮ ਪਤਨੀ ਦਾ ਨਾਮ ਕਿਸ਼ੀ ਸੀ।

ਵੰਸ਼: ਆਪ ਦਾ ਇਕ ਲੜਕਾ ਨਿੱਕਾ ਸਿੰਘ ਸੀ ਜੋ ਪਿੰਡ ਦਾ ਲੰਬੜਦਾਰ ਬਣਿਆ।

ਵੰਸ਼: ਨਿੱਕਾ ਸਿੰਘ ਦੀ ਪਹਿਲੀ ਪਤਨੀ ਇਕ ਲੜਕੇ ਨੂੰ ਜਨਮ ਦੇਣ ਤੋਂ ਮਗਰੋਂ ਮਰ ਗਈ ਸੀ। ਇਸ ਦੇ ਪੇਕੇ ਨਿਆੜੇ ਸਨ।

ਨਿੱਕਾ ਸਿੰਘ ਦੇ ਪਹਿਲੇ ਵਿਆਹ ਦਾ ਇਕ ਲੜਕਾ ਸੰਤਾ ਸਿੰਘ ਹੈ। ਨਿੱਕਾ ਸਿੰਘ ਦੀ ਮੌਤ ਤੋਂ ਮਗਰੋਂ ਇਹ ਪਿੰਡ ਦਾ ਲੰਬੜਦਾਰ ਬਣਿਆ।

* **ਨਿੱਕਾ ਸਿੰਘ ਦੀ ਦੂਜੀ ਸ਼ਾਦੀ**:- ਨਿੱਕਾ ਸਿੰਘ ਦੀ ਦੂਜੀ ਸ਼ਾਦੀ ਮਾਲਾ ਨਾਲ ਹੋਈ, ਜਿਸ ਦੇ ਪੇਕੇ ਤਲਵੰਡੀ ਕਾਨੂੰਗੋ ਹੁਸ਼ਿਆਰਪੁਰ ਹਨ। ਨਿੱਕਾ ਸਿੰਘ ਪਿੰਡ ਦਾ ਲੰਬੜਾਦਾਰ ਰਿਹਾ ਹੈ ਉਸ ਦੀ ਮੌਤ ਬਹੁਤ ਸਮਾਂ ਪਹਿਲਾਂ ਹੋ ਚੁੱਕੀ ਹੈ। ਪਿੰਡ ਵਿਚ ਉਸ ਦੀ ਸਰਦਾਰੀ ਸੀ ਉਸ ਸਮੇਂ ਪਿੰਡ ਦੇ ਬਹੁਤ ਥੋੜ੍ਹੇ ਘਰ ਸਨ ਕਿਉਂਕਿ ਵੰਸ਼ ਗੱਗੋ ਜੱਟ ਤੋਂ ਚੱਲਦਾ ਹੈ। ਅੱਜ ਵੀ ਇਸ ਘਰ ਨੂੰ ਲੰਬੜਾਂ ਦਾ ਘਰ ਕਿਹਾ ਜਾਂਦਾ ਹੈ।

ਨਿੱਕਾ ਸਿੰਘ ਦੀ ਧਰਮ ਪਤਨੀ ਮਾਲਾ ਹਮੇਸ਼ਾ ਸਾਫ਼ ਸੁਥਰੇ ਤੇ ਸਫੈਦ ਰੰਗ ਦੇ ਕੱਪੜੇ ਪਾਉਂਦੀ ਸੀ। ਉਸ ਨੂੰ ਚੰਗੀ ਤਰ੍ਹਾਂ ਵੇਖਿਆ ਹੈ ਪਰ ਕਦੇ ਬਹੁਤ ਗੱਲ ਨਹੀਂ ਕੀਤੀ ਹੈ। ਗਰਮੀਆਂ ਨੂੰ ਮਾਤਾ ਆਮ ਕਰਕੇ ਗਲੀ ਵਿਚ ਘੁੰਮਦੀ ਫਿਰਦੀ ਹੁੰਦੀ ਸੀ। ਸਾਰਾ ਪਰਿਵਾਰ ਉਸ ਨੂੰ ਮਾਂ ਜੀ ਮਾਂ ਜੀ ਕਹਿ ਕੇ ਬੁਲਾਉਂਦੇ ਸਨ। ਮਾਤਾ ਮਾਲਾ ਵੱਡੇ ਪਰਿਵਾਰ ਵਾਲੀ ਸੀ ਜੋ ਲੰਬੀ ਉਮਰ ਭੋਗ ਕੇ ਮਿਤੀ 14-06-1973 ਨੂੰ ਸੁਰਗਵਾਸ ਹੋਹੀ ਹੈ। ਆਪ ਦੀ ਲੜਕੀ ਗਿਆਨ ਕੌਰ ਸਾਡੇ ਘਰ ਆਈ ਤਾਂ ਕਿਹਾ, "ਕਾਕਾ! ਸਾਡੀ ਮਾਤਾ ਕੋਲ ਪਾਠ ਕਰਦੇ ਤਾਂ ਜੋ ਉਸ ਦੇ ਸੁਆਸ ਵਿਦਾ ਹੋ ਜਾਣ। ਮੈਂ ਮਾਤਾ ਜੀ ਕੋਲ ਜਪੁਜੀ ਸਾਹਿਬ ਦਾ ਪਾਠ ਕੀਤਾ। ਪਰਿਵਾਰ ਨੇ ਮੈਨੂੰ ਕੁਝ ਪੈਸੇ ਦਿੱਤੇ ਜੋ ਮੈਂ ਗੁਰੂ ਘਰ ਮੱਥਾ ਟੇਕ ਦਿੱਤਾ। ਮਾਤਾ ਨੂੰ ਦਾਗ 15-6-1973 ਨੂੰ ਦਿੱਤਾ ਗਿਆ। ਉਸ ਹੀ ਦਿਨ ਚਾਨਣ ਸਿੰਘ ਦੀ ਲੜਕੀ ਹਰਬੰਸ ਕੌਰ ਦੀ ਸ਼ਾਦੀ ਸੀ। ਜਨੇਤ ਪਿੰਡ ਮਾਨਾ ਤੋਂ ਆਈ ਸੀ ਜਿਸ ਦਾ ਉਤਾਰਾ ਪਿਆਰਾ ਸਿੰਘ ਦੀ ਹਵੇਲੀ ਹੋਇਆ। ਮਾਤਾ ਦੀ ਅਰਥੀ

ਲੈ ਕੇ ਸੋਗ 'ਚ ਗ੍ਰਸਤ ਲੋਕ ਹਵੇਲੀ ਦੇ ਕੋਲ ਦੀ ਲੰਘੇ ਸਨ। ਜਨੇਤ ਵਾਲਿਆਂ ਦਾ ਸਪੀਕਰ ਵੱਜ ਰਿਹਾ ਸੀ। ਚਾਨਣ ਸਿੰਘ ਦਾ ਘਰ ਨਿੱਕਾ ਸਿੰਘ ਦੇ ਘਰ ਨਾਲ ਹੈ।

ਵੰਸ਼: ਨਿੱਕਾ ਸਿੰਘ ਦੇ ਵੰਸ਼ ਵਿਚ ਪੰਜ ਪੁੱਤਰ ਤੇ ਦੋ ਧੀਆਂ ਹਨ।

ਲੜਕੀਆਂ = * 1. **ਕਰਤਾਰ ਕੌਰ**:- ਪਿੰਡ ਵਿਚ ਇਸ ਨੂੰ ਕਰਤਾਰੀ ਕਿਹਾ ਜਾਂਦਾ ਹੈ। ਆਪ ਬਹੁਤ ਸਮਾਂ ਇੰਗਲੈਂਡ ਵਿਚ ਰਹੀ ਹੈ। ਜ਼ਿੰਦਗੀ ਦਾ ਥੋੜ੍ਹਾ ਹਿੱਸਾ ਪਿੰਡ ਗਗਨੌਲੀ ਵੀ ਬਤੀਤ ਕੀਤਾ ਹੈ। ਕਰਤਾਰ ਕੌਰ ਦੀ ਹੁਣ ਮੌਤ ਹੋ ਚੁੱਕੀ ਹੈ। ਇਸ ਦੀ ਕੋਈ ਔਲਾਦ ਨਹੀਂ ਸੀ।

* 2. **ਗਿਆਨ ਕੌਰ**:- ਆਪ ਦੇ ਸਹੁਰੇ ਪਿੰਡ ਪੁਰਹੀਰਾਂ ਹਨ। ਸਾਡੀ ਸੁਰਤ ਵਿਚ ਗਿਆਨ ਕੌਰ ਆਪਣੇ ਸਹੁਰੇ ਘਰ ਨਹੀਂ ਗਈ ਹੈ, ਜਿਸ ਦਿਨ ਦੀ ਅਸੀਂ ਹੋਸ਼ ਸੰਭਾਲੀ ਹੈ ਆਪ ਆਪਣੇ ਪੇਕੇ ਘਰ ਹੀ ਰਹੀ ਹੈ। ਇਕ ਵਾਰ ਭੂਆ ਗਿਆਨ ਕੌਰ ਮੇਰੇ ਸਾਈਕਲ 'ਤੇ ਬੈਠ ਕੇ ਨਸਰਾਲੇ ਨੂੰ ਗਈ ਤਾਂ ਮੈਂ ਪੁੱਛਿਆ, "ਭੂਆ ਜੀ ਆਪ ਆਪਣੇ ਸਹੁਰੇ ਪਰਿਵਾਰ ਕਿਉਂ ਨਹੀਂ ਗਈ?" ਭੂਆ ਗਿਆਨ ਕੌਰ ਨੇ ਜਵਾਬ ਦਿੱਤਾ, "ਭਤੀਜਿਆ ਮੇਰੇ ਘਰਵਾਲਾ ਮੇਰੇ ਨਾਲ ਠੀਕ ਨਹੀਂ ਰਹਿੰਦਾ ਸੀ। ਮੈਂ ਕਿਹਾ ਇਨ੍ਹਾਂ ਗੱਲਾਂ ਦਾ ਕੋਈ ਅਰਥ ਨਹੀਂ ਹੈ। ਪਰਿਵਾਰ ਵਿਚ ਬਹੁਤ ਸਾਰੀਆਂ ਗੱਲਾਂ ਹੋ ਜਾਂਦੀਆਂ ਹਨ। ਧੀਆਂ ਆਪਣੇ ਸਹੁਰੇ ਘਰ ਹੀ ਸੋਂਹਦੀਆਂ ਹਨ।" ਫਿਰ ਉਨ੍ਹਾਂ ਕੋਈ ਉੱਤਰ ਨਹੀਂ ਦਿੱਤਾ। ਭੂਆ ਗਿਆਨ ਕੌਰ ਸਾਡੇ ਘਰਾਂ ਵਿਚ ਆਮ ਕਰਕੇ ਆ ਜਾਂਦੀ ਸੀ। ਸਾਡੇ ਘਰਾਂ ਵਿਚ ਸਗਨ ਵਿਹਾਰ 'ਤੇ ਉਹ ਹੀ ਆਉਂਦੀ ਸੀ, ਜਿਸ ਦਿਨ ਬੰਤਾ ਸਿੰਘ ਸ਼ਾਹ ਦੇ ਲੜਕੇ ਰਾਮ ਸਿੰਘ ਤੇ ਬਸੰਤ ਸਿੰਘ ਦੇ ਲੜਕੇ ਨਿਰਮਲ ਸਿੰਘ ਦੀ ਕੁੜਮਾਈ ਦਾ ਸਗਨ ਸੀ ਤਾਂ ਭੂਆ ਗਿਆਨ ਕੌਰ ਸਾਡੇ ਦਲਾਨ ਵਿਚ ਆ ਕੇ ਬੈਠੀ ਸੀ। ਦੋਹਾਂ ਲੜਕਿਆਂ ਨੂੰ ਵਾਰੀ-ਵਾਰੀ ਸ਼ਗਨ ਦਿੱਤਾ। ਭੂਆ ਗਿਆਨ ਕੌਰ ਜਦੋਂ ਵੀ ਬੁਲਾਉਂਦੀ ਸੀ ਭਤੀਜਿਆਂ ਕੀ ਹਾਲ ਹੈ? ਜਦੋਂ ਅਸੀਂ ਕਦੇ ਘਰ ਜਾਣਾ ਤਾਂ ਸਾਰਾ ਘਰ ਸਾਫ਼-ਸੁਥਰਾ ਹੁੰਦਾ। ਫਿਰ ਉਨ੍ਹਾਂ ਆਖਣਾ ਭਤੀਜਿਆ ਦੁੱਧ ਤੱਤਾ ਕਰਾਂ। ਮੇਰੇ ਪਾਸੋਂ ਕਈ ਵਾਰ ਆਪਣੇ ਭਾਈ ਕਰਤਾਰ ਸਿੰਘ ਨੂੰ ਇੰਗਲੈਂਡ ਨੂੰ ਚਿੱਠੀ ਲਿਖਵਾਉਂਦੀ ਸੀ ਜਾਂ ਕਈ ਵਾਰ ਘਰੇਲੂ ਪੈਸਿਆਂ ਦਾ ਹਿਸਾਬ ਕਿਤਾਬ ਕਰਾਉਂਦੀ ਸੀ। ਆਪਣੇ ਘਰ ਦੇ ਖੇਸ-ਖੇਸੀਆਂ ਹੁਸ਼ਿਆਰਪੁਰ ਧੋਬੀ ਕੋਲੋਂ ਧੁਆਂਦੀ ਸੀ। ਕੱਪੜਿਆਂ ਦੀ ਪੰਡ ਦਰਸ਼ਨ ਸਿੰਘ ਦੰਦਨ ਨੇ ਚੁੱਕੀ ਹੁੰਦੀ ਸੀ। ਬਹੁਤ ਵਾਰ ਸਾਡੇ ਨਾਲ ਨਸਰਾਲੇ ਰੇਲਵੇ ਸਟੇਸ਼ਨ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਸੀ। ਗਿਆਨ ਕੌਰ ਮੇਰੀਆਂ ਭੈਣਾਂ ਦੀ ਉਮਰ ਦੀ ਸੀ ਜਦੋਂ ਅਸੀਂ ਛੋਟੇ ਸੀ ਤਾਂ ਘਰਾਂ ਵਿਚ ਛਿੱਕੂ-ਛਾਬੇ ਬਨਾਉਣ ਦਾ ਰਿਵਾਜ਼ ਸੀ। ਪਿੰਡ ਵਿਚ ਖਜੂਰਾਂ ਤਾਂ ਬਹੁਤ ਸਨ ਉਸ ਦੇ ਡੱਖੇ ਵੱਢ ਕੇ ਪੱਤੇ ਤੋੜ ਕੇ ਗਰਮ ਪਾਣੀ ਵਿਚ ਰੰਗ-ਬਰੰਗੇ ਕੀਤੇ ਜਾਂਦੇ ਸਨ, ਜਿਸ ਦੇ ਬਣੇ ਹੋਏ ਛਾਬੇ ਸੁੰਦਰ ਲੱਗਦੇ ਸਨ। ਦੂਜਾ ਰਿਵਾਜ ਗੱਤੇ ਤੇ ਅਖ਼ਬਾਰਾਂ ਨੂੰ ਪਾਣੀ ਵਿਚ ਗਰਮ ਕਰਕੇ ਠੰਢੇ ਕਰਕੇ ਗੋਹਲੇ ਬਨਾਉਣ ਦਾ ਰਿਵਾਜ਼ ਸੀ। ਇਨ੍ਹਾਂ ਉੱਪਰ ਫਿਰ ਵੇਲ ਬੂਟੇ ਪਾਏ ਜਾਂਦੇ ਸਨ। ਭੂਆ ਗਿਆਨ ਕੌਰ ਆਪ ਤਾਂ ਨਹੀਂ ਬਣਾਉਂਦੀ ਸੀ ਉਹ ਸਾਡੀਆਂ

ਭੈਣਾਂ ਕੋਲੋਂ ਬਣਾ ਕੇ ਆਪਣੇ ਘਰ ਲੈ ਜਾਂਦੀ ਸੀ।

ਜਦੋਂ ਕਦੇ ਦਿਨ ਵਾਰ ਹੁੰਦਾ ਤਾਂ ਵੀ ਉਹ ਸਾਡੇ ਘਰਾਂ ਵਿਚ ਆਉਂਦੀ ਸੀ। ਬਹੁਤ ਵੱਡਾ ਪਰਿਵਾਰ ਸੀ ਜੋ ਇਕੱਠੇ ਹੀ ਰਹਿੰਦੇ ਸਨ। ਬਹੁਤ ਲੰਮਾ ਦਲਾਨ ਸੀ ਹਰ ਵੇਲੇ ਰੌਣਕ ਲੱਗੀ ਰਹਿੰਦੀ ਸੀ। ਗਿਆਨ ਕੌਰ ਦੀ ਵੀ ਹੁਣ ਮੌਤ ਹੋ ਚੁੱਕੀ ਹੈ।

* **ਵੰਸ਼:** ਦੋ ਲੜਕੀਆਂ- ਕੁਲਦੀਪ ਕੌਰ ਤੇ ਸੁਰਿੰਦਰ ਕੌਰ

1. **ਕੁਲਦੀਪ ਕੌਰ** ਛੋਟੀ ਹੁੰਦੀ ਖੇਡਦੀ ਹੋਈ ਪਿੰਡ ਦੇ ਛੱਪੜ ਵਿਚ ਡਿੱਗ ਗਈ, ਜਿਸ ਨਾਲ ਉਸ ਦੀ ਮੌਤ ਹੋ ਗਈ। ਮੈਂ ਇਸ ਲੜਕੀ ਨੂੰ ਨਹੀਂ ਦੇਖਿਆ ਹੈ।

2. **ਸੁਰਿੰਦਰ ਕੌਰ:-** ਆਪ ਦੇ ਪਤੀ ਦਾ ਨਾਮ ਸੁਖਵੰਤ ਸਿੰਘ ਹੈ ਤੇ ਸਹੁਰੇ ਪੰਡੋਰੀ ਰੁਕਮਣ ਹੁਸ਼ਿਆਰਪੁਰ ਹਨ। ਸਹੁਰੇ ਘਰ ਦੀ ਜ਼ਮੀਨ ਜਾਇਦਾਦ ਚੰਗੀ ਹੈ। ਸੁਰਿੰਦਰ ਕੌਰ ਨੇ ਸ. ਹ. ਸਕੂਲ ਨਸਰਾਲਾ ਤੋਂ ਦਸਵੀਂ ਪਾਸ ਕੀਤੀ ਹੈ। ਆਪਣੇ ਮਾਮਿਆਂ ਵਾਂਗ ਉੱਚੀ ਲੰਮੀ ਹੈ।

ਵੰਸ਼: ਦੋ ਲੜਕੇ- ਹਰਜਸ ਸਿੰਘ ਤੇ ਸੁਬੇਗ ਸਿੰਘ ਹਨ।

1. ਹਰਜਸ ਸਿੰਘ ਬੀ.ਏ. ਪਾਸ ਹੈ।
2. ਸੁਬੇਗ ਸਿੰਘ ਦਸਵੀਂ ਪਾਸ ਹੈ।

ਦੋਵੇਂ ਭਰਾ ਉੱਚੇ ਲੰਮੇ ਹਨ, ਜੇ ਕੋਈ ਗਾਈਡ ਮਿਲ ਜਾਵੇ ਤਾਂ ਪੰਜਾਬ ਪੁਲਿਸ ਜਾਂ ਖੇਡਾਂ ਵਿਚ ਪਿੰਡ ਦਾ ਨਾਮ ਰੋਸ਼ਨ ਕਰ ਸਕਦੇ ਹਨ।

ਨੋਟ: ਮੈਂ ਇਸ ਘਰ ਵਿਚ ਪਰਿਵਾਰਕ ਵੇਰਵੇ ਲੈਣ ਲਈ ਮਿਤੀ 11-7-2013 ਦਿਨ ਵੀਰਵਾਰ ਗਿਆ ਸੀ। ਪਰਿਵਾਰ ਨੇ ਮੇਰਾ ਨਿੱਘਾ ਸਵਾਗਤ ਕੀਤਾ। ਸੁਰਿੰਦਰ ਕੌਰ ਨੇ ਆਪਣੇ ਛੋਟੇ ਮਾਮੇ ਸਰਵਣ ਸਿੰਘ ਨੂੰ ਮੇਰੇ ਕੋਲ ਬਿਠਾਇਆ। ਮੈਂ ਇਨ੍ਹਾਂ ਨੂੰ ਪੁੱਛਿਆ ਕਿ ਆਪਣੇ ਬਜ਼ੁਰਗਾਂ ਬਾਰੇ ਜਾਣਕਾਰੀ ਦਿਓ। ਸਰਵਣ ਸਿੰਘ ਨੇ ਕਿਹਾ ਮੈਨੂੰ ਕੁਝ ਪਤਾ ਨਹੀਂ ਹੈ ਸਿਰਫ਼ ਆਪਣੇ ਬਾਬੇ ਨਿਹਾਲਾ ਸਿੰਘ ਦਾ ਨਾਮ ਹੀ ਦੱਸਿਆ।

* ਲੜਕੀ ਸੁਰਿੰਦਰ ਕੌਰ ਆਪਣੇ ਪੇਕੇ ਘਰ ਆਪਣੇ ਮਾਮਿਆਂ ਦੇ ਕੋਲ ਰਹਿ ਰਹੀ ਹੈ। ਸੁਰਿੰਦਰ ਕੌਰ ਦਾ ਪਤੀ ਭਰ ਜਵਾਨੀ ਵਿਚ ਮਿਤੀ 6-6-1990 ਨੂੰ ਅਚਾਨਕ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਿਆ ਸੀ। ਉਸ ਸਮੇਂ ਤੋਂ ਸੁਰਿੰਦਰ ਕੌਰ ਪਿੰਡ ਗਗਨੌਲਾਂ ਵਿਖੇ ਰਹਿ ਰਹੀ ਹੈ। ਬਹੁਤ ਵੱਡੀ ਕੋਠੀ ਬੱਚਿਆਂ ਦੇ ਖੇਡਣ ਨੂੰ ਤਰਸਦੀ ਹੈ। ਸੁਰਿੰਦਰ ਕੌਰ ਦੇ ਲੜਕਿਆਂ ਤੋਂ ਇਲਾਵਾ ਪਰਿਵਾਰ ਵਿਚ ਕੋਈ ਲੜਕਾ ਜਾਂ ਲੜਕੀ ਨਹੀਂ ਹੈ। ਇਕ ਇਸ ਦਾ ਮਾਮਾ ਕਰਤਾਰ ਸਿੰਘ ਹੈ ਜੋ 1960 ਦੇ ਕਰੀਬ ਇੰਗਲੈਂਡ ਗਿਆ ਫਿਰ ਕਿਤੇ ਛੁੱਟੀ ਆਇਆ ਤਾਂ ਸ਼ਾਦੀ ਹੋਈ। ਇਸ ਦਾ ਇਕ ਲੜਕਾ ਤੇ ਲੜਕੀ ਇੰਗਲੈਂਡ ਵਿਚ ਹੈ।

* **ਨਿੱਕਾ ਸਿੰਘ ਦੇ ਲੜਕੇ:** ਸੰਤਾ ਸਿੰਘ, ਕਰਤਾਰ ਸਿੰਘ, ਲਛਮਣ ਸਿੰਘ, ਕਾਬਲ ਸਿੰਘ ਤੇ ਸਰਵਣ ਸਿੰਘ ਹੈ।

1. **ਸੰਤਾ ਸਿੰਘ:-** ਸੰਤਾ ਸਿੰਘ ਨਿੱਕਾ ਸਿੰਘ ਦੇ ਪਹਿਲੇ ਵਿਆਹ ਦਾ ਲੜਕਾ ਹੈ

ਜਿਸ ਦੀ ਮਾਤਾ ਇਸ ਨੂੰ ਜਨਮ ਦੇਣ ਮਗਰੋਂ ਸੁਰਗਵਾਸ ਹੋ ਗਈ ਸੀ। ਨਿੱਕਾ ਸਿੰਘ ਨੇ ਫਿਰ ਦੂਜੀ ਸ਼ਾਦੀ ਮਾਲਾ ਨਾਲ ਕਰਾਈ। ਸੰਤਾ ਸਿੰਘ ਦੀ ਘਰ ਵਾਲੀ ਦਾ ਨਾਮ ਜਵਾਲੀ ਸੀ ਜਿਸ ਦੇ ਪੇਕੇ ਲਾਗਲੇ ਪਿੰਡ ਕਾਹਰੀ ਹਨ। ਸੰਤ ਸਿੰਘ ਦਾ ਬੰਤਾ ਸਿੰਘ ਸ਼ਾਹ ਨਾਲ ਬਹੁਤ ਪਿਆਰ ਸੀ। ਸੰਤਾ ਸਿੰਘ ਦੇ ਘਰ ਦੀ ਪਿੱਠ ਇਨ੍ਹਾਂ ਨਾਲ ਲੱਗਦੀ ਹੈ। ਸੰਤਾ ਸਿੰਘ ਬਾਰੇ ਸੁਣਿਆ ਹੈ ਕਿ ਆਪਣੇ ਲੜਕਿਆਂ ਨੂੰ ਬਹੁਤ ਤਾੜ ਕੇ ਰੱਖਦਾ ਸੀ। ਸੰਤਾ ਸਿੰਘ ਦੀ ਕਿ ਸਿਫ਼ਤ ਸੀ ਕਿ ਆਪਣੇ ਮਹਾਰਤੀ ਵਾਲੇ ਹਾਰ ਵਿਚੋਂ ਕਣਕ ਦੀ ਕਟਾਈ ਸਮੇਂ ਪਿੰਡ ਦੇ ਆਧਰਮੀ ਲੋਕਾਂ ਨੂੰ ਕਣਕ ਦੇ ਸੱਥਰ ਦਿੰਦਾ ਸੀ। ਇਹ ਕੰਮ ਉਸ ਦਾ ਲੜਕਾ ਗੁਲਜਾਰ ਸਿੰਘ ਵੀ ਕਰਦਾ ਆ ਰਿਹਾ ਹੈ। ਉਹ ਜਦ ਵੀ ਗੱਲ ਕਰਦਾ ਹੈ ਸਾਡੇ ਬਾਪੂ ਜੀ। ਸੰਤਾ ਸਿੰਘ ਦੇ ਗਲ਼ੇ ਦਾ ਓਪਰੇਸ਼ਨ ਹੋਇਆ ਸੀ ਫਿਰ ਆਪ ਬੋਲ ਤਾਂ ਨਹੀਂ ਸਕਦੇ ਸਨ। ਇਸ਼ਾਰੇ ਨਾਲ ਸਮਝਾਉਂਦੇ ਸਨ ਇਹ ਗੱਲਾਂ ਮੈਂ ਤਾਇਆ ਬੰਤਾ ਸਿੰਘ ਪਾਸੋਂ ਸੁਣੀਆਂ ਸਨ। ਆਪ ਦੀ ਮੌਤ 1964 ਈ: ਦੇ ਕਰੀਬ ਹੋਈ ਹੈ। ਨਿੱਕਾ ਸਿੰਘ ਲੰਬੜਦਾਰ ਤੋਂ ਮਗਰੋਂ ਆਪ ਦਾ ਲੜਕਾ ਗੁਲਜ਼ਾਰ ਸਿੰਘ ਲੰਬੜਦਾਰੀ ਕਰਦਾ ਆ ਰਿਹਾ ਹੈ।

*** ਮਾਤਾ ਜਵਾਲੀ:-** ਇਨ੍ਹਾਂ ਨੂੰ ਅਸੀਂ ਬਹੁਤ ਚੰਗੀ ਤਰ੍ਹਾਂ ਦੇਖਿਆ ਹੈ। ਸਰੀਰ ਮਧਰਾ ਤੇ ਤਕੜਾ ਸੀ। ਇਨ੍ਹਾਂ ਬਾਰੇ ਜੋਗਿੰਦਰ ਸਿੰਘ ਜਿੰਦੋ ਨੇ ਦੱਸਿਆ ਕਿ ਜਵਾਲੀ ਮਾਤਾ ਐਨੀ ਤਕੜੀ ਸੀ ਕਿ ਬਾਬਾ ਈਸ਼ਰ ਦਾਸ ਕਾਹਰੀ ਵਾਲਿਆਂ ਦਾ ਤਲਾਬ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਤਰ ਕੇ ਪਾਰ ਕਰ ਜਾਂਦੀ ਸੀ। ਹਾੜੀ ਸਾਉਣੀ ਸੀਜਨ 'ਤੇ ਟੋਕਰਿਆਂ ਵਿੱਚ ਰੋਟੀਆਂ ਰੱਖ ਕੇ ਖੇਤਾਂ ਵਿਚ ਲੈ ਕੇ ਜਾਂਦੀ ਸੀ। ਸਾਡੀ ਤਾਈ ਭਾਗ ਕੌਰ ਨੂੰ ਕੋਠੇ ਉੱਪਰ ਆ ਕੇ ਕਹਿਣਾ, "ਭਾਗੋ ਰੋਟੀ ਤਿਆਰ ਹੈ?" ਉਨ੍ਹਾਂ ਕਹਿਣਾ ਚਾਚੀ ਜੀ ਤਿਆਰ ਹੈ। ਫਿਰ ਦੋਹਾਂ ਜਣੀਆਂ ਨੇ ਰੋਟੀ ਵਾਲੇ ਟੋਕਰੇ ਸਿਰ 'ਤੇ ਚੁੱਕ ਲੈਣੇ ਤਾਂ ਦੁਪਹਿਰ ਦਾ ਭੱਤਾ ਲੈ ਕੇ ਚਲੇ ਜਾਣਾ। ਮਾਤਾ ਜਵਾਲੀ ਕਦੇ-ਕਦੇ ਸਾਡੀ ਦਾਦੀ ਮਾਤਾ ਖੇਮੀ ਦੇਵੀ ਨੂੰ ਵੀ ਮਿਲਣ ਆਉਂਦੀ ਸੀ। ਸਾਡਾ ਤਾਇਆ ਮੁਨਸ਼ੀ ਸ਼ੁਗਲੀ ਸੁਭਾਅ ਦਾ ਹੁੰਦਾ ਸੀ। ਉਸ ਨੇ ਕਹਿਣਾ, "ਮਾਤਾ ਤੇਰੀ ਨੂੰਹ ਆਈ ਹੈ। ਹੁਣ ਰੋਟੀ ਇਸ ਦੀ ਪੱਕੀ ਖਾਵੀਂ। ਪੁਰਾਣੇ ਬਜ਼ੁਰਗਾਂ ਦਾ ਆਪਸੀ ਪਿਆਰ ਸੀ ਦਿਲ ਦੇ ਸਾਫ਼ ਸਨ। ਹੁਣ ਹਾਸਾ ਮਜ਼ਾਕ ਖੰਭ ਲਾ ਕੇ ਉੱਡ ਗਿਆ ਹੈ। ਚਿਹਰੇ ਮੁਰਝਾਏ ਹੋਏ ਹਨ। ਆਪਣੇ-ਆਪਣੇ ਘਰਾਂ ਅੰਦਰ ਕੈਦੀ ਬਣ ਕੇ ਬੈਠੇ ਹਨ। ਪਿਆਰ ਤੇ ਸਾਂਝ ਖਤਮ ਹੈ। ਮਾਤਾ ਜਵਾਲੀ ਦਾ ਪਰਿਵਾਰ ਵੀ ਤਾਏ ਮੁਨਸ਼ੀ ਨੂੰ ਪਿਆਰ ਨਾਲ ਬੁਲਾਉਂਦਾ ਸੀ। ਉਹ ਆਪਣੇ ਰਿਸ਼ਤੇਦਾਰਾਂ ਦੇ ਜਾਣ ਸਮੇਂ ਇਨ੍ਹਾਂ ਲੜਕੀਆਂ ਦੇ ਸਹੁਰੇ ਘਰ ਵੀ ਜਾ ਆਉਂਦਾ ਸੀ। ਆਪਣੇ ਲੜਕੇ ਗੁਲਜਾਰ ਸਿੰਘ ਦੇ ਵਿਆਹ ਤੋਂ ਪਹਿਲਾਂ ਮਾਤਾ ਜਵਾਲੀ ਪਸ਼ੂ ਵੀ ਚਾਰ ਲੈਂਦੀ ਸੀ। ਹੱਲ ਵਾਹੁਣ ਗਏ ਗੁਲਜਾਰ ਸਿੰਘ ਲਈ ਰੋਟੀ ਵੀ ਲੈ ਕੇ ਜਾਂਦੀ ਸੀ। ਸਾਡੇ ਘਰਾਂ ਵਿਚ ਦੁੱਖ-ਸੁੱਖ ਵੇਲੇ ਆ ਜਾਂਦੀ ਸੀ। ਜਦੋਂ ਆਪ ਦਾ ਸਰੀਰ ਬਿਰਧ ਹੋ ਗਿਆ ਤਾਂ ਆਪ ਦਾ ਲੜਕਾ ਗੁਲਜਾਰ ਸਿੰਘ ਆਪ ਨੂੰ ਰੋਟੀ ਖਵਾਉਂਦਾ ਸੀ। ਮਾਤਾ ਜਵਾਲੀ ਪੂਰੀ ਉਮਰ ਭੋਗ ਕੇ

ਸੁਰਗਵਾਸ ਹੋਈ ਹੈ।

ਵੰਸ਼: ਸੰਤਾ ਸਿੰਘ ਦੀਆਂ ਦੋ ਲੜਕੀਆਂ ਤੇ ਦੋ ਪੁੱਤਰ ਸਨ।

* **ਲੜਕੀਆਂ**: 1. ਦੀਪੋ ਸਾਂਧਰੇ ਵਿਆਹੀ ਹੋਈ ਹੈ।

2. ਜੀਤੋ ਚੱਬੇਵਾਲ ਵਿਆਹੀ ਹੋਈ ਹੈ। ਸਾਂਧਰੇ ਵਾਲੀ ਲੜਕੀ ਨੂੰ ਮੈਂ ਚੰਗੀ ਤਰ੍ਹਾਂ ਦੇਖਿਆ ਹੈ ਜਦੋਂ ਗੁਲਜਾਰ ਸਿੰਘ ਨੇ ਆਪਣੀ ਹਵੇਲੀ ਵਿਚ ਇਕ ਕਮਰਾ ਤਿਆਰ ਕੀਤਾ ਤਾਂ ਉਹ ਰੋਟੀ ਟੁੱਕ ਵਾਸਤੇ ਆਈ ਹੋਈ ਸੀ।

ਲੜਕੇ: ਗੁਲਜਾਰ ਸਿੰਘ ਅਤੇ ਚੈਂਚਲ ਸਿੰਘ

* **ਗੁਲਜਾਰ ਸਿੰਘ**:- ਗੁਲਜਾਰ ਸਿੰਘ ਦੀ ਧਰਮ ਪਤਨੀ ਦਾ ਨਾਮ ਪ੍ਰੀਤਮ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੱਕ ਰਾਜੂ ਸਿੰਘ ਹਨ। ਗੁਲਜ਼ਾਰ ਸਿੰਘ ਲੰਬੜਦਾਰ ਦਾ ਵਿਆਹ ਕਾਫੀ ਲੇਟ ਹੋਇਆ ਹੈ, ਜਿਸ ਮਕਾਨ ਵਿਚ ਆਪ ਰਹਿੰਦੇ ਹਨ ਇਸ ਨੂੰ ਮਈ 1970 ਈ: ਵਿਚ ਬਣਾਇਆ ਸੀ। ਮਿਸਤਰੀ ਕਾਬਲ ਸਿੰਘ ਦਾ ਜਵਾਈ ਸ਼ਕੀਨ ਸਿੰਘ ਰਾਜ ਮਿਸਤਰੀ ਦਾ ਕੰਮ ਕਰਦਾ ਸੀ। ਮੈਂ ਵੀ ਇਸ ਮਕਾਨ ਵਿਚ ਕੰਮ ਕੀਤਾ ਹੈ।

ਵਿਆਹ ਬਾਰੇ ਗੁਲਜਾਰ ਸਿੰਘ ਲੰਬੜਦਾਰ ਨੇ ਆਪ ਦੱਸਿਆ ਕਿ ਮੇਰੀ ਜਨਮ ਪੱਤਰੀ ਸੰਤ ਬਾਬਾ ਜੀਣ ਦਾਸ ਕਾਹਰੀ ਵਾਲਿਆਂ ਨੇ ਦੇਖੀ ਸੀ। ਉਨ੍ਹਾਂ ਦੱਸਿਆ ਕਿ ਆਪ ਦਾ ਵਿਆਹ ਜ਼ਰੂਰ ਹੋਵੇਗਾ ਅਤੇ ਆਪ ਦੇ ਦੋ ਲੜਕੇ ਹੋਣਗੇ। ਵਿਆਹ ਨੂੰ ਸਿਰੇ ਚੜ੍ਹਾਉਣ ਵਿਚ ਸੋਹਣ ਸਿੰਘ ਸਪੁੱਤਰ ਮੇਹਰ ਸਿੰਘ ਦਾ ਹੱਥ ਸੀ। ਉਸਨੇ ਆਪਣੇ ਸਹੁਰੇ ਪਰਿਵਾਰ ਵਿਚੋਂ ਰਿਸ਼ਤਾ ਕਰਵਾਇਆ ਹੈ।

ਗੁਲਜਾਰ ਸਿੰਘ ਨੇ ਆਪਣੇ ਜਨਮ ਬਾਰੇ ਦੱਸਿਆ ਕਿ ਮੇਰਾ ਜਨਮ ਪਾਕਿਸਤਾਨ ਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਸੀਂ ਬਾਰ ਵਿਚੋਂ ਆ ਕੇ ਪਹਿਲਾਂ ਪਿੰਡ ਕਾਹਰੀ ਤੇ ਫਿਰ ਅਜੜਾਮ ਰਹੇ ਹਾਂ। ਜਦੋਂ ਨਿੱਕਾ ਸਿੰਘ ਦੇ ਪਰਿਵਾਰ ਨੇ ਸੰਤਾ ਸਿੰਘ ਨੂੰ ਬਣਦੀ ਹਿੱਸੇ ਦੀ ਜ਼ਮੀਨ ਦੇ ਦਿੱਤੀ ਤਾਂ ਗੁਲਜਾਰ ਸਿੰਘ ਦਾ ਪਿਤਾ ਪਿੰਡ ਗਗਨੋਲੀ ਵਿਖੇ ਆ ਕੇ ਰਹਿਣ ਲੱਗਾ।

* **ਗੁਲਜਾਰ ਸਿੰਘ ਦੇ ਕੁਝ ਗੁਣ**:- ਆਪਣੀ ਮਾਤਾ ਨੂੰ ਜਦੋਂ ਵੀ ਬੁਲਾਉਣਾ ਤਾਂ ਮਾਂ ਜੀ ਕਹਿ ਕੇ ਬੁਲਾਉਂਦੇ ਸਨ ਵਡੇਰੀ ਉਮਰ ਵਿਚ ਉਸ ਨੂੰ ਆਪ ਰੋਟੀ ਖਵਾਉਂਦੇ ਸਨ। ਕਣਕਾਂ ਦੀ ਗਹਾਈ ਵੇਲੇ ਪਸ਼ੂਆਂ ਨੂੰ ਬਿਲਕੁਲ ਨਹੀਂ ਮਾਰਦੇ ਸਨ। ਉਨ੍ਹਾਂ ਦੀ ਪਿੱਠ ਉੱਪਰ ਹੱਥ ਰੱਖਣਾ ਤੇ ਕਹਿਣਾ, "ਤੈਨੂੰ ਬਾਬਾ ਸੂਸਾਂ ਵਾਲਾ ਤਾਰੇ।" ਜਦੋਂ ਉਨ੍ਹੀਂ ਮੱਕੀ ਦੀ ਗੋਡੀ ਵੇਲੇ ਸਾਨੂੰ ਲੈਣ ਆਉਣਾ ਤਾਂ ਘਰ ਦਲਾਨ ਵਿਚ ਆ ਕੇ ਕਹਿਣਾ। ਆਓ! ਮੇਰੇ ਛੋਟੇ ਭਾਈ ਮੇਰੇ ਨਾਲ ਮੱਕੀ ਦੀ ਗੋਡੀ ਕਰਨੀ ਹੈ। ਕਦੇ ਨਾਮ ਨਹੀਂ ਲੈਂਦੇ ਸਨ। ਹੁਣ ਵੀ ਜੇ ਮੈਂ ਕਦੇ ਆਪ ਨੂੰ ਮਿਲਣ ਜਾਵਾਂ ਤਾਂ ਗਲਵਕੜੀ ਪਾ ਕੇ ਮਿਲਦੇ ਹਨ। ਮੇਰਾ ਇਕ ਘਰੇਲੂ ਇੰਤਕਾਲ ਸੀ ਜੋ ਆਪ ਨੇ ਹੁਸਿਆਰਪੁਰ ਜਾ ਕੇ ਕਰਵਾਇਆ ਹੈ। ਆਪਣੇ ਪਿਤਾ ਸੰਤਾ ਸਿੰਘ ਦੀ ਮੌਤ ਤੋਂ ਮਗਰੋਂ ਲੰਬੜਦਾਰੀ ਆਪ ਨੂੰ ਮਿਲ ਗਈ।

ਦੱਸਿਆ ਜਾਂਦਾ ਹੈ ਕਿ ਇਹ ਥੋੜ੍ਹਾ ਸਮਾਂ ਮੇਹਰ ਸਿੰਘ, ਲਛਮਣ ਸਿੰਘ ਤੇ ਫਿਰ ਆਪ ਦੇ ਕੋਲ ਆ ਗਈ ਹੈ। ਆਪ ਹੁਣ ਪਿੰਡ ਦੇ ਲੰਬੜਦਾਰ ਹਨ।

ਗੁਲਜਾਰ ਸਿੰਘ ਨੇ ਆਪ ਵੀ ਡੁੱਬਈ ਜਾਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਹੀਂ ਮਿਲੀ। ਖੇਤੀ ਦਾ ਕੰਮ ਘਟਣ ਨਾਲ ਆਪ ਨੇ ਨਸਰਾਲੇ ਫੈਕਟਰੀ ਵਿਚ ਵੀ ਕੰਮ ਕੀਤਾ ਹੈ। ਘਰ ਆਏ ਮਹਿਮਾਨ ਨੂੰ ਚਾਹ ਪਾਣੀ ਤੋਂ ਬਿਨਾਂ ਜਾਣ ਨਹੀਂ ਦਿੰਦੇ। ਮੈਂ ਇਕ ਵਾਰ ਕਿਹਾ ਲੰਬੜਦਾਰ ਜੀ ਮੈਂ ਚਾਹ ਨਹੀਂ ਪੀਣੀ। ਇਨ੍ਹਾਂ ਕਿਹਾ, "ਮੇਰੇ ਘਰ ਆ ਕੇ ਤੁਸੀਂ ਚਾਹ ਤੋਂ ਬਿਨਾ ਚਲੇ ਜਾਵੋ। ਇਹ ਨਹੀਂ ਹੋ ਸਕਦਾ। ਜਵਾਨੀ ਵੇਲੇ ਆਪ ਦਾ ਸਰੀਰ ਬਹੁਤ ਤਕੜਾ ਸੀ। ਉਸ ਸਮੇਂ ਸੁਭਾਅ ਵੀ ਤੇਜ਼ ਸੀ। ਪਰ ਹੌਲੀ-ਹੌਲੀ ਤਬਦੀਲੀ ਆ ਗਈ। ਗੁਲਜਾਰ ਸਿੰਘ ਦਾ ਵੀ ਤਾਏ ਮੁਨਸ਼ੀ ਨਾਲ ਖਾਸ ਪਿਆਰ ਸੀ। ਮੇਰੇ ਵੱਡੇ ਭਾਈ ਨਿਰਮਲ ਸਿੰਘ ਨੇ ਦੱਸਿਆ ਕਿ ਗੁਲਜਾਰ ਸਿੰਘ ਲੰਬੜਦਾਰ ਮੇਰੇ ਨਾਲ ਲੁਧਿਆਣੇ ਭਰਤੀ ਹੋਣ ਵੀ ਗਿਆ ਸੀ। ਆਪ ਡਾਕਟਰੀ ਵਿਚੋਂ ਰਹਿ ਗਏ ਸਨ। ਆਪ ਦੀਆਂ ਦੋ ਦਾੜ੍ਹਾਂ ਨਿਕਲ ਗਈਆਂ ਸਨ।

ਵੰਸ਼: ਲੜਕੇ- ਪੂਰਨ ਸਿੰਘ ਤੇ ਮੱਸਾ ਸਿੰਘ

1. * ਪੂਰਨ ਸਿੰਘ ਦੀ ਸ਼ਾਦੀ ਰੇਲਵੇ ਸਟੇਸ਼ਨ ਨਸਰਾਲਾ ਵਿਖੇ ਹੋਈ। ਪੂਰਨ ਸਿੰਘ ਦਾ ਦੋ ਵਾਰ ਐਕਸੀਡੈਂਟ ਹੋ ਗਿਆ। ਪਰ ਬਚਾਅ ਹੁੰਦਾ ਰਿਹਾ। ਫਿਰ ਯਾਰਾਂ ਦੋਸਤਾਂ ਨਾਲ ਰਲ ਕੇ ਸੁਭਾਅ ਬਦਲ ਗਿਆ। ਇਸ ਕਰਕੇ ਜਲਦੀ ਹੀ ਆਪ ਦਾ ਤਲਾਕ ਹੋ ਗਿਆ। ਪੂਰਨ ਸਿੰਘ ਦੀ ਹੁਣ ਮੌਤ ਹੋ ਚੁੱਕੀ ਹੈ।

2. * ਮੱਸਾ ਸਿੰਘ ਦੀ ਧਰਮ ਪਤਨੀ ਦਾ ਨਾਮ ਜਸਪ੍ਰੀਤ ਕੌਰ ਹੈ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੰਬੇਲੀ ਹਨ। ਲੜਕੀ ਦਾ ਪੇਕਾ ਪਰਿਵਾਰ ਗ੍ਰੰਥੀ ਹੈ। ਕੀਰਤਨ ਕਰਦੇ ਹਨ। ਮੱਸਾ ਸਿੰਘ ਦਾ ਆਦਤ ਸੁਭਾਅ ਆਪਣੇ ਪਿਤਾ ਜੀ ਵਾਲਾ ਹੈ, ਜਿਥੇ ਵੀ ਮਿਲਦਾ ਹੈ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ। ਹਰ ਤਰ੍ਹਾਂ ਆਦਤਾਂ ਕੰਟਰੋਲ ਵਿਚ ਹਨ। ਮੱਸਾ ਸਿੰਘ ਵੀ ਦੋ ਤਿੰਨ ਵਾਰ ਵਿਦੇਸ਼ ਜਾ ਚੁੱਕਾ ਹੈ।

ਵੰਸ਼: ਦੋ ਲੜਕੇ- ਪ੍ਰਭਜੋਤ ਸਿੰਘ, ਜਗਵੀਰ ਸਿੰਘ। ਦੋਵੇਂ ਭਰਾ ਸ. ਹ. ਸਕੂਲ ਸਾਹਰੀ ਵਿਖੇ ਪੜ੍ਹਦੇ ਹਨ। ਪੜ੍ਹਾਈ ਵਿਚ ਹੁਸ਼ਿਆਰ ਹਨ। ਪ੍ਰਭਜੋਤ ਸਿੰਘ ਨੂੰ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਡੇਰਾ ਬਾਬਾ ਮਾਹਨ ਦਾਸ ਸਾਹਰੀ ਵਿਖੇ ਮਿਤੀ 20-7-2014 ਨੂੰ ਅਵੇਅਰਨੈੱਸ ਮਿਸ਼ਨ ਦੇ ਬਾਨੀ ਹੁਕੜਾਂ ਬ੍ਰਦਰਜ਼ ਰਾਮ ਦਿਆਲ ਤੇ ਡਾ. ਰੌਣਕੀ ਰਾਮ ਸਾਹਰੀ ਵੱਲੋਂ ਪਹਿਲਾ ਇਨਾਮ ਦਿੱਤਾ ਗਿਆ। ਇਸ ਸਮਾਗਮ ਵਿਚ ਕਾਹਰੀ, ਸਾਹਰੀ, ਗਗਨੌਲੀ ਤੇ ਹੁਸੈਨਪੁਰ ਦੇ 150 ਬੱਚਿਆਂ ਨੂੰ ਵਰਦੀਆਂ ਤੇ ਲਿਖਣ ਸਮੱਗਰੀ ਦਿੱਤੀ ਗਈ।

* 2. **ਚੈਂਚਲ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਗੁਰਦੇਵ ਕੌਰ ਹੈ ਤੇ ਪੇਕੇ ਜਿਆਣ ਚੱਬੇਵਾਲ ਹਨ। ਗੁਰਦੇਵ ਕੌਰ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਚੈਂਚਲ ਸਿੰਘ ਬਹੁਤ ਸਮੇਂ ਤੋਂ ਪਰਿਵਾਰ ਸਮੇਤ ਦਿੱਲੀ ਰਿਹਾ ਹੈ, ਉਥੇ ਟੈਕਸੀ ਚਲਾਉਂਦਾ

ਰਿਹਾ ਫਿਰ ਪਿੰਡ ਆ ਗਿਆ ਇਥੇ ਵੀ ਡਰਾਈਵਰੀ ਕਰਦਾ ਰਿਹਾ ਸੋਹਣ ਸਿੰਘ ਤੇ ਦੇਵ ਸਿੰਘ ਹੁਸੈਨਪੁਰ ਦੇ ਆਪ ਦੇ ਦੋਸਤ ਸਨ ਉਹ ਵੀ ਕਾਰ ਚਲਾਉਂਦੇ ਸਨ।

ਵੰਸ਼: ਆਪ ਦੀ ਇਕ ਬੇਟੀ ਤੀਰਥ ਕੌਰ ਹੈ ਜਿਸ ਦੀ ਸ਼ਾਦੀ 24-02-1988 ਨੂੰ ਹੋਈ ਹੈ। ਆਪ ਦਾ ਪਤੀ ਪੰਜਾਬ ਪੁਲਿਸ ਵਿਚ ਨੌਕਰੀ ਕਰਦਾ ਹੈ।

ਲੜਕੇ: ਬਿੰਦਰ ਸਿੰਘ ਅਤੇ ਲਖਜੋਤ ਸਿੰਘ

ਬਿੰਦਰ ਸਿੰਘ ਰੋਪੜ ਰਹਿੰਦਾ ਹੈ। ਸ਼ਾਦੀਸ਼ੁਦਾ ਹੈ। ਲਖਜੋਤ ਸਿੰਘ ਪਿੰਡ ਗਗਨੌਲੀ ਵਿਖੇ ਰਹਿੰਦਾ ਹੈ। ਲਖਜੋਤ ਸਿੰਘ ਨਾਲ ਮੇਰੀ ਮੁਲਾਕਾਤ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਮਿਤੀ 13-7-15 ਨੂੰ ਸ਼ਾਮ ਵੇਲੇ ਹੋਈ। ਮੈਂ ਤਾਂ ਜਗਤਾਰ ਸਿੰਘ ਨਸਰਾਲੇ ਵਾਲੇ ਚਰਨਜੀਤ ਸਿੰਘ ਤੇ ਉਸ ਦੇ ਭਾਈ ਦਾ ਹਾਲ-ਚਾਲ ਪੁੱਛਣ ਗਏ ਸੀ ਜੋ ਹਸਪਤਾਲ ਦਾਖਲ ਸਨ। ਅਚਾਨਕ ਮੇਰੇ ਭਤੀਜੇ ਜਗਤਾਰ ਸਿੰਘ ਨੇ ਦੱਸਿਆ ਕਿ ਉਹ ਚੜ੍ਹਦੇ ਪਾਸੇ ਬੈੱਡ 'ਤੇ ਲੜਕਾ ਲਖਜੋਤ ਲੇਟਿਆ ਹੋਇਆ ਹੈ ਉਸਦਾ ਹਾਲ ਚਾਲ ਪੁੱਛੋ। ਲਖਜੋਤ ਸਿੰਘ ਨੇ ਦੱਸਿਆ ਕਿ ਮੇਰਾ ਐਕਸੀਡੈਂਟ ਹੋ ਗਿਆ ਹੈ। ਮੇਹੇ ਰਾਡ ਪਾ ਕੇ ਓਪਰੇਸ਼ਨ ਕੀਤਾ ਹੈ। ਮੈਂ ਉਸ ਦਾ ਹਾਲ ਵੀ ਪੁੱਛਿਆ ਤੇ ਹੋਰ ਪਿੰਡ ਨਾਲ ਸਬੰਧਤ ਗੱਲਾਂ ਵੀ ਕੀਤੀਆਂ। ਲਖਜੋਤ ਸਿੰਘ ਨੇ ਇਹ ਵੀ ਦੱਸਿਆ ਕਿ ਜਦੋਂ ਸਤੰਬਰ 1979 ਈ: ਵਿਚ ਅੰਗਰੇਜ਼ ਚੰਨੂ ਦੇ ਸੱਪ ਲੜ ਗਿਆ ਸੀ ਤਾਂ ਮੇਰਾ ਭਾਪਾ ਚੈਂਚਲ ਸਿੰਘ ਉਸ ਨੂੰ ਮੋਢੇ 'ਤੇ ਚੁੱਕ ਕੇ ਖੇਤ ਵਿਚੋਂ ਲਿਆਇਆ। ਫਿਰ ਟਰੈਕਟਰ 'ਤੇ ਬਿਠਾ ਕੇ ਕਰਤਾਰ ਸਿੰਘ ਦੇ ਪਾਸ ਡਾਲੀ ਕਰਨ ਲਈ ਲੈ ਕੇ ਗਏ ਸੀ।

ਲੰਬੜਦਾਰ ਨਿੱਕਾ ਸਿੰਘ ਦਾ ਵੰਸ਼:

* 2. **ਕਰਤਾਰ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਮਹਿੰਦਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਦੋਲੀਕੇ-ਦੂਹੜੇ ਹਨ। ਮਹਿੰਦਰ ਕੌਰ ਪਹਿਲਾਂ ਪਿੰਡ ਹੁਸੈਨ ਹਜ਼ਾਰਾ ਸਿੰਘ ਦੇ ਲੜਕੇ ਭਜਨ ਸਿੰਘ ਨੂੰ ਵਿਆਹੀ ਹੋਈ ਸੀ। ਕਿਸੇ ਕਾਰਨ ਤਲਾਕ ਹੋ ਗਿਆ ਸੀ। ਪ੍ਰਮਾਤਮਾ ਦੇ ਘਰ ਦਾ ਕਿਸੇ ਨੂੰ ਕੀ ਪਤਾ ਹੈ ਕਿ ਉਸ ਦਾ ਅੰਨਜਲ ਵਿਦੇਸ਼ ਦਾ ਲਿਖਿਆ ਹੋਇਆ ਸੀ। ਕਰਤਾਰ ਸਿੰਘ ਪਰਿਵਾਰ ਵਿਚ ਖੇਤੀ ਦਾ ਕੰਮ ਕਰਦੇ ਸਨ। ਪ੍ਰਮਾਤਮਾ ਨੇ ਕ੍ਰਿਪਾ ਕੀਤੀ ਤਾਂ ਆਪ ਇੰਗਲੈਂਡ ਚਲੇ ਗਏ। ਮੈਨੂੰ ਉਨ੍ਹਾਂ ਦੇ ਇੰਗਲੈਂਡ ਜਾਣ ਬਾਰੇ ਨਹੀਂ ਪਤਾ ਹੈ ਕਦੋਂ ਗਏ, ਜਿਸ ਸਮੇਂ ਉਨ੍ਹਾਂ ਦੀਆਂ ਫੋਟੋ ਇੰਗਲੈਂਡ ਤੋਂ ਆਈਆਂ ਤਾਂ ਉਨ੍ਹਾਂ ਦੀ ਭੈਣ ਗਿਆਨ ਕੌਰ ਕਰਤਾਰ ਸਿੰਘ ਦੀਆਂ ਫੋਟੋ ਸਾਰਿਆਂ ਨੂੰ ਦਿਖਾਉਂਦੀ ਸੀ।

* 3. **ਪੱਕੀ ਕੋਠੀ:-** ਕਰਤਾਰ ਸਿੰਘ ਨੇ ਇੰਗਲੈਂਡ ਤੋਂ ਪੈਸਾ ਭੇਜਿਆ ਤਾਂ ਆਪ ਨੇ ਆਪਣੇ ਪਹਿਲੇ ਮਕਾਨ ਢਾਹ ਕੇ ਪੱਕੀ ਕੋਠੀ ਪਾਈ ਜੋ ਉਸ ਸਮੇਂ ਪਹਿਲੇ ਨੰਬਰ ਤੇ ਸੀ ਜੋ 1966 ਈ: ਵਿਚ ਬਣ ਕੇ ਤਿਆਰ ਹੋਈ। ਕਰਤਾਰ ਸਿੰਘ ਤੋਂ ਮਗਰੋਂ ਪਿੰਡ ਦਾ ਮੁੱਖੀਆ ਉਨ੍ਹਾਂ ਦਾ ਛੋਟਾ ਭਾਈ ਲਛਮਣ ਸਿੰਘ ਸੀ ਜਿਸ ਨੇ ਆਪਣੇ ਦਿਮਾਗ ਨਾਲ ਇਹ ਕੋਠੀ ਤਿਆਰ ਕਰਵਾਈ ਸੀ। ਇਸ ਨੂੰ ਬਨਾਉਣ ਵਾਸਤੇ ਮਿਸਤਰੀ ਲਾਭ ਸਿੰਘ

ਸਾਹਰੀ ਸੀ। ਇਨ੍ਹਾਂ ਨਾਲ ਇਕ ਹੋਰ ਮਿਸਤਰੀ ਸੀ। ਲਾਭ ਸਿੰਘ ਦਾ ਕੰਮ ਸਾਫ਼ ਸੁਥਰਾ ਸੀ ਪਰ ਕੰਮ ਦੀ ਚਾਲ ਬਹੁਤ ਮੱਠੀ ਸੀ।

* **ਵਿਆਹ**:- ਕਰਤਾਰ ਸਿੰਘ ਦਾ ਵਿਆਹ 17-8-1969 ਈ: ਨੂੰ ਮਹਿੰਦਰ ਕੌਰ ਨਾਲ ਹੋਇਆ। ਵਡੇਰੀ ਉਮਰ ਵਿਚ ਆਪ ਨੂੰ ਲੜਕੀ ਤੇ ਲੜਕੇ ਦੀ ਦਾਤ ਪ੍ਰਾਪਤ ਹੋਈ। ਲੜਕੀ ਦਾ ਨਾਮ ਕਿਰਨਜੀਤ ਕੌਰ ਹੈ। ਲੜਕੇ ਦਾ ਨਾਮ ਜਗਦੀਪ ਸਿੰਘ ਹੈ।

* ਜਗਦੀਪ ਸਿੰਘ ਦੇ ਵਿਆਹ ਦੇ ਸਮੇਂ ਉਸ ਨੂੰ ਘੋੜੀ 'ਤੇ ਬਿਠਾ ਕੇ ਆਪਣੇ ਪਿੰਡ ਦੀ ਪਰਕਰਮਾ ਕਰਵਾਈ, ਜੋ ਪਿੰਡ ਵਿਚ ਪਹਿਲੀ ਵਾਰ ਹੋਇਆ ਹੈ। ਲੜਕੀ ਦੀ ਸ਼ਾਦੀ ਇੰਗਲੈਂਡ ਵਿਚ ਹੀ ਹੋਈ ਹੈ। ਕਰਤਾਰ ਸਿੰਘ ਜਦੋਂ ਛੁੱਟੀ ਆਉਂਦਾ ਤਾਂ ਸਾਡੇ ਸਾਰੇ ਤਾਇਆਂ-ਚਾਚਿਆਂ ਨੂੰ ਜ਼ਰੂਰ ਮਿਲ ਕੇ ਜਾਂਦਾ ਸੀ। ਚਾਰੇ ਭਰਾਵਾਂ ਵਿਚੋਂ ਸਿਰਫ਼ ਕਰਤਾਰ ਸਿੰਘ ਦੇ ਹੀ ਲੜਕਾ ਲੜਕੀ ਹੈ।

* 3. **ਲਛਮਣ ਸਿੰਘ**:- ਆਪ ਆਪਣੇ ਪਿਤਾ ਦੀ ਕਬੀਲਦਾਰੀ ਦਾ ਧੁਰਾ ਸਨ। ਆਪ ਉਰਦੂ ਦੀਆਂ ਛੇ ਜਾਂ ਸੱਤ ਜਮਾਤਾਂ ਪਾਸ ਸਨ। ਆਪ ਜਦੋਂ ਵੀ ਘਰੋਂ ਤਿਆਰ ਹੋ ਕੇ ਬਾਹਰ ਜਾਂਦੇ ਸਨ ਤਾਂ ਆਪ ਨੇ ਵਧੀਆ ਕਮੀਜ਼ ਪਜਾਮਾ ਪਹਿਨਿਆ ਹੁੰਦਾ ਸੀ। ਸਿਰ 'ਤੇ ਚਿੱਟੀ ਪੱਗੜੀ ਤੇ ਦਾੜੀ ਬੰਨ੍ਹ ਕੇ ਰੱਖਦੇ ਸਨ। ਦੂਰੋਂ ਵੇਖਣ ਵਾਲੇ ਨੂੰ ਆਪ ਕੋਈ ਕਾਂਗਰਸੀ ਨੇਤਾ ਲੱਗਦੇ ਸਨ। ਜਦੋਂ ਮੈਂ ਕਾਲਜ ਨੂੰ ਪੜ੍ਹਨ ਜਾਂਦਾ ਹੁੰਦਾ ਸੀ ਤਾਂ ਕਦੇ-ਕਦੇ ਹੁਸ਼ਿਆਰਪੁਰ ਨੂੰ ਜਾਣ ਵੇਲੇ ਮਿਲ ਪੈਂਦੇ ਸਨ। ਆਪਣੀ ਘਰ ਦੀ ਕਬੀਲਦਾਰੀ ਦੀ ਗੱਲ ਕਰਦੇ ਹੁੰਦੇ ਸਨ। ਇਕ ਵਾਰ ਉਨ੍ਹਾਂ ਕਿਹਾ ਕਿ ਮੈਨੂੰ ਪਤਾ ਹੈ ਕਿ ਮੈਂ ਇਸ ਘਰ ਨੂੰ ਕਿਵੇਂ ਚਲਾਇਆ ਹੈ? ਮੈਂ ਇਨ੍ਹਾਂ ਨੂੰ ਖੇਤੀਬਾੜੀ ਦਾ ਕੰਮ ਕਰਦੇ ਕਦੇ ਨਹੀਂ ਵੇਖਿਆ ਹੈ। ਦੂਜੀ ਗੱਲ ਉਨ੍ਹਾਂ ਮੇਰੇ ਨਾਲ ਸਾਂਝੀ ਕੀਤੀ ਕਿ ਜਦੋਂ ਤੱਕ ਮੈਂ ਜਿਊਂਦਾ ਹਾਂ ਮੈਂ ਆਪਣੀ ਮਾਤਾ ਦੀ ਬਰਸੀ ਹਰ ਸਾਲ ਮਨਾਵਾਂਗਾ। ਮਾਤਾ ਮਾਲਾ 14-6-1973 ਨੂੰ ਬ੍ਰਹਮਲੀਨ ਹੋਈ ਸੀ। ਲਛਮਣ ਸਿੰਘ ਉਨ੍ਹਾਂ ਦੀ ਬਰਸੀ 'ਤੇ ਸਹਿਜ ਪਾਠ ਰਖਾਉਂਦੇ ਸਨ। ਭੋਗ ਉਪਰੰਤ ਸਾਧ ਸੰਗਤ ਨੂੰ ਲੰਗਰ ਛਕਾਉਂਦੇ ਸਨ। ਲਛਮਣ ਸਿੰਘ ਨੇ ਆਪਣਾ ਜ਼ਿਆਦਾ ਸਮਾਂ ਬਡਾਲਾ ਮਾਹੀ ਨੇੜੇ ਸ਼ਾਮ ਚੁਰਾਸੀ ਵਿਖੇ ਬਤੀਤ ਕੀਤਾ ਹੈ। ਇਥੇ ਆਪ ਦੀ ਮੌਤ 26-12-1988 ਈ: ਨੂੰ ਹੋਈ ਹੈ। ਆਪ ਦੀਆਂ ਭੋਗ ਦੀਆਂ ਅੰਤਮ ਰਸਮਾਂ ਵੀ ਇਥੇ ਹੀ ਹੋਈਆਂ ਹਨ।

* 4. **ਕਾਬਲ ਸਿੰਘ**:- ਆਪ ਦੀ ਧਰਮ ਪਤਨੀ ਪਿੰਡ ਬਡਾਲਾ ਮਾਹੀ ਤੋਂ ਸੀ। ਉਹ ਆਪ ਦੇ ਘਰ ਥੋੜ੍ਹਾ ਸਮਾਂ ਵਸ ਕੇ ਲਛਮਣ ਸਿੰਘ ਦੇ ਵਸਣ ਲੱਗੀ। ਪਿੰਡ ਵਿਚ ਉਹ ਬਹੁਤ ਘੱਟ ਆਈ ਹੈ। ਮੈਂ ਉਸ ਨੂੰ ਪਿੰਡ ਵਿਚ ਕਦੇ ਨਹੀਂ ਵੇਖਿਆ ਹੈ। ਉਸ ਦੀ ਕੋਈ ਸੰਤਾਨ ਨਹੀਂ ਸੀ। ਕਾਬਲ ਸਿੰਘ ਨੇ ਖੇਤੀਬਾੜੀ ਦਾ ਕੰਮ ਡਟ ਕੇ ਕੀਤਾ ਹੈ। ਨਿਰੰਜਨ ਸਿੰਘ ਦੇ ਖੇਤਾਂ ਦੇ ਨਾਲ ਲੱਗਦੇ ਖੇਤਾਂ ਵਿਚ ਹਾੜੀ ਤੇ ਸਾਉਣੀ ਬਹੁਤ ਫ਼ਸਲ ਹੁੰਦੀ ਹੈ। ਆਪ ਦਾ ਇਕ ਵਿਸ਼ੇਸ਼ ਗੁਣ ਸੀ ਕਿ ਮੱਕੀ ਵੱਢ ਕੇ ਭਰੀਆਂ ਦਾ ਮਹਾਰਾਂ ਲਗਾ ਦਿੱਤਾ ਜਾਂਦਾ ਸੀ। ਸਿਆਲ ਰੁੱਤੇ ਆਮ ਲੋਕ ਆਪ ਦੇ ਪਾਸੋਂ ਦਾਣੇ ਮੁੱਲ ਲੈਂਦੇ ਸਨ।

ਆਪ ਦੋਨੋਂ ਭਰਾ ਕਾਹਰੀ ਤੇ ਸਾਹਰੀ ਮੇਲਾ ਜ਼ਰੂਰ ਦੇਖਣ ਜਾਂਦੇ ਸਨ। ਕਾਹਰੀ ਬਾਬਾ ਈਸ਼ਰ ਦਾਸ ਸਾਹਰੀ ਦਾ ਹੋਲਾ ਮਹੱਲਾ ਵੈਸੇ ਬਾਬਾ ਮਾਹਨ ਦਾਸ ਦਾ ਮੇਲਾ ਵੀ ਬਹੁਤ ਭਰਦਾ ਹੈ। ਕਾਬਲ ਸਿੰਘ ਸਾਡੇ ਤਾਏ ਮੁਨਸ਼ੀ ਨਾਲ ਕਦੇ-ਕਦੇ ਹਾਸਾ ਮਜ਼ਾਕ ਕਰ ਲੈਂਦੇ ਸਨ। ਕਾਬਲ ਸਿੰਘ ਕੋਈ 90 ਸਾਲ ਦੀ ਉਮਰ ਭੋਗ ਕੇ ਮਿਤੀ 2-4-2016 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਅੰਤ ਸਮੇਂ ਜ਼ਿਆਦਾ ਬਿਮਾਰ ਨਹੀਂ ਹੋਏ। ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਦੋ ਤਿੰਨ ਵਾਰ ਮਿਲਿਆ ਹਾਂ। ਉਨ੍ਹਾਂ ਦੇ ਭੋਗ ਦੀ ਰਸਮ ਮਿਤੀ 11-4-16 ਦਿਨ ਸੋਮਵਾਰ ਸੀ। ਮੈਨੂੰ ਸਰਦਾਰ ਗੁਲਜਾਰ ਸਿੰਘ ਲੰਬੜਦਾਰ ਨੇ ਭੋਗ ਤੇ ਆਉਣ ਲਈ ਕਿਹਾ ਸੀ। ਮੈਂ ਭੋਗ ਦੇ ਸਮੇਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਆਈਆਂ ਸੰਗਤਾਂ ਵਾਸਤੇ ਚਾਹ ਪਕੌੜੇ ਤੇ ਲੰਗਰ ਦਾ ਖਾਸ ਪ੍ਰਬੰਧ ਸੀ। ਪਰਿਵਾਰ ਵਲੋਂ ਮੈਨੂੰ ਸਿਰੋਪਾ ਦੇ ਕੇ ਮੇਰਾ ਸਤਿਕਾਰ ਕੀਤਾ ਗਿਆ।

* 5. **ਸਰਵਣ ਸਿੰਘ:-** ਆਪ ਨੂੰ ਪਿੰਡ ਵਿਚ ਆਮ ਕਰਕੇ ਛੱਬਾ ਕਹਿ ਕੇ ਬੁਲਾਇਆ ਜਾਂਦਾ ਹੈ। ਆਪ ਨੇ ਵੀ ਉਰਦੂ ਦੀਆਂ ਛੇ ਜਮਾਤਾਂ ਪਾਸ ਕੀਤੀਆ ਹਨ। ਆਪ ਦੇ ਹਾਣੀ ਸੋਹਣ ਸਿੰਘ, ਪ੍ਰੀਤਮ ਸਿੰਘ ਤੇ ਮੋਹਣ ਸਿੰਘ ਸਨ। ਆਪ ਦਾ ਭਾਈ ਕਾਬਲ ਸਿੰਘ ਖੇਤੀਬਾੜੀ ਦਾ ਕੰਮ ਕਰਦਾ ਸੀ। ਆਪ ਪਸ਼ੂਆਂ ਦੀ ਸਾਂਭ ਸੰਭਾਲ ਕਰਦੇ ਸਨ। ਦੋ ਵਕਤ ਪਸ਼ੂ ਜ਼ਰੂਰ ਚਾਰਦੇ ਸਨ। ਦੱਸਿਆ ਜਾਂਦਾ ਹੈ ਕਿ ਆਪ ਦੀਆਂ ਦੋ ਸ਼ਾਦੀਆਂ ਹੋਈਆਂ ਹਨ। ਇਕ ਸ਼ਾਦੀ ਪਿੰਡ ਖਨੌੜਾ ਵਿਖੇ ਹੋਈ ਹੈ। ਪਰ ਆਪ ਦੀ ਬਰਾਤ ਯੂ.ਪੀ. ਵਿਚ ਗਈ ਸੀ। ਆਪ ਦਾ ਵਿਚੋਲਾ ਆਸਾ ਸਿੰਘ ਹੁਸੈਨਪੁਰ ਵਾਲਾ ਸੀ। ਉਸ ਨੇ ਆਪਣੀ ਭਾਣਜੀ ਦਾ ਰਿਸ਼ਤਾ ਆਪ ਨੂੰ ਕਰਵਾਇਆ ਸੀ। ਚਾਰ ਕੁ ਸਾਲ ਮਗਰੋਂ ਮਹਿੰਦਰ ਸਿੰਘ ਸਰਪੰਚ ਦੀ ਹਵੇਲੀ ਵਿਖੇ ਹੀ ਤਲਾਕ ਹੋ ਗਿਆ। ਆਪ ਦੀ ਵੀ ਕੋਈ ਸੰਤਾਨ ਨਹੀਂ ਹੈ। ਹੁਣ ਆਪ ਵੀ ਵਡੇਰੀ ਉਮਰ ਦੇ ਹਨ। ਆਪ ਦੀ ਸੇਵਾ ਆਪ ਦੇ ਦੋਹਤੇ ਕਰਦੇ ਹਨ। ਉਪਰੋਕਤ ਸਾਰਾ ਪਰਿਵਾਰਕ ਵੇਰਵਾ ਨਿੱਕਾ ਸਿੰਘ ਲੰਬੜਾਰ ਦਾ ਸੀ। ਇਸ ਘਰ ਦੀ ਖਾਸ ਵਿਸ਼ੇਸ਼ਤਾ ਸਾਫ਼ ਸਫਾਈ ਤੇ ਪੈਸਾ ਫਜ਼ੂਲ ਖਰਚ ਨਹੀਂ ਕਰਨਾ ਹੈ। ਆਪ ਦੀ ਭਾਣਜੀ ਸੁਰਿੰਦਰ ਕੌਰ ਆਪ ਦੇ ਕੋਲ ਰਹਿ ਰਹੀ ਹੈ। ਲੋੜ ਪੈਣ ਤੇ ਆਪ ਕਿਸੇ ਗਰੀਬ ਦੀ ਪੈਸਿਆਂ ਨਾਲ ਮਦਦ ਵੀ ਕਰ ਦਿੰਦੇ ਹਨ।

ਤਰਖਾਣਾਂ ਦੇ ਘਰ

ਪਿੰਡ ਵਿਚ ਜੱਦੀ ਪੁਸ਼ਤੀ ਤਰਖਾਣਾਂ ਦੇ ਤਿੰਨ ਘਰ ਹਨ। ਸਾਰਿਆਂ ਦਾ ਰੈਅਤ ਗੋਤ ਹੈ। ਘਰ ਵੀ ਸਾਰਿਆਂ ਦੇ ਇਕੱਠੇ ਹਨ। ਇਕ ਦੂਜੇ ਨਾਲ ਮਕਾਨਾਂ ਦੀਆਂ ਪਿੱਠਾਂ ਲੱਗਦੀਆਂ ਹਨ ਜਿਵੇਂ ਅਸੀਂ ਆਖ ਦਿੰਦੇ ਹਾਂ ਸੋਹਣ ਸਿੰਘ ਪ੍ਰੀਤਮ ਸਿੰਘ ਦੇ ਪਿਛਵਾੜੇ ਰਹਿੰਦਾ ਹੈ।

ਈਸ਼ਰ ਸਿੰਘ

ਵੰਸ਼: ਦੋ ਲੜਕੀਆਂ ਅਤੇ ਦੋ ਲੜਕੇ ਸਨ।

ਲੜਕੀਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ।

ਲੜਕੇ: ਮੇਹਰ ਸਿੰਘ ਤੇ ਕਰਤਾਰ ਸਿੰਘ

* ਮੇਹਰ ਸਿੰਘ ਦੀ ਧਰਮ ਪਤਨੀ ਦਾ ਨਾਮ ਰਾਓ ਸੀ।

ਵੰਸ਼: ਇਨ੍ਹਾਂ ਦੇ ਤਿੰਨ ਲੜਕੇ- ਬਤਨ ਸਿੰਘ, ਨਿਰੰਜਨ ਸਿੰਘ ਅਤੇ ਚਰਨ ਸਿੰਘ ਸਨ।

1\. * ਬਤਨ ਸਿੰਘ ਦੀ ਧਰਮ ਪਤਨੀ ਦਾ ਨਾਮ ਨਿਰੰਜਨ ਕੌਰ ਨੰਜੋ ਸੀ, ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੂਰੇ ਜੱਟਾਂ ਸਨ। ਨਿਰੰਜਨ ਕੌਰ ਦੇ ਚਿਹਰੇ ਦਾ ਰੰਗ ਚਿੱਟਾ ਤੇ ਕੱਦ ਲੰਬਾ ਸੀ। ਹਮੇਸ਼ਾ ਘਰ ਦਾ ਕੰਮਕਾਰ ਕਰਦੀ ਰਹਿੰਦੀ ਸੀ। ਘਰ ਵਿਚ ਲਵੇਰਾ ਵੀ ਰੱਖਦੀ ਸੀ। ਪਿਛਲੇ ਪਹਿਰ ਉਸਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਉਸ ਨੂੰ ਸਾਹ ਦੀ ਸ਼ਿਕਾਇਤ ਸੀ। ਫਿਰ ਵੀ ਘਰੇਲੂ ਕੰਮਕਾਰ ਕਰਦੀ ਰਹਿੰਦੀ ਸੀ। ਬਤਨ ਸਿੰਘ ਰਾਜ ਮਿਸਤਰੀ ਦਾ ਕੰਮ ਕਰਦਾ ਸੀ। ਉਸ ਨੇ ਪਿੰਡ ਵਿਚ ਤਾਂ ਘੱਟ ਹੀ ਕੰਮ ਕੀਤਾ ਉਹ ਜ਼ਿਆਦਾ ਕਰਕੇ ਹੁਸ਼ਿਆਰਪੁਰ ਹੀ ਕੰਮ ਕਰਦਾ ਸੀ। ਜੂਨ 1970 ਈ: ਵਿਚ ਉਸ ਨੇ ਗੁਲਜਾਰ ਸਿੰਘ ਲੰਬੜਦਾਰ ਦੇ ਮਕਾਨ ਬਣਾਏ ਸਨ। ਬਤਨ ਸਿੰਘ ਨੇ ਕਿਹਾ ਕਿ ਮੈਂ ਕਦੇ ਕਿਸੇ ਮਜ਼ਦੂਰ ਨੂੰ ਤੰਗ ਨਹੀਂ ਕੀਤਾ। ਪਿਆਰ ਨਾਲ ਕੰਮ ਕਰਾਉਂਦਾ ਰਿਹਾ ਹਾਂ। ਕਦੇ-ਕਦੇ ਕਾਲਜ ਨੂੰ ਜਾਂਦੇ ਰਸਤੇ ਵਿਚ ਮਿਲ ਪੈਂਦੇ ਸਨ। ਜੇ ਕੰਮ ਤੋਂ ਲੇਟ ਹੋਣ ਤਾਂ ਕਹਿੰਦੇ ਸਨ, "ਮੈਂ ਤੜਕੇ ਚਾਰ ਵਜੇ ਦਾ ਉੱਠਿਆ ਹੋਇਆ ਹਾਂ ਫਿਰ ਵੀ ਲੇਟ ਹੋ ਗਿਆ ਹਾਂ।" ਜਦੋਂ ਆਪ ਦੇ ਲੜਕੇ ਸਰਕਾਰੀ ਨੌਕਰੀ ਕਰਨ ਲੱਗੇ ਤਾਂ ਫਿਰ ਆਪ ਨੇ ਕੰਮ ਕਰਨਾ ਛੱਡ ਦਿੱਤਾ ਸੀ।

ਪਿੰਡ ਵਿਚ 1947 ਤੋਂ ਪਹਿਲਾਂ ਕਿਸੇ ਦੇ ਵੀ ਚੁਬਾਰੇ ਨਹੀਂ ਬਣੇ ਹੋਏ ਸਨ। ਇਹ

ਸਿਰਫ਼ ਆਪ ਦੇ ਚਾਚੇ ਦੇ ਸਨ ਜੋ ਅਫਰੀਕਾ ਵਿਚ ਰਹਿੰਦਾ ਸੀ। ਜ਼ਮੀਨ ਜਾਇਦਾਦ ਦਾ ਮਾਲਕ ਸੀ। ਪਿੰਡ ਦੇ ਬਜ਼ੁਰਗਾਂ ਨੇ ਦੱਸਿਆ ਕਿ ਜਦੋਂ ਦੇਸ਼ ਦਾ ਬਟਵਾਰਾ ਹੋਇਆ ਤਾਂ ਇਨ੍ਹਾਂ ਵਿਚੋਂ ਇਕ ਚੁਬਾਰੇ ਨਾਲ ਘੜਿਆਲ ਬੰਨ੍ਹਿਆ ਹੋਇਆ ਸੀ ਜੇ ਕੋਈ ਆਦਮੀ ਬਾਹਰੋਂ ਆ ਕੇ ਖੱਪ ਕਰਦਾ ਸੀ ਤਾਂ ਘੜਿਆਲ ਵਜਾ ਦਿੱਤਾ ਜਾਂਦਾ ਸੀ ਤਾਂ ਪਿੰਡ ਦੇ ਸਾਰੇ ਲੋਕ ਇਕੱਠੇ ਹੋ ਜਾਂਦੇ ਸਨ। ਉਸ ਸਮੇਂ ਪਿੰਡ ਬਹੁਤ ਛੋਟਾ ਸੀ ਆਦਿ ਪੁਸ਼ਤਾਂ ਤੋਂ 16 ਘਰ ਸਨ। ਬਤਨ ਸਿੰਘ ਦੀ ਮਾਤਾ 20-9-1973 ਨੂੰ ਲੰਬੀ ਉਮਰ ਭੋਗ ਕੇ ਸੁਰਗਵਾਸ ਹੋਈ ਹੈ। ਆਪ ਦੇ ਪਿਤਾ ਨੂੰ ਅਸੀਂ ਨਹੀਂ ਵੇਖਿਆ। ਸੁਰਿੰਦਰ ਸਿੰਘ ਨੇ ਉਸ ਦੀ ਬਹੁਤ ਸੇਵਾ ਕੀਤੀ। ਆਪ ਦੀ ਧਰਮ ਪਤਨੀ ਨੇ ਬਹੁਤਾ ਪਰਿਵਾਰਕ ਸੁੱਖ ਨਹੀਂ ਮਾਣਿਆ। ਉਸ ਦੇ ਜਿਊਂਦੇ ਜੀਅ ਘਰ ਦੇ ਹਾਲਾਤ ਬਦਲ ਗਏ ਸਨ। ਦੋ ਵੱਡੇ ਲੜਕੇ ਸਰਕਾਰੀ ਨੌਕਰੀ ਕਰਦੇ ਸਨ। ਘਰ ਵਿਚ ਖੇਤੀਬਾੜੀ ਲਈ ਨੌਕਰ ਵੀ ਰੱਖਿਆ ਹੋਇਆ ਸੀ। ਉਹ ਆਪਣੇ ਪਰਿਵਾਰ ਦੀਆਂ ਵਿਆਹ-ਸ਼ਾਦੀਆਂ ਨਹੀਂ ਵੇਖ ਸਕੀ। ਉਹ 26-5-1978 ਨੂੰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ।

ਅਜਿਹੀ ਹਾਲਤ ਵਿਚ ਬਤਨ ਸਿੰਘ ਨੇ ਦਿਲ ਨਹੀਂ ਛੱਡਿਆ ਤੇ ਕੰਮਕਾਰ ਕਰਦਾ ਰਿਹਾ। ਬਤਨ ਸਿੰਘ ਨੇ ਆਪਣੇ ਚਾਚੇ ਕੋਲੋਂ ਘਰ ਦਾ ਥਾਂ ਮੁੱਲ ਲੈ ਲਿਆ ਤੇ ਚੁਬਾਰੇ ਢਾਹ ਕੇ ਆਪਣੇ ਲੜਕਿਆਂ ਨੂੰ ਨਕਸ਼ੇ ਅਨੁਸਾਰ ਕੋਠੀਆਂ ਬਣਾ ਕੇ ਦਿੱਤੀਆਂ। ਕੋਠੀਆਂ ਦਾ ਕੰਮ ਮੁਕੰਮਲ ਹੋਣ ਵਾਲਾ ਸੀ। ਕਮਰਿਆਂ ਵਿਚ ਚਿਪਸ ਦੇ ਫਰਸ਼ ਪਾਏ ਸਨ। ਰਗੜਾਈ ਕਰਨ ਵਾਲਾ ਮਿਸਤਰੀ ਕਾਹਰੀ ਦਾ ਸੀ, ਜੋ ਰਾਤ ਨੂੰ ਕੰਮ ਕਰਦਾ ਸੀ। ਬਤਨ ਸਿੰਘ ਨੇ ਵੀ ਨਵੇਂ ਮਕਾਨਾਂ ਦਾ ਅਨੰਦ ਨਹੀਂ ਮਾਣਿਆ। ਨਵੰਬਰ ਦਾ ਮਹੀਨਾ ਸੀ। ਬਤਨ ਸਿੰਘ ਨੇ ਤੜਕਸਾਰ ਮਿਸਤਰੀ ਨੂੰ ਚਾਹ ਪਿਆਈ ਤੇ ਆਪ ਪੀਤੀ। ਸਵੇਰੇ ਦਿਨ ਚੜ੍ਹਦੇ ਸਾਰ ਉਨ੍ਹਾਂ ਦੀ ਨੂੰਹ ਨੇ ਮਿਸਤਰੀ ਨੂੰ ਚਾਹ ਦਿੱਤੀ। ਫਿਰ ਬਤਨ ਸਿੰਘ ਨੂੰ ਆਵਾਜ਼ ਮਾਰੀ ਭਾਪਾ ਜੀ ਚਾਹ ਪੀ ਲਓ। ਪਰ ਉਹ ਤਾਂ ਪਹਿਲਾਂ ਹੀ ਪਰਮਾਤਮਾ ਨੂੰ ਪਿਆਰਾ ਹੋ ਚੁੱਕਾ ਸੀ। ਜਦੋਂ ਬਤਨ ਸਿੰਘ ਨਾ ਬੋਲਿਆ ਤਾਂ ਬਹੂ ਨੇ ਰਜਾਈ ਚੁੱਕ ਕੇ ਵੇਖਿਆ ਤਾਂ ਬਾਪਾ ਜੀ ਪ੍ਰਮਾਤਮਾ ਦੀ ਗੋਦ ਵਿਚ ਜਾ ਬਿਰਾਜੇ ਸਨ। ਇਹ ਘਟਨਾ 27-11-1993 ਦੀ ਹੈ ਜਦੋਂ ਬਤਨ ਸਿੰਘ ਵਸਦੇ ਰੱਸਦੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਿਆ। ਬਤਨ ਸਿੰਘ ਦਾ ਆਦਤ ਸੁਭਾਅ ਚੰਗਾ ਸੀ। ਕਦੇ ਕਿਸੇ ਨਾਲ ਕੋਈ ਫਾਲਤੂ ਗੱਲਬਾਤ ਨਹੀਂ ਕਰਦਾ ਸੀ। ਮਿਲਣਸਾਰ ਇਨਸਾਨ ਸੀ।

ਵੰਸ਼: ਆਪ ਦੇ ਵੰਸ਼ ਵਿਚ ਚਾਰ ਲੜਕੀਆਂ

1. ਸ਼ੀਲਾ ਕੌਰ ਧਰਮ ਪਤਨੀ ਸੁਧਾਮਾ ਸਹੁਰੇ ਬਿਲਾਸਪੁਰ (ਹੁਸ਼ਿਆਰਪੁਰ)
2. ਲੀਲਾ ਦੇਵੀ ਸਹੁਰੇ ਪੁਰ ਹੀਰਾਂ (ਹੁਸ਼ਿਆਰਪੁਰ)
3. ਸੁਰਿੰਦਰ ਕੌਰ ਜੋ ਦਸਵੀਂ ਪਾਸ ਹੈ ਇਸ ਦੀ ਸ਼ਾਦੀ ਮਿਤੀ 10-5-1978 ਦਿਨ ਬੁੱਧਵਾਰ ਤੇ ਸਹੁਰੇ ਢੱਟਾਂ (ਹੁਸ਼ਿਆਰਪੁਰ)
4. ਪਰਮਜੀਤ ਕੌਰ ਪੱਧੋ ਹੈ ਜਿਸ ਦੀ ਸ਼ਾਦੀ 12-5-1978 ਦੀ ਹੈ।

*** ਲੜਕੇ**: ਸੁਰਿੰਦਰ ਸਿੰਘ, ਸੋਹਣ ਸਿੰਘ ਅਤੇ ਤਰਸੇਮ ਸਿੰਘ

1. **ਸੁਰਿੰਦਰ ਸਿੰਘ**:- ਸੁਰਿੰਦਰ ਦਾ ਰੰਗ ਗੋਰਾ, ਸਰੀਰ ਦਰਮਿਆਨਾ ਤੇ ਤਕੜਾ ਹੈ। ਜਵਾਨੀ ਵੇਲੇ ਸਿਹਤ ਭਰਵੀਂ ਸੀ। ਆਪ ਨੇ 1967 ਈ: ਵਿਚ ਸਰਕਾਰੀ ਹਾਈ ਸਕੂਲ ਨਸਰਾਲਾ ਤੋਂ ਦਸਵੀਂ ਪਾਸ ਕੀਤੀ। ਜਲਦੀ ਹੀ ਆਪ ਨੂੰ ਐਫ.ਸੀ.ਆਈ. ਨਸਰਾਲਾ ਵਿਖੇ ਸਰਕਾਰੀ ਨੌਕਰੀ ਮਿਲ ਗਈ। ਘਰ ਦੇ ਹਾਲਾਤ ਬਦਲਣੇ ਸ਼ੁਰੂ ਹੋ ਗਏ। ਅਜੈਬ ਸਿੰਘ ਰਾਮੂ ਥਿਆੜਾ ਵੀ ਆਪ ਦੇ ਨਾਲ ਸੀ। ਦੋਹਾਂ ਦੀ ਦੋਸਤੀ ਸੀ। ਅਜੈਬ ਨੇ ਥੋੜ੍ਹਾ ਸਮਾਂ ਕਿਸੇ ਡਾਕਟਰ ਨਾਲ ਲਗਾਇਆ ਸੀ। ਉਹ ਸੁਰਿੰਦਰ ਸਿੰਘ ਨੂੰ ਵੀ ਦਵਾਈਆਂ ਬਾਰੇ ਦੱਸਦਾ ਰਹਿੰਦਾ ਸੀ। ਐਫ.ਸੀ.ਆਈ. ਵਿਭਾਗ ਨੂੰ ਬਣੀ ਬਣਾਈ ਬਿਲਡਿੰਗ ਮਿਲ ਗਈ ਸੀ। ਇਸ ਵਿਚ ਪਹਿਲਾਂ ਬੂਟ-ਗੁਰਗਾਬੀਆਂ ਬਗੈਰਾ ਤਿਆਰ ਕੀਤੇ ਜਾਂਦੇ ਸਨ। ਇਸ ਦਾ ਨਾਮ ਸੈਂਡੀ ਸ਼ੂ ਕੰਪਨੀ ਸੀ। ਜਦੋਂ ਅਰਬ ਕੰਟਰੀਆਂ ਖੁੱਲ੍ਹੀਆਂ ਸਨ ਤਾਂ ਬਹੁਤੇ ਕਾਰੀਗਰ ਰਾਜ ਮਿਸਤਰੀ, ਲੱਕੜ ਮਿਸਤਰੀ ਤੇ ਹੋਰ ਕਿੱਤੇ ਨਾਲ ਸਬੰਧਤ ਲੋਕਾਂ ਨੇ ਬਾਹਰ ਜਾਣਾ ਸ਼ੁਰੂ ਕਰ ਦਿੱਤਾ। ਸੁਰਿੰਦਰ ਸਿੰਘ ਦੇ ਜੀਜੇ ਜਾਂ ਹੋਰ ਰਿਸ਼ਤੇਦਾਰ ਵੀ ਵਿਦੇਸ਼ ਗਏ ਹੋਏ ਸਨ। ਕਹਿਣ ਦਾ ਭਾਵ ਹੈ ਕਿ ਆਪ ਸਰਕਾਰੀ ਨੌਕਰੀ ਦੇ ਨਾਲ ਇਕ ਏਜੰਟ ਦੇ ਤੌਰ ਤੇ ਕੰਮ ਕਰਨ ਲੱਗੇ। ਪਰ ਇਸ ਵਿਚ ਬਹੁਤੀ ਕਾਮਯਾਬੀ ਨਹੀਂ ਮਿਲੀ। ਇਸ ਕੰਮ ਨਾਲ ਆਪ ਦੀ ਪਿੰਡ ਵਿਚ ਚੜ੍ਹਤ ਹੋਣ ਲੱਗੀ। ਸਾਰੇ ਪਾਸੇ ਸ਼ਿੰਦਾ ਹੀ ਸ਼ਿੰਦਾ ਹੁੰਦੀ ਸੀ। ਆਪ ਪਿੰਡ ਵਿਚ ਮਾਮਲੇ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਲੱਗੇ। ਇਸ ਦੇ ਨਾਲ-ਨਾਲ ਆਪ ਦੀ ਸਿਆਣਪ ਦੀ ਗੱਲ ਵੀ ਹੋਣ ਲੱਗੀ। ਆਪ ਦੀ ਚੜ੍ਹਤ ਨੂੰ ਵੇਖਦੇ ਹੋਏ ਰਤਨ ਸਿੰਘ ਰੱਤਾ ਨੇ ਆਪਣੀ ਹਵੇਲੀ ਵਿਚ ਸ਼ਾਮ ਦੇ ਸਮੇਂ ਕਿਹਾ, "ਸੁਰਿੰਦਰ ਸਿੰਘ ਨੇ ਪਿੰਡ ਦੀ ਚੌਧਰ ਜੁੱਤੀ ਨਾਲ ਲੈਣੀ ਹੈ।" ਉਸ ਸਮੇਂ ਰੱਤਾ ਵੀ ਵਿਦੇਸ਼ ਜਾਣ ਦੇ ਚੱਕਰ ਵਿਚ ਸੀ। ਬਹੁਤ ਸਾਰੇ ਵਿਅਕਤੀਆਂ ਨੇ ਵਿਦੇਸ਼ ਜਾਣ ਲਈ ਪੈਸੇ ਦਿੱਤੇ ਹੋਏ ਸਨ। ਏਜੰਟੀ ਦਾ ਕੰਮ ਹੋਣ ਕਰਕੇ ਆਪ ਨੇ ਐਫ.ਸੀ.ਆਈ. ਵਾਲੀ ਨੌਕਰੀ ਛੱਡ ਦਿੱਤੀ। ਆਪ ਦਾ ਬਹੁਤਾ ਸਮਾਂ ਦਿੱਲੀ ਜਾਂ ਬੰਬਈ ਵਿਚ ਲੱਗਦਾ ਸੀ। ਆਪ ਇਸ ਕੰਮ ਕਰਕੇ ਬਹੁਤ ਸਮਾਂ ਬਾਹਰ ਰਹੇ। ਆਪ ਨੇ ਨਾ ਆਪਣੀ ਸ਼ਾਦੀ ਕਰਾਈ ਨਾ ਆਪਣੇ ਭੈਣ ਭਰਾਵਾਂ ਦੀਆਂ ਸ਼ਾਦੀਆਂ ਦੇਖੀਆਂ ਹਨ। ਆਪ ਸੰਨ 2000 ਦੇ ਕਰੀਬ ਪੰਜਾਬ ਆਏ ਫਿਰ ਘਰਦਿਆਂ ਨੇ ਆਪ ਦੀ ਸ਼ਾਦੀ ਕੀਤੀ ਪਰ ਜਲਦੀ ਤਲਾਕ ਹੋ ਗਿਆ। ਆਪ ਨੇ ਪਿੰਡ ਆ ਕੇ ਨਸਰਾਲੇ ਐਸ.ਟੀ.ਡੀ. ਖੋਲ੍ਹ ਲਈ, ਜਿਸ ਨਾਲ ਆਪ ਦਾ ਸਮਾਂ ਗੁਜ਼ਰਦਾ ਗਿਆ। ਮੈਂ 2013 ਵਿਚ ਇਨ੍ਹਾਂ ਦੇ ਘਰ ਗਿਆ ਤਾਂ ਪਰਿਵਾਰ ਵਾਲਿਆਂ ਨੂੰ ਪੁੱਛਿਆ ਕਿ ਸੁਰਿੰਦਰ ਸਿੰਘ ਕਿੱਥੇ ਹੈ? ਉਨ੍ਹਾਂ ਕਿਹਾ 4-5 ਸਾਲ ਹੋ ਗਏ ਉਹ ਘਰੋਂ ਗਿਆ ਪਰ ਵਾਪਸ ਨਹੀਂ ਆਇਆ। ਉਹ ਬਹੁਤ ਸਮਾਂ ਬਾਹਰ ਰਿਹਾ ਜਿਸ ਦੇ ਨਾਲ ਉਸ ਦੇ ਪਰਿਵਾਰ ਨੇ ਕੋਠੀਆਂ ਪਾਈਆਂ ਸਨ। ਪ੍ਰਮਾਤਮਾ ਵਿਅਕਤੀ ਨੂੰ ਅਰਸ਼ 'ਤੇ ਚੜ੍ਹ ਕੇ ਫਰਸ਼ 'ਤੇ ਸੁੱਟ ਦਿੰਦਾ ਹੈ, ਜਿਸ ਦਾ ਵਿਅਕਤੀ ਨੂੰ ਗਿਆਨ ਨਹੀਂ ਹੈ।

2.*** ਸੋਹਣ ਸਿੰਘ**:- ਆਪ ਦੀ ਸ਼ਾਦੀ ਹਰਵਿੰਦਰ ਕੌਰ ਨਾਲ ਮਿਤੀ 30-9-

1979 ਦਿਨ ਐਤਵਾਰ ਹੋਈ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੱਬਲਾਂ ਹਨ।

*** ਪੜ੍ਹਾਈ:** ਸੋਹਣ ਸਿੰਘ ਨੇ ਮਿਡਲ ਪ੍ਰੀਖਿਆ ਸਰਕਾਰੀ ਮਿਡਲ ਸਕੂਲ ਸਾਹਰੀ ਤੋਂ ਪਾਸ ਕੀਤੀ। ਸਰਕਾਰੀ ਹਾਈ ਸਕੂਲ ਨਸਰਾਲਾ ਤੋਂ ਦਸਵੀਂ ਮਾਰਚ 1969 ਈ: ਵਿਚ ਪਾਸ ਕੀਤੀ। ਇਕ ਸਾਲ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਤੇ ਦੋ ਸਾਲ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਵਿਖੇ ਲਗਾਏ ਸਨ। ਆਪ ਦੇ ਸਾਥੀ ਅਵਤਾਰ ਸਿੰਘ ਕਾਰੋ ਸਨ। ਪਰ ਆਪ ਦੋਵੇਂ ਆਪਣੀ ਪੜ੍ਹਾਈ ਚਾਲੂ ਨਹੀਂ ਰੱਖ ਸਕੇ। ਤਿੰਨ ਸਾਲ ਬੀਤਣ ਦੇ ਮਗਰੋਂ ਆਪ ਦੇ ਭਾਈ ਸੁਰਿੰਦਰ ਸਿੰਘ ਨੇ ਆਪ ਨੂੰ ਏਅਰਫੋਰਸ ਵਿਚ ਭਰਤੀ ਕਰਵਾ ਦਿੱਤਾ। ਨਸਰਾਲਾ ਸਕੂਲ ਵਿਚ ਆਪ ਹਾਕੀ ਦੇ ਚੰਗੇ ਖਿਡਾਰੀ ਸਨ। ਹਾਕੀ ਖਿਡਾਉਣ ਵਾਲਾ ਕੁਲਦੀਪ ਵਸ਼ਿਸ਼ਟ ਸੀ ਜੋ ਕਿਤੇ ਉਹ ਮੈਨੂੰ ਮਿਲੇ ਤਾਂ ਪੁੱਛਦਾ ਹੈ। ਸੋਹਣ ਸਿੰਘ ਦਾ ਕੀ ਹਾਲ ਹੈ? ਪੇਂਡੂ ਖੇਡ ਮੇਲਿਆਂ ਵਿਚ ਆਪ ਕਬੱਡੀ ਵੀ ਖੇਡਦੇ ਸਨ। ਜਦੋਂ ਆਪ ਨੂੰ ਨੌਕਰੀ ਮਿਲ ਗਈ ਤਾਂ ਘਰ ਦੀ ਤਸਵੀਰ ਹੋਰ ਵੀ ਬਦਲ ਗਈ। ਕਾਲਜ ਵਿਚ ਸਾਡੀ ਦੋ ਚਾਰ ਸਾਥੀਆਂ ਦੀ ਚੜ੍ਹਤ ਸੀ।

*** ਸੇਵਾ ਮੁਕਤ:** ਆਪ 2000 ਵਿਚ ਪੈਨਸ਼ਨ ਆ ਗਏ।

ਵੰਸ਼: ਆਪ ਦੇ ਵੰਸ਼ ਵਿਚ ਇਕ ਲੜਕੀ ਤੇ ਲੜਕਾ ਹੈ।

ਲੜਕੀ: ਪ੍ਰਭਜੋਤ ਕੌਰ ਹੈ ਜਿਸ ਨੇ M.C.A. ਪ੍ਰਾਈਵੇਟ ਤੌਰ ਤੇ ਕੀਤੀ ਹੈ।

ਲੜਕਾ: ਹਰਪ੍ਰੀਤ ਸਿੰਘ ਜੋ +2 ਪਾਸ ਹੈ।

*** 3. ਤਰਸੇਮ ਸਿੰਘ:-** ਬਤਨ ਸਿੰਘ ਦਾ ਸਭ ਤੋਂ ਛੋਟਾ ਲੜਕਾ ਤਰਸੇਮ ਸਿੰਘ ਸੇਮਾ ਹੈ, ਜੋ ਅੱਠਵੀਂ ਪਾਸ ਹੈ। ਆਪ ਦੀ ਧਰਮ ਪਤਨੀ ਦਾ ਨਾਮ ਬਲਵਿੰਦਰ ਕੌਰ ਹੈ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਢੱਕੀ ਹਨ। ਤਰਸੇਮ ਸਿੰਘ ਦੀ ਸਾਦੀ 14-6-1987 ਦਿਨ ਐਤਵਾਰ ਦੀ ਹੈ।

ਤਰਸੇਮ ਸਿੰਘ ਛੋਟਾ ਹੁੰਦਾ ਬਹੁਤ ਸੋਹਣਾ ਹੁੰਦਾ ਸੀ। ਲੋਕ ਭਲਾਈ ਦੇ ਕੰਮ ਵਿਚ ਆਪ ਦੀ ਬਹੁਤ ਰੁਚੀ ਹੁੰਦੀ ਸੀ। ਆਪ ਬਚਪਨ ਵਿਚ ਹੁਸ਼ਿਆਰ ਸੀ। ਪਰ ਪੜ੍ਹਾਈ ਵਿਚ ਆਪ ਨੇ ਬਹੁਤ ਘੱਟ ਰੁਚੀ ਰੱਖੀ ਹੈ। ਜਦੋਂ ਆਪ ਦੇ ਦੋ ਭਾਈ ਬਾਹਰ ਸਨ ਤਾਂ ਘਰ ਦਾ ਕੰਮਕਾਰ ਆਪ ਹੀ ਕਰਦੇ ਸਨ। ਕੋਠੀਆਂ ਦਾ ਕੰਮ ਤਰਸੇਮ ਸਿੰਘ ਨੇ ਆਪ ਕੀਤਾ ਹੈ। ਤਰਸੇਮ ਸਿੰਘ ਫਿਰ ਆਪ ਵੀ ਵਿਦੇਸ਼ ਚਲਾ ਗਿਆ। ਹੁਣ ਵੀ ਵਿਦੇਸ਼ ਵਿਚ ਕੰਮ ਕਰ ਰਿਹਾ ਹੈ।

*** ਵੰਸ਼: ਲੜਕੀਆਂ-** ਜਤਿੰਦਰ ਕੌਰ, ਸੰਦੀਪ ਕੌਰ ਅਤੇ ਮਨਪ੍ਰੀਤ ਕੌਰ।

ਲੜਕਾ: ਜਸਪ੍ਰੀਤ ਸਿੰਘ ਹੈ।

ਜਿਸ ਦਿਨ ਜਸਪ੍ਰੀਤ ਸਿੰਘ ਦਾ ਜਨਮ ਹੋਇਆ ਤਾਂ ਮੇਰੇ ਘਰ ਹੁਸ਼ਿਆਰਪੁਰ ਵੀ ਲੱਡੂਆਂ ਦਾ ਡੱਬਾ ਆਇਆ ਸੀ। ਬਤਨ ਸਿੰਘ ਦੀ ਵੱਡੀ ਲੜਕੀ ਇਕ ਲੜਕੇ ਦੇ ਜਨਮ ਤੋਂ ਮਗਰੋਂ ਸੁਰਗਵਾਸ ਹੋ ਗਈ ਸੀ। ਉਸ ਦੀ ਥਾਂ ਤੇ ਪਿੰਡ ਮੇਘੋਵਾਲ ਗੰਜਿਆਂ ਤੋਂ ਰਿਸ਼ਤਾ ਹੋਇਆ ਸੀ। ਉਨ੍ਹਾਂ ਦੀ ਕੋਠੀ ਮੇਰੇ ਕੋਲ ਹੈ ਜਿਨ੍ਹਾਂ ਦਾ ਮਠਾਰੂ ਗੋਤ ਹੈ। ਸਤ

ਭੈਣ ਭਰਾਵਾਂ ਵਿਚੋਂ ਸੋਹਣ ਸਿੰਘ ਤੇ ਤਰਸੇਮ ਸਿੰਘ ਦੇ ਸਿਰ ਬਤਨ ਸਿੰਘ ਦੇ ਘਰ ਦੀ ਸਰਦਾਰੀ ਹੈ ਜੋ ਬਾਖੂਬੀ ਨਿਭਾ ਰਹੇ ਹਨ।

* **ਕਰਤਾਰ ਸਿੰਘ:**- ਆਪ ਦੀ ਧਰਮ ਪਤਨੀ ਦਾ ਨਾਮ ਨਾਮੀ ਸੀ ਜਿਸ ਦੇ ਪੇਕੇ ਵੱਡੋ ਸਰਹਾਲਾ ਗੋਂਦਪੁਰ ਦੇ ਲਾਗੇ ਹੁਸ਼ਿਆਰਪੁਰ ਸਨ। ਕਰਤਾਰ ਸਿੰਘ ਵੀ ਤਰਖਾਣਾ ਕੰਮ ਕਰਦਾ ਸੀ। ਪਰ ਉਹ ਜਲਦੀ ਵਿਦੇਸ਼ ਅਫਰੀਕਾ ਚਲਾ ਗਿਆ। ਪਿੰਡ ਵਿਚ ਜੋ ਚੁਬਾਰੇ ਬਣੇ ਹੋਏ ਸਨ ਇਨ੍ਹਾਂ ਦੇ ਸਨ। ਆਪ ਦੀ ਪਿੰਡ ਵਿਚ ਜ਼ਮੀਨ ਵੀ ਸੀ ਜੋ ਆਪ ਦੇ ਪੁੱਤਰ ਮਲਕੀਤ ਸਿੰਘ ਨੇ ਪਿੰਡ ਨਸਰਾਲੇ ਦੇ ਵਿਅਕਤੀ ਧੰਨਾ ਸਿੰਘ ਨੂੰ ਵੇਚ ਦਿੱਤੀ ਹੈ।

ਵੰਸ਼: ਦੋ ਲੜਕੇ- ਮਲਕੀਤ ਸਿੰਘ ਤੇ ਸੰਤਾ ਸਿੰਘ ਹਨ।

ਸੇਪੀਦਾਰ ਪੁਨੂੰ:- ਇਹ ਬਤਨ ਸਿੰਘ ਦਾ ਚਾਚਾ ਸੀ ਜੋ 1947 ਤੋਂ ਪਹਿਲਾਂ ਪਿੰਡ ਦੀ ਸੇਪੀ ਕਰਦਾ ਸੀ ਇਨ੍ਹਾਂ ਦੇ ਕੋਲ ਆਟਾ ਪੀਸਣ ਵਾਲਾ ਖਰਾਸ ਵੀ ਸੀ, ਜੋ ਅਸੀਂ ਛੋਟੇ ਹੁੰਦਿਆਂ ਨੇ ਵੇਖਿਆ ਹੈ। ਪਰ ਪਿੰਡ ਦੇ ਲੋਕ ਫਿਰ ਪਿੰਡ ਨਸਰਾਲਾ ਜਾਂ ਸਾਹਰੀ ਪਿੰਡ ਤੋਂ ਆਟਾ ਪਿਸਾ ਕੇ ਲਿਆਉਂਦੇ ਸਨ। ਪੁਨੂੰ ਦੇ ਕਾਰਖਾਨੇ ਵਿਚ ਸ਼ਾਮ ਸਵੇਰੇ ਪਿੰਡ ਦੀ ਸੱਥ ਜੁੜਦੀ ਸੀ ਇਥੇ ਬੈਠ ਕੇ ਲੋਕ ਦੁੱਖ-ਸੁੱਖ ਦੀ ਗੱਲ ਕਰਦੇ ਸਨ। ਇਕੱਠੇ ਬੈਠ ਕੇ ਹੁੱਕਾ ਪੀਂਦੇ ਸਨ ਤੇ ਹਾਸਾ ਮਜ਼ਾਕ ਕਰਦੇ ਸਨ। ਪਿੰਡ ਦੇ ਬਜ਼ੁਰਗਾਂ ਨੇ ਦੱਸਿਆ ਕਿ ਜਦੋਂ ਕੋਈ ਦਾਤੀ, ਰੰਬਾ ਲੈ ਕੇ ਉਸ ਦੇ ਕੋਲ ਜਾਂਦਾ ਤਾਂ ਉਹ ਦੂਰ ਸੁੱਟ ਦਿੰਦਾ ਤੇ ਆਖ ਦਿੰਦਾ, "ਵਿਹਲਾ ਹੋ ਕੇ ਮੈਂ ਆਪ ਦਾ ਕੰਮ ਕਰਾਂਗਾ।" ਪੁਨੂੰ ਦਾ ਸੁਭਾਅ ਕੁਝ ਗਰਮ ਸੀ। ਉਹ ਕੰਮ ਪ੍ਰੀਤ ਨਾਲ ਕਰਦਾ ਸੀ। ਇਸ ਦੀ ਭੈਣ ਸੰਤੀ ਸੀ, ਜਿਸ ਨੂੰ ਲੋਕ ਭੂਆ ਆਖਦੇ ਸਨ। ਇਸ ਦਾ ਭਰਾ ਇਥੇ ਖੇਤੀ ਕਰਦਾ ਰਿਹਾ। ਉਹ ਕਾਲੀ ਪੱਗ ਬੰਨ੍ਹਦਾ ਸੀ। ਚਿਹਰੇ ਦਾ ਰੰਗ ਗੋਰਾ ਸੀ। ਥੋੜ੍ਹਾ ਲੱਫ ਕੇ ਚੱਲਦਾ ਸੀ। ਕਈ ਲੋਕ ਉਸਨੂੰ ਨੂੰ ਕੁੱਬਾ ਵੀ ਆਖ ਦਿੰਦੇ ਸਨ। ਇਹ ਗੱਲ 1967-68 ਦੀ ਹੈ। ਜਦੋਂ ਉਹ ਪਿੰਡ ਵਿਚ ਖੇਤੀ ਕਰਦਾ ਸੀ।

ਨੰਦੂ

ਆਪ ਦੀ ਧਰਮ ਪਤਨੀ ਦਾ ਨਾਮ ਸ਼ਿਵਦੇਈ ਸੀ। ਨੰਦੂ ਕੱਦ ਦਾ ਲੰਮਾ ਤੇ ਵਡੇਰੀ ਉਮਰ ਤੱਕ ਖੇਤੀਬਾੜੀ ਦਾ ਕੰਮ ਕਰਦਾ ਰਿਹਾ। ਆਪ ਦੇ ਖੇਤਾਂ ਵਿਚ ਖੂਹ ਲੱਗਾ ਹੋਇਆ ਸੀ ਜੋ ਦੋ ਘਰਾਂ ਦਾ ਸਾਂਝਾ ਸੀ। ਇਨ੍ਹਾਂ ਦੇ ਲੜਕੇ ਪ੍ਰੀਤਮ ਸਿੰਘ ਨੇ ਦੱਸਿਆ ਕਿ ਇਹ ਜ਼ਮੀਨ ਮੇਰੇ ਬਾਬੇ ਨੇ ਵੱਧ ਬੋਲੀ ਦੇ ਕੇ ਲਈ ਸੀ। ਖੂਹ ਤੇ ਇਕ ਪੁਰਾਣਾ ਤੂਤ ਦਾ ਦਰਖਤ ਲੱਗਾ ਹੋਇਆ ਸੀ। ਨੰਦੂ ਨੇ ਆਪਣੇ ਪੋਤੇ ਜਰਨੈਲ ਸਿੰਘ ਨੂੰ ਕਿਹਾ ਕਿ ਜਿਸ ਦਿਨ ਮੈਂ ਸੁਰਗਵਾਸ ਹੋਵਾਂ ਉਸ ਦਿਨ ਇਸ ਤੂਤ ਨੂੰ ਵੱਢ ਕੇ ਮੇਰੇ ਮ੍ਰਿਤਕ ਸਰੀਰ ਉੱਪਰ ਪਾਉਣਾ। ਇਹ ਗੱਲ 1965-1966 ਈ: ਦੀ ਹੈ। ਮੈਂ ਦੇਖਿਆ ਕਿ ਜਿਸ ਦਿਨ ਬਾਬਾ ਨੰਦੂ ਸੁਰਗਵਾਸ ਹੋਇਆ ਤੇ ਜਰਨੈਲ ਸਿੰਘ ਨੇ ਉਹ ਤੂਤ ਵੱਢਿਆ ਤੇ ਕੁਹਾੜੇ ਨਾਲ ਪਾੜ ਕੇ ਬਾਬੇ ਦੀ ਚਿਖਾ ਤੇ ਰੱਖ ਕੇ ਉਸ ਦੀ ਇੱਛਾ ਪੂਰੀ ਕੀਤੀ। ਪਿੰਡ ਦਾ ਸ਼ਮਸ਼ਾਨਘਾਟ ਖੂਹ ਦੇ ਲਾਗੇ ਹੀ ਹੈ।

ਵੰਸ਼: ਇਕ ਲੜਕਾ ਪ੍ਰੀਤਮ ਸਿੰਘ ਹੈ।

ਪ੍ਰੀਤਮ ਸਿੰਘ ਦੀ ਧਰਮ ਪਤਨੀ ਦਾ ਨਾਮ ਨਿਰੰਜਨ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨਿਆੜੇ ਹਨ। ਪ੍ਰੀਤਮ ਸਿੰਘ ਹਮੇਸ਼ਾ ਚਿੱਟੀ ਪੱਗੜੀ ਬੰਨ੍ਹਦਾ, ਚਿੱਟਾ ਕਮੀਜ ਪਜਾਮਾ ਪਹਿਨਦਾ ਤੇ ਨਵਾਂ ਸਾਈਕਲ ਰੱਖਦਾ ਸੀ। ਪ੍ਰੀਤਮ ਸਿੰਘ ਤੇ ਉਸ ਦਾ ਵੱਡਾ ਲੜਕਾ ਅਜੀਤ ਸਿੰਘ ਜੋੜੀ ਪੱਲੇ ਦੇ ਮਾਹਰ ਸਨ। 1970 ਈ: 1981, 1985 ਈ: ਵਿਚ ਬਣੇ ਘਰੇਲੂ ਮਕਾਨਾਂ ਦਾ ਸਾਰਾ ਕੰਮ ਪ੍ਰੀਤਮ ਸਿੰਘ ਤੇ ਉਸ ਦੇ ਲੜਕੇ ਨੇ ਕੀਤਾ ਸੀ। 1978 ਈ: ਵਿਚ ਪਿੰਡ ਦੇ ਲਹਿੰਦੇ ਪਾਸੇ ਪ੍ਰੀਤਮ ਸਿੰਘ ਦੇ ਲੜਕੇ ਅਜੀਤ ਸਿੰਘ ਨੇ ਆਟਾ ਚੱਕੀ ਤੇ ਰੂੰ ਪਿੰਜਣੀ ਲਗਾਈ ਉਸ ਹੀ ਸਾਲ ਕਣਕ ਦੀ ਕੁਤਰਾਈ ਲਈ ਥਰੈਸਰ ਵੀ ਲਗਾ ਲਿਆ ਜਿਸ ਦਾ ਪਿੰਡ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਇਆ। ਪਿੰਡ ਗਗਨੌਲੀ ਤੋਂ ਇਲਾਵਾ ਹੁਸੈਨਪੁਰ, ਰਾਮੂ ਥਿਆੜਾ ਤੇ ਵਿਰਲੇ-ਵਿਰਲੇ ਕਾਹਰੀ-ਸਾਹਰੀ ਦੇ ਲੋਕ ਵੀ ਆਟਾ ਪਿਸਾਉਣ ਲਈ ਆਉਂਦੇ ਹਨ।

*** ਦੁਰਘਟਨਾ:-** ਜੂਨ 1996 ਦੀ ਗੱਲ ਹੈ ਕਿ ਪ੍ਰੀਤਮ ਸਿੰਘ ਚੱਕੀ ਦੇ ਪਟੇ ਨੂੰ ਕਾਲਾ ਤੇਲ ਲਗਾ ਰਿਹਾ ਸੀ। ਇਨ੍ਹਾਂ ਨੇ ਪਜ਼ਾਮਾ ਪਾਇਆ ਹੋਇਆ ਸੀ। ਜਦੋਂ ਪਟੇ ਨੂੰ ਤੇਲ ਲਗਾਇਆ ਤਾਂ ਪਜ਼ਾਮੇ ਦਾ ਨਾਲਾ ਲੱਠ ਨਾਲ ਲਪੇਟ ਹੋ ਗਿਆ। ਨਿਰਮਲ ਸਿੰਘ ਆਟਾ ਪਿਸਾਉਣ ਗਿਆ ਸੀ। ਉਸ ਨੇ ਝੱਟ ਮੋਟਰ ਬੰਦ ਕਰ ਦਿੱਤੀ। ਪਰ ਪ੍ਰੀਤਮ ਸਿੰਘ

ਦੇ ਸਿਰ ਵਿਚ ਬਹੁਤ ਸੱਟਾਂ ਲੱਗ ਗਈਆਂ, ਜਿਸ ਨਾਲ ਇਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ ਇਹ ਖ਼ਬਰ ਪਿੰਡ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਪ੍ਰੀਤਮ ਸਿੰਘ ਨੂੰ ਜਲਦੀ ਨਾਲ ਸਿਵਲ ਹਸਪਤਾਲ ਹੁਸ਼ਿਆਰਪੁਰ ਲਿਜਾਇਆ ਗਿਆ। ਆਪ ਦੇ ਪੱਟਾਂ ਦਾ ਮਾਸ ਕੱਢ ਕੇ ਜਖ਼ਮਾਂ 'ਤੇ ਭਰਿਆ ਗਿਆ। ਡਾਕਟਰਾਂ ਨੂੰ ਓਪਰੇਸ਼ਨ ਕਰਨ ਵਿਚ ਦਸ ਘੰਟੇ ਲੱਗੇ। ਜਦੋਂ ਆਪ ਠੀਕ ਹੋ ਕੇ ਘਰ ਆਏ ਤਾਂ ਆਪ ਨੇ ਸਾਰੀ ਕਹਾਣੀ ਸੁਣਾਈ। ਉਨ੍ਹਾਂ ਦੱਸਿਆ ਕਿ ਨਸਰਾਲੇ ਪਹੁੰਚ ਕੇ ਮੈਂ ਕਿਹਾ ਕਿ ਮੈਨੂੰ ਥੋੜ੍ਹੀ ਰੰਮ ਪਿਆ ਦਿਓ ਤਾਂ ਜੋ ਮੈਨੂੰ ਤਕਲੀਫ਼ ਮਹਿਸੂਸ ਨਾ ਹੋਵੇ। ਇਕ ਸਾਲ ਬਾਅਦ ਉਹ ਖੂੰਡੀ ਨਾਲ ਤੁਰਨ ਲੱਗੇ। ਇਹ ਉਨ੍ਹਾਂ ਦਾ ਨਵਾਂ ਜਨਮ ਸੀ। ਆਪ ਖਾਣ-ਪੀਣ ਦੇ ਸ਼ੌਕੀਨ ਸਨ। ਹੌਲੀ-ਹੌਲੀ ਆਪ ਸਾਈਕਲ ਚਲਾਉਣ ਲੱਗੇ। ਆਪਣੀ ਚੱਕੀ ਤੇ ਆ ਕੇ ਛੋਟਾ-ਮੋਟਾ ਕੰਮ ਕਰਨ ਲੱਗੇ। ਇਕ ਦਿਨ ਮੈਂ ਕਿਹਾ ਲੱਤ ਦਾ ਕੀ ਹਾਲ ਹੈ ਉਨ੍ਹਾਂ ਜਵਾਬ ਦਿੱਤਾ, "ਡਾਕਟਰ ਨੇ ਕਿਹਾ ਰਮ ਵਿਚ ਆਂਡਾ ਬਣਾ ਕੇ ਖਾਣਾ ਸਾਰਾ ਸਿਆਲ ਲੱਤ ਠੀਕ ਰਹੇਗੀ। ਪ੍ਰਾਣ ਤਿਆਗਣ ਤੋਂ ਪਹਿਲਾਂ ਆਪ ਕੁਝ ਦਿਨ ਬਿਮਾਰ ਰਹੇ। ਪ੍ਰੀਤਮ ਸਿੰਘ ਸ਼ਾਮ ਦੇ ਵਕਤ ਪ੍ਰਲੋਕ ਸੁਧਾਰ ਗਏ। ਪਿੰਡ ਵਿਚ ਇਨ੍ਹਾਂ ਦੀ ਚੱਕੀ ਦੇ ਲਾਗੇ ਲੜਕੀ ਦੀ ਸ਼ਾਦੀ ਸੀ ਜਿਉਂ ਹੀ ਲੜਕੀ ਦੀ ਡੋਲੀ ਤੋਰੀ ਗਈ ਤੇ ਨਾਲ ਹੀ ਪਤਾ ਆ ਗਿਆ ਕਿ ਮਿਸਤਰੀ ਪ੍ਰੀਤਮ ਸਿੰਘ ਚੜ੍ਹਾਈ ਕਰ ਗਿਆ ਹੈ। ਆਪ ਨੇ ਕੋਈ 90 ਸਾਲ ਦੀ ਉਮਰ ਪਾਈ ਹੈ।

ਆਪ ਦੀ ਧਰਮ ਪਤਨੀ ਨਿਰੰਜਨ ਕੌਰ ਆਪ ਤੋਂ ਦੋ ਸਾਲ ਪਹਿਲਾ ਪ੍ਰਮਾਤਮਾ ਨੂੰ ਪਿਆਰੀ ਹੋ ਗਈ ਸੀ। ਉਹ ਜਦੋਂ ਵੀ ਕਦੇ ਗੱਲ ਕਰਦੀ ਵੇ ਪੁੱਤਾ ਆਖ ਕੇ ਗੱਲ ਕਰਦੀ। ਉਸ ਦੀ ਜਵਾਬ ਵਿਚ ਮਿਠਾਸ ਸੀ। ਜਦੋਂ ਵੀ ਕਦੇ ਕਿਸੇ ਚੀਜ਼ ਦੀ ਲੋੜ ਪਵੇ ਉਹ ਆਪ ਆਉਂਦੀ ਸੀ। ਖੇਤਾਂ ਨੂੰ ਲੰਘਦੀ ਵੜਦੀ ਉਹ ਬੁਲਾ ਕੇ ਜਾਂਦੀ ਸੀ ਜੇ ਮੈਂ ਪੁੱਛਣਾ ਕਿ ਮਿਸਤਰੀ ਦਾ ਕੀ ਹਾਲ ਹੈ ਤਾਂ ਉਸ ਕਹਿਣਾ, "ਜਦੋਂ ਉਹ ਤੁਰ ਕੇ ਆਪ ਚੱਕੀ ਨੂੰ ਜਾਣ ਲੱਗੇਗਾ ਤਾਂ ਮੈਂ ਠੀਕ ਕਹਾਂਗੀ। ਕੁਝ ਸਮੇਂ ਬਾਅਦ ਮਿਸਤਰੀ ਤੁਰਨ-ਫਿਰਨ ਲੱਗ ਪਿਆ।

ਵੰਸ਼: ਪ੍ਰੀਤਮ ਸਿੰਘ ਵੱਡੇ ਪਰਿਵਾਰ ਵਾਲਾ ਸੀ। ਆਪ ਦੀਆਂ ਚਾਰ ਲੜਕੀਆਂ ਤੇ ਤਿੰਨ ਲੜਕੇ ਹਨ। ਤਰਖਾਣਾ ਦੇ ਤਿੰਨ ਘਰ ਹਨ ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਸੱਤ ਸੱਤ ਹੈ। ਚਾਰ ਲੜਕੀਆਂ ਅਤੇ ਤਿੰਨ ਲੜਕੇ।

ਲੜਕੀਆਂ: 1. ਜੋਗਿੰਦਰ ਕੌਰ ਧਰਮ ਪਤਨੀ ਪ੍ਰੇਮ ਸਿੰਘ ਅਤੇ ਸਹੁਰੇ ਦਿੱਲੀ।

2. ਮਹਿੰਦਰ ਕੌਰ ਧਰਮ ਪਤਨੀ ਮਹਿੰਦਰ ਸਿੰਘ ਦਿੱਲੀ।

3. ਸੁਰਿੰਦਰ ਕੌਰ ਧਰਮ ਪਤਨੀ ਨਿਰਮਲ ਸਿੰਘ ਇੰਗਲੈਂਡ।

4. ਜਸਵਿੰਦਰ ਕੌਰ ਲਾਲੀ ਹੈ।

ਲੜਕੇ: ਅਜੀਤ ਸਿੰਘ, ਜਰਨੈਲ ਸਿੰਘ ਸੋਹਨ ਸਿੰਘ

* 1. **ਅਜੀਤ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਜਸਵੰਤ ਕੌਰ, ਜਿਸ

ਦੇ ਪੇਕੇ ਦਿਉਵਾਲ ਨੇੜੇ ਨਸਰਾਲਾ ਸਟੇਸ਼ਨ ਹਨ, ਜਿਸ ਦਿਨ ਆਪ ਦੀ ਡੋਲੀ ਪਿੰਡ ਆਈ ਤਾਂ ਮੈਂ ਤੇ ਮੱਸਾ ਸਿੰਘ ਚੋਈ 'ਤੇ ਪਹਿਲਾਂ ਹੀ ਖੜ੍ਹੇ ਸੀ। ਅਸੀਂ ਡੋਲੀ ਵਿਚੋਂ ਵੇਖਿਆ ਕਿ ਆਪ ਨੇ ਲਾਲ ਸੂਟ ਪਾਇਆ ਹੋਇਆ ਸੀ। ਜਸਵੰਤ ਕੌਰ ਜਿਸ ਨੂੰ ਆਮ ਕਰਕੇ ਬੰਤ ਕਿਹਾ ਜਾਂਦਾ ਹੈ। ਇਸ ਨੇ ਸਹੁਰੇ ਘਰ ਆ ਕੇ ਬਹੁਤ ਕੰਮ ਕੀਤਾ। ਆਪਣੇ ਖੂਹ ਤੋਂ ਟੋਕਰਿਆਂ ਨਾਲ ਮਿੱਟੀ ਢੋਂਹਦੀ ਰਹੀ। ਆਪਣੇ ਹੱਥੀਂ ਆਪਣੇ ਸਾਰੇ ਪਰਿਵਾਰਕ ਮੈਂਬਰਾਂ ਦੀਆਂ ਸ਼ਾਦੀਆਂ ਕੀਤੀਆਂ। ਉਸ ਨੂੰਹ ਨੂੰ ਹੀ ਚੰਗਾ ਗਿਣਿਆ ਜਾਂਦਾ ਹੈ ਜੋ ਸਹੁਰੇ ਦੇ ਪਰਿਵਾਰ ਦੀ ਕਬੀਲਦਾਰੀ ਨੂੰ ਸੰਭਾਲਦੀ ਹੈ। ਦਾਜ-ਦਹੇਜ ਨਾਲ ਕਿਸੇ ਨੇ ਗੱਲਾਂ ਨਹੀਂ ਕਰਨੀਆਂ ਹੁੰਦੀਆਂ। ਪਰ ਅਸੀਂ ਲੋਕ ਲਿਆਕਤ ਨੂੰ ਘੱਟ ਪਸੰਦ ਕਰਦੇ ਹਾਂ। ਸਾਨੂੰ ਪਦਾਰਥਕ ਚੀਜ਼ਾਂ ਨਾਲ ਜ਼ਿਆਦਾ ਪਿਆਰ ਹੁੰਦਾ ਹੈ।

ਅਜੀਤ ਸਿੰਘ ਵੀ ਆਪਣੇ ਕੰਮ ਦਾ ਮਾਹਰ ਹੈ। ਆਪ ਨੇ ਪਿੰਡ ਕੰਮ ਘੱਟ ਕੀਤਾ ਹੈ ਜ਼ਿਆਦਾ ਹੁਸ਼ਿਆਰਪੁਰ ਹੀ ਕੰਮ ਕਰਦਾ ਰਿਹਾ ਹੈ। ਅਜੀਤ ਸਿੰਘ ਕੰਮ ਕਰਦੇ ਸਮੇਂ ਗਰਮੀ ਬਹੁਤ ਮਹਿਸੂਸ ਕਰਦਾ ਹੈ। ਅਜੀਤ ਸਿੰਘ ਨੇ ਕਹਿਣਾ "ਮੈਂ ਫਰਵਰੀ ਮਹੀਨੇ ਤੋਂ ਹੀ ਪੱਖਾ ਲਾ ਕੇ ਸੌਂਦਾ ਹਾਂ। ਕੰਮ ਕਰਦੇ ਸਮੇਂ ਆਪ ਨਸਵਾਰ ਜ਼ਰੂਰ ਲੈਂਦੇ ਸਨ। ਪਿਓ ਪੁੱਤਰ ਦੀ ਇਕ ਹੀ ਆਦਤ ਸੀ ਸ਼ਰਾਫ਼ਤ। ਆਮ ਲੋਕਾਂ ਨੇ ਜਦੋਂ ਵਿਦੇਸ਼ ਜਾਣਾ ਸ਼ੁਰੂ ਕੀਤਾ ਤਾਂ ਆਪ ਵੀ 1975 ਦੇ ਕਰੀਬ ਮਾਸਕਟ ਗਏ। ਆਪ ਨਾਲ ਪਿੰਡ ਦੇ ਕਰਤਾਰ ਸਿੰਘ ਤੇ ਰਤਨ ਸਿੰਘ ਰੱਤਾ ਸਨ। ਆਪ ਨੇ ਤਿੰਨ-ਚਾਰ ਸੀਜਨ ਲਾਏ ਹਰ ਵਾਰ ਛੁੱਟੀ ਆ ਕੇ ਘਰ ਨੂੰ ਸੰਵਾਰਦਾ ਰਿਹਾ। ਬਿਜਲੀ ਫਿੱਟ ਕਰਾਈ, ਛੱਤਾਂ ਦੀ ਅਦਲਾ-ਬਦਲੀ ਕੀਤੀ। ਭੈਣ ਭਰਾਵਾਂ ਦੇ ਵਿਆਹ ਕੀਤੇ। ਸਾਦਗੀ ਵਿਚ ਹੀ ਆਪਣਾ ਜੀਵਨ ਬਤੀਤ ਕੀਤਾ। 2012 ਵਿਚ ਹਾਰਟ ਅਟੈਕ ਨਾਲ ਆਪ ਦੀ ਅਚਾਨਕ ਮੌਤ ਹੋ ਗਈ।

ਵੰਸ਼: ਆਪ ਦੀ ਇਕ ਲੜਕੀ ਭੋਲੀ ਅਤੇ ਲੜਕਾ ਸਤਨਾਮ ਸਿੰਘ ਹੈ।

* ਲੜਕੀ ਭੋਲੀ ਨੇ ਅੱਠਵੀਂ ਪੱਧਰ ਦੀ ਪੜ੍ਹਾਈ ਕੀਤੀ ਹੈ। ਇਸ ਤੋਂ ਇਲਾਵਾ ਸਿਲਾਈ-ਕਢਾਈ ਦਾ ਕੰਮ ਕਰਦੀ ਰਹੀ। ਅਜੀਤ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ 3-10-1986 ਨੂੰ ਫਗਵਾੜੇ ਕਰ ਦਿੱਤੀ। ਲੜਕੀ ਦੋ ਬੱਚਿਆਂ ਦੀ ਮਾਂ ਹੋ ਕੇ ਵਿਆਹ ਤੋਂ ਕੋਈ ਦਸ ਸਾਲ ਬਾਅਦ ਪ੍ਰਮਾਤਮਾ ਨੂੰ ਪਿਆਰੀ ਹੋ ਗਈ।

* **ਸਤਨਾਮ ਸਿੰਘ:-** ਆਪ ਨੇ ਸਰਕਾਰੀ ਹਾਈ ਸਕੂਲ ਸਾਹਰੀ ਤੋਂ ਦਸਵੀਂ ਪਾਸ ਕਰਨ ਉਪਰੰਤ ਘਰ ਦਾ ਆਟਾ ਚੱਕੀ ਦਾ ਕੰਮ ਸੰਭਾਲ ਲਿਆ। ਆਪ ਦੀ ਸ਼ਾਦੀ 15-10-1988 ਨੂੰ ਸੁਖਵਿੰਦਰ ਕੌਰ ਨਾਲ ਹੋਈ, ਜਿਸ ਦੇ ਪੇਕੇ ਕਾਲਾ ਬੱਕਰਾ, ਜਲੰਧਰ ਹਨ। ਸਤਨਾਮ ਸਿੰਘ ਵਿਆਹ ਤੋਂ ਮਗਰੋਂ ਕਈ ਵਾਰ ਡੁਬਈ, ਕੁਵੈਤ ਤੇ ਇੰਗਲੈਂਡ ਦਾ ਸਫ਼ਰ ਲਾ ਆਇਆ ਹੈ। ਇਸ ਸਮੇਂ ਪਿਤਾ ਪੁਰਖੀ ਕੰਮ ਕਰ ਰਿਹਾ ਹੈ। ਸਾਲ 2015 ਵਿਚ ਸਾਹਰੀ ਵਾਲੇ ਜੱਟਾਂ ਤੋਂ ਥਾਂ ਮੁੱਲ ਲੈ ਕੇ ਵੱਡੇ ਅਕਾਰ ਦੀ ਕੋਠੀ ਪਾਈ ਹੈ। ਇਸ ਦਾ ਉਦਘਾਟਨ 26-10-16 ਨੂੰ ਕੀਤਾ।

ਵੰਸ਼: ਆਪ ਦੀਆਂ ਦੋ ਲੜਕੀਆਂ- ਰਵਿੰਦਰ ਕੌਰ, ਅਮਰਜੀਤ ਕੌਰ ਹਨ।

ਲੜਕਾ: ਪਰਮਜੀਤ ਸਿੰਘ ਹੈ।

* **2. ਜਰਨੈਲ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਗੁਰਦੇਵ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੇਘੋਵਾਲ ਗੰਜਿਆਂ ਹਨ। ਗੁਰਦੇਵ ਕੌਰ ਜਰਨੈਲ ਸਿੰਘ ਵਾਂਗ ਲੰਬੇ ਕੱਦ ਦੀ ਹੈ। ਜਰਨੈਲ ਸਿੰਘ ਦੀ ਸ਼ਾਦੀ 11-5-1975 ਦੀ ਹੈ।

* **ਪੜ੍ਹਾਈ**:- ਜਰਨੈਲ ਸਿੰਘ ਨੇ ਸਿਰਫ਼ ਛੇ ਜਮਾਤਾਂ ਪਾਸ ਕੀਤੀਆਂ ਹਨ। ਉਸ ਤੋਂ ਮਗਰੋਂ ਉਹ ਆਪਣੀ ਭੈਣ ਦੇ ਕੋਲ ਦਿੱਲੀ ਚਲਾ ਗਿਆ। ਥੋੜ੍ਹਾ ਸਮਾਂ ਉੱਥੇ ਕੰਮ ਕੀਤਾ। ਘਰ ਆ ਕੇ ਆਪ ਨੇ ਫਿਰ ਘਰੇਲੂ ਖੇਤੀਬਾੜੀ ਦਾ ਕੰਮ ਕਰਨਾ ਸ਼ੁਰੂ ਕੀਤਾ। ਵਿਆਹ ਤੋਂ ਮਗਰੋਂ ਆਪ ਅਗਸਤ 1977 ਦੇ ਕਰੀਬ ਡੁਬਈ ਗਏ। ਮੈਂ ਵੀ ਆਪ ਨੂੰ ਘਰ ਮਿਲ ਕੇ ਆਇਆ ਸੀ। ਫਿਰ ਆਪ ਨੂੰ F.C.I. ਵਿਚ ਬਤੌਰ ਗੇਟਮੈਨ ਨੌਕਰੀ ਮਿਲ ਗਈ। ਜਰਨੈਲ ਸਿੰਘ ਕਈ ਵਾਰ ਇੰਗਲੈਂਡ ਵੀ ਗਿਆ ਹੈ। ਜਰਨੈਲ ਸਿੰਘ 2011 ਵਿਚ ਸੇਵਾ ਮੁਕਤ ਹੋਇਆ ਹੈ। ਜਰਨੈਲ ਸਿੰਘ ਨੇ ਵਿਦੇਸ਼ੀ ਟੂਰ 'ਤੇ ਸਰਕਾਰੀ ਨੌਕਰੀ ਨਾਲ ਜਿਥੇ ਪਿੰਡ ਵਿਚ ਕੋਠੀ ਪਾਈ ਹੈ, ਉਥੇ ਉਸ ਨੇ ਹੁਸ਼ਿਆਰਪੁਰ ਨਵੀਂ ਸਬਜ਼ੀ ਮੰਡੀ ਦੇ ਮਗਰ ਥਾਂ ਲੈ ਕੇ ਕਮਰੇ ਬਣਾ ਕੇ ਕਿਰਾਏ 'ਤੇ ਦਿੱਤੇ ਹੋਏ ਹਨ।

ਨੋਟ: ਵਿਦੇਸ਼ੀ ਟੂਰ ਆਪ ਦੀ ਛੋਟੀ ਭੈਣ ਗਗਨ ਨੇ ਤਕਰੀਬਨ ਸਾਰੇ ਪਰਿਵਾਰ ਨੂੰ ਕਰਾਇਆ ਹੈ। ਉਸ ਲੜਕੀ ਦੀ ਸ਼ਾਦੀ 1970 ਈ: ਵਿਚ ਹੋਈ ਸੀ, ਜੋ ਇੰਗਲੈਂਡ ਚਲੀ ਗਈ। ਇਸ ਦੇ ਸਹੁਰੇ ਪਿੰਡ ਰਾਜਪੁਰ ਭਾਈਆਂ ਹਨ। ਜਰਨੈਲ ਸਿੰਘ ਨੇ ਹਮੇਸ਼ਾ ਆਪਣੇ ਕੋਲ ਰੈਲੇ ਸਾਈਕਲ ਤੇ ਬਜਾਜ ਸਕੂਟਰ ਰੱਖਿਆ ਹੈ।

* **ਵੰਸ਼**: ਆਪ ਦੇ ਵੰਸ਼ ਵਿਚ ਤਿੰਨ ਲੜਕੀਆਂ ਤੇ ਇਕ ਲੜਕਾ ਹੈ।

* **ਲੜਕੀਆਂ**: ਲਖਵਿੰਦਰ ਕੌਰ ਲੱਖਾ, ਗੁਰਜੀਤ ਕੌਰ, ਰਾਜਵਿੰਦਰ ਕੌਰ ਰੱਜੀ ਹਨ। ਤਿੰਨੇ ਲੜਕੀਆ ਯੂਰਪ ਵਿਚ ਹਨ। ਰਾਜਵਿੰਦਰ ਕੌਰ ਦੀ ਸ਼ਾਦੀ ਜਰਨੈਲ ਸਿੰਘ ਨੇ ਫਗਵਾੜਾ ਚੌਂਕ ਹੁਸ਼ਿਆਰਪੁਰ ਵਿਖੇ May-1999 ਵਿਚ ਹੋਟਲ ਵਿਚ ਕੀਤੀ ਸੀ। ਮੈਂ ਤੇ ਮੇਰਾ ਭਾਈ ਅਜੀਤ ਸਿੰਘ ਇਸ ਵਿਆਹ ਵਿਚ ਸ਼ਾਮਲ ਸੀ। ਅਨੰਦ ਕਾਰਜ ਦੀ ਰਸਮ ਗੁਰਦੁਆਰਾ ਸਿੰਘ ਸਭਾ ਪਿੱਪਲਾਂਵਾਲਾ ਵਿਖੇ ਪਾਠੀ ਨਿਰੰਜਨ ਸਿੰਘ ਪੰਡੋਰੀ ਬੀਬੀ (ਹੁਸ਼ਿਆਰਪੁਰ) ਨੇ ਕੀਤੀ ਸੀ।

* **ਲੜਕਾ**: ਦਵਿੰਦਰ ਸਿੰਘ ਜੋ ਦਸਵੀਂ ਪਾਸ ਹੈ। ਪਹਿਲਾਂ ਇਹ ਲੜਕਾ ਇੰਗਲੈਂਡ ਗਿਆ ਤੇ ਹੁਣ ਆਸਟ੍ਰੇਲੀਆ ਵਿਚ ਹੈ।

* **3. ਸੋਹਨ ਸਿੰਘ**:- ਆਪ ਦੀ ਸ਼ਾਦੀ ਮਿਤੀ 14-11-1978 ਦਿਨ ਵੀਰਵਾਰ ਬਲਵੀਰ ਕੌਰ ਨਾਲ ਹੋਈ ਹੈ, ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਘੁਡਿਆਲਾ ਹਨ। ਸੋਹਨ ਸਿੰਘ ਨੇ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਕੀਤੀ ਹੈ। ਜਦੋਂ ਸਾਰੇ ਵਿਦੇਸ਼ ਵਿਚ ਸਨ ਤਾਂ ਸੋਹਨ ਸਿੰਘ ਖੇਤੀਬਾੜੀ ਦਾ ਕੰਮ ਕਰਦਾ ਰਿਹਾ। ਥੋੜ੍ਹਾ ਬਹੁਤਾ ਤਰਖਾਣਾ ਕੰਮ ਵੀ ਆਪਣੇ ਪਿਤਾ ਨਾਲ ਕਰਵਾ ਲੈਂਦਾ ਸੀ। ਖੇਤੀਬਾੜੀ ਦੇ ਨਾਲ ਆਪ ਨੂੰ ਵੱਛੇ ਲਿਆ ਕੇ ਵੇਚਣ ਦਾ ਸ਼ੌਕ ਸੀ। ਸੋਹਨ ਸਿੰਘ ਨੇ ਆਪਣੇ ਕੋਲ ਨਵਾਂ ਸਾਈਕਲ ਰੱਖਣਾ ਤੇ ਉਸ

ਨਾਲ ਸ਼ੀਸ਼ਾ ਹੋਣਾ ਜ਼ਰੂਰੀ ਸੀ। ਜਦੋਂ ਮੈਂ ਪੜ੍ਹਦਾ ਸੀ ਤਾਂ ਕਈ ਵਾਰ ਕੋਈ ਨਾ ਕੋਈ ਚੀਜ਼ ਲੈਣ ਆਉਂਦਾ ਸੀ। ਆਪ ਜਦੋਂ ਵੀ ਮਿਲਦੇ ਤਾਂ ਗਿਆਨੀ ਕਹਿ ਕੇ ਗੱਲ ਕਰਦਾ ਹੈ। ਸੁਭਾਅ ਵਿਚ ਟਕਾ ਘੱਟ ਹੈ। ਸਰੀਫ ਤੇ ਸਿੱਧਾ-ਸਾਦਾ ਆਦਮੀ ਹੈ ਹੁਣ ਇਕੱਲਾ ਹੀ ਕਿਸੇ ਨਾ ਕਿਸੇ ਪਿੰਡ ਤਰਖਾਣਾ ਕੰਮ ਕਰਨ ਜਾਂਦਾ ਹੈ।

ਆਪ ਦੀ ਧਰਮ ਪਤਨੀ ਬਲਵੀਰ ਕੌਰ ਅਪ੍ਰੈਲ 2015 ਵਿਚ ਅਚਾਨਕ ਸਦੀਵੀ ਵਿਛੋੜਾ ਦੇ ਗਈ ਹੈ, ਜੋ ਪਰਿਵਾਰ ਲਈ ਬਹੁਤ ਦੁੱਖਦਾਈ ਹੈ।

ਵੰਸ਼: ਆਪ ਦੀ ਇਕ ਲੜਕੀ ਤੇ ਲੜਕਾ ਹੈ।

ਲੜਕੀ: ਲਾਡੀ ਨੇ 10+2 ਪਾਸ ਕੀਤੀ ਹੈ। ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਮੇਰੇ ਪਾਸ ਤਿੰਨ ਸਾਲ ਪੜ੍ਹਦੀ ਰਹੀ। ਸੋਹਨ ਸਿੰਘ ਨੇ ਲਾਡੀ ਦੀ ਸ਼ਾਦੀ 12-5-2000 ਨੂੰ ਕੀਤੀ ਹੈ।

* **ਲੜਕਾ:** ਹਰਪਿੰਦਰ ਸਿੰਘ +2 ਪਾਸ ਹੈ। ਪਿਛਲੇ ਤਿੰਨ ਚਾਰ ਸਾਲ ਤੋਂ ਆਪਣੀ ਭੂਆ ਗਗਨ ਦੇ ਕੋਲ ਇੰਗਲੈਂਡ ਰਹਿੰਦਾ ਹੈ।

ਭੁੱਲਾ ਰਾਮ

ਭੁੱਲਾ ਰਾਮ ਦੀ ਧਰਮ ਪਤਨੀ ਦਾ ਨਾਮ ਮਾਲਾ ਸੀ। ਬਜ਼ੁਰਗਾਂ ਨੇ ਦੱਸਿਆ ਕਿ ਭੁੱਲਾ ਰਾਮ ਸ਼ਰੀਫ ਆਦਮੀ ਸੀ। ਤਰਖਾਣਾ ਕੰਮ ਕਰਦਾ ਸੀ। ਇਸ ਦੇ ਨਾਲ ਸਹਾਇਕ ਧੰਦਾ ਖੇਤੀਬਾੜੀ ਸੀ।

ਵੰਸ਼: ਲੜਕੀਆਂ- ਰੱਖੀ, ਅਮਰ ਕੌਰ ਅਤੇ ਸ਼ੈਂਕਰੀ ਸਨ।

ਲੜਕੇ: ਸ਼ੰਕਰ ਸਿੰਘ ਅਤੇ ਛੱਜਾ ਸਿੰਘ

*** ਸ਼ੰਕਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਨਸੀਬ ਕੌਰ ਹੈ। ਸ਼ੰਕਰ ਸਿੰਘ ਸਾਡੀ ਸੁਰਤ ਤੋਂ ਪਹਿਲਾਂ ਦਾ ਦਿੱਲੀ ਰਹਿੰਦਾ ਹੈ। ਇਨ੍ਹਾਂ ਨੇ ਆਪਣੇ ਭਾਈ ਛੱਜਾ ਸਿੰਘ ਦੇ ਵੱਡੇ ਲੜਕੇ ਕਰਮ ਸਿੰਘ ਦਾ ਲੜਕਾ ਮਨਿੰਦਰ ਸਿੰਘ ਗੋਦ ਲਿਆ ਹੈ। ਲੜਕੇ ਨੂੰ ਪੜ੍ਹਾ ਲਿਖਾ ਕੇ ਉਸ ਦੀ ਸ਼ਾਦੀ ਕੀਤੀ ਹੈ। ਮਨਿੰਦਰ ਪਰਿਵਾਰ ਵਾਲਾ ਹੈ। ਸ਼ੰਕਰ ਸਿੰਘ ਤੇ ਛੱਜਾ ਸਿੰਘ ਦੀ ਸਰੀਰਕ ਬਣਤਰ ਬਿਲਕੁਲ ਇਕੋ ਜਿਹੀ ਹੈ। ਥੋੜ੍ਹਾ ਜਿੰਨਾ ਵੀ ਫ਼ਰਕ ਨਹੀਂ ਹੈ। ਗੱਲਬਾਤ ਕਰਨ ਦਾ ਲਹਿਜਾ ਵੀ ਇਕੋ ਜਿਹਾ ਹੈ। ਮੈਂ ਉਨ੍ਹਾਂ ਨੂੰ ਨੇੜੇ ਹੋ ਕੇ ਉਸ ਸਮੇਂ ਦੇਖਿਆ ਜਦੋਂ ਉਹ ਆਪਣੇ ਭਾਈ ਛੱਜਾ ਸਿੰਘ ਦੇ ਸਸਕਾਰ 'ਤੇ ਦਿੱਲੀ ਤੋਂ ਆਏ ਸਨ। ਪਿੰਡ ਦੇ ਜੀਤ ਸਿੰਘ ਨੇ ਦੱਸਿਆ ਕਿ ਛੱਜਾ ਸਿੰਘ ਦੀ ਦੂਜੀ ਕਾਪੀ ਸ਼ੰਕਰ ਸਿੰਘ ਹੈ।

*** ਛੱਜਾ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਅਮਰ ਕੌਰ ਹੈ, ਜਿਸ ਦੇ ਪੇਕੇ ਨੇੜੇ ਕਾਹਰੀ ਪਿੰਡ ਹਨ। ਅਮਰ ਕੌਰ ਦਾ ਸਰੀਰ ਪਤਲਾ ਤੇ ਰੰਗ ਸਾਂਵਲਾ ਹੈ। ਪਿਛਲੇ ਸਮੇਂ ਵਿਚ ਸਾਰੀਆਂ ਸੁਆਣੀਆਂ ਘਰਾਂ ਦੀ ਆਰਥਿਕ ਹਾਲਤ ਠੀਕ ਨਾ ਹੋਣ ਕਾਰਨ ਘਰੇਲੂ ਕੰਮਕਾਰ ਵਿਚ ਲੱਗੀਆਂ ਰਹਿੰਦੀਆਂ ਸਨ। ਰੋਜ਼ਗਾਰ ਦੇ ਮੌਕੇ ਘੱਟ ਸਨ। ਤੰਗੀਆਂ-ਤੁਰਸ਼ੀਆਂ ਵਿਚ ਆਪਣਾ ਜੀਵਨ ਬਤੀਤ ਕੀਤਾ ਹੈ। ਤਿੰਨਾਂ ਪਰਿਵਾਰਾਂ ਦੀ ਕਬੀਲਦਾਰੀ ਲੰਬੀ ਸੀ। 4-4 ਲੜਕੀਆਂ ਸਨ। ਛੱਜਾ ਸਿੰਘ ਜਿਨ੍ਹਾਂ ਨੂੰ ਪਿੰਡ ਵਿਚ ਆਮ ਕਰਕੇ ਛੱਜੂ ਹੀ ਕਿਹਾ ਜਾਂਦਾ ਹੈ। ਮਧਰਾ ਸਰੀਰ ਤੇ ਚੁਸਤ ਸੁਭਾਅ ਦੇ ਹਨ। ਖੇਤੀਬਾੜੀ ਦੇ ਨਾਲ ਛੋਟਾ-ਮੋਟਾ ਲੁਹਾਰਾ-ਤਰਖਾਣਾ ਕੰਮ ਕਰ ਲੈਂਦੇ ਸਨ। ਇਨ੍ਹਾਂ ਦਾ ਆਉਣਾ ਜਾਣਾ ਪਿੰਡ ਹੁਸੈਨਪੁਰ ਤੇ ਰਾਮੂ ਥਿਆੜਾ ਸੀ।

ਛੱਜਾ ਸਿੰਘ ਦੀ ਚੁਸਤੀ ਦੀ ਗੱਲ ਮੇਰੇ ਅੱਖੀਂ ਦੇਖਣ ਦੀ ਹੈ। ਗਰਮੀਆਂ ਦੇ ਦਿਨ ਸਨ। ਆਪ ਅੰਬ ਦੇ ਹੇਠਾਂ ਮੰਜੀ ਡਾਹ ਕੇ ਲੇਟੇ ਹੋਏ ਸਨ। ਕੁਝ ਲੜਕੇ ਅੰਬ ਤੋੜ ਰਹੇ

ਸਨ। ਉਨ੍ਹਾਂ ਲੜਕਿਆਂ ਵਿਚੋਂ ਕਿਸੇ ਨੇ ਅੰਬਾਂ 'ਤੇ ਛੋਟਾ ਜਿਹਾ ਰੋੜਾ ਮਾਰਿਆ ਜੋ ਛੱਜਾ ਸਿੰਘ ਦੇ ਸਿਰ 'ਤੇ ਲੱਗਾ। ਲੜਕਾ ਦੌੜਨ ਲੱਗਾ ਛੱਜਾ ਸਿੰਘ ਨੇ ਦੌੜ ਕੇ ਫੜ ਲਿਆ ਤੇ ਕਿਹਾ, "ਮੈਂ ਤਾਂ ਉੱਡਦੇ ਪੰਛੀਆਂ ਨੂੰ ਫੜਨ ਵਾਲਾ ਹਾਂ। ਤੂੰ ਕਿਸ ਦਾ ਪਾਣੀਹਾਰ ਹੈ?" ਬਾਕੀ ਸਾਰੇ ਲੜਕੇ ਦੌੜ ਗਏ।

ਛੱਜਾ ਸਿੰਘ ਦੀ ਜਦੋਂ ਉਮਰ 75 ਕੁ ਸਾਲ ਦੀ ਹੋਈ ਤਾਂ ਆਪ ਕਈ ਵਾਰ ਤੁਰੇ-ਤੁਰੇ ਜਾਂਦੇ ਪਿੰਡ ਦਾ ਰਾਹ ਭੁੱਲ ਜਾਂਦੇ ਸਨ। ਆਪ ਦੇ ਵੱਡੇ ਪੁੱਤਰ ਕਰਮ ਸਿੰਘ ਦੀ ਪਿੰਡ ਨਸਰਾਲੇ ਆਟਾ ਚੱਕੀ ਹੈ ਤੇ ਛੋਟੇ ਦੋ ਲੜਕਿਆਂ ਦੀ ਟੈਂਟ ਦੀ ਦੁਕਾਨ ਹੈ। ਆਪ ਹਰ ਰੋਜ਼ ਸਵੇਰ ਨੂੰ ਪਿੰਡ ਨਸਰਾਲੇ ਆਟਾ ਚੱਕੀ 'ਤੇ ਜਾਂਦੇ ਸਨ। ਜੇ ਕਿਤੇ ਭੁੱਲ ਜਾਂਦੇ ਤਾਂ ਘਰ ਦੇ ਆਪ ਦੇਖ ਕੇ ਲੈ ਆਉਂਦੇ ਸਨ। ਆਪ ਵੱਡੇ ਪਰਿਵਾਰ ਵਾਲੇ ਹੋ ਕੇ ਤੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 12-12-1994 ਦਿਨ ਸੋਮਵਾਰ ਪੂਰੇ ਹੋਏ ਸਨ। ਸਸਕਾਰ 13-12-1994 ਨੂੰ ਕੀਤਾ ਗਿਆ। ਹੋਰ ਰਸਮਾਂ ਪੂਰੀਆਂ ਕਰਨ ਦੇ ਲਈ ਆਪ ਦਾ ਵੱਡਾ ਪੁੱਤਰ ਕਰਮ ਸਿੰਘ, ਮਾਤਾ ਨਿਰੰਜਨ ਕੌਰ ਧਰਮ ਪਤਨੀ ਉਜਾਗਰ ਸਿੰਘ ਦੇ ਨਾਲ ਗੱਲਾਂ ਕਰ ਰਿਹਾ ਸੀ। ਅਸੀਂ ਰਾਤ ਨੂੰ ਅਫ਼ਸੋਸ 'ਤੇ ਉਨ੍ਹਾਂ ਦੇ ਮ੍ਰਿਤਕ ਸਰੀਰ ਦੇ ਕੋਲ ਬੈਠੇ ਸੀ। ਸਾਰੇ ਬੈਠੇ ਸਿਆਣੇ ਲੋਕ ਉਨ੍ਹਾਂ ਦੀ ਚੁਸਤੀ-ਫੁਰਤੀ ਤੇ ਇਮਾਨਦਾਰੀ ਦੀ ਗੱਲ ਕਰ ਰਹੇ ਸਨ।

ਮਾਤਾ ਅਮਰ ਕੌਰ ਵੀ ਚੰਗੀ ਸੁਭਾਅ ਵਾਲੀ ਸੀ। ਮੈਂ ਕਰਮ ਸਿੰਘ ਦੇ ਘਰ ਕੁਝ ਬੱਚਿਆਂ ਨੂੰ ਸ਼ਾਮ ਦੇ ਸਮੇਂ ਪੜ੍ਹਾਉਂਦਾ ਸੀ। ਮੈਂ ਮਾਤਾ ਨੂੰ ਕਦੇ ਉੱਚਾ ਨੀਵਾਂ ਬੋਲਦੇ ਨਹੀਂ ਦੇਖਿਆ ਹੈ। ਇਨ੍ਹਾਂ ਦੋਹਾਂ ਦੀ ਸ਼ਿਰਾਫਤ ਸਦਕਾ ਜਲਦੀ ਹੀ ਪਰਿਵਾਰ ਦੇ ਦਿਨ ਚੰਗੇ ਫਿਰ ਗਏ। ਮਾਤਾ ਅਮਰ ਕੌਰ ਮਿਤੀ 14-7-1996 ਦਿਨ ਐਤਵਾਰ ਦਿਨ ਵੇਲੇ ਗੁਰੂ ਚਰਨਾਂ 'ਚ ਜਾ ਬਿਰਾਜੀ।

*** ਵੰਸ਼:** 4 ਲੜਕੀਆਂ

1. ਕਰਮ ਕੌਰ ਧਰਮ ਪਤਨੀ ਕਰਨੈਲ ਸਿੰਘ ਸਹੁਰੇ ਰਾਜਪੁਰ ਭਾਈਆਂ। ਕਰਨੈਲ ਸਿੰਘ ਦਾ ਕੱਦ ਬਹੁਤ ਲੰਬਾ ਹੈ। ਪਿੰਡ ਵਿਚ ਆਟਾ ਚੱਕੀ ਹੈ।
2. ਗੁਰਮੀਤ ਕੌਰ ਧਰਮ ਪਤਨੀ ਗੁਰਮੀਤ ਸਿੰਘ ਦਿੱਲੀ।
3. ਮਹਿੰਦਰ ਕੌਰ ਧਰਮ ਪਤਨੀ ਕੇਵਲ ਸਿੰਘ ਸਹੁਰੇ ਹੁਸ਼ਿਆਰਪੁਰ।
4. ਸੰਤੋਸ਼ ਕੁਮਾਰੀ ਧਰਮ ਪਤਨੀ ਬਚਿੱਤਰ ਸਿੰਘ ਸਹੁਰੇ ਜਲੰਧਰ।

ਲੜਕੇ: ਕਰਮ ਸਿੰਘ, ਕੁਲਦੀਪ ਸਿੰਘ, ਮੋਹਨ ਸਿੰਘ।

1. ਕਰਮ ਸਿੰਘ:- ਆਪ ਦੀ ਧਰਮ ਪਤਨੀ ਦਾ ਨਾਮ ਦਲਜੀਤ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜੰਡੋਲੀ ਹਨ। ਕਰਮ ਸਿੰਘ ਨੇ ਮਿਡਲ ਪੱਧਰ ਦੀ ਪੜ੍ਹਾਈ ਕੀਤੀ ਹੈ। ਕਰਮ ਸਿੰਘ ਰਾਜ ਮਿਸਤਰੀ ਦਾ ਕੰਮ ਕਰਦਾ ਸੀ। ਪਿੰਡ ਵਿਚ ਘੱਟ ਅਤੇ ਜ਼ਿਆਦਾ ਕੰਮ ਹੁਸ਼ਿਆਰਪੁਰ ਹੀ ਕੀਤਾ ਹੈ। ਆਪ ਬਹੁਤ ਚੁਸਤ ਸੁਭਾਅ ਵਾਲੇ ਸਨ। ਇਕ ਵਾਰ ਅਸੀਂ ਹੁਸ਼ਿਆਰਪੁਰ ਤੋਂ ਰੇਲਗੱਡੀ ਰਾਹੀਂ ਆਏ ਆਪ ਵੀ ਸਾਡੇ ਨਾਲ

ਹੀ ਆਏ ਸਨ। ਜਦੋਂ ਅਸੀਂ ਇਨ੍ਹਾਂ ਨੂੰ ਤੁਰਦੇ ਵੇਖਿਆ ਤਾਂ ਸੋਹਨ ਸਿੰਘ ਨੇ ਕਿਹਾ ਇਹ ਬਹੁਤ ਤੇਜ਼ ਤੁਰਦੇ ਹਨ। ਆਪ ਨੇ ਕੋਟ ਪੈਂਟ ਪਾਇਆ ਹੋਇਆ ਸੀ। ਆਪ ਦੁਬਈ ਤੋਂ ਛੁੱਟੀ ਆਏ ਹੋਏ ਸਨ। ਇਨ੍ਹਾਂ ਵੀ ਆਪਣੇ ਸਾਰੇ ਭੈਣ ਭਰਾਵਾਂ ਨੂੰ ਪੜ੍ਹਾਇਆ ਤੇ ਵਿਆਹ ਸ਼ਾਦੀਆਂ ਕੀਤੀਆਂ। ਆਪ ਪਿੰਡ ਵਿਚੋਂ ਪਹਿਲੇ ਵਿਅਕਤੀ ਹਨ ਜੋ ਦੁਬਈ ਗਏ ਤੇ ਘਰ ਦੀ ਨੁਹਾਰ ਬਦਲ ਦਿੱਤੀ। ਗੱਲਬਾਤ ਵੀ ਤੇਜ਼ ਕਰਦੇ ਸਨ। ਇਨ੍ਹਾਂ ਦੱਸਿਆ ਕਿ ਦਿੱਲੀ ਦੁਬਈ ਜਾਣ ਵਾਲਿਆਂ ਦਾ ਮੇਲਾ ਲੱਗਾ ਹੋਇਆ ਹੈ, ਜਿਸ ਨੂੰ ਮਰਜੀ ਪੁੱਛ ਲਵੋ ਕਿੱਥੇ ਜਾਣਾ ਹੈ? ਦੁਬਈ ਜਾਣਾ ਹੈ। ਇਕ ਮਾਣ ਵਾਲੀ ਗੱਲ ਹੈ ਕਿ ਆਪ ਪਿੰਡ ਵਿਚੋਂ ਪਹਿਲੇ ਵਿਅਕਤੀ ਸਨ ਜਿਨ੍ਹਾਂ ਟੈਲੀਵੀਜ਼ਨ ਤੇ ਫਰਿੱਜ ਸਭ ਤੋਂ ਪਹਿਲਾਂ ਆਪਣੇ ਘਰ ਲਿਆਂਦੀ ਹੈ। ਟੇਪ ਰਿਕਾਰਡ ਤਾਂ ਆਮ ਘਰਾਂ ਵਿਚ ਸੀ, ਜਿਸ ਦਿਨ ਚਿੱਤਰਹਾਰ ਹੁੰਦਾ ਸੀ ਤਾਂ ਛੋਟੇ ਬੱਚੇ ਤੇ ਹੋਰ ਕੋਠੇ 'ਤੇ ਚੜ੍ਹ ਕੇ ਚਿੱਤਰਹਾਰ ਦੇਖਦੇ ਸਨ। ਕਾਫੀ ਲੰਬਾ ਸਫ਼ਰ ਆਪ ਨੇ ਵਿਦੇਸ਼ ਦਾ ਲਾਇਆ ਹੈ। ਆਪਣੇ ਵਿਦੇਸ਼ੀ ਸਫ਼ਰ ਦੇ ਦੌਰਾਨ ਆਪ ਨੇ ਆਪਣੇ ਛੋਟੇ ਭਾਈ ਮੋਹਨ ਸਿੰਘ ਨੂੰ ਦੁਬਈ ਭੇਜਿਆ। ਹੋਰ ਸਾਕਾਚਾਰੀ ਵਿਚ ਰਿਸ਼ਤੇਦਾਰੀ ਨੂੰ ਵਿਦੇਸ਼ ਭੇਜਣ ਵਿਚ ਮਦਦ ਕੀਤੀ। ਪੁਰਾਣੇ ਮਕਾਨਾਂ ਦੀ ਅਦਲਾ ਬਦਲੀ ਕੀਤੀ। ਇਸ ਮਗਰੋਂ ਆਪ ਨੇ ਆਪਣੇ ਲੜਕਿਆਂ ਨੂੰ ਬਾਹਰ ਭੇਜਿਆ ਹਰ ਸਾਲ ਆ ਕੇ ਮਕਾਨ ਉਸਾਰੀ ਹੁੰਦੀ, ਵਿਆਹ ਸ਼ਾਦੀ ਹੁੰਦੀ। ਘਰ ਵਿਚ ਹਰ ਤਰ੍ਹਾਂ ਦੀ ਚਹਿਲ-ਪਹਿਲ ਹੈ।

*** ਆਟਾ ਚੱਕੀ:-** ਦੁਬਈ ਤੋਂ ਆ ਕੇ ਨਸਰਾਲਾ ਪਿੰਡ ਵਿਚ ਥਾਂ ਲੈ ਕੇ ਆਟਾ ਚੱਕੀ, ਆਰਾ, ਰੂੰ ਪਿੰਜਣੀ, ਕੋਹਲੂ ਵਗੈਰਾ ਲਗਾਏ। ਆਪਣੇ ਜਿਊਂਦੇ ਜੀਅ ਆਪਣੇ ਸਾਰੇ ਬੱਚਿਆਂ ਨੂੰ ਸੈੱਟ ਕੀਤਾ। ਸਾਰੇ ਆਪੋ ਆਪਣਾ ਕਾਰੋਬਾਰ ਕਰਦੇ ਹਨ। ਪਰਿਵਾਰ ਨੂੰ ਜ਼ਮੀਨ ਵੀ ਖਰੀਦ ਕੇ ਦਿੱਤੀ ਹੈ।

ਆਪ ਨਵੰਬਰ 2005 ਵਿਚ ਅਚਾਨਕ ਅਟੈਕ ਨਾਲ 70 ਕੁ ਸਾਲ ਦੀ ਉਮਰ ਵਿਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਦੀ ਧਰਮ ਪਤਨੀ ਦਲਜੀਤ ਕੌਰ ਦੀ ਸਿਹਤ ਚੰਗੀ ਹੈ। ਪਰਿਵਾਰ ਨੂੰ ਸੰਭਾਲ ਕੇ ਬੈਠੀ ਹੈ। ਸਾਰੇ ਲੜਕਿਆਂ ਨੇ ਆਪੋ ਆਪਣੀਆਂ ਕੋਠੀਆਂ ਪਾਈਆਂ ਹੋਈਆਂ ਹਨ। ਜਦੋਂ ਕਰਮ ਸਿੰਘ ਦੁਬਈ ਸੀ ਤਾਂ ਬਹੁਤ ਸਾਰੇ ਪਿੰਡ ਦੇ ਲੋਕਾਂ ਨੇ ਆਪਣੀ ਗਰਜ ਲਈ ਆਪਣੀ ਜ਼ਮੀਨ ਇਨ੍ਹਾਂ ਦੇ ਕੋਲ ਗਹਿਣੇ ਰੱਖੀ ਹੋਈ ਸੀ।

*** ਵੰਸ਼:** ਲੜਕੇ 5 ਇੱਕ ਲੜਕਾ ਮਨਿੰਦਰ ਸਿੰਘ ਆਪਣੇ ਤਾਏ ਸ਼ੰਕਰ ਸਿੰਘ ਨੂੰ ਗੋਦ ਦਿੱਤਾ ਹੈ।

1. **ਭੁਪਿੰਦਰ ਸਿੰਘ:-** ਆਪ ਦੀ ਸ਼ਾਦੀ ਮਿਤੀ 4-2-1988 ਨੂੰ ਗੁਰਦੇਵ ਕੌਰ ਨਾਲ ਹੋਈ ਹੈ। ਭੁਪਿੰਦਰ ਸਿੰਘ ਪੜ੍ਹਨ ਨੂੰ ਹੁਸ਼ਿਆਰ ਰਿਹਾ ਹੈ। ਮੇਰੇ ਕੋਲ ਪੜ੍ਹਦਾ ਰਿਹਾ ਹੈ।

ਵੰਸ਼: ਆਪ ਦਾ ਇਕ ਲੜਕਾ ਇੰਦਰਜੀਤ ਸਿੰਘ ਹੈ।

2. **ਅਮਰੀਕ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਕੁਲਵਿੰਦਰ ਕੌਰ ਹੈ। ਸ਼ਾਦੀ 17-4-1991

3. **ਬਲਵੀਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਜਸਕਿਰਨ ਕੌਰ ਹੈ।

ਵੰਸ਼: ਲੜਕਾ- ਸੁਖਦੀਪ ਸਿੰਘ ਹੈ ਅਤੇ ਲੜਕੀ ਅਰਸ਼ਦੀਪ ਕੌਰ ਹੈ।

4. **ਜਸਵੀਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਮਨਜੀਤ ਕੌਰ ਹੈ।

ਵੰਸ਼: ਲੜਕੇ- ਲਵਦੀਪ ਸਿੰਘ, ਕਰਨਦੀਪ ਸਿੰਘ ਹਨ।

ਨੋਟ: ਕਰਮ ਸਿੰਘ ਦੇ ਸਾਰੇ ਲੜਕੇ ਚੁਸਤ ਤੇ ਮਿਹਨਤੀ ਹਨ। ਦੋ ਵਿਦੇਸ਼ ਹਨ। ਦੋ ਆਟਾ ਚੱਕੀ ਦਾ ਸਾਰਾ ਕੰਮ ਸੰਭਾਲਦੇ ਹਨ। ਕਰਮ ਸਿੰਘ ਨੇ ਆਪਣੇ ਲੜਕਿਆਂ ਦੀਆਂ ਵਿਆਹ ਸ਼ਾਦੀਆਂ ਜਲਦੀ ਕਰ ਦਿੱਤੀਆਂ ਸਨ। ਆਪਣੇ ਜਿਊਂਦੇ ਜੀਅ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਕਰ ਦਿੱਤਾ ਹੈ।

2. * **ਕੁਲਦੀਪ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਬਲਵੀਰ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਜਲੰਧਰ ਦੇ ਪਿੰਡ ਡਮੁੰਡਾ ਕੰਦੋਲਾ ਹਨ। ਆਪ ਨੇ ਸ.ਹ. ਸਕੂਲ ਨਸਰਾਲਾ ਤੋਂ ਮਾਰਚ 1969 ਈ: ਵਿਚ ਦਸਵੀਂ ਪਾਸ ਕੀਤੀ। ਇਸ ਤੋਂ ਮਗਰੋਂ ਆਪਣੇ ਵੱਡੇ ਭਾਈ ਕਰਮ ਸਿੰਘ ਨਾਲ ਕੰਮਕਾਰ ਕਰਾਉਂਦੇ ਰਹੇ। 18-4-1972 ਨੂੰ ਆਪ ਏਅਰ ਫੋਰਸ ਵਿਚ ਭਰਤੀ ਹੋ ਗਏ। ਛੁੱਟੀ ਆ ਕੇ ਆਪ ਘਰ ਦਾ ਖੇਤੀਬਾੜੀ ਦਾ ਕੰਮ ਪਰਿਵਾਰਕ ਮੈਂਬਰਾਂ ਨਾਲ ਕਰਾਉਂਦੇ ਸਨ। ਮਈ 1993 ਵਿਚ ਆਪ ਸੇਵਾ ਮੁਕਤ ਹੋ ਕੇ ਪੈਨਸ਼ਨ ਆ ਗਏ।

* **ਵਿਆਹ**:- ਜਦੋਂ ਆਪ ਦੀ ਸਰਵਿਸ ਪੰਜ ਸਾਲ ਦੀ ਹੋ ਗਈ ਤਾਂ ਕਰਮ ਸਿੰਘ ਨੇ ਬਾਹਰ ਇਕ ਕਮਰਾ ਨਵਾਂ ਬਣਾਇਆ। ਵਿਆਹ ਦੇ ਸਮਾਗਮ ਨੂੰ ਮੁੱਖ ਰੱਖ ਕੇ ਸ੍ਰੀ ਅਖੰਡ ਪਾਠ ਦੇ ਜਾਪ ਕਰਵਾਏ। ਸਾਧ ਸੰਗਤ ਦੇ ਚਰਨ ਪਰਸੇ ਗਏ। ਆਪ ਦੀ ਸ਼ਾਦੀ 4-3-1977 ਨੂੰ ਹੋਈ।

ਪੈਨਸ਼ਨ ਆ ਕੇ ਕੁਲਦੀਪ ਸਿੰਘ ਨੇ ਆਪਣੇ ਭਾਈ ਕਰਮ ਸਿੰਘ ਸਿੰਘ ਦੇ ਕੋਲ ਟੈਂਟ ਦੀ ਦੁਕਾਨ ਖੋਲ੍ਹੀ, ਜਿਸ ਦਾ ਨਾਮ ਰੈਅਤ ਟੈਂਟ ਹਾਊਸ ਹੈ ਜੋ ਜਲੰਧਰ ਰੋਡ ਹੁਸ਼ਿਆਰਪੁਰ 'ਤੇ ਸਥਿਤ ਹੈ। ਪਹਿਲਾਂ ਵੀ ਆਪਣੇ ਲਈ ਆਪਣਾ ਅਲੱਗ ਘਰ ਬਣਾਇਆ ਸੀ ਹੁਣ ਇਕ ਹੋਰ ਅਲੱਗ ਕੋਠੀ ਬਣਾਈ ਹੈ। ਆਪਣੇ ਕਿੱਤੇ ਨਾਲ ਪ੍ਰੀਤ ਹੈ। ਕਿਸੇ ਨਾਲ ਕੋਈ ਵੱਧ ਘੱਟ ਕਰਨ ਵਾਲਾ ਸੁਭਾਅ ਨਹੀਂ ਹੈ।

ਵੰਸ਼: ਆਪ ਦੇ ਦੋ ਬੇਟੇ ਤੇ ਦੋ ਬੇਟੀਆਂ ਹਨ।

1. **ਗੁਰਪ੍ਰੀਤ ਸਿੰਘ ਗੋਲਡੀ**:- ਆਪ ਦੀ ਧਰਮ ਪਤਨੀ ਦਾ ਨਾਮ ਰਾਜਵਿੰਦਰ ਕੌਰ ਹੈ। ਗੁਰਪ੍ਰੀਤ ਸਿੰਘ ਨੇ +2 ਪਾਸ ਕੀਤੀ ਹੈ ਤੇ ਬਹੁਤ ਸਾਰਾ ਸਮਾਂ ਯੂਰਪ ਵਿਚ ਵਰਕ ਪਰਮੈਂਟ ਤੇ ਕੰਮ ਕੀਤਾ ਹੈ। ਇਸ ਦਾ ਆਦਤ ਸੁਭਾਅ ਵੀ ਆਪਣੇ ਪਿਤਾ ਕੁਲਦੀਪ ਸਿੰਘ ਵਰਗਾ ਹੈ। ਗੁਰਪ੍ਰੀਤ ਸਿੰਘ ਵਾਰਡ ਨੰਬਰ ਪੰਜ ਵਿਚੋਂ 3-6-2013 ਨੂੰ ਹੋਈਆਂ ਪੰਚਾਇਤ ਚੋਣਾਂ ਵਿਚ ਸਰਬਸੰਮਤੀ ਨਾਲ ਪੰਚ ਚੁਣਿਆ ਗਿਆ ਹੈ। ਚੋਣ

ਕਾਰਜ ਖਤਮ ਹੋਣ ਮਗਰੋਂ ਸਾਰੀ ਪੰਚਾਇਤ ਨਾਲ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਆਪ ਬਾਬਾ ਸਤਪਾਲ ਸਿੰਘ ਸਾਹਰੀ ਦੇ ਗੁਰੂ ਘਰ ਮੱਥਾ ਟੇਕਣ ਵਾਸਤੇ ਸਰਪੰਚ ਬਲਵਿੰਦਰ ਸਿੰਘ ਟੂਰਾ ਨਾਲ ਗਿਆ।

2. **ਜਤਿੰਦਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਸੰਜੀਤ ਕੌਰ ਹੈ।

* **ਲੜਕੀਆਂ**: ਕਮਲਜੀਤ ਕੌਰ ਤੇ ਰਾਜਵਿੰਦਰ ਕੌਰ ਹਨ।

ਕੁਲਦੀਪ ਸਿੰਘ ਦੀ ਧਰਮ ਪਤਨੀ ਬਲਵੀਰ ਕੌਰ ਸਮੇਤ ਲੜਕੇ ਲੜਕੀਆਂ ਸਾਰਾ ਪਰਿਵਾਰ ਚੰਗਾ ਹੈ। ਪਿੰਡ ਵਿਚ ਕਿਸੇ ਨਾਲ ਕੋਈ ਉੱਚਾ ਨੀਵਾਂ ਨਹੀਂ ਹੈ।

* 3. **ਮੋਹਨ ਸਿੰਘ ਘੁਨਾ**:- ਆਪ ਦਾ ਬਚਪਨ ਦਾ ਨਾਮ ਘੁਨਾ ਹੈ। ਆਮ ਪਿੰਡ ਵਿਚ ਇਹ ਨਾਮ ਕਰਕੇ ਹੀ ਆਪ ਨੂੰ ਬੁਲਾਇਆ ਜਾਂਦਾ ਹੈ। ਆਪ ਦੀ ਸ਼ਾਦੀ ਮਿਤੀ 27-12-1982 ਦਿਨ ਸ਼ਨਿੱਚਵਾਰ ਰਵਿੰਦਰ ਕੌਰ ਨਾਲ ਹੋਈ। ਮੋਹਨ ਸਿੰਘ ਦੀ ਸਰੀਰਕ ਬਣਤਰ ਸਰੀਰ ਮਧਰਾ ਤੇ ਚੁਸਤ ਹੈ। ਸ. ਮਿਡਲ ਸਕੂਲ ਸਾਹਰੀ ਤੋਂ ਹੀ ਆਪ ਨੇ ਪੜ੍ਹਾਈ ਕੀਤੀ ਹੈ। ਜਦੋਂ ਕਰਮ ਸਿੰਘ ਦੁਬਈ ਤੇ ਕੁਲਦੀਪ ਸਿੰਘ ਏਅਰ ਫੋਰਸ ਵਿਚ ਭਰਤੀ ਸੀ ਤਾਂ ਆਪ ਉਨ੍ਹਾਂ ਤੋਂ ਮਗਰੋਂ ਖੇਤੀਬਾੜੀ ਦਾ ਕੰਮ ਕਰਦਾ ਰਿਹਾ। ਉਸ ਸਮੇਂ ਘਰ ਦੇ ਹਾਲਾਤ ਹੋਰ ਸਨ। ਕਰਮ ਸਿੰਘ ਦੇ ਦੁਬਈ ਜਾਣ ਨਾਲ ਘਰ ਦਾ ਨਕਸ਼ਾ ਬਦਲ ਗਿਆ। ਇਸ ਦਾ ਵਿਆਹ ਕੀਤਾ। ਇਸ ਨੇ ਆਪਣੀ ਕਿਰਤ ਨਾਲ ਬਾਹਰ ਅਲੱਗ ਕੋਠੀ ਪਾਈ ਜੋ ਉਸ ਸਮੇਂ ਸਰਕਾਰੀ ਨੌਕਰੀ ਕਰਦਾ ਸੀ ਉਸ ਦਾ ਘਰ ਐਨਾ ਵਧੀਆ ਨਹੀਂ ਸੀ ਜਿਨ੍ਹਾਂ ਆਪ ਨੇ ਬਣਾਇਆ ਸੀ।

ਮੋਹਨ ਸਿੰਘ ਨੇ ਵੀ ਦੁਬਈ ਦੇ ਸੀਜਨ ਲਾਉਣ ਤੋਂ ਮਗਰੋਂ ਆਪਣੇ ਭਾਈ ਕੁਲਦੀਪ ਸਿੰਘ ਨਾਲ ਨਸਰਾਲੇ ਟੈਂਟ ਦੀ ਦੁਕਾਨ ਪਾਈ ਹੈ।

ਵੰਸ਼: ਆਪ ਦੀਆਂ ਦੋ ਲੜਕੀਆਂ ਮਨਜੀਤ ਕੌਰ ਅਤੇ ਅਮਨਪ੍ਰੀਤ ਕੌਰ ਹਨ।

* **ਲੜਕਾ**- ਨਰਿੰਦਰ ਸਿੰਘ ਸੋਹਣਾ ਸੁਨੱਖਾ ਤੇ ਪੜ੍ਹਨ ਨੂੰ ਹੁਸ਼ਿਆਰਪੁਰ ਸੀ ਪਰ ਭਾਣਾ ਐਸਾ ਵਰਤਿਆ ਕਿ ਮਿਤੀ 3-11-2013 ਦੀਵਾਲੀ ਵਾਲੇ ਦਿਨ ਹਾਦਸਾ ਗ੍ਰਸ ਹੋ ਗਿਆ। ਸਾਰੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਉਸੇ ਹੀ ਦਿਨ ਲੜਕੇ ਦਾ ਸਸਕਾਰ ਪਿੰਡ ਗਗਨੌਲੀ ਵਿਖੇ ਕਰ ਦਿੱਤਾ ਗਿਆ। ਪਰਿਵਾਰ ਲਈ ਇਹ ਪੂਰਾ ਨਾ ਹੋਣ ਵਾਲਾ ਘਾਟਾ ਹੈ। ਪਰਮਾਤਮਾ ਕਿਸੇ ਨਾਲ ਅਜਿਹਾ ਨਾ ਕਰੇ।

ਨਾਨਕ ਸਿੰਘ

ਨਾਨਕ ਸਿੰਘ ਦੀ ਧਰਮ ਪਤਨੀ ਦਾ ਨਾਮ ਸ਼ਿਵ ਦੇਈ ਹੈ, ਜੋ ਆਮ ਕਰਕੇ ਚਰਖਾ ਕੱਤਦੀ ਹੁੰਦੀ ਸੀ। ਇਹ ਵੀ ਪਤਾ ਲੱਗਾ ਹੈ ਕਿ ਮਾਤਾ ਸ਼ਿਵ ਦੇਈ ਸਰੀਰਕ ਤੌਰ ਤੇ ਬਹੁਤ ਤਕੜੀ ਸੀ। ਇਹ ਘਰ ਮਿਸਤਰੀ ਛੱਜਾ ਸਿੰਘ ਦੇ ਘਰ ਦੇ ਨਾਲ ਮਹਿੰਗਾ ਸਿੰਘ ਦੇ ਪਿੱਛੇ ਪੈਂਦਾ ਹੈ। ਮਹਿੰਗਾ ਸਿੰਘ ਦੇ ਲੜਕੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਨਾਨਕ ਸਿੰਘ ਨੂੰ ਵਸਣ ਵਾਸਤੇ ਥਾਂ ਸਾਡੇ ਪਿਤਾ ਮਹਿੰਗਾ ਸਿੰਘ ਨੇ ਦਿੱਤਾ ਸੀ। ਮੈਂ ਆਪਣੀ ਸੁਰਤ ਵਿਚ ਇਸ ਘਰ ਵਿਚ ਸਿਵਾਏ ਮਾਤਾ ਦੇ ਕਿਸੇ ਹੋਰ ਪਰਿਵਾਰਕ ਮੈਂਬਰ ਨੂੰ ਨਹੀਂ ਦੇਖਿਆ। ਪਰਿਵਾਰ ਵੱਡਾ ਪਰ ਲੜਕੇ ਆਪੋ ਆਪਣੇ ਕੰਮਾਂ 'ਤੇ ਹਨ। ਇਨ੍ਹਾਂ ਵੀ ਇਕ ਛੋਟਾ ਜਿਹਾ ਚੁਬਾਰਾ ਬਣਾਇਆ ਹੋਇਆ ਸੀ।

ਵੰਸ਼: ਨਾਨਕ ਸਿੰਘ ਦੀਆਂ ਦੋ ਲੜਕੀਆਂ- ਕਰਮ ਕੌਰ ਤੇ ਵਚਨ ਕੌਰ ਹਨ।

ਲੜਕੇ- ਸਵਰਨ ਸਿੰਘ, ਨਗੀਨਾ, ਕਰਮ ਚੰਦ, ਕਰਤਾਰ ਸਿੰਘ, ਕਰਨੈਲ ਸਿੰਘ ਅਤੇ ਗਣੇਸ਼ਾ।

1. ਸਵਰਨ ਸਿੰਘ ਦੀ ਧਰਮ ਪਤਨੀ ਦਾ ਨਾਮ ਸੀਤਾ ਹੈ।

* **ਵੰਸ਼:** ਦੋ ਲੜਕੇ-ਜਸਵੀਰ ਸਿੰਘ ਚੰਡੀਗੜ੍ਹ ਰਹਿੰਦਾ ਹੈ। ਦੂਜਾ ਲੜਕਾ ਸੁਖਦੇਵ ਸਿੰਘ ਹੈ।

2. **ਨਗੀਨਾ:**- ਆਪ ਦੀ ਧਰਮ ਪਤਨੀ ਦਾ ਨਾਮ ਤਰਸੇਮ ਕੌਰ ਹੈ।

ਵੰਸ਼: ਇਕ ਲੜਕਾ ਪਰਗਟ ਸਿੰਘ ਹੈ, ਜੋ ਚੰਡੀਗੜ੍ਹ ਰਹਿੰਦਾ ਹੈ।

3. **ਕਰਮ ਚੰਦ:**- ਜੋਗਿੰਦਰ ਸਿੰਘ ਗੁਆਂਢੀ ਨੇ ਦੱਸਿਆ ਕਿ ਅੰਗਰੇਜ਼ਾਂ ਦੇ ਸਮੇਂ ਨੌਕਰੀ ਕੀਤੀ। ਪੈਨਸ਼ਨ ਆ ਕੇ ਫਿਰ ਨੌਕਰੀ ਕੀਤੀ। ਅੱਜਕੱਲ੍ਹ ਕਿੱਥੇ ਰਹਿੰਦਾ ਹੈ। ਇਸ ਬਾਰੇ ਕੋਈ ਪਤਾ ਨਹੀਂ ਹੈ।

4. **ਕਰਤਾਰ ਸਿੰਘ:**- ਦੱਸਿਆ ਜਾਂਦਾ ਹੈ ਕਿ ਇਹ ਪਰਿਵਾਰ ਵਿਚੋਂ ਉੱਚਾ ਲੰਬਾ ਸੀ। ਚੰਗੀ ਸਿਹਤ ਸੀ।

ਵੰਸ਼: ਇਕ ਲੜਕਾ ਸਰਬਜੀਤ ਸਿੰਘ ਜੋ ਨਸਰਾਲੇ ਕਲੀਨ ਪਲਾਸਟਿਕ ਫੈਕਟਰੀ ਵਿਚ ਕੰਮ ਕਰਦਾ ਹੈ।

5. **ਕਰਨੈਲ ਸਿੰਘ:**- ਇਸ ਬਾਰੇ ਐਨਾ ਹੀ ਪਤਾ ਲੱਗਾ ਹੈ ਕਿ ਇਹ ਦਿੱਲੀ ਰਹਿੰਦਾ ਹੈ।

* 6. **ਗਣੇਸ਼ਾ**:- ਜੋਗਿੰਦਰ ਸਿੰਘ ਜਿੰਦੋ ਨੇ ਦੱਸਿਆ ਕਿ ਗਣੇਸ਼ੇ ਦੇ ਤਿੰਨ ਦਿਨ ਜਨਮ ਤੋਂ ਪਹਿਲਾਂ ਇਸ ਦੀ ਮਾਤਾ ਸ਼ਿਵ ਦੇਈ ਪਿੰਡ ਕਾਹਰੀ ਤੋਂ ਕਣਕ ਦੀ ਬੋਰੀ ਸਿਰ 'ਤੇ ਚੁੱਕ ਕੇ ਲਿਆਈ ਸੀ। ਤੀਜੇ ਦਿਨ ਗਣੇਸ਼ੇ ਦਾ ਜਨਮ ਹੋਇਆ। ਮਾਤਾ ਐਨੀ ਤਕੜੀ ਸੀ।

ਨੋਟ: ਜੋ ਥਾਂ ਨਾਨਕ ਸਿੰਘ ਦੇ ਕੋਲ ਸੀ ਹੁਣ ਉਸ ਦੇ ਲੜਕੇ ਨੇ 30,000 ਰੁ: ਵਿਚ ਜੋਗਿੰਦਰ ਸਿੰਘ ਨੂੰ ਵੇਚ ਦਿੱਤਾ ਹੈ। ਮਹਿੰਗਾ ਸਿੰਘ ਦੇ ਜੱਦੀ ਘਰ ਤੋਂ ਲੈ ਕੇ ਲੰਬੜਦਾਰ ਨਿੱਕਾ ਸਿੰਘ ਦੇ ਘਰ ਤੱਕ ਸਾਰਾ ਥਾਂ ਮਹਿੰਗਾ ਸਿੰਘ ਸਪੁੱਤਰ ਝੰਡੂ ਦਾ ਹੁੰਦਾ ਸੀ, ਜੋ ਉਸ ਨੇ ਪਿੰਡ ਦੇ ਲੋਕਾਂ ਨੂੰ ਮੁਫ਼ਤ ਵਸਣ ਵਾਸਤੇ ਦਿੱਤਾ ਸੀ।

ਲੁਹਾਰਾਂ ਦੇ ਘਰ

ਪਿੰਡ ਵਿਚ ਆਦਿ ਪੁਸ਼ਤ ਲੁਹਾਰਾਂ ਦੇ ਦੋ ਘਰ ਹਨ। ਵੈਸੇ ਲੁਹਾਰਾਂ ਤੇ ਤਰਖਾਣਾਂ ਦੇ ਕੰਮ ਵਿਚ ਜਾਂ ਕਿੱਤੇ ਵਿਚ ਫ਼ਰਕ ਹੈ, ਜੇ ਇਨ੍ਹਾਂ ਨੇ ਲੜਕੇ ਜਾਂ ਲੜਕੀ ਦਾ ਰਿਸ਼ਤਾ ਕਰਨਾ ਹੋਵੇ ਤਾਂ ਕੋਈ ਫ਼ਰਕ ਨਹੀਂ ਪੈਂਦਾ। ਸਾਡੇ ਪਿੰਡ ਦੇ ਤਰਖਾਣਾਂ ਦਾ ਗੋਤ ਰੈਅਤ ਹੈ। ਪਿੰਡ ਸਾਹਰੀ ਵਿਚ ਕਾਬਲ ਲੁਹਾਰ ਮਸ਼ਹੂਰ ਹੈ। ਉਨ੍ਹਾਂ ਦਾ ਵੀ ਰੈਅਤ ਗੋਤ ਹੈ। ਜਠੇਰੇ ਵੀ ਨਵਾਂਸ਼ਹਿਰ ਦੇ ਕੋਲ ਨੌਰਾ-ਭੌਰਾ ਇਕੱਠੇ ਹਨ। ਪਰ ਪਿੰਡ ਵਿਚ ਲੋਹੇ ਦਾ ਕੰਮ ਕਰਨ ਵਾਲੇ ਨੂੰ ਲੁਹਾਰ ਤੇ ਲੱਕੜ ਦਾ ਕੰਮ ਕਰਨ ਵਾਲੇ ਨੂੰ ਤਰਖਾਣ ਕਿਹਾ ਜਾਂਦਾ ਹੈ। ਸਾਡੇ ਪਿੰਡ ਦਾ ਕਾਬਲ ਸਿੰਘ ਲੁਹਾਰ ਮਸ਼ਹੂਰ ਹੈ, ਜਿਸ ਦਾ ਚੱਗਰ ਗੋਤ ਹੈ। ਉਸ ਨੇ ਕਈ ਵਾਰ ਸਾਡੇ ਬਜ਼ੁਰਗਾਂ ਨਾਲ ਗੱਲਬਾਤ ਕਰਕੇ ਦੱਸਣਾ ਕਿ ਅਸੀਂ ਪਿੰਡ ਚੱਗਰਾਂ (ਹੁਸ਼ਿਆਰਪੁਰ) ਤੋਂ ਆਏ ਹੋਏ ਹਾਂ।

ਘੁਲੂ:

* ਲੁਹਾਰਾਂ ਦੇ ਘਰ ਦੀ ਪੁਸ਼ਤ ਘੁਲੂ ਤੋਂ ਚਲਦੀ ਹੈ, ਜਿਸ ਦੀ ਮਾਤਾ ਦਾ ਨਾਮ ਰਾਜੀ ਸੀ ਬਾਕੀ ਹੋਰ ਜਾਣਕਾਰੀ ਨਹੀਂ ਮਿਲਦੀ ਹੈ। ਘੁਲੂ ਦੇ ਹੇਠ ਲਿਖੇ ਤਿੰਨ ਲੜਕੇ ਹਨ-

ਵੰਸ਼: ਦਸੌਂਜੀ, ਚੇਤੂ ਅਤੇ ਕਰਤਾਰ ਸਿੰਘ

1. **ਦਸੌਂਜੀ:-** ਆਪ ਦੀ ਧਰਮ ਪਤਨੀ ਦਾ ਨਾਮ ਰਤਨ ਕੌਰ ਹੈ, ਜਿਸ ਦੇ ਪੇਕੇ ਬਸਤੀ ਸ਼ੇਖਾਂ, ਜਲੰਧਰ ਸਨ। ਇਨ੍ਹਾਂ ਦੀਆਂ ਤਿੰਨ ਲੜਕੀਆਂ ਤੇ ਇਕ ਲੜਕਾ ਹੈ।

ਵੰਸ਼: ਲੜਕੀਆਂ:-1. ਗੁਰਮੇਲ ਕੌਰ ਧਰਮ ਪਤਨੀ ਮੂਲਾ ਸਿੰਘ ਸਹੁਰੇ ਪਿੰਡ ਕਡਿਆਣਾ ਹਨ।

2. ਤੇਜ ਕੌਰ ਸਹੁਰੇ ਕਪੂਰ ਪਿੰਡ ਹਨ।

3. ਕੁਲਵਿੰਦਰ ਕੌਰ ਧਰਮ ਪਤਨੀ ਹਰਜੀਤ ਸਿੰਘ ਸਹੁਰੇ ਕਾਹਰੀ ਹਨ।

* **ਲੜਕਾ:** ਹਰਬੰਸ ਸਿੰਘ ਦੀ ਧਰਮ ਪਤਨੀ ਦਾ ਨਾਮ ਦਰਸ਼ਨ ਕੌਰ ਹੈ। ਹਰਬੰਸ ਸਿੰਘ ਦਸਵੀਂ ਪਾਸ ਹੈ। ਉੱਚਾ ਲੰਮਾ ਹੈ। ਪਿੰਡ ਵਿਚ ਆਪ ਸੇਵਾ ਮੁਕਤ ਹੋ ਕੇ ਰਹੇ ਹਨ। ਪਹਿਲਾਂ ਬਾਹਰ ਹੀ ਰਹੇ ਹਨ।

ਵੰਸ਼: ਹਰਬੰਸ ਸਿੰਘ ਦੀਆਂ ਦੋ ਸ਼ਾਦੀਆਂ ਹਨ। ਪਹਿਲੇ ਵਿਆਹ ਦੇ ਦੋ ਲੜਕੇ ਹੇਠ ਲਿਖੇ ਹਨ:

1. ਇੰਦਰਜੀਤ ਸਿੰਘ ਤੇ ਜਸਵਿੰਦਰ ਸਿੰਘ।

ਹਰਬੰਸ ਸਿੰਘ ਦੀ ਪਹਿਲੀ ਪਤਨੀ 1975 ਈ: ਵਿਚ ਸੁਰਗਵਾਸ ਹੋ ਗਈ ਸੀ ਫਿਰ ਉਸ ਨੇ ਦੂਜੀ ਸ਼ਾਦੀ ਕਰਵਾਈ।

* **ਦੂਜੀ ਸ਼ਾਦੀ**:- ਹਰਬੰਸ ਸਿੰਘ ਦੀ ਦੂਜੀ ਸ਼ਾਦੀ 6-11-1976 ਈ: ਨੂੰ ਨਛੱਤਰ ਕੌਰ ਨਾਲ ਹੋਈ, ਜਿਸ ਦੇ ਪੇਕੇ ਲੁਹਾਰਾਂ ਜਲੰਧਰ ਹਨ।

ਦੂਜੇ ਵਿਆਹ ਦੇ ਵੀ ਦੋ ਲੜਕੇ ਹਨ।

1. ਲਖਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ

ਹਰਬੰਸ ਸਿੰਘ ਦੇ ਚਾਰ ਲੜਕੇ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

1. **ਇੰਦਰਜੀਤ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਕੁਲਦੀਪ ਕੌਰ ਹੈ ਜਿਸ ਦੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਾਨਾ ਹਨ। ਇੰਦਰਜੀਤ ਸਿੰਘ ਪਹਿਲਾਂ ਪੰਜਾਬ ਪੁਲਿਸ ਵਿਚ ਨੌਕਰੀ ਕਰਦਾ ਸੀ ਕਿਸੇ ਕਾਰਨ ਉਹ ਨੌਕਰੀ ਚੋਂ ਸਸਪੈਂਡ ਹੋ ਗਿਆ ਮੁੜ ਬਹਾਲ ਨਹੀਂ ਹੋਇਆ। ਹੁਣ ਪਿੰਡ ਪਿੱਪਲਾਂਵਾਲਾ ਵਿਚ ਸਕੂਟਰ ਮਕੈਨਿਕ ਹੈ ਚੰਗਾ ਕੰਮ ਚੱਲਦਾ ਹੈ। ਇਥੇ ਹੀ ਆਪ ਦਾ ਪਰਿਵਾਰ ਰਹਿੰਦਾ ਹੈ।

ਵੰਸ਼: ਆਪ ਦੀਆਂ ਦੋ ਲੜਕੀਆਂ ਤੇ ਇਕ ਲੜਕਾ ਹੈ।

* **ਲੜਕੀਆਂ**: ਗਗਨਦੀਪ ਕੌਰ, ਮਨਪ੍ਰੀਤ ਕੌਰ

* **ਲੜਕਾ**: ਸੁਖਵੀਰ ਸਿੰਘ ਹੈ।

2. **ਜਸਵਿੰਦਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਸੁਖਜਿੰਦਰ ਕੌਰ ਹੈ ਜਿਸ ਦੇ ਪੇਕੇ ਲਾਗਲੇ ਪਿੰਡ ਪੰਡੋਰੀ ਰੁਕਮਨ ਹਨ। ਇਸ ਪਿੰਡ ਦਾ ਬਸੀਵਾਂ ਸਾਡੇ ਪਿੰਡ ਦੇ ਨਾਲ ਲੱਗਦਾ ਹੈ। ਜਸਵਿੰਦਰ ਸਿੰਘ ਪਹਿਲਾਂ ਪਿੰਡ ਵਿਚ ਇਕ ਡਰਾਈਵਰ ਦੇ ਤੌਰ ਤੇ ਆਪਣੀ ਗੱਡੀ ਚਲਾਉਂਦਾ ਸੀ। ਹੁਣ ਉਹ ਪਿਛਲੇ ਸਾਲਾਂ ਤੋਂ ਯੂਰਪ ਵਿਚ ਰਹਿ ਰਿਹਾ ਹੈ।

3. **ਲਖਵਿੰਦਰ ਸਿੰਘ**:- ਜਿਸ ਨੂੰ ਪਿੰਡ ਵਿਚ ਆਮ ਕਰਕੇ ਲੱਕੀ ਕਿਹਾ ਜਾਂਦਾ ਹੈ। ਬੀ.ਏ. ਪਾਸ ਕਰਨ ਉਪਰੰਤ ਉਹ ਇੰਗਲੈਂਡ ਚਲਾ ਗਿਆ। ਪਹਿਲਾਂ ਉਸ ਨੇ ਜਗਤਾਰ ਸਿੰਘ ਦੇ ਨਾਲ ਇਟਲੀ ਜਾਣ ਦੀ ਕੋਸ਼ਿਸ਼ ਕੀਤੀ, ਜਿਸ ਵਿਚ ਕਾਮਯਾਬੀ ਹਾਸਲ ਨਹੀਂ ਹੋਈ।

4. **ਗੁਰਪ੍ਰੀਤ ਸਿੰਘ**:- ਜਿਸ ਨੂੰ ਪਿੰਡ ਵਿਚ ਛੋਟੂ ਕਿਹਾ ਜਾਂਦਾ ਹੈ। ਉਹ ਵੀ ਯੂਰਪ ਵਿਚ ਰਹਿ ਰਿਹਾ ਹੈ। ਇੰਦਰਜੀਤ ਸਿੰਘ ਨੂੰ ਛੱਡ ਕੇ ਛੋਟੇ ਤਿੰਨ ਭਰਾ ਯੂਰਪ ਵਿਚ ਹਨ। ਸਾਰੇ ਲੜਕਿਆਂ ਦਾ ਆਦਤ ਸੁਭਾਅ ਚੰਗਾ ਹੈ। ਲਖਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਦੀ ਅਜੇ ਸ਼ਾਦੀ ਨਹੀਂ ਹੋਈ ਹੈ।

ਨੋਟ: ਹਰਬੰਸ ਸਿੰਘ ਦਾ ਪਿਤਾ ਦਸੌਂਜੀ ਫਿਰੋਜ਼ਪੁਰ ਵਿਚ ਰਹਿੰਦਾ ਸੀ। ਮੈਂ ਕਦੇ ਉਸ ਨੂੰ ਪਿੰਡ ਨਹੀਂ ਦੇਖਿਆ। ਇਕ ਵਾਰ ਦੀ ਗੱਲ ਹੈ ਕਿ ਧੰਨਾ ਸਿੰਘ ਤੇ ਦਸੌਂਜੀ ਦੋਵੇਂ ਫਿਰੋਜ਼ਪੁਰ ਨੂੰ ਤੁਰ ਕੇ ਗਏ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਅਸੀਂ ਰੋਟੀ ਖਾਣੀ ਸੀ

ਹਲਟ 'ਤੇ ਬੈਠ ਗਏ। ਖੂਹ ਦੇ ਕੋਲ ਮਾਂ-ਧੀ ਕਪਾਹ ਚੁੱਗਦੀਆਂ ਸਨ। ਲੜਕੀ ਨੇ ਕਿਹਾ ਭਾਈਆ ਜੀ ਪਾਣੀ ਪੀਣਾ ਹੈ। ਉਸ ਲੜਕੀ ਨੇ ਆਪ ਹਲਟ ਗੇੜਿਆ ਤਾਂ ਇਨ੍ਹਾਂ ਨੂੰ ਪਾਣੀ ਪਿਲਾਇਆ। ਧੰਨਾ ਸਿੰਘ ਨੇ ਇਹ ਗੱਲ ਦੱਸੀ ਸੀ ਕਿ ਲੜਕੀ ਦਾ ਸਰੀਰ ਭਲਵਾਨਾਂ ਵਰਗਾ ਸੀ।

ਹਰਬੰਸ ਸਿੰਘ ਦਾ ਜਨਮ ਵੀ ਫਿਰੋਜ਼ਪੁਰ ਦਾ ਹੈ, ਉਥੇ ਹੀ ਆਪ ਨੇ ਨੌਕਰੀ ਕੀਤੀ ਹੈ। ਅਣਵੰਡੇ ਪੰਜਾਬ ਵਿਚ ਆਪ ਕੁਰੂਕਸ਼ੇਤਰ, ਕੈਂਥਲ, ਸ਼ਾਹਬਾਦ, ਯਮੁਨਾ ਨਗਰ ਆਦਿ ਸ਼ਹਿਰਾਂ ਵਿਚ ਵੀ ਨੌਕਰੀ ਕੀਤੀ ਹੈ। ਪੈਨਸ਼ਨ ਲੈ ਕੇ ਹਰਬੰਸ ਸਿੰਘ ਪਿੰਡ ਆ ਗਏ। ਇਥੇ ਆ ਕੇ ਖੇਤੀਬਾੜੀ ਦਾ ਕੰਮ ਕਰਨ ਲੱਗੇ। ਘਰ ਵਿਚ ਲਵੇਰਾ ਰੱਖਦੇ ਸਨ। ਹਰਬੰਸ ਸਿੰਘ ਨੇ ਜ਼ਿਆਦਾ ਉਮਰ ਨਹੀਂ ਭੋਗੀ ਹੈ। ਆਪ ਅਚਾਨਕ ਮਿਤੀ 6-12-1997 ਨੂੰ ਹਾਰਟ ਅਟੈਕ ਨਾਲ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਸਸਕਾਰ ਵਾਲੇ ਦਿਨ ਪਰਿਵਾਰ ਦਾ ਵਿਰਲਾਪ ਵੇਖਿਆ ਨਹੀਂ ਸੀ ਜਾਂਦਾ।

2. * **ਚੇਤੂ**:- ਘੁਲੂ ਦਾ ਦੂਜਾ ਲੜਕਾ ਚੇਤੂ ਸੀ ਜਿਸ ਦੀ ਸ਼ਾਦੀ ਨਹੀਂ ਹੋਈ ਸੀ।

3. * **ਕਰਤਾਰ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਅਮਰ ਕੌਰ ਤੇ ਪੇਕੇ ਗੀਗਨੋਵਾਲ ਹੁਸ਼ਿਆਰਪੁਰ ਸਨ। ਮੈਂ ਆਪਣੀ ਸੁਰਤ ਵਿਚ ਦੇਖਿਆ ਹੈ ਕਿ ਇਸ ਮਾਤਾ ਦਾ ਸਰੀਰ ਭਾਰਾ ਸੀ। ਤੁਰ ਫਿਰ ਘੱਟ ਹੁੰਦਾ ਸੀ। ਜਦੋਂ ਅਸੀਂ ਛੋਟੇ-ਛੋਟੇ ਹੁੰਦੇ ਸੀ ਤਾਂ ਸਾਡੇ ਪਾਸੋਂ ਲੋਹੜੀ ਦੇ ਗੀਤ ਸੁਣਨੇ ਖਾਸ ਕਰਕੇ:

"ਅੰਬੀਆਂ ਵਈ ਅੰਬੀਆਂ, ਲਾਲ ਕਣਕਾਂ ਜੰਮੀਆਂ
ਕਣਕਾਂ ਵਿਚ ਬਟੇਰੇ, ਦੋ ਸਾਧੂ ਦੇ ਦੋ ਮੇਰੇ"

ਜਿਥੋਂ ਤੱਕ ਮੈਨੂੰ ਯਾਦ ਹੈ ਮਾਤਾ ਅਮਰ ਕੌਰ ਸਿਆਲ ਰੁੱਤੇ 1960 ਦੇ ਲਾਗੇ ਸੁਰਗਵਾਸ ਹੋ ਗਈ ਸੀ। ਕਰਤਾਰ ਸਿੰਘ ਨੇ ਸਾਰੀਆਂ ਲੜਕੀਆਂ ਉਸ ਦੇ ਮਰਨ ਉਪਰੰਤ ਹੀ ਵਿਆਹੀਆਂ ਹਨ।

ਵੰਸ਼: ਤਿੰਨ ਲੜਕੀਆਂ ਅਤੇ ਤਿੰਨ ਲੜਕੇ

ਤਿੰਨ ਲੜਕੇ ਬਾਲ ਅਵਸਥਾ ਵਿਚ ਹੀ ਗੁਜ਼ਰ ਗਏ ਸਨ।

* **ਲੜਕੀਆਂ**:- 1. ਪ੍ਰੀਤਮ ਕੌਰ ਧਰਮ ਪਤਨੀ ਸ਼ਕੀਨ ਸਿੰਘ ਸਹੁਰੇ ਦੌਲੀਕੇ ਦੂਹੜੇ, ਜਲੰਧਰ ਹਨ।

2. ਅਜੀਤ ਕੌਰ ਧਰਮ ਪਤਨੀ ਗੁਰਚਰਨ ਸਿੰਘ ਸਹੁਰੇ ਸੂਸਾ ਹੁਸ਼ਿਆਰਪੁਰ ਹਨ।

3. ਸੀਤਲ ਕੌਰ ਧਰਮ ਪਤਨੀ ਕਿਰਪਾਲ ਸਿੰਘ ਸਹੁਰੇ ਪੰਡੋਰੀ ਮਾਇਲ ਨੇੜੇ ਬੁੱਲੋਵਾਲ ਹਨ।

ਕਰਤਾਰ ਸਿੰਘ ਦਾ ਸੁਭਾਅ ਚੰਗਾ ਸੀ। ਇਨ੍ਹਾਂ ਨੂੰ ਉੱਚਾ ਸੁਣਦਾ ਸੀ। ਬਹੁਤ ਉੱਚਾ ਬੋਲਣ ਦੀ ਆਦਤ ਸੀ। ਵਿਹਲੇ ਸਮੇਂ ਆਪ ਧਾਰਮਿਕ ਗ੍ਰੰਥ ਪੜ੍ਹਦੇ ਹੁੰਦੇ ਸਨ। ਘਰ ਵਿਚ ਦੁੱਧ ਲਈ ਗਾਈਆਂ ਹੀ ਰੱਖਦੇ ਸਨ। ਉਨ੍ਹਾਂ ਕਈ ਵਾਰ ਕਿਹਾ ਕਿ ਮੈਂ ਦੇਸੀ ਘਿਓ ਵਰਤਦਾ ਹਾਂ। ਡਾਲਡਾ ਨਹੀਂ ਖਾਂਦਾ ਹਾਂ। ਆਪ ਪਿੰਡ ਦੀ ਸੇਪੀ ਕਰਦੇ ਸਨ।

ਆਪ ਦੇ ਮਕਾਨ ਦੇ ਮਗਰ ਪਿੰਡ ਦਾ ਮੁਸਤਰਕਾ ਛੱਪੜ ਹੈ। ਇਥੇ ਹੀ ਆਪ ਆਪਣੇ ਪਸ਼ੂ ਬੰਨ੍ਹਦੇ ਸਨ। ਇਸ ਦੇ ਨਾਲ ਹੀ ਕਾਰਖਾਨਾ ਸੀ, ਜਿੱਥੇ ਲੋਹੇ ਦਾ ਕੰਮ ਕਰਦੇ ਸਨ। ਕਣਕ ਜਾਂ ਮੱਕੀ ਦੇ ਸੀਜਨ ਤੇ ਪਿੰਡ ਦੇ ਕਿਸਾਨ ਦਾਤੀਆਂ ਨੂੰ ਦੰਦੇ ਕਢਾਉਂਦੇ ਸਨ। ਆਪ ਕੰਮ ਪ੍ਰੀਤ ਨਾਲ ਕਰਦੇ ਸਨ। ਦਾਤੀਆਂ ਨੂੰ ਭੱਠੀ ਵਿਚ ਤਪਾ ਕੇ ਪਾਣ ਦੇ ਕੇ ਚੰਡ ਕੇ ਦੰਦੇ ਕੱਢਦੇ ਸਨ। ਇਸ ਤੋਂ ਇਲਾਵਾ ਲੱਕੜ ਦਾ ਕੰਮ ਵੀ ਕਰਦੇ ਸਨ। ਸਾਡੇ ਦੋ ਮੰਜੇ ਆਪ ਨੇ ਠੋਕੇ ਸਨ। ਜਦੋਂ ਮੈਂ ਲੈਣ ਗਿਆ ਤਾਂ ਕਰਤਾਰ ਸਿੰਘ ਨੇ ਕਿਹਾ, "ਇਨ੍ਹਾਂ ਮੰਜਿਆਂ ਨੂੰ ਭਾਵੇਂ ਛੱਪੜ ਵਿਚ ਡੋਬ ਦਿਓ ਪਾਣੀ ਨਹੀਂ ਪਵੇਗਾ। ਪੂਰੇ-ਪੂਰੇ ਛੇਕ ਪਾ ਕੇ ਠੋਕੇ ਹਨ। ਨਾਲੇ ਗੁਣੀਏ ਵਿਚ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਮੈਂ ਮੁਸਲਮਾਨ ਮਿਸਤਰੀਆਂ ਦੇ ਕੋਲੋਂ ਕੰਮ ਸਿੱਖਿਆ ਹੈ। ਇਸ ਤੋਂ ਇਲਾਵਾ ਵਿਆਹ ਸ਼ਾਦੀ ਲਈ ਪੱਟੜੀ ਵੀ ਤਿਆਰ ਕਰਕੇ ਦਿੰਦੇ ਸਨ। ਸਾਡਾ ਚਾਚਾ ਸ਼ੰਕਰ ਸਿੰਘ ਖੇਤੀ ਕਰਦਾ ਸੀ। ਕਰਤਾਰ ਸਿੰਘ ਦੇ ਕੋਲ ਆਪਣੇ ਤਿੰਨ ਖੇਤ ਜ਼ਮੀਨ ਸੀ। ਇਸ ਦੀ ਅੱਧ 'ਤੇ ਖੇਤੀ ਸਾਡਾ ਚਾਚਾ ਕਰਦਾ ਸੀ। ਵਿਹਲੇ ਸਮੇਂ ਉਹ ਸਾਡੇ ਘਰਾਂ ਵਿਚ ਆ ਜਾਂਦਾ ਸੀ। ਹਾਸਾ ਮਜ਼ਾਕ ਵੀ ਹੁੰਦਾ ਸੀ। ਕਰਤਾਰ ਸਿੰਘ ਨੂੰ ਸੇਪੀ ਬਦਲੇ ਹਰ ਕਿਸਾਨ ਤੋਂ ਹਾੜ੍ਹੀ ਸਾਉਣੀ ਦੋ ਭਰੀਆਂ ਹਰ ਘਰ ਤੋਂ ਮਿਲਦੀਆਂ ਸਨ।

ਕਰਤਾਰ ਸਿੰਘ ਨੇ ਦੱਸਿਆ ਕਿ 1947 ਦੇ ਸਮੇਂ ਦਾਜ ਵਿਚ ਲੜਕੀਆਂ ਨੂੰ ਸੰਦੂਕ ਦਿੱਤੇ ਜਾਂਦੇ ਸਨ ਜਿਨ੍ਹਾਂ ਨੂੰ ਬਹੁਤ ਮਿਹਨਤ ਨਾਲ ਤਿਆਰ ਕੀਤਾ ਜਾਂਦਾ ਸੀ ਜਿਨ੍ਹਾਂ ਵਿਚ ਸ਼ੀਸ਼ੇ ਲਗਾਏ ਜਾਂਦੇ ਸਨ।

ਪੰਜਾਬੀ ਲੋਕ ਗੀਤਾਂ ਵਿਚ ਵੀ ਸੰਦੂਕ ਦਾ ਜ਼ਿਕਰ ਆਉਂਦਾ ਹੈ।

"ਗੱਡਾ ਜਾਂਦਾ ਹੈ ਸੰਦੂਕੋਂ ਖਾਲੀ ਵੱਡਿਆਂ ਭਰਾਵਾਂ ਵਾਲੀਏ।"

ਵਿਆਹ ਸ਼ਾਦੀ ਵੇਲੇ ਮੈਂ ਆਪ ਨੌਜਵਾਨ ਮੁਟਿਆਰਾਂ ਨੂੰ ਗਿੱਧੇ ਵਿਚ ਨੱਚਦੀਆਂ ਨੂੰ ਇਹ ਬੋਲੀ ਪਾ ਕੇ ਗਾਉਂਦੇ ਸੁਣਿਆ ਹੈ।

* **ਵਸੀਅਤ:-** ਕਰਤਾਰ ਸਿੰਘ ਨੇ ਆਪਣੀ ਚੱਲ ਤੇ ਅਚੱਲ ਜਾਇਦਾਦ ਦੀ ਵਸੀਅਤ ਆਪਣੀਆਂ ਲੜਕੀਆਂ ਦੇ ਨਾਮ ਨਹੀਂ ਕੀਤੀ ਸਗੋਂ ਆਪਣੇ ਭਤੀਜੇ ਹਰਬੰਸ ਸਿੰਘ ਦੇ ਨਾਮ ਕੀਤੀ ਹੈ। ਹਰਬੰਸ ਸਿੰਘ ਦੀ ਧਰਮ ਪਤਨੀ ਨਛੱਤਰ ਕੌਰ ਕਰਤਾਰ ਸਿੰਘ ਦੀ ਬਹੁਤ ਸੇਵਾ ਕਰਦੀ ਸੀ। ਕਰਤਾਰ ਸਿੰਘ ਨੇ ਆਪ ਦੱਸਿਆ ਕਿ ਮੇਰੇ ਪੋਤੇ ਮੇਰਾ ਬਹੁਤ ਖਿਆਲ ਕਰਦੇ ਹਨ। ਕਰਤਾਰ ਸਿੰਘ ਦੀ ਉਮਰ ਭਾਵੇਂ 80 ਸਾਲ ਦੇ ਕਰੀਬ ਸੀ ਪਰ ਆਪ ਚੰਗੀ ਤਰ੍ਹਾਂ ਤੁਰ ਫਿਰ ਸਕਦੇ ਸਨ। ਸਾਡੇ ਘਰਾਂ ਵਿਚ ਦੁੱਖ-ਸੁੱਖ ਵੇਲੇ ਹਾਜ਼ਰ ਹੁੰਦੇ ਸਨ। ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਣ ਸਮੇਂ ਆਪ ਨੇ ਬਹੁਤਾ ਕਸ਼ਟ ਨਹੀਂ ਭੋਗਿਆ। ਆਪ ਸਿਆਲ ਰੁੱਤੇ ਦਸੰਬਰ 1991 ਈ: ਵਿਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ।

ਛੱਜੂ

ਪਿੰਡ ਵਿਚ ਇਹ ਲੁਹਾਰਾਂ ਦਾ ਦੂਜਾ ਘਰ ਹੈ, ਜੋ ਕਰਤਾਰ ਸਿੰਘ ਮਿਸਤਰੀ ਦੇ ਘਰ ਦੇ ਸਾਹਮਣੇ ਹੈ। ਛੱਜੂ ਦੀ ਧਰਮ ਪਤਨੀ ਦਾ ਨਾਮ ਰੱਲੀ ਸੀ, ਜਿਸ ਨੂੰ ਮੈਂ ਆਮ ਕਰਕੇ ਚਰਖਾ ਕੱਤਦੀ ਵੇਖਿਆ ਹੈ।

ਵੰਸ਼: ਲੜਕੇ– ਬਾਬੂ, ਸਾਧੂ ਸਿੰਘ, ਮਹਿੰਗਾ ਸਿੰਘ

1. ਬਾਬੂ ਦੀ ਸ਼ਾਦੀ ਨਹੀਂ ਹੋਈ ਸੀ। ਉਹ ਛੜਾ ਸੀ।

2. ਸਾਧੂ ਸਿੰਘ ਦੀ ਧਰਮ ਪਤਨੀ ਦਾ ਨਾਮ ਕੇਸਰੀ ਸੀ। ਇਨ੍ਹਾਂ ਦੀ ਕੋਈ ਸੰਤਾਨ ਨਹੀਂ ਸੀ।

3. ਮਹਿੰਗਾ ਸਿੰਘ ਦੀ ਧਰਮ ਪਤਨੀ ਦਾ ਨਾਮ ਰਾਜ ਕੌਰ ਸੀ। ਮਹਿੰਗਾ ਸਿੰਘ ਜਲੰਧਰ ਰੇਲ ਵਿਭਾਗ ਵਿਚ ਨੌਕਰੀ ਕਰਦਾ ਸੀ। ਜਦੋਂ ਅਸੀਂ ਕਾਲਜ ਪੜ੍ਹਦੇ ਸੀ ਤਾਂ ਉਹ ਕਦੇ-ਕਦੇ ਸਾਡੇ ਨਾਲ ਰੇਲਵੇ ਸਟੇਸ਼ਨ ਨਸਰਾਲੇ ਤੁਰ ਕੇ ਆਉਂਦਾ ਸੀ। ਹਮੇਸ਼ਾ ਚਿੱਟੀ ਪੱਗ ਬੰਨ੍ਹਦਾ ਸੀ ਜਿੰਨਾ ਸਮਾਂ ਉਸ ਦੀ ਮਾਤਾ ਜਿਊਂਦੀ ਰਹੀ ਉਹ ਪਿੰਡ ਆਉਂਦਾ ਰਿਹਾ। ਸ. ਨਿਰੰਜਨ ਸਿੰਘ ਨੇ ਦੱਸਿਆ ਕਿ ਜਦੋਂ ਮਾਤਾ ਰੱਲੀ ਬਿਰਧ ਹੋ ਗਈ ਉਹ ਵੀ ਜਲੰਧਰ ਚਲੀ ਗਈ। ਮਹਿੰਗਾ ਸਿੰਘ ਨੇ ਆਪਣਾ ਜੱਦੀ ਘਰ ਸੰਤਾ ਸਿੰਘ ਦੇ ਲੜਕੇ ਦੇਵ ਨੂੰ ਵੇਚ ਦਿੱਤਾ ਹੈ। ਉਸ ਨੇ ਵਧੀਆ ਕੋਠੀ ਪਾਈ ਹੈ। ਹੁਸ਼ਿਆਰਪੁਰ ਮੇਰੀ ਕੋਠੀ ਦੇ ਨਾਲ ਇਕ ਬਿੱਲਾ ਕਟਾਰੀਆ ਸਿਆਣਾ ਬਜ਼ੁਰਗ ਰਹਿੰਦਾ ਹੈ ਜੋ ਰੇਲਵੇ ਵਿਭਾਗ ਵਿਚੋਂ ਬਤੌਰ ਗਾਰਡ ਸੇਵਾ ਮੁਕਤ ਹੋਇਆ ਹੈ। ਉਸ ਨੇ ਦੱਸਿਆ ਕਿ ਮੈਂ ਤਾਂ ਮਹਿੰਗਾ ਸਿੰਘ ਇਕੱਠੇ ਨੌਕਰੀ ਕਰਦੇ ਸੀ। ਮਹਿੰਗਾ ਸਿੰਘ ਦੀ ਮੌਤ ਹੋ ਚੁੱਕੀ ਹੈ। ਉਸ ਨੇ ਦੱਸਿਆ ਕਿ ਮਹਿੰਗਾ ਸਿੰਘ ਦਾ ਘਰ ਬਿਲਕੁਲ ਰੇਲਵੇ ਸਟੇਸ਼ਨ ਦੇ ਲਾਗੇ ਹੈ।

ਵੰਸ਼: ਮਹਿੰਗਾ ਸਿੰਘ ਦੇ ਦੋ ਲੜਕੇ ਤੇ ਲੜਕੀਆਂ ਹਨ।

ਪਿੰਡ ਦੇ ਕੁਝ ਘਰ ਚਾਹੇ ਜੱਟਾਂ ਦੇ ਹਨ ਜਾਂ ਲੁਹਾਰਾਂ, ਤਰਖਾਣਾਂ, ਆਦਿ ਧਰਮੀਆਂ ਦੇ ਹਨ। ਨਵੀਂ ਪੀੜ੍ਹੀ ਨੂੰ ਉਨ੍ਹਾਂ ਬਾਰੇ ਕੁਝ ਵੀ ਪਤਾ ਨਹੀਂ ਹੈ। ਇਹ ਤਾਂ ਪਿੰਡ ਦਾ ਇਤਿਹਾਸ ਹੀ ਦਸ ਸਕਦਾ ਹੈ ਕਿ ਕਿਹੜਾ ਘਰ ਕਿਸ ਦਾ ਸੀ ਤੇ ਅੱਜ ਕਿੱਥੇ ਹਨ।

ਪਿੰਡ ਵਿਚ ਬਾਹਰੋਂ ਆ ਕੇ ਵਸੇ ਘਰਾਂ ਦਾ ਵੇਰਵਾ

ਪੰਡਤ ਚੂੰਨੀ ਲਾਲ:- ਆਪ 1958 ਦੇ ਕਰੀਬ ਪਿੰਡ ਗਗਨੌਲੀ ਵਿਚ ਆਏ ਸਨ। ਦੱਸਿਆ ਜਾਂਦਾ ਹੈ ਕਿ ਪੰਡਤ ਚੂੰਨੀ ਲਾਲ ਦਾ ਜਵਾਈ ਪੰਜਾਬ ਪੁਲਿਸ ਵਿਚ ਨੌਕਰੀ ਕਰਦਾ ਸੀ। ਉਸ ਦੀ ਵਚਨ ਸਿੰਘ ਸਪੁੱਤਰ ਸੁਰੈਣ ਸਿੰਘ ਨਾਲ ਦੋਸਤੀ ਸੀ। ਉਹ ਪੁਲਿਸਮੈਨ ਅਕਸਰ ਪਿੰਡ ਗਗਨੌਲੀ ਵਿਖੇ ਆਉਂਦਾ ਜਾਂਦਾ ਸੀ। ਉਸ ਨੇ ਦੇਖਿਆ ਕਿ ਪਿੰਡ ਵਿਚ ਕੋਈ ਦੁਕਾਨ ਨਹੀਂ ਹੈ ਉਸ ਨੇ ਆਪਣੇ ਸਹੁਰਾ ਸਾਹਿਬ ਦੀ ਦੁਕਾਨ ਪਿੰਡ ਵਿਚ ਪੁਆ ਦਿੱਤੀ। ਲਾਲਾ ਚੂੰਨੀ ਲਾਲ ਨੂੰ ਵਸਣ ਵਾਸਤੇ ਤੇ ਦੁਕਾਨ ਲਈ ਸ. ਬਚਨ ਸਿੰਘ ਦਾ ਘਰ ਮਿਲ ਗਿਆ। ਘਰ ਦਾ ਇਕ ਦਰਵਾਜ਼ਾ ਸੜਕ ਵੱਲ ਖੁੱਲ੍ਹਦਾ ਸੀ। ਇਹ ਬਚਨ ਸਿੰਘ ਦੀ ਬੈਠਕ ਸੀ। ਲਾਗਲੇ ਦੋ ਪਿੰਡ ਇਥੋਂ ਹੀ ਕਰਿਆਨੇ ਦਾ ਸਾਮਾਨ ਲੈਂਦੇ ਸਨ। ਉਸ ਸਮੇਂ ਕੋਈ ਵਿਰਲਾ ਆਦਮੀ ਪੈਸਿਆਂ ਦਾ ਸੌਦਾ ਲੈਂਦਾ ਸੀ। ਆਮ ਕਰਕੇ ਹਾੜ੍ਹੀ-ਸਾਉਣੀ ਦਾਣੇ ਹੀ ਦੇ ਕੇ ਸੌਦਾ ਲਿਆ ਜਾਂਦਾ ਸੀ। ਇਥੋਂ ਤੱਕ ਕੇ ਘਰ ਦੀਆਂ ਔਰਤਾਂ ਸਬਜ਼ੀ ਵੀ ਦਾਣਿਆਂ ਦੀ ਲੈਂਦੀਆਂ ਸਨ। ਅਸੀਂ ਬਹੁਤ ਛੋਟੇ-ਛੋਟੇ ਸੀ ਜਦੋਂ ਲਾਲਾ ਜੀ ਨੇ ਦੁਕਾਨ ਪਾਈ ਸੀ। ਇਨ੍ਹਾਂ ਦੇ ਘਰ ਰੇਡੀਓ ਵੀ ਸੀ। ਅਸੀਂ ਕਦੇ-ਕਦੇ ਸੁਨਣ ਜਾਂਦੇ ਸੀ।

*** ਦੁਕਾਨ ਕਰਨੀ ਸੌਖੀ:-** ਲਾਲਾ ਜੀ ਲਈ ਦੁਕਾਨ ਕਰਨੀ ਸੌਖੀ ਸੀ ਕਿਉਂਕਿ ਆਪ ਦਾ ਲੜਕਾ ਰਾਜਪਾਲ ਸ਼ਰਮਾ ਤਹਿਸੀਲ ਹੁਸ਼ਿਆਰਪੁਰ ਵਿਖੇ ਨੌਕਰੀ ਕਰਦਾ ਸੀ ਉਹ ਹੱਟੀ ਦਾ ਸਾਮਾਨ ਰੋਜ਼ ਦੇ ਰੋਜ਼ ਲੈ ਆਉਂਦਾ ਸੀ। ਜੇ ਕਿਸੇ ਦਿਨ ਰਾਜਪਾਲ ਨੇ ਲੇਟ ਹੋ ਜਾਣਾ ਤਾਂ ਗਾਹਕ ਰਾਜਪਾਲ ਦੀ ਦੁਕਾਨ ਦੇ ਬਾਹਰ ਉਡੀਕ ਕਰਦੇ ਸਨ। ਜਦੋਂ ਰਾਜਪਾਲ ਸ਼ਰਮਾ ਸੇਵਾ ਮੁਕਤ ਹੋਇਆ ਤਾਂ ਉਸ ਨੇ ਇਹ ਮਕਾਨ ਪੱਕੇ ਤੌਰ 'ਤੇ ਖਰੀਦ ਲਿਆ। ਇਸ ਦੀ ਰਿਪੇਅਰ ਕਰਾ ਕੇ ਰੰਗ-ਰੋਗਨ ਕਰਵਾ ਦਿੱਤਾ।

*** ਬਾਬਾ:-** ਪਿੰਡ ਦੇ ਸਾਰੇ ਲੋਕ ਲਾਲਾ ਚੂੰਨੀ ਲਾਲ ਨੂੰ ਬਾਬਾ ਤੇ ਉਸ ਦੀ ਧਰਮ ਪਤਨੀ ਨੂੰ ਭਾਬੀ ਆਖਦੇ ਸਨ। ਉਹ ਮਧਰੇ ਕੱਦ ਦੀ ਸੀ, ਜਿਸ ਦਾ ਸੁਭਾਅ ਆਮ ਕਰਕੇ ਗਰਮ ਸੀ। ਲਾਲਾ ਚੂੰਨੀ ਲਾਲ ਅੰਮ੍ਰਿਤ ਵੇਲੇ ਪੰਛੀਆਂ ਨੂੰ ਖੁੱਲ੍ਹੇ ਥਾਂ 'ਤੇ ਦਾਣੇ ਪਾਉਂਦਾ ਹੁੰਦਾ ਸੀ, ਜਿਸ ਵਿਚ ਸਾਰੇ ਪੰਛੀ ਚੋਗਾ ਚੁੱਗਦੇ ਸਨ। ਲਾਲਾ ਜੀ ਕਦੇ-ਕਦੇ ਸੌਦਾ ਪਿੰਡ ਸਾਹਰੀ ਤੋਂ ਬਾਲੀ ਦੀ ਦੁਕਾਨ ਤੋਂ ਵੀ ਲੈ ਆਉਂਦਾ ਸੀ। ਲਾਲਾ ਚੂੰਨੀ ਲਾਲ ਦੀਆਂ ਲੜਕੀਆਂ ਸਾਹਰੀ ਮਿਡਲ ਸਕੂਲ ਵਿਚ ਪੜ੍ਹਦੀਆਂ ਸਨ। ਲਾਲਾ ਜੀ ਨੇ

ਆਪਣੇ ਪਰਿਵਾਰ ਦੀਆਂ ਵਿਆਹ ਸ਼ਾਦੀਆਂ ਇਸ ਪਿੰਡ ਵਿਚ ਹੀ ਕੀਤੀਆਂ।

ਲਾਲਾ ਜੀ ਆਪਣੀ ਚੰਗੀ ਉਮਰ ਭੋਗ ਕੇ ਮਿਤੀ 02-09-1975 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਇਸ ਹੀ ਦਿਨ ਪਿੰਡ ਕਾਹਰੀ 17 ਭਾਦੋ ਬਾਬਾ ਈਸ਼ਰ ਦਾਸ ਦਾ ਸਾਲਾਨਾ ਜੋੜ ਮੇਲਾ ਸੀ। ਆਪ ਦੀ ਧਰਮ ਪਤਨੀ ਬਾਰਾਂ ਸਾਲ ਮਗਰੋਂ ਸੁਰਗਵਾਸ ਹੋਈ ਹੈ। ਉਹ 31-8-1987 ਦਿਨ ਸੋਮਵਾਰ ਸ਼ਾਮ ਦੇ ਵੇਲੇ ਗੁਰੂ ਚਰਨਾਂ 'ਚ ਜਾ ਬਿਰਾਜੀ। ਸਸਕਾਰ 1-9-1987 ਨੂੰ ਕੀਤਾ ਗਿਆ। ਇਸ ਦਿਨ ਬਾਬਾ ਮਾਹਨ ਦਾਸ ਸਾਹਰੀ ਵਾਲਿਆਂ ਦਾ ਸਾਲਾਨਾ ਜੋੜ ਮੇਲਾ ਸੀ। ਮੀਆਂ-ਬੀਬੀ ਦੋਹਾਂ ਨੇ ਇਤਿਹਾਸਕ ਦਿਨ ਤੇ ਹੀ ਚੋਲਾ ਬਦਲਿਆ ਹੈ। ਅੱਜ ਤੱਕ ਪਿੰਡ ਵਿਚ ਇਹ ਦਿਨ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ ਹੈ।

ਵੰਸ਼: ਲੜਕੀਆਂ- ਸੋਮਾਵਤੀ, ਸ਼ਕੁੰਤਲਾ ਰਾਣੀ, ਪ੍ਰੇਮ ਲਤਾ

ਲੜਕੇ- ਰਾਜਪਾਲ ਸ਼ਰਮਾ, ਦਰਬਾਰੀ ਲਾਲ।

1. ਰਾਜਪਾਲ ਸ਼ਰਮਾ:- ਆਪ ਦੀ ਧਰਮ ਪਤਨੀ ਦਾ ਨਾਮ ਕਮਲੇਸ਼ ਰਾਣੀ ਹੈ। ਰਾਜਪਾਲ ਦਾ ਵਿਆਹ ਸਾਡੀ ਸੁਰਤ ਵਿਚ ਹੋਇਆ ਹੈ। ਧਾਰਮਿਕ ਰਸਮਾਂ ਕਰਨ ਲਈ ਪਿੰਡ ਸਾਹਰੀ ਤੋਂ ਪੰਡਤ ਸਗਲੀ ਰਾਮ ਆਉਂਦਾ ਸੀ। ਰਾਜਪਾਲ ਨੂੰ ਸਿਹਰਾ ਲਗਾ ਕੇ ਘੋੜੀ 'ਤੇ ਬਿਠਾਇਆ ਗਿਆ। ਪਿੰਡ ਵਿਚ ਇਨ੍ਹਾਂ ਦੇ ਵਿਆਹ ਤੋਂ ਪਹਿਲਾਂ ਘੋੜੀ ਨਹੀਂ ਸੀ ਆਈ। ਰਾਜਪਾਲ ਸ਼ਰਮਾ ਬਹੁਤ ਸਮਾਂ ਤਹਿਸੀਲ ਹੁਸ਼ਿਆਰਪੁਰ 'ਚ ਨੌਕਰੀ ਕਰਦੇ ਰਹੇ। 1990 ਵਿਚ ਆਪ ਦੀ ਬਦਲੀ ਦਸੂਹਾ ਤਹਿਸੀਲ ਕਰ ਦਿੱਤੀ ਗਈ। ਮੈਂ ਕਦੇ-ਕਦੇ ਉਨ੍ਹਾਂ ਨੂੰ ਬੱਸ ਸਟੈਂਡ 'ਤੇ ਮਿਲ ਪੈਂਦਾ ਸੀ। ਮੈਂ ਉਸ ਸਮੇਂ ਤਲਵਾੜਾ ਵਿਖੇ ਬਤੌਰ ਲੈਕਚਰਾਰ ਨੌਕਰੀ ਕਰਦਾ ਸੀ। ਰਾਜਪਾਲ ਸ਼ਰਮਾ 1995 ਈ: ਵਿਚ ਸੇਵਾ ਮੁਕਤ ਹੋਏ ਸਨ। ਆਪ ਦੀ ਧਰਮ ਪਤਨੀ ਕਮਲੇਸ਼ ਰਾਣੀ ਵੀ ਆਦਰ ਸੁਭਾਅ ਦੀ ਚੰਗੀ ਸੀ। ਸਾਡੇ ਘਰਾਂ ਦੇ ਨਾਲ ਹੀ ਉਨ੍ਹਾਂ ਦਾ ਘਰ ਹੈ। ਵਿਹਲੇ ਸਮੇਂ ਉਹ ਸਾਡੇ ਘਰਾਂ ਵਿਚ ਗੱਲਬਾਤ ਲਈ ਆ ਜਾਂਦੀ ਸੀ। ਸਾਡੀਆਂ ਭਤੀਜੀਆਂ ਨਾਲ ਉਨ੍ਹਾਂ ਦਾ ਪਿਆਰ ਸੀ।

ਵੰਸ਼: ਇਕ ਲੜਕੀ ਇੰਦੂ ਬਾਲਾ ਹੈ।

* **ਲੜਕੇ**- ਮੰਗਤ ਰਾਏ, ਮਨੋਹਰ ਲਾਲ ਪਾਲਾ, ਸੰਦੀਪ ਕੁਮਾਰ ਦੀਪਾ।

* **1. ਮੰਗਤ ਰਾਏ:-** ਆਪ ਦੇ ਮਾਤਾ ਪਿਤਾ ਆਪ ਨੂੰ ਮੰਗਤੀ ਕਹਿ ਕੇ ਬੁਲਾਉਂਦੇ ਹਨ। ਜਦੋਂ ਆਪ ਦਾ ਜਨਮ ਹੋਇਆ ਤਾਂ ਪਰਿਵਾਰ ਵੱਲੋਂ ਚੰਗੀ ਲੋਹੜੀ ਪਾਈ ਗਈ। ਮੰਗਤ ਰਾਏ ਨੇ ਸਰਕਾਰੀ ਹਾਈ ਸਕੂਲ ਨਸਰਾਲਾ ਤੋਂ ਦਸਵੀਂ ਪਾਸ ਕੀਤੀ ਹੈ। ਪਿੰਡ ਦੇ ਹੋਰ ਲੜਕਿਆਂ ਨਾਲ ਆਪ ਮੇਰੇ ਕੋਲੋਂ ਤਿੰਨ ਸਾਲ ਪੜ੍ਹਦਾ ਰਿਹਾ।

* **ਵਿਆਹ:-** ਮੰਗਤ ਰਾਏ ਦੇ ਵਿਆਹ ਸਮੇਂ ਰਾਜਪਾਲ ਨੇ ਪਹਿਲਾਂ ਆਪਣੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਵਾਇਆ। ਇਸ ਤੋਂ ਮਗਰੋਂ ਰਮਾਇਣ ਦਾ ਪਾਠ ਵੀ ਕਰਵਾਇਆ ਗਿਆ। ਆਪ ਦੀ ਧਰਮ ਪਤਨੀ ਦਾ ਨਾਮ ਸ਼ਰਨ ਬਾਲਾ ਤੇ ਪੇਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰੋੜੀਆਂ ਹਨ। ਮੰਗਤ ਰਾਏ ਥੋੜ੍ਹਾ

ਸਮਾਂ ਦਿੱਲੀ ਰਿਹਾ ਹੈ। ਪਿੰਡ ਆ ਕੇ ਆਪਣਾ ਆਟੋ ਲੈ ਲਿਆ। ਨਸਰਾਲਾ ਤੋਂ ਹੁਸ਼ਿਆਰਪੁਰ ਚੱਲਦਾ ਹੈ। ਹੁਣ ਇਟਲੀ ਚਲਾ ਗਿਆ ਹੈ।

ਵੰਸ਼:- ਇਕ ਲੜਕਾ ਅਭਿਸ਼ੇਕ ਰਾਏ। ਇਕ ਲੜਕੀ ਨੀਰਜਾ ਰਾਏ ਹੈ।

ਮੈਂ ਪੁੱਛਿਆ ਕਿ ਸਾਰਿਆਂ ਦੇ ਨਾਮ ਨਾਲ 'ਰਾਏ' ਸ਼ਬਦ ਲਗਾਇਆ ਹੈ। ਮੰਗਤ ਰਾਮ ਨੇ ਦੱਸਿਆ ਕਿ, "ਜਦੋਂ ਬਾਹਰ ਜਾਂਦੇ ਹਾਂ ਤਾਂ ਪੁੱਛਗਿੱਛ ਹੁੰਦੀ ਹੈ ਕਿ ਆਪ ਦੇ ਨਾਮ ਨਾਲ ਰਾਏ ਲੱਗਦਾ ਹੈ। ਪਰ ਬੱਚਿਆਂ ਦੇ ਨਾਮ ਨਾਲ ਕਿਉਂ ਨਹੀਂ ਲਗਾਇਆ ਹੈ।

*** 2. ਮਨੋਹਰ ਲਾਲ ਪਾਲਾ**:- ਆਪ ਦੀ ਧਰਮ ਪਤਨੀ ਦਾ ਨਾਮ ਰਜਨੀ ਬਾਲਾ ਪੇਕੇ ਕਾਹਰੀ ਪਿੰਡ ਡਾ. ਸਾਗਰ ਦੀ ਪੋਤੀ ਹੈ। ਆਪ ਦੀ ਸ਼ਾਦੀ 14-12-2000 ਨੂੰ ਹੋਈ ਹੈ। ਮਨੋਹਰ ਲਾਲ ਨੇ +2 ਪਾਸ ਕੀਤੀ ਹੈ। ਪਾਲਾ ਆਪਣੇ ਪਰਿਵਾਰ ਸਮੇਤ ਇਟਲੀ ਰਹਿੰਦਾ ਹੈ।

ਵੰਸ਼:- ਦੋ ਲੜਕੀਆਂ- ਈਸ਼ਾ ਤੇ ਮਾਨਸੀ ਹਨ।

*** 3. ਸੰਦੀਪ ਕੁਮਾਰ ਦੀਪਾ**:- ਇਸ ਨੇ ਵੀ +2 ਪਾਸ ਕੀਤੀ ਹੈ। ਆਪ ਦੀ ਧਰਮ ਪਤਨੀ ਦਾ ਨਾਮ ਪੁਨੀਤਾ ਸ਼ਰਮਾ ਹੈ।

ਨੋਟ: ਰਾਜਪਾਲ ਦੇ ਤਿੰਨੋ ਹੀ ਬੇਟੇ ਇਟਲੀ ਵਿਚ ਪੱਕੇ ਤੌਰ ਤੇ ਰਹਿੰਦੇ ਹਨ।

ਰਾਜਪਾਲ ਸ਼ਰਮਾ ਦੀ ਧਰਮ ਪਤਨੀ ਕਮਲੇਸ਼ ਰਾਣੀ 1998 ਤੋਂ 2003 ਤੱਕ ਪਿੰਡ ਦੀ ਸਰਪੰਚ ਰਹੀ ਹੈ। ਰਾਜਪਾਲ ਸ਼ਰਮਾ ਕਿਸੇ ਵਾਦ-ਵਿਵਾਦ ਦਾ ਸ਼ਿਕਾਰ ਨਹੀਂ ਸੀ। ਉਹ ਦਿਨ ਵਾਰ 'ਤੇ ਗੁਰਦੁਆਰਾ ਸਾਹਿਬ ਪਰਿਵਾਰ ਸਮੇਤ ਨਤਮਸਤਕ ਹੁੰਦਾ ਰਿਹਾ ਹੈ। ਪਿੰਡ ਵਿਚ ਹਰੇਕ ਵਿਆਹ ਸ਼ਾਦੀ, ਦੁੱਖ-ਸੁੱਖ ਵਿਚ ਸ਼ਾਮਲ ਹੁੰਦਾ ਸੀ। ਜਾਤੀ ਤੌਰ 'ਤੇ ਪੰਡਤ ਸੀ ਪਰ ਆਦਤ ਸੁਭਾਅ ਪਿੰਡ ਦੇ ਆਮ ਲੋਕਾਂ ਵਰਗਾ ਸੀ।

ਇਸ ਸਮੇਂ ਕਮਲੇਸ਼ ਰਾਣੀ ਤੇ ਰਾਜਪਾਲ ਸ਼ਰਮਾ ਦੋਵੇਂ ਹੀ ਪ੍ਰਮਾਤਮਾ ਨੂੰ ਪਿਆਰੇ ਹੋ ਚੁੱਕੇ ਹਨ। ਉਨ੍ਹਾਂ ਦੀ ਬਹੂ ਤੇ ਛੋਟਾ ਭਰਾ ਦਰਬਾਰੀ ਲਾਲ ਪਿੰਡ ਰਹਿੰਦੇ ਹਨ। ਸਮਾਂ ਪੈਣ ਤੇ ਬਹੂ ਵੀ ਬਾਹਰ ਚਲੀ ਜਾਵੇਗੀ।

2. ਦਰਬਾਰੀ ਲਾਲ:- ਇਹ ਪੰਡਤ ਚੂੰਨੀ ਲਾਲ ਦਾ ਦੂਜਾ ਲੜਕਾ ਹੈ ਜੋ ਜਮਾਂਦਰੂ ਤੌਰ 'ਤੇ ਮਸਤ ਹੈ। ਜਦੋਂ ਦੀ ਅਸੀਂ ਹੋਸ਼ ਸੰਭਾਲੀ ਹੈ। ਇਸ ਨੂੰ ਕਾਪੀਆਂ ਕਿਤਾਬਾਂ ਨਾਲ ਜ਼ਿਆਦਾ ਪਿਆਰ ਹੈ। ਜਦੋਂ ਸਾਡੇ ਪਿੰਡ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਚਾਲੂ ਹੋਇਆ ਤਾਂ ਦਰਬਾਰੀ ਲਾਲ ਆਪਣੇ ਭਤੀਜੇ ਮੰਗਤ ਰਾਏ ਨਾਲ ਸਕੂਲ ਪੜ੍ਹਨ ਜਾਂਦਾ ਸੀ। ਕਦੇ-ਕਦੇ ਕਾਪੀਆਂ-ਕਿਤਾਬਾਂ ਪਿੱਛੇ ਲੜ ਪੈਂਦਾ ਸੀ। ਜਦੋਂ ਰੁੱਸ ਜਾਂਦਾ ਸੀ ਤਾਂ ਘਰ ਵਿਚ ਉੱਚਾ ਬੋਲਦਾ ਹੁੰਦਾ ਸੀ ਜਾਂ ਪਿਆਰਾ ਸਿੰਘ ਦੇ ਖੇਤ ਵਿਚ ਜਾ ਬੈਠਦਾ ਸੀ।

ਇਕ ਦਿਨ ਇਹ ਆਪਣੇ ਵੱਡੇ ਭਾਈ ਰਾਜਪਾਲ ਨਾਲ ਲੜ ਪਿਆ। ਉਸ ਦੇ ਇੱਟਾਂ ਰੋੜੇ ਮਾਰੇ। ਸਿਆਲ ਦੀ ਰੁੱਤ ਸੀ। ਰੁੱਸ ਕੇ ਖੇਤ ਵਿਚ ਬੈਠ ਗਿਆ। ਉਸ ਦੀ ਮਾਤਾ ਮੇਰੇ ਕੋਲ ਆਈ ਤੇ ਕਹਿਣ ਲੱਗੀ, "ਦਰਬਾਰੀ ਲਾਲ ਨੰਗਾ ਹੀ ਖੇਤ ਵਿਚ ਬੈਠਾ

ਹੈ।" ਮੈਂ ਉਸਦੇ ਵਾਸਤੇ ਇਕ ਪੁਰਾਣੀ ਕਿਤਾਬ ਲੈ ਗਿਆ। ਮੈਂ ਪਿਆਰ ਨਾਲ ਸਮਝਾਇਆ ਤੇ ਦਰਬਾਰੀ ਲਾਲ ਨੂੰ ਘਰ ਅੰਦਰ ਵਾੜਿਆ। ਨਹਾ ਕੇ ਨਵੇਂ ਕੱਪੜੇ ਪੁਆ ਦਿੱਤੇ। ਉਸਨੇ ਰੋਟੀ ਖਾਧੀ ਤੇ ਮੰਨ ਗਿਆ। ਇਸ ਤਰ੍ਹਾਂ ਕਈ ਵਾਰ ਹੋਇਆ ਹੈ। ਉਹ ਹਰ ਪੜ੍ਹਨ ਵਾਲੇ ਕੋਲੋਂ ਕਿਤਾਬਾਂ ਦੀ ਮੰਗ ਕਰਦਾ ਹੁੰਦਾ ਸੀ ਜੇ ਕਿਤੇ ਕੋਈ ਪੁਰਾਣਾ ਕਾਗਜ਼ ਰਸਤੇ ਵਿਚ ਮਿਲ ਜਾਵੇ ਤਾਂ ਚੁੱਕ ਕਿ ਆਪਣੇ ਹਿਸਾਬ ਨਾਲ ਪੜ੍ਹਦਾ, ਜਿਸ ਕਿਸੇ ਨੂੰ ਨਹੀਂ ਪਤਾ ਕਿ ਇਹ ਮਸਤ ਹੈ ਉਨ੍ਹਾਂ ਕਹਿਣਾ ਲੜਕਾ ਰਸਤੇ ਵਿਚ ਪੜ੍ਹਦਾ ਹੈ।

ਸਾਡੀ ਹਵੇਲੀ ਕਦੇ-ਕਦੇ ਆ ਜਾਂਦਾ। ਮੇਰੇ ਨਾਲ ਬਾਹਰ ਖੇਤਾਂ ਨੂੰ ਚੱਲ ਪੈਂਦਾ। ਮੈਂ ਸ਼ਾਮ ਦੇ ਸਮੇਂ ਆਪਣੀ ਅੰਗਰੇਜ਼ੀ ਦੀ ਕਿਤਾਬ ਅਤੇ ਕਾਪੀ ਨਾਲ ਲੈ ਗਿਆ। ਮੱਕੀ ਦੀ ਰਾਖੀ ਦੇ ਨਾਲ ਕੁਝ ਪੜ੍ਹ ਵੀ ਲੈਣਾ। ਮੈਂ ਅੰਗਰੇਜ਼ੀ ਦੀ ਕਿਤਾਬ ਵਿਚੋਂ ਕੋਈ ਕਵਿਤਾ ਪੜ੍ਹ ਰਿਹਾ ਸੀ। ਦਰਬਾਰੀ ਲਾਲ ਨੇ ਮੇਰੀ ਕਾਪੀ ਹੱਥ ਵਿਚ ਫੜ ਲਈ ਤੇ ਉਹ ਵੀ ਆਪਣੇ ਸੁਭਾਅ ਵਿਚ ਪੜ੍ਹਨ ਲੱਗਾ। ਸਾਡੇ ਕੋਲ ਹੁਸੈਨਪੁਰ ਪਿੰਡ ਦਾ ਬੰਤਾ ਸਿੰਘ ਬਾਜਰਾ ਵੱਢਦਾ ਸੀ ਉਸ ਨੇ ਮੈਨੂੰ ਪੁੱਛਿਆ, "ਕਾਕਾ! ਇਹ ਲੜਕਾ ਕਿਹੜੀ ਜਮਾਤ ਵਿਚ ਪੜ੍ਹਦਾ ਹੈ?" ਮੈਂ ਕਿਹਾ ਇਹ ਮਸਤ ਹੈ। ਕਿਤਾਬਾਂ ਨਾਲ ਇਸ ਦਾ ਪਿਆਰ ਹੈ। ਉਸ ਨੇ ਕਿਹਾ ਇਹ ਤੇਰੇ ਵਾਂਗ ਹੀ ਹੱਥ ਨਾਲ ਇਸ਼ਾਰਾ ਕਰਦਾ ਹੈ। ਮੈਨੂੰ ਲੱਗਦਾ ਨਹੀਂ ਕਿ ਇਹ ਮਸਤ ਹੈ।

ਗੁਰਦੁਆਰਾ ਸਾਹਿਬ ਵਿਖੇ ਜਦੋਂ ਵੀ ਕੋਈ ਦਿਨ ਦਿਹਾੜਾ ਹੁੰਦਾ ਤਾਂ ਗਿਆਨੀ ਗੁਰਬਚਨ ਸਿੰਘ ਆਪ ਨੂੰ ਜ਼ਰੂਰ ਟਾਈਮ ਦਿੰਦੇ। ਦਰਬਾਰੀ ਲਾਲ ਨੇ ਮਾਈਕ ਤੇ ਆ ਕੇ ਗਿਆਨੀ ਜੀ ਦੀ ਰੀਸ ਕਰਨੀ- ਭਾਗਾਂ ਵਾਲਿਓ ਅੱਜ ਗੁਰਪੁਰਬ ਹੈ। ਕਿਸੇ ਸਮੇਂ ਕਿਸੇ ਦਾ ਨਾਮ ਲੈ ਕੇ ਕਹਿਣਾ ਉਸ ਦਾ ਕੰਮ ਬਣ ਜਾਵੇਗਾ। ਇਸ ਨੇ ਆਪਣੇ ਘਰ ਕਿਤਾਬਾਂ ਦੀ ਬੋਰੀ ਭਰੀ ਹੋਈ ਸੀ। ਹੁਣ ਵੀ ਪਿੰਡ ਵਿਚ ਲਾਗਲੇ ਘਰਾਂ ਤੋਂ ਅਖ਼ਬਾਰ ਮੰਗ ਕੇ ਪੜ੍ਹਦਾ ਹੈ। ਪੇਪਰਾਂ ਦੇ ਦਿਨਾਂ ਨੂੰ ਮੈਂ ਕਹਿਣਾ ਦਰਬਾਰੀ ਮੇਰੇ ਪੇਪਰ ਹਨ ਹੁਣ ਤੂੰ ਸਵੇਰ ਨੂੰ ਆਵੀਂ ਫਿਰ ਬਾਹਰ ਪੜ੍ਹਨ ਜਾਵਾਂਗੇ। ਉਹ ਸਵੇਰ ਹੁੰਦੇ ਹੀ ਮੇਰੇ ਕੋਲ ਆ ਜਾਂਦਾ। ਮੈਂ ਕੋਈ ਕਾਪੀ ਲਿਖਣ ਨੂੰ ਦੇ ਦਿੰਦਾ। ਜੇ ਪੁੱਛਣਾ ਬਾਰੀ ਕੀ ਕਰਦਾ? ਕਹਿਣਾ ਮੇਰੇ ਪੇਪਰ ਹਨ ਮੈਂ ਪੜ੍ਹਨ ਜਾਣਾ ਹੈ।

ਦਰਬਾਰੀ ਲਾਲ ਬਾਹਰੀ ਤੌਰ 'ਤੇ ਮਸਤ ਹੈ ਪਰ ਅੰਦਰ ਰੋਸ਼ਨੀ ਹੈ ਜੇ ਉਹ ਆਪਣੇ ਮੂੰਹੋਂ ਕੁਝ ਆਖ ਦਿੰਦਾ ਤਾਂ ਪੂਰਾ ਹੋ ਜਾਂਦਾ। ਜਿਸ ਦਿਨ ਆਪ ਦਾ ਪਿਤਾ ਲਾਲਾ ਚੂੰਨੀ ਲਾਲ ਸਵਰਗ ਸੁਧਾਰ ਗਏ ਤਾਂ ਅਜੇ ਉਸ ਦੇ ਸੁਆਸ ਪੂਰੇ ਨਹੀਂ ਹੋਏ ਸਨ ਕਿ ਦਰਬਾਰੀ ਲਾਲ ਨੇ ਪਹਿਲਾਂ ਹੀ ਆਖਣਾ ਸ਼ੁਰੂ ਕਰ ਦਿੱਤਾ- ਬਾਬਾ ਹੈ ਨਹੀਂ, ਬਾਬਾ...

ਗੁਰਬਚਨ ਸਿੰਘ ਦੇ ਘਰ ਭਤੀਜਾ ਹੋਇਆ। ਉਸ ਨੇ ਹਰਮੋਨੀਅਮ ਬਜਾਉਣ ਨੂੰ ਦਿੱਤਾ। ਦਰਬਾਰੀ ਲਾਲ ਕਾਕਾ ਘਰ ਵਿਚ ਆਇਆ ਹੈ। ਬਾਜਾ ਵਜਾ ਉਸ ਨੇ ਬਾਜਾ ਪਿੱਛੇ ਕਰ ਦਿੱਤਾ ਤੇ ਕਿਹਾ- ਕਾਕਾ ਹੈ ਨਹੀਂ। ਥੋੜ੍ਹੇ ਸਮੇਂ ਬਾਅਦ ਸੁਨੇਹਾ ਆ ਗਿਆ ਕਾਕਾ ਪੂਰਾ ਹੋ ਗਿਆ ਹੈ। ਇਹ ਗੱਲ ਗੁਰਬਚਨ ਸਿੰਘ ਨੇ ਆਪ ਦੱਸੀ। ਮੇਰੇ ਨਾਲ

ਰਹਿੰਦਾ ਸੀ। ਮੈਨੂੰ ਸਾਰੀ ਆਦਤ ਸੁਭਾਅ ਦਾ ਪਤਾ ਹੈ।

ਜਿੱਥੇ ਵਿਆਹ ਹੋਵੇ, ਮਕਾਨ ਬਣਦੇ ਹੋਣ, ਉਥੇ ਦਰਬਾਰੀ ਲਾਲ ਜ਼ਰੂਰ ਜਾਂਦਾ। ਮਕਾਨ ਵਿਚ ਇੱਟਾ ਫੜਾਉਂਦਾ। ਸਾਡੇ ਚਾਚਾ ਸ਼ੰਕਰ ਸਿੰਘ ਨੇ 1974 ਈ: ਵਿਚ ਇੱਕ ਕਮਰਾ ਬਣਾਇਆ। ਚਾਚਾ ਜੀ ਨੇ ਦੱਸਿਆ ਕਿ ਪਹਿਲੀ ਇੱਟ ਦਰਬਾਰੀ ਲਾਲ ਨੇ ਫੜਾਈ ਸੀ।

ਰੋਟੀ ਖਾਣ ਸਮੇਂ ਛੋਟੀ-ਛੋਟੀ ਬੁਰਕੀ ਤੋੜਦਾ ਤੇ ਆਰਾਮ ਨਾਲ ਖਾਂਦਾ। ਬਰਸਾਤੀ ਦਿਨ ਸਨ ਮੈਂ ਅਜੇ ਕਾਲਜ ਤੋਂ ਘਰ ਨਹੀਂ ਆਇਆ ਸੀ। ਦਰਬਾਰੀ ਲਾਲ ਪਹਿਲਾਂ ਹੀ ਘਰ ਪਹੁੰਚ ਗਿਆ। ਸਾਰਿਆਂ ਨੇ ਕਿਹਾ ਦਰਬਾਰੀ ਲਾਲ ਰੋਟੀ ਖਾ ਲੈ- ਨਹੀਂ ਮੰਨਿਆ। ਜਦੋਂ ਮੈਂ ਘਰ ਆ ਗਿਆ ਤਾਂ ਮੇਰੇ ਨਾਲ ਰੋਟੀ ਖਾਧੀ ਤੇ ਦੁੱਧ ਪੀਤਾ। ਸਾਡੇ ਚਾਚੇ ਦੀ ਲੜਕੀ ਹਰਭਜਨ ਕੌਰ ਨੇ ਕਿਹਾ ਭਾਜੀ! ਅਸੀਂ ਬਹੁਤ ਜ਼ੋਰ ਲਾਇਆ ਬਾਰੀ ਰੋਟੀ ਖਾ ਲੈ-ਕਹਿੰਦਾ ਨਹੀਂ। ਹੁਣ ਤੁਸੀਂ ਆ ਗਏ ਹੋ ਤਾਂ ਮੰਨ ਗਿਆ। ਜੇ ਕਿਸੇ ਨੇ ਪੁੱਛਣਾ ਬਾਰੀ ਮੇਰਾ ਕੰਮ ਬਣ ਜਾਵੇਗਾ ਤਾਂ ਕਹਿਣਾ ਬਣ ਜਾਊ। ਲੱਡੂ ਖਾਣੇ ਹਨ ਜੇ ਪੁੱਛਣਾ ਕਿੰਨੇ ਤਾਂ ਕਹਿਣਾ ਦੋ।

ਕੁਝ ਸਮੇਂ ਪਿੰਡ ਸਾਹਰੀ ਜਾਣ ਲੱਗ ਪਿਆ। ਕਿਸੇ ਦੇ ਘਰ 16 ਸਾਲ ਬਾਅਦ ਲੜਕਾ ਹੋਇਆ। ਉਸ ਘਰ ਨੇ ਇਸ ਨੂੰ ਪੱਗ ਦਿੱਤੀ। ਫਿਰ ਬਾਰੀ ਕਿਤਾਬਾਂ ਦੀ ਬਜਾਏ ਪੱਗਾਂ ਲੈਣ ਲੱਗ ਪਿਆ। ਘਰਦਿਆਂ ਨੇ ਬਹੁਤ ਰੋਕਣਾ ਕਿ ਸਾਹਰੀ ਨਹੀਂ ਜਾਣਾ ਪਰ ਉਹ ਚਲਾ ਜਾਂਦਾ।

ਪਿਛਲੇ ਸਾਲਾਂ ਵਿਚ ਦਰਬਾਰੀ ਲਾਲ ਦੀ ਅੱਖਾਂ ਦੀ ਰੋਸ਼ਨੀ ਜਾਂਦੀ ਰਹੀ। ਉਨ੍ਹਾਂ ਡਾਕਟਰ ਨੂੰ ਦਿਖਾਇਆ। ਡਾਕਟਰ ਨੇ ਕਿਹਾ ਕਿ ਇਸ ਦਾ ਓਪਰੇਸ਼ਨ ਨਹੀਂ ਹੋ ਸਕਦਾ ਕਿਉਂਕਿ ਕਿਸੇ ਵੇਲੇ ਇਹ ਕਚੀਚੀ ਵੱਟਦਾ ਹੈ ਟਾਂਕੇ ਟੁੱਕ ਜਾਣਗੇ। ਐਸੀ ਪ੍ਰਮਾਤਮਾ ਦੀ ਕਿਰਪਾ ਹੋਈ ਕਿ ਅੱਖਾਂ ਦੀ ਰੋਸ਼ਨੀ ਮੁੜ ਪਰਤ ਆਈ ਹੈ। ਜਦੋਂ ਅੱਖਾਂ ਤੋਂ ਨਹੀਂ ਦਿਸਦਾ ਸੀ ਤਾਂ ਮੈਂ ਬੁਲਾਇਆ, "ਬਾਰੀ ਕੀ ਹਾਲ ਹੈ?" ਉਸ ਕਿਹਾ ਚੰਗਾ ਹੈ। ਮੈਂ ਪੁੱਛਿਆ ਬਾਰੀ ਮੈਂ ਕੌਣ ਹਾਂ? ਉਸ ਕਿਹਾ- ਗੁਦਲਾਲ। ਮੇਰਾ ਨਾਮ ਗੁਰਦਿਆਲ ਸਿੰਘ ਦੀ ਬਜਾਏ ਗੁਦਲਾਲ ਕਹਿੰਦਾ ਹੈ।

ਬਰਾਤਾਂ ਵਿਚ ਭੰਗੜਾ:- ਪਿਛਲੇ ਸਮੇਂ ਵਿਚ ਜਨੇਤਾਂ ਦਾ ਉਤਾਰਾ ਪਿੰਡ ਵਿਚ ਹੀ ਹੁੰਦਾ ਸੀ। ਦੁਪਹਿਰ ਦੀ ਰੋਟੀ ਦੇ ਸਮੇਂ ਬਾਰੀ ਬਰਾਤੀਆਂ ਨਾਲ ਭੰਗੜਾ ਪਾਉਂਦਾ ਪਰ ਪੈਸਾ ਕਿਸੇ ਪਾਸੋਂ ਨਹੀਂ ਲੈਂਦਾ ਸੀ। ਉਸ ਸਮੇਂ ਉਸ ਦਾ ਸਰੀਰ ਭਲਵਾਨਾਂ ਵਰਗਾ ਸੀ। ਉਸ ਦੇ ਮੋਢਿਆਂ 'ਤੇ ਛੋਟੇ ਲੜਕੇ ਚੜ੍ਹ ਜਾਂਦੇ ਸਨ। ਉਸ ਦੀ ਦੇਖਭਾਲ ਉਸ ਭਰਜਾਈ ਕਮਲੇਸ਼ ਰਾਣੀ ਤੇ ਭਰਾ ਰਾਜਪਾਲ ਕਰਦਾ ਸੀ। ਸਵੇਰ ਸਾਰ ਉਸ ਨੂੰ ਆਪਣੇ ਨਾਲ ਜੰਗਲ ਪਾਣੀ ਲੈ ਜਾਂਦਾ ਤੇ ਘਰ ਆ ਕੇ ਇਸ਼ਨਾਨ ਕਰਾ ਕੇ ਕੱਪੜੇ ਪੁਆ ਦਿੰਦਾ।

ਆਪਣੇ ਘਰੋਂ ਕੋਈ ਵੀ ਚੀਜ਼ ਬਾਹਰ ਨਹੀਂ ਲੈ ਕੇ ਜਾਂਦਾ ਸੀ। ਜਦੋਂ ਘਰ ਦੀ ਦੁਕਾਨ ਚੱਲਦੀ ਸੀ ਤਾਂ ਕਈਆਂ ਨੇ ਆਖ ਦੇਣਾ ਬਾਰੀ ਮੇਰੇ ਲਈ ਟੌਫੀਆਂ ਲੈ ਕੇ ਆ।

ਬਾਰੀ ਨੇ ਕਹਿਣਾ ਏਦਾ ਨਹੀਂ ਕਹੀਦਾ ਹੈ ਬਾਬਾ ਮੈਨੂੰ ਕੁੱਟੇਗਾ। ਜੇ ਉਸ ਦੀ ਭਰਜਾਈ ਕਮਲੇਸ਼ ਰਾਣੀ ਹੁਸ਼ਿਆਰਪੁਰ ਨੂੰ ਜਾਂਦੀ ਤਾਂ ਸ਼ਾਮ ਦੇ ਸਮੇਂ ਪਿੰਡ ਦੇ ਚੌਂਕ ਵਿਚ ਕੰਧ 'ਤੇ ਬੈਠ ਜਾਂਦਾ। ਜਦੋਂ ਪੰਜ ਦੀ ਬੱਸ ਆਉਂਦੀ ਤਾਂ ਆਪਣੀ ਭਰਜਾਈ ਦਾ ਸਾਮਾਨ ਹੱਥ ਵਿਚ ਫੜ ਕੇ ਤੁਰ ਪੈਂਦਾ। ਹੁਣ ਸਰੀਰ ਬਿਰਧ ਹੋ ਗਿਆ ਹੈ। ਉਸ ਦੇ ਭਾਈ ਰਾਜਪਾਲ ਨੇ ਦੱਸਿਆ ਕਿ ਇਸ ਦੀ ਉਮਰ ਬਹੁਤ ਹੈ। ਇਸ ਦਾ ਜਨਮ 1947 ਤੋਂ ਪਹਿਲਾਂ ਦਾ ਹੈ। ਭਾਈ ਵੀਰ ਸਿੰਘ ਨੇ ਲਿਖਿਆ ਹੈ:

ਹੋਸ਼ਾ ਨਾਲੋਂ ਮਸਤੀ ਚੰਗੀ ਰੱਖਦੀ ਸਦਾ ਟਿਕਾਣੇ।
ਮਸਤੀ ਵਿਚ ਮਸਤ ਅਲ-ਮਸਤ ਹੋ ਜਾ
ਦਿਲੋਂ ਭੁਲਾਣੀਆਂ ਹੋਰ ਖਰ ਮਸਤੀਆਂ ਨੇ
ਜਿਨ੍ਹਾਂ ਸਤਿਗੁਰ ਨਾਲ ਪਿਆਰ ਪਾਇਆ
ਵਿਚ ਜਗਤ ਦੇ ਉਨ੍ਹਾਂ ਦੀਆਂ ਹਸਤੀਆਂ ਨੇ

ਦਰਬਾਰੀ ਲਾਲ ਜ਼ਿੰਦਾਬਾਦ!

ਕੱਲਰਾਂ ਵਾਲੇ

ਸੁਖਦੇਵ ਸਿੰਘ ਸਪੁੱਤਰ ਹਜ਼ਾਰਾ ਸਿੰਘ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਗੜ੍ਹੀ ਤੋਂ ਆ ਕੇ ਨਸਰਾਲਾ ਤੇ ਗਗਨੌਲੀ ਦੇ ਬਸੀਮੇ 'ਤੇ ਆ ਕੇ ਵਸਿਆ ਹੈ। ਇਨ੍ਹਾਂ ਨੂੰ ਕੱਲਰਾਂ ਵਾਲੇ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਕੱਲਰ ਵਾਲੀ ਜ਼ਮੀਨ ਵਿਚ ਆ ਕੇ ਵਸੇ ਹਨ। ਸੁਖਦੇਵ ਸਿੰਘ ਨੇ 1988 ਦੇ ਕਰੀਬ ਆਪਣਾ ਘਰ ਇਥੇ ਬਣਾਇਆ ਹੈ। ਆਪ ਨੇ ਇਥੇ ਦੋ ਕਮਰੇ ਪਾ ਕੇ ਆਪਣਾ ਰੈਣ ਬਸੇਰਾ ਕਰ ਲਿਆ। ਇਕ ਖੇਤ ਵਾਹੀਯੋਗ ਸੀ ਬਾਕੀ ਕੱਲਰ ਵਾਲੀ ਜ਼ਮੀਨ ਹੈ। ਹੌਲੀ-ਹੌਲੀ ਤਿਆਰ ਕੀਤੀ ਹੈ। ਅੱਜ ਤੋਂ ਪੰਜਾਹ ਸਾਲ ਪਹਿਲਾਂ ਇਹ ਸਾਰੀ ਜ਼ਮੀਨ ਕੱਲਰਵਾਲੀ ਸੀ ਜਦੋਂ ਭਰਵੀਆਂ ਬਰਸਾਤਾਂ ਲੱਗਦੀਆਂ ਸਨ ਤਾਂ ਹੁਸ਼ਿਆਰਪੁਰ ਸਮੇਤ ਆਸੇ ਪਾਸੇ ਦੇ ਪਿੰਡਾਂ ਦੇ ਲੋਕ ਇਥੋਂ ਕੱਲਰ ਲਿਜਾ ਕੇ ਆਪਣੇ ਚੋਂਦੇ ਮਕਾਨਾਂ ਦੀਆਂ ਛੱਤਾਂ 'ਤੇ ਪਾਉਂਦੇ ਸਨ। ਪਿੰਡ ਦੀ ਚੋਈ ਚੜ੍ਹੀ ਹੁੰਦੀ ਸੀ। ਲੋਕਾਂ ਨੇ ਆਪਣੇ ਸਿਰਾਂ 'ਤੇ ਟੋਕਰੇ ਚੁੱਕੇ ਹੁੰਦੇ ਸਨ। ਪਿਛਲੇ ਸਮੇਂ ਵਿਚ ਕਿਤੇ-ਕਿਤੇ ਇਥੇ ਲੁੱਟਖੋਹ ਦੀ ਵਾਰਦਾਤ ਵੀ ਹੁੰਦੀ ਰਹੀ ਹੈ। ਇਨ੍ਹਾਂ ਦੇ ਮਕਾਨ ਦੇ ਮਗਰ ਨਲਕਾ ਲੱਗਾ ਹੁੰਦਾ ਸੀ। ਆਮ ਰਾਹਗੀਰ ਪਾਣੀ ਪੀਂਦੇ ਸਨ। ਇਹ ਪਿੰਡ ਦੀ ਸ਼ਾਮਲਾਟ ਜ਼ਮੀਨ ਸੀ, ਜਿਸ ਵਿਚ ਇਕ ਬਹੁਤ ਲੰਬੀ ਖਜੂਰ ਲੱਗੀ ਹੋਈ ਸੀ। ਜਦੋਂ ਕੋਈ ਪਿੰਡ ਵਾਲਾ ਇਥੇ ਪਹੁੰਚ ਜਾਂਦਾ ਤਾਂ ਸੁੱਖ ਦਾ ਸਾਹ ਲੈਂਦਾ ਸੀ ਕਿ ਮੈਂ ਪਿੰਡ ਦੀ ਜੂਹ ਵਿਚ ਆ ਗਿਆ ਹਾਂ। ਇਹ ਖਜੂਰ 5 ਜੂਨ 1974 ਦੀ ਰਾਤ ਨੂੰ ਆਏ ਤੂਫਾਨ ਨਾਲ ਟੁੱਟ ਗਈ ਸੀ। ਕਿੰਨਾ ਸਮਾਂ ਇਸ ਖਜੂਰ ਨੇ ਦੋ ਪਿੰਡਾਂ ਦਾ ਬਸੀਮਾ ਸੰਭਾਲਿਆ ਹੋਇਆ ਸੀ। ਸੁਖਦੇਵ ਸਿੰਘ ਦਾ ਘਰ ਇਥੇ ਵਸਣ ਨਾਲ ਰਾਹਗੀਰਾਂ ਨੂੰ ਕੁਝ ਰਾਹਤ ਮਿਲ ਗਈ ਅਤੇ ਉਜਾੜ ਚੁੱਕੀ ਗਈ। ਸੁਖਦੇਵ ਸਿੰਘ ਦੇ ਦੋ ਲੜਕੇ ਬਾਹਰ ਵਿਦੇਸ਼ ਗਏ ਹੋਏ ਹਨ। ਫਿਰ ਇਨ੍ਹਾਂ ਨੇ ਪਿੰਡ ਗਗਨੌਲੀ ਵਿਚ ਰਤਨ ਸਿੰਘ ਰੱਤੂ ਦੇ ਕੋਲੋਂ ਤਿੰਨ ਮਰਲੇ ਵਿਚ ਬਣਿਆ ਬਣਾਇਆ ਮਕਾਨ ਖਰੀਦ ਲਿਆ ਤੇ ਰੋਟੀ ਪਿੰਡ ਗਗਨੌਲੀ ਪੱਕਣ ਲੱਗੀ। ਹੁਣ ਇਹ ਪਿੰਡ ਦੇ ਪੱਕੇ ਵਸਨੀਕ ਬਣ ਗਏ ਹਨ ਕਿ ਇਨ੍ਹਾਂ ਨੇ ਪਿੰਡ ਦੇ ਚੜ੍ਹਦੇ ਪਾਸੇ ਹੋਰ ਥਾਂ ਖਰੀਦ ਕੇ ਚੰਗੀ ਕੋਠੀ ਪਾਈ ਹੈ। ਸੁਖਦੇਵ ਸਿੰਘ ਦਾ ਨਿਰਵਾਲ ਗੋਤ ਹੈ।

ਵੰਸ਼:- ਆਪ ਦੀ ਇਕ ਲੜਕੀ ਤੇ ਦੋ ਲੜਕੇ ਹਨ।

ਲੜਕੇ: ਬਲਜੀਤ ਸਿੰਘ, ਅਮਰਜੀਤ ਸਿੰਘ

* **ਬਲਜੀਤ ਸਿੰਘ**:- ਆਪ ਦੀ ਧਰਮ ਪਤਨੀ ਦਾ ਨਾਮ ਬਲਵਿੰਦਰ ਕੌਰ ਹੈ,

ਜਿਸ ਦੇ ਪੇਕੇ ਕਾਲੇ ਬੱਕਰੇ ਦੇ ਕੋਲ ਰਣੀ ਭੱਠੀ (ਜਲੰਧਰ) ਹਨ।

ਵੰਸ਼: ਇਕ ਲੜਕਾ ਗੁਰਵੀਰ ਸਿੰਘ ਹੈ।

*** ਅਮਰਜੀਤ ਸਿੰਘ:-** ਆਪ ਦੀ ਧਰਮ ਪਤਨੀ ਦਾ ਨਾਮ ਪਰਮਿੰਦਰ ਕੌਰ ਹੈ ਜਿਸ ਦੇ ਪੇਕੇ ਟਾਂਡੇ ਦੇ ਕੋਲ ਪਿੰਡ ਖੱਖਾਂ ਹਨ। ਇਹ ਲੜਕਾ ਵਿਦੇਸ਼ ਵਿਚ ਰਹਿੰਦਾ ਹੈ।

ਵੰਸ਼: ਦੋ ਲੜਕੇ- ਪਰਮਜੀਤ ਸਿੰਘ, ਅਰਜਨ ਸਿੰਘ ਹਨ।

ਪਿੰਡ ਦੇ ਬਾਹਰ ਇਕ ਹੋਰ ਘਰ ਹੈ। ਸ਼ਾਮ ਨਰੈਣ ਸਿੰਘ ਸਪੁੱਤਰ ਰਾਮ ਨਰੈਣ ਸਿੰਘ।

*** ਰਾਜ ਕੁਮਾਰ ਰਾਜੂ (ਬਿਹਾਰ):-** ਰਾਜ ਕੁਮਾਰ ਦੀ ਧਰਮ ਪਤਨੀ ਦਾ ਨਾਮ ਮਮਤਾ ਦੇਵੀ ਹੈ। ਰਾਜੂ ਪਿੰਡ ਵਿਚ 1990 ਦੇ ਕਰੀਬ ਆ ਕੇ ਰਹਿਣ ਲੱਗਾ। ਪਿੰਡ ਦੇ ਦੱਖਣ ਦੇ ਪਾਸੇ ਬਾਬਾ ਰਾਮ ਸਰਨ ਦੀ ਪੂਜਣਯੋਗ ਜਗ੍ਹਾ ਹੈ। ਇਥੇ ਹਰੀ ਰਾਮ ਨਾਮ ਦਾ ਸਾਧ ਰਹਿੰਦਾ ਸੀ। ਉਸ ਦੀ 1996 ਈ: ਵਿਚ ਮੌਤ ਹੋ ਗਈ। ਉਸ ਦੀ ਮੌਤ ਤੋਂ ਮਗਰੋਂ ਰਾਜੂ ਪਰਿਵਾਰ ਸਮੇਤ ਇਸ ਸਥਾਨ 'ਤੇ ਰਹਿਣ ਲੱਗਾ। ਇਥੇ ਤਿੰਨ ਕਮਰੇ ਬਣੇ ਹੋਏ ਹਨ ਤੇ ਬਿਜਲੀ ਪਾਣੀ ਦਾ ਪ੍ਰਬੰਧ ਹੈ। ਬਾਬਾ ਰਾਮ ਸਰਨ ਦੇ ਸਥਾਨ 'ਤੇ ਐਤਵਾਰ ਨੂੰ ਪਿੰਡ ਦੀਆਂ ਸੰਗਤਾਂ ਆ ਕੇ ਚਿਰਾਗ ਕਰਦੀਆਂ ਹਨ। ਰਾਜ ਕੁਮਾਰ ਡੇਰੇ ਦੀ ਸਫ਼ਾਈ ਕਰਦਾ ਤੇ ਆਈ ਸੰਗਤ ਨੂੰ ਪ੍ਰਸਾਦ ਦਿੰਦਾ। ਦਿਨ ਵੇਲੇ ਮਜ਼ਦੂਰੀ ਕਰਦਾ। ਮਮਤਾ ਦੇਵੀ ਪਿੰਡ ਵਿਚ ਵਿਆਹ ਸ਼ਾਦੀ 'ਤੇ ਲੋਕਾਂ ਦੇ ਘਰਾਂ ਦਾ ਕੰਮਕਾਰ ਕਰਦੀ ਹੈ। ਇਸ ਤਰ੍ਹਾਂ ਵਕਤ ਲੰਘਦਾ ਗਿਆ। ਰਾਜ ਕੁਮਾਰ ਰਾਜੂ ਦੀ ਹੁਣ ਮੌਤ ਹੋ ਚੁੱਕੀ ਹੈ। ਮਮਤਾ ਦੇਵੀ ਪਿੰਡ ਦੀ ਚੋਈ 'ਤੇ ਜਰਨੈਲ ਸਿੰਘ ਦੀ ਹਵੇਲੀ ਦੇ ਕੋਲ ਮਕਾਨ ਬਣਾ ਕੇ ਪਰਿਵਾਰ ਸਮੇਤ ਰਹਿ ਰਹੀ ਹੈ। ਮਮਤਾ ਦਾ ਸੁਭਾਅ ਚੰਗਾ ਹੈ।

ਵੰਸ਼:- ਲੜਕੀਆਂ- ਗੁਰਕੀਰਤ ਕੌਰ ਗੁੱਡੋ ਅਤੇ ਰੂਬੀ

ਗੁਰਕੀਰਤ ਕੌਰ ਦੀ ਸ਼ਾਦੀ ਪਿੰਡ ਪੰਡੋਰੀ ਕੱਦ ਕਰ ਦਿੱਤੀ ਗਈ ਹੈ। ਉਸ ਦੇ ਦੋ ਲੜਕੇ ਹਨ।

*** ਲੜਕੇ:** ਗੋਬਿੰਦਾ ਅਤੇ ਰਿੰਕੂ

ਗੋਬਿੰਦਾ ਬਾਹਰ ਵਿਦੇਸ਼ ਗਿਆ ਹੋਇਆ ਹੈ।

ਰਿੰਕੂ ਉੱਚਾ ਲੰਮਾ ਜਵਾਨ ਹੈ। ਪਿੰਡ ਵਿਚ ਹਰਪਾਲ ਸਿੰਘ ਟੀਟੂ ਦੇ ਕੋਲ ਲੱਕੜ ਦਾ ਕੰਮ ਕਰ ਰਿਹਾ ਹੈ।

ਇਹ ਮੇਰੇ ਪਿੰਡ ਦੇ ਘਰਾਂ ਦਾ ਇਤਿਹਾਸ ਹੈ, ਜਿਸ ਨੂੰ ਮੈਂ ਕਲਮਬੱਧ ਕੀਤਾ ਹੈ।

ਪੂਜਣ ਵਾਲੇ ਸਥਾਨ

*** ਖੂਹ:-** ਪਿੰਡਾਂ ਵਿਚ ਆਮ ਕਰਕੇ ਸਾਂਝੇ ਖੂਹ ਲੱਗੇ ਹੁੰਦੇ ਸਨ ਜਿਨ੍ਹਾਂ ਦੇ ਪਾਣੀ ਦੀ ਵਰਤੋਂ ਪੀਣ ਵਾਸਤੇ ਕੀਤੀ ਜਾਂਦੀ ਸੀ। ਇਸ ਹੀ ਤਰ੍ਹਾਂ ਟੂਰਾ ਪਰਿਵਾਰ ਦਾ ਸਾਂਝਾ ਖੂਹ ਸੀ, ਜਿਸ ਨੂੰ ਜਗੀਰ ਸਿੰਘ ਨੇ ਲਗਵਾਇਆ ਸੀ। ਉਸ ਸਮੇਂ ਘਰਾਂ ਦੀ ਆਬਾਦੀ ਥੋੜ੍ਹੀ ਸੀ, ਜਿਥੇ ਅਸੀਂ ਪਾਣੀ ਦੀ ਵਰਤੋਂ ਪੀਣ ਵਾਸਤੇ ਕਰਦੇ ਸੀ, ਉਥੇ ਕੱਪੜੇ ਧੋਣੇ, ਇਸ਼ਨਾਨ ਕਰਨਾ ਤੇ ਪਸ਼ੂਆਂ ਨੂੰ ਪਾਣੀ ਪਿਆਉਣਾ ਆਦਿ। ਦਿਨ ਬਾਰ ਤੇ ਖੂਹ ਤੇ ਬਹੁਤ ਭੀੜ ਹੁੰਦੀ ਸੀ। ਸਾਰੇ ਪਰਿਵਾਰ ਕੱਪੜੇ ਧੋਂਦੇ ਸਨ। ਡੋਲ਼ ਤੇ ਡੋਲ਼ ਖੜਕਦਾ ਹੁੰਦਾ ਸ। ਅੰਮ੍ਰਿਤ ਵੇਲੇ ਜਦੋਂ ਦੁੱਧ ਰਿੜਕਣਾ ਹੁੰਦਾ ਤਾਂ ਤਾਜ਼ਾ ਪਾਣੀ ਖੂਹ ਤੋਂ ਭਰ ਕੇ ਲੈ ਆਉਣਾ। ਘਰਾਂ ਵਿਚ ਆਏ-ਗਏ ਮਹਿਮਾਨ ਦਾ ਇਸ਼ਨਾਨ ਵੀ ਖੂਹ 'ਤੇ ਕਰਵਾਇਆ ਜਾਂਦਾ ਸੀ। ਐਤਵਾਰ ਵਾਲੇ ਦਿਨ ਤਾਂ ਖੂਹ 'ਤੇ ਰੌਣਕ ਲੱਗੀ ਰਹਿੰਦੀ ਸੀ। ਘਰਾਂ ਦੇ ਕੁਝ ਆਦਮੀ ਬਹੁਤ ਤੜਕਸਾਰ ਉੱਠ ਪੈਂਦੇ ਸਨ। ਆਪਣੀ ਸਾਰੀ ਕਿਰਿਆ ਕਰਕੇ ਕੰਮਕਾਰ ਕਰਨਾ ਸ਼ੁਰੂ ਕਰ ਦਿੰਦੇ ਸਨ।

ਖੂਹ ਦੇ ਆਲੇ-ਦੁਆਲੇ ਗੋਲ ਆਕਾਰ ਦੀ ਮੌਣ ਬਣੀ ਹੋਈ ਸੀ। ਖੂਹ ਉਪਰ ਚੜ੍ਹਨ ਲਈ ਤਿੰਨ ਪੌੜੀਆਂ ਬਣੀਆਂ ਹੋਈਆਂ ਸਨ। ਖੂਹ ਦੀ ਮੌਣ ਉਪਰ ਚਾਰੇ ਪਾਸੇ ਪਾਣੀ ਭਰਨ ਲਈ ਗੋਲ ਅਕਾਰ ਦੇ ਚਲ੍ਹੇ ਬਣੇ ਹੋਏ ਸਨ। ਇਨ੍ਹਾਂ ਨੂੰ ਭਰ ਕੇ ਪਸ਼ੂਆਂ ਨੂੰ ਪਾਣੀ ਪਿਲਾਇਆ ਜਾਂਦਾ ਸੀ। ਭਾਰੇ ਕੱਪੜੇ ਧੋਣ ਦੇ ਵੀ ਕੰਮ ਆਉਂਦੇ ਸਨ। ਬਰਸਾਤਾਂ ਦੇ ਦਿਨਾਂ ਵਿਚ ਹਰ ਸਾਲ ਖੂਹ ਵਿਚ ਲਾਲ ਦਵਾਈ ਪਾਈ ਜਾਂਦੀ ਸੀ ਤਾਂ ਕਿ ਖੂਹ ਦਾ ਪਾਣੀ ਸਾਫ਼ ਰਹੇ। ਖੂਹ ਦੇ ਦੱਖਣ ਦੇ ਪਾਸੇ ਇਕ ਵੱਡੀ ਖੁਰਲੀ ਬਣੀ ਹੋਈ ਸੀ, ਜਿਸ ਵਿਚ ਖੂਹ ਦਾ ਗੰਦਾ ਪਾਣੀ ਪੈਂਦਾ ਸੀ। ਕਦੇ-ਕਦੇ ਇਸ ਖੁਰਲੀ ਦੀ ਚੰਗੀ ਸਫ਼ਾਈ ਕੀਤੀ ਜਾਂਦੀ ਸੀ। ਖਾਸ ਕਰਕੇ ਕਣਕਾਂ ਦੀ ਕਟਾਈ ਸਮੇਂ ਇਸ ਵਿਚ ਸਰਵਾੜ ਤੇ ਬਗੜ ਕੁੱਟ ਕੇ ਭਿੱਜਣੀ ਪਾਈ ਜਾਂਦੀ ਸੀ। ਫਿਰ ਵੇੜਾਂ ਵੱਟੀਆਂ ਜਾਂਦੀਆਂ ਸਨ। ਕਦੇ-ਕਦੇ ਛੋਟੇ ਲੜਕੇ ਖੁਰਲੀ ਨੂੰ ਸਾਫ ਕਰਕੇ ਪਾਣੀ ਬੰਦ ਕਰਕੇ ਨਹਾਉਂਦੇ ਵੀ ਸਨ। ਜਦੋਂ ਕਿਸੇ ਦੀ ਬਾਲਟੀ ਜਾਂ ਡੋਲ ਖੂਹ ਵਿਚ ਡਿੱਗ ਪੈਂਦਾ ਸੀ ਤਾਂ ਹੁਸੈਨਪੁਰ ਪਿੰਡ ਦਾ ਰੱਖਾ ਸਿੰਘ ਦਾ ਭਾਈ ਰਾਮ ਦਾਸ ਖੂਹ ਵਿਚ ਵੜ੍ਹ ਕੇ ਡਿੱਗੇ ਡੋਲ ਵਗੈਰਾ ਕੱਢ ਦਿੰਦਾ ਸੀ।

*** ਖਵਾਜ਼ੇ ਦਾ ਦਲੀਆ:-** ਆਮ ਕਰਕ ਹਾੜ੍ਹੀ ਤੇ ਸਾਉਣੀ ਖਵਾਜ਼ੇ ਦਾ ਦਲ਼ੀਆ ਦਿੱਤਾ ਜਾਂਦਾ ਸੀ। ਇਸ ਤੋਂ ਇਲਾਵਾ ਜੇਠੇ ਐਤਵਾਰ ਆਮ ਕਰਕੇ ਇਹ ਪੂਜਣ ਹੁੰਦਾ ਸੀ।

*** ਬਾਬਾ ਸਿੱਧ ਚਾਨੋ:-** ਖੂਹ ਦੇ ਨਾਲ ਹੀ ਬਾਬਾ ਸਿੱਧ ਚਾਨੋ ਦਾ ਥੜ੍ਹਾ ਹੈ। ਇਥੇ ਵੀ ਜੇਠੇ ਐਤਵਾਰ ਥੜ੍ਹੇ ਦੀ ਮੰਨੀ ਦਿੱਤੀ ਜਾਂਦੀ ਸੀ। ਐਤਵਾਰ ਵਾਲੇ ਦਿਨ ਬੱਚਿਆਂ ਦੀਆਂ ਮੌਜਾਂ ਲੱਗੀਆਂ ਰਹਿੰਦੀਆਂ ਸਨ। ਹੁਣ ਇਸ ਸਥਾਨ ਨੂੰ ਸਵਰਨ ਸਿੰਘ ਦੀ ਲੜਕੀ ਨੇ ਪੱਕਾ ਕਰਕੇ ਉੱਪਰ ਲੈਂਟਰ ਪਾ ਦਿੱਤਾ ਹੈ। ਕਈ ਵਾਰ ਪਿੰਡ ਦੀ ਚੜ੍ਹਦੀ ਕਲਾ ਲਈ, ਮਾਲ ਪਸ਼ੂ ਦੇ ਭਲੇ ਲਈ ਸਾਲ ਵੀ ਹੁੰਦਾ ਹੈ। ਨਰਿੰਦਰ ਸਿੰਘ ਹਰ ਐਤਵਾਰ ਇਸ ਸਥਾਨ ਦੀ ਸਾਫ਼ ਸਫਾਈ ਕਰਦਾ ਹੈ। ਹੁਣ ਦੇ ਸਮੇਂ ਵਿਚ 25 ਜਨਵਰੀ 1998 ਦਿਨ ਐਤਵਾਰ ਨੂੰ ਸਾਰੇ ਪਿੰਡ ਨੇ ਰਲ ਕੇ ਸਾਲ ਕਰਵਾਇਆ ਸੀ। ਪਿਛਲੇ ਸਮੇਂ ਵਿੱਚ ਮਨੋਰੰਜਨ ਦੇ ਸਾਧਨ ਸਾਲ, ਰਾਸ, ਡਰਾਮਾ ਆਦਿ ਹੁੰਦੇ ਸਨ। ਹਾੜੀ-ਸਾਉਣੀ ਲੋਕ ਵਿਹਲੇ ਹੋ ਕੇ ਇਹ ਪ੍ਰੋਗਰਾਮ ਕਰਵਾਉਂਦੇ ਸਨ।

ਨੋਟ: ਜਦੋਂ ਖੂਹ ਦੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਸੀ ਤਾਂ ਸਾਡੇ ਘਰਾਂ ਤੋਂ ਖੂਹ ਨੂੰ ਸਿੱਧਾ ਰਸਤਾ ਸੀ। ਜਦੋਂ ਪਾਣੀ ਦੀ ਵਰਤੋਂ ਘੱਟ ਗਈ ਤਾਂ ਇਹ ਰਸਤਾ ਬੰਦ ਹੋ ਗਿਆ। ਸੁਖਦੇਵ ਸਿੰਘ ਦੇ ਪਰਿਵਾਰ ਤੇ ਸਵਰਨ ਸਿੰਘ ਦੇ ਪਰਿਵਾਰ ਨੇ ਆਪਣੇ-ਆਪਣੇ ਘਰਾਂ ਦੀ ਚਾਰ ਦੀਵਾਰੀ ਕਰ ਦਿੱਤੀ ਹੈ। ਆਮ ਕਰਕੇ ਘਰਾਂ ਵਿਚ ਨਲਕੇ ਲੱਗ ਗਏ ਹਨ।

ਖੂਹ ਦੇ ਨਾਲ ਘਰਾਂ ਦਾ ਕੁਝ ਸਾਂਝਾ ਥਾਂ ਹੈ, ਜਿੱਥੇ ਘਰਾਂ ਦੇ ਤੂੜੀ ਦੇ ਕੁੱਪ ਬੱਝਦੇ ਸਨ। ਕੜਬ ਦੇ ਦੰਦੇ ਲੱਗਦੇ ਸਨ। ਖੂਹ 'ਤੇ ਧੋਤਾ ਕੱਪੜਾ ਤੂੜੀ ਦੇ ਕੁੱਪਾਂ ਉਪਰ ਸੁੱਕਣਾ ਪਾਇਆ ਜਾਂਦਾ ਸੀ। ਕਦੇ ਕਿਸੇ ਦਾ ਕੋਈ ਕੱਪੜਾ ਚੋਰੀ ਨਹੀਂ ਹੋਇਆ ਸੀ। ਮੀਂਹ ਹਨੇਰੀ ਆ ਜਾਵੇ ਤਾਂ ਸੁਖਦੇਵ ਸਿੰਘ ਦਾ ਪਰਿਵਾਰ ਕੱਪੜੇ ਚੁੱਕ ਕੇ ਆਪਣੇ ਘਰ ਰੱਖ ਲੈਂਦੇ ਸਨ। ਇਸ ਹੀ ਥਾਂ ਵਿਚ ਇਕ ਬਹੁਤ ਉੱਚੀ ਤੇ ਕਾਲੀ ਟਾਹਲੀ ਲੱਗੀ ਹੋਈ ਸੀ, ਜਿਸ ਦੀ ਉਮਰ ਖੂਹ ਜਿੰਨੀ ਸੀ। ਇਹ ਟਾਹਲੀ ਸੁੱਕ ਗਈ ਸੀ। ਸਾਰਿਆਂ ਨੇ ਸਲਾਹ ਕਰਕੇ ਇਸ ਨੂੰ ਸਾਹਰੀ ਪਿੰਡ ਦੇ ਨੰਤੇ ਸਪੁੱਤਰ ਬਾਬੂ ਰਾਮ ਨੂੰ 1500 ਰੁ: ਵਿਚ ਵੇਚ ਦਿੱਤੀ ਸੀ। ਮੈਂ ਸਾਹਰੀ ਪਿੰਡ ਗਿਆ ਤਾਂ ਦੇਖਿਆ ਨੰਤਾ ਸਿੰਘ ਦੇ ਸਾਰੇ ਕਮਰਿਆਂ ਵਿਚ ਟਾਹਲੀ ਦੇ ਬਾਲੇ ਪਏ ਹੋਏ ਸਨ। ਨੰਤਾ ਸਿੰਘ ਨੇ ਦੱਸਿਆ ਕਾਕਾ! ਇਹ ਬਾਲੇ ਤੇ ਦਰਵਾਜ਼ਿਆਂ ਦੇ ਫੱਟੇ ਤੁਹਾਡੀ ਟਾਹਲੀ ਦੇ ਹਨ। ਇਹ ਪੈਸੇ ਗੁਰਦੁਆਰਾ ਸਾਹਿਬ ਦੇ ਕਮਰੇ ਲਈ ਵਰਤੇ ਗਏ। ਹੁਣ ਖੂਹ ਸੁੱਕ ਗਿਆ ਹੈ। ਇਸ ਉੱਪਰ ਲੈਂਟਰ ਪਾ ਦਿੱਤਾ ਗਿਆ ਹੈ।

*** ਬਾਬਾ ਪੂਰਨ ਦਾਸ:-** ਮਿਸਤਰੀ ਪ੍ਰੀਤਮ ਸਿੰਘ ਨੇ ਦੱਸਿਆ ਕਿ ਬਾਬਾ ਪੂਰਨ ਦਾਸ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਲਾਗੇ ਬਣੀ ਚੰਬਾ ਦਾਸ ਦੀ ਕੁਟੀਆ ਵਿਚ ਰਹਿੰਦਾ ਸੀ। ਇਹ ਗੱਦੀ ਦੁੱਧਾਧਾਰੀਆਂ ਦੀ ਹੈ। ਹੁਸ਼ਿਆਰਪੁਰ ਤੋਂ ਬਾਬਾ ਪੂਰਨ ਦਾਸ ਪਿੰਡ ਗਗਨੌਲੀ ਆ ਗਿਆ। ਉਸ ਦੀ ਧਰਮ ਪਤਨੀ ਦਾ ਨਾਮ ਮਾਈ ਹਰੋ ਸੀ ਜਿਸਦੇ ਪਤੀ ਦਾ ਨਾਮ ਅਤਰਾ ਸੀ। ਉਸ ਦੀ ਇਕ ਲੜਕੀ ਰੁਲਦਾ ਸੀ ਜੋ ਜਲੰਧਰ ਜ਼ਿਲ੍ਹੇ ਦੇ ਪਿੰਡ ਸਫ਼ੀਪੁਰ ਵਿਆਹੀ ਹੋਈ ਹੈ। ਉਸ ਮਾਈ ਨੂੰ ਅਸੀਂ ਵੀ ਦੇਖਿਆ ਹੈ। ਉਹ ਕਦੇ-

ਕਦੇ ਪਿੰਡ ਮਿਲਣ ਆਉਂਦੀ ਸੀ। ਪਿੰਡ ਦੇ ਲੋਕ ਉਸ ਦਾ ਪੂਰਾ ਮਾਣ ਸਤਿਕਾਰ ਕਰਦੇ ਸਨ। ਉਸ ਦੇ ਦੋ ਲੜਕੇ ਬ੍ਰਹਮਾ ਤੇ ਭਗਤ ਸਿੰਘ ਹਨ। ਬਾਬਾ ਪੂਰਨ ਦਾਸ 1947 ਤੋਂ ਪਹਿਲਾਂ ਸਮਾ ਗਏ ਸਨ। ਉਨ੍ਹਾਂ ਦੀ ਫੋਟੋ ਗੁਰੂ ਘਰ ਲੱਗੀ ਹੋਈ ਸੀ। ਗਲ ਵਿਚ ਮਾਲਾ ਸੀ ਤੇ ਹੱਥ ਵਿਚ ਚਿਮਟਾ ਫੜ੍ਹਿਆ ਹੋਇਆ ਸੀ। ਬਾਬਾ ਪੂਰਨ ਦਾਸ ਭਿਖਿਆ ਮੰਗ ਕੇ ਰੋਟੀ ਖਾਂਦੇ ਸਨ। ਪ੍ਰੀਤਮ ਸਿੰਘ ਨੇ ਇਹ ਵੀ ਦੱਸਿਆ ਕਿ ਉਹ ਭੰਗ ਵੀ ਪੀਂਦੇ ਸਨ, ਜਿਸ ਵਿਚ ਬਦਾਮ ਤੇ ਮਗਜ਼ ਪਾਏ ਜਾਂਦੇ ਸਨ। ਆਮ ਸਾਧੂ ਇਸ ਨੂੰ ਸੁਖ ਨਿਧਾਨ ਆਖਦੇ ਹਨ।

*** ਗੁਰਦੁਆਰਾ ਸਾਹਿਬ:-** ਜਿਸ ਥਾਂ ਵਿਚ ਬਾਬਾ ਪੂਰਨ ਦਾਸ ਰਹਿੰਦਾ ਸੀ ਉਨ੍ਹਾਂ ਦੀ ਮੌਤ ਤੋਂ ਮਗਰੋਂ ਇਥੇ ਗੁਰਦੁਆਰਾ ਸਾਹਿਬ ਬਣਾ ਦਿੱਤਾ ਗਿਆ। ਇਹ ਥਾਂ ਸਾਈਂ ਤੇ ਭਾਗੋ ਦਾ ਹੈ। ਇਥੇ ਪਹਿਲਾਂ ਇਕ ਕੱਚਾ ਕਮਰਾ ਹੁੰਦਾ ਸੀ। ਇਸ ਕੰਮ ਦੀ ਸ਼ੁਰੂਆਤ ਸ. ਭਗਤ ਸਿੰਘ ਨੇ ਕੀਤੀ ਸੀ। ਜਦੋਂ ਉਹ ਦੂਜੀ ਸੰਸਾਰ ਜੰਗ ਵੇਲੇ ਬਚ ਕੇ ਘਰ ਆ ਗਏ ਸਨ। ਇਸ ਥਾਂ ਵਿਚ ਇਕ ਬੇਰੀ ਹੁੰਦੀ ਸੀ, ਜਿਥੇ ਬਰਸਾਤਾਂ ਦੇ ਦਿਨਾਂ ਵਿਚ ਅਸੀਂ ਆਮ ਕਰਕੇ ਗਰਮੀਆਂ ਦੀਆਂ ਛੁੱਟੀਆਂ ਵਿਚ ਪੀਂਘ ਪਾਉਂਦੇ ਹੁੰਦੇ ਸੀ। ਪਿੰਡ ਦੀ ਚਰਾਂਦ ਵਿਚੋਂ ਸਰਵਾੜ ਵੱਢ ਕੇ ਲਿਆਉਣਾ ਤੇ ਫਿਰ ਮੋਟੀਆਂ ਬੇੜਾਂ ਵੱਟਣੀਆਂ। ਸਾਰੇ ਲੜਕੇ-ਲੜਕੀਆਂ ਪੀਂਘ ਝੂਟਦੇ ਸਨ। ਕਦੇ-ਕਦੇ ਸੋਹਣ ਸਿੰਘ ਸਾਡੀ ਪੀਂਘ ਵੱਢ ਦਿੰਦਾ ਸੀ। ਇਥੇ ਪਸ਼ੂ ਵੀ ਬੱਝਦੇ ਸਨ। ਗਰਮੀਆਂ ਦੇ ਦਿਨਾਂ ਨੂੰ ਆਮ ਕਰਕੇ ਘਰਾਂ ਦੇ ਨੌਜਵਾਨ ਇਥੇ ਸੌਂਦੇ ਸਨ। ਕਾਫੀ ਰੌਣਕ ਹੁੰਦੀ ਸੀ। ਇਸ ਸਥਾਨ ਵਿਚ ਬਾਬਾ ਪੂਰਨ ਦਾਸ ਦੀ ਸਮਾਧ ਬਣੀ ਹੋਈ ਹੈ।

*** ਗੁਰਦੁਆਰਾ ਸਾਹਿਬ ਨੂੰ ਪੱਕਾ ਕਰਨਾ:-** ਸ. ਸੋਹਣ ਸਿੰਘ ਸਪੁੱਤਰ ਸਾਧੂ ਸਿੰਘ 1978 ਈ: ਵਿਚ ਡੁਬਈ ਤੋਂ ਆਇਆ ਤਾਂ ਉਸ ਨੇ ਕੱਚੇ ਕਮਰੇ ਨੂੰ ਢਾਹ ਕੇ ਪੱਕਾ ਕਰ ਦਿੱਤਾ ਫਿਰ ਉਸ ਦਾ ਭਾਈ ਮੋਹਨ ਸਿੰਘ ਇੰਗਲੈਂਡ ਤੋਂ ਆਇਆ। ਉਸ ਨੇ ਚਾਰ ਦੀਵਾਰੀ ਕਰਕੇ ਹਾਲ ਬਣਾ ਦਿੱਤਾ। ਸਮਾਂ ਬੀਤਦਾ ਗਿਆ ਹੁਣ ਇਹ ਬਿਲਡਿੰਗ ਵੀ ਖਸਤਾ ਹਾਲਤ ਵਿਚ ਹੋ ਗਈ ਸੀ। ਇਸ ਸਬੰਧ ਵਿਚ ਬਾਬਾ ਸਤਪਾਲ ਸਿੰਘ ਜੀ ਸਾਹਰੀ ਵਾਲੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਨਮ ਦਿਨ ਦੇ ਸਬੰਧ ਵਿਚ ਪਿੰਡ ਆਏ ਸਨ। ਉਨ੍ਹਾਂ 30-3-2014 ਦਿਨ ਐਤਵਾਰ ਨੂੰ ਨਵੀਂ ਬਿਲਡਿੰਗ ਦੀ ਅਰਦਾਸ ਕੀਤੀ ਸੀ। ਬਾਬਾ ਜੀ ਨੂੰ ਨਵੀਂ ਕਾਰ ਟਾਟਾ ਵਿਸਟਾ ਵਿਚ ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ ਤੇ ਮੈਂ ਜਾ ਕੇ ਬਾਬਾ ਜੀ ਨੂੰ ਲੈ ਕੇ ਆਏ ਸੀ। ਪੁਰਾਣੀ ਬਿਲਡਿੰਗ ਢਾਹ ਕੇ ਨਵਾਂ ਹਾਲ ਤਿਆਰ ਹੋ ਗਿਆ ਹੈ। ਅਜੇ ਇਕ ਮੰਜ਼ਿਲ ਹੀ ਬਣੀ ਹੈ। ਨਵੀਂ ਬਣੀ ਬਿਲਡਿੰਗ ਦਾ ਉਦਘਾਟਨ ਮਿਤੀ 14-10-2015 ਦਿਨ ਬੁੱਧਵਾਰ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਕੀਤਾ ਗਿਆ। ਸਾਰੀਆਂ ਸੰਗਤਾਂ ਨੇ ਤਨ, ਮਨ, ਧੰਨ ਨਾਲ ਸੇਵਾ ਕੀਤੀ ਹੈ। ਇਹ ਟੂਰਾ ਪਰਿਵਾਰ ਦੇ ਪੂਜਣਯੋਗ ਸਥਾਨ ਸਨ।

ਪਿੰਡ ਦੇ ਹੋਰ ਖੂਹ

*** ਲਛਕਰ ਸਿੰਘ**:- ਇਕ ਖੂਹ ਲਛਕਰ ਸਿੰਘ ਦੇ ਘਰ ਵਿਚ ਲੱਗਾ ਹੋਇਆ ਸੀ, ਜਿਸ ਦਾ ਅੱਧਾ ਹਿੱਸਾ ਅੰਦਰ ਤੇ ਅੱਧਾ ਹਿੱਸਾ ਬਾਹਰ ਵਾਲੇ ਪਾਸੇ ਸੀ। ਇਸ ਖੂਹ ਤੋਂ ਪਾਣੀ ਦੀ ਵਰਤੋਂ ਪਿਆਰਾ ਸਿੰਘ ਤੇ ਵਚਨ ਸਿੰਘ ਕਰਦੇ ਸਨ।

*** ਮੇਹਰ ਸਿੰਘ**:- ਇਹ ਛੋਟੀ ਖੂਹੀ ਮੇਹਰ ਸਿੰਘ ਦੀ ਹਵੇਲੀ ਵਿਚ ਲੱਗੀ ਹੋਈ ਸੀ, ਜਿਸ ਦਾ ਪਾਣੀ ਬਹੁਤ ਠੰਢਾ ਸੀ। ਇਸ ਖੂਹ ਦੇ ਪਾਣੀ ਦੀ ਵਰਤੋਂ ਮੇਹਰ ਸਿੰਘ, ਜਗਤ ਸਿੰਘ ਤੇ ਮਿਲਖਾ ਸਿੰਘ ਦਾ ਪਰਿਵਾਰ ਕਰਦਾ ਸੀ। ਹੁਣ ਇਹ ਖੂਹ ਪੂਰ ਦਿੱਤਾ ਗਿਆ ਹੈ।

*** ਛੱਪੜ ਕੰਢੇ ਖੂਹ**:- ਇਕ ਖੂਹ ਛੱਪੜ ਕੰਢੇ ਲੱਗਾ ਹੋਇਆ ਸੀ। ਇਸ ਦੇ ਪਾਣੀ ਦੀ ਵਰਤੋਂ ਗੁਰਬਖਸ਼ ਸਿੰਘ, ਨਾਜ਼ਰ ਸਿੰਘ, ਰੱਖਾ ਸਿੰਘ, ਕਾਬਲ ਸਿੰਘ, ਗੁਰਬਚਨ ਸਿੰਘ, ਸੰਤਾ ਸਿੰਘ ਆਦਿ ਕਰਦੇ ਸਨ।

*** ਉਮਰੀ ਗੁਜ਼ਰੀ ਦੀ ਖੂਹੀ**:- ਇਸ ਛੋਟੇ ਖੂਹ ਨੂੰ ਉਮਰੀ ਗੁਜ਼ਰੀ ਦੀ ਖੂਹੀ ਕਿਹਾ ਜਾਂਦਾ ਸੀ। ਪਾਕਿਸਤਾਨ ਬਣੇ ਨੂੰ ਕਿੰਨਾ ਸਮਾਂ ਹੋ ਗਿਆ ਹੈ ਜਦੋਂ ਵੀ ਕਿਸੇ ਨੇ ਇਸ ਖੂਹੀ ਦੀ ਗੱਲ ਕਰਨੀ ਤਾਂ ਉਮਰੀ ਗੁਜ਼ਰੀ ਦਾ ਨਾਮ ਆਪ ਮੁਹਾਰੇ ਸਾਰਿਆਂ ਦੇ ਮੂੰਹ 'ਤੇ ਆ ਜਾਂਦਾ ਹੈ। ਇਸ ਖੂਹ ਦੇ ਪਾਣੀ ਦੀ ਵਰਤੋਂ ਮਹਿੰਗਾ ਸਿੰਘ, ਹਜਾਰਾ ਸਿੰਘ, ਸੰਤਾ ਸਿੰਘ, ਨਿੱਕਾ ਸਿੰਘ, ਬਤਨ ਸਿੰਘ ਤੇ ਲਾਗਲੇ ਘਰ ਕਰਦੇ ਸਨ।

ਅੱਜ ਤਕਰੀਬਨ ਪਿੰਡਾਂ ਵਿਚ ਇਕੱਲੇ-ਇਕੱਲੇ ਘਰ ਆਪਣਾ ਨਲਕਾ ਜਾਂ ਸਰਕਾਰੀ ਟਿਊਬਵੈੱਲ ਦਾ ਪਾਣੀ ਪੀਣ ਵਾਸਤੇ ਉਪਲੱਬਧ ਹੈ। ਖਵਾਜ਼ੇ ਦਾ ਦਲ਼ੀਆ ਤਾਂ ਹੁਣ ਇਕ ਬੁਝਾਰਤ ਹੀ ਹੈ।

*** ਦੂਜਾ ਗੁਰਦੁਆਰਾ**:- ਇਹ ਗੁਰਦੁਆਰਾ ਥਿਆੜਾ ਪਰਿਵਾਰ ਦਾ ਹੈ ਜੋ ਪਿੰਡ ਦੇ ਚੜ੍ਹਦੇ ਪਾਸੇ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ. ਬੰਤਾ ਸਿੰਘ ਦੀ ਬੈਠਕ ਵਿਚ ਹੁੰਦਾ ਸੀ। ਫਿਰ ਛੱਪੜ ਕੰਢੇ ਇਕ ਕਮਰਾ ਬਣਾਇਆ ਗਿਆ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਥੇ ਕਰ ਦਿੱਤਾ ਗਿਆ। ਜਦੋਂ ਸ. ਬੰਤਾ ਸਿੰਘ ਸੁਰਗਵਾਸ ਹੋਏ ਸਨ ਤਾਂ ਉਸ ਦੇ ਲੜਕੇ ਬਲਵੰਤ ਸਿੰਘ ਨੇ ਇਕ ਵੱਡਾ ਹਾਲ ਬਣਾ ਕੇ ਦਿੱਤਾ ਸੀ। ਹੋਰ ਦਾਨੀਆਂ ਦੇ ਸਹਿਯੋਗ ਨਾਲ ਬਹੁਤ ਵਧੀਆ ਗੁਰੂ ਘਰ ਬਣ ਕੇ ਤਿਆਰ ਹੋ ਗਿਆ ਹੈ। ਨਿਸ਼ਾਨ ਸਾਹਿਬ ਚੜ੍ਹਾਏ ਹੋਏ ਹਨ। ਸੰਗਰਾਂਦ ਦੇ ਦਿਹਾੜੇ 'ਤੇ ਮਹਾਂਪੁਰਸ਼ਾਂ ਦੇ ਦਿਨ ਵਾਰ ਮਨਾਏ ਜਾਂਦੇ ਹਨ।

*** ਥਿਆੜਾ ਪਰਿਵਾਰ ਦੇ ਜਠੇਰੇ**:- ਪਿੰਡ ਦੇ ਸਿਆਣਿਆਂ ਦੇ ਦੱਸਣ ਅਨੁਸਾਰ ਕਿ ਗੱਗੋ ਜੱਟ ਦੀ ਧਰਮ ਪਤਨੀ ਮਹਾਂ ਕੌਰ ਚਾਰ ਪੁੱਤਰਾਂ ਦੇ ਮਗਰੋਂ ਇਥੇ ਸਤੀ ਹੋ ਗਈ ਸੀ। ਇਥੇ ਹੀ ਉਸ ਦੀ ਮਟੀ ਬਣਾਈ ਗਈ ਹੈ। ਬਾਰਾਂ ਪਿੰਡਾਂ ਦੇ ਜਠੇਰੇ ਇਥੇ ਹੀ ਹਨ। ਜਦੋਂ ਅਸੀਂ ਛੋਟੇ ਹੁੰਦੇ ਸੀ ਤਾਂ ਦੇਖਿਆ ਛੋਟੀ ਮਟੀ ਸੀ ਤੇ ਛੋਟਾ ਝੰਡਾ ਨਾਲ ਲੱਗਾ

ਹੋਇਆ ਸੀ। ਮਹਾਂ ਕੌਰ ਦੇ ਸ਼ਬਦ ਤੋਂ ਖੇਤਾਂ ਦੇ ਹਾਰ ਦਾ ਨਾਮ ਮਹਾਰਤੀ ਪੈ ਗਿਆ ਹੈ। ਅੱਜ ਇਥੇ ਦੋ ਕਮਰੇ, ਇਕ ਸ਼ੈੱਡ ਤੇ ਨਿਸ਼ਾਨ ਸਾਹਿਬ ਚੜ੍ਹਾਇਆ ਹੋਇਆ ਹੈ। ਸ. ਰਵਿੰਦਰ ਸਿੰਘ ਸਪੁੱਤਰ ਨਾਜ਼ਰ ਸਿੰਘ ਨੇ ਦੱਸਿਆ ਕਿ ਸਾਡੇ ਪਰੋਹਤ ਹਨ ਜੋ ਸਾਨੂੰ ਪੈਸਾ ਦਿੰਦੇ ਹਨ। ਅਸੀਂ ਪੈਸਾ ਖਰਚ ਕਰਦੇ ਹਾਂ। ਇਥੇ ਵਿਸਾਖੀ ਵਾਲੇ ਦਿਨ ਮੇਲਾ ਲੱਗਦਾ ਹੈ। ਕਦੇ-ਕਦੇ ਖੇਡ ਮੇਲਾ ਤੇ ਬੈਲ ਗੱਡੀਆਂ ਦੀਆਂ ਦੌੜਾਂ ਵੀ ਹੁੰਦੀਆਂ ਹਨ। ਇਸ ਸਥਾਨ 'ਤੇ ਇਕ ਸਾਧੂ ਰਹਿੰਦਾ ਹੈ, ਜੋ ਸਾਫ ਸਫਾਈ ਕਰਦਾ ਹੈ।

* **ਬਾਬਾ ਬਾਲਕ ਨਾਥ**:- ਇਹ ਸਥਾਨ ਮਹਿੰਦਰ ਸਿੰਘ ਸਪੁੱਤਰ ਜਗਤ ਸਿੰਘ ਨੇ ਆਪਣੇ ਘਰ ਦੇ ਸਾਹਮਣੇ ਪੱਕੀ ਸੜਕ ਦੇ ਉੱਪਰ ਬਣਿਆ ਹੋਇਆ ਹੈ, ਜਿਸ ਨੂੰ ਬਾਬਾ ਬਾਲਕ ਨਾਥ ਦਾ ਮੰਦਰ ਕਹਿੰਦੇ ਹਨ। ਪਹਿਲਾਂ ਇਥੇ ਛੋਟੀ ਮਟੀ ਸੀ। ਹੁਣ ਫਾਈਵਰ ਦੀ ਸ਼ੀਟ ਪਾ ਕੇ ਛੋਟੀ ਸ਼ੈੱਡ ਬਣਾ ਦਿੱਤੀ ਗਈ ਹੈ।

* ਮਹਿੰਦਰ ਸਿੰਘ ਦੇ ਖੇਤਾਂ ਵਿਚ ਪੱਕੀ ਸੜਕ 'ਤੇ ਲਸੂੜੀ ਦੇ ਕੋਲ ਇਕ ਮਟੀ ਬਣੀ ਹੋਈ ਹੈ, ਇਥੇ ਵੀ ਮਹਿੰਦਰ ਸਿੰਘ ਦੀ ਧਰਮ ਪਤਨੀ ਪ੍ਰਕਾਸ਼ ਕੌਰ ਦੀਵਾ ਬਾਲ਼ਦੀ ਸੀ। ਮਹਿੰਦਰ ਸਿੰਘ ਦੇ ਭਾਈ ਜੋਗਿੰਦਰ ਸਿੰਘ ਨੇ ਦੱਸਿਆ ਕਿ ਇਹ ਵੀ ਲਾਲਾਂ ਵਾਲੀ ਸਰਕਾਰ ਦੀ ਮਟੀ ਹੈ।

* ਇਸ ਹੀ ਮਟੀ ਦੇ ਲਹਿੰਦੇ ਪਾਸੇ ਖੇਤਾਂ ਵਿਚ ਕੱਚਾ ਗੋਲ ਅਕਾਰ ਦਾ ਥੜ੍ਹਾ ਹੈ। ਇਸ ਥੜ੍ਹੇ ਦੀ ਪੂਜਾ ਪਹਿਲਾਂ ਬੰਤਾ ਸਿੰਘ ਤੇ ਜਗਤ ਸਿੰਘ ਦਾ ਪਰਿਵਾਰ ਕਰਦਾ ਸੀ। 1955 ਵਿਚ ਪਿੰਡ ਦੀ ਪੱਕੀ ਮੁਰੱਬੇਬੰਦੀ ਹੋਈ ਤਾਂ ਇਹ ਥਾਂ ਮੇਹਰ ਸਿੰਘ ਦੀ ਜ਼ਮੀਨ ਵਿਚ ਆ ਗਿਆ। ਇਸ ਦੀ ਪੂਜਾ ਸੋਹਣ ਸਿੰਘ ਤੇ ਮਹਿੰਦਰ ਸਿੰਘ ਕਰਦੇ ਹਨ। ਇਹ ਵੀ ਲਾਲਾਂ ਵਾਲੀ ਸਰਕਾਰ ਦਾ ਸਥਾਨ ਹੈ।

* ਇਸ ਸਥਾਨ ਦੇ ਚੜ੍ਹਦੇ ਪਾਸੇ ਸਰਦਾਰ ਕਰਤਾਰ ਸਿੰਘ ਮਿਸਤਰੀ ਦੇ ਖੇਤ ਵਿਚ ਇਕ ਪੂਜਣਯੋਗ ਸਥਾਨ ਹੈ, ਜਿਸ ਨੂੰ ਲਾਲਾਂ ਵਾਲੀ ਸਰਕਾਰ ਆਖਦੇ ਹਨ। ਇਥੇ ਆਲੀਸ਼ਾਨ ਪੱਕਾ ਸਥਾਨ ਬਣਿਆ ਹੋਇਆ ਹੈ। ਲਾਲਾਂ ਵਾਲੀ ਸਰਕਾਰ ਘੋੜੇ 'ਤੇ ਸਵਾਰ ਹੈ। ਹਰ ਜੇਠੇ ਐਤਵਾਰ ਸੰਗਤ ਸ਼ਰਧਾ ਨਾਲ ਦੀਵਾ ਬਾਲ਼ਦੀ ਹੈ। ਸ. ਕਰਤਾਰ ਸਿੰਘ ਦਾ ਪਰਿਵਾਰ, ਰਤਨ ਸਿੰਘ ਰੱਤਾ ਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਜੇਠ ਮਹੀਨੇ ਮੇਲਾ ਲੱਗਦਾ ਹੈ। ਕਾਫੀ ਰੌਣਕ ਹੁੰਦੀ ਹੈ।

* **ਬਾਬਾ ਰਾਮ ਸਰਨ**:- ਇਹ ਧਾਰਮਿਕ ਸਥਾਨ ਪਿੰਡ ਤੋਂ ਥੋੜ੍ਹੀ ਦੂਰ ਦੱਖਣ ਦੇ ਪਾਸੇ ਹੈ ਜਿਸ ਨੂੰ ਸ਼ਰਧਾ ਨਾਲ ਪਿੰਡ ਦੇ ਲੋਕ ਬਾਬਾ ਰਾਮ ਸਰਨ ਕਹਿੰਦੇ ਹਨ। ਇਹ ਥਾਂ ਸਾਹਰੀ ਵਾਲੇ ਪੰਡਤ ਨੰਦ ਲਾਲ ਦੀ ਸੌਂਜੀ ਹੈ। ਪਿੰਡ ਦੇ ਕਈ ਲੋਕਾਂ ਨੇ ਬਾਬਾ ਰਾਮ ਸਰਨ ਦੇ ਦਰਸ਼ਨ ਕੀਤੇ ਹਨ। ਉਨ੍ਹਾਂ ਦੱਸਿਆ ਕਿ ਉਹ ਮਧਰੇ ਕੱਦੇ ਦੇ ਹਨ। ਸਿਰ 'ਤੇ ਸੁਨਹਿਰੀ ਵਾਲ ਹਨ। ਸ. ਜੋਗਿੰਦਰ ਸਿੰਘ ਨੇ ਦੱਸਿਆ ਕਿ ਕਦੇ-ਕਦੇ ਇਥੇ ਇਵੇਂ ਲੱਗਦਾ ਹੈ ਜਿਵੇਂ ਚੰਦਰਮਾ ਦੀਆਂ ਲਹਿਰਾਂ ਪੈਂਦੀਆਂ ਹੋਣ। ਬਾਬਾ ਮਹਿੰਗਾ ਸਿੰਘ ਨੇ ਵੀ ਦੱਸਿਆ ਹੈ ਕਿ ਜਦੋਂ ਮੈਂ ਆਪਣੇ ਟਿਊਬਵੈੱਲ ਤੇ ਸੌਂਦਾ ਸੀ ਤਾਂ ਮੈਂ ਬਾਬਾ ਰਾਮ ਸਰਨ ਜੀ

ਦੇ ਦਰਸ਼ਨ ਕੀਤੇ ਹਨ। ਸਿਰ 'ਤੇ ਸੁਨਹਿਰੀ ਵਾਲ ਹਨ। ਬਾਬਾ ਮਹਿੰਗਾ ਸਿੰਘ ਹਰ ਐਤਵਾਰ ਸ਼ਾਮ ਨੂੰ ਸ਼ਰਧਾ ਨਾਲ ਮੱਥਾ ਟੇਕਣ ਜਾਂਦਾ ਸੀ। ਕਦੇ-ਕਦੇ ਤਲਾਬ ਦੇ ਲਾਗੇ ਆਪਣਾ ਵੱਖਰਾ ਦੀਵਾ ਬਾਲ਼ਦਾ ਸੀ।

* **ਕੱਚੀਆਂ ਮਟੀਆਂ**:- ਇਥੇ ਪਹਿਲਾਂ ਦੋ ਕੱਚੀਆਂ ਮਟੀਆਂ ਸਨ। ਜੋਗਿੰਦਰ ਸਿੰਘ ਸਪੁੱਤਰ ਜਗਤ ਸਿੰਘ ਨੇ ਦੱਸਿਆ ਕਿ ਜਦੋਂ ਇਥੇ ਤਲਾਬ ਪੁੱਟਦੇ ਸੀ ਤਾਂ ਪਾਣੀ ਦੀ ਲੋੜ ਸੀ। ਜਦੋਂ ਮਟੀਆਂ ਦੇ ਕੋਲੋਂ ਤਲਾਬ ਪੁੱਟਣਾ ਸ਼ੁਰੂ ਕੀਤਾ ਤਾਂ ਪਾਣੀ ਦਾ ਚਸ਼ਮਾ ਫੁੱਟ ਕੇ ਵਗਣ ਲੱਗਾ। ਪਾਣੀ ਬਿਲਕੁਲ ਸਾਫ਼ ਸੀ। ਨੰਜੂ ਸਪੁੱਤਰ ਬੇਲੀ ਨੇ ਜਲਦੀ ਨਾਲ ਸਰਵਾੜ ਦਾ ਮੁੱਠਾ ਬਣਾ ਕੇ ਪਾਣੀ ਦੇ ਵਗਦੇ ਚਸ਼ਮੇ ਵਿਚ ਦੇ ਦਿੱਤਾ ਤੇ ਕਿਹਾ ਕਿ ਮਟੀਆਂ ਢਿੱਠ ਜਾਣਗੀਆਂ। ਅਜਿਹਾ ਕਰਨ ਨਾਲ ਪਾਣੀ ਵਗਣਾ ਬੰਦ ਹੋ ਗਿਆ ਅਤੇ ਮੁੜ ਨਹੀਂ ਵਗਿਆ।

* **ਮਟੀਆ ਪੱਕੀਆਂ ਕਰਨਾ**:- ਜੋਗਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਭਾਈ ਮਹਿੰਦਰ ਸਿੰਘ ਤੋਂ ਵੱਡਾ ਲੜਕਾ ਗੁਜ਼ਰ ਗਿਆ ਸੀ ਤੇ ਮੇਰੀ ਮਾਤਾ ਤੇਜ ਕੌਰ ਨੇ ਸੁੱਖਣਾ ਸੁੱਖੀ ਕਿ ਬਾਬਾ ਜੇ ਮੇਰੇ ਲੜਕਾ ਹੋਵੇ ਤਾਂ ਮੈਂ ਤੇਰੀ ਮਟੀ ਪੱਕੀ ਬਣਾ ਦੇਵਾਂ। ਮਾਤਾ ਦੀ ਆਸ ਮੁਰਾਦ ਪੂਰੀ ਹੋ ਗਈ। ਉਸ ਦੇ ਗ੍ਰਹਿ ਵਿਖੇ ਸੋਹਣੇ ਲਾਲ ਮਹਿੰਦਰ ਸਿੰਘ ਦਾ ਜਨਮ ਹੋਇਆ। ਫਿਰ ਮਾਤਾ ਨੇ ਬੜੀ ਸ਼ਰਧਾ ਨਾਲ ਮਟੀ ਪੱਕੀ ਬਣਾ ਦਿੱਤੀ। ਮਾਤਾ ਤੇਜ ਕੌਰ ਦੇ ਘਰ ਫਿਰ ਇਕ ਲੜਕੀ ਤੇ ਦੋ ਪੁੱਤਰਾਂ ਨੇ ਹੋਰ ਜਨਮ ਲਿਆ। ਮਹਿੰਦਰ ਸਿੰਘ ਵੀ ਸ਼ਰਧਾ ਨਾਲ ਐਤਵਾਰ ਵਾਲੇ ਦਿਨ ਬਾਬਾ ਰਾਮ ਸਰਨ ਵਿਖੇ ਚਿਰਾਗ਼ ਕਰਨ ਜਾਂਦਾ ਸੀ। ਇਕ ਵਾਰ ਉਨ੍ਹਾਂ ਕਿਹਾ, "ਸਾਡਾ ਪੀਰ ਬਾਬਾ ਰਾਮ ਸਰਨ ਤੇ ਗੁਰੂ ਗ੍ਰੰਥ ਸਾਹਿਬ ਹੈ।" ਦੂਜੀ ਮਟੀ ਸ. ਬੰਤਾ ਸਿੰਘ ਨੇ ਪੱਕੀ ਕਰਾਈ ਸੀ ਜਦੋਂ ਉਸ ਦੀ ਲੜਕੀ ਸੀਸੋ ਘਰ ਦੇ ਵਿਹੜੇ ਵਿਚ ਮਲੇਟ ਰਹੀ ਸੀ ਤੇ ਆਖ ਰਹੀ ਸੀ-ਆ ਗਏ ਮਲੰਗ-ਆ ਗਏ ਮਲੰਗ।

* **ਕੱਚੀ ਖੂਹੀ ਤੇ ਤਲਾਬ**:- ਜੋਗਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਇਥੇ ਪਹਿਲਾਂ ਕੱਚੀ ਖੂਹੀ ਸੀ ਜਿਸ ਉੱਪਰ ਡੀਂਗਲੀ ਲੱਗੀ ਹੋਈ ਸੀ, ਜਿਸ ਨਾਲ ਲੋਕ ਪਾਣੀ ਪੀਂਦੇ ਸਨ। ਪਿੰਡ ਦੇ ਲੋਕਾਂ ਨੇ ਜੋ ਤਲਾਬ ਪੁੱਟਿਆ ਸੀ ਉਹ ਹਮੇਸ਼ਾ ਪਾਣੀ ਨਾਲ ਭਰਿਆ ਹੁੰਦਾ ਸੀ। ਉਸ ਸਮੇਂ ਬਾਰਸ਼ਾਂ ਬਹੁਤ ਹੁੰਦੀਆਂ ਸਨ। ਪਰ ਅੱਜਕੱਲ੍ਹ ਬਾਰਸ਼ ਨਾ ਹੋਣ ਕਰਕੇ ਤਲਾਬ ਸੁੱਕ ਗਿਆ ਹੈ।

* **ਸੇਵਾਦਾਰ**:- ਪਹਿਲਾਂ ਪਹਿਲ ਇਥੇ ਰੋਡਾ ਸਾਧ ਰਹਿੰਦਾ ਸੀ ਜੋ ਪੈਰਾਂ ਤੱਕ ਲੰਬਾ ਚੋਗਾ ਪਾ ਕੇ ਰੱਖਦਾ ਸੀ। ਅਸੀਂ ਛੋਟੇ-ਛੋਟੇ ਹੁੰਦੇ ਸੀ। ਜਦੋਂ ਅਸੀਂ ਉਸ ਨੂੰ ਵੇਖਣਾ ਤਾਂ ਡਰ ਜਾਣਾ। ਇਸ ਸਥਾਨ 'ਤੇ ਵੀ ਸੰਗਤਾਂ ਹਾੜ੍ਹੀ-ਸਾਉਣੀ ਦਲੀਆ ਦਿੰਦੀਆਂ ਸਨ। ਪਿੰਡ ਦੀ ਸੜਕ ਕੱਚੀ ਸੀ। ਚਾਰੇ ਪਾਸੇ ਬੂਝੇ ਚੜ੍ਹੇ ਹੁੰਦੇ ਸਨ।

* **ਪੱਕਾ ਕਮਰਾ**:- ਇਸ ਸਥਾਨ 'ਤੇ ਪਹਿਲਾਂ ਕਿਸੇ ਸਾਧੂ ਦੇ ਰਹਿਣ ਲਈ ਕੱਚਾ ਕਮਰਾ ਸੀ। ਬੀਰ ਸਿੰਘ ਸਪੁੱਤਰ ਸਾਧੂ ਸਿੰਘ ਨੇ ਸੁੱਖਣਾ ਸੁੱਖੀ ਕਿ ਜੇ ਮੈਂ ਬਾਬਾ ਰਾਮ

ਸਰਨ ਜੀ ਇੰਗਲੈਂਡ ਪਹੁੰਚ ਜਾਵਾਂ ਤਾਂ ਆਪ ਦੀ ਸ਼ਰਧਾ ਨਾਲ ਸੇਵਾ ਕਰਾਂ। ਬੀਰ ਸਿੰਘ ਦੀ ਸ਼ਰਧਾ ਪੂਰੀ ਹੋ ਗਈ। ਉਹ ਇੰਗਲੈਂਡ ਪਹੁੰਚ ਗਿਆ। ਸਭ ਤੋਂ ਪਹਿਲਾਂ ਉਸ ਨੇ ਸੜਕ ਕਿਨਾਰੇ ਰਾਹਗੀਰਾਂ ਵਾਸਤੇ ਪਾਣੀ ਪੀਣ ਲਈ ਨਲਕਾ ਲਗਵਾਇਆ। 7 ਸਤੰਬਰ 1965 ਨੂੰ ਪਾਕਿਸਤਾਨ ਨੇ ਭਾਰਤ 'ਤੇ ਹਮਲਾ ਕੀਤਾ ਸੀ। ਬੀਰ ਸਿੰਘ ਇਸ ਦਿਨ ਗਗਨੌਲੀ ਤੋਂ ਦਿੱਲੀ ਲਈ ਰਵਾਨਾ ਹੋ ਗਿਆ ਸੀ। ਬੀਰ ਸਿੰਘ ਪਹਿਲੀ ਵਾਰ 28-2-1977 ਨੂੰ ਪਰਿਵਾਰ ਸਮੇਤ ਛੁੱਟੀ ਆਇਆ। ਬੀਰ ਸਿੰਘ ਨੇ 17-3-1977 ਨੂੰ ਪਿੰਡ ਦੇ ਸਹਿਯੋਗ ਨਾਲ ਮਕਾਨ ਦੀ ਉਸਾਰੀ ਚਾਲੂ ਕਰ ਦਿੱਤੀ। ਇਸ ਹੀ ਕਮਰੇ ਵਿਚ 20-3-1977 ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਜਾਪ ਅਰੰਭ ਕਰਵਾਏ। ਇਸ ਅਖੰਡ ਪਾਠ ਵਾਸਤੇ ਪਾਠੀ ਸੰਤ ਮਹਿੰਦਰ ਸਿੰਘ ਮਸਤਾਨਾ ਜ਼ਿਲ੍ਹਾ ਸੰਗਰੂਰ, ਉਨ੍ਹਾਂ ਦਾ ਲੜਕਾ ਪਵਿੱਤਰ ਸਿੰਘ, ਕਾਹਰੀ ਪਿੰਡ ਤੋਂ ਹਰਬਲਾਸ ਸਿੰਘ ਤੇ ਗਿਆਨੀ ਗੁਰਬਚਨ ਸਿੰਘ ਗਗਨੌਲੀ ਆਦਿ ਸਨ। ਗਗਨੌਲੀ, ਹੁਸੈਨਪੁਰ, ਸਾਹਰੀ ਤੇ ਕਾਹਰੀ ਪਿੰਡਾਂ ਦੀਆਂ ਸੰਗਤਾਂ ਨੂੰ ਲੰਗਰ ਵਾਸਤੇ ਸੁਨੇਹਾ ਭੇਜਿਆ ਗਿਆ ਸੀ। ਸ਼ਾਇਦ ਇਹ ਬੀਰ ਸਿੰਘ ਦਾ ਪਹਿਲਾ ਪ੍ਰੋਗਰਾਮ ਸੀ। ਪਹਿਲਾਂ ਕਿਸੇ ਨੇ ਇਸ ਸਥਾਨ 'ਤੇ ਅਖੰਡ ਜਾਪ ਨਹੀਂ ਕਰਵਾਏ ਸਨ। ਇਸ ਸਥਾਨ 'ਤੇ ਫਿਰ ਦੋ ਕਮਰੇ ਬਣ ਗਏ। ਮਟੀਆਂ ਉੱਪਰ ਵੀ ਲੈਂਟਰ ਪਾ ਦਿੱਤਾ ਗਿਆ।

* **ਹਰੀ ਰਾਮ ਸਾਧੂ:-** ਇਕ ਸਾਧੂ ਬਿਹਾਰ ਤੋਂ ਆ ਕੇ ਇਥੇ ਰਹਿਣ ਲੱਗਾ ਜੋ ਪਹਿਲਾਂ ਅੰਬ ਦੇ ਪੱਤੇ ਖਾਂਦਾ ਸੀ, ਜਿਸ ਵੀ ਘਰ ਉਹ ਭਿਖਿਆ ਮੰਗਣ ਜਾਂਦਾ ਉਹ ਹਾੜੱਪ ਬੰਬ ਕਹਿੰਦਾ ਸੀ। ਇਸ ਦਾ ਕੀ ਭਾਵ ਹੈ ਕਿਸੇ ਨੂੰ ਨਹੀਂ ਪਤਾ। ਫਿਰ ਉਸ ਨੇ ਸਤਿਨਾਮ ਕਹਿਣਾ ਸ਼ੁਰੂ ਕਰ ਦਿੱਤਾ। ਉਹ ਆਪਣੀ ਭਗਤੀ ਦੇ ਨਾਲ ਦੜੇ ਸੱਟੇ ਦਾ ਨੰਬਰ ਵੀ ਲੋਕਾਂ ਨੂੰ ਦੱਸਦਾ ਸੀ। ਹਰ ਮਹੀਨੇ ਮਗਰੋਂ ਨਵਾਂ ਰੇਡੀਓ ਉਸ ਦੇ ਕੋਲ ਹੁੰਦਾ ਸੀ। ਡੇਰੇ ਵਿਚ ਹਮੇਸ਼ਾ ਕਾਫੀ ਸਾਧੂ ਹੁੰਦੇ ਸਨ। ਇਕ ਵਾਰ ਮੈਂ ਸ਼ਾਮ ਦੇ ਸਮੇਂ ਗਿਆ ਤਾਂ ਬਹੁਤੇ ਸਾਧੂ ਸਫ਼ਾਂ ਵਿਛਾ ਕੇ ਸੁੱਤੇ ਹੋਏ ਸਨ। ਮੈਂ ਕਿਹਾ, "ਬਾਬਾ ਜੀ ਅੱਜ ਤਾਂ ਬਹੁਤ ਰੌਣਕਾਂ ਹਨ। ਕਿੱਥੋਂ-ਕਿੱਥੋਂ ਸਾਧੂ ਆਏ ਹਨ।" ਉਨ੍ਹਾਂ ਕਿਹਾ,"ਕੋਈ ਗਯਾ ਤੋਂ ਕੋਈ ਹਰਿਦੁਆਰ ਤੋਂ ਆਇਆ ਹੈ। ਉਨ੍ਹਾਂ ਵਾਸਤੇ ਲੰਗਰ ਤਿਆਰ ਹੋ ਰਿਹਾ ਸੀ। ਫਿਰ ਇਸ ਸਾਧੂ ਨੇ ਗੰਗੋ ਨਾਮ ਦੀ ਔਰਤ ਟੱਪਰੀਵਾਸਾਂ ਤੋਂ ਮੁੱਲ ਲੈ ਲਈ। ਉਹ ਪਿੰਡ ਛੱਡ ਕੇ ਫਿਰ ਪਿੱਪਲਾਂਵਾਲਾ ਚਲਾ ਗਿਆ।

ਜਦੋਂ ਹਰੀ ਰਾਮ ਸਾਧੂ ਪਿੱਪਲਾਂਵਾਲਾ ਚਲਾ ਗਿਆ ਤਾਂ ਉਸ ਦੀ ਥਾਂ ਤੇ ਇੱਕ ਹੋਰ ਸਾਧੂ ਆ ਗਿਆ ਜੋ ਸੰਸਕ੍ਰਿਤ ਦਾ ਗਿਆਤਾ ਸੀ। ਉਸ ਦੀ ਇਕ ਲੱਤ ਲੰਗੜੀ ਸੀ ਪਰ ਉਹ ਨਿੱਡਰ ਸਾਧੂ ਸੀ। ਸਾਰੇ ਡੇਰੇ ਨੂੰ ਸਾਫ਼-ਸੁਥਰਾ ਰੱਖਦਾ ਸੀ। ਫੁੱਲਾਂ ਦੀਆਂ ਕਿਆਰੀਆਂ ਬਣਾਈਆਂ ਹੋਈਆਂ ਸਨ। ਸਾਫ ਸੁਥਰੇ ਕੱਪੜੇ ਪਹਿਨਦਾ ਸੀ। ਪਿੰਡ ਵਿਚ ਉਸ ਨੇ ਕਈ ਘਰਾਂ ਵਿਚ ਰਮਾਇਣ ਦਾ ਪਾਠ ਕੀਤਾ ਸੀ। ਗਰਮੀਆਂ ਦੇ ਦਿਨਾਂ ਵਿਚ ਰਾਤ ਨੂੰ ਛੱਤ 'ਤੇ ਬੈਠ ਕੇ ਉੱਚੀ-ਉੱਚੀ ਰਮਾਇਣ ਦੇ ਸਲੋਕ ਪੜ੍ਹਦਾ ਸੀ। ਕਦੇ-ਕਦੇ

ਮੇਰੇ ਕੋਲ ਆ ਕੇ ਹਵੇਲੀ ਸੌਂ ਜਾਂਦਾ ਸੀ, ਜੇ ਮੈਂ ਸਾਹਰੀ ਪਿੰਡ ਨੂੰ ਜਾਣਾ ਤੇ ਡੇਰੇ ਵਿਚ ਉਨ੍ਹਾਂ ਨੂੰ ਮਿਲ ਕੇ ਆਉਂਦਾ ਸੀ। ਇਕ ਵਾਰ ਉਸ ਨੇ ਡੇਰੇ ਵਿਚ ਹਾੜ੍ਹ ਮਹੀਨੇ ਮੇਲਾ ਕਰਵਾਇਆ। ਪਿੰਡ ਦੇ ਲੋਕਾਂ ਨੇ ਘੱਟ ਹਾਜ਼ਰੀ ਲਗਵਾਈ। ਕਰਤਾਰ ਸਿੰਘ ਨੇ ਲੰਗਰ ਤਿਆਰ ਕੀਤਾ। ਮੈਂ ਵੀ ਨਾਲ ਕੰਮ ਕਰਦਾ ਸੀ ਫਿਰ ਮੈਂ ਹੀ ਅਰਦਾਸ ਕੀਤੀ। ਪਿੰਡ ਹੁਸੈਨਪੁਰ ਤੋਂ ਵੀ ਕੁਝ ਸੰਗਤ ਆਈ ਸੀ। ਮੇਲੇ ਦਾ ਸਮਾਗਮ ਚੰਗਾ ਹੋ ਗਿਆ। ਉਸ ਦੇ ਨਾਮ ਬਾਰੇ ਪਤਾ ਨਹੀਂ ਹੈ। ਉਸ ਨੂੰ ਆਮ ਕਰਕੇ ਲੰਗਾ ਸਾਧ ਹੀ ਆਖਦੇ ਸਨ। ਉਹ ਕੁੰਭ ਦੇ ਮੇਲੇ 'ਤੇ ਚਲਾ ਗਿਆ। ਆਪਣਾ ਸਾਮਾਨ ਕਿਸੇ ਦੇ ਘਰ ਰੱਖ ਗਿਆ। ਉਹ ਮੁੜ ਵਪਸ ਨਹੀਂ ਆਇਆ।

*** ਹਰੀ ਰਾਮ ਦਾ ਦੁਬਾਰਾ ਡੇਰੇ ਆਉਣਾ:-** ਹਰੀ ਰਾਮ ਸਾਧੂ ਪਿੰਡ ਪਿੱਪਲਾਂਵਾਲਾ ਤੋਂ ਮੁੜ ਇਸ ਡੇਰੇ ਵਿਚ ਆ ਗਿਆ। ਫਿਰ ਰੌਣਕਾਂ ਲੱਗਣ ਲੱਗੀਆਂ। ਹਰ ਐਤਵਾਰ ਚੌਂਕੀ ਲੱਗਦੀ ਸੀ। ਪਿੰਡ ਸਾਹਰੀ ਤੋਂ ਕਾਲਾ ਮਿਸਤਰੀ, ਮੰਗੀ ਆਦਿ ਧਾਰਮਿਕ ਭੇਟਾਂ ਲਗਾਉਂਦੇ ਸਨ। ਐਤਵਾਰ ਸ਼ਾਮ ਨੂੰ ਚਾਚੀ ਨਿਰੰਜਨ ਕੌਰ ਸੰਗਤਾਂ ਵਾਸਤੇ ਚਾਹ ਤਿਆਰ ਕਰਦੀ ਸੀ। ਇਕ ਬਜ਼ੁਰਗ ਪਿੰਡ ਸਾਹਰੀ ਤੋਂ ਬਾਬਾ ਹਰੀ ਰਾਮ ਦੇ ਕੋਲ ਰਾਤ ਨੂੰ ਸੌਂਦਾ ਸੀ। ਬਾਬਾ ਹਰੀ ਰਾਮ ਨੂੰ ਦਮੇ ਦੀ ਸ਼ਿਕਾਇਤ ਸੀ। ਇਕ ਹੋਰ ਲੜਕਾ ਸਿੱਧੇ ਸੁਭਾਅ ਦਾ ਸੀ ਜੋ ਪਿੰਡ ਵਿਚ ਸ਼ਾਮ ਨੂੰ ਗਜਾ ਕਰਕੇ ਰੋਟੀ ਲੈ ਕੇ ਆਉਂਦਾ ਸੀ। ਉਸ ਨੂੰ ਕਾਟੂ ਕਿਹਾ ਜਾਂਦਾ ਹੈ। ਅਜੇ ਉਹ ਜਿਊਂਦਾ ਹੈ। ਉਸ ਦੇ ਸਿਰ 'ਤੇ ਪੱਗ ਬੰਨ੍ਹੀ ਹੁੰਦੀ ਸੀ। ਕਦੇ-ਕਦੇ ਗਲ਼ ਵਿਚ ਹਾਰ ਪਾਏ ਹੁੰਦੇ ਸਨ।

*** ਦੋ ਮੇਲੇ:-** ਬਾਬਾ ਰਾਮ ਸਰਨ ਦੇ ਸਥਾਨ 'ਤੇ ਦੋ ਮੇਲੇ ਲੱਗਦੇ ਹਨ। ਇਕ ਮੇਲਾ ਜੇਠ ਮਹੀਨੇ ਦੇ ਜੇਠੇ ਐਤਵਾਰ ਅਤੇ ਦੂਜਾ ਮੇਲਾ ਮਾਘ ਮਹੀਨੇ ਵਿਚ ਲੱਗਦਾ ਹੈ। ਇਸ ਵਿਚ ਦੁੱਧ ਦੀ ਖੀਰ ਦਿੱਤੀ ਜਾਂਦੀ ਹੈ। ਨਿਸ਼ਾਨ ਸਾਹਿਬ ਚੜ੍ਹਾਏ ਜਾਂਦੇ ਹਨ। ਸੰਤ ਹਰੀ ਰਾਮ ਨੂੰ ਨਵੇਂ ਕੱਪੜੇ ਪਹਿਨਾਏ ਜਾਂਦੇ ਹਨ। ਸੰਤ ਹਰੀ ਰਾਮ ਜ਼ਿਆਦਾ ਸਿਆਣਾ ਹੋ ਗਿਆ ਤੇ ਸਿਹਤ ਹੌਲੀ-ਹੌਲੀ ਕਮਜ਼ੋਰ ਹੋ ਗਈ। ਉਹ ਮਿਤੀ 15-3-1996 ਦਿਨ ਸੋਮਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਕਰਦਾ ਹੋਇਆ ਬ੍ਰਹਮਲੀਨ ਹੋ ਗਿਆ। ਉਸ ਨੂੰ ਉਸ ਦੇ ਕਹਿਣ ਅਨੁਸਾਰ ਨਿੰਮ ਦੇ ਕੋਲ ਸਪੁਰਦੇ ਖਾਕ ਕੀਤਾ ਗਿਆ। ਇਕ ਵਾਰ ਮੈਂ ਪੁੱਛਿਆ ਸੀ ਕਿ ਤੁਹਾਡਾ ਕੀ ਨਾਮ ਹੈ ਤਾਂ ਉਨ੍ਹਾਂ ਦੱਸਿਆ ਕਿ ਮੇਰਾ ਨਾਮ ਹਰੀ ਰਾਮ ਹੈ। ਸੰਤ ਹਰੀ ਰਾਮ ਦਾ ਸ਼ਰਧਾਂਜਲੀ ਸਮਾਗਮ ਮਿਤੀ 31-3-1996 ਦਿਨ ਐਤਵਾਰ ਕੀਤਾ ਗਿਆ। ਗੁਰੂ ਕੇ ਲੰਗਰ ਤਿਆਰ ਕੀਤੇ ਗਏ। ਸਾਰਾ ਕੰਮ ਕਿਸ਼ਨ ਸਿੰਘ ਤੇ ਮਾਤਾ ਨਿਰੰਜਨ ਕੌਰ ਦੀ ਦੇਖ ਰੇਖ 'ਚ ਹੋਇਆ। ਸਾਧੂ ਭਗਤੀ ਤੇ ਸ਼ਕਤੀ ਦੇ ਮਾਲਕ ਹੁੰਦੇ ਹਨ। ਉਹ ਕਿਸੇ ਦੇ ਗੁਲਾਮ ਨਹੀਂ ਹੁੰਦੇ। ਲੋਕਾਂ ਦੀਆਂ ਆਸਾਂ-ਮੁਰਾਦਾਂ ਪੂਰੀਆਂ ਹੁੰਦੀਆਂ ਹਨ ਤਾਂ ਸੰਗਤ ਉਨ੍ਹਾਂ ਨਾਲ ਜੁੜਦੀ ਹੈ। ਇਨ੍ਹਾਂ ਦੀ ਦੇਖ ਰੇਖ ਲਈ ਸਾਡੇ ਹੀ ਪਿੰਡ ਦਾ ਮੰਗਲ ਸਿੰਘ ਵੀ ਕਈ ਵਾਰ ਇਨ੍ਹਾਂ ਦੇ ਕੋਲ ਰਾਤ ਨੂੰ ਆ ਜਾਂਦਾ ਸੀ।

*** ਸ਼ਿਵਾ ਦਾ ਸਥਾਨ:-** ਹੁਣ ਇਕ ਪਾਸੇ ਸ਼ਿਵਾ ਦਾ ਸਥਾਨ ਬਣਾ ਦਿੱਤਾ ਗਿਆ

ਹੈ। ਲੋਕ ਸ਼ਰਧਾ ਨਾਲ ਦੋਵੇਂ ਪਾਸੇ ਮੱਥਾ ਟੇਕਦੇ ਹਨ। ਹੁਣ ਕਮਰਿਆਂ ਦੀ ਕੋਈ ਘਾਟ ਨਹੀਂ ਹੈ। ਮੇਨ ਸੜਕ ਦੇ ਉੱਪਰ ਵੱਡਾ ਗੇਟ ਬਣਾ ਦਿੱਤਾ ਗਿਆ ਹੈ। ਡੇਰੇ ਵਿਚ ਬਿਜਲੀ ਤੇ ਪਾਣੀ ਦਾ ਪ੍ਰਬੰਧ ਹੈ।

*** ਰਾਜ ਕੁਮਾਰ ਰਾਜੂ :-** ਬਿਹਾਰ ਤੋਂ ਆ ਕੇ ਰਾਜ ਕੁਮਾਰ ਰਾਜੂ ਇਥੇ ਪਰਿਵਾਰ ਸਮੇਤ ਰਹਿਣ ਲੱਗਾ। ਉਸ ਦੀ ਧਰਮ ਪਤਨੀ ਮਮਤਾ ਦੇਵੀ ਪਿੰਡ ਵਿਚ ਵਿਆਹ ਸ਼ਾਦੀ 'ਤੇ ਲੋਕਾਂ ਦੇ ਘਰਾਂ ਵਿਚ ਕੰਮ ਕਰਦੀ ਹੈ। ਰਾਜੂ ਦਿਨ ਵੇਲੇ ਮਜ਼ਦੂਰੀ ਕਰਦਾ ਹੈ ਤੇ ਐਤਵਾਰ ਨੂੰ ਡੇਰੇ ਵਿਚ ਆਈਆਂ ਸੰਗਤਾਂ ਨੂੰ ਪ੍ਰਸਾਦ ਦਿੰਦਾ ਹੈ। ਮਮਤਾ ਦੇ ਦੋ ਬੇਟੇ ਤੇ ਦੋ ਬੇਟੀਆਂ ਹਨ। ਇਕ ਲੜਕੀ ਗੁੱਡੋ ਦੀ ਸ਼ਾਦੀ ਨਿਰਮਲ ਸਿੰਘ ਨੇ ਬਾਬਾ ਮਾਹਨ ਦਾਸ ਦੇ ਡੇਰੇ ਵਿਚ ਪੰਡੋਰੀ ਕੱਦ ਦੇ ਲੜਕੇ ਨਾਲ ਕਰ ਦਿੱਤੀ ਸੀ। ਉਸ ਦੇ ਦੋ ਲੜਕੇ ਹਨ। ਮਮਤਾ ਦੇਵੀ ਹੁਣ ਪਿੰਡ ਵਿਚ ਆਪਣੇ ਬਣੇ ਮਕਾਨ ਵਿਚ ਰਹਿੰਦੀ ਹੈ। ਰਾਜ ਕੁਮਾਰ ਰਾਜੂ ਦੀ ਮੌਤ ਹੋ ਚੁੱਕੀ ਹੈ।

ਗਿਰੀ ਰਾਜ ਸਾਧੂ ਪਿਛਲੇ 11 ਸਾਲਾਂ ਤੋਂ ਡੇਰੇ ਵਿਚ ਪੱਕੇ ਤੌਰ 'ਤੇ ਰਹਿ ਰਿਹਾ ਹੈ। ਡੇਰੇ ਵਿਚ ਹਰ ਤਰ੍ਹਾਂ ਸਾਫ਼ ਸਫਾਈ ਤੇ ਸਾਂਭ-ਸੰਭਾਲ ਰੱਖਦਾ ਹੈ।

*** ਸ਼ਹੀਦ ਸਿੰਘਾਂ ਦਾ ਸਥਾਨ:-** ਬਾਬਾ ਰਾਮ ਸਰਨ ਦੇ ਡੇਰੇ ਦੇ ਨਾਲ ਪੱਕੀ ਸੜਕ ਦੇ ਉੱਪਰ ਸ਼ਹੀਦ ਸਿੰਘਾਂ ਦਾ ਸਥਾਨ ਹੈ। ਇਸ ਦਾ ਪਿਛੋਕੜ ਇਸ ਪ੍ਰਕਾਰ ਹੈ। ਸ. ਜੋਗਿੰਦਰ ਸਿੰਘ ਸਪੁੱਤਰ ਜਗਤ ਸਿੰਘ ਨੇਂ ਮੈਨੂੰ ਮਿਤੀ 9-9-2014 ਨੂੰ ਫ਼ੂਨ 'ਤੇ ਦੱਸਿਆ ਕਿ ਪਿਆਰਾ ਸਿੰਘ ਦਾ ਭਰਾ ਬਚਨ ਸਿੰਘ ਜੋ ਇੰਗਲੈਂਡ ਰਹਿੰਦਾ ਹੈ ਉਸ ਦੇ ਲੜਕੇ ਤਰਸੇਮ ਸਿੰਘ ਨੂੰ ਸੁਪਨਾ ਆਇਆ ਕਿ ਸ਼ਹੀਦ ਸਿੰਘ ਦਾ ਸਥਾਨ ਬਣਾਇਆ ਜਾਵੇ। ਫਿਰ ਉਨ੍ਹਾਂ ਪਿਆਰਾ ਸਿੰਘ ਦੇ ਪਰਿਵਾਰ ਕੋਲੋਂ ਥਾਂ ਮੁੱਲ ਲੈ ਕੇ ਦੋ ਕਮਰੇ ਤੇ ਵਰਾਂਡਾ ਬਣਾ ਦਿੱਤਾ ਹੈ। ਚਾਰ ਦੀਵਾਰੀ ਕਰਕੇ ਗੇਟ ਲਗਾਇਆ ਹੈ ਤੇ ਵਿਚ ਨਕਲਾ ਵੀ ਲਾ ਦਿੱਤਾ ਹੈ। ਜੋਗਿੰਦਰ ਸਿੰਘ ਨੇ ਤਰਸੇਮ ਸਿੰਘ ਨੂੰ ਪੁੱਛਿਆ ਕਿ ਸ਼ਹੀਦ ਕੌਣ ਹੋਇਆ ਹੈ? ਤਰਸੇਮ ਸਿੰਘ ਨੇ ਜਵਾਬ ਦਿੱਤਾ ਅਸੀਂ ਹੁਣ ਸ਼ਹੀਦ ਸਿੰਘਾਂ ਦਾ ਸਥਾਨ ਬਣਾ ਦਿੱਤਾ ਹੈ। ਪੈਸਾ ਬਚਨ ਸਿੰਘ ਦਾ ਪਰਿਵਾਰ ਇੰਗਲੈਂਡ ਤੋਂ ਭੇਜਦਾ ਹੈ। ਇਸਦਾ ਪ੍ਰਬੰਧ ਪਾਲ ਸਿੰਘ ਸਪੁੱਤਰ ਉਜਾਗਰ ਸਿੰਘ ਕਰਦਾ ਹੈ। ਵਿਸਾਖ ਮਹੀਨੇ ਦੇ ਜੇਠੇ ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਖੰਡ ਪਾਠ ਦੇ ਭੋਗ ਪਾਏ ਜਾਂਦੇ ਹਨ। ਸਾਰਾ ਪਿੰਡ ਸ਼ਰਧਾ ਨਾਲ ਹਾਜ਼ਰੀ ਭਰਦਾ ਹੈ।

*** ਸ਼ਮਸ਼ਾਨਘਾਟ:-** ਇਸ ਸਥਾਨ ਦੇ ਲਹਿੰਦੇ ਪਾਸੇ ਸੜਕੋਂ ਪਾਰ ਪਿੰਡ ਦਾ ਸ਼ਮਸ਼ਾਨਘਾਟ ਹੈ, ਜਿਸ ਨੂੰ ਸਵਰਗ ਧਾਮ ਕਹਿੰਦੇ ਹਨ। 1955 ਤੋਂ ਪਹਿਲਾਂ ਪਿੰਡ ਦਾ ਸ਼ਮਸ਼ਾਨਘਾਟ ਅਬਾਦੀ ਦੇ ਨੇੜੇ ਆ ਗਿਆ ਸੀ। ਮੁਰੱਬੇਬੰਦੀ ਸਮੇਂ ਇਹ ਸਥਾਨ ਪਿੰਡ ਤੋਂ ਦੂਰ ਸਾਹਰੀ ਵਾਲੇ ਪਾਸੇ ਹੈ, ਜੋ ਸਾਧੂ ਰਾਤ ਸਮੇਂ ਸਿੰਘ ਸ਼ਹੀਦਾਂ ਦੇ ਸਥਾਨ 'ਤੇ ਰਹਿੰਦੇ ਹਨ ਉਹ ਮੁਰਦਾ ਸਰੀਰ ਦੇ ਜਿੰਨੇ ਕੱਪੜੇ ਹੁੰਦੇ ਹਨ ਲੈ ਜਾਂਦੇ ਹਨ। ਸਿਆਲ ਰੁੱਤੇ ਕਈ ਵਾਰ ਰਾਤ ਨੂੰ ਸਿਵੇ ਦੀ ਅੱਗ ਸੇਕਦੇ ਦੇਖੇ ਗਏ ਹਨ।

*** ਛੱਪੜ**:- ਆਮ ਪਿੰਡਾਂ ਵਾਂਗ ਪਿੰਡ ਦਾ ਇਕ ਵੱਡਾ ਛੱਪੜ ਹੈ, ਜੋ ਮੁਸਤਰਕਾ ਜ਼ਮੀਨ ਵਿਚ ਹੈ। ਬਰਸਾਤ ਰੁੱਤੇ ਇਹ ਛੱਪੜ ਭਰ ਜਾਂਦਾ ਸੀ। ਸਾਰੇ ਪਿੰਡ ਦੇ ਪਸ਼ੂ ਇਸ ਵਿਚ ਵੜ ਕੇ ਨਹਾਉਂਦੇ ਤੇ ਪਾਣੀ ਪੀਂਦੇ ਸਨ। ਬਰਸਾਤ ਰੁੱਤੇ ਡੱਡੂਆਂ ਦੀ ਗੜੈਂ-ਗੜੈਂ ਵੀ ਇਕ ਅਜੀਬ ਸੰਗੀਤ ਦੀਆਂ ਧੁਨਾਂ ਪੈਦਾ ਕਰਦੀ। ਪੁਰਾਣੇ ਸਮੇਂ ਵਿਚ ਬਹੁਤ ਸਾਰੇ ਲੋਕ ਆਪਣੇ ਕੱਪੜੇ ਛੱਪੜਾਂ, ਟੋਭਿਆਂ ਤੇ ਧੋਂਦੇ ਹੁੰਦੇ ਸਨ। ਗਰਮੀ ਰੁੱਤੇ ਪਾਣੀ ਸੁੱਕ ਜਾਂਦਾ ਹੈ। ਇਸ ਦੀ ਗਾਰ ਕੁਝ ਖੁਸ਼ਕ ਹੋ ਜਾਂਦੀ ਹੈ। ਪਿੰਡ ਦੇ ਬਹੁਤੇ ਘਰ ਇਹ ਚਿੱਕ ਛੱਪੜ ਵਿਚੋਂ ਬਾਹਰ ਕੱਢ ਕੇ ਰੱਖਦੇ ਸਨ। ਇਸ ਵਿਚ ਤੂੜੀ ਪਾ ਕੇ ਘਾਣੀ ਬਣਾ ਕੇ ਕੱਚੇ ਕੋਠਿਆਂ ਨੂੰ ਲਿਪਿਆ-ਪਰੋਲਿਆ ਜਾਂਦਾ ਸੀ, ਜੇ ਖੇਤਾਂ ਵਿਚ ਚਿੱਕ ਪਾ ਦਿੱਤੀ ਜਾਵੇ ਤਾਂ ਫ਼ਸਲ ਚੰਗੀ ਹੁੰਦੀ ਹੈ।

ਇਸ ਛੱਪੜ ਦੇ ਆਸੇ ਪਾਸੇ ਬੋਹੜ, ਪਿੱਪਲ, ਖਜੂਰਾਂ ਤੇ ਹੋਰ ਦਰੱਖਤ ਉੱਗੇ ਹੋਏ ਹਨ। ਇਨ੍ਹਾਂ ਸਾਰੇ ਦਰਖਤਾਂ ਨੂੰ ਝੁੰਗੜ ਕਿਹਾ ਜਾਂਦਾ ਹੈ। ਗਰਮੀਆਂ ਦੇ ਵਿਚ ਖਜੂਰਾਂ ਪੱਕ ਜਾਂਦੀਆਂ ਹਨ। ਬਹੁਤ ਸਾਰੇ ਰਿਸ਼ਤੇਦਾਰਾਂ ਨੂੰ ਦਿੱਤੀਆਂ ਜਾਂਦੀਆਂ ਸਨ। ਖਜੂਰ ਦੀ ਸਤੀਰੀ ਛੰਨ ਜਾਂ ਮਕਾਨ ਬਨਾਉਣ ਦੇ ਕੰਮ ਆਉਂਦੀ ਹੈ। ਉਸ ਸਮੇਂ ਬਹੁਤੇ ਘਰਾਂ ਵਿਚ ਖਜੂਰ ਦੇ ਤੋੜੇ ਪਾ ਕੇ, ਬਾਲੇ ਪਾ ਕੇ ਕਾਨਿਆਂ ਵਾਲਾ ਸਰਵਾੜ ਪਾਇਆ ਜਾਂਦਾ ਸੀ। ਮਕਾਨ ਲਿਪ-ਪਰੋਲ ਕੇ ਚੰਗੇ ਲੱਗਦੇ ਸੀ। ਸਾਹਰੀ ਪਿੰਡ ਦੇ ਬਹੁਤ ਲੋਕ ਖਜੂਰਾਂ ਵੱਢ ਕੇ ਲੈ ਜਾਂਦੇ ਸਨ।

ਇਨ੍ਹਾਂ ਖਜੂਰਾਂ ਦਾ ਗੋਭ ਛਿੱਕੂ-ਛਾਬੇ ਤੇ ਸਫਾਂ ਬਨਾਉਣ ਦੇ ਕੰਮ ਆਉਂਦਾ ਹੈ। ਪਿੰਡਾਂ ਵਿਚ ਰਿਵਾਜ਼ ਘੱਟ ਗਿਆ ਹੈ। ਹੁਣ ਇਹ ਕੰਮ ਸਿਰਕੀ ਬੰਨ ਲੋਕਾਂ ਦੇ ਕੋਲ ਰਹਿ ਗਿਆ ਹੈ। ਆਸੇ-ਪਾਸੇ ਦੇ ਪਿੰਡਾਂ ਦੀਆਂ ਖਜੂਰਾਂ ਦੇ ਛਾਪੇ ਝਾੜੂ ਬਨਾਉਣ ਵਾਲਿਆਂ ਨੇ ਨਹੀਂ ਛੱਡੇ ਜੋ ਸੜਕਾਂ 'ਤੇ ਝਾੜੂ ਬਣਾ ਕੇ ਵੇਚਦੇ ਹਨ।

*** ਸਿੰਜਾਈ ਵਾਲੇ ਖੂਹ**:- ਪਿਛਲੇ ਸਮੇਂ ਵਿਚ ਆਮ ਕਰਕੇ ਮਾਰੂ ਖੇਤੀ ਹੁੰਦੀ ਸੀ। ਦੋ ਫ਼ਸਲਾਂ ਹਾੜੀ ਤੇ ਸਾਉਣੀ ਹੁੰਦੀਆਂ ਸਨ। ਇਹ ਫ਼ਸਲਾਂ ਮੀਂਹ ਦੇ ਸਹਾਰੇ ਹੀ ਹੁੰਦੀਆਂ ਸਨ, ਜਿਸ ਘਰ ਦੇ ਕੋਲ ਥੋੜ੍ਹਾ ਬਹੁਤ ਪੈਸਾ ਹੁੰਦਾ ਉਹ ਆਪਣੀ ਜ਼ਮੀਨ ਵਿਚ ਖੂਹ ਲਗਵਾਉਂਦਾ ਸੀ। ਇਸ ਕੰਮ ਵਾਸਤੇ ਖਾਸ ਆਦਮੀ ਹੁੰਦੇ ਸਨ। ਇਨ੍ਹਾਂ ਖੂਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1. ਸਾਈਂ ਤੇ ਭਾਗੇ ਦਾ ਖੂਹ:- ਇਸ ਹਾਰ ਨੂੰ ਅਗਲੀਅਲ ਦਾ ਹਾਰ ਕਿਹਾ ਜਾਂਦਾ ਹੈ। ਇਹ ਖੂਹ ਨਸਰਾਲੇ ਨੂੰ ਜਾਂਦਿਆਂ ਲਹਿੰਦੇ ਪਾਸੇ ਸੀ। ਸਿਆਣਿਆਂ ਨੇ ਦੱਸਿਆ ਕਿ ਇਕ ਸਮੇਂ ਔੜ ਲੱਗ ਗਈ। ਪਿੰਡਾਂ ਦੇ ਲੋਕਾਂ ਨੇ ਸਵੇਰ ਸਾਰ ਇਥੋਂ ਪਾਣੀ ਦੇ ਘੜੇ ਭਰ ਕੇ ਲਿਆਉਣੇ। 1926 ਈ: ਵਿਚ ਸਾਈਂ ਦੇ ਭਰਾ ਛੱਜੂ ਦਾ ਕਤਲ ਇਸ ਖੂਹ 'ਤੇ ਹੋ ਗਿਆ ਸੀ। ਫਿਰ ਇਹ ਖੂਹ ਵਗਣਾ ਬੰਦ ਹੋ ਗਿਆ। ਅਸੀਂ ਇਸ ਖੂਹ ਦੀ ਛੋਟੀ-ਮੋਟੀ ਨਿਸ਼ਾਨੀ ਦੇਖੀ ਹੈ।

2. * ਦੂਜਾ ਖੂਹ:- ਦੂਜਾ ਖੂਹ ਬਰਿਆਮੇ ਤੇ ਦਲੀਪੇ ਦਾ ਖੂਹ ਅਖਵਾਉਂਦਾ ਸੀ।

ਦੱਸਿਆ ਜਾਂਦਾ ਹੈ ਕਿ ਇਥੇ ਰਹਿਣ ਵਾਸਤੇ ਚੁਬਾਰਾ ਵੀ ਬਣਿਆ ਹੋਇਆ ਸੀ। ਬੇਲੀ ਦੇ ਲੜਕੇ ਰੱਖਾ ਸਿੰਘ ਨੇ ਨਬੀਏ ਗੁੱਜਰ ਦਾ ਕਤਲ (1940) ਇਥੇ ਹੀ ਕੀਤਾ ਸੀ। ਇਹ ਖੂਹ 1979-80 ਤੱਕ ਚੱਲਦਾ ਰਿਹਾ। ਕਣਕ ਦੇ ਸੀਜਨ ਤੇ ਖੂਹਾਂ 'ਤੇ ਬਹੁਤ ਰੌਣਕ ਹੁੰਦੀ ਸੀ।

3. * **ਲੁਹਾਰਾਂ ਦਾ ਖੂਹ**:- ਇਸ ਖੂਹ ਦੇ ਚੜ੍ਹਦੇ ਪਾਸੇ ਲੁਹਾਰਾਂ ਦਾ ਖੂਹ ਸੀ, ਜੋ ਚਾਲੂ ਨਹੀਂ ਹੋਇਆ। ਦੱਸਿਆ ਜਾਂਦਾ ਹੈ ਕਿ ਇਸ ਖੂਹ ਨੂੰ ਚਾਲੂ ਕਰਨ ਤੋਂ ਪਹਿਲਾਂ ਕਿਸੇ ਔਰਤ ਨੇ ਨਹਾਉਣ ਕਰ ਦਿੱਤਾ ਸੀ, ਜਿਸ ਨੂੰ ਮਾੜਾ ਗਿਣਿਆ ਜਾਂਦਾ ਹੈ। ਇਸ ਬੇਆਬਾਦ ਖੂਹ ਵਿਚ ਮਿਤੀ 26-9-1989 ਨੂੰ ਸ. ਨਾਜ਼ਰ ਸਿੰਘ ਦਾ ਪੋਤਾ ਅਚਾਨਕ ਪੈਰ ਤਿਲਕਣ ਨਾਲ ਡੁੱਬ ਕੇ ਮਰ ਗਿਆ ਸੀ।

4. * **ਨਿਰੰਜਨ ਸਿੰਘ ਦਾ ਖੂਹ**:- ਇਹ ਖੂਹ ਪਿੰਡ ਦੇ ਚੜ੍ਹਦੇ ਪਾਸੇ ਹੈ। ਇਹ ਵਗਣਾ ਬੰਦ ਹੋ ਗਿਆ ਸੀ। 1969-70 ਦੇ ਕਰੀਬ ਇਸ ਦੀ ਮੁੜ ਮੁਰੰਮਤ ਕਰਾ ਕੇ ਫਿਰ ਚਾਲੂ ਕੀਤਾ ਗਿਅ। ਇਸ ਖੂਹ ਤੋਂ ਪਿਆਰਾ ਸਿੰਘ, ਕਾਬਲ ਸਿੰਘ ਲੰਬੜ ਵੀ ਆਪਣੇ ਖੇਤਾਂ ਨੂੰ ਪਾਣੀ ਲਗਾਉਂਦੇ ਸਨ।

5. * **ਮਿਲਖਾ ਸਿੰਘ ਦਾ ਖੂਹ**:- ਇਹ ਖੂਹ ਵੀ ਪਿੰਡ ਦੇ ਚੜ੍ਹਦੇ ਪਾਸੇ ਹੈ। ਇਸ ਖੂਹ ਦੀ ਵਰਤੋਂ ਸਿਰਫ਼ ਮਿਲਖਾ ਸਿੰਘ ਤੇ ਉਸ ਦਾ ਭਾਈ ਉਜਾਗਰ ਸਿੰਘ ਕਰਦੇ ਸਨ।

6. * **ਮੇਹਰ ਸਿੰਘ ਦਾ ਖੂਹ**:- ਇਹ ਖੂਹ ਵੀ ਪਿੰਡ ਦੇ ਚੜ੍ਹਦੇ ਪਾਸੇ ਹੈ। ਇਹ ਖੂਹ ਚੰਗਾ ਚੱਲਦਾ ਰਿਹਾ ਹੈ। ਮੁਰੱਬੇਬੰਦੀ ਤੋਂ ਮਗਰੋਂ ਬੰਤਾ ਸਿੰਘ ਤੇ ਪਿਆਰਾ ਸਿੰਘ ਦੀ ਜ਼ਮੀਨ ਲਾਗੇ ਪੈ ਗਈ। ਫਿਰ ਇਹ ਵੀ ਇਸ ਖੂਹ ਤੋਂ ਪਾਣੀ ਲਗਾਉਂਦੇ ਰਹੇ। ਇਨ੍ਹਾਂ ਦਾ ਛੇਵਾਂ ਹਿੱਸਾ ਸੀ।

7. * **ਜਗਤ ਸਿੰਘ ਦਾ ਖੂਹ**:- ਜਗਤ ਸਿੰਘ ਮੇਹਰ ਸਿੰਘ ਦਾ ਛੋਟਾ ਭਰਾ ਸੀ। ਉਸਨੇ ਬਾਬਾ ਰਾਮ ਸਰਨ ਦੇ ਲਾਗੇ ਆਪਣਾ ਖੂਹ ਲਗਾਇਆ ਸੀ। ਜਗਤ ਸਿੰਘ ਦੇ ਲੜਕੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਸਾਡਾ ਭਾਪਾ ਜਿਊਂਦਾ ਸੀ ਉਸ ਸਮੇਂ ਤੱਕ ਖੂਹ ਚੱਲਦਾ ਰਿਹਾ ਉਨ੍ਹਾਂ ਦੀ ਮੌਤ ਤੋਂ ਮਗਰੋਂ ਬੰਦ ਹੋ ਗਿਆ। ਫਿਰ ਇਥੇ ਪਸ਼ੂ ਬੱਝਦੇ ਸਨ। ਇਸ ਖੂਹ ਨੂੰ ਪੂਰਿਆਂ ਕੋਈ ਵੀਹ ਸਾਲ ਹੋ ਗਏ ਹਨ। ਜੋਗਿੰਦਰ ਸਿੰਘ ਨੇ ਆਪਣੇ ਟਰੈਕਟਰ ਦੇ ਕਰਾਹੇ ਨਾਲ ਪੂਰ ਦਿੱਤਾ ਹੈ।

8. * **ਤਰਖਾਣਾਂ ਦਾ ਖੂਹ**:- ਇਹ ਖੂਹ ਪ੍ਰੀਤਮ ਸਿੰਘ ਤੇ ਛੱਜਾ ਸਿੰਘ ਦਾ ਸਾਂਝਾ ਸੀ। ਦੋਹਾਂ ਘਰਾਂ ਦੀ ਜ਼ਮੀਨ ਦਸ ਖੇਤ ਹੈ। ਇਹ ਖੂਹ ਵੀ ਚੰਗਾ ਚੱਲਦਾ ਰਿਹਾ। ਇਸ ਖੂਹ ਦਾ ਸਾਡੇ ਘਰਾਂ ਨੂੰ ਬਹੁਤ ਫਾਇਦਾ ਸੀ। ਸਵੇਰੇ ਸ਼ਾਮ ਘਰਾਂ ਦੇ ਆਦਮੀ ਇਸ ਪਾਸੇ ਹੀ ਬਾਹਰ ਅੰਦਰ ਜਾਂਦੇ ਸਨ। ਪਾਣੀ ਦੀ ਬਹੁਤ ਮੌਜ ਸੀ। ਕੁਝ ਸਮੇਂ ਮਗਰੋਂ ਸਾਰੇ ਜ਼ਿਮੀਂਦਾਰਾਂ ਨੇ ਆਪਣੇ-ਆਪਣੇ ਟਿਊਬਵੈੱਲ ਲਗਾ ਲਏ ਸਨ। ਖੂਹਾਂ ਦੀ ਕਦਰ ਘੱਟ ਗਈ। ਖੂਹ ਦਾ ਸਾਮਾਨ ਕਵਾੜੀਏ ਖਰੀਦ ਕੇ ਲੈ ਗਏ। ਖਾਲੀ ਪਏ ਖੂਹ ਹਾਦਸਿਆਂ ਨੂੰ ਸੱਦਾ ਦਿੰਦੇ ਹਨ।

ਮੇਰੇ ਪਿੰਡ ਦੇ ਹੋਰ ਰਸਮੋ-ਰਿਵਾਜ਼

* **ਗੁੱਗਾ ਪੂਜਣਾ:-** ਰੱਖੜ ਪੁੰਨਿਆ ਦੇ ਅੱਠ ਦਿਨ ਮਗਰੋਂ ਗੁੱਗਾ ਨੌਮੀ ਵਾਲੇ ਦਿਨ ਗੁੱਗਾ ਪੂਜਿਆ ਜਾਂਦਾ ਹੈ। ਇਸ ਸਬੰਧੀ ਸਾਰੇ ਘਰਾਂ ਵਿਚ ਆਟੇ ਦੀਆਂ ਸੇਵੀਆਂ ਵੱਟੀਆਂ ਜਾਂਦੀਆਂ ਹਨ। ਕਿਸੇ-ਕਿਸੇ ਘਰ ਰੰਗ ਬਿਰੰਗੀਆਂ ਸੇਵੀਆਂ ਵੀ ਵੱਟੀਆਂ ਜਾਂਦੀਆਂ ਸਨ। ਮੈਂ ਛੋਟੇ ਹੁੰਦੇ ਨੇ ਦੇਖਿਆ ਹੈ ਕਿ ਤਾਈ ਰਾਮ ਕੌਰ ਤੇ ਤਾਈ ਹਰ ਕੌਰ ਹੱਥ ਦੇ ਨਾਲ ਚਾਟੀ ਮੂਧੀ ਮਾਰ ਕੇ ਮੋਟੀਆਂ-ਮੋਟੀਆਂ ਸੇਵੀਆਂ ਵੱਟਦੀਆਂ ਸਨ। ਸਾਡੇ ਪਿੰਡ ਦਾ ਰਿਵਾਜ਼ ਹੈ ਕਿ ਗੁੱਗਾ ਨੌਂਵੀਂ ਤੋਂ ਮਗਰੋਂ ਜੋ ਐਤਵਾਰ ਆਉਂਦਾ ਹੈ ਉਸ ਦਿਨ ਗੁੱਗੇ ਦਾ ਪੂਜਣ ਕੀਤਾ ਜਾਂਦਾ ਹੈ। ਜਿਹੜੇ ਘਰ ਸਾਡੇ ਪਿਛਾੜੀ ਲੱਗਦੇ ਸਨ ਉਹ ਕੋਠੇ ਦੇ ਉੱਪਰ ਚੜ੍ਹ ਕੇ ਸਾਡੀਆਂ ਤਾਈਆਂ-ਚਾਚੀਆਂ ਨੂੰ ਦੱਸ ਦਿੰਦੀਆਂ ਸਨ। ਸੇਵੀਆਂ ਤਿਆਰ ਕਰ ਲਵੋ ਇਕੱਠੀਆਂ ਹੋ ਕੇ ਜਾਵਾਂਗੀਆਂ। ਸਾਰੀਆਂ ਸੁਆਣੀਆਂ ਨੇ ਇਸ਼ਨਾਨ ਕਰਕੇ, ਨਵੇਂ ਕੱਪੜੇ ਪਾ ਕੇ, ਬਾਲਟੀ ਵਿਚ ਕੱਚੀ ਲੱਸੀ ਪਾ ਕੇ ਗਿਆਰੀ ਧੂਫ ਵਾਸਤੇ ਲੈ ਲੈਣੀ ਤਾਂ ਗੁੱਗਾ ਪੂਜਣ ਜਾਣਾ। ਇਹ ਸਥਾਨ ਪਿੰਡ ਵਿਚ ਪੱਕਾ ਨਹੀਂ ਬਣਾਇਆ ਗਿਆ ਹੈ। ਸਿਰਫ਼ ਛੱਪੜ ਕੰਢੇ ਦੋ ਚਾਰ ਇੱਟਾਂ ਰੱਖ ਕੇ ਸ਼ਰਧਾ ਨਾਲ ਮੱਥਾ ਟੇਕ ਦੇਣਾ। ਸਾਰੀਆਂ ਨੇ ਦਰਜਾ ਵਦਰਜਾ ਵੱਡੀਆਂ ਦੇ ਪੈਰੀਂ ਹੱਥ ਲਾਉਣਾ। ਸੇਵੀਆਂ ਖਾਣ ਵਾਸਤੇ ਬੱਚੇ ਪਹਿਲਾਂ ਹੀ ਉੱਥੇ ਹਾਜ਼ਰ ਹੁੰਦੇ ਸਨ। ਕੱਚੀ ਲੱਸੀ ਦੇ ਛਿੱਟੇ ਅੰਦਰ ਬਾਹਰ ਤੇ ਪਸ਼ੂਆਂ ਦੇ ਕਮਰਿਆਂ ਵਿਚ ਵੀ ਦਿੱਤੇ ਜਾਂਦੇ ਸਨ। ਫਿਰ ਸੇਵੀਆਂ ਉਬਾਲ ਕੇ ਆਪਣੇ ਆਂਢ-ਗੁਆਂਢ ਦਿੱਤੀਆਂ ਜਾਂਦੀਆਂ ਸਨ।

* **ਗੁੱਗੇ ਦਾ ਅਖਾੜਾ:-** ਕਦੇ-ਕਦੇ ਗੁੱਗਾ ਮੰਗਣ ਵਾਲੇ ਰਾਤ ਨੂੰ ਗੁੱਗੇ ਦਾ ਅਖਾੜਾ ਲਗਾਉਂਦੇ ਸਨ ਜੋ ਬਾਬਾ ਪੂਰਨ ਦਾਸ ਦੇ ਡੇਰੇ ਵਿਚ ਲੱਗਦਾ ਸੀ। ਪਿੰਡ ਵਿਚ ਉਜਾਗਰ ਸਿੰਘ ਦੇ ਘਰ ਗੁੱਗੇ ਦਾ ਅਖਾੜਾ ਜ਼ਰੂਰ ਲੱਗਦਾ ਸੀ। ਆਮ ਕਰਕੇ ਗੁੱਗੇ ਵਾਲੇ ਨਸਰਾਂ-ਬੱਧਣਾਂ ਦੇ ਹੁੰਦੇ ਸਨ। ਚਾਚੀ ਨਿਰੰਜਨ ਕੌਰ ਨੇ ਪਹਿਲਾਂ ਹੀ ਸਾਰਿਆਂ ਨੂੰ ਦੱਸਿਆ ਹੁੰਦਾ ਸੀ ਕਿ ਗੁੱਗੇ ਦਾ ਅਖਾੜਾ ਫਲਾਣੇ ਦਿਨ ਲੱਗਣਾ ਹੈ ਜ਼ਰੂਰ ਆਉਣਾ।

* **ਸਰਾਧ:-** ਇਕ ਮਹੀਨੇ ਮਗਰੋਂ ਸਰਾਧ ਉਤਰ ਆਉਂਦੇ ਹਨ। ਸਾਡੇ ਸਾਰੇ ਘਰਾਂ ਵਿਚ ਦੋ ਸਰਾਧ ਹੁੰਦੇ ਸਨ। ਇਕ ਸੁਰਜਨ ਸਿੰਘ ਦੇ ਪਰਿਵਾਰ ਦਾ ਦੂਜਾ ਭਗਤ ਸਿੰਘ ਤੇ ਜਾਗਰ ਸਿੰਘ ਦੇ ਪਰਿਵਾਰ ਦਾ। ਮੈਂ ਛੋਟਾ ਹੁੰਦਾ ਵੇਖਦਾ ਸੀ ਕਿ ਤੜਕੇ ਹੀ ਦਾਲ-ਪਾਣੀ ਤਿਆਰ ਕੀਤਾ ਜਾਂਦਾ, ਫੁੱਲਕੇ ਪਕਾਏ ਜਾਂਦੇ। ਦਿਨ ਚੜ੍ਹਦੇ ਸਾਰ ਸਾਰੇ ਘਰਾਂ ਨੂੰ ਰੋਟੀ ਖਵਾ ਦਿੱਤੀ ਜਾਂਦੀ। ਰੋਟੀ ਖਾ ਕੇ ਬੱਚੇ ਸਕੂਲ ਪੜ੍ਹਨ ਜਾਂਦੇ। ਸਾਜਰੇ ਹੀ ਕੰਮ ਮੁਕ ਜਾਂਦਾ ਸੀ। ਚਾਟੀ ਵਿਚ ਖੱਟੇ ਨੂੰ ਧਗਾਰ ਲਗਾਇਆ ਜਾਂਦਾ ਸੀ। ਅੱਜ ਇਹ ਗੱਲਾਂ ਅਲੋਪ ਹੋ ਗਈਆਂ ਹਨ। ਸਾਲ ਵਿਚ ਇਕ ਦਿਨ ਆਪਣੇ ਵੱਡਿਆ-ਵਡੇਰਿਆਂ ਦੇ ਨਾਮ 'ਤੇ ਲੰਗਰ ਲਗਾਇਆ ਜਾਂਦਾ ਹੈ।

* **ਸੰਘਰ ਦੇਵਤੇ ਦਾ ਵਰਤ:-** ਸਾਡੇ ਸਾਰੇ ਘਰਾਂ ਵਿਚ ਸਾਰੇ ਨੌਜਵਾਨ ਸੰਘਰ ਦੇਵਤੇ ਦਾ ਵਰਤ ਰੱਖਦੇ ਸਨ। ਕੋਈ ਨੂੰਹ-ਧੀ ਵੀ ਰੱਖ ਲੈਂਦੀ ਸੀ। ਤੜਕੇ ਉੱਠ ਕੇ ਇਸ਼ਨਾਨ ਕਰਕੇ ਦੁੱਧ ਵਿਚ ਸੇਵੀਆਂ ਪਾ ਕੇ ਖਾ ਲੈਣੀਆਂ ਜਾਂ ਮੱਖਣ ਨਾਲ ਰੋਟੀ ਖਾ ਲੈਣੀ। ਸਕੂਲ ਵਿਚ ਅਸੀਂ ਇਕ ਦੂਜੇ ਨੂੰ ਪੁੱਛਣਾ ਕਿ ਤੂੰ ਵਰਤ ਰੱਖਿਆ ਹੈ ਜਾਂ ਨਹੀਂ। ਸਾਰੇ ਘਰਾਂ ਦਾ ਇਕ ਹੀ ਉੱਖਲ ਸੀ ਜਿਸ ਨਾਲ ਤਿਲਾਂ ਦੀ ਕੁੱਲਰ ਕੁੱਟੀ ਜਾਂਦੀ ਸੀ। ਵਰਤ ਤੋਂ ਦੂਜੇ ਦਿਨ ਕੁੱਲਰ ਇਕ ਦੂਜੇ ਘਰ ਦਿੱਤੀ ਜਾਂਦੀ ਸੀ।

* ਕਰਵਾ ਚੌਥ ਦਾ ਵਰਤ:- ਇਸ ਵਰਤ ਬਾਰੇ ਪਿੰਡਾਂ ਵਿਚ ਕਿਸੇ ਨੂੰ ਵੀ ਪਤਾ ਨਹੀਂ ਸੀ। ਪੰਡਤਾਂ ਦਾ ਜੋ ਘਰ ਸੀ ਉਹ ਭਾਵੇਂ ਵਰਤ ਰੱਖਦੇ ਹੋਣਗੇ। ਸਮਾਂ ਬਦਲਣ ਦੇ ਨਾਲ ਹੁਣ ਨਵੀਆਂ ਨੂੰਹਾਂ ਨੇ ਇਹ ਵਰਤ ਰੱਖਣਾ ਸ਼ੁਰੂ ਕਰ ਦਿੱਤਾ ਹੈ। ਸ਼ਰਧਾ ਆਪੋ ਆਪਣੀ ਹੈ।

* **ਲੋਹੜੀ:-** ਛੋਟੇ ਲੜਕੇ ਪਿੰਡ ਵਿਚ ਦੋ ਹਫ਼ਤੇ ਪਹਿਲਾਂ ਹੀ ਲੋਹੜੀ ਮੰਗਣੀ ਸ਼ੁਰੂ ਕਰ ਦਿੰਦੇ ਸਨ। ਘਰਦਿਆਂ ਦੇ ਮਨਾਹੀ ਕਰਨ ਦੇ ਬਾਵਜੂਦ ਬੱਚੇ ਲੋਹੜੀ ਜ਼ਰੂਰ ਮੰਗਦੇ ਸਨ। ਬੱਚਿਆਂ ਨੂੰ ਸਿਰਫ਼ ਘੁੰਮਣ ਦਾ ਸ਼ੌਕ ਸੀ, ਜੋ ਖਾਸ ਗੱਲ ਹੈ ਲੋਹੜੀ ਵਾਲੇ ਦਿਨ ਬਾਬਾ ਪੂਰਨ ਦਾਸ ਦੇ ਸਥਾਨ 'ਤੇ ਬਹੁਤ ਵੱਡਾ ਧੂਣਾ ਲਗਾਇਆ ਜਾਂਦਾ ਸੀ। ਅਸੀਂ ਕੋਈ ਨਾ ਕੋਈ ਪੁਰਾਣਾ ਮੁੱਢ ਪੱਟ ਕੇ ਜ਼ਰੂਰ ਲੈ ਕੇ ਆਉਂਦੇ ਸੀ। ਸਾਰੇ ਘਰਾਂ ਵਿਚੋਂ ਪਾਥੀਆਂ ਇਕੱਠੀਆਂ ਕਰਨੀਆਂ। ਲੋਹੜੀ ਮੰਗਣ ਤੋਂ ਮਗਰੋਂ ਧੂਣੀ ਵਿਚ ਮੂੰਗਫਲੀ ਤੇ ਰੇੜੀਆਂ ਸੁੱਟੀਆਂ ਜਾਂਦੀਆਂ ਸਨ। ਪਿੰਡ ਦੇ ਦੂਜੇ ਪਾਸੇ ਵੀ ਗੁਰਦੁਆਰਾ ਸਾਹਿਬ ਵਿਖੇ ਧੂਣਾ ਬਾਲ਼ਿਆ ਜਾਂਦਾ ਸੀ। ਹੁਣ ਲਾਗਲੇ ਪਿੰਡਾਂ ਦੇ ਨਿਆਣੇ ਇੱਕ ਦੂਜੇ ਪਿੰਡ ਲੋਹੜੀ ਮੰਗਦੇ ਹਨ।

* **ਜਠੇਰਿਆਂ ਦਾ ਧੂਫ:-** ਲੜਕੇ ਦੇ ਜੰਜ ਚੜ੍ਹਨ ਸਮੇਂ ਜਠੇਰਿਆ ਦਾ ਧੂਫ ਪਾਇਆ ਜਾਂਦਾ ਹੈ। ਵਿਆਹ ਤੋਂ ਦੂਜੇ ਦਿਨ ਵੀ ਕਣਕ ਦਾ ਆਟਾ ਦੇਸੀ ਘਿਓ ਵਿਚ ਭੁੰਨ ਕੇ ਖੰਡ ਜਾਂ ਸ਼ੱਕਰ ਰਲਾ ਕੇ ਦੇਸੀ ਘਿਓ ਦਾ ਧੂਫ ਜਠੇਰਿਆਂ ਦੇ ਨਾਮ 'ਤੇ ਪਾਇਆ ਜਾਂਦਾ ਹੈ। ਕਈ ਵਾਰ ਤੀਵੀਆਂ ਭੁੰਨਿਆ ਆਟਾ ਆਪਣੇ ਕਿਸੇ ਜੇਠ ਜਾਂ ਦਿਓਰ 'ਤੇ ਸੁੱਟ ਦਿੰਦੀਆਂ ਸਨ, ਜਿਸ ਨਾਲ ਕਾਫੀ ਹਾਸਾ ਮਜ਼ਾਕ ਹੁੰਦਾ ਹੈ।

* ਘਰਾਂ ਵਿਚ ਮੱਝ-ਗਾਂ ਦੇ ਸੂਣ 'ਤੇ ਵੀ ਜਠੇਰਿਆਂ ਦਾ ਧੂਫ ਪਾਇਆ ਜਾਂਦਾ ਹੈ। ਘਿਓ ਨੂੰ ਜਠੇਰਨ ਵੇਲੇ ਵੀ ਧੂਫ ਪਾਇਆ ਜਾਂਦਾ ਹੈ।

* ਘਰ ਵਿਚ ਨੂੰਹ ਜਾਂ ਧੀ ਦੇ ਬੱਚਾ-ਬੱਚੀ ਹੋਣ 'ਤੇ ਵੀ ਧੂਫ ਪਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਅੱਜ ਬਹੂ ਨੂੰ ਬਾਹਰ ਵਧਾਇਆ ਹੈ। ਹਰ ਪਰਿਵਾਰ, ਸਮਾਜ ਆਪੋ-ਆਪਣੇ ਢੰਗ ਨਾਲ ਇਹ ਰਸਮਾਂ ਕਰਦਾ ਹੈ। ਇਹ ਸਾਰੀਆਂ ਚੀਜ਼ਾਂ ਲੋਕ ਵਿਸ਼ਵਾਸ ਵਿਚ ਆ ਜਾਂਦੀਆਂ ਹਨ।

* ਦੀਵਾਲੀ ਤੋਂ ਪਹਿਲਾਂ ਕੱਚੇ ਘਰਾਂ ਵਿਚ ਗੋਲੂ ਫੇਰਿਆ ਜਾਂਦਾ ਸੀ। ਮਕਾਨਾਂ ਨੂੰ ਚੰਗੀ ਤਰ੍ਹਾਂ ਲਿਪਿਆ ਜਾਂਦਾ ਸੀ। ਕੱਚੇ ਮਕਾਨ ਪੱਕੇ ਮਕਾਨਾਂ ਤੋਂ ਵਾਧੂ ਸੰਵਾਰੇ ਜਾਂਦੇ ਸਨ। ਦੀਵਾਲੀ ਵਾਲੇ ਦਿਨ ਸ਼ਾਮ ਵੇਲੇ ਇਕ ਇਕ ਦੀਵਾ ਖੂਹ 'ਤੇ ਸਿੱਧ ਚਾਨੋ ਦੇ ਥੜ੍ਹੇ 'ਤੇ, ਗੁਰਦੁਆਰਾ ਸਾਹਿਬ, ਬਾਬਾ ਰਾਮ ਸਰਨ ਤੇ ਸ਼ਮਸ਼ਾਨਘਾਟ 'ਤੇ ਬਾਲ਼ ਕੇ ਰੱਖਿਆ ਜਾਂਦਾ ਸੀ। ਥਾਲ ਵਿਚ ਪੰਜ ਦੀਵੇ ਬਾਲ਼ ਕੇ ਵਿਚ ਪ੍ਰਸਾਦ ਰੱਖ ਕੇ ਅਰਦਾਸ ਕੀਤੀ ਜਾਂਦੀ ਹੈ। ਫਿਰ ਕੋਠੇ ਦੇ ਬਨ੍ਹੇਰਿਆਂ 'ਤੇ ਦੀਵੇ ਬਾਲੇ ਜਾਂਦੇ ਸਨ। ਕਦੇ-ਕਦੇ ਇਨ੍ਹਾਂ ਨਾਲ ਪਿੰਡ ਵਿਚ ਅੱਗ ਵੀ ਲੱਗ ਜਾਂਦੀ ਸੀ। ਜਦੋਂ ਆਤਿਸ਼ਬਾਜ਼ੀ ਜਾਂ ਪਟਾਕਾ ਕਿਸੇ ਦੇ ਕਬੜ ਦੇ ਦੰਦੇ ਜਾਂ ਛੰਨ ਛੱਪਰ 'ਤੇ ਡਿੱਗ ਜਾਂਦਾ ਤਾਂ ਅਜਿਹਾ ਹੁੰਦਾ ਸੀ। ਆਮ ਕਰਕੇ ਪਟਾਕੇ ਖੂਹ ਦੇ ਕੋਲ ਖਾਲੀ ਪਲਾਟਾਂ ਵਿਚ ਚਲਾਏ ਜਾਂਦੇ ਸਨ। ਉਸ ਸਮੇਂ ਆਬਾਦੀ ਘੱਟ ਸੀ।

* **ਹੱਟੀ:-** ਪਿੰਡ ਤਾਂ ਛੋਟਾ ਜਿਹਾ ਹੈ। ਇਥੇ ਸਭ ਤੋਂ ਪਹਿਲਾਂ ਭਗਤ ਸਿੰਘ ਨੇ ਹੱਟੀ ਪਾਈ ਸੀ। ਇਨ੍ਹਾਂ ਤੋਂ ਮਗਰੋਂ ਪੰਡਤ ਚੂੰਨੀ ਲਾਲ ਨੇ ਬਾਹਰੋਂ ਆ ਕੇ ਹੱਟੀ ਪਾਈ ਸੀ। ਫਿਰ ਇੱਕਾ-ਦੁੱਕਾ ਕਈਆਂ ਨੇ ਹੱਟੀਆਂ ਪਾਈਆਂ ਪਰ ਬੰਦ ਹੋ ਗਈਆਂ। ਸੂਬੇਦਾਰ

ਦਿਲਬਾਗ ਸਿੰਘ ਨੇ ਜੂਨ 1984 ਵਿਚ ਹੱਟੀ ਪਾਈ ਜੋ ਨਿਰੰਤਰ ਚੱਲ ਰਹੀ ਹੈ।

* **ਭੱਠੀ:-** 1947 ਤੋਂ ਪਹਿਲਾਂ ਪਿੰਡ ਵਿਚ ਕੋਈ ਭੱਠੀ ਨਹੀਂ ਸੀ। 1965-66 ਦੇ ਕਰੀਬ ਪਿੰਡ ਹੁਸੈਨਪੁਰ ਦੇ ਨਸੀਬ ਸਿੰਘ, ਬੰਤਾ ਸਿੰਘ ਤੇ ਮਾਈ ਬੰਤੀ ਇਹ ਹੀ ਇੱਥੇ ਭੱਠੀ ਲਗਾਉਂਦੇ ਸਨ। ਪਿੰਡ ਸਾਹਰੀ ਤੋਂ ਤੇਲੂ ਦਾ ਤਾਇਆ ਭਗਤੂ ਉਹ ਕਾਫੀ ਸਮਾਂ ਦਾਣੇ ਭੁੰਨਦਾ ਰਿਹਾ। ਇਹ ਭੱਠੀ ਉਜਾਗਰ ਸਿੰਘ ਦੇ ਪਛਾੜੀ ਤੇ ਸੰਤਾ ਸਿੰਘ ਪਨਾਹਗੀਰ ਦੇ ਘਰ ਦੇ ਨਾਲ ਹੀ ਲਗਦੀ ਸੀ। ਇਸ ਨੂੰ ਬੁੱਢਾ ਵਿਹੜਾ ਕਿਹਾ ਜਾਂਦਾ ਸੀ। ਭੱਠੀ ਵਾਲਾ ਥਾਂ ਬੰਤਾ ਸਿੰਘ ਦਾ ਸੀ ਜੋ ਉਸ ਨੇ ਉਜਾਗਰ ਸਿੰਘ ਦੇ ਪਰਿਵਾਰ ਨੂੰ ਵੇਚ ਦਿੱਤਾ ਹੈ। ਸਾਹਰੀ ਪਿੰਡ ਵਿਚ ਭੋਲੀ ਦੀ ਭੱਠੀ ਮਸ਼ਹੂਰ ਸੀ। ਅੱਜਕਲ ਪਿੰਡਾਂ ਦੇ ਝਿਊਰ ਪਰਿਵਾਰ ਇਹ ਕੰਮ ਨਹੀਂ ਕਰਦੇ ਹਨ। ਹੁਣ ਅਸੀਂ ਬਜ਼ਾਰਾਂ ਵਿਚੋਂ ਦਾਣੇ ਮੁੱਲ ਲੈ ਕੇ ਚੱਬਦੇ ਹਾਂ। ਯੂ.ਪੀ. ਬਿਹਾਰ ਦੇ ਆਦਮੀ ਇਹ ਕੰਮ ਕਰਦੇ ਹਨ।

ਪਿੰਡ ਦੇ ਖੇਤਾਂ ਦੇ ਹਾਰਾਂ ਦੇ ਨਾਮ

ਕਾਹਰੀ ਵਾਲੇ ਪਾਸੇ ਸਾਹਰੀ ਵਾਲੇ ਮਹੰਤਾਂ ਦੀ ਜ਼ਮੀਨ ਸੀ, ਜਿਸ ਨੂੰ ਐਮਾ ਕਿਹਾ ਜਾਂਦਾ ਹੈ। ਸ. ਸ਼ੰਕਰ ਸਿੰਘ ਤੇ ਸੋਹਨ ਸਿੰਘ ਨੇ ਕਈ ਵਾਰ ਇਹ ਜ਼ਮੀਨ ਮਾਮਲੇ 'ਤੇ ਲਈ ਸੀ।

ਇਸ ਹੀ ਤਰ੍ਹਾਂ ਸਾਹਰੀ ਵਾਲੇ ਪਾਸੇ ਬਾਬਾ ਰਾਮ ਸਰਨ ਦੇ ਕੋਲ ਮੇਹਰ ਸਿੰਘ ਦੇ ਖੂਹ 'ਤੇ ਜਾਂ ਨੰਜ ਦੇ ਖੂਹ 'ਤੇ ਕੰਮ ਕਰਦਿਆਂ ਦਾ ਵੇਰਵਾ ਦਿੱਤਾ ਜਾਂਦਾ ਸੀ।

ਪਿੰਡ ਤੋਂ ਨਸਰਾਲੇ ਨੂੰ ਜਾਂਦੇ ਹਾਂ ਤਾਂ ਸਭ ਤੋਂ ਪਹਿਲਾਂ ਖੁਆਨੇ ਕਿਹਾ ਜਾਂਦਾ ਸੀ। ਲਸੂੜੀ ਕੋਲ ਕੱਚੀ ਫਿਰਨੀ ਸੀ ਟੋਏ ਪਏ ਹੁੰਦੇ ਸਨ। ਚੋਈ ਉੱਪਰ ਜਾਂ ਕੁਝ ਪਰਿਵਾਰਾਂ ਦਾ ਨਾਮ ਚੱਲਦਾ ਸੀ ਜਿਵੇਂ ਗੰਗੀ ਦਿਆਂ ਦੇ, ਤੇਜੋਂ ਦਿਆਂ ਦੇ, ਬਾਹਰਲਿਆਂ ਦੇ ਖੇਤਾਂ ਵਿਚ ਕਣਕ ਵੱਢਦੇ ਹਨ।

ਇਸ ਹੀ ਤਰ੍ਹਾਂ ਅਗਲੀਅਲ ਦੇ ਖੂਹ ਤੇ ਡਿੰਗਾਂ ਕਿਆਰੀਆਂ ਤੂਤਾਂ ਵਾਲੇ ਖੇਤ, ਪੰਚਾਇਤ ਰਕਵਾ ਆਦਿ। ਇਹ ਸ਼ਬਦ ਜਦੋਂ ਬਜ਼ੁਰਗ ਗੱਲਾਂ ਕਰਦੇ ਹੁੰਦੇ ਸਨ ਕਿ ਅੱਜ ਇਥੇ ਕੰਮ ਕਰਨਾ ਹੈ।

* **ਪਿੰਡ ਦਾ ਡਾਕੀਆ:-** 1947 ਤੋਂ ਪਹਿਲਾਂ ਪਿੰਡ ਦਾ ਡਾਕੀਆ ਅਜੜਾਮ ਪਿੰਡ ਦਾ ਸੀ। ਉਹ ਚਾਰ ਪਿੰਡਾਂ ਦਾ ਡਾਕੀਆ ਸੀ। ਉਸ ਸਮੇਂ ਡਾਕੀਏ ਨੂੰ ਚਿੱਠੀ ਰਸੈਣ ਆਖਦੇ ਸਨ। ਪੁਰਾਣੇ ਬਜ਼ੁਰਗ ਹੁਣ ਵੀ ਪੁੱਛਦੇ ਸਨ। ਕਾਕਾ! ਚਿੱਠੀ ਰਸੈਣ ਆਇਆ ਹੈ ਕਿ ਨਹੀਂ ? ਪਿੰਡ ਵਿਚ ਚਿੱਠੀਆਂ ਸਿਰਫ਼ ਤੇ ਸਿਰਫ਼ ਉਨ੍ਹਾਂ ਘਰਾਂ ਦੀਆਂ ਆਉਂਦੀਆਂ ਸਨ ਜੋ ਅੰਗਰੇਜ਼ ਸਰਕਾਰ ਵੇਲੇ ਫੌਜ਼ ਵਿਚ ਭਰਤੀ ਸਨ। ਇਸ ਤੋਂ ਮਗਰੋਂ ਪਿੰਡ ਸਾਹਰੀ ਦਾ ਟਹਿਲ ਸਿੰਘ ਜੱਟ ਦਾ ਭਰਾ ਸੀ, ਜਿਸ ਨੂੰ ਮਾਸਟਰ ਆਖਦੇ ਸਨ। ਫਿਰ ਜਗਤ ਸਿੰਘ ਸੀ ਸਭ ਤੋਂ ਜ਼ਿਆਦਾ ਸਮਾਂ ਡਾਕ ਦਾ ਕੰਮ ਕਰਨ ਵਾਲਾ ਚੰਨਣ ਸਿੰਘ ਹੀਰਾ ਸੀ (ਸਾਹਰੀ), ਜੋ ਸਾਬਕਾ ਫੌਜੀ ਸੀ ਉਹ ਪਿੰਡ ਸਾਹਰੀ, ਗਗਨੌਲੀ, ਰਾਮੂ ਥਿਆੜਾ ਤੇ ਹੁਸੈਨਪੁਰ ਦਾ ਡਾਕੀਆ ਸੀ। ਉਹ ਆਮ ਕਰਕੇ ਅਵੈਰੇ ਹੋਏ ਆਉਂਦਾ ਸੀ। ਉਹ ਕੱਪੜਾ ਬੁਨਣ ਦਾ ਕੰਮ ਕਰਦਾ ਸੀ। ਉਸ ਦਾ ਸੁਭਾਅ ਜ਼ਿਆਦਾ ਗਾਲੜੀ ਸੀ ਜੇ ਕਿਤੇ ਗੱਲਬਾਤ ਕਰਨ ਬੈਠ ਗਿਆ ਤਾਂ ਬਹੁਤ ਸਮਾਂ ਲੰਘ ਜਾਂਦਾ ਸੀ। ਕਈ ਵਾਰ ਸ਼ਾਮ ਦੀ ਡਾਕ ਦੂਜੇ ਦਿਨ ਸਵੇਰ ਨੂੰ ਲੈ ਕੇ ਆਉਂਦਾ ਸੀ। ਆਪਣੀ ਰੋਜ਼ ਮਰਾ ਡਾਇਰੀ ਤੇ ਉਹ ਮੇਰੇ ਦਸਤਖ਼ਤ ਕਰਵਾਉਂਦਾ ਸੀ। ਸਾਡੇ ਘਰਾਂ ਦੇ ਮਨੀਆਰਡਰ ਉਹ ਸਾਡੀ

ਹਵੇਲੀ ਹੀ ਦਿੰਦਾ ਸੀ ਜੇ ਕੋਈ ਅਫ਼ਸਰ ਉਸ ਨੂੰ ਚੈਕ ਕਰਨ ਆਉਂਦਾ ਤਾਂ ਮੇਰੇ ਪਾਸੋਂ ਪੁੱਛਦੇ ਸਨ ਕਿ ਰੋਜ਼ ਪਿੰਡ ਆਉਂਦਾ ਹੈ ਜਾ ਨਹੀਂ? ਮਨੀ ਆਰਡਰ ਠੀਕ ਵੰਡਦਾ ਹੈ। ਉਹ ਵੀ ਗਵਾਹੀ ਦੇ ਤੌਰ 'ਤੇ ਮੇਰੇ ਦਸਤਖ਼ਤ ਕਰਵਾਉਂਦਾ ਸੀ। ਚੰਨਣ ਸਿੰਘ ਤੋਂ ਮਗਰੋਂ ਉਸ ਦਾ ਲੜਕਾ ਬਲਵੀਰ ਸਿੰਘ ਜੋ ਅੱਜਕੱਲ੍ਹ ਪਟਵਾਰੀ ਹੈ ਫਿਰ ਉਸ ਦਾ ਪੋਤਾ ਸੁਖਵਿੰਦਰ ਸਿੰਘ ਹੀਰਾ ਇਸ ਸਮੇਂ ਪਰਮਜੀਤ ਸਿੰਘ ਸਪੁੱਤਰ ਤਰਸੇਮ ਸਿੰਘ ਪਿੰਡ ਸਾਹਰੀ ਹੈ।

* **ਆਟਾ ਚੱਕੀ:–** ਦੇਸ਼ ਦੀ ਵੰਡ ਤੋਂ ਪਹਿਲਾਂ ਪਿੰਡ ਦੇ ਤਰਖਾਣਾਂ ਦਾ ਖਰਾਸ ਸੀ। ਖਰਾਸ ਤਾਂ ਮੈਂ ਵੀ ਦੇਖਿਆ ਹੈ। ਪਰ ਚੱਲਦਾ ਘੱਟ ਸੀ। ਉਸ ਸਮੇਂ ਘਰਾਂ ਦੀਆਂ ਮਾਤਾਵਾਂ ਆਟਾ ਆਪਣੀ ਚੱਕ ਦਾ ਪੀਸ ਕੇ ਰੋਟੀ ਪਕਾਉਂਦੀਆਂ ਸਨ। ਫਿਰ ਆਟਾ ਚੱਕੀਆਂ, ਪਿੰਡ ਪਿਆਲਾਂ, ਨਸਰਾਲੇ ਤੇ ਫਿਰ ਸਾਹਰੀ ਲੱਗ ਗਈਆਂ ਸਨ। ਸਾਡੇ ਪਿੰਡ ਵਿਚ ਆਟਾ ਚੱਕੀ 1978-79 ਦੇ ਵਿਚ ਲੱਗੀ ਹੈ ਜੋ ਪਿੰਡ ਗਗਨੌਲੀ ਤੇ ਹੁਸੈਨਪੁਰ ਦੇ ਵਿਚਕਾਰ ਹੈ। ਬਾਖੂਬੀ ਚੱਲ ਰਹੀ ਹੈ।

* **ਮਨੋਰੰਜਨ ਦੇ ਸਾਧਨ:–** ਉਸ ਸਮੇਂ ਪਿੰਡਾਂ ਵਿਚ ਮਨੋਰੰਜਨ ਦੇ ਸਾਧਨ ਖਾਸ ਕਰਕੇ, ਰਾਸ ਡਰਾਮਾ, ਨਕਲਾਂ ਤੇ ਭੰਡਾਂ ਦਾ ਵਿਆਹ-ਸ਼ਾਦੀਆਂ ਵਿਚ ਹਾਸਾ ਮਜ਼ਾਕ ਕਰਨਾ ਸੀ। ਪਿੰਡ ਵਿਚ ਰਾਸ-ਡਰਾਮਾ ਮਹਿੰਦਰ ਸਿੰਘ ਸਰਪੰਚ ਦੀ ਹਵੇਲੀ ਵਿਚ ਹੋਇਆ ਸੀ, ਜਿਸ ਵਿਚ ਡਰਾਮਾ ਰਾਜਾ ਮਾਨ ਧਾਤਾ ਦਾ ਵਿਖਾਇਆ ਗਿਆ ਸੀ। ਇਸ ਡਰਾਮੇ ਵਿਚ ਖਾਸ ਰੋਲ ਨਰਿੰਦਰ ਸਿੰਘ ਪਿੰਡ ਚਲੁੱਪਰ ਦਾ ਸੀ, ਜਿਸ ਦੀ ਵਧੀਆ ਆਵਾਜ਼ ਸੀ। ਇਕ ਵਾਰ ਬਰਸਾਤਾਂ ਦੇ ਦਿਨਾਂ ਵਿਚ ਇਕ ਰਾਸ ਮੰਡਲੀ ਬਿੰਦਰਾਬਨ ਤੋਂ ਆਈ ਜੋ ਤਕਰੀਬਨ ਇਕ ਹਫਤਾ ਇਥੇ ਰਹੀ। ਉਹ ਰਾਤ ਨੂੰ ਆਪਣਾ ਪ੍ਰੋਗਰਾਮ ਬਚਨ ਸਿੰਘ ਰਾਣਾ ਦੀ ਹਵੇਲੀ ਵਿਚ ਕਰਦੇ ਸਨ।

* ਬਾਜ਼ੀਗਰ:– ਪਿੰਡ ਵਿਚ ਬਾਜ਼ੀਗਰਾਂ ਦੀਆਂ ਛੰਨਾਂ ਵੀ ਸਨ। ਪਹਿਲਾਂ ਉਹ ਮਹਿੰਦਰ ਸਿੰਘ ਦੀ ਹਵੇਲੀ ਵਿਚ ਰਹਿੰਦੇ ਸਨ। ਉਹ ਸਿਰਕੀਆ ਬੰਨ੍ਹਣ ਦਾ ਕੰਮ ਕਰਦੇ ਸਨ। ਬੱਕਰੀਆਂ ਵੀ ਰੱਖਦੇ ਸਨ। ਫਿਰ ਉਹ ਛੱਪੜ ਦੇ ਕੋਲ ਚਲੇ ਗਏ ਜਿੱਥੇ ਉਹ ਆਪਣੀਆਂ ਛੰਨਾਂ ਬਣਾ ਕੇ ਰਹਿੰਦੇ ਸਨ। ਬਰਸਾਤਾਂ ਦੇ ਦਿਨਾਂ ਵਿਚ ਉਹ ਬਾਜ਼ੀ ਪਾਉਂਦੇ ਸਨ। ਇਹ ਬਾਜ਼ੀ ਸਾਈਂ ਤੇ ਭਾਗੇ ਦੀ ਹਵੇਲੀ ਦੇ ਖੁੱਲ੍ਹੇ ਥਾਂ ਵਿਚ ਪਾਈ ਜਾਂਦੀ ਸੀ। ਇਸ ਦੇ ਮੋਹਰੇ ਵੀ ਕਾਫੀ ਥਾਂ ਖੁੱਲ੍ਹਾ ਸੀ। ਬਾਜ਼ੀਗਰ ਉੱਚੀ ਛਾਲ ਮਾਰਦੇ ਸਨ ਤੇ ਕਈ ਹੋਰ ਕਰਤਵ ਕਰਦੇ ਸਨ। ਸਾਰਾ ਪਿੰਡ ਦਾਣੇ, ਕੱਪੜੇ ਤੇ ਪੈਸੇ ਦਿੰਦਾ ਸੀ। ਇਹ ਬਾਜ਼ੀਗਰ ਤਿੰਨ ਭਰਾ ਸਨ। ਸ਼ਾਮਾ, ਭਾਨਾ ਤੇ ਦੀਵਾਨਾ। ਹੁਣ ਉਹ ਸੁੰਦਰ ਨਗਰ ਹੁਸ਼ਿਆਰਪੁਰ ਰਹਿੰਦੇ ਹਨ। ਚੋਣਾਂ ਦੇ ਦਿਨਾਂ ਵਿਚ ਕੁਝ ਮੁਹੱਲਿਆਂ ਦਾ ਸਰਵੇ ਕੀਤਾ ਕਿ ਸਰਕਾਰ ਅਕਾਲੀ-ਭਾਜਪਾ ਦੀ ਬਣੇਗੀ ਜਾਂ ਕਾਂਗਰਸ ਦੀ। ਇਸ ਸਬੰਧੀ ਜਦੋਂ ਉਨ੍ਹਾਂ ਦੇ ਘਰਾਂ ਵਿਚ ਗਏ ਤਾਂ ਮੈਂ ਪੁੱਛਿਆ ਤੁਸੀਂ ਕੀ ਕਰਦੇ ਹੋ? ਉਨ੍ਹਾਂ ਦੇ ਘਰਾਂ ਵਿਚ ਬੱਕਰੀਆਂ ਬੱਝੀਆਂ ਹੋਈਆਂ ਸਨ। ਮੈਂ ਉਨ੍ਹਾਂ ਦੇ ਵਡਾਰੂਆਂ ਦਾ ਨਾਮ ਲਿਆ। ਉਨ੍ਹਾਂ ਕਿਹਾ ਅਸੀਂ ਉਨ੍ਹਾਂ ਦਾ ਹੀ ਪਰਿਵਾਰ ਹਾਂ। ਅੱਜ ਸਾਡੇ ਬੱਚੇ ਪੜ੍ਹ ਗਏ ਹਨ। ਨੌਕਰੀਆਂ ਕਰਦੇ ਹਨ। ਉਨ੍ਹਾਂ ਦੀਆਂ ਜਨਾਨੀਆਂ ਹਾੜੀ ਸਾਉਣੀ ਪਿੰਡ ਆਉਂਦੀਆਂ ਹਨ। ਉਨ੍ਹਾਂ ਨੇ ਪਿੰਡ ਵੰਡੇ ਹੋਏ ਹਨ। ਇਕ ਬਾਜ਼ੀਗਰਨੀ ਕਿੱਲੀ ਸੀ, ਜੋ ਕਦੇ-ਕਦੇ ਸਾਡੇ ਘਰ ਰਾਤ ਰਹਿੰਦੀ ਸੀ। ਕਣਕਾਂ ਦੀ ਕਟਾਈ ਵੇਲੇ ਵੀ ਇਹ ਘਰਾਂ ਵਿਚ ਆਉਂਦੀਆਂ ਸਨ ਤੇ ਖੇਤਾਂ ਵਿਚ ਆ ਕੇ ਕਣਕ ਦੇ ਸੱਥਰ ਲੈਂਦੀਆਂ ਸਨ।

ਇਨ੍ਹਾਂ ਗੱਲਾਂ ਦੇ ਨਾਲ ਪਿੰਡ ਦਾ ਇਕੱਠ ਰਹਿੰਦਾ ਸੀ, ਜੋ ਕੋਈ ਬਾਹਰੋਂ ਆ ਕੇ ਕੋਈ ਪ੍ਰੋਗਰਾਮ ਕਰਨ ਨੂੰ ਆਖਦਾ ਤਾਂ ਸਾਰੇ ਸਲਾਹ ਕਰਕੇ ਉਸ ਨੂੰ ਦੱਸ ਦਿੰਦੇ ਸਨ।

* **ਸਕੂਲ:-** ਪਿੰਡ ਗਗਨੌਲੀ ਦਾ ਇਕ ਸਰਕਾਰੀ ਐਲੀਮੈਂਟਰੀ ਸਕੂਲ ਹੈ ਜੋ 1970 ਈ: ਤੋਂ ਚੱਲਦਾ ਆ ਰਿਹਾ ਹੈ। ਪਹਿਲਾਂ ਇਹ ਸਕੂਲ ਸ. ਸੇਵਾ ਸਿੰਘ ਦੇ ਘਰ ਵਿਚ ਚੱਲਦਾ ਰਿਹਾ, ਜਿਸ ਵਿੱਚ ਲਾਗਲੇ ਪਿੰਡ ਰਾਮੂ ਥਿਆੜਾ ਤੇ ਹੁਸੈਨਪੁਰ ਦੇ ਬੱਚੇ ਵੀ ਪੜ੍ਹਨ ਆਉਂਦੇ ਸਨ। ਫਿਰ ਇਹ ਸਕੂਲ ਸ. ਮਹਿੰਦਰ ਸਿੰਘ ਸਰਪੰਚ ਦੀ ਹਵੇਲੀ ਚੱਲਦਾ ਰਿਹਾ। ਫਿਰ ਜਦੋਂ ਸਰਕਾਰ ਦੁਆਰਾ ਸਕੂਲ ਦੀ ਬਿਲਡਿੰਗ ਬਣਾ ਦਿੱਤੀ ਗਈ ਤਾਂ ਫਿਰ ਸਕੂਲ ਦੇ ਬੱਚੇ ਇਸ ਵਿਚ ਪੜ੍ਹਨ ਲੱਗੇ। ਇਸ ਸਕੂਲ ਦਾ ਪਹਿਲਾ ਇੰਚਾਰਜ ਓਮ ਪ੍ਰਕਾਸ਼ ਸੀ ਜੋ ਸਾਹਰੀ ਪਿੰਡ ਤੋਂ ਆਉਂਦਾ ਸੀ ਤੇ ਇਸ ਸਕੂਲ ਤੋਂ ਹੀ ਸੇਵਾ ਮੁਕਤ ਹੋਇਆ ਹੈ। ਇਸ ਦੇ ਨਾਲ ਹੀ ਪਿੰਡ ਹੁਸੈਨਪੁਰ ਦਾ ਸਰਕਾਰੀ ਐਲੀਮੈਂਟਰੀ ਸਕੂਲ ਹੈ ਇਸ ਵਿਚ ਵੀ ਦੋ ਅਧਿਆਪਕ ਹਨ। ਦੋਹਾਂ ਸਕੂਲਾਂ ਦੀ ਬਿਲਡਿੰਗ ਵੀ ਇਕੱਠੀ ਹੈ। ਦੋਹਾਂ ਸਕੂਲਾਂ ਦੀ ਚਾਰਦੀਵਾਰੀ ਕਰਕੇ ਦੋ ਗੇਟ ਲਗਾ ਦਿੱਤੇ ਗਏ ਹਨ।

ਕਿੰਨਾ ਚੰਗਾ ਹੋਵੇ ਜੇਕਰ ਮੰਤਰੀ ਅਤੇ ਵਿਧਾਇਕ ਆਪਣੇ ਅਖ਼ਤਿਆਰੀ ਫੰਡ ਦੀ ਵਰਤੋਂ ਨੂੰ ਆਪਣੇ ਉਦਘਾਟਨੀ ਪੱਥਰਾਂ ਦੀ ਪਛਾਣ ਬਨਾਉਣ ਦੀ ਥਾਂ ਲੋਕਾਂ ਦੀ ਲੋੜ ਅਤੇ ਬੁਨਿਆਦੀ ਸਹੂਲਤਾਂ ਨੂੰ ਮੁੱਖ ਰੱਖ ਕੇ ਗਰਾਟਾਂ ਦੇਣ। ਸੋਚ ਸਮਝ ਕੇ ਇਸ ਦਾ ਦਰਜਾ ਜ਼ਰੂਰ ਪ੍ਰਾਇਮਰੀ ਤੋਂ ਮਿਡਲ ਹੋ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪਿੰਡ ਵਿਚ ਇਕ ਬਾਲਵਾੜੀ ਸਕੂਲ ਵੀ ਹੈ।

* **ਗਰਾਊਂਡ:-** ਪਿੰਡ ਵਿਚ ਜਦੋਂ 1955 ਈ: ਵਿਚ ਮੁਰੱਬੇਬੰਦੀ ਹੋਈ ਤਾਂ ਉਸ ਸਮੇਂ ਪਿੰਡ ਦੇ ਚੜ੍ਹਦੇ ਪਾਸੇ ਬੱਚਿਆਂ ਦੇ ਖੇਡਣ ਵਾਸਤੇ ਗਰਾਊਂਡ ਦਾ ਥਾਂ ਵੀ ਛੱਡਿਆ ਗਿਆ ਹੈ। ਇਸ ਗਰਾਊਂਡ ਵਿਚ 1970 ਤੇ 2000 ਵਿਚ ਕਬੱਡੀ, ਫੁੱਟਬਾਲ ਤੇ ਦੌੜਾਂ ਹੋਈਆਂ ਸਨ। ਇਹ ਖੇਡ ਮੇਲੇ ਖਾਸ ਕਰਕੇ ਵਿਸਾਖੀ ਦੇ ਦਿਨ ਤੇ ਹੁੰਦੇ ਸਨ। ਇਸ ਦੇ ਨਾਲ ਹੀ ਬੈਲ ਗੱਡੀਆਂ ਦੀਆਂ ਦੌੜਾਂ ਵੀ ਹੁੰਦੀਆਂ ਸਨ। ਪਿੰਡ ਵਿਚ ਥਿਆੜਾ ਗੋਤ ਦਾ ਵਿਸਾਖੀ 'ਤੇ ਮੇਲਾ ਲੱਗਦਾ ਹੈ। ਥਿਆੜਾ ਗੋਤ ਦਾ ਜਠੇਰਿਆਂ ਦਾ ਸਥਾਨ ਵੀ ਇਸ ਪਿੰਡ ਵਿਚ ਬਣਿਆ ਹੋਇਆ ਹੈ। ਪਹਿਲਾਂ ਪਹਿਲ ਕਣਕਾਂ ਦੇ ਸੀਜਨ ਤੇ ਇਥੇ ਕਣਕਾਂ ਦੀ ਗਹਾਈ ਫਲਿਆਂ ਨਾਲ ਕੀਤੀ ਜਾਂਦੀ ਸੀ। ਮੱਕੀ ਦੇ ਸੀਜਨ ਤੇ ਆਮ ਕਰਕੇ ਛੱਲੀਆਂ ਦੇ ਮਹਾਰੇ ਲਗਾਏ ਜਾਂਦੇ ਸਨ। ਛੋਟੇ ਬੱਚੇ ਆਮ ਕਰਕੇ ਪ੍ਰਾਇਮਰੀ ਸਕੂਲ ਵਿਚ ਹੀ ਖੇਡਣ ਲਈ ਆਉਂਦੇ ਹਨ।

* **ਆਉਣ ਜਾਣ ਦੇ ਸਾਧਨ:-** ਪਿੰਡ ਵਾਸੀਆਂ ਦੀ ਸਹੂਲਤ ਲਈ ਬੱਸਾਂ ਦੇ ਆਉਣ-ਜਾਣ ਦੇ ਸਾਧਨ ਹਨ। ਇਸ ਤੋਂ ਇਲਾਵਾ ਟੈਂਪੂ ਵੀ ਜਾਂਦੇ ਹਨ। ਇਨ੍ਹਾਂ ਸਾਧਨਾਂ ਦੀ ਪੜ੍ਹਨ ਵਾਲੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਬਹੁਤ ਸਹੂਲਤ ਹੈ। ਇਹ ਸਹੂਲਤ ਪਿੰਡ ਵਾਸੀਆਂ ਨੂੰ 1987 ਈ: ਤੋਂ ਪ੍ਰਾਪਤ ਹੈ। ਪਹਿਲਾਂ ਸਿਰਫ਼ ਇਕ ਬੱਸ ਸੀ ਹੁਣ ਦੋ ਬੱਸਾਂ ਆਉਂਦੀਆਂ ਜਾਂਦੀਆਂ ਹਨ।

ਅੰਤਿਕਾ

ਪਿੰਡ ਦੇ ਇਤਿਹਾਸ ਨੂੰ ਲਿਖਣ ਦੀ ਜਿਹੜੀ ਜ਼ਿੰਮੇਵਾਰੀ ਮੈਂ ਮਹਿਸੂਸ ਕੀਤੀ ਸੀ ਇਸ ਨੂੰ ਮੈਂ ਬਾਖੂਬੀ ਬੜੀ ਮਿਹਨਤ ਤੇ ਲਗਨ ਦੇ ਨਾਲ ਪੂਰਾ ਕੀਤਾ ਹੈ। ਇਸ ਗਗਨੌਲੀ ਪਿੰਡ ਦੀ ਲਿਖਤ ਨੂੰ ਪੂਰਾ ਕਰਨ ਵਿਚ ਮੈਨੂੰ ਬਹੁਤ ਸਮਾਂ ਲੱਗਾ ਹੈ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਮੈਂ ਸਾਰੇ ਪਿੰਡ ਦਾ ਸਰਵੇ ਕੀਤਾ। ਪਿੰਡ ਦੇ ਹਰ ਪਰਿਵਾਰ ਤੋਂ ਜਾਣਕਾਰੀ ਹਾਸਲ ਕੀਤੀ। ਮੈਂ ਇਸ ਕਾਰਜ ਨੂੰ ਪੂਰਾ ਕਰਨ ਲਈ ਕਈ ਵਾਰ ਪਿੰਡ ਗਿਆ। ਇਸ ਤੋਂ ਇਲਾਵਾ ਪਿੰਡ ਦੇ ਬਹੁਤ ਸਾਰੇ ਪਤਵੰਤੇ ਸੱਜਣਾਂ ਨੂੰ ਫੂਨ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ। ਗੁਜ਼ਰ ਚੁੱਕੇ ਸਤਿਕਾਰਯੋਗ ਬਜ਼ੁਰਗਾਂ ਦੇ ਬਾਰੇ ਖੋਜ ਕਰਕੇ ਲਿਖਣਾ ਔਖਾ ਕੰਮ ਹੈ। ਉਨ੍ਹਾਂ ਤੋਂ ਆਪਣੇ ਪਿੰਡ ਦੇ ਦਾਨੇ-ਬੀਬੇ, ਸਖੀ ਦਿਲ ਲੋਕਾਂ ਬਾਰੇ ਗਿਆਨ ਪ੍ਰਾਪਤ ਕੀਤਾ ਹੈ। ਕਈ ਵਿਅਕਤੀ ਅਤਿ ਨਰਮ ਦਿਲ ਅਤੇ ਦਿਆਨਤਦਾਰ ਮਨੁੱਖ ਵਜੋਂ ਮੇਰੇ ਸਾਹਮਣੇ ਉੱਭਰੇ ਹਨ। ਕਈ ਸੱਜਣ ਚੁਸਤ ਚਲਾਕ ਅਤੇ ਮਨੁੱਖੀ ਸੁਭਾਅ ਅਨੁਸਾਰ ਪਲ-ਪਲ ਰੂਪ ਬਦਲਣ ਵਾਲੇ ਵੀ ਸਨ ਪਰ ਮੈਂ ਆਪਣੇ ਸੁਭਾਅ ਅਤੇ ਬੁੱਧੀ ਅਨੁਸਾਰ ਇਨ੍ਹਾਂ ਸਾਰੇ ਧਰਤੀ ਪੁੱਤਰਾਂ ਨੂੰ ਆਪਣੀ ਸੀਮਾ ਅਤੇ ਸਮਰੱਥਾ ਅਨੁਸਾਰ ਬਿਨਾ ਉਲਾਰ ਹੋਇਆ ਨਿਰਲੇਪ ਰਹਿ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਸ ਤਰ੍ਹਾਂ ਦਾ ਜੋ ਗਿਆਨ ਵਿਰਾਸਤ ਦੇ ਰੂਪ ਵਿਚ ਹਾਸਲ ਕੀਤਾ ਸੀ ਉਸ ਨੂੰ ਇਸ ਸੰਖੇਪ ਇਤਿਹਾਸ ਦੇ ਰੂਪ ਵਿਚ ਵਾਪਸ ਕਰ ਰਿਹਾ ਹਾਂ। ਆਸ ਕਰਦਾ ਹਾਂ ਕਿ ਮੇਰੇ ਪਿੰਡ ਵਾਸੀ ਇਸ ਲਿਖੇ ਇਤਿਹਾਸ ਨੂੰ ਕਬੂਲ ਕਰਨਗੇ। ਇਸ ਨੂੰ ਅੱਖਰ-ਅੱਖਰ ਪੜ੍ਹਨਗੇ ਅਤੇ ਤੰਦ-ਤੰਦ ਜੋੜ ਕੇ ਇਸ ਨੂੰ ਹੋਰ ਵਿਸਥਾਰ ਦੇਣਗੇ। ਇਸ ਭਾਵਨਾ ਅਤੇ ਉਮੀਦ ਨਾਲ ਤੁਹਾਡਾ ਆਪਣਾ

ਪ੍ਰਿੰ. ਗੁਰਦਿਆਲ ਸਿੰਘ ਫੁੱਲ
ਗਗਨੌਲੀ
ਹੁਸ਼ਿਆਰਪੁਰ



ਪ੍ਰਿੰ. ਗੁਰਦਿਆਲ ਸਿੰਘ ਫੁੱਲ

"ਮੇਰਾ ਪਿੰਡ ਮੇਰੇ ਲੋਕ"

"ਮੇਰਾ ਪਿੰਡ ਮੇਰੇ ਲੋਕ" ਪ੍ਰਿੰ: ਗੁਰਦਿਆਲ ਸਿੰਘ ਫੁੱਲ ਦੀ ਨਵੀਂ ਪੁਸਤਕ ਹੈ ਜਿਸ ਵਿੱਚ ਲੇਖਕ ਨੇ ਆਪਣੇ ਪਿੰਡ ਦੇ ਮੌਖਿਕ ਇਤਿਹਾਸ ਨੂੰ, ਅੱਖਰਾਂ ਦੀ ਜੂਨੇ ਪਾ ਕੇ, ਮੁੜ ਜਿਊਣ ਜੋਗਾ ਕਰ ਦਿੱਤਾ ਹੈ। ਅਤੀਤ ਦੇ ਗਹਿ-ਗਚ ਹਨ੍ਹੇਰਿਆਂ 'ਚ ਗੁੰਮ-ਗੁਆਚ ਗਏ ਨਾਵਾਂ, ਥਾਵਾਂ ਅਤੇ ਘਟਨਾਵਾਂ ਨੂੰ ਉਸ ਨੇ ਮੁੜ ਪੁਨਰ-ਸੁਰਜੀਤ ਕੀਤਾ ਹੈ। ਪਰ ਇਸ 'ਸੁਰਜੀਤੀ' 'ਚ ਉਸਦਾ ਆਪਣਾ ਆਦਰਸ਼ ਪਿੰਡ ਹੀ ਉਦੈ ਨਹੀਂ ਹੁੰਦਾ। ਪਿੰਡ ਦੇ ਨਾਲ ਨਾਲ ਉਸਦੇ ਪਿੰਡ ਦੇ ਮਿੱਟੀ ਰੰਗੇ ਲੋਕਾਂ ਦੇ ਸੱਜਰੇ ਚਿਹਰੇ ਵੀ ਨਕਸ਼ ਗ੍ਰਹਿਣ ਕਰਦੇ ਹਨ। ਵਕਤ ਦੀ ਧੂੜ 'ਚ ਗੁਆਚੇ ਇਹ ਨਕਸ਼ ਆਪਣੀਆਂ ਭਾਵਨਾਤਮਿਕ ਸਾਂਝਾ ਨਾਲ ਇਸ ਤਰ੍ਹਾਂ ਉਲੀਕੇ ਗਏ ਹਨ ਕਿ ਲੇਖਕ ਨੇ ਇਨ੍ਹਾਂ ਪਾਤਰਾਂ ਨੂੰ ਨਵਾਂ ਜੀਵਨ ਦਾਨ ਦੇ ਕੇ ਧਰਤੀ ਪੁੱਤਰ ਬਣਾ ਦਿੱਤਾ ਹੈ।

ਪਹਿਲੀ ਨਜ਼ਰ 'ਚ ਇਹ ਪੁਸਤਕ ਪ੍ਰਿੰ: ਗੁਰਦਿਆਲ ਸਿੰਘ ਫੁੱਲ ਦੇ ਜੱਦੀ ਪਿੰਡ ਦੀ ਜਾਣਕਾਰੀ ਦੇਣ ਵਾਲੀ ਇੱਕ ਸਰੋਤ ਪੁਸਤਕ ਹੈ ਜੋ ਪਿੰਡ ਦੇ ਵਸਣ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਨੂੰ ਰੂਪ-ਮਾਨ ਕਰਦੀ ਹੈ। ਪਰ ਇਸ ਦੀ ਅੰਤਰ ਧੁਨ 'ਚ ਦੁਆਬੇ ਦੇ ਆਮ ਪਿੰਡਾਂ ਦੇ ਮੂੰਹ-ਮੁਹਾਂਦਰੇ ਦੀ ਝਲਕ ਦੇਖੀ ਜਾ ਸਕਦੀ ਹੈ। ਇਸ ਪੁਸਤਕ ਦੀ ਸਿਰਜਣਾ ਪਿੱਛੇ ਭਾਵੇਂ ਲੇਖਕ ਦੇ ਮੰਨ 'ਚ ਆਪਣੀਆਂ ਜੜ੍ਹਾਂ ਦੀ ਤਲਾਸ਼ ਅਤੇ ਵਡੇਰਿਆਂ ਦੇ ਨਰੋਏ ਜੀਵਨ-ਸਾਰ ਨੂੰ ਪੇਸ਼ ਕਰਨਾ ਅਤੇ ਨਵੀਂ ਪੀੜ੍ਹੀ ਨੂੰ ਉਨ੍ਹਾਂ ਤੋਂ ਜਾਣੂ ਕਰਵਾਉਣਾ ਹੀ ਹੈ। ਪਰ ਇਸ ਸੀਮਾ ਦੇ ਬ਼ਾਵਜੂਦ ਵੀ ਲੇਖਕ ਬਹੁਤ ਕੁਝ ਕਹਿ ਰਿਹਾ ਹੈ ਜੋ ਪਿੰਡ ਦੀ ਸਮਾਜਿਕ ਬਣਤਰ ਅਤੇ ਰਹਿਤਲ ਨੂੰ ਸਮਝਣ ਵਿੱਚ ਸਹਾਈ ਹੁੰਦਾ ਹੈ।

ਮਦਨ ਵੀਰਾ

ਹੁਸ਼ਿਆਰਪੁਰ।

5 ਆਬ Parkashan, Jalandhar

1-2 Desh Bhagat Yadgar Building, Jalandhar
Punjab, India
Phone : 98140-87063
5aabparkashan@gmail.com
www.5aabparkashan.com

ISBN : 978-81-933667-5-2

₹ 500